# ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ

ੴ

ਦਲੀਪ ਸਿੰਘ ਵਾਸਨ

# ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ

ਦਲੀਪ ਸਿੰਘ ਵਾਸਨ, ਐਡਵੋਕੇਟ

ESTD. 1940

ਲਾਹੌਰ ਬੁੱਕ ਸ਼ਾਪ

2-ਲਾਜਪਤ ਰਾਏ ਮਾਰਕਿਟ, ਲੁਧਿਆਣਾ

# ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ

ਵਲੋਂ
*ਦਲੀਪ ਸਿੰਘ ਵਾਸਨ, ਐਡਵੋਕੇਟ*
101-ਸੀ ਵਿਕਾਸ ਕਲੋਨੀ,
ਪਟਿਆਲਾ—147003

2005

*ਮੁੱਲ* : 200/- ਰੁਪਏ

*ਪ੍ਰਕਾਸ਼ਕ* : *ਤੇਜਿੰਦਰ ਬੀਰ ਸਿੰਘ, ਲਾਹੌਰ ਬੁੱਕ ਸ਼ਾਪ,*
*2-ਲਾਜਪਤ ਰਾਏ ਮਾਰਕਿਟ, ਨੇੜੇ ਸੁਸਾਇਟੀ ਸਿਨੇਮਾ, ਲੁਧਿਆਣਾ।*
E-Mail:-lahorebookshop40@Rediffmail.com **Ph. : 2740738**

*ਲੇਜ਼ਰ ਸੈਟਿੰਗ* : *ਲਿਟਲ ਗ੍ਰਾਫ਼ਿਕਸ, ਕੋਟ ਕਿਸ਼ਨ ਚੰਦ, ਜਲੰਧਰ। ਫ਼ੋਨ 5095058*

*ਛਾਪਕ* : *ਤਰੁਣ ਆਰਟ ਪ੍ਰੈਸ, ਜਲੰਧਰ।*

# ਦੋ ਸ਼ਬਦ

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਿੱਖ ਭਾਈਚਾਰੇ ਦਾ ਬਾਣੀ ਮੰਨਿਆ ਜਾਂਦਾ ਹੈ, ਪਰ ਅਗਰ ਉਨ੍ਹਾਂ ਦੀ ਬਾਣੀ ਦਾ ਅਧਿਐਨ ਕੀਤਾ ਜਾਵੇ ਤਾਂ ਉਹ ਆਪਣੇ ਸਮਿਆਂ ਦੇ ਹੀ ਨਹੀਂ ਬਲਕਿ ਅੱਜ ਤੱਕ ਅਤੇ ਆਉਣ ਵਾਲੇ ਸਮਿਆਂ ਵਿੱਚ ਵੀ ਹਰੇਕ ਨੂੰ ਇਹ ਸਵੀਕਾਰ ਕਰਨਾ ਪੈਂਦਾ ਹੈ ਕਿ ਗੁਰੂ ਜੀ ਇਕ ਪੈਗ਼ੰਬਰ ਸਨ। ਉਨ੍ਹਾਂ ਦੀ ਵਿਚਾਰਧਾਰਾ ਕ੍ਰਾਂਤੀਕਾਰੀ ਸੀ। ਅਸੀਂ ਅਗਰ ਆਖੀਏ ਕਿ ਗੁਰੂ ਜੀ ਨੇ ਜੋ ਜੀਵਨ-ਫ਼ਲਸਫ਼ਾ ਮਨੁੱਖਤਾ ਲਈ ਛੱਡਿਆ ਹੈ, ਉਹ ਸਦਾ ਹੀ ਮਨੁੱਖ ਦਾ ਮਾਰਗਦਰਸ਼ਨ ਕਰਦਾ ਰਹੇਗਾ, ਤਾਂ ਐਸਾ ਆਖਣਾ ਗ਼ਲਤ ਨਹੀਂ ਹੈ।

ਗੁਰੂ ਨਾਨਕ ਸਾਹਿਬ ਹਰੇਕ ਗੱਲ ਆਸਾਨ ਸ਼ਬਦਾਂ ਵਿਚ ਕਰਦੇ ਸਨ ਤਾਂ ਕਿ ਸਾਧਾਰਣ ਤੋਂ ਸਾਧਾਰਣ ਆਦਮੀ ਵੀ ਜੀਵਨ-ਫ਼ਲਸਫ਼ਾ ਸਮਝ ਸਕੇ ਅਤੇ ਸੁੱਖੀ-ਸਾਂਦੀ ਆਪਣਾ ਜੀਵਨ ਬਤੀਤ ਕਰ ਸਕੇ। ਉਹ ਉਨ੍ਹਾਂ ਸਾਰੀਆਂ ਰਹੁ-ਰੀਤਾਂ ਦੇ ਵਿਰੁੱਧ ਸਨ ਜੋ ਧਾਰਮਿਕ ਗੱਲਾਂ ਨੂੰ ਮੁਸ਼ਕਲ ਬਣਾਉਂਦੀਆਂ ਸਨ। ਉਹ ਤਾਂ ਸਾਫ਼ ਸ਼ਬਦਾਂ ਵਿਚ ਆਖਦੇ ਸਨ ਕਿ ਦੁਨੀਆਂ ਦੇ ਸਾਰੇ ਲੋਕ ਇਕ ਹੀ ਪ੍ਰਮਾਤਮਾ ਪਾਸੋਂ ਆਏ ਹਨ ਅਤੇ ਇਸ ਕਰਕੇ ਸਾਰੇ ਇਕ ਹੀ ਪਰਿਵਾਰ ਦੇ ਮੈਂਬਰ ਹਨ। ਕੋਈ ਓਪਰਾ ਨਹੀਂ ਹੈ। ਕੋਈ ਪਰਾਇਆ ਨਹੀਂ ਹੈ। ਕਿਸੇ ਨੂੰ ਘਟੀਆ ਨਹੀਂ ਸਮਝਿਆ ਜਾਣਾ ਚਾਹੀਦਾ। ਕਿਸੇ ਨਾਲ ਨਫ਼ਰਤ ਨਹੀਂ ਕਰਨੀ। ਕਿਸੇ ਨਾਲ ਦੁਸ਼ਮਣੀ ਨਹੀਂ ਪਾਉਣੀ, ਹਰ ਕਿਸੇ ਨੂੰ ਆਪਣਾ ਸਮਝ ਕੇ ਉਸਦੀ ਮਦਦ ਕਰਨੀ ਹੈ। ਗੁਰੂ ਸਾਹਿਬ ਨੇ ਸਾਂਝੀਵਾਲਤਾ ਦੀ ਗੱਲ ਤੋਰ ਕੇ ਲੋਕਾਂ ਨੂੰ ਸਪੱਸ਼ਟ ਕਰ ਦਿੱਤਾ ਕਿ ਆਦਮੀ ਅਮੀਰੀ ਕਰਕੇ ਵੱਡਾ ਨਹੀਂ ਹੁੰਦਾ, ਕਿਸੇ ਅਖੌਤੀ ਉੱਚੀ ਜਾਤੀ ਨਾਲ ਸੰਬੰਧ ਰੱਖਦਾ ਬੰਦਾ ਵੱਡਾ ਨਹੀਂ ਹੁੰਦਾ, ਵੱਡਾ ਤਾਂ ਉਹ ਹੈ ਜੋ ਮਨੁੱਖਤਾ ਲਈ ਵਧੀਆ ਕੰਮ ਕਰਦਾ ਹੈ।

ਹੱਥਲੀ ਪੁਸਤਕ ਅੰਦਰ ਗੁਰੂ ਸਾਹਿਬ ਦੇ ਵਿਚਾਰਾਂ ਦੀ ਵਿਆਖਿਆ ਕਰਨ ਲੱਗਿਆਂ ਮੈਂ ਜਨ-ਸਾਧਾਰਣ ਨੂੰ ਸਾਹਮਣੇ ਰੱਖ ਰਿਹਾ ਸਾਂ ਅਤੇ ਮੈਂ ਜੋ ਕੁਝ ਦੱਸਣ ਦੀ ਕੋਸ਼ਿਸ਼ ਕੀਤੀ ਹੈ ਉਹ ਆਮ ਪਾਠਕਾਂ ਲਈ ਹੈ। ਮੈਂ ਵਿਦਵਾਨਾਂ ਲਈ ਲਿਖਣ ਦੇ ਕਾਬਲ ਨਹੀਂ ਹਾਂ। ਜਨ-ਸਾਧਾਰਣ ਵਿੱਚੋਂ ਇਕ ਹਾਂ ਅਤੇ ਜਨ-ਸਾਧਾਰਣ ਨਾਲ ਗੱਲਾਂ ਕਰਨ ਦਾ ਸਿਲਸਿਲਾ

ਜਾਰੀ ਕੀਤਾ ਹੋਇਆ ਹੈ। ਮੈਂ ਆਸ ਕਰਦਾ ਹਾਂ ਕਿ ਮੈਂ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਦੱਸੀਆਂ ਗੱਲਾਂ ਜਨ-ਸਾਧਾਰਣ ਨਾਲ ਸਾਂਝੀਆਂ ਕਰ ਸਕਿਆ ਹਾਂ। ਪਾਠਕਾਂ ਵੱਲੋਂ ਹੁੰਗਾਰੇ ਦੀ ਆਸ ਕਰਦਾ ਹਾਂ।

**ਦਲੀਪ ਸਿੰਘ ਵਾਸਨ ਐਡਵੋਕੇਟ**
101-ਸੀ, ਵਿਕਾਸ ਕਲੋਨੀ,
ਪਟਿਆਲਾ-147003
ਮਿਤੀ 24-12-02

# ਭੂਮਿਕਾ

ਵਰਤਮਾਨ ਵਿਗਿਆਨਕ, ਤਰਕਸ਼ੀਲ, ਪ੍ਰਗਤੀਵਾਦੀ ਅਤੇ ਯਥਾਰਥਵਾਦੀ ਯੁੱਗ ਵਿਚ ਦਲੀਪ ਸਿੰਘ ਵਾਸਨ ਦੀਆਂ ਲਿਖਤਾਂ ਇਕ ਨਿਵੇਕਲਾ ਥਾਂ ਰੱਖਦੀਆਂ ਹਨ। ਉਨ੍ਹਾਂ ਦੀ ਪਾਰਦਰਸ਼ੀ, ਨਿਰਪੇਖ ਅਤੇ ਯਥਾਰਥਵਾਦੀ ਵਿਚਾਰਧਾਰਾ ਮਹੱਤਵਪੂਰਨ ਥਾਂ ਰੱਖਦੀ ਹੈ। ਉਨ੍ਹਾਂ ਨਾਲ ਮੈਂ ਪਿਛਲੇ 40 ਸਾਲ ਦੇ ਵੱਧ ਸਮੇਂ ਤੋਂ ਜੁੜਿਆ ਹੋਇਆ ਹਾਂ ਅਤੇ ਇਸ ਸਮੇਂ ਦੇ ਦੌਰਾਨ ਉਨ੍ਹਾਂ ਦੇ ਵਿਅਕਤੀਤੱਵ ਨੂੰ ਨੇੜਿਉਂ ਵੇਖਿਆ ਹੈ ਅਤੇ ਉਨ੍ਹਾਂ ਦੀ ਵਿਚਾਰਧਾਰਾ ਦੀ ਪ੍ਰਗਤੀ ਅਤੇ ਅਦਲਾ-ਬਦਲੀ ਦੀਆਂ ਸਟੇਜਾਂ ਦ੍ਰਿਸ਼ਟੀਗੋਚਰ ਕੀਤੀਆਂ ਹਨ। ਉਨ੍ਹਾਂ ਦਾ ਵਿਅਕਤੀਤੱਵ ਬਹੁ-ਪੱਖੀ ਹੈ। ਉਹ ਇਕ ਮਾਨਵਵਾਦੀ, ਪ੍ਰਗਤੀਵਾਦੀ, ਸਮਾਜਵਾਦੀ, ਸੁਧਾਰਵਾਦੀ, ਰਾਜਨੈਤਿਕ ਵਿਸ਼ਿਆਂ ਦੀ ਰਚਨਾਤਮਕ ਵਿਚਾਰਧਾਰਾ ਰੱਖਦੇ ਹਨ ਅਤੇ ਨਿਡਰਤਾ ਨਾਲ ਲਿਖਦੇ ਹਨ।

ਸ੍ਰੀ ਵਾਸਨ ਦੀ ਭਾਵੇਂ ਸੋਚਣੀ ਧਾਰਮਿਕ ਨਹੀਂ ਹੈ, ਪਰ ਉਨ੍ਹਾਂ ਨੇ ਗੁਰੂ ਨਾਨਕ ਬਾਣੀ ਦੇ ਅੰਤਰੀਵ ਅਰਥਾਂ ਨੂੰ ਸਮਝ ਕੇ, ਇਕ ਨਿਰਪੇਖ ਅਤੇ ਉਸਾਰੂ ਤਰੀਕੇ ਨਾਲ ਗੁਰੂ ਬਾਣੀ ਦੇ ਵਿਚਾਰਾਂ ਨੂੰ ਪ੍ਰਗਟ ਕਰਨ ਦੀ ਕਲਾ ਚੰਗੀ ਤਰ੍ਹਾਂ ਆਉਂਦੀ ਹੈ। ਸ੍ਰੀ ਵਾਸਨ ਨੇ ਆਪਣੇ ਛੋਟੇ-ਛੋਟੇ ਲੇਖਾਂ ਰਾਹੀਂ ਗੁਰੂ ਨਾਨਕ ਬਾਣੀ ਦੇ ਵਿਚਾਰਾਂ ਦੀ ਵਿਆਖਿਆ ਕਰਦੇ ਹੋਏ ਸਪੱਸ਼ਟ ਕੀਤਾ ਹੈ ਕਿ ਸਾਧਾਰਨ ਵਿਅਕਤੀ, ਬਿਨਾਂ ਕਰਮ-ਕਾਂਡਾਂ ਅਤੇ ਧਾਰਮਿਕ ਤੰਗਦਿਲੀ ਤੋਂ ਪ੍ਰਮਾਤਮਾ ਨੂੰ ਪ੍ਰਾਪਤ ਕਰਨ ਲਈ ਸੁੱਚੇ ਅਤੇ ਸੱਚੇ ਜੀਵਨ ਦੁਆਰਾ ਯਤਨ ਕਰ ਸਕਦਾ ਹੈ। ਧਾਰਮਿਕ ਰੰਗਤ ਤੋਂ ਬਾਹਰ ਕੱਢ ਕੇ, ਨਿਰਪੇਖ ਤਰੀਕੇ ਨਾਲ, ਗੁਰੂ ਨਾਨਕ ਬਾਣੀ ਦੀਆਂ ਸਿੱਖਿਆਵਾਂ ਨੂੰ ਸਾਧਾਰਨ ਵਿਅਕਤੀ ਅੱਗੇ ਪੇਸ਼ ਕਰਨਾ ਸ੍ਰੀ ਵਾਸਨ ਦੀ ਸ਼ੈਲੀ ਦੀ ਇਕ ਵਿਲੱਖਣਤਾ ਹੈ। ਉਨ੍ਹਾਂ ਦੇ ਛੋਟੇ-ਛੋਟੇ ਸਾਰਪੂਰਨ ਲੇਖ; ਜਿਵੇਂ—'ਰੱਬ ਦਾ ਗਿਆਨ ਹੀ ਸਹੀ ਗਿਆਨ ਹੈ, ਮਨੁੱਖ ਦਾ ਗੁਰੂ, ਰੱਬ ਪ੍ਰਾਪਤੀ ਦਾ ਐਲਾਨ ਕਰੋ, ਮਨੁੱਖ ਅਤੇ ਰੱਬ ਵਿੱਚ ਕੋਈ ਅੰਤਰ ਨਹੀਂ ਰਹਿੰਦਾ—ਅਜਿਹੇ ਵਿਚਾਰ ਹਨ ਜੋ ਸਾਧਾਰਨ ਵਿਅਕਤੀ ਨੂੰ ਸੁਖੈਨ ਭਾਸ਼ਾ ਵਿੱਚ ਰੱਬ ਦੀ ਗੁੰਝਲ ਖੋਲ੍ਹਦੇ ਹਨ ਅਤੇ ਉਸ ਨੂੰ ਜੀਵਨ-ਸੇਧ ਦਿੰਦੇ ਹਨ। ਵਾਸਨ ਬਾਰੇ ਇਹ ਕਥਨ ਕਿ ਉਸ ਨੇ ਸਾਧਾਰਨ ਵਿਅਕਤੀ ਨੂੰ ਗੁਰੂ ਨਾਨਕ ਬਾਣੀ ਦੀ ਵਰਤਮਾਨ ਯੁੱਗ ਦੀ ਵਿਗਿਆਨਕ ਸੋਚਣੀ ਨਾਲ ਵਿਆਖਿਆ ਕਰਕੇ ਰੱਬ ਨਾਲ ਜੋੜਣ ਦਾ ਇਕ ਸਾਰਥਕ ਉਪਰਾਲਾ ਕੀਤਾ ਹੈ, ਗ਼ਲਤ ਨਹੀਂ ਹੋਵੇਗਾ।

ਮੌਜੂਦਾ ਸਮਾਜਿਕ ਮਾਹੌਲ ਅਤੇ ਸਰਬ-ਵਿਆਪਕਤਾ ਦੀ ਇਹ ਮੰਗ ਹੈ ਕਿ ਮਨੁੱਖਤਾ

ਨੂੰ ਧਾਰਮਿਕ ਤੰਗਦਿਲੀ ਤੋਂ ਬਾਹਰ ਕੱਢਕੇ ਮਾਨਵਵਾਦੀ ਬਣਾਇਆ ਜਾਵੇ। ਇਹ ਉਦੇਸ਼ ਤਾਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ ਜੇ ਕਹਾਵਤੀ ਧਾਰਮਿਕ ਨੇਤਾਵਾਂ ਦੇ ਜਕੜ ਵਿਚੋਂ ਸਾਧਾਰਨ ਆਦਮੀ ਨੂੰ ਕੱਢਣ ਲਈ ਵੱਖ-ਵੱਖ ਧਰਮਾਂ ਦੇ ਉਦਾਰਵਾਦੀ ਅਤੇ ਉਸਾਰੂ ਸੋਚ ਵਾਲੇ ਸ੍ਰੀ ਵਾਸਨ ਵਰਗੇ ਲੇਖਕ ਆਪਣੇ-ਆਪਣੇ ਧਾਰਮਿਕ-ਗ੍ਰੰਥਾਂ ਦੀਆਂ ਸਿੱਖਿਆਵਾਂ ਮਾਨਵਵਾਦੀ ਅਤੇ ਉਸਾਰੂ ਦ੍ਰਿਸ਼ਟੀਕੋਣ ਨਾਲ ਨਿਰਪੇਖ ਰੂਪ ਵਿੱਚ ਆਮ ਲੋਕਾਂ ਅੱਗੇ ਆਪਣੀਆਂ ਲਿਖਤਾਂ ਰਾਹੀਂ ਪੇਸ਼ ਕਰਕੇ ਮਾਨਵ-ਕਲਿਆਣ ਅਤੇ ਵਿਸ਼ਵ-ਭਾਈਚਾਰੇ ਵਿਚ ਯੋਗਦਾਨ ਪਾਉਣ। ਸ੍ਰੀ ਵਾਸਨ ਆਪਣੇ ਇਸ ਉਦੇਸ਼ ਵਿੱਚ ਪੂਰੀ ਤਰ੍ਹਾਂ ਸਫ਼ਲ ਰਹੇ ਹਨ ਅਤੇ ਪਾਠਕਾਂ ਨੂੰ ਉਨ੍ਹਾਂ ਤੋਂ ਭਵਿੱਖ ਵਿੱਚ ਕਾਫ਼ੀ ਉਮੀਦਾਂ ਹਨ ਕਿ ਉਹ ਆਪਣੀਆਂ ਅਜਿਹੀਆਂ ਲਿਖਤਾਂ ਨਾਲ ਸਮਾਜ ਨੂੰ ਸੇਧ ਦਿੰਦੇ ਰਹਿਣਗੇ।

**ਪੂਰਨ ਚੰਦ ਅਰੋੜਾ**
ਐਮ.ਏ., ਐਲ.ਐਲ.ਬੀ.,
23-ਉਪਕਾਰ ਨਗਰ, ਫ਼ੈਕਟਰੀ ਏਰੀਆ,
ਪਟਿਆਲਾ
24-12-02

## ਅੰਤ ਪਛਤਾਉਣਾ

ਐਸਾ ਕੰਮ ਨਹੀਂ ਕਰਨਾ ਚਾਹੀਦਾ ਜਿਸ ਉੱਤੇ ਸਾਨੂੰ ਆਪ ਹੀ ਪਛਤਾਵਾ ਆਵੇ। ਵੈਸੇ ਤਾਂ ਮਾੜਾ ਕਰਮ ਕਰਨ ਵਕਤ ਹੀ ਸਾਡੇ ਅੰਦਰ ਹਾਜ਼ਰ ਆਤਮਾ ਸਾਨੂੰ ਮਾੜਾ ਕੰਮ ਕਰਨ ਤੋਂ ਵਰਜਿਤ ਕਰਦੀ ਰਹਿੰਦੀ ਹੈ ਪਰ ਅਸੀਂ ਸ਼ੈਤਾਨ ਵੱਸ ਹੋ ਕੇ ਮਾੜਾ ਕਰਮ ਕਰ ਬੈਠਦੇ ਹਾਂ। ਪਛਤਾਵੇ ਦਾ ਜਨਮ ਵੀ ਉਸੇ ਵਕਤ ਹੋ ਜਾਂਦਾ ਹੈ। ਅਸੀਂ ਜਾਣਦੇ ਹਾਂ ਕਿ ਅਸੀਂ ਜੋ ਕੁਝ ਵੀ ਕਰ ਬੈਠੇ ਹਾਂ, ਗ਼ਲਤ ਹੈ। ਪਛਤਾਵੇ ਦਾ ਜਨਮ ਉਸੇ ਵਕਤ ਹੋ ਜਾਂਦਾ ਹੈ ਤਾਂ ਹੀ ਅਸੀਂ ਆਪਣੇ ਮਾੜੇ ਕੀਤੇ ਕਰਮ ਉੱਤੇ ਪਰਦੇ ਪਾਉਣ ਦਾ ਕੰਮ ਸ਼ੁਰੂ ਕਰ ਦਿੰਦੇ ਹਾਂ। ਅਸੀਂ ਇਹ ਮਾੜੀਆਂ ਘੜੀਆਂ ਕਿਸੇ ਨਾਲ ਸਾਂਝੀਆਂ ਨਹੀਂ ਕਰਦੇ। ਸਾਨੂੰ ਇਉਂ ਲੱਗਦਾ ਹੈ ਕਿ ਅਗਰ ਇਹ ਗੱਲ ਕਾਨੂੰਨ ਵਾਲਿਆਂ ਨੂੰ ਪਤਾ ਲੱਗ ਗਈ ਤਾਂ ਸਾਨੂੰ ਪਕੜ ਕੇ ਸਜ਼ਾ ਦਿੱਤੀ ਜਾਵੇਗੀ। ਅਗਰ ਸਮਾਜ ਵਾਲਿਆਂ ਅਤੇ ਸਾਡੇ ਧਰਮ ਵਾਲਿਆਂ ਨੂੰ ਪਤਾ ਲੱਗ ਗਈ ਤਾਂ ਅਸੀਂ ਆਪਣੇ ਸਮਾਜ ਅਤੇ ਆਪਣੇ ਧਰਮ 'ਚੋਂ ਛੇਕੇ ਜਾ ਸਕਦੇ ਹਾਂ।

ਅਸੀਂ ਸਾਰੀ ਉਮਰ ਪਛਤਾਉਂਦੇ ਰਹਿੰਦੇ ਹਾਂ। ਅਗਰ ਐਸਾ ਹੈ ਤਾਂ ਸਾਨੂੰ ਉਦੋਂ ਹੀ ਰੁੱਕ ਜਾਣਾ ਚਾਹੀਦਾ ਹੈ ਜਦੋਂ ਸਾਡੇ ਅੰਦਰ ਹਾਜ਼ਰ ਸਾਡੀ ਆਤਮਾ ਪੁਕਾਰ-ਪੁਕਾਰ ਕੇ ਆਖ ਰਹੀ ਹੁੰਦੀ ਹੈ ਕਿ ਭਲਿਆ ਮਾਣਸਾ ਇਹ ਕਾਰਜ ਨਾ ਕਰ। ਇਹ ਕਾਰਜ ਤੇਰੇ ਲਈ ਠੀਕ ਨਹੀਂ ਹੈ। ਇਹ ਕਾਰਜ ਅਪਰਾਧ ਹੈ। ਇਸ ਕਾਰਜ ਕਾਰਨ ਤੇਰੇ ਹੀ ਸਾਕ ਸੰਬੰਧੀ ਤੈਨੂੰ ਨਫ਼ਰਤ ਦੀਆਂ ਅੱਖਾਂ ਨਾਲ ਦੇਖਣ ਲੱਗ ਪੈਣਗੇ। ਅਗਰ ਵਕਤ ਦੀਆਂ ਸਰਕਾਰਾਂ ਨੂੰ ਪਤਾ ਲੱਗ ਗਿਆ ਤਾਂ ਤੈਨੂੰ ਭਰੇ ਬਜ਼ਾਰ ਹੱਥਕੜੀਆਂ ਲਗਾ ਕੇ ਅਦਾਲਤਾਂ ਵਿੱਚ ਪੇਸ਼ ਕਰ ਦਿੱਤਾ ਜਾਵੇਗਾ ਅਤੇ ਤੈਨੂੰ ਸਜ਼ਾ ਵੀ ਹੋ ਸਕਦੀ ਹੈ। ਸੋ ਸਦਾ ਹੀ ਹਰ ਕਾਰਜ ਕਰਨ ਤੋਂ ਪਹਿਲਾਂ ਵਿਚਾਰ ਜ਼ਰੂਰ ਕਰ ਲੈਣੀ ਚਾਹੀਦੀ ਹੈ ਕਿ ਅਸੀਂ ਜੋ ਕੁਝ ਵੀ ਕਰਨ ਜਾ ਰਹੇ ਹਾਂ, ਸਾਨੂੰ ਉਸ ਕਾਰਵਾਈ ਉੱਤੇ ਪਛਤਾਉਣਾ ਤਾਂ ਨਹੀਂ ਪਵੇਗਾ। ਬਸ ਅਗਰ ਐਸਾ ਸਿਲਸਿਲਾ ਸ਼ੁਰੂ ਕਰਨ ਵਿੱਚ ਕਾਮਯਾਬ ਹੋ ਜਾਂਦੇ ਹਾਂ ਤਾਂ ਅਸੀਂ ਪਛਤਾਵੇ ਤੋਂ ਨਜਾਤ ਪਾ ਲਵਾਂਗੇ।

## ਔਰਤ ਮਨੁੱਖ ਦੀ ਮਾਂ ਹੈ

ਅੱਜ ਤੱਕ ਜਿਤਨੇ ਵੀ ਮਨੁੱਖ ਹੋਏ ਹਨ, ਉਨ੍ਹਾਂ ਦਾ ਜਨਮ ਮਾਂ ਦੀ ਕੁੱਖੋਂ ਹੀ ਹੋਇਆ ਹੈ। ਸਾਰੇ ਅਵਤਾਰ ਗੁਰੂ, ਪੈਗ਼ੰਬਰ, ਰਿਸ਼ੀ, ਮੁਨੀ, ਭਗਤ, ਰਾਜੇ, ਮਹਾਰਾਜੇ, ਬਾਦਸ਼ਾਹ ਅਤੇ ਬਾਕੀ ਸਾਰੇ ਮਨੁੱਖਾਂ ਦਾ ਜਨਮ ਮਾਂ ਦੀ ਕੁੱਖੋਂ ਹੋਇਆ ਹੈ ਅਤੇ ਮਾਂ ਹਮੇਸ਼ਾ ਔਰਤ ਰਹੀ ਹੈ। ਅਸੀਂ ਮਰਦ ਪ੍ਰਧਾਨ ਸਮਾਜ ਵਾਲਿਆਂ ਨੇ ਔਰਤ ਦੀ ਸਰੀਰਕ ਕਮਜ਼ੋਰੀ ਦਾ ਲਾਭ ਉਠਾ ਕੇ ਹਮੇਸ਼ਾ ਹੀ ਔਰਤ ਨੂੰ ਸਮਾਜ ਅੰਦਰ ਬਰਾਬਰ ਦਾ ਦਰਜਾ ਨਹੀਂ ਦਿੱਤਾ। ਅਸੀਂ ਔਰਤ ਦੀ ਕਮਜ਼ੋਰੀ ਦਾ ਲਾਭ ਉਠਾਉਂਦੇ ਰਹੇ ਹਾਂ। ਅਸੀਂ ਮਰਦਾਂ ਨੇ ਔਰਤਾਂ ਨੂੰ ਨਾਚੀਆਂ

ਬਣਾਇਆ, ਵੇਸਵਾਵਾਂ ਬਣਾਇਆ, ਰਖੇਲਾਂ ਬਣਾਇਆ, ਦੇਵਦਾਸੀਆਂ ਬਣਾਇਆ। ਅਸੀ ਔਰਤਾਂ ਵੇਚੀਆਂ ਅਤੇ ਖ਼ਰੀਦੀਆਂ। ਇਸੇ ਕਰਕੇ ਅਸੀ ਮਰਦ ਰੱਬ ਦੀ ਦਰਗਾਹ ਵਿੱਚ ਵੀ ਸ਼ਰਮਿੰਦਾ ਹਾਂ। ਜਿਸ ਔਰਤ ਨੇ ਇਸ ਮਰਦ ਨੂੰ ਜਨਮ ਦਿੱਤਾ, ਇਸ ਦੀ ਪਾਲਣਾ ਕੀਤੀ, ਇਸ ਨੂੰ ਤੁਰਨਾ ਸਿਖਾਇਆ, ਇਸ ਨੂੰ ਮਾਂ-ਬੋਲੀ ਦਿੱਤੀ, ਉਸ ਔਰਤ ਦਾ ਅਸੀਂ ਮਰਦਾਂ ਨੇ ਇਹ ਹਾਲ ਕਰਕੇ ਰੱਖ ਦਿੱਤਾ ਹੈ। ਮਰਦ ਜਾਤੀ ਦਾ ਇਹ ਪਾਪ ਬਖ਼ਸ਼ਣਯੋਗ ਨਹੀਂ ਹੈ।

ਮਰਦ ਜਾਤੀ ਨੂੰ ਇਸ ਪਾਪ ਬਦਲੇ ਸਜ਼ਾ ਜ਼ਰੂਰ ਮਿਲੇਗੀ। ਬਿਹਤਰ ਹੈ ਅਸੀਂ ਔਰਤ ਦੀਆਂ ਕੀਤੀਆਂ ਕੁਰਬਾਨੀਆਂ ਦਾ ਹਿਸਾਬ-ਕਿਤਾਬ ਕਰੀਏ ਅਤੇ ਔਰਤ ਨੂੰ ਘਰ, ਪਰਿਵਾਰ, ਸਮਾਜ ਅਤੇ ਪ੍ਰਸ਼ਾਸਨ ਅੰਦਰ ਬਣਦਾ ਯੋਗ ਅਸਥਾਨ ਦੇਈਏ। ਅਗਰ ਅਸੀਂ ਐਸਾ ਸਿਲਸਿਲਾ ਸ਼ੁਰੂ ਕਰਦੇ ਹਾਂ ਤਾਂ ਅਸੀਂ ਇੱਥੇ ਵੀ ਸੁਖੀ ਜੀਵਨ ਬਸਰ ਕਰਾਂਗੇ ਅਤੇ ਰੱਬ ਦੇ ਦਰਬਾਰ ਵਿੱਚ ਵੀ ਜਦੋਂ ਸਾਡੀਆਂ ਕੀਤੀਆਂ ਦਾ ਹਿਸਾਬ-ਕਿਤਾਬ ਕੀਤਾ ਜਾਵੇਗਾ ਤਾਂ ਅਸੀਂ ਸੁਰਖ਼ਰੂ ਹੋ ਕੇ ਪਾਸ ਹੋ ਜਾਵਾਂਗੇ। ਔਰਤ ਨਾਲ ਜਦੋਂ ਤੱਕ ਬੇਇਨਸਾਫ਼ੀ ਹੁੰਦੀ ਰਹੇਗੀ, ਉਦੋਂ ਤੱਕ ਸਾਡੇ ਪਰਿਵਾਰ ਸੁਖੀ-ਸਾਂਦੀ ਨਹੀਂ ਰਹਿ ਸਕਦੇ। ਪਰਿਵਾਰ ਅੰਦਰ ਹਲਚਲ ਮਚੀ ਰਹੇਗੀ।

## ਸਰਬਤ ਦਾ ਭਲਾ ਸੋਚੋ

ਅਸੀ ਵੀ ਇਸ ਦੁਨੀਆਂ ਦੇ ਪ੍ਰਾਣੀ ਹਾਂ ਅਤੇ ਬਾਕੀ ਲੋਕੀਂ ਅਤੇ ਹੋਰ ਜੀਵ ਵੀ ਉਸ ਰੱਬ ਦੇ ਬਣਾਏ ਹੋਏ ਪ੍ਰਾਣੀ ਹਨ। ਅਗਰ ਐਸਾ ਹੈ ਤਾਂ ਅਸੀ ਜਦੋਂ ਤੱਕ ਜਿਉਂਦੇ ਹਾਂ ਇਨ੍ਹਾਂ ਸਾਰੇ ਪ੍ਰਾਣੀਆਂ ਨਾਲ ਰਲ ਕੇ ਜਿਊਣਾ ਹੁੰਦਾ ਹੈ। ਸਾਨੂੰ ਸਮਾਜੀ ਪ੍ਰਾਣੀ ਵੀ ਆਖਿਆ ਗਿਆ ਹੈ। ਇਕੱਲਾ ਮਨੁੱਖ ਆਪਣੀਆਂ ਲੋੜਾਂ ਪੂਰੀਆਂ ਨਹੀਂ ਕਰ ਸਕਦਾ। ਅਸੀਂ ਜੋ ਕੁਝ ਵੀ ਖਾਂਦੇ ਹਾਂ, ਪੀਂਦੇ ਹਾਂ, ਪਹਿਨਦੇ ਹਾਂ ਜਾਂ ਵਰਤ ਰਹੇ ਹਾਂ, ਇਹ ਸਾਰਾ ਕੁਝ ਅਸੀਂ ਆਪ ਹੀ ਨਹੀਂ ਬਣਾਇਆ। ਇਹ ਸਾਡੇ ਆਲੇ-ਦੁਆਲੇ ਵਸਦੇ ਲੋਕਾਂ ਨੇ ਤਿਆਰ ਕੀਤਾ ਹੈ। ਅੱਜ ਤੋਂ ਹੀ ਨਹੀਂ ਬਲਕਿ ਸਦੀਆਂ ਤੋਂ ਇਹ ਚੀਜ਼ਾਂ ਤਿਆਰ ਕੀਤੀਆਂ ਜਾਂਦੀਆਂ ਰਹੀਆਂ ਹਨ ਅਤੇ ਅੱਜ ਅਸੀਂ ਵਰਤ ਰਹੇ ਹਾਂ। ਅਗਰ ਐਸਾ ਹੈ ਤਾਂ ਅਸੀਂ ਸਾਰਿਆਂ ਦਾ ਭਲਾ ਚਾਹੁਣਾ ਹੈ। ਅਸੀਂ ਕਿਸੇ ਵਾਸਤੇ ਮਾੜੀ ਪ੍ਰਾਰਥਨਾ ਨਹੀਂ ਕਰਨੀ।

ਅਸੀਂ ਜਦੋਂ ਕਦੀ ਰੱਬ ਪਾਸ ਆਪਣੇ ਭਲੇ ਦੀ ਅਰਦਾਸ ਕਰਦੇ ਹਾਂ ਤਾਂ ਸਾਨੂੰ ਸਾਰੀ ਮਨੁੱਖ ਜਾਤੀ ਦੇ ਭਲੇ ਦੀ ਅਰਦਾਸ ਕਰਨੀ ਚਾਹੀਦੀ ਹੈ। ਦੁਨੀਆਂ ਦਾ ਕੋਈ ਆਦਮੀ ਦੁਖੀ ਨਹੀਂ ਹੋਣਾ ਚਾਹੀਦਾ। ਅਸੀ ਅਰਦਾਸ ਵੀ ਕਰਨੀ ਹੈ ਅਤੇ ਅਗਰ ਅਸੀਂ ਕਿਸੇ ਦੇ ਭਲੇ ਲਈ ਕੁਝ ਕਰ ਸਕਦੇ ਹਾਂ ਤਾਂ ਸਾਨੂੰ ਉਹ ਵੀ ਕਰ ਦੇਣਾ ਚਾਹੀਦਾ ਹੈ, ਸੰਕੋਚ ਨਹੀਂ ਕਰਨਾ ਚਾਹੀਦਾ। ਅੱਜ ਅਸੀਂ ਕਿਸੇ ਦੇ ਕੰਮ ਆਉਂਦੇ ਹਾਂ, ਕੱਲ੍ਹ ਨੂੰ ਕੋਈ ਹੋਰ ਸਾਡੇ ਕੰਮ ਆ ਸਕਦਾ ਹੈ। ਇਸ ਦੁਨੀਆਂ ਦਾ ਸਿਲਸਿਲਾ ਇਸੇ ਤਰ੍ਹਾਂ ਚੱਲਦਾ ਆ ਰਿਹਾ ਹੈ। ਇਸ ਦੁਨੀਆਂ ਦੇ ਲੋਕ ਹੀ ਹਨ ਜੋ ਸਾਡੇ ਕਿਸੇ ਕੰਮ ਆਉਣਗੇ। ਰੱਬ ਨੇ ਵੀ ਅਗਰ ਸਾਡਾ ਕੋਈ ਕੰਮ ਕਰਾਉਣਾ ਹੈ ਤਾਂ ਉਹ ਵੀ ਉਸ ਨੇ ਇਨ੍ਹਾਂ ਦੁਨੀਆਂ ਦੇ ਲੋਕਾਂ ਰਾਹੀਂ ਕਰਾਉਣਾ ਹੈ। ਇਸ ਦੁਨੀਆਂ ਦੇ ਲੋਕੀਂ ਰੱਬ ਦੇ ਭੇਜੇ ਹੋਏ ਹਨ ਅਤੇ ਰੱਬ ਨੇ ਜੋ ਕੁੱਝ ਵੀ ਕਰਾਉਣਾ ਹੁੰਦਾ ਹੈ ਇਸ ਦੁਨੀਆਂ ਦੇ ਲੋਕਾਂ ਰਾਹੀਂ ਕਰਾਉਣਾ ਹੁੰਦਾ ਹੈ। ਫਿਰ ਅਗਰ ਅਸੀਂ ਇਸ ਦੁਨੀਆਂ ਦੇ ਲੋਕਾਂ ਦਾ ਭਲਾ ਚਾਹੁੰਦੇ ਹਾਂ ਤਾਂ ਅਸੀਂ ਲੋਕਾਂ ਉੱਤੇ

ਅਹਿਸਾਨ ਨਹੀਂ ਕਰਦੇ।

## ਹੋਰ ਵੀ ਸਿਆਣੇ ਲੋਕੀਂ ਹਨ

ਆਪਣੇ ਆਪ ਨੂੰ ਬਹੁਤਾ ਗੁਣੀ ਗਿਆਨੀ ਨਹੀਂ ਸਮਝਣਾ ਚਾਹੀਦਾ। ਇਸ ਦੁਨੀਆਂ ਅੰਦਰ ਸਾਡੇ ਵਰਗੇ ਮੂਰਖਾਂ ਦੀ ਘਾਟ ਨਹੀਂ ਹੈ। ਦੁਨੀਆਂ ਅੰਦਰ ਸਿਆਣੇ ਮਨੁੱਖਾਂ ਦੀ ਘਾਟ ਵੀ ਨਹੀਂ ਹੈ। ਇਹ ਮਨੁੱਖ ਤਾਂ ਹਮੇਸ਼ਾ ਸਿੱਖਦਾ ਹੀ ਰਹਿੰਦਾ ਹੈ। ਸਿਆਣੇ ਲੋਕੀਂ ਵੀ ਸਾਨੂੰ ਸਿਖਾ ਰਹੇ ਹਨ। ਅਸੀਂ ਉਨ੍ਹਾਂ ਦੀ ਸਿੱਖਿਆ ਉੱਤੇ ਅਮਲ ਕਰਕੇ ਸਿਆਣਾ ਬਣਨ ਦੀ ਕੋਸ਼ਿਸ਼ ਕਰ ਰਹੇ ਹਾਂ। ਅਸੀਂ ਮੂਰਖ ਆਦਮੀਆਂ ਪਾਸੋਂ ਵੀ ਬਹੁਤ ਕੁਝ ਸਿੱਖਦੇ ਹਾਂ। ਅਸੀਂ ਜਦੋਂ ਕਿਸੇ ਦੀ ਕਾਰਵਾਈ ਨੂੰ ਮੂਰਖਾਂ ਭਰਿਆ ਕਾਰਨਾਮਾ ਆਖਦੇ ਹਾਂ ਤਾਂ ਇਸ ਦੇ ਸਾਫ਼ ਅਰਥ ਹਨ ਕਿ ਅਸੀਂ ਉਸ ਦੀ ਮੂਰਖਤਾ ਦੀ ਪਛਾਣ ਕਰ ਲਈ ਹੈ। ਜਦੋਂ ਅਸੀਂ ਕਿਸੇ ਆਦਮੀ ਦੀ ਮੂਰਖਤਾ ਭਰੀਆਂ ਕਾਰਵਾਈਆਂ ਦੀ ਪਛਾਣ ਕਰ ਲੈਂਦੇ ਹਾਂ ਤਾਂ ਅਸੀਂ ਆਪ ਵੀ ਨਿਰਣਾ ਕਰ ਲੈਂਦੇ ਹਾਂ ਕਿ ਅਸੀਂ ਐਸੀ ਮੂਰਖਤਾ ਭਰੀ ਗੱਲ ਨਹੀਂ ਕਰਨੀ। ਇਸ ਤਰ੍ਹਾਂ ਮੂਰਖ ਆਦਮੀ ਵੀ ਸਾਨੂੰ ਕੁਝ ਨਾ ਕੁਝ ਸਿਖਾ ਜਾਂਦਾ ਹੈ। ਸਾਨੂੰ ਹਰੇਕ ਆਦਮੀ, ਜੋ ਵੀ ਸਾਡੇ ਸੰਪਰਕ ਵਿੱਚ ਆਉਂਦਾ ਹੈ, ਪਾਸੋਂ ਕੁਝ ਨਾ ਕੁਝ ਸਿੱਖਣ ਨੂੰ ਮਿਲਦਾ ਹੈ। ਅਗਰ ਅਸੀਂ ਸਰਬਤ ਦੇ ਭਲੇ ਦੀ ਗੱਲ ਕਰਦੇ ਹਾਂ ਤਾਂ ਅਸੀਂ ਲੋਕਾਂ ਉੱਤੇ ਅਹਿਸਾਨ ਨਹੀਂ ਕਰ ਰਹੇ ਹੁੰਦੇ, ਬਲਕਿ ਉਨ੍ਹਾਂ ਦੇ ਕੀਤੇ ਗਏ ਅਹਿਸਾਨਾਂ ਬਦਲੇ ਅਸੀਂ ਉਨ੍ਹਾਂ ਦੇ ਭਲੇ ਲਈ ਆਪਣੀਆਂ ਸ਼ੁਭ ਕਾਮਨਾਵਾਂ ਪੇਸ਼ ਕਰ ਰਹੇ ਹੁੰਦੇ ਹਾਂ। ਐਸਾ ਕਰਨਾ ਸਾਡਾ ਫ਼ਰਜ਼ ਬਣਦਾ ਹੈ। ਜੋ ਆਦਮੀ ਕਿਸੇ ਦਾ ਸ਼ੁਕਰਾਨਾ ਨਹੀਂ ਕਰਦਾ, ਉਹ ਨਾਸ਼ੁਕਰਾ ਹੈ ਅਤੇ ਗ਼ਲਤ ਹੈ। ਅਸੀਂ ਐਸੇ ਨਾਸ਼ੁਕਰੇ ਬੰਦਿਆਂ ਨੂੰ ਇਸ ਦੁਨੀਆਂ ਅਰਥਾਤ ਇਸ ਧਰਤੀ ਉੱਤੇ ਭਾਰ ਸਵੀਕਾਰ ਕਰਦੇ ਹਾਂ।

## ਪ੍ਰਲੋਕ ਵਿੱਚ ਕਰਮਾਂ ਦਾ ਨਿਬੇੜਾ ਹੋਣਾ ਹੈ

ਅਸੀਂ ਆਪਣੇ ਜੀਵਨ ਨੂੰ ਜੈਸੇ ਵੀ ਢੰਗ ਨਾਲ ਢਾਲਿਆ ਹੈ ਅਤੇ ਅਸੀਂ ਜੋ ਵੀ ਕਰਮ ਕਰਦੇ ਹਾਂ, ਇਨ੍ਹਾਂ ਨੂੰ ਆਧਾਰ ਮੰਨ ਕੇ ਰੱਬ ਨੇ ਸਾਡਾ ਫ਼ੈਸਲਾ ਕਰਨਾ ਹੈ। ਉੱਥੇ ਧਰਮਾਂ, ਜਾਤੀਆਂ, ਅਮੀਰੀਆਂ, ਗ਼ਰੀਬੀਆਂ, ਉੱਚੇ ਲੋਕੀਂ, ਨੀਵੇਂ ਲੋਕੀਂ, ਸਵਰਨ ਜਾਤੀਆਂ, ਦਲਿਤ ਜਾਤੀਆਂ ਦੀ ਗੱਲ ਨਹੀਂ ਹੋਣੀ, ਉੱਥੇ ਤਾਂ ਸਿਰਫ਼ ਸਾਡੀਆਂ ਸੋਚਾਂ, ਸਾਡੀਆਂ ਕਰਨੀਆਂ ਦਾ ਨਿਬੇੜਾ ਹੋਣਾ ਹੈ। ਅਸੀਂ ਜੋ ਕੁਝ ਸਾਰੀ ਉਮਰ ਲੋਕਾਂ ਤੋਂ ਛੁਪਾਉਣ ਵਿੱਚ ਕਾਮਯਾਬ ਹੋ ਗਏ ਸਾਂ, ਉਨ੍ਹਾਂ ਕਰਨੀਆਂ ਦਾ ਚਿੱਠਾ ਵੀ ਨੰਗਾ ਕੀਤਾ ਜਾਣਾ ਹੈ, ਉੱਥੇ ਝੂਠ ਨਹੀਂ ਚਲਦਾ। ਅਸੀਂ ਅਗਰ ਪ੍ਰਲੋਕ ਬਾਰੇ ਸੋਚਣ ਦਾ ਸਿਲਸਿਲਾ ਸ਼ੁਰੂ ਕਰ ਲੈਂਦੇ ਹਾਂ ਤਾਂ ਅਸੀਂ ਆਪਣੀਆਂ ਸੋਚਾਂ ਅਤੇ ਕਰਨੀਆਂ ਨੂੰ ਸੇਧ ਦੇ ਸਕਦੇ ਹਾਂ। ਇਹ ਸੰਸਾਰ ਹੀ ਹੈ ਜਿੱਥੇ ਸਾਨੂੰ ਭੇਜ ਕੇ ਰੱਬ ਸਾਡੀ ਪਰਖ ਕਰਦਾ ਹੈ। ਇਹ ਸੰਸਾਰ ਸਾਡੇ ਲਈ ਇਕ ਰੰਗਮੰਚ ਹੈ ਜਿੱਥੇ ਆ ਕੇ ਅਸੀਂ ਆਪਣੇ ਜ਼ਿੰਮੇਂ ਲੱਗਾ ਕਿਰਦਾਰ ਨਿਭਾਉਣਾ ਹੈ। ਅਸੀਂ ਕੈਸਾ ਕੁਝ ਕਰ ਬੈਠੇ ਹਾਂ, ਇਸ ਸਾਰੇ ਕਾਸੇ ਦਾ ਨਿਰਣਾ ਪਰਲੋਕ ਵਿੱਚ ਹੋਣਾ ਹੈ। ਬਹੁਤ ਕੁਝ ਬਦਲੇ ਸਾਨੂੰ ਇੱਥੇ ਹੀ ਬਹੁਤ ਕੁਝ ਮਿਲ ਜਾਂਦਾ ਹੈ ਅਤੇ ਅਸੀਂ ਸਜ਼ਾਵਾਂ ਵੀ ਭੁਗਤਦੇ ਹਾਂ। ਸਾਡੀ ਬਦਕਿਸਮਤੀ ਇਹ ਹੈ ਕਿ ਅਸੀਂ ਕਦੀ ਨਹੀਂ ਸੋਚਦੇ ਕਿ ਅਸੀਂ ਜਿਸ ਦੁਖਾਂਤ ਵਿੱਚ ਦੀ ਲੰਘ ਰਹੇ ਹਾਂ ਉਹ ਸਾਡੀ ਹੀ ਕਿਸੇ ਗ਼ਲਤੀ ਦਾ ਨਤੀਜਾ ਹੈ। ਅਸੀਂ ਕਦੀ ਰੱਬ ਪਾਸ

ਸ਼ਿਕਾਇਤ ਕਰਦੇ ਹਾਂ ਅਤੇ ਕਦੀ ਆਪਣੀ ਕਿਸਮਤ ਨੂੰ ਕੋਸਦੇ ਹਾਂ ਪਰ ਐਸਾ ਕੁਝ ਨਹੀਂ ਹੈ। ਅਗਰ ਅਸੀਂ ਨੀਝ ਲਗਾ ਕੇ ਦੇਖੀਏ ਤਾਂ ਸਪੱਸ਼ਟ ਹੋ ਆਵੇਗਾ ਕਿ ਅਸੀਂ ਆਪ ਹੀ ਕਿੱਧਰੇ ਗ਼ਲਤੀ ਕਰ ਬੈਠੇ ਹਾਂ ਅਤੇ ਉਸ ਦਾ ਖ਼ਮਿਆਜ਼ਾ ਭੁਗਤ ਰਹੇ ਹਾਂ।

ਅਗਰ ਮਨੁੱਖ ਅੰਦਰ ਐਸੀ ਸੋਚ ਬਣ ਆਵੇ ਤਾਂ ਉਹ ਆਪਣੇ ਹਰ ਦੁੱਖ ਦਾ ਕਾਰਨ ਆਪਣੇ ਆਪ 'ਚੋਂ ਹੀ ਲੱਭਣ ਦੀ ਕੋਸ਼ਿਸ਼ ਕਰੇਗਾ ਅਤੇ ਜਦੋਂ ਉਸ ਨੂੰ ਆਪਣੀਆਂ ਗ਼ਲਤੀਆਂ ਦਾ ਅਹਿਸਾਸ ਹੋਣ ਲੱਗ ਪਵੇਗਾ ਤਾਂ ਉਹ ਅੱਗੇ ਨਾਲੋਂ ਬਿਹਤਰ ਇਨਸਾਨ ਬਣ ਕੇ ਪ੍ਰਗਟ ਹੋਵੇਗਾ। ਪਰਲੋਕ ਦਾ ਡਰ ਵੀ ਖ਼ਤਮ ਹੋ ਜਾਵੇਗਾ।

## ਅਸੀਂ ਅਗਰ ਭਲਾ ਚਾਹੁੰਦੇ ਹਾਂ

ਹਰ ਆਦਮੀ ਆਪਣਾ ਭਲਾ ਚਾਹੁੰਦਾ ਹੈ। ਹਰ ਆਦਮੀ ਦੀ ਇਹ ਖ਼ਾਹਿਸ਼ ਹੁੰਦੀ ਹੈ ਕਿ ਉਸ ਦਾ ਜੀਵਨ ਖ਼ੁਸ਼ੀਆਂ ਭਰਿਆ ਹੋਵੇ। ਉਹ ਇਸ ਜਨਮ ਵਿੱਚ ਵੀ ਸੁਖ ਪਾਵੇ ਅਤੇ ਉਸ ਦਾ ਅਗਲਾ ਜਨਮ ਵੀ ਸੁਧਰ ਜਾਵੇ। ਅਗਰ ਆਦਮੀ ਅੰਦਰ ਐਸੀ ਖ਼ਾਹਿਸ਼ ਬਣ ਆਈ ਹੈ ਤਾਂ ਉਹ ਆਪਣੀ ਖ਼ਾਹਿਸ਼ ਨੂੰ ਦਬਾਵੇ ਨਾ ਸਗੋਂ ਉਹ ਮੰਜ਼ਿਲ 'ਤੇ ਪਹੁੰਚਣ ਦੀ ਕੋਸ਼ਿਸ਼ ਕਰੇ ਜੋ ਉਹ ਪ੍ਰਾਪਤ ਕਰਨੀ ਚਾਹੁੰਦਾ ਹੈ।

ਇਹ ਦੁਨੀਆਂ ਹੀ ਇਕ ਐਸਾ ਖੇਤਰ ਹੈ ਜਿੱਥੇ ਅਸੀਂ ਆਪਣੀਆਂ ਮੰਜ਼ਿਲਾਂ ਮਿੱਥ ਵੀ ਸਕਦੇ ਹਾਂ ਅਤੇ ਤੈਅ ਵੀ ਕਰ ਸਕਦੇ ਹਾਂ। ਲੱਗਦਾ ਹੈ ਰੱਬ ਨੇ ਸਾਨੂੰ ਇਸ ਦੁਨੀਆਂ ਵਿੱਚ ਭੇਜਿਆ ਹੀ ਇਸ ਕਾਰਨ ਹੈ। ਅਗਰ ਇਸ ਗੱਲ ਦੀ ਸਾਨੂੰ ਸਮਝ ਆ ਗਈ ਹੈ ਤਾਂ ਅਸੀਂ ਅੱਜ ਤੋਂ ਹੀ ਆਪਣੇ ਜੀਵਨ ਨੂੰ ਇਕ ਖ਼ਾਸ ਕਿਸਮ ਦੀ ਸੇਧ ਦੇ ਕੇ ਤੁਰਨਾ ਹੈ। ਜਨਮ ਜਨਮਾਂਤਰਾਂ ਦੀ ਮਿਹਨਤ ਦਾ ਫਲ ਅਸੀਂ ਇਸ ਜਨਮ ਵਿੱਚ ਪ੍ਰਾਪਤ ਕਰਨਾ ਹੈ। ਅਸੀਂ ਉਹ ਟੀਚੇ ਮਿਥਣੇ ਹਨ ਅਤੇ ਉਨ੍ਹਾਂ ਟੀਚਿਆਂ ਦੀ ਭਾਲ ਕਰਨੀ ਹੈ ਜਿਨ੍ਹਾਂ ਦੀ ਪੂਰਤੀ ਲਈ ਪਰਮ ਪਿਤਾ ਪ੍ਰਮਾਤਮਾ ਨੇ ਸਾਨੂੰ ਇਸ ਦੁਨੀਆਂ ਵਿੱਚ ਭੇਜਿਆ ਹੈ। ਰੱਬ ਆਤਮਾ ਦੇ ਰੂਪ ਵਿੱਚ ਸਾਡੇ ਅੰਦਰ ਹਾਜ਼ਰ ਹੈ ਅਤੇ ਸਾਡੀ ਅਗਵਾਈ ਵੀ ਕਰ ਰਿਹਾ ਹੈ।

ਅਸੀਂ ਜੋ ਵੀ ਟੀਚੇ ਮਿਥਣੇ ਹਨ, ਉਨ੍ਹਾਂ ਦੀ ਪੂਰਤੀ ਲਈ ਅਸੀਂ ਇਕੱਲੇ ਨਹੀਂ ਹਾਂ, ਬਲਕਿ ਰੱਬ ਵੀ ਆਤਮਾ ਦੇ ਰੂਪ ਵਿੱਚ ਸਾਡੇ ਨਾਲ ਹੈ ਅਤੇ ਸਾਡੀ ਅਗਵਾਈ ਕਰ ਰਿਹਾ ਹੈ। ਅਸੀਂ ਆਤਮਾ ਦੀ ਗੱਲ ਸੁਣਨੀ ਹੈ ਅਤੇ ਉਸ ਦੀ ਦਿੱਤੀ ਅਗਵਾਈ ਮੁਤਾਬਿਕ ਅੱਗੇ ਤੁਰਨਾ ਹੈ। ਬਸ ਫਿਰ ਕੀ ਹੈ। ਅੱਜ ਹੋਰ ਤੇ ਕੱਲ੍ਹ ਹੋਰ, ਅਸੀਂ ਦੁਨੀਆਂ ਵਿੱਚ ਵੀ ਨਾਮਣਾ ਖੱਟ ਸਕਦੇ ਹਾਂ ਅਤੇ ਕੱਲ੍ਹ ਨੂੰ ਜਦੋਂ ਸਾਨੂੰ ਪ੍ਰਲੋਕ ਅੰਦਰ ਪੇਸ਼ ਕਰਕੇ ਹਿਸਾਬ-ਕਿਤਾਬ ਕੀਤਾ ਜਾਵੇਗਾ ਤਾਂ ਉੱਥੇ ਵੀ ਅਸੀਂ ਸੁਰਖ਼ਰੂ ਹੋ ਕੇ ਨਿਕਲਾਂਗੇ। ਇਹ ਸੰਸਾਰ ਪ੍ਰੀਖਿਆ ਕੇਂਦਰ ਹੈ ਅਤੇ ਸਾਡਾ ਇਮਤਿਹਾਨ ਹੋ ਰਿਹਾ ਹੈ। ਅਸੀਂ ਜਿਤਨੀ ਕੁ ਮਿਹਨਤ ਕੀਤੀ ਹੈ ਉਤਨੀ ਕੁ ਪ੍ਰਾਪਤੀ ਸਾਡੇ ਹਿੱਸੇ ਪੈ ਜਾਣੀ ਹੈ। ਇੱਥੇ ਕਿਸੇ ਨਾਲ ਵਿਤਕਰਾ ਨਹੀਂ ਹੁੰਦਾ ਅਤੇ ਨਾ ਹੀ ਕਿਸੇ ਦੀ ਤਰਫ਼ਦਾਰੀ ਹੀ ਕੀਤੀ ਜਾਂਦੀ ਹੈ। ਇੱਥੋਂ ਸੱਚੋ-ਸੱਚ ਨਿਰਣਾ ਕੀਤਾ ਜਾਣਾ ਹੈ। ਐਸੇ ਵਿਸ਼ਵਾਸ ਨਾਲ ਅਸੀਂ ਇਸ ਦੁਨੀਆਂ ਵਿੱਚ ਰਹਿਣਾ ਹੈ।

## ਰੱਬ ਸਭ ਦਾ ਆਸਰਾ ਹੈ

ਅਸੀਂ ਇਹ ਵਿਸ਼ਵਾਸ ਲੈ ਕੇ ਜਿਊਣਾ ਹੈ ਕਿ ਰੱਬ ਆਪ ਹੀ ਸਾਡਾ ਖ਼ਿਆਲ ਰੱਖੇਗਾ। ਸਾਨੂੰ ਵਿਸ਼ਵਾਸ ਕਰ ਲੈਣਾ ਚਾਹੀਦਾ ਹੈ ਕਿ ਮਨੁੱਖ ਦਾ ਸਹਾਰਾ ਰੱਬ ਆਪ ਹੀ ਹੈ।

ਅਗਰ ਉਹ ਸਾਡੀ ਮਦਦ ਕਰਨ ਦੀ ਸੋਚਦਾ ਹੈ ਤਾਂ ਕਿਸੇ ਨਾ ਕਿਸੇ ਢੰਗ ਨਾਲ ਸਾਡੀ ਮਦਦ ਹੋ ਜਾਂਦੀ ਹੈ। ਕੋਈ ਨਾ ਕੋਈ ਤਰੀਕਾ ਨਿਕਲ ਆਉਂਦਾ ਹੈ। ਕੋਈ ਆਦਮੀ ਆ ਕੇ ਸਾਡੀ ਮਦਦ ਕਰ ਜਾਂਦਾ ਹੈ। ਇਹ ਬੰਦਾ ਵੀ ਰੱਬ ਨੇ ਆਪ ਭੇਜਿਆ ਹੁੰਦਾ ਹੈ। ਵਰਨਾ ਅਸੀਂ ਆਪ ਇਹ ਅੰਦਾਜ਼ਾ ਨਹੀਂ ਸਾਂ ਲਗਾ ਸਕੇ ਕਿ ਕੋਈ ਸਾਡੀ ਮਦਦ ਕਰਨ ਲਈ ਚੱਲ ਪਿਆ ਹੈ। ਰੱਬ ਸਾਡੀ ਹਰ ਘੜੀ ਪ੍ਰੀਖਿਆ ਲੈ ਰਿਹਾ ਹੈ। ਅਸੀਂ ਪਾਸ ਵੀ ਹੋ ਰਹੇ ਹਾਂ, ਅਸੀਂ ਫ਼ੇਲ੍ਹ ਵੀ ਹੋ ਰਹੇ ਹਾਂ।

ਰੱਬ ਆਪ ਹੀ ਪ੍ਰੀਖਿਆ ਲੈਂਦਾ ਹੈ। ਆਪ ਹੀ ਸਾਡੀਆਂ ਪ੍ਰਾਪਤੀਆਂ ਦਾ ਲੇਖਾ-ਜੋਖਾ ਕਰਦਾ ਹੈ। ਆਪ ਹੀ ਸਾਨੂੰ ਪ੍ਰੀਖਿਆ ਵਿੱਚ ਆਪਣਾ ਕਿਰਦਾਰ ਨਿਭਾਉਣ ਦੀ ਪ੍ਰੇਰਨਾ ਦਿੰਦਾ ਹੈ। ਕਈ ਵਾਰੀ ਅਸੀਂ ਐਸਾ ਮਹਿਸੂਸ ਕਰਨ ਲੱਗ ਪੈਂਦੇ ਹਾਂ ਕਿ ਇਹ ਸੰਸਾਰ ਰੱਬ ਦੀ ਖੇਡ ਹੈ। ਅਸੀਂ ਰੱਬ ਦੇ ਪੁਤਲੇ ਹਾਂ। ਉਹ ਸਾਡਾ ਸਾਰਾ ਨਾਚ ਨਚਾਉਂਦਾ ਹੈ। ਅਸੀਂ ਆਪ ਕੁਝ ਵੀ ਕਰਨ ਜੋਗੇ ਨਹੀਂ ਹਾਂ। ਅਸੀਂ ਕਦੀ ਰੱਬ ਦੇ ਵਸ ਹੋ ਕੇ ਵਧੀਆ ਕਿਰਦਾਰ ਨਿਭਾਉਣ ਲੱਗ ਪੈਂਦੇ ਹਾਂ ਅਤੇ ਕਦੀ ਸਾਡੀ ਵਾਗਡੋਰ ਸ਼ੈਤਾਨ ਪਕੜ ਲੈਂਦਾ ਹੈ ਅਤੇ ਸਾਨੂੰ ਐਸਾ ਨਾਚ ਨਚਾਉਂਦਾ ਹੈ ਜਿਸਦਾ ਪਛਤਾਵਾ ਅਸੀਂ ਬਾਕੀ ਦੀ ਸਾਰੀ ਉਮਰ ਵਿੱਚ ਕਰਦੇ ਰਹਿੰਦੇ ਹਾਂ ਅਤੇ ਮੁਆਫ਼ ਫਿਰ ਵੀ ਨਹੀਂ ਹੁੰਦਾ। ਪਰਲੋਕ ਵਿੱਚ ਜਾ ਕੇ ਉਨ੍ਹਾਂ ਪਾਪਾਂ ਦਾ ਹਿਸਾਬ-ਕਿਤਾਬ ਕੀਤਾ ਜਾਂਦਾ ਹੈ ਅਤੇ ਸਾਡਾ ਭਵਿੱਖ ਤੈਅ ਕੀਤਾ ਜਾਂਦਾ ਹੈ।

## ਮਨੁੱਖ ਰੱਬ ਦਾ ਪੁਤਲਾ

ਅਸੀਂ ਮਨੁੱਖ ਬਹੁਤ ਕੁਝ ਕਰਨ ਦੀਆਂ ਯੋਜਨਾਵਾਂ ਬਣਾਉਂਦੇ ਰਹਿੰਦੇ ਹਾਂ। ਐਸਾ ਕਰਨਾ ਸਾਡੀ ਆਦਤ ਹੈ ਪਰ ਸਾਡੀ ਯੋਜਨਾ ਉਹੀ ਸਿਰੇ ਚੜ੍ਹਨੀ ਹੈ ਜਿਸ ਦੀ ਪੂਰਤੀ ਲਈ ਰੱਬ ਨੇ ਸਾਨੂੰ ਇਸ ਸੰਸਾਰ ਵਿੱਚ ਭੇਜਿਆ ਹੈ। ਹੁਣ ਮਸਲਾ ਸਿਰਫ਼ ਇਹੀ ਹੈ ਕਿ ਅਸੀਂ ਇਸ ਯੁਕਤੀ ਨਾਲ ਉਸ ਮਕਸਦ ਦੀ ਭਾਲ ਕਰੀਏ ਜਿਸ ਦੀ ਪੂਰਤੀ ਲਈ ਪਰਮ ਪਿਤਾ ਪ੍ਰਮਾਤਮਾ ਨੇ ਸਾਨੂੰ ਇਸ ਦੁਨੀਆਂ ਵਿੱਚ ਭੇਜਿਆ ਹੈ। ਇਹੀ ਸਾਡੀ ਲਿਆਕਤ ਹੈ। ਸਾਨੂੰ ਇਹ ਵਿਸ਼ਵਾਸ ਕਰਕੇ ਤੁਰਨਾ ਪਵੇਗਾ ਕਿ ਅਸੀਂ ਐਵੇਂ ਹੀ ਇਸ ਦੁਨੀਆਂ ਵਿੱਚ ਨਹੀਂ ਭੇਜੇ ਗਏ ਹਾਂ। ਰੱਬ ਕਿਸੇ ਨੂੰ ਇਸ ਦੁਨੀਆਂ ਵਿੱਚ ਐਵੇਂ ਹੀ ਨਹੀਂ ਭੇਜਦਾ, ਹਰ ਕਿਸੇ ਦਾ ਕੋਈ ਨਾ ਕੋਈ ਮਕਸਦ ਹੈ। ਅਸੀਂ ਉਸ ਮਕਸਦ ਦੀ ਪਛਾਣ ਕਰਨੀ ਹੈ। ਅਗਰ ਅਸੀਂ ਆਪਣੇ ਜੀਵਨ ਦਾ ਸਹੀ ਮਕਸਦ ਪਛਾਣ ਨਹੀਂ ਪਾਏ ਤਾਂ ਸਮਝੋ ਅਸੀਂ ਐਵੇਂ ਹੀ ਝੱਖ ਮਾਰ ਰਹੇ ਹਾਂ। ਇਹ ਜੀਵਨ ਸਿਰਫ਼ ਉਨ੍ਹਾਂ ਲੋਕਾਂ ਦਾ ਸਫ਼ਲ ਹੋ ਪਾਇਆ ਹੈ ਜੋ ਆਪਣੇ ਜੀਵਨ ਦਾ ਸਹੀ ਮਕਸਦ ਲੱਭ ਪਾਏ ਹਨ ਅਤੇ ਉਸ ਮਕਸਦ ਦੀ ਪ੍ਰਾਪਤੀ ਲਈ ਸੰਘਰਸ਼ਸ਼ੀਲ ਹੋਏ ਹਨ। ਕਾਮਯਾਬੀਆਂ ਵੀ ਉਨ੍ਹਾਂ ਲੋਕਾਂ ਨੂੰ ਹੀ ਮਿਲਦੀਆਂ ਹਨ। ਹਰ ਆਦਮੀ ਦੀ ਇਕ ਵੱਖਰੀ ਹੋਂਦ ਹੈ ਅਤੇ ਉਸ ਦਾ ਇਸ ਸੰਸਾਰ ਵਿੱਚ ਆਉਣ ਦਾ ਕਾਰਨ ਵੀ ਵੱਖਰਾ ਹੈ। ਹਰੇਕ ਦਾ ਕੰਮ ਅਤੇ ਟੀਚਾ ਵੀ ਵੱਖਰਾ ਹੈ। ਅਸੀਂ ਕਿਸੇ ਦੀ ਨਕਲ ਕਰਕੇ ਆਪਣੇ ਟੀਚੇ ਨਹੀਂ ਮਿੱਥ ਸਕਦੇ। ਇਨ੍ਹਾਂ ਟੀਚਿਆਂ ਦੀ ਭਾਲ ਕਰਨੀ ਬਣਦੀ ਹੈ। ਜਦੋਂ ਸਾਨੂੰ ਸਾਡੇ ਟੀਚੇ ਦੀ ਪਛਾਣ ਹੋ ਜਾਂਦੀ ਹੈ ਤਾਂ ਉਸ ਦੀ ਪ੍ਰਾਪਤੀ ਦੇ ਸਾਰੇ ਰਾਹ ਸਹੀ ਹੋ ਜਾਂਦੇ ਹਨ, ਕੁਝ ਵੀ ਛੁਪਿਆ ਹੋਇਆ ਨਹੀਂ ਰਹਿੰਦਾ, ਕੁਝ ਵੀ ਅਧੂਰਾ ਨਹੀਂ ਰਹਿੰਦਾ। ਬਸ ਅਸੀਂ ਅੱਗੇ ਹੀ ਅੱਗੇ ਤੁਰਦੇ ਜਾਂਦੇ ਹਾਂ ਅਤੇ ਸਾਡਾ ਜੀਵਨ ਸਫ਼ਲਾ ਹੋ ਜਾਂਦਾ ਹੈ।

## ਰੱਬ ਦੀ ਉਸਤਤ ਕੋਈ ਨਹੀਂ ਕਰ ਸਕਦਾ

ਰੱਬ ਦਾ ਸਿਰਫ਼ ਸ਼ੁਕਰਾਨਾ ਕੀਤਾ ਜਾ ਸਕਦਾ ਹੈ, ਰੱਬ ਪਾਸੋਂ ਕੁਝ ਮੰਗਿਆ ਜਾ ਸਕਦਾ ਹੈ, ਕੋਈ ਆਖੇ ਕਿ ਰੱਬ ਦੀ ਵਡਿਆਈ ਕੀਤੀ ਜਾ ਸਕਦੀ ਹੈ ਤਾਂ ਉਹ ਗ਼ਲਤ ਹੈ। ਰੱਬ ਦੀ ਵਡਿਆਈ ਤਾਂ ਆਪ ਹੀ ਕੁਦਰਤ ਰਾਹੀਂ ਪ੍ਰਗਟ ਹੋ ਰਹੀ ਹੈ। ਇਹ ਸਾਰਾ ਬ੍ਰਹਿਮੰਡ ਆਪ ਹੀ ਰੱਬ ਦੀ ਉਸਤਤ ਪਿਆ ਕਰਦਾ ਦਿਸਦਾ ਹੈ। ਸੂਰਜ, ਚੰਦ, ਤਾਰੇ ਅਤੇ ਇਹ ਸਾਰੀ ਬਨਸਪਤੀ ਰੱਬ ਦੇ ਗੁਣ ਗਾਉਂਦੀ ਦਿਸਦੀ ਹੈ। ਰੱਬ ਦੀਆਂ ਨਿਆਮਤਾਂ ਦੀ ਅਸੀਂ ਗਣਨਾ ਨਹੀਂ ਕਰ ਸਕਦੇ। ਇਹ ਅਸੀਂ ਜੋ ਰੱਬ ਦੇ ਗੁਣ ਗਾ ਰਹੇ ਹਾਂ, ਇਹ ਤਾਂ ਰੱਬ ਦੀਆਂ ਨਿਆਮਤਾਂ ਦਾ ਪਾਸਕੂ ਵੀ ਨਹੀਂ ਹਨ। ਅਸੀਂ ਤਾਂ ਆਪਣੀਆਂ ਮੰਗਾਂ ਰੱਬ ਅੱਗੇ ਰੱਖਣ ਲਈ ਉਸ ਦੀਆਂ ਨਿਆਮਤਾਂ ਦਾ ਗੁਣਗਾਨ ਕਰਦੇ ਹਾਂ। ਅਸੀਂ ਰੱਬ ਦੀ ਭਗਤੀ ਵੀ ਤਾਂ ਹੀ ਕਰਦੇ ਹਾਂ ਕਿਉਂਕਿ ਸਾਨੂੰ ਕੁਝ ਚਾਹੀਦਾ ਹੈ। ਅਸੀਂ ਭਗਤੀ ਘੱਟ ਕਰਦੇ ਹਾਂ, ਮੰਗਦੇ ਜ਼ਿਆਦਾ ਹਾਂ। ਅਸੀਂ ਜੋ ਕੰਮ ਆਪ ਪੂਰਾ ਨਹੀਂ ਕਰ ਸਕਦੇ ਉਸ ਲਈ ਰੱਬ ਅੱਗੇ ਅਰਦਾਸਾਂ ਕਰਨੀਆਂ ਸ਼ੁਰੂ ਕਰ ਦਿੰਦੇ ਹਾਂ ਅਤੇ ਆਪਣੀ ਸਮਝ ਮੁਤਾਬਿਕ ਰੱਬ ਦੀਆਂ ਤਾਰੀਫ਼ਾਂ ਕਰਨੀਆਂ ਸ਼ੁਰੂ ਕਰ ਦਿੰਦੇ ਹਾਂ। ਇਹ ਸਾਰਾ ਕੁਝ ਬਨਾਵਟੀ ਹੈ ਅਤੇ ਰੱਬ ਦੇ ਗੁਣ ਗਾਉਣ ਲਈ ਆਦਮੀ ਪਾਸ ਤਾਂ ਸ਼ਬਦਾਂ ਦੀ ਵੀ ਘਾਟ ਹੋ ਜਾਂਦੀ ਹੈ। ਅੱਜ ਤੱਕ ਰੱਬ ਦੀਆਂ ਤਾਰੀਫ਼ਾਂ ਕਰਨ ਲਈ ਅਸੀਂ ਜੋ ਵੀ ਸ਼ਬਦ ਘੜੇ ਹਨ, ਅਧੂਰੇ ਹਨ।

ਅਸੀਂ ਕੁਦਰਤ ਦੀਆਂ ਨਿਆਮਤਾਂ ਦੀ ਗਣਨਾ ਨਹੀਂ ਕਰ ਸਕਦੇ, ਸਾਡੀ ਬੁੱਧੀ ਰੱਬ ਦੀਆਂ ਸਿਫ਼ਤਾਂ ਕਰਨ ਦੇ ਕਾਬਲ ਨਹੀਂ ਹੈ। ਕੁਦਰਤ ਦਾ ਹਰ ਨਜ਼ਾਰਾ ਸਾਨੂੰ ਹੈਰਾਨ ਕਰਕੇ ਰੱਖ ਦਿੰਦਾ ਹੈ। ਅਸੀਂ ਤਾਂ ਚੰਦ, ਸੂਰਜ ਅਤੇ ਤਾਰਿਆਂ ਦੀ ਗਣਨਾ ਨਹੀਂ ਕਰ ਸਕਦੇ। ਅਸੀਂ ਫਲ ਬੂਟਿਆਂ ਦੀ ਗਣਨਾ ਨਹੀਂ ਕਰ ਸਕਦੇ। ਅਸੀਂ ਵਹਿੰਦੇ ਪਾਣੀਆਂ ਦਾ ਨਜ਼ਾਰਾ ਬਿਆਨ ਨਹੀਂ ਕਰ ਸਕਦੇ, ਅਸੀਂ ਵਗਦੀਆਂ ਹਵਾਵਾਂ ਦਾ ਮੂੰਹ ਨਹੀਂ ਮੋੜ ਸਕਦੇ। ਇਸ ਲਈ ਅਸੀਂ ਰੱਬ ਦੀਆਂ ਜੋ ਵੀ ਸਿਫ਼ਤਾਂ ਕਰਦੇ ਹਾਂ, ਉਹ ਸਾਰੀਆਂ ਅਧੂਰੀਆਂ ਹਨ। ਬੱਸ ਸਾਡੀਆਂ ਮੰਗਾਂ ਦੀ ਸੂਚੀ ਵਧਦੀ ਜਾ ਰਹੀ ਹੈ। ਇਹ ਸੂਚੀ ਇਤਨੀ ਵੱਡੀ ਹੋ ਗਈ ਹੈ ਕਿ ਅੱਜ ਮਨੁੱਖ ਪਾਸ ਰੱਬ ਦੀਆਂ ਸਿਫ਼ਤਾਂ ਕਰਨ ਲਈ ਸਮਾਂ ਹੀ ਨਹੀਂ ਹੈ।

## ਰੱਬ ਦੀ ਰਜ਼ਾ ਸਵੀਕਾਰ ਕਰਨੀ ਪੈਂਦੀ ਹੈ

ਲਗਭੱਗ ਸਾਰੇ ਧਾਰਮਿਕ ਗ੍ਰੰਥਾਂ ਵਿੱਚ ਸਾਨੂੰ ਇਹ ਗੱਲ ਸਮਝਾ ਦਿੱਤੀ ਗਈ ਹੈ ਕਿ ਰੱਬ ਦਾ ਭਾਣਾ ਸਵੀਕਾਰ ਕਰਨਾ ਚਾਹੀਦਾ ਹੈ। ਅਸੀਂ ਰੱਬ ਦੀ ਰਜ਼ਾ ਵਿੱਚ ਵਿਘਨ ਨਹੀਂ ਪਾ ਸਕਦੇ। ਸਾਡੇ ਨਾਲ ਕੀ ਹੋਣ ਵਾਲਾ ਹੈ, ਇਸ ਬਾਰੇ ਪੇਸ਼ਨਗੋਈ ਕਰਨੀ ਮੁਸ਼ਕਲ ਹੈ। ਅਸੀਂ ਪ੍ਰਾਰਥਨਾ ਕਰ ਸਕਦੇ ਹਾਂ, ਸੌ ਉਪਾਅ ਕਰ ਸਕਦੇ ਹਾਂ ਪਰ ਫਿਰ ਵੀ ਰੱਬ ਕੀ ਕਰਨ ਵਾਲਾ ਹੈ, ਇਸ ਬਾਰੇ ਅਸੀਂ ਅੰਦਾਜ਼ਾ ਨਹੀਂ ਲਗਾ ਸਕਦੇ। ਇਸੇ ਕਰਕੇ ਆਖਿਆ ਗਿਆ ਹੈ ਕਿ ਰੱਬ ਦੀ ਰਜ਼ਾ ਕ਼ਬੂਲ ਕਰ ਲੈਣੀ ਚਾਹੀਦੀ ਹੈ। ਰੱਬ ਉੱਤੇ ਕਿੰਤੂ ਪ੍ਰੰਤੂ ਨਹੀਂ ਕਰਨਾ ਚਾਹੀਦਾ, ਅਸੀਂ ਮਿਹਨਤ ਕਰ ਸਕਦੇ ਹਾਂ, ਅਸੀਂ ਸੰਘਰਸ਼ ਕਰ ਸਕਦੇ ਹਾਂ, ਅਸੀਂ ਪ੍ਰਾਰਥਨਾ ਕਰ ਸਕਦੇ ਹਾਂ, ਅਸੀਂ ਰੱਬ ਦੀ ਭਗਤੀ ਕਰ ਸਕਦੇ ਹਾਂ, ਪਰ ਇਤਨਾ ਕੁਝ ਕਰਨ ਤੋਂ ਬਾਅਦ ਵੀ ਸਾਡੀਆਂ ਮਨ ਦੀਆਂ ਮੁਰਾਦਾਂ ਪੂਰੀਆਂ ਹੋਣਗੀਆਂ, ਇਸ ਬਾਰੇ ਅਸੀਂ ਕੁਝ ਨਹੀਂ ਆਖ ਸਕਦੇ। ਇਸੇ ਕਰਕੇ ਆਖਿਆ ਜਾਂਦਾ ਹੈ ਕਿ ਰੱਬ ਦੀ ਰਜ਼ਾ ਵਿੱਚ ਰਹਿਣਾ ਚਾਹੀਦਾ ਹੈ, ਅਸੀਂ ਰੱਬ ਦੀ ਰਜ਼ਾ ਨੂੰ ਕਿਸਮਤ ਸਵੀਕਾਰ ਕਰਦੇ ਹਾਂ, ਅਸੀਂ

ਮਨੁੱਖਾਂ ਨੇ ਇਸ ਰੱਬ ਦੀ ਰਜ਼ਾ ਨੂੰ ਕਿਸਮਤ ਦਾ ਨਾਮ ਦੇ ਰੱਖਿਆ ਹੈ, ਜੋ ਰੱਬ ਨੇ ਪਹਿਲਾਂ ਹੀ ਲਿਖ ਦਿੱਤੀ ਹੈ। ਜਦੋਂ ਸਾਡੀਆਂ ਮਨਚਾਹੀਆਂ ਮੁਰਾਦਾਂ ਪੂਰੀਆਂ ਨਹੀਂ ਹੁੰਦੀਆਂ ਤਾਂ ਅਸੀਂ ਆਖ ਦਿੰਦੇ ਹਾਂ ਕਿ ਸਾਡੀ ਕਿਸਮਤ ਹੀ ਮਾੜੀ ਹੈ, ਪਰ ਜਦੋਂ ਅਸੀਂ ਮਨਚਾਹੀਆਂ ਮੁਰਾਦਾਂ ਪਾ ਲੈਂਦੇ ਹਾਂ ਤਾਂ ਅਸੀਂ ਕਿਸਮਤ ਦੀ ਗੱਲ ਘੱਟ ਅਤੇ ਆਪਣੀ ਲਿਆਕਤ ਦੀਆਂ ਫੜ੍ਹਾਂ ਜ਼ਿਆਦਾ ਮਾਰਦੇ ਹਾਂ। ਕਾਮਯਾਬ ਹੋ ਜਾਈਏ ਤਾਂ ਅਸੀਂ ਕਿਸਮਤ ਨੂੰ ਭੁੱਲ ਕੇ ਆਪਣੀਆਂ ਲਿਆਕਤਾਂ ਅਤੇ ਸੰਘਰਸ਼ ਦੀ ਗੱਲ ਕਰਨ ਲੱਗ ਪੈਂਦੇ ਹਾਂ।

## ਰੱਬ ਦੀ ਪੂਜਾ

ਅਸੀਂ ਚੰਗੇ ਕੰਮ ਕਰੀਏ, ਇਹੀ ਰੱਬ ਦੀ ਪੂਜਾ ਹੈ। ਅਸੀਂ ਜੋ ਧਾਰਮਿਕ ਗਰੰਥਾਂ ਦਾ ਪਾਠ ਕਰਦੇ ਹਾਂ, ਇਹ ਗਾਈਡਾਂ ਹਨ, ਇਹ ਰੱਬ ਨਹੀਂ ਹਨ। ਅਗਰ ਤਾਂ ਅਸੀਂ ਇਹ ਧਾਰਮਿਕ ਪੁਸਤਕਾਂ ਪੜ੍ਹ ਕੇ ਆਪਣੇ ਜੀਵਨ ਨੂੰ ਸਹੀ ਰਸਤਾ ਦੇ ਸਕਦੇ ਹਾਂ ਤਾਂ ਤੇ ਪਾਠ ਪੂਜਾ ਕਰਨ ਦਾ ਕੋਈ ਲਾਭ ਹੈ ਪਰ ਜੇਕਰ ਅਸੀਂ ਇਹ ਪਾਠ ਪੂਜਾ ਸਿਰਫ਼ ਇਸ ਲਈ ਕਰਦੇ ਹਾਂ ਕਿ ਅਸੀਂ ਲੋਕਾਂ ਸਾਹਮਣੇ ਵੱਡੇ ਧਾਰਮਿਕ ਆਦਮੀ ਬਣ ਕੇ ਪ੍ਰਗਟ ਹੋ ਜਾਈਏ ਤਾਂ ਐਸੀ ਸੋਚ ਗ਼ਲਤ ਹੈ। ਵੱਡਾ ਪੁਜਾਰੀ ਬਣਨ ਬਾਅਦ ਵੀ ਅਗਰ ਅਸੀਂ ਆਪਣੀ ਸੋਚ ਅਤੇ ਕਰਮਾਂ ਨੂੰ ਸੇਧ ਨਹੀਂ ਦਿੰਦੇ ਤਾਂ ਲੋਕ ਵੀ ਸਾਡੀ ਅਸਲੀਅਤ ਜਾਣ ਜਾਂਦੇ ਹਨ ਅਤੇ ਸਾਨੂੰ ਕਰਮ ਕਾਂਡੀ ਅਤੇ ਪਾਖੰਡੀ ਆਖਣ ਲੱਗ ਪੈਂਦੇ ਹਨ। ਜੋ ਲੋਕੀਂ ਆਪਣੀ ਸੋਚ ਅਤੇ ਆਪਣੇ ਕਰਮਾਂ ਨੂੰ ਸੇਧ ਦੇਣ ਵਿੱਚ ਕਾਮਯਾਬ ਹੋ ਜਾਂਦੇ ਹਨ, ਉਨ੍ਹਾਂ ਨੂੰ ਕਿਸੇ ਪਾਠ-ਪੂਜਾ ਕਰਨ ਦੀ ਜ਼ਰੂਰਤ ਨਹੀਂ ਪੈਂਦੀ, ਉਨ੍ਹਾਂ ਦੀ ਦਿਖ ਉਨ੍ਹਾਂ ਦੇ ਚੰਗੇ ਕਰਮਾਂ ਕਰਕੇ ਸਥਾਪਿਤ ਹੋ ਜਾਂਦੀ ਹੈ। ਅਸੀਂ ਵੀ ਆਪਣੇ ਕਰਮਾਂ ਨੂੰ ਸੇਧ ਦੇਣੀ ਹੈ ਅਤੇ ਇਸ ਸੇਧ ਦੇਣ ਦਾ ਕੰਮ ਅਸੀਂ ਆਪ ਸ਼ੁਰੂ ਕਰਨਾ ਹੈ। ਚੰਗੇ ਕੰਮ ਕਰਕੇ ਇਕ ਅਜੀਬ ਕਿਸਮ ਦਾ ਮਜ਼ਾ ਆਉਂਦਾ ਹੈ। ਇਕ ਅਜੀਬ ਕਿਸਮ ਦਾ ਸਰੂਰ ਚੜ੍ਹਦਾ ਹੈ। ਅਸੀਂ ਇਸ ਖ਼ੁਸ਼ੀ ਦੀ ਪਛਾਣ ਕਰਨੀ ਹੈ। ਉਹ ਕੰਮ ਚੰਗੇ ਹਨ ਜਿਨ੍ਹਾਂ ਕਾਰਨ ਲੋਕਾਂ ਨੂੰ ਖ਼ੁਸ਼ੀ ਮਿਲਦੀ ਹੋਵੇ। ਉਹ ਕੰਮ ਮਾੜੇ ਹਨ ਜਿਨ੍ਹਾਂ ਕਾਰਨ ਲੋਕਾਂ ਨੂੰ ਦੁੱਖ ਪੁੱਜਦਾ ਹੋਵੇ। ਚੰਗੇ ਕੰਮਾਂ ਦੀ ਪਛਾਣ ਕਰਨ ਲਈ ਕਿਸੇ ਪਾਸ ਜਾਣ ਦੀ ਜ਼ਰੂਰਤ ਨਹੀਂ ਪੈਂਦੀ, ਹਰ ਕੋਈ ਐਸੀ ਪਛਾਣ ਆਪ ਹੀ ਰੱਖਦਾ ਹੈ। ਅਸੀਂ ਵੀ ਇਸ ਪਾਸੇ ਵੱਲ ਤੁਰਨਾ ਹੈ। ਉਹੀ ਸਮਾਂ ਜੋ ਅਸੀਂ ਰਸਮੀਂ ਪਾਠ-ਪੂਜਾ ਅਤੇ ਕਰਮ ਕਾਂਡਾਂ ਦੀ ਪੂਰਤੀ ਉੱਤੇ ਖ਼ਰਚ ਕਰਦੇ ਹਾਂ, ਉਹੀ ਸਮਾਂ ਅਸੀਂ ਲੋਕ ਭਲਾਈ ਲਈ ਖ਼ਰਚ ਕਰ ਸਕਦੇ ਹਾਂ, ਲੋਕ ਭਲਾਈ ਹੀ ਸਭ ਤੋਂ ਵੱਡੀ ਭਗਤੀ ਹੈ।

## ਰੱਬ ਦੀ ਲਿਖਤ ਅਮਿਟ ਹੈ

ਰੱਬ ਨੇ ਜੋ ਵੀ ਸਾਡੀ ਕਿਸਮਤ ਵਿੱਚ ਲਿਖ ਦਿੱਤਾ ਹੈ, ਉਹ ਅਮਿਟ ਹੈ। ਅਰਥਾਤ ਰੱਬ ਦਾ ਭਾਣਾ ਮੰਨ ਕੇ ਸਾਨੂੰ ਸਾਰੇ ਦੁੱਖ ਬਰਦਾਸ਼ਤ ਕਰਨੇ ਪੈਣਗੇ। ਇਹ ਵੀ ਆਖਿਆ ਜਾਂਦਾ ਹੈ ਕਿ ਰੱਬ ਇਕ ਵਾਰੀ ਜੋ ਕਿਸਮਤ ਲਿਖ ਦਿੰਦਾ ਹੈ, ਫਿਰ ਉਹ ਆਪ ਵੀ ਬਦਲਦਾ ਨਹੀਂ ਹੈ। ਅਸੀਂ ਦੇਖਦੇ ਆ ਰਹੇ ਹਾਂ ਕਿ ਵੱਡੇ-ਵੱਡੇ ਅਵਤਾਰ, ਗੁਰੂ ਪੀਰ, ਪੈਗੰਬਰ, ਰਿਸ਼ੀ, ਮੁਨੀ ਸਾਰਿਆਂ ਨੇ ਹੀ ਦੁੱਖ ਪਾਏ ਹਨ। ਜੋ ਕੋਈ ਵੀ ਜ਼ਿੰਦਗੀ ਦਾ ਕੋਈ ਰੂਪ ਧਾਰ ਕੇ ਇਸ ਦੁਨੀਆਂ ਵਿੱਚ ਆਉਂਦਾ ਹੈ, ਉਸ ਦੀ ਕਿਸਮਤ ਰੱਬ ਪਹਿਲਾਂ ਹੀ ਲਿਖ ਦਿੰਦਾ ਹੈ ਅਤੇ ਉਸ ਦੇ ਜੀਵਨ ਅੰਦਰ ਦੁੱਖਾਂ ਨੇ ਵੀ ਆਉਣਾ ਹੈ ਸੁੱਖਾਂ ਨੇ ਵੀ ਆਉਣਾ

ਹੈ। ਇਹ ਸਾਨੂੰ ਭੁਲੇਖਾ ਹੈ ਕਿ ਕੁਝ ਲੋਕਾਂ ਦਾ ਜੀਵਨ ਸਾਡੇ ਨਾਲੋਂ ਸੁਖਮਈ ਹੈ, ਐਸਾ ਨਹੀਂ ਹੈ।

ਅਗਰ ਦੁੱਖਾਂ ਅਤੇ ਸੁੱਖਾਂ ਦੀਆਂ ਸੂਚੀਆਂ ਤਿਆਰ ਕੀਤੀਆਂ ਜਾਣ ਤਾਂ ਹਰੇਕ ਦੇ ਪੱਲੇ ਜੋ ਸੁੱਖ ਆਏ ਹਨ ਜਾਂ ਜੋ ਦੁੱਖ ਆਏ ਹਨ, ਇਹ ਸੂਚੀ ਬਰਾਬਰ ਨਿਕਲੇਗੀ। ਇਸੇ ਕਰਕੇ ਆਖਿਆ ਜਾਂਦਾ ਹੈ ਕਿ ਰੱਬ ਕਿਸੇ ਨਾਲ ਵਿਤਕਰਾ ਨਹੀਂ ਕਰਦਾ। ਰੱਬ ਹਰੇਕ ਦੇ ਪੱਲੇ ਸੁੱਖ ਵੀ ਪਾਉਂਦਾ ਹੈ, ਦੁੱਖ ਵੀ ਪਾਉਂਦਾ ਹੈ। ਇਹ ਦੁੱਖ ਅਤੇ ਸੁੱਖ ਜੀਵਨ ਦਾ ਖ਼ਾਸ ਹਿੱਸਾ ਹਨ, ਨਿਰੇ ਸੁੱਖ ਹੀ ਮਿਲਦੇ ਰਹਿਣ ਤਾਂ ਮਨੁੱਖ ਅਹੰਕਾਰੀ ਹੋ ਜਾਂਦਾ ਹੈ। ਨਿਰੇ ਦੁੱਖ ਹੀ ਮਿਲਦੇ ਰਹਿਣ ਤਾਂ ਮਨੁੱਖ ਘਟੀਆਪਣ ਦਾ ਸ਼ਿਕਾਰ ਹੋ ਜਾਂਦਾ ਹੈ, ਦੁੱਖ ਕਈ ਵਾਰੀ ਦਾਰੂ ਦਾ ਕੰਮ ਕਰਦੇ ਹਨ। ਜੋ ਲੋਕ ਦੁੱਖਾਂ ਨਾਲ ਸੰਘਰਸ਼ ਕਰਦੇ ਰਹੇ ਹਨ ਉਹ ਅੱਗੇ ਨਾਲੋਂ ਬਿਹਤਰ ਇਨਸਾਨ ਬਣਦੇ ਰਹੇ ਹਨ। ਦੁੱਖਾਂ ਦੀਆਂ ਘੜੀਆਂ ਅੰਦਰ ਸਾਡੇ ਅੰਦਰ ਬਿਰਾਜਮਾਨ ਵਧੀਆ ਗੱਲਾਂ ਦਾ ਪ੍ਰਗਟਾਵਾ ਹੁੰਦਾ ਹੈ, ਵਧੀਆ ਗੱਲਾਂ ਬਾਹਰ ਆਉਂਦੀਆਂ ਹਨ। ਅਸੀਂ ਅਗਰ ਦੁਨੀਆਂ ਦੇ ਮਹਾਨ ਇਨਸਾਨਾਂ ਦੇ ਜੀਵਨ ਦੀ ਘੋਖ ਕਰੀਏ ਤਾਂ ਇਹ ਗੱਲ ਸਪੱਸ਼ਟ ਹੋ ਆਉਂਦੀ ਹੈ ਕਿ ਜ਼ਿੰਦਗੀ ਨਾਲ ਘੋਲ ਕਰਨ ਵਾਲੇ ਬਿਹਤਰ ਇਨਸਾਨ ਬਣ ਕੇ ਪ੍ਰਗਟਦੇ ਰਹੇ ਹਨ।

## ਗ਼ਲਤ ਸੋਚ

ਗ਼ਲਤ ਸੋਚ ਦਾ ਧਾਰਨੀ ਬੰਦਾ ਹਮੇਸ਼ਾ ਦੁਬਿਧਾ ਵਿੱਚ ਰਹਿੰਦਾ ਹੈ। ਜ਼ਿੰਦਗੀ ਦੇ ਹਰ ਮੋੜ ਉੱਤੇ ਆ ਕੇ ਸੋਚੀਂ ਪੈ ਜਾਂਦਾ ਹੈ। ਉਸ ਨੂੰ ਸਮਝ ਹੀ ਨਹੀਂ ਆਉਂਦੀ ਕਿ ਮੈਂ ਇਉਂ ਕਰ ਲਵਾਂ ਜਾਂ ਐਸਾ ਨਾ ਕਰਾਂ। ਉਸ ਦੀ ਆਤਮਾ ਦੀ ਆਵਾਜ਼ ਵੀ ਧੁੰਦਲੀ ਪੈ ਜਾਂਦੀ ਹੈ। ਉਸ ਨੇ ਆਤਮਾ ਦੀ ਆਵਾਜ਼ ਸੁਣਨੀ ਛੱਡ ਦਿੱਤੀ ਹੁੰਦੀ ਹੈ। ਅਸੀਂ ਆਪਣੇ ਅੰਦਰ ਬਿਰਾਜਮਾਨ ਆਤਮਾ ਦੀ ਗੱਲ ਸੁਣਦੇ ਰਹੀਏ ਤਾਂ ਸਾਡੀ ਆਤਮਾ ਹਰ ਮੋੜ ਉੱਤੇ ਸਾਡੀ ਸਹਾਇਤਾ ਕਰਦੀ ਹੈ, ਪਰ ਅਗਰ ਅਸੀਂ ਆਤਮਾ ਦੀ ਆਵਾਜ਼ ਅਤੇ ਅਗਵਾਈ ਦਾ ਧਿਆਨ ਰੱਖਣਾ ਹੀ ਬੰਦ ਕਰ ਦਿੰਦੇ ਹਾਂ ਤਾਂ ਸਾਡੇ ਉੱਤੇ ਪ੍ਰੇਤ ਆਤਮਾਵਾਂ ਦਾ ਬੋਝ ਆ ਪੈਂਦਾ ਹੈ। ਅਸੀਂ ਕੋਈ ਵੀ ਫ਼ੈਸਲਾ ਨਹੀਂ ਕਰ ਪਾਉਂਦੇ ਅਤੇ ਸਾਡੀ ਜ਼ਿੰਦਗੀ ਦਾ ਸਭ ਤੋਂ ਵੱਡਾ ਦੁਖਾਂਤ ਇਹੀ ਹੈ ਕਿ ਅਸੀਂ ਦੁਬਿਧਾ ਵਿੱਚ ਹੀ ਫਸੇ ਰਹਿੰਦੇ ਹਾਂ। ਲੋਕੀਂ ਕਿਸੇ ਨਾ ਕਿਸੇ ਪਾਸੇ ਦਾ ਫ਼ੈਸਲਾ ਲੈ ਕੇ ਸਾਥੋਂ ਅੱਗੇ ਲੰਘ ਜਾਂਦੇ ਹਨ।

ਅਸੀਂ ਆਤਮ-ਵਿਸ਼ਵਾਸ ਖੋਹ ਬੈਠਦੇ ਹਾਂ। ਡਰ ਦੇ ਘੇਰੇ ਵਿੱਚ ਆ ਜਾਂਦੇ ਹਾਂ, ਘਟੀਆਪਣ ਦਾ ਅਹਿਸਾਸ ਸਾਡੇ ਉੱਤੇ ਕਾਬਜ਼ ਹੋ ਜਾਂਦਾ ਹੈ। ਨਿਰਾਸ਼ਾ ਸਾਡੇ ਉੱਤੇ ਕਬਜ਼ਾ ਕਰ ਲੈਂਦੀ ਹੈ ਅਤੇ ਅਸੀਂ ਖੜੋਤ ਦਾ ਸ਼ਿਕਾਰ ਹੋ ਜਾਂਦੇ ਹਾਂ। ਅਸੀਂ ਆਪਣੇ ਆਪ ਉੱਤੇ ਨਜ਼ਰ ਰੱਖਣੀ ਹੈ। ਲੋਕਾਂ ਦੀ ਸੁਧਾਈ ਸਾਨੂੰ ਦੇਖ ਕੇ ਤਾਂ ਹੋ ਸਕਦੀ ਹੈ ਪਰ ਅਗਰ ਅਸੀਂ ਸਿਰਫ਼ ਪ੍ਰਚਾਰ ਹੀ ਕਰਦੇ ਹੋਈਏ ਅਤੇ ਆਪਣੀ ਸੁਧਾਈ ਨਾ ਕਰੀਏ ਤਾਂ ਲੋਕੀਂ ਸਾਡੀਆਂ ਮਾੜੀਆਂ ਗੱਲਾਂ ਦਾ ਚਿੱਠਾ ਤਿਆਰ ਕਰਕੇ ਸਾਡੇ ਮੂੰਹ ਉੱਤੇ ਹੀ ਸਾਡੀਆਂ ਕਮਜ਼ੋਰੀਆਂ ਬਿਆਨ ਕਰਨ ਲੱਗ ਪੈਣਗੇ। ਸੋ ਅਸੀਂ ਸਵੈ-ਸੁਧਾਈ ਦਾ ਕੰਮ ਕਾਰ ਜ਼ਰੂਰ ਕਰਨਾ ਹੈ। ਇਹੀ ਸਹੀ ਮਾਰਗ ਹੈ ਅਤੇ ਅਗਰ ਅਸੀਂ ਇਸ ਪਾਸੇ ਤੁਰਨ ਦਾ ਸਿਲਸਿਲਾ ਸ਼ੁਰੂ ਕਰਦੇ ਹਾਂ ਤਾਂ ਸਾਡੀ ਆਤਮਾ, ਜੋ ਰੱਬ ਦਾ ਹੀ ਇੱਕ ਹਿੱਸਾ ਹੈ, ਸਾਡੀ ਅਗਵਾਨੀ ਕਰੇਗੀ ਅਤੇ ਅਸੀਂ ਖ਼ੁਸ਼ਹਾਲ ਹੋ ਜਾਵਾਂਗੇ।

## ਇਸ ਜੀਵਨ ਦੇ ਬੰਧਨ

ਇਹ ਜ਼ਿੰਦਗੀ ਬੰਧਨਾਂ ਭਰੀ ਹੈ। ਹਰ ਪਾਸੇ ਬੰਧਨਾਂ ਦੀ ਇਕ ਵੱਡੀ ਸੂਚੀ ਲਟਕੀ ਦਿਖਾਈ ਦਿੰਦੀ ਹੈ। ਧਰਮ ਨਾਲ ਸਬੰਧ ਰੱਖਦੇ ਲੋਕਾਂ ਨੇ ਆਪਣੀ ਸੂਚੀ ਬਣਾ ਰੱਖੀ ਹੈ ਅਤੇ ਸਾਨੂੰ ਨਰਕਾਂ ਦਾ ਡਰ ਦਿਖਾ ਰਹੇ ਹਨ। ਸਾਡੇ ਆਲੇ-ਦੁਆਲੇ ਸਮਾਜ ਨੇ ਵੀ ਸਾਡੇ ਉੱਤੇ ਕਈ ਬੰਧਨ ਲਗਾ ਰੱਖੇ ਹਨ। ਭਾਈਚਾਰੇ ਨੇ ਵੀ ਸਾਡੇ ਸਾਰੇ ਰਸਤੇ ਘੇਰ ਰੱਖੇ ਹਨ। ਇੱਥੇ ਹੀ ਬੱਸ ਨਹੀਂ ਹੈ, ਵਕਤ ਦੀਆਂ ਸਰਕਾਰਾਂ ਨੇ ਵੀ ਸਾਡੇ ਉੱਤੇ ਕਈ ਬੰਧਨ ਲਗਾ ਰੱਖੇ ਹਨ ਅਤੇ ਅਗਰ ਅਸੀਂ ਉਲੰਘਣਾ ਕਰਦੇ ਹਾਂ ਤਾਂ ਸਾਨੂੰ ਕਾਨੂੰਨ ਮੁਤਾਬਿਕ ਸਜ਼ਾ ਦਿੱਤੀ ਜਾਂਦੀ ਹੈ। ਪੁਲਿਸ ਕੁਟਾਪਾ ਚਾੜ੍ਹਦੀ ਹੈ, ਅਦਾਲਤਾਂ ਅੰਦਰ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਹੈ, ਜੇਲ੍ਹ ਤੱਕ ਕੱਟਣੀ ਪੈਂਦੀ ਹੈ। ਅਸੀਂ ਆਪ ਵੀ ਆਪਣੇ ਆਪ ਉੱਤੇ ਕਈ ਬੰਧਨ ਲਗਾ ਰੱਖੇ ਹਨ। ਸਾਡੇ ਪਰਿਵਾਰ ਵਾਲੇ ਵੀ ਆਖਦੇ ਹਨ। ਸਿਰਫ਼ ਐਸਾ ਹੀ ਕਰਨਾ ਹੈ। ਉਹ ਕੁਝ ਨਹੀਂ ਕਰਨਾ ਜੋ ਪਰਿਵਾਰ ਦੀ ਬਦਨਾਮੀ ਦਾ ਕਾਰਨ ਬਣੇ ਅਤੇ ਇਉਂ ਅਸੀਂ ਕਿੱਧਰੇ ਵੀ ਆਜ਼ਾਦ ਨਹੀਂ ਹਾਂ। ਉਹ ਬਹੁਤ ਹੀ ਘੱਟ ਲੋਕ ਹੁੰਦੇ ਹਨ ਜੋ ਗ਼ਲਤ ਢੰਗ ਦੇ ਸਥਾਪਿਤ ਨਿਯਮਾਂ ਦੀ ਉਲੰਘਣਾ ਕਰਕੇ ਦੁਨੀਆਂ ਦੇ ਲੋਕਾਂ ਨੂੰ ਨਵਾਂ ਰਾਹ ਦਿਖਾਉਂਦੇ ਹਨ।

ਅਸੀਂ ਆਪ ਵੀ ਐਸੇ ਲੋਕਾਂ ਵਿੱਚ ਸ਼ਾਮਲ ਹੋ ਸਕਦੇ ਹਾਂ। ਆਪ ਵੀ ਮੁਕਤ ਹੋ ਸਕਦੇ ਹਾਂ ਅਤੇ ਲੋਕਾਂ ਨੂੰ ਵੀ ਬੰਧਨਾਂ ਤੋਂ ਮੁਕਤ ਕਰ ਸਕਦੇ ਹਾਂ, ਪਰ ਐਸੇ ਵਿਰਲੇ ਜਨ ਹੁੰਦੇ ਹਨ। ਬਹੁਤੇ ਲੋਕੀਂ ਇਸ ਮਾਇਆ ਜਾਲ 'ਚੋਂ ਬਾਹਰ ਤਾਂ ਕੀ ਨਿਕਲਣਾ ਹੁੰਦਾ ਹੈ, ਇਸ ਜਾਲ ਨੂੰ ਹੋਰ ਮਜ਼ਬੂਤ ਕਰਦੇ ਰਹਿੰਦੇ ਹਨ। ਅਸੀਂ ਸਾਰੇ ਅਸਲੀਅਤ ਨੂੰ ਛੱਡ ਕੇ ਕਰਮ ਕਾਂਡਾਂ ਦੀ ਦੁਨੀਆਂ ਵਿੱਚ ਜਾ ਕੇ ਪ੍ਰਵੇਸ਼ ਕਰ ਲੈਂਦੇ ਹਾਂ। ਅਸਲੀਅਤ ਕਿੱਧਰੇ ਗੁਆਚ ਹੀ ਜਾਂਦੀ ਹੈ।

## ਜ਼ਿੰਦਗੀ ਹਰ ਥਾਂ ਹਾਜ਼ਰ ਹੈ

ਕੋਈ ਆਖੇ ਕਿ ਸਿਰਫ਼ ਮਨੁੱਖ, ਜਾਨਵਰ, ਪੰਛੀਆਂ ਵਿੱਚ ਹੀ ਜੀਵਨ ਹੈ, ਤਾਂ ਐਸੀ ਸੁਕੜੀ ਹੋਈ ਸੋਚ ਗ਼ਲਤ ਹੈ। ਰੱਬ ਨੇ ਜਿਤਨੀ ਵੀ ਕੁਦਰਤ ਸਾਜੀ ਹੈ, ਉਸ ਅੰਦਰ ਜੀਵਨ ਹੈ। ਹਰ ਸ਼ੈਅ ਸਮਾਂ ਪਾ ਕੇ ਬੁੱਢੀ ਵੀ ਹੁੰਦੀ ਹੈ ਅਤੇ ਖ਼ਤਮ ਵੀ ਹੁੰਦੀ ਹੈ। ਵਿਗਿਆਨੀ ਲੋਕੀਂ ਵੀ ਐਸਾ ਹੀ ਆਖਦੇ ਹਨ, ਇਸ ਲਈ ਸਾਡੇ ਲਈ ਇਹ ਲਾਜ਼ਮੀ ਹੋ ਗਿਆ ਹੈ ਕਿ ਅਸੀਂ ਹਰ ਜੀਵਨ ਦੀ ਰੱਖਿਆ ਕਰੀਏ। ਉਸ ਨੂੰ ਸਹੀ ਮੋੜ ਦੇਈਏ। ਸਿਰਫ਼ ਉਸ ਦਾ ਨਾਸ਼ ਕਰੀਏ ਜੋ ਬਾਕੀ ਦੇ ਜੀਵਾਂ ਲਈ ਖ਼ਤਰਨਾਕ ਹੈ। ਐਸੀ ਸੋਚ ਅਪਨਾਉਣ ਦੀ ਜ਼ਰੂਰਤ ਹੈ, ਫਿਰ ਸਾਰਾ ਕੁਝ ਹੀ ਠੀਕ-ਠਾਕ ਹੋ ਜਾਵੇਗਾ।

ਗਿਆਨ ਹਮੇਸ਼ਾਂ ਅੰਦਰੋਂ ਪੈਦਾ ਹੁੰਦਾ ਹੈ। ਅਗਰ ਸਾਡੇ ਅੰਦਰੋਂ ਗਿਆਨ ਦੇ ਸੋਮੇ ਨਹੀਂ ਉਗਮਦੇ ਤਾਂ ਅਸੀਂ ਹਮੇਸ਼ਾਂ ਹੀ ਅਧੂਰੇ ਰਹਾਂਗੇ। ਅਸੀਂ ਅਭਿਆਸ ਕਰਨਾ ਹੈ ਤਾਂ ਕਿ ਅਸੀਂ ਅੰਤਰ ਆਤਮਾ ਦੀ ਜ਼ਿਆਦਾ ਵਰਤੋਂ ਕਰੀਏ। ਅਗਰ ਅਸੀਂ ਐਸਾ ਕਰਦੇ ਹਾਂ ਤਾਂ ਅਸੀਂ ਰੱਬ ਦੀ ਬਣਾਈ ਹੋਈ ਹਰ ਸ਼ੈਅ ਦਾ ਆਦਰ ਕਰਨਾ ਸਿੱਖ ਜਾਵਾਂਗੇ ਅਤੇ ਅਸੀਂ ਰੱਬ ਦੇ ਸਾਜੇ ਕਿਸੇ ਜੀਵ ਨੂੰ ਦੁੱਖ ਦੇਣ ਦਾ ਕਾਰਨ ਨਹੀਂ ਬਣਾਂਗੇ। ਦੁਨੀਆਂ ਭਰ ਦੇ ਧਰਮ ਸਾਡੇ ਲਈ ਐਸੀ ਹੀ ਸਿੱਖਿਆ ਲੈ ਕੇ ਆਏ ਹਨ।

## ਸਚਿਆਰਾ ਹੋ ਕੇ ਜਿਊਣਾ

ਅਸੀਂ ਝੂਠ ਦੀਆਂ ਬੁਨਿਆਦਾਂ ਉੱਤੇ ਆਪਣੇ ਜੀਵਨ ਦਾ ਮਹਿਲ ਨਹੀਂ ਉਸਾਰ ਸਕਦੇ, ਸਹੀ ਜੀਵਨ ਦਾ ਆਧਾਰ ਸੱਚਾਈ ਹੈ। ਅਸੀਂ ਝੂਠ ਦੇ ਜੰਜਾਲ 'ਚੋਂ ਬਾਹਰ ਨਿਕਲਣਾ ਹੈ। ਜਦੋਂ ਅਸੀਂ ਝੂਠ ਦੇ ਜਾਲ ਵਿੱਚ ਫਸਣਾ ਸ਼ੁਰੂ ਕਰ ਬੈਠਦੇ ਹਾਂ ਤਾਂ ਫਿਰ ਪਿਛਾਂਹ ਮੁੜਣਾ ਮੁਸ਼ਕਿਲ ਹੋ ਜਾਂਦਾ ਹੈ। ਸਾਡਾ ਹਾਲ ਉਸ ਮਕੜੀ ਵਰਗਾ ਹੋ ਜਾਂਦਾ ਹੈ ਜੋ ਆਪ ਹੀ ਜਾਲ ਤਾਣਦੀ ਹੈ ਅਤੇ ਫਿਰ ਆਪ ਹੀ ਉਸ ਵਿੱਚ ਫਸ ਕੇ ਰਹਿ ਜਾਂਦੀ ਹੈ, ਉਸ 'ਚੋਂ ਬਾਹਰ ਨਹੀਂ ਨਿਕਲ ਸਕਦੀ।

ਇਹੀ ਹਾਲ ਝੂਠੇ ਆਦਮੀ ਦਾ ਹੁੰਦਾ ਹੈ। ਉਹ ਝੂਠ ਬੋਲ-ਬੋਲ ਕੇ ਇਕ ਐਸੇ ਸੰਸਾਰ ਦੀ ਰਚਨਾ ਕਰ ਬੈਠਦਾ ਹੈ ਜੋ ਉਸ ਲਈ ਆਪ ਅਜ਼ਾਬ ਬਣ ਜਾਂਦਾ ਹੈ। ਬਹਾਨੇ ਵੀ ਕਿਤਨਾ ਚਿਰ ਚੱਲ ਸਕਦੇ ਹਨ ਅਤੇ ਝੂਠਾ ਆਦਮੀ ਆਪਣੇ ਹੀ ਲੋਕਾਂ ਸਾਹਮਣੇ ਸ਼ਰਮਿੰਦਾ ਹੋ ਉੱਠਦਾ ਹੈ। ਕਿਸੇ ਨਾਲ ਗੱਲ ਕਰਨ ਦੇ ਕਾਬਲ ਨਹੀਂ ਰਹਿੰਦਾ। ਅਗਰ ਕਿਸੇ ਨਾਲ ਗੱਲ ਕਰ ਵੀ ਲੈਂਦਾ ਹੈ ਤਾਂ ਕੋਈ ਉਸ ਉੱਤੇ ਵਿਸ਼ਵਾਸ ਨਹੀਂ ਕਰਦਾ। ਝੂਠੇ ਆਦਮੀ ਦੀਆਂ ਸੱਚੀਆਂ ਗੱਲਾਂ ਵੀ ਲੋਕਾਂ ਨੂੰ ਝੂਠੀਆਂ ਲੱਗਦੀਆਂ ਹਨ। ਸੋ ਸਾਡੇ ਲਈ ਬਿਹਤਰ ਇਹੀ ਹੈ ਕਿ ਅਸੀਂ ਝੂਠ ਦਾ ਜਾਲ ਨਾ ਬਣਾਈਏ। ਇਹ ਜਾਲ ਸਾਨੂੰ ਕੈਦ ਕਰ ਲਵੇਗਾ ਅਤੇ ਅਸੀਂ ਆਜ਼ਾਦੀ ਦਾ ਆਨੰਦ ਨਹੀਂ ਮਾਣ ਸਕਾਂਗੇ।

## ਸਾਡੀ ਲਾਲਸਾ ਮੁੱਕਦੀ ਨਹੀਂ

ਅਸੀਂ ਇਸ ਮਾਇਆ ਜਾਲ ਦੇ ਇਕ ਜਿਊਂਦੇ ਜਾਗਦੇ ਪਾਤਰ ਹਾਂ ਅਤੇ ਇਹੀ ਕਾਰਨ ਹੈ ਕਿ ਅਸੀਂ ਦੁਨੀਆਂ ਦੇ ਇਸ ਮਾਇਆ ਜਾਲ ਤੋਂ ਆਜ਼ਾਦੀ ਨਹੀਂ ਪਾ ਸਕਦੇ। ਅਸੀਂ ਜਿਤਨੀ ਮਰਜ਼ੀ ਕੋਸ਼ਿਸ਼ ਕਰੀਏ, ਅਸੀਂ ਮਨੁੱਖ ਹਾਂ ਅਤੇ ਸਦਾ ਇਸ ਮਾਇਆ ਜਾਲ ਦੇ ਘੇਰੇ ਵਿੱਚ ਰਹਿੰਦੇ ਹਾਂ। ਅਸੀਂ ਬੇਸ਼ੱਕ ਭਗਵਾਨ ਦਾ ਹਿੱਸਾ ਹਾਂ ਪਰ ਸੰਪੂਰਨ ਭਗਵਾਨ ਨਹੀਂ ਹਾਂ।

ਅਸੀਂ ਮਾਇਆ ਜਾਲ ਤੋਂ ਆਜ਼ਾਦੀ ਪ੍ਰਾਪਤ ਨਹੀਂ ਕਰ ਸਕਦੇ। ਇਹ ਗੱਲ ਠੀਕ ਹੈ ਪਰ ਅਸੀਂ ਆਪਣੇ ਆਪ ਨੂੰ ਮਾਇਆ ਜਾਲ 'ਚੋਂ ਬਾਹਰ ਕੱਢਣ ਦੀ ਕੋਸ਼ਿਸ਼ ਕਰਦੇ ਰਹਿਣਾ ਹੈ। ਕੁਝ ਹੱਦ ਤੱਕ ਜੋ ਅਸੀਂ ਆਜ਼ਾਦੀ ਹਾਸਲ ਕਰ ਲਵਾਂਗੇ, ਇਹੀ ਸਾਡੀ ਪ੍ਰਾਪਤੀ ਹੋਵੇਗੀ। ਅਸੀਂ ਕੁਲ ਮਿਲਾ ਕੇ ਇਨ੍ਹਾਂ ਮਾਇਆ ਜਾਲ ਦੇ ਨੁਕਤਿਆਂ ਉੱਤੇ ਵਿਚਾਰ ਕਰਦੇ ਰਹਿਣਾ ਹੈ ਅਤੇ ਕੁਝ ਹੱਦ ਤੱਕ ਆਜ਼ਾਦੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਰਹਿਣਾ ਹੈ। ਅਸੀਂ ਅਗਰ ਸਿਰਫ਼ ਉਨ੍ਹਾਂ ਮੱਦਾਂ ਦੀ ਪਛਾਣ ਕਰ ਲੈਂਦੇ ਹਾਂ ਜੋ ਮਾਇਆ ਜਾਲ ਹਨ ਤਾਂ ਜ਼ਿੰਦਗੀ ਦੇ ਹਰ ਮੋੜ ਉੱਤੇ ਆ ਕੇ ਸਾਨੂੰ ਆਸ ਦੀ ਕੋਈ ਨਾ ਕੋਈ ਕਿਰਨ ਦਿਖਾਈ ਦੇਣ ਲੱਗ ਪਵੇਗੀ, ਜਿਸ ਦੀ ਲੋਅ ਵਿੱਚ ਅਸੀਂ ਕੁਝ ਹੱਦ ਤੱਕ ਮਾਇਆ ਜਾਲ ਤੋਂ ਕਿਨਾਰਾ ਕਰ ਸਕਦੇ ਹਾਂ। ਐਸਾ ਸੰਘਰਸ਼ ਜਾਰੀ ਕਰਕੇ ਅਸੀਂ ਬਿਹਤਰ ਇਨਸਾਨਾਂ ਦੀ ਸੂਚੀ ਵਿੱਚ ਆਪਣਾ ਨਾਮ ਦਰਜ ਕਰਵਾ ਸਕਦੇ ਹਾਂ।

## ਪਾਪ ਜ਼ੰਜੀਰ ਦਾ ਕੰਮ ਕਰਦੇ ਹਨ

ਅਸੀਂ ਜੋ ਵੀ ਪਾਪ ਕਰਦੇ ਹਾਂ, ਉਹ ਜ਼ੰਜੀਰ ਦੀ ਤਰ੍ਹਾਂ ਸਾਨੂੰ ਆਪਣੀ ਜਕੜ ਵਿੱਚ ਲੈ ਲੈਂਦੇ ਹਨ ਅਤੇ ਇਉਂ ਅਸੀਂ ਮਨ ਦੀ ਆਜ਼ਾਦੀ ਖੋਹ ਬੈਠਦੇ ਹਾਂ। ਪਾਪ ਕਰਕੇ ਖ਼ੁਸ਼ ਨਹੀਂ

ਹੋਣਾ ਚਾਹੀਦਾ। ਪਾਪ ਕਈ ਵਾਰੀ ਵਕਤੀਆ ਮਜ਼ਾ ਜ਼ਰੂਰ ਦਿੰਦੇ ਹਨ ਪਰ ਫਿਰ ਇਹ ਸਾਡੇ ਮਨ ਉੱਤੇ ਬੋਝ ਬਣ ਜਾਂਦੇ ਹਨ। ਅਸੀਂ ਆਪਣੇ ਕੀਤੇ ਪਾਪਾਂ ਨੂੰ ਦੁਨੀਆਂ ਭਰ ਦੇ ਲੋਕਾਂ ਪਾਸੋਂ ਛੁਪਾਉਂਦੇ ਫਿਰਦੇ ਹਾਂ। ਹੋ ਸਕਦਾ ਹੈ ਉਹ ਸਾਡੇ ਜਿਉਂਦਿਆਂ ਕਿਸੇ ਨੂੰ ਵੀ ਪਤਾ ਨਾ ਲੱਗਣ ਪਰ ਸਾਡੇ ਅੰਦਰ ਇਕ ਡਰ ਜਿਹਾ ਬਣ ਕੇ ਆਉਂਦਾ ਹੈ, ਅਸੀਂ ਇਸ ਡਰ ਤੋਂ ਆਜ਼ਾਦ ਨਹੀਂ ਹੋ ਸਕਦੇ। ਹਰ ਆਦਮੀ ਨੂੰ ਮਿਲਣ ਲੱਗਿਆਂ ਸਾਨੂੰ ਇਉਂ ਮਹਿਸੂਸ ਹੋਣ ਲੱਗਦਾ ਹੈ ਜਿਵੇਂ ਇਹ ਸਾਡੇ ਕੀਤੇ ਗਏ ਪਾਪਾਂ ਬਾਰੇ ਜਾਣਦਾ ਹੈ ਅਤੇ ਹੁਣ ਸਾਡੇ ਨਾਲ ਗੱਲ ਕਰੇਗਾ।

ਅਸੀਂ ਜਦੋਂ ਕਿਸੇ ਆਦਮੀ ਦੀ ਬੇਇੱਜ਼ਤੀ ਹੁੰਦੀ ਦੇਖਦੇ ਹਾਂ ਤਾਂ ਸਾਨੂੰ ਇਉਂ ਮਹਿਸੂਸ ਹੋਣ ਲੱਗਦਾ ਹੈ ਕਿ ਇਕ ਨਾ ਇਕ ਦਿਨ ਸਾਡੀਆਂ ਵੀ ਛੁਪਾ ਕੇ ਰੱਖੀਆਂ ਸਾਰੀਆਂ ਗੱਲਾਂ ਲੋਕਾਂ ਸਾਹਮਣੇ ਆ ਜਾਣਗੀਆਂ ਅਤੇ ਅੱਜ ਜਿਵੇਂ ਇਹ ਆਦਮੀ ਹਰ ਆਦਮੀ ਪਾਸੋਂ ਨਿਰਾਦਰ ਦਾ ਸ਼ਿਕਾਰ ਹੋ ਰਿਹਾ ਹੈ, ਐਸਾ ਹੀ ਸਾਡੇ ਨਾਲ ਹੋਣ ਵਾਲਾ ਹੈ। ਸੋ ਸਾਨੂੰ ਇਹ ਗੱਲ ਹਮੇਸ਼ਾਂ ਯਾਦ ਰੱਖਣੀ ਚਾਹੀਦੀ ਹੈ ਕਿ ਪਾਪ ਕਰਨ ਤੋਂ ਬਾਅਦ ਸਾਡੀਆਂ ਆਜ਼ਾਦੀਆਂ ਖ਼ਤਮ ਹੋ ਜਾਂਦੀਆਂ ਹਨ, ਅਸੀਂ ਗ਼ੁਲਾਮ ਹੋ ਕੇ ਰਹਿ ਜਾਂਦੇ ਹਾਂ, ਇਸ ਕਰਕੇ ਪਾਪ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਪਾਪ ਦੀਆਂ ਜ਼ੰਜੀਰਾਂ ਵਿੱਚ ਬੱਝਾ ਆਦਮੀ ਆਪਣੀ ਆਜ਼ਾਦੀ ਆਪ ਹੀ ਖੋਹ ਬੈਠਦਾ ਹੈ। ਅਗਰ ਐਸਾ ਹੈ ਤਾਂ ਸਾਨੂੰ ਪਾਪ ਕਰਨਾ ਹੀ ਨਹੀਂ ਚਾਹੀਦਾ। ਪਾਪਾਂ ਬਾਰੇ ਗਿਆਨ ਲੈਣ ਲਈ ਕਿਸੇ ਪਾਸ ਜਾਣ ਦੀ ਜ਼ਰੂਰਤ ਨਹੀਂ ਹੈ। ਪਾਪਾਂ ਬਾਰੇ ਸਾਨੂੰ ਆਪ ਹੀ ਸਮਝ ਹੈ। ਅਗਰ ਸਾਨੂੰ ਆਪ ਸਮਝ ਨਾ ਹੁੰਦੀ ਤਾਂ ਅਸੀਂ ਆਪਣੇ ਪਾਪ ਆਪ ਹੀ ਕਿਉਂ ਛੁਪਾਉਂਦੇ ਫਿਰਦੇ ਹਾਂ। ਸਾਨੂੰ ਆਪਣੇ ਕੀਤੇ ਪਾਪਾਂ ਦਾ ਪਤਾ ਹੈ ਤਾਂ ਹੀ ਅਸੀਂ ਹਰੇਕ ਪਾਸੋਂ ਡਰਦੇ ਫਿਰਦੇ ਹਾਂ।

## ਮਨ ਉੱਤੇ ਕਾਬੂ ਪਾਉ

ਅਸੀਂ ਮਨ ਉੱਤੇ ਕਾਬੂ ਨਹੀਂ ਪਾ ਸਕਦੇ। ਮਨ ਬਹੁਤ ਹੀ ਚੰਚਲ ਹੁੰਦਾ ਹੈ। ਹਰ ਵਕਤ ਇਸ ਮਨ ਵਿੱਚ ਖ਼ਾਹਿਸ਼ਾਂ ਉਠਦੀਆਂ ਰਹਿੰਦੀਆਂ ਹਨ। ਕੁਝ ਖ਼ਾਹਿਸ਼ਾਂ ਅਸੀਂ ਪੂਰੀਆਂ ਵੀ ਕਰ ਲੈਂਦੇ ਹਾਂ। ਕੁਝ ਖ਼ਾਹਿਸ਼ਾਂ ਅਸੀਂ ਪੂਰੀਆਂ ਨਹੀਂ ਕਰ ਪਾਉਂਦੇ, ਕੁਝ ਖ਼ਾਹਿਸ਼ਾਂ ਵਕਤੀਆ ਹੁੰਦੀਆਂ ਹਨ, ਭੁੱਲ ਹੀ ਜਾਂਦੀਆਂ ਹਨ। ਕੁਝ ਖ਼ਾਹਿਸ਼ਾਂ ਸਾਡਾ ਪਿੱਛਾ ਨਹੀਂ ਛੱਡਦੀਆਂ। ਅਸੀਂ ਅਗਰ ਅੱਜ ਤੱਕ ਦੀਆਂ ਕੀਤੀਆਂ ਪ੍ਰਾਪਤੀਆਂ ਦਾ ਹਿਸਾਬ-ਕਿਤਾਬ ਲਗਾ ਕੇ ਵੇਖਦੇ ਹਾਂ ਤਾਂ ਇਨ੍ਹਾਂ ਪ੍ਰਾਪਤੀਆਂ ਦੀ ਜੜ੍ਹ ਸਾਡੀਆਂ ਖ਼ਾਹਿਸ਼ਾਂ ਹੀ ਹਨ। ਹਰ ਪ੍ਰਾਪਤੀ ਸਾਡੀ ਕਿਸੇ ਨਾ ਕਿਸੇ ਖਾਹਿਸ਼ 'ਚੋਂ ਜਨਮ ਲੈਂਦੀ ਹੈ। ਅਸੀਂ ਅਗਰ ਸਾਰੀ ਇਨਸਾਨੀਅਤ ਦੀਆਂ ਪ੍ਰਾਪਤੀਆਂ ਦਾ ਚਿੱਠਾ ਬਣਾ ਕੇ ਦੇਖੀਏ ਤਾਂ ਇਹ ਵੀ ਮਨੁੱਖੀ ਖ਼ਾਹਿਸ਼ਾਂ ਵਿੱਚ ਜਨਮਦੀਆਂ ਰਹੀਆਂ ਹਨ। ਮਨੁੱਖ ਨੇ ਕਦੀ ਉੱਡਣਾ ਚਾਹਿਆ ਸੀ ਅਤੇ ਉੱਡਦਾ-ਉੱਡਦਾ ਚੰਨ-ਤਾਰਿਆਂ ਤੱਕ ਪੁੱਜ ਗਿਆ ਹੈ।

ਦੂਰ ਦੀਆਂ ਘਟਨਾਵਾਂ ਇੱਥੇ ਬੈਠਾ ਦੇਖ ਸਕਦਾ ਹੈ। ਮਨ ਉੱਤੇ ਕਾਬੂ ਪਾਉਣਾ ਚਾਹੀਦਾ ਹੈ ਪਰ ਅਸੀਂ ਐਸਾ ਕਾਬੂ ਵੀ ਨਾ ਪਾ ਬੈਠੀਏ ਕਿ ਸਾਡੀਆਂ ਇੱਛਾਵਾਂ ਹੀ ਖ਼ਤਮ ਹੋ ਕੇ ਰਹਿ ਜਾਣ। ਜਦੋਂ ਮਨੁੱਖ ਦੀਆਂ ਇੱਛਾਵਾਂ ਹੀ ਖ਼ਤਮ ਹੋ ਜਾਣ ਤਾਂ ਮਨੁੱਖ ਦੀ ਪ੍ਰਗਤੀ ਰੁਕ ਜਾਂਦੀ ਹੈ। ਮਨ ਦੀਆਂ ਇੱਛਾਵਾਂ ਉੱਤੇ ਇਤਨਾ ਕੁ ਹੀ ਕਾਬੂ ਪਾਉਣਾ ਚਾਹੀਦਾ ਹੈ ਕਿ ਅਸੀਂ ਇੱਛਾਵਾਂ ਦੀ ਪੂਰਤੀ ਨਾ ਹੁੰਦੀ ਵੇਖ ਕੇ ਨਿਰਾਸ਼ ਨਾ ਹੋ ਜਾਈਏ, ਜਿੱਥੇ ਇੱਛਾਵਾਂ ਦੀ

ਪੂਰਤੀ ਅਨੰਦ ਦਾ ਕਾਰਨ ਬਣਦੀ ਹੈ, ਉੱਥੇ ਇੱਛਾਵਾਂ ਪੂਰੀਆਂ ਨਾ ਹੋਣ ਤਾਂ ਨਿਰਾਸਤਾ ਮਿਲਦੀ ਹੈ ਅਤੇ ਨਿਰਾਸਤਾ ਮਨੁੱਖ ਨੂੰ ਢਹਿੰਦੀਆਂ ਕਲਾਂ ਵੱਲ ਲੈ ਜਾਂਦੀ ਹੈ। ਅਸੀਂ ਆਪਣੇ ਮਨ ਉੱਤੇ ਬਸ ਇਤਨਾ ਕੁ ਹੀ ਕਾਬੂ ਪਾਉਣਾ ਹੈ ਕਿ ਅਸੀਂ ਨਿਰਾਸਤਾ ਦਾ ਸ਼ਿਕਾਰ ਨਾ ਹੋ ਜਾਈਏ। ਇਸ ਤੋਂ ਜ਼ਿਆਦਾ ਨਹੀਂ ਹੈ। ਮਨ ਸਾਡੀ ਰਹਿਨੁਮਾਈ ਕਰਦਾ ਹੈ, ਸਾਡੀ ਪ੍ਰਗਤੀ ਦਾ ਆਧਾਰ ਹੈ। ਸੋ ਆਪਣੇ ਮਨ ਨਾਲ ਗੱਲਾਂ-ਬਾਤਾਂ ਕਰਦੇ ਰਹਿਣਾ ਚਾਹੀਦਾ ਹੈ ਅਤੇ ਜ਼ਿੰਦਗੀ ਦਾ ਆਨੰਦ ਮਾਣਦੇ ਰਹਿਣਾ ਚਾਹੀਦਾ ਹੈ।

## ਰੱਬ ਦੀ ਪ੍ਰਾਪਤੀ ਲਈ ਦੁੱਖ ਨਾ ਸਹੇੜੋ

ਅਗਰ ਤੁਹਾਨੂੰ ਕੋਈ ਇਹ ਸਮਝਾਉਂਦਾ ਹੈ ਕਿ ਰੱਬ ਦੀ ਪ੍ਰਾਪਤੀ ਲਈ ਭੁੱਖਾ ਰਹਿਣਾ ਚਾਹੀਦਾ ਹੈ, ਪਿਆਸਾ ਰਹਿਣਾ ਚਾਹੀਦਾ ਹੈ, ਇਸ਼ਨਾਨ ਨਹੀਂ ਕਰਨਾ ਚਾਹੀਦਾ, ਕੱਪੜੇ ਮੈਲੇ ਪਾਉਣੇ ਚਾਹੀਦੇ ਹਨ, ਦੁਨੀਆਂਦਾਰੀ ਛੱਡ ਕੇ ਜੰਗਲਾਂ ਵਿੱਚ ਚਲੇ ਜਾਣਾ ਚਾਹੀਦਾ ਹੈ, ਆਪਣੇ ਬੱਚੇ ਭੁੱਖੇ ਮਾਰ ਕੇ ਸਾਰਾ ਕੁਝ ਦਾਨ ਕਰ ਦੇਣਾ ਚਾਹੀਦਾ ਹੈ, ਕਿਰਤ ਕਮਾਈ ਕਰਨ ਦੀ ਜ਼ਰੂਰਤ ਨਹੀਂ ਹੈ, ਘਰ ਗ੍ਰਹਿਸਤੀ ਦੀ ਜ਼ਰੂਰਤ ਨਹੀਂ ਹੈ ਤਾਂ ਐਸਾ ਆਦਮੀ ਗ਼ਲਤ ਹੈ। ਐਸੇ ਆਦਮੀਆਂ ਪਾਸੋਂ ਜਿਤਨੀ ਜਲਦੀ ਹੋ ਸਕੇ ਪਾਸਾ ਮੋੜ ਲੈਣਾ ਚਾਹੀਦਾ ਹੈ। ਅਸੀਂ ਇਸ ਦੁਨੀਆਂ ਵਿੱਚ ਜਿਊਣ ਆਏ ਹਾਂ ਅਤੇ ਜਿਊਣ ਦੀਆਂ ਸਾਰੀਆਂ ਜ਼ਰੂਰਤਾਂ ਪੂਰੀਆਂ ਕਰਨਾ ਸਾਡਾ ਹੱਕ ਬਣਦਾ ਹੈ। ਰੱਬ ਸਾਡੇ ਮਾਤਾ-ਪਿਤਾ ਸਮਾਨ ਹੈ, ਸਦਾ ਹੀ ਸਾਡੇ ਨਾਲ ਹੈ, ਕਦੀ ਵੀ ਸਾਥੋਂ ਦੂਰ ਨਹੀਂ ਹੁੰਦਾ। ਹਾਂ, ਸਾਡੇ ਜੀਵਨ ਨੂੰ ਮਿੱਥੀ ਉਮਰ ਤੱਕ ਚੱਲਦਾ ਫਿਰਦਾ ਰੱਖਣ ਲਈ ਵਚਨਬੱਧ ਹੈ। ਉਹ ਹਰ ਵਕਤ ਸਾਡਾ ਖ਼ਿਆਲ ਰੱਖ ਰਿਹਾ ਹੈ, ਉਹ ਸਾਡੇ ਅੰਦਰ ਵਸਦਾ ਹੈ। ਜੋ ਸ਼ੈਅ ਸਾਡੇ ਅੰਦਰ ਪਈ ਵਸਦੀ ਹੈ ਉਸ ਦੀ ਪ੍ਰਾਪਤੀ ਲਈ ਇਹ ਫ਼ਜ਼ੂਲ ਦੇ ਤਰੱਦਦ ਕਰਨ ਦੀ ਕੀ ਜ਼ਰੂਰਤ ਹੈ ? ਸਾਡੇ ਲਈ ਲਾਜ਼ਮੀ ਸਿਰਫ਼ ਇਹ ਹੈ ਕਿ ਅਸੀਂ ਆਪਣੀਆਂ ਹੱਦਾਂ ਆਪ ਮਿੱਥੀਏ ਅਤੇ ਉਨ੍ਹਾਂ ਮਿੱਥੀਆਂ ਹੱਦਾਂ ਵਿੱਚ ਰਹਿ ਕੇ ਜੀਵਨ ਦਾ ਆਨੰਦ ਮਾਣਦੇ ਰਹੀਏ। ਆਪਣੀਆਂ ਮਿੱਥੀਆਂ ਹੱਦਾਂ ਤੋਂ ਜ਼ਿਆਦਾ ਖ਼ਾਹਿਸ਼ਾਂ ਵੀ ਨਹੀਂ ਰੱਖਣੀਆਂ ਚਾਹੀਦੀਆਂ ਕਿਉਂਕਿ ਖ਼ਾਹਿਸ਼ਾਂ ਪੂਰੀਆਂ ਨਾ ਹੋਣ ਦੀ ਸੂਰਤ ਵਿੱਚ ਸਾਨੂੰ ਨਿਰਾਸ਼ਾ ਦਾ ਸਾਹਮਣਾ ਕਰਨਾ ਪੈਂਦਾ ਹੈ।

## ਸਾਨੂੰ ਪੁੰਨਾਂ ਅਤੇ ਪਾਪਾਂ ਦਾ ਗਿਆਨ ਹੈ

ਕੋਈ ਆਖੇ ਕਿ ਉਹ ਪੁੰਨਾਂ ਅਤੇ ਪਾਪਾਂ ਬਾਰੇ ਗਿਆਨ ਨਹੀਂ ਰੱਖਦਾ ਤਾਂ ਉਹ ਇਹ ਸਾਰੀ ਗੱਲ ਗ਼ਲਤ ਆਖ ਰਿਹਾ ਹੈ। ਅਸੀਂ ਜਦ ਕਿਸੇ ਦੀ ਮੱਦਦ ਕਰਦੇ ਹਾਂ ਤਾਂ ਸਾਨੂੰ ਇਕ ਅਜੀਬ ਕਿਸਮ ਦੀ ਖ਼ੁਸ਼ੀ ਮਹਿਸੂਸ ਹੁੰਦੀ ਹੈ। ਇਸ ਦਾ ਸਾਫ਼ ਮਤਲਬ ਇਹ ਨਿਕਲਦਾ ਹੈ ਕਿ ਸਾਨੂੰ ਅੰਦਰੋਂ ਪਤਾ ਹੈ ਕਿ ਅਸੀਂ ਪੁੰਨ ਦਾ ਕੰਮ ਕਰ ਬੈਠੇ ਹਾਂ। ਇਸ ਦੇ ਉਲਟ ਅਸੀਂ ਜਦੋਂ ਕੋਈ ਪਾਪ ਕਰ ਬੈਠਦੇ ਹਾਂ ਤਾਂ ਅਸੀਂ ਖ਼ੁਸ਼ ਹੋਣ ਦੀ ਬਜਾਏ ਡਰ ਨਾਲ ਕੰਬ ਉੱਠਦੇ ਹਾਂ, ਲੁਕਦੇ ਫਿਰਦੇ ਹਾਂ, ਗਵਾਹੀਆਂ ਮਿਟਾਉਣ ਦੀ ਕੋਸ਼ਿਸ਼ ਕਰ ਰਹੇ ਹੁੰਦੇ ਹਾਂ। ਬਸ ਇਹੀ ਹੈ ਪੁੰਨ ਅਤੇ ਪਾਪ ਦੀ ਪਛਾਣ। ਅਗਰ ਐਸਾ ਹੈ ਤਾਂ ਅਸੀਂ ਆਪਣੇ ਆਪ ਨੂੰ ਸੋਧ ਦੇਣ ਦਾ ਕੰਮ ਅੱਜ ਤੋਂ ਹੀ ਸ਼ੁਰੂ ਕਰਨਾ ਹੈ। ਅਸੀਂ ਅਨੰਦ ਮਾਨਣ ਲਈ ਇਸ ਦੁਨੀਆਂ ਵਿੱਚ ਆਏ ਹਾਂ ਅਤੇ ਅਨੰਦ ਪੁੰਨ ਕਰਕੇ ਮਿਲਦਾ ਹੈ। ਅਸੀਂ ਕੋਈ ਨਾ ਕੋਈ ਪੁੰਨ ਦਾ ਕੰਮ ਰੋਜ਼ਾਨਾ ਕਰ ਸਕਦੇ ਹਾਂ। ਇਹ ਪੁੰਨ ਦਾ ਕੰਮ ਨਿੱਕਾ ਜਿਹਾ ਵੀ ਹੋ ਸਕਦਾ ਹੈ,

ਵੱਡਾ ਸਾਰਾ ਵੀ ਹੋ ਸਕਦਾ ਹੈ। ਸਾਡੇ ਵਾਸਤੇ ਨਿੱਕਾ ਜਿਹਾ ਹੋ ਸਕਦਾ ਹੈ ਪਰ ਜਿਸ ਦਾ ਇਹ ਕੰਮ ਸੀ ਉਸ ਲਈ ਬਹੁਤ ਵੱਡਾ ਕੰਮ ਹੋ ਸਕਦਾ ਹੈ। ਪੁੰਨ ਦਾ ਕੰਮ ਹਮੇਸ਼ਾਂ ਦੂਜੇ ਦੀਆਂ ਅੱਖਾਂ ਨਾਲ ਦੇਖੋ ਤਾਂ ਅਨੰਦ ਹੀ ਅਨੰਦ ਮਹਿਸੂਸ ਹੋਵੇਗਾ।

ਅਸੀਂ ਰੋਜ਼ਾਨਾ ਖ਼ੁਸ਼ੀ ਲਈ ਕੋਈ ਨਿੱਕਾ ਜਿਹਾ ਕੰਮ ਕਰ ਸਕਦੇ ਹਾਂ। ਐਸਾ ਕੰਮ ਕਰਨ ਦੀ ਅਸੀਂ ਆਦਤ ਬਣਾਉਣੀ ਹੈ। ਮੱਦਦ ਮੰਗਣ ਵਾਲੇ ਲੋਕਾਂ ਦੀ ਘਾਟ ਨਹੀਂ ਹੈ ਪਰ ਅਸੀਂ ਐਸੀ ਮੱਦਦ ਨਹੀਂ ਕਰਨੀ ਜੋ ਸਾਨੂੰ ਅਨੰਦ ਦੇਣ ਦੀ ਬਜਾਏ ਸਾਡੇ ਲਈ ਦੁੱਖਾਂ ਦਾ ਕਾਰਨ ਬਣੇ। ਹਰ ਮੱਦਦ ਕਰਨ ਵਕਤ ਅਸੀਂ ਇਸ ਗੱਲ ਦਾ ਧਿਆਨ ਰੱਖਣਾ ਹੈ ਕਿ ਜਿਸ ਕਿਸੇ ਦੀ ਅਸੀਂ ਮੱਦਦ ਕਰਾਂਗੇ, ਉਹ ਸਾਨੂੰ ਅਸੀਸਾਂ ਦੇਵੇਗਾ। ਅਸੀਂ ਆਪ ਭਾਵੇਂ ਕਿਤਨੀਆਂ ਅਰਦਾਸਾਂ ਕਰਦੇ ਰਹੀਏ, ਹੋ ਸਕਦਾ ਹੈ ਇਕ ਵੀ ਪੂਰੀ ਨਾ ਹੋਵੇ ਪਰ ਜਦੋਂ ਸਾਡੀ ਕੀਤੀ ਮੱਦਦ ਬਦਲੇ ਕੋਈ ਆਦਮੀ ਦਿਲੋਂ ਅਸੀਸ ਦਿੰਦਾ ਹੈ, ਸਾਡੇ ਭਲੇ ਲਈ ਪ੍ਰਾਰਥਨਾ ਕਰਦਾ ਹੈ ਤਾਂ ਐਸੀ ਅਸੀਸ ਅਤੇ ਪ੍ਰਾਰਥਨਾ ਕਦੀ ਵੀ ਖ਼ਾਲੀ ਨਹੀਂ ਜਾਂਦੀ। ਅਸੀਂ ਐਸੀਆਂ ਗੱਲਾਂ ਕਰਕੇ ਅਜ਼ਮਾ ਕੇ ਦੇਖ ਸਕਦੇ ਹਾਂ।

## ਕਰਮ ਅਤੇ ਪ੍ਰਤੀਕਰਮ

ਅਸੀਂ ਜੈਸਾ-ਜੈਸਾ ਕਰਮ ਕਰਦੇ ਹਾਂ, ਵੈਸਾ-ਵੈਸਾ ਪ੍ਰਤੀਕਰਮ ਹੁੰਦਾ ਹੈ। ਅਰਥਾਤ ਸਾਨੂੰ ਦੁੱਖ-ਸੁੱਖ, ਦਰਦ ਅਤੇ ਖ਼ੁਸ਼ੀਆਂ ਸਾਡੇ ਕਰਮਾਂ ਦੇ ਪ੍ਰਤੀਕਰਮ ਅਰਥਾਤ ਫਲ ਦੇ ਰੂਪ ਵਿੱਚ ਪ੍ਰਾਪਤ ਹੁੰਦੀਆਂ ਹਨ। ਅਸੀਂ ਮਾੜੇ ਕਰਮ ਕਰਕੇ ਇਹ ਆਸਾਂ ਲਗਾਈ ਜਾਈਏ ਕਿ ਸਾਨੂੰ ਖ਼ੁਸ਼ੀਆਂ ਮਿਲਣਗੀਆਂ ਤਾਂ ਐਸੀ ਸੋਚ ਗ਼ਲਤ ਹੈ। ਅਸੀਂ ਅਗਰ ਵਧੀਆ ਨਤੀਜਿਆਂ ਦੀ ਆਸ ਰੱਖਦੇ ਹਾਂ ਤਾਂ ਸਾਨੂੰ ਰੱਜ ਕੇ ਮਿਹਨਤ ਕਰਨੀ ਪਵੇਗੀ। ਰੱਬ ਸਾਨੂੰ ਸਾਡੀ ਕੀਤੀ ਮਿਹਨਤ ਦਾ ਫਲ ਜ਼ਰੂਰ ਦਿੰਦਾ ਹੈ। ਰੱਬ ਸਾਡੀ ਮਿਹਨਤ ਨੂੰ ਅਜਾਈਂ ਨਹੀਂ ਜਾਣ ਦਿੰਦਾ।

ਇਸ ਕਰਕੇ ਫ਼ੈਸਲਾ ਅਸੀਂ ਆਪ ਕਰਨਾ ਹੈ। ਜੈਸੀ-ਜੈਸੀ ਸਾਡੀ ਇੱਛਾ ਹੈ, ਵੈਸਾ-ਵੈਸਾ ਅਸੀਂ ਯਤਨ ਕਰਨਾ ਹੈ। ਅਰਥਾਤ ਜੈਸੀ ਫ਼ਸਲ ਅਸੀਂ ਚਾਹੁੰਦੇ ਹਾਂ ਵੈਸਾ ਹੀ ਬੀਜ ਬੀਜਣਾ ਪੈਂਦਾ ਹੈ। ਵੈਸੀ ਹੀ ਦੇਖ-ਭਾਲ ਅਤੇ ਸਾਂਭ-ਸੰਭਾਲ ਕਰਨੀ ਪੈਂਦੀ ਹੈ। ਅਗਰ ਅਸੀਂ ਵਕਤ ਸਿਰ ਸਾਰੇ ਮਿੱਥੇ ਕੰਮ ਨਾ ਕਰੀਏ ਤਾਂ ਕੁਝ ਵੀ ਪ੍ਰਾਪਤ ਨਹੀਂ ਹੁੰਦਾ। ਸਾਡੀ ਕੀਤੀ ਮਿਹਨਤ ਅਜਾਈਂ ਚਲੀ ਜਾਂਦੀ ਹੈ। ਸੋ ਸਾਡੀਆਂ ਬਣਾਈਆਂ ਯੋਜਨਾਵਾਂ ਸਹੀ ਹੋਣੀਆਂ ਚਾਹੀਦੀਆਂ ਹਨ। ਸਾਡੀ ਮਿਹਨਤ ਸਹੀ ਦਿਸ਼ਾ ਵੱਲ ਹੋਣੀ ਚਾਹੀਦੀ ਹੈ। ਅਸੀਂ ਪੂਰੀ ਲਗਨ ਨਾਲ ਕੰਮ ਕਰਨਾ ਹੁੰਦਾ ਹੈ। ਅਸੀਂ ਵਕਤ ਨਿਸ਼ਚਿਤ ਕਰਨਾ ਹੁੰਦਾ ਹੈ ਤਾਂ ਕਿਧਰੇ ਜਾ ਕੇ ਕਾਰਜ ਸਿਰੇ ਲੱਗਦਾ ਹੈ ਅਤੇ ਸਾਨੂੰ ਫਲ ਪ੍ਰਾਪਤ ਹੁੰਦਾ ਹੈ।

## ਕ੍ਰੋਧ ਨਾ ਕਰੋ

ਕਰੋਧ ਸਾਡੀ ਸ਼ਕਤੀ ਅਜਾਈਂ ਕਰ ਦਿੰਦਾ ਹੈ। ਅਸੀਂ ਆਪਾ ਭੁੱਲ ਜਾਂਦੇ ਹਾਂ, ਅਸੀਂ ਕਿਸੇ ਦੂਜੇ ਦਾ ਸਤਿਆਨਾਸ਼ ਕਰਨਾ ਪਸੰਦ ਕਰਦੇ ਹਾਂ, ਕਰੋਧ ਕਰਨ ਵਕਤ ਸਾਡੀਆਂ ਸੁਰਤੀਆਂ ਕਾਇਮ ਨਹੀਂ ਰਹਿੰਦੀਆਂ। ਅਸੀਂ ਆਪਣੇ ਆਪ ਵਿੱਚ ਨਹੀਂ ਰਹਿੰਦੇ। ਬਹੁਤਾ ਕਰਕੇ ਕਰੋਧ ਵਕਤ ਅਸੀਂ ਜੋ ਵੀ ਸੋਚਦੇ ਹਾਂ, ਗ਼ਲਤ ਹੁੰਦਾ ਹੈ। ਅਸੀਂ ਜੋ ਕੁਝ ਕਰਦੇ ਹਾਂ, ਉਹ ਵੀ ਗ਼ਲਤ ਹੁੰਦਾ ਹੈ। ਕਰੋਧ ਕਰਕੇ ਕੀਤਾ ਕੰਮ ਕਦੀ ਵੀ ਸਾਡੇ ਲਈ ਕਾਮਯਾਬੀ ਨਹੀਂ ਲਿਆਉਂਦਾ। ਅਸੀਂ ਗ਼ਲਤ ਹੋ ਚੁੱਕੇ ਹੁੰਦੇ ਹਾਂ, ਅਸੀਂ ਸਾਰਾ ਕੁਝ ਗ਼ਲਤ ਕਰਦੇ ਹਾਂ

ਅਤੇ ਨਤੀਜਾ ਵੀ ਗ਼ਲਤ ਨਿਕਲਦਾ ਹੈ। ਕਰੋਧ ਕਰਨਾ ਸਾਡੀ ਕਮਜ਼ੋਰੀ ਹੈ। ਅਸੀਂ ਅਗਰ ਬਰਦਾਸ਼ਤ ਕਰਨ ਦਾ ਅਭਿਆਸ ਕਰਦੇ ਰਹੀਏ ਤਾਂ ਕਰੋਧ ਉੱਤੇ ਕਾਬੂ ਪਾਇਆ ਜਾ ਸਕਦਾ ਹੈ। ਅਸੀਂ ਕਰੋਧ ਕਰਨ ਦੇ ਮੌਕੇ ਘਟਾ ਸਕਦੇ ਹਾਂ।

ਕੋਈ ਆਖੇ ਕਿ ਕਰੋਧ ਕਰਨਾ, ਪੂਰੀ ਤਰ੍ਹਾਂ ਤਿਆਗਿਆ ਜਾ ਸਕਦਾ ਹੈ ਤਾਂ ਐਸਾ ਸੋਚਣਾ ਗ਼ਲਤ ਹੈ ਪਰ ਫਿਰ ਵੀ ਅਸੀਂ ਆਪਣੇ ਕਰੋਧ ਕਰਨ ਦੀ ਆਦਤ ਉੱਤੇ ਕਾਬੂ ਪਾਉਣ ਦਾ ਅਭਿਆਸ ਕਰਦੇ ਰਹਿਣਾ ਹੈ। ਆਦਮੀ ਆਪਣੀਆਂ ਬਹੁਤ ਸਾਰੀਆਂ ਆਦਤਾਂ ਉੱਤੇ ਕਾਬੂ ਪਾਉਂਦਾ ਹੈ। ਆਪਣੇ ਆਪ ਦਾ ਸੁਧਾਰ ਵੀ ਕਰਦਾ ਹੈ। ਇਸੇ ਤਰ੍ਹਾਂ ਅਗਰ, ਅਸੀਂ ਆਪਣੀ ਕਰੋਧ ਕਰਨ ਦੀ ਆਦਤ ਉੱਤੇ ਵੀ ਕਾਬੂ ਪਾਉਣ ਦਾ ਸਿਲਸਿਲਾ ਜਾਰੀ ਰੱਖਦੇ ਹਾਂ ਤਾਂ ਕੁਝ ਹੱਦ ਤੱਕ ਅਸੀਂ ਕਾਮਯਾਬ ਹੋ ਸਕਦੇ ਹਾਂ। ਜਦੋਂ ਕਰੋਧੀ ਆਦਮੀ ਮੂਰਖਾਂ ਵਰਗੀਆਂ ਹਰਕਤਾਂ ਕਰਦਾ ਹੈ ਅਤੇ ਲੋਕੀਂ ਉਸ ਨੂੰ ਮੂਰਖ ਹੀ ਆਖਦੇ ਹਨ ਤਾਂ ਅਸੀਂ ਇਸ ਬਦਨਾਮੀ ਤੋਂ ਬਚਣ ਦਾ ਯਤਨ ਕਿਉਂ ਨਹੀਂ ਕਰਦੇ ? ਸਾਨੂੰ ਯਤਨ ਕਰਨਾ ਚਾਹੀਦਾ ਹੈ। ਜੋ ਆਦਮੀ ਆਪਣੀਆਂ ਬੁਰੀਆਂ ਆਦਤਾਂ ਦਾ ਗਿਆਨ ਰੱਖਦਾ ਹੈ, ਉਸ ਅੰਦਰ ਬਹੁਤ ਸੁਧਾਰ ਆ ਜਾਂਦਾ ਹੈ।

## ਅਸੀਂ ਕਿਤਨੇ ਕੁ ਉੱਤਮ ਹਾਂ

ਆਪਣੇ ਆਪ ਨੂੰ ਉੱਤਮ ਅਤੇ ਵਧੀਆ ਸਮਝਣ ਦਾ ਸਾਡੇ ਪਾਸ ਅਧਿਕਾਰ ਹੈ, ਪਰ ਸਿਰਫ਼ ਆਪਣੇ ਆਪ ਨੂੰ ਵਧੀਆ ਆਖ ਦੇਣ ਨਾਲ ਹੀ ਆਦਮੀ ਵਧੀਆ ਅਤੇ ਉੱਤਮ ਨਹੀਂ ਬਣ ਜਾਂਦਾ। ਉੱਤਮ ਅਤੇ ਵਧੀਆ ਆਦਮੀ ਉਹ ਹੈ ਜਿਸ ਨੂੰ ਲੋਕੀ ਵਧੀਆ ਆਦਮੀ ਆਖਣ ਅਤੇ ਲੋਕਾਂ ਦੀਆਂ ਨਜ਼ਰਾਂ ਵਿੱਚ ਪੂਰਾ ਉਤਰਨ ਲਈ ਬਹੁਤ ਘਾਲਣਾ ਘਾਲਣੀ ਪੈਂਦੀ ਹੈ। ਚਾਰ ਚਮਚੇ ਖੜੇ ਕਰਕੇ ਆਪਣੀ ਸ਼ੋਭਾ ਕਰਾਉਣ ਨਾਲ ਵੀ ਲੋਕਾਂ ਦੇ ਦਿਲਾਂ ਵਿੱਚ ਇੱਜ਼ਤ ਨਹੀਂ ਬਣਦੀ। ਇਹ ਲੋਕੀਂ ਜੋ ਸਾਡੇ ਆਲੇ-ਦੁਆਲੇ ਵਸੇ ਹੋਏ ਹਨ ਇਹ ਬਹੁਤ ਵੱਡੇ ਪਾਰਖੂ ਹਨ। ਇਨ੍ਹਾਂ ਦਾ ਕੱਢਿਆ ਨਤੀਜਾ ਹਮੇਸ਼ਾਂ ਸੱਚਾਈ ਉੱਤੇ ਨਿਰਭਰ ਕਰਦਾ ਹੈ। ਇਹ ਨਤੀਜਾ ਕਦੀ ਗ਼ਲਤ ਨਹੀਂ ਹੁੰਦਾ। ਅਸੀਂ ਜਿਸ ਆਦਮੀ ਬਾਰੇ ਪਤਾ ਕਰਨਾ ਹੁੰਦਾ ਹੈ, ਉਸ ਦੀ ਆਪ ਪਰਖ ਨਹੀਂ ਕਰਦੇ, ਬਲਕਿ ਉਸ ਦੇ ਜਾਣੂ ਲੋਕਾਂ ਪਾਸੋਂ ਪਤਾ ਕਰਦੇ ਹਾਂ। ਜੋ ਕੁਝ ਲੋਕੀਂ ਆਖਦੇ ਹਨ ਉਹ ਸਾਨੂੰ ਆਪਣੀ ਰਾਇ ਬਣਾਉਣੀ ਪੈਂਦੀ ਹੈ ਅਤੇ ਇਹ ਰਾਇ ਸਹੀ ਹੁੰਦੀ ਹੈ। ਸੋ ਬੰਦਾ ਕਿਤਨੀ ਵੀ ਕੋਸ਼ਿਸ਼ ਕਰੇ ਆਪਣੇ ਆਪ ਨੂੰ ਛੁਪਾ ਨਹੀਂ ਸਕਦਾ। ਉਸ ਦਾ ਚਿਹਰਾ ਹੀ ਸਾਰਾ ਕੁਝ ਸੱਚ-ਸੱਚ ਦੱਸ ਦਿੰਦਾ ਹੈ। ਉੱਤਮ ਅਤੇ ਵਧੀਆ ਇਨਸਾਨ ਬਣਿਆ ਜਾ ਸਕਦਾ ਹੈ।

ਅਸੀਂ ਅਗਰ ਐਸਾ ਟੀਚਾ ਮਿਥ ਲੈਂਦੇ ਹਾਂ ਤਾਂ ਸਾਨੂੰ ਉਨ੍ਹਾਂ ਗੱਲਾਂ ਦਾ ਪਤਾ ਵੀ ਲੱਗ ਜਾਵੇਗਾ, ਜੋ ਇਕ ਵਧੀਆ ਆਦਮੀ ਬਣਨ ਲਈ ਜ਼ਰੂਰੀ ਹੁੰਦੀਆਂ ਹਨ। ਇਹ ਜ਼ਿੰਦਗੀ ਯਤਨਾਂ ਨਾਲ ਉੱਤੇ ਵਲ ਮੋੜੀ ਜਾ ਸਕਦੀ ਹੈ, ਬਹੁਤ ਕੁਝ ਤਿਆਗਣਾ ਪੈਂਦਾ ਹੈ। ਬਹੁਤ ਕੁਝ ਅਪਨਾਉਣਾ ਪੈਂਦਾ ਹੈ। ਸਾਡੇ ਸਾਹਮਣੇ ਚੰਗੇ ਕੰਮਾਂ ਦੀ ਸੂਚੀ ਵੀ ਹੈ। ਸਾਡੇ ਸਾਹਮਣੇ ਮੰਦੇ ਕੰਮਾਂ ਦੀ ਸੂਚੀ ਵੀ ਹੈ। ਅਸੀਂ ਮਾੜੇ ਕੰਮਾਂ ਦਾ ਤਿਆਗ ਕਰਨਾ ਹੈ, ਅਸੀਂ ਚੰਗੇ ਗੁਣਾਂ ਨੂੰ ਅਪਨਾਉਣਾ ਹੈ। ਬਸ ਹੌਲੀ-ਹੌਲੀ ਅਸੀਂ ਉੱਤਮ ਇਨਸਾਨ ਬਣਦੇ ਜਾਵਾਂਗੇ ਅਤੇ ਇਕ ਦਿਨ ਵਧੀਆ ਆਦਮੀਆਂ ਦੀ ਸੂਚੀ ਵਿੱਚ ਸਾਡਾ ਨਾਮ ਦਰਜ ਹੋ ਜਾਵੇਗਾ।

## ਆਖ਼ਰ ਕਰਮਾਂ ਮੁਤਾਬਿਕ ਨਿਬੇੜਾ ਹੋਣਾ ਹੈ

ਅਸੀਂ ਕਿਸ ਕੰਮ ਧੰਦੇ ਵਿੱਚ ਲੱਗੇ ਹੋਏ ਹਾਂ ਇਸ ਨਾਲ ਨਾ ਤਾਂ ਕੋਈ ਆਦਮੀ ਉੱਚਾ ਹੋ ਜਾਂਦਾ ਹੈ ਅਤੇ ਨਾ ਹੀ ਕੋਈ ਆਦਮੀ ਨੀਚਾ ਹੋ ਜਾਂਦਾ ਹੈ। ਅਸੀਂ ਉਸ ਕੰਮ ਨੂੰ ਕਿਵੇਂ ਨਿਭਾਉਂਦੇ ਹਾਂ ਅਤੇ ਅਸੀਂ ਉਨ੍ਹਾਂ ਲੋਕਾਂ ਨਾਲ ਕੈਸਾ ਵਿਵਹਾਰ ਕਰਦੇ ਹਾਂ ਜੋ ਸਾਡੇ ਤੱਕ ਆਉਂਦੇ ਹਨ, ਅਰਥਾਤ ਜਿਨ੍ਹਾਂ ਦਾ ਸਾਡੇ ਨਾਲ ਵਾਹ ਪੈਂਦਾ ਹੈ, ਉਸ ਮੁਤਾਬਿਕ ਨਤੀਜਾ ਨਿਕਲਣਾ ਹੈ। ਸਿਰਫ਼ ਅਮੀਰ ਘਰ ਵਿੱਚ ਪੈਦਾ ਹੋ ਜਾਣਾ, ਸਿਰਫ਼ ਕਿਸੇ ਅਖੌਤੀ ਜਾਤੀ ਦੇ ਘਰ ਜਨਮ ਲੈ ਲੈਣ ਨਾਲ ਨਾ ਤਾਂ ਕੋਈ ਵੱਡਾ ਹੁੰਦਾ ਹੈ ਅਤੇ ਨਾ ਹੀ ਛੋਟਾ ਰਹਿ ਜਾਂਦਾ ਹੈ। ਇਸ ਸੰਸਾਰ ਵਿੱਚ ਜੋ ਵੀ ਫ਼ੈਸਲੇ ਹੋਣੇ ਹਨ, ਉਹ ਸਾਰੇ ਹੀ ਸਾਡੀ ਕਰਨੀ ਉੱਤੇ ਨਿਰਭਰ ਹਨ। ਦੁਨੀਆਂ ਦੇ ਮਹਾਨ ਇਨਸਾਨ ਜ਼ਰੂਰੀ ਨਹੀਂ ਕਿ ਉਹ ਅਮੀਰ ਘਰਾਣਿਆਂ ਵਿੱਚ ਪੈਦਾ ਹੋਏ ਹਨ। ਇਹ ਵੀ ਜ਼ਰੂਰੀ ਨਹੀਂ ਕਿ ਉਹ ਕਿਸੇ ਅਖੌਤੀ ਉੱਚੀ ਜਾਤ ਵਿੱਚ ਜਨਮ ਲੈ ਕੇ ਆਏ ਸਨ, ਬਲਕਿ ਅੱਜ ਅਗਰ ਅਸੀਂ ਉਨ੍ਹਾਂ ਨੂੰ ਯਾਦ ਕਰਦੇ ਹਾਂ ਤਾਂ ਉਨ੍ਹਾਂ ਦੀਆਂ ਕਰਨੀਆਂ ਦੇ ਆਧਾਰ ਉੱਤੇ ਕਰਦੇ ਹਾਂ। ਸੋ ਸਾਡੇ ਸਾਰਿਆਂ ਲਈ ਲਾਜ਼ਮੀ ਹੈ ਕਿ ਅਸੀਂ ਐਸੀਆਂ ਪਿਰਤਾਂ ਪਾਈਏ ਜੋ ਹਰ ਕਿਸੇ ਨੂੰ ਚੰਗੀਆਂ ਲੱਗਣ ਅਤੇ ਅਸੀਂ ਸ਼ੋਭਾ ਖੱਟ ਸਕੀਏ।

## ਸੱਚੀ ਭਗਤੀ

ਅਸੀਂ ਇਸ ਦੁਨੀਆਂ ਵਿੱਚ ਆ ਕੇ ਅਗਰ ਚੰਗੇ ਕਰਮ ਕਰਦੇ ਹਾਂ ਅਤੇ ਸਭ ਨਾਲ ਵਧੀਆ ਵਿਉਹਾਰ ਕਰਦੇ ਹਾਂ, ਇਹੀ ਸੱਚੀ ਭਗਤੀ ਹੈ। ਐਸਾ ਕਰਨ ਲਈ ਸਾਨੂੰ ਆਪਣੀਆਂ ਖ਼ਾਹਿਸ਼ਾਂ ਉੱਤੇ ਕਾਬੂ ਪਾਉਣਾ ਪੈਂਦਾ ਹੈ। ਦੁਨੀਆਂ ਅੰਦਰ ਕੁਝ ਕੰਮਾਂ ਨੂੰ ਚੰਗਾ ਸਮਝਿਆ ਗਿਆ ਹੈ, ਕੁਝ ਕੰਮ ਹਨ ਜੋ ਮਾੜੇ ਸਮਝੇ ਜਾਂਦੇ ਹਨ। ਆਦਮੀ ਦਾ ਦਿਲ ਮਾੜੇ ਕੰਮ ਕਰਕੇ ਮਜ਼ਾ ਲੈਣ ਨੂੰ ਕਰਦਾ ਰਹਿੰਦਾ ਹੈ। ਇਨ੍ਹਾਂ ਮਾੜੇ ਕੰਮਾਂ ਦੀ ਸੋਚ ਉੱਤੇ ਕਾਬੂ ਪਾਉਣਾ ਮੁਸ਼ਕਿਲ ਹੁੰਦਾ ਹੈ। ਜੋ ਆਦਮੀ ਮਾੜੇ ਕੰਮਾਂ ਉੱਤੇ ਕਾਬੂ ਪਾ ਲੈਂਦਾ ਹੈ, ਉਹ ਵਧੀਆ ਆਦਮੀ ਹੁੰਦਾ ਹੈ ਅਤੇ ਜੋ ਮਾੜੇ ਕੰਮਾਂ ਉੱਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰਦਾ ਹੈ ਉਹ ਬੰਦਾ ਵੱਡੀ ਭਗਤੀ ਕਰ ਰਿਹਾ ਹੈ।

ਅਗਰ ਅਸੀਂ ਮਹਾਨ ਗਰੰਥਾਂ ਦੇ ਪਾਠ ਨੂੰ ਭਗਤੀ ਸਮਝਦੇ ਹਾਂ ਤਾਂ ਇਸ ਦੇ ਅਰਥ ਵੀ ਇਹੀ ਨਿਕਲਦੇ ਹਨ ਕਿ ਅਸੀਂ ਮਹਾਨ ਗਰੰਥਾਂ ਵਿੱਚ ਲਿਖੇ ਵਧੀਆ ਅਸੂਲ ਅਪਨਾਉਣੇ ਹਨ ਅਤੇ ਮਾੜੇ ਅਸੂਲਾਂ ਦਾ ਤਿਆਗ ਕਰਨਾ ਹੈ। ਸਿਰਫ਼ ਪਾਠ ਕਰੀ ਜਾਣਾ ਅਤੇ ਪਾਠ ਵਿੱਚ ਆਏ ਵਿਚਾਰਾਂ ਨੂੰ ਆਪਣੇ ਜੀਵਨ ਦਾ ਹਿੱਸਾ ਨਾ ਬਣਾਉਣਾ ਭਗਤੀ ਨਹੀਂ ਹੈ। ਭਗਤੀ ਦੇ ਸਹੀ ਅਰਥ ਹਨ ਸੁਧਾਰ। ਐਸਾ ਸੋਚ ਕੇ ਅਗਰ ਅਸੀਂ ਤੁਰਦੇ ਹਾਂ ਤਾਂ ਅਸੀਂ ਵੱਡੇ ਭਗਤ ਹਾਂ। ਭਗਤੀ ਦੇ ਸਹੀ ਅਰਥ ਸਮਝਣ ਦੀ ਜ਼ਰੂਰਤ ਹੈ।

## ਰੱਬ ਅਤੇ ਅਸੀਂ ਇੱਕ ਹਾਂ

ਅਸੀਂ ਰੱਬ ਪਾਸੋਂ ਆਏ ਹਾਂ ਅਤੇ ਰੱਬ ਪਾਸ ਹੀ ਜਾਣਾ ਹੈ। ਅਸੀਂ ਸਦਾ ਰੱਬ ਦੇ ਨਾਲ ਰਹਿੰਦੇ ਹਾਂ, ਰੱਬ ਸਾਥੋਂ ਕਦੀ ਦੂਰ ਨਹੀਂ ਹੁੰਦਾ। ਇਸੇ ਕਰਕੇ ਇਹ ਵੀ ਆਖਿਆ ਜਾਂਦਾ ਹੈ ਕਿ ਅਸੀਂ ਰੱਬ ਹਾਂ, ਸਾਥੋਂ ਬਾਹਰ ਰੱਬ ਹੋਰ ਕਿਧਰੇ ਨਹੀਂ ਰਹਿੰਦਾ। ਰੱਬ ਰੂਪੀ ਆਤਮਾ ਜਦੋਂ ਤੱਕ ਸਾਡੇ ਅੰਦਰ ਹੈ ਅਸੀਂ ਜਿਊਂਦੇ ਰਹਿੰਦੇ ਹਾਂ। ਜਦੋਂ ਇਹ ਆਤਮਾ ਇਸ ਸਰੀਰ ਨੂੰ ਛੱਡ

ਜਾਂਦੀ ਹੈ, ਇਹ ਸਰੀਰ ਮਰ ਜਾਂਦਾ ਹੈ। ਇਸ ਦੀਆਂ ਸਾਰੀਆਂ ਸ਼ਕਤੀਆਂ ਖ਼ਤਮ ਹੋ ਜਾਂਦੀਆਂ ਹਨ, ਸਾਰੀਆਂ ਗਤੀਵਿਧੀਆਂ ਖ਼ਤਮ ਹੋ ਜਾਂਦੀਆਂ ਹਨ। ਇਸ ਨੂੰ ਟਿਕਾਣੇ ਲਗਾਉਣਾ ਪੈਂਦਾ ਹੈ, ਘਰ ਦੇ ਜੀਅ ਵੀ ਇਸ ਮ੍ਰਿਤਕ ਦੇਹੀ ਨੂੰ ਘਰ ਨਹੀਂ ਰੱਖ ਸਕਦੇ। ਅਗਰ ਰੱਬ ਅਤੇ ਅਸੀਂ ਇਕ ਹਾਂ ਤਾਂ ਫਿਰ ਸਾਡੇ ਲਈ ਇਹ ਲਾਜ਼ਮੀ ਹੋ ਜਾਂਦਾ ਹੈ ਕਿ ਹਮੇਸ਼ਾਂ ਰੱਬ ਵਰਗੇ ਬਣ ਕੇ ਰਹੀਏ। ਸਾਡੇ ਅੰਦਰ ਸਾਡੀ ਆਤਮਾ ਜਾਂ ਰੱਬ ਹੈ, ਜੋ ਆਗਿਆ ਦਿੰਦੀ ਹੈ, ਉਹ ਅਸੀਂ ਸਵੀਕਾਰ ਕਰਦੇ ਰਹੀਏ, ਇਸੇ ਵਿੱਚ ਸਾਡੀ ਭਲਾਈ ਹੈ ਅਤੇ ਰੱਬ ਦੀ ਰਜ਼ਾ ਵਿੱਚ ਰਹਿਣ ਵਾਲਾ ਆਦਮੀ ਹੀ ਰੱਬ ਵਰਗਾ ਹੋ ਸਕਦਾ ਹੈ। ਵਰਨਾ ਸਾਡੇ ਅੰਦਰ ਸ਼ੈਤਾਨ ਵੀ ਹੈ ਜੋ ਹਰ ਵਕਤ ਉਡੀਕਦਾ ਰਹਿੰਦਾ ਹੈ, ਅਸੀਂ ਕਦੋਂ ਰੱਬ ਨੂੰ ਭੁੱਲੀਏ ਅਤੇ ਉਹ ਸਾਡੇ ਉੱਤੇ ਕਬਜ਼ਾ ਕਰਕੇ ਸਾਥੋਂ ਐਸੇ ਕੰਮ ਕਰਵਾਏ ਜੋ ਸਾਨੂੰ ਰੱਬ ਤੋਂ ਦੂਰ ਲੈ ਜਾਣ। ਸ਼ੈਤਾਨ ਦਾ ਇਹੀ ਇਕ ਮੰਤਵ ਹੁੰਦਾ ਹੈ। ਉਹ ਸਦਾ ਐਸੇ ਮੌਕਿਆਂ ਦੀ ਉਡੀਕ ਵਿੱਚ ਰਹਿੰਦਾ ਹੈ। ਇਹ ਹੁਣ ਅਸੀਂ ਦੇਖਣਾ ਹੈ ਕਿ ਅਸੀਂ ਰੱਬ ਦੇ ਬਣ ਕੇ ਰਹਿਣਾ ਹੈ ਜਾਂ ਸ਼ੈਤਾਨ ਵਸ ਚੜ੍ਹਨਾ ਹੈ।

## ਆਪਣਾ ਫ਼ਰਜ਼ ਪਛਾਣੋ

ਅਸੀਂ ਇਨਸਾਨ ਹਾਂ, ਸਾਡੇ ਬਹੁਤ ਸਾਰੇ ਫ਼ਰਜ਼ ਹਨ ਜੋ ਸਾਡੇ ਜੀਵਨ ਦਾ ਹਿੱਸਾ ਬਣ ਗਏ ਹਨ। ਕਾਫ਼ੀ ਸਾਰੇ ਫ਼ਰਜ਼ਾਂ ਦੀ ਸਾਨੂੰ ਪਛਾਣ ਵੀ ਹੈ। ਕੁਝ ਫ਼ਰਜ਼ਾਂ ਦੀ ਪਛਾਣ ਹੈ, ਪਰ ਅਸੀਂ ਉਨ੍ਹਾਂ ਤੋਂ ਕੰਨੀਂ ਕਤਰਾਉਂਦੇ ਰਹਿੰਦੇ ਹਾਂ। ਹੌਲੀ-ਹੌਲੀ ਅਸੀਂ ਫ਼ਰਜ਼ਾਂ ਦੀ ਗਿਣਤੀ ਘਟਾਉਂਦੇ ਜਾਂਦੇ ਹਾਂ। ਅਸੀਂ ਆਖ ਦਿੰਦੇ ਹਾਂ, ਬਥੇਰਾ ਚਿਰ ਮੈਂ ਫ਼ਰਜ਼ ਨਿਭਾ ਲਏ ਹਨ, ਮੈਨੂੰ ਮਿਲਿਆ ਕੀ ਹੈ, ਜਦੋਂ ਬੰਦੇ ਦੇ ਮਨ ਅੰਦਰ ਇਹ ਵਿਚਾਰ ਆ ਜਾਵੇ ਕਿ ਆਖ਼ਰ ਉਸ ਨੂੰ ਮਿਲਿਆ ਕੀ ਹੈ ਤਾਂ ਉਹ ਫ਼ਰਜ਼ਾਂ ਨੂੰ ਨਫ਼ਰਤ ਕਰਨ ਲੱਗ ਪੈਂਦਾ ਹੈ। ਅਸੀਂ ਆਪਣਾ ਫ਼ਰਜ਼ ਨਿਭਾਉਣਾ ਹੈ, ਕਿਧਰੇ ਨਾ ਕਿਧਰੇ ਕੋਈ ਘਾਟ ਰਹਿ ਜਾਂਦੀ ਹੈ, ਜਿਸ ਕਾਰਨ ਸਾਨੂੰ ਪੂਰਾ ਲਾਭ ਨਹੀਂ ਮਿਲਦਾ। ਅਸੀਂ ਜਦੋਂ ਨਿਕਲੇ ਨਤੀਜੇ ਅਤੇ ਆਪਣੀ ਕੀਤੀ ਮਿਹਨਤ ਤਰਾਜ਼ੂ ਉੱਤੇ ਤੋਲਣ ਲੱਗ ਪੈਂਦੇ ਹਾਂ ਤਾਂ ਸਾਨੂੰ ਹਮੇਸ਼ਾਂ ਐਸਾ ਮਹਿਸੂਸ ਹੋਣ ਲੱਗ ਪੈਂਦਾ ਹੈ ਕਿ ਰੱਬ ਸਾਡੀ ਕੀਤੀ ਮਿਹਨਤ ਪ੍ਰਵਾਨ ਨਹੀਂ ਕਰ ਰਿਹਾ। ਅਸੀਂ ਰੱਬ ਨਾਲ ਨਾਰਾਜ਼ ਹੋਣ ਲੱਗ ਪੈਂਦੇ ਹਾਂ। ਸਾਨੂੰ ਆਪਣੀਆਂ ਗ਼ਲਤੀਆਂ ਅਤੇ ਕਮਜ਼ੋਰੀਆਂ ਦਾ ਅਹਿਸਾਸ ਹੀ ਨਹੀਂ ਹੁੰਦਾ, ਇੱਥੇ ਆ ਕੇ ਅਸੀਂ ਗ਼ਲਤੀ ਕਰਦੇ ਹਾਂ। ਅਸੀਂ ਤਾਂ ਬੱਸ ਇਹੀ ਸੋਚਣਾ ਹੈ ਕਿ ਅਸੀਂ ਜੋ ਕੁਝ ਕਰਨ ਜੋਗੇ ਸਾਂ ਕਰ ਦਿੱਤਾ ਹੈ। ਉਸ ਦਾ ਨਤੀਜਾ ਜੈਸਾ ਵੀ ਨਿਕਲਦਾ ਹੈ, ਅਸੀਂ ਸਵੀਕਾਰ ਕਰਨਾ ਹੈ ਅਤੇ ਰੱਬ ਨਾਲ ਰੋਸ ਨਹੀਂ ਕਰਨਾ। ਹੋ ਸਕਦਾ ਹੈ ਅਸੀਂ ਕਿੱਧਰੇ ਗ਼ਲਤੀ ਕਰ ਗਏ ਹੋਈਏ ਤਾਂ ਕਰਕੇ ਅਸੀਂ ਉਹ ਫਲ ਨਹੀਂ ਪ੍ਰਾਪਤ ਕਰ ਪਾਏ ਜਿਸ ਦੀ ਅਸੀਂ ਆਸ ਲਗਾਈ ਬੈਠੇ ਸਾਂ। ਸਾਨੂੰ ਆਪਣੇ ਆਪ ਨੂੰ ਖ਼ੁਸ਼ਕਿਸਮਤ ਸਮਝਣਾ ਚਾਹੀਦਾ ਹੈ ਕਿ ਰੱਬ ਨੇ ਸਾਨੂੰ ਸਾਡੇ ਫ਼ਰਜ਼ਾਂ ਦੀ ਸੋਝੀ ਕਰਵਾ ਦਿੱਤੀ ਹੈ। ਜਿਸ ਆਦਮੀ ਨੂੰ ਆਪਣੇ ਫ਼ਰਜ਼ਾਂ ਦੀ ਸੋਝੀ ਹੋ ਜਾਵੇ, ਉਹ ਕੁਝ ਨਾ ਕੁਝ ਜ਼ਰੂਰ ਕਰ ਦਿਖਾਵੇਗਾ। ਇਸ ਕਰਕੇ ਅਸੀਂ ਰੋਜ਼ਾਨਾ ਕੁਝ ਪਲਾਂ ਲਈ ਬੈਠ ਕੇ ਆਪਣੇ ਬਣਦੇ ਫ਼ਰਜ਼ਾਂ ਦੀ ਸ਼ਨਾਖ਼ਤ ਕਰਨ ਦਾ ਸਿਲਸਿਲਾ ਜਾਰੀ ਕਰਨਾ ਹੈ। ਅਸੀਂ ਹੌਲੀ-ਹੌਲੀ ਆਪਣੇ ਫ਼ਰਜ਼ਾਂ ਦੀ ਸ਼ਨਾਖ਼ਤ ਕਰ ਲਵਾਂਗੇ ਅਤੇ ਫਿਰ ਸਾਨੂੰ ਇਹ ਸ਼ਿਕਾਇਤ ਨਹੀਂ ਰਹੇਗੀ ਕਿ ਕਿਸੇ ਹੋਰ ਦੇ ਸਾਡੇ ਪ੍ਰਤੀ ਫ਼ਰਜ਼ ਸਨ ਅਤੇ ਉਹ ਨਿਭਾ ਨਹੀਂ ਰਿਹਾ।

## ਕੁਝ ਆਖੋ-ਕੁਝ ਸੁਣੋ

ਰੱਬ ਨੇ ਸਾਨੂੰ ਵੀ ਬਹੁਤ ਸਾਰੇ ਵਿਚਾਰ ਦੇ ਰੱਖੇ ਹਨ, ਇਸੇ ਤਰ੍ਹਾਂ ਸਾਡੇ ਆਲੇ-ਦੁਆਲੇ ਜਿਤਨੇ ਲੋਕੀਂ ਹਨ ਉਨ੍ਹਾਂ ਪਾਸ ਵੀ ਬਹੁਤ ਸਾਰੇ ਵਿਚਾਰ ਹਨ। ਮਨੁੱਖ ਹਰ ਰੋਜ਼ ਸਿਆਣਾ ਹੁੰਦਾ ਜਾ ਰਿਹਾ ਹੈ, ਪੱਥਰ ਯੁੱਗ ਤੋਂ ਚੱਲ ਕੇ ਅੱਜ ਆਸਮਾਨਾਂ ਨਾਲ ਗੱਲਾਂ ਕਰਦਾ ਫਿਰਦਾ ਹੈ। ਇਹ ਸਾਰਾ ਕੁਝ ਤਾਂ ਹੀ ਸੰਭਵ ਹੋ ਸਕਿਆ ਹੈ ਕਿ ਇਹ ਮਨੁੱਖ ਆਪਣੇ ਵਿਚਾਰ ਪ੍ਰਗਟ ਕਰਦਾ ਰਿਹਾ ਹੈ ਅਤੇ ਦੂਜੇ ਦੇ ਸੁਣਦਾ ਰਿਹਾ ਹੈ। ਜੋ ਵਿਚਾਰ ਸਾਂਭਣਯੋਗ ਸਨ, ਉਹ ਸੰਭਾਲਦਾ ਰਿਹਾ ਹੈ। ਜੋ ਵਿਚਾਰ ਭੁੱਲਣਯੋਗ ਸਨ ਭੁੱਲਦਾ ਰਿਹਾ ਹੈ। ਵਿਚਾਰ ਸੰਭਾਲਣ ਲਈ ਕਦੀ ਯਾਦ ਸ਼ਕਤੀ ਤੋਂ ਕੰਮ ਲਿਆ ਜਾਂਦਾ ਰਿਹਾ ਹੈ, ਫਿਰ ਲਿਖਤਾਂ ਦਾ ਸਿਲਸਿਲਾ ਸ਼ੁਰੂ ਹੋਇਆ। ਕਿਤਨਾ ਕੁਝ ਹੀ ਲਿਖਿਆ ਜਾ ਚੁੱਕਾ ਹੈ। ਅਸੀਂ ਕਈ ਗਰੰਥਾਂ ਨੂੰ ਰੱਬ ਨਾਲ ਬਰਾਬਰੀ ਦੇ ਚੁੱਕੇ ਹਾਂ। ਹੁਣ ਵਿਚਾਰ ਸੰਭਾਲਣ ਦੇ ਹੋਰ ਕਈ ਢੰਗ-ਤਰੀਕੇ ਨਿਕਲ ਆਏ ਹਨ। ਇਹ ਮਨੁੱਖ ਵਿਚਾਰ ਪੇਸ਼ ਕਰਦਾ ਰਿਹਾ ਹੈ। ਇਹ ਮਨੁੱਖ ਵਿਚਾਰ ਸੁਣਦਾ ਰਿਹਾ ਹੈ। ਰੱਬ ਨੇ ਮਨੁੱਖ ਦੀ ਇਹ ਆਦਤ ਹੀ ਬਣਾ ਦਿੱਤੀ ਹੈ। ਅੱਜ ਦਾ ਮਨੁੱਖ ਸੰਘ ਪਾੜ-ਪਾੜ ਕੇ ਆਪਣੇ ਵਿਚਾਰ ਪ੍ਰਗਟ ਕਰਨ ਦੀ ਕੋਸ਼ਿਸ ਕਰਦਾ ਹੈ। ਕਦੀ-ਕਦੀ ਸੁਣਨ ਵਾਲੇ ਸਾਫ਼ ਸ਼ਬਦਾਂ ਵਿੱਚ ਆਖ ਦਿੰਦੇ ਹਨ, ਇਹ ਵਿਚਾਰ, ਵਿਚਾਰ ਨਹੀਂ ਹਨ, ਘਿਸੇ-ਪਿਟੇ ਵਿਚਾਰ ਹਨ। ਅੱਜ ਦਾ ਬੰਦਾ ਨਵੀਨ-ਵਿਚਾਰਾਂ ਦੀ ਕਦਰ ਕਰਦਾ ਹੈ। ਅਸੀਂ ਅਗਰ ਆਪਣੇ ਅੰਦਰ ਝਾਤੀ ਮਾਰਦੇ ਰਹੀਏ ਤਾਂ ਅਸੀਂ ਦੇਖਾਂਗੇ ਕਿ ਰੱਬ ਸਾਡੇ ਰਾਹੀਂ ਲੋਕਾਂ ਦਾ ਕੋਈ ਸੰਦੇਸ਼ ਪਹੁੰਚਾਉਣਾ ਚਾਹੁੰਦਾ ਹੈ। ਅਸੀਂ ਘਿਸੇ-ਪਿਟੇ ਵਿਚਾਰਾਂ ਤੋਂ ਅੱਗੇ ਲੰਘਣਾ ਹੈ। ਅਸੀਂ ਕਦੀ ਨਹੀਂ ਸੋਚਣਾ ਕਿ ਵਿਚਾਰਾਂ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਚੁੱਕੀਆਂ ਹਨ, ਵਿਚਾਰ ਕਦੀ ਅੰਤਿਮ ਨਹੀਂ ਹੁੰਦਾ, ਹਾਲਾਂ ਤੱਕ ਦੁਨੀਆਂ ਵਿੱਚ ਐਸਾ ਬੰਦਾ ਨਹੀਂ ਆਇਆ ਜੋ ਅੰਤਿਮ ਸ਼ਬਦ ਆਖ ਗਿਆ ਹੈ। ਹਾਲਾਂ ਤਾਂ ਅਸੀਂ ਅੱਧਵਾਟੇ ਵੀ ਨਹੀਂ ਪੁੱਜੇ ਹਾਂ, ਮਨੁੱਖੀ ਵਿਚਾਰਾਂ ਵਿਚ ਨਵੀਨਤਾ ਜਾਰੀ ਹੈ। ਅਸੀਂ ਵੀ ਇਸ ਨਵੀਨਤਾ ਦੇ ਪਾਤਰ ਬਣਨਾ ਹੈ। ਅਸੀਂ ਇਸ ਵਿਸ਼ਵਾਸ ਨਾਲ ਅਗਾਂਹ ਤੁਰਨਾ ਹੈ ਕਿ ਮਨੁੱਖ ਨੇ ਹਾਲਾਂ ਬਹੁਤ ਕੁਝ ਆਖਣਾ ਹੈ ਅਤੇ ਹਾਲਾਂ ਬਹੁਤ ਕੁਝ ਸੁਣਨਾ ਬਾਕੀ ਹੈ।

## ਅਸੀਂ ਕਿਸੇ ਧਰਮ ਨਾਲ ਸੰਬੰਧ ਨਹੀਂ ਰੱਖਦੇ

ਇਹ ਮਜ਼ਬਾਂ ਦੀ ਰਚਨਾ ਮਨੁੱਖ ਨੇ ਆਪ ਕੀਤੀ ਹੈ। ਧਰਮਾਂ ਦੀ ਬੁਨਿਆਦ ਰੱਖਣ ਵਕਤ ਪ੍ਰਸਥਿਤੀਆਂ ਕੁਝ ਹੋਰ ਸਨ, ਸਮਾਂ ਬਦਲਦਾ ਰਿਹਾ ਹੈ। ਅਸੀਂ ਮਨੁੱਖਾਂ ਨੇ ਮੁੱਢਲੇ ਵਿਚਾਰਾਂ ਦੀ ਆਪਣੇ ਢੰਗ ਨਾਲ ਵਿਆਖਿਆ ਕਰਨ ਦਾ ਸਿਲਸਿਲਾ ਜਾਰੀ ਕੀਤਾ ਹੈ। ਅਸੀਂ ਸਿਧਾਂਤਾਂ ਨੂੰ ਛੱਡਦੇ ਰਹੇ ਹਾਂ। ਅਸੀਂ ਵੰਡੀਆਂ ਪਾਉਂਦੇ ਰਹੇ ਹਾਂ। ਸਾਰੇ ਧਰਮਾਂ ਦੇ ਮੁੱਢਲੇ ਸਿਧਾਂਤ ਇਕ ਹੀ ਤਰ੍ਹਾਂ ਦੇ ਸਨ ਪਰ ਅਸੀਂ ਵੰਡੀਆਂ ਪੱਕੀਆਂ ਕਰਨ ਬਹਾਨੇ ਫ਼ਰਕ ਪਾਉਣ ਦੀ ਕੋਸ਼ਿਸ਼ ਕਰਦੇ-ਕਰਦੇ ਅੱਜ ਇਕ ਨਵੇਂ ਮੋੜ ਉੱਤੇ ਆ ਖਲੋਤੇ ਹਾਂ। ਅੱਜ ਧਰਮਾਂ ਦੇ ਸਿਧਾਂਤਾਂ ਦੀ ਗੱਲ ਘੱਟ ਕੀਤੀ ਜਾਂਦੀ ਹੈ। ਅਸੀਂ ਵੱਖ-ਵੱਖ ਢੰਗ ਦੀਆਂ ਸ਼ਕਲਾਂ ਬਣਾ ਲਈਆਂ ਹਨ। ਅਸੀਂ ਵੱਖ-ਵੱਖ ਢੰਗ ਨਾਲ ਆਪੋ ਵਿੱਚ ਮਿਲਦੇ ਹਾਂ। ਸਾਡੀਆਂ ਰਿਸ਼ਤੇਦਾਰੀਆਂ ਅਤੇ ਬਿਰਾਦਰੀਆਂ ਵੱਖ-ਵੱਖ ਹੋ ਚੁੱਕੀਆਂ ਹਨ। ਅਸੀਂ ਵੱਖ-ਵੱਖ ਦੇਸ਼ ਵੀ ਕ਼ਾਇਮ ਕੀਤੇ ਹਨ, ਸਾਡੇ ਪੂਜਾ ਅਸਥਾਨ ਵੱਖਰੇ ਹਨ, ਪੂਜਾ ਕਰਨ ਦੇ ਢੰਗ

ਤਰੀਕੇ ਵੱਖਰੇ ਹਨ, ਸਾਡੇ ਧਾਰਮਿਕ ਗ੍ਰੰਥ ਵੱਖਰੇ ਹਨ। ਅਸੀਂ ਧਰਮਾਂ ਦੇ ਨਾਮ ਉੱਤੇ ਸਿਰਫ਼ ਲੜਦੇ ਹੀ ਨਹੀਂ ਹਾਂ ਬਲਕਿ ਮਰਨ ਮਾਰਨ ਤੱਕ ਜਾ ਪੁੱਜਦੇ ਹਾਂ। ਅੱਜ ਅਸੀਂ ਧਰਮ ਦੀ ਰੂਪ-ਰੇਖਾ ਹੀ ਵਿਗਾੜ ਕੇ ਬੈਠ ਚੁੱਕੇ ਹਾਂ, ਇਸ ਲਈ ਕਿਸੇ ਨੂੰ ਪਤਾ ਨਹੀਂ ਰਿਹਾ ਕਿ ਉਸ ਦੇ ਧਰਮ ਨੇ ਉਸ ਨੂੰ ਪਹਿਲਾਂ ਅਤੇ ਅੰਤਿਮ ਸੰਦੇਸ਼ ਕੀ ਦਿੱਤਾ ਸੀ ?

## ਖ਼ਾਹਿਸ਼ਾਂ ਪੂਰੀਆਂ ਕਰਨ ਲਈ ਕਰਮ ਕਰਨਾ ਹੈ

ਸਾਡੇ ਅੰਦਰ ਜੋ ਖ਼ਾਹਿਸ਼ਾਂ ਪੈਦਾ ਹੁੰਦੀਆਂ ਹਨ, ਉਨ੍ਹਾਂ ਨੂੰ ਰੱਬ ਦਾ ਦਿੱਤਾ ਸੰਦੇਸ਼ ਸਮਝਣਾ ਚਾਹੀਦਾ ਹੈ। ਅਸੀਂ ਉਨ੍ਹਾਂ ਖ਼ਾਹਿਸ਼ਾਂ ਦੀ ਛਾਣ-ਬੀਣ ਕਰਨੀ ਹੈ। ਬਹੁਤ ਸਾਰੀਆਂ ਖ਼ਾਹਿਸ਼ਾਂ ਐਸੀਆਂ ਨਿਕਲ ਆਉਣਗੀਆਂ ਜੋ ਸਾਡੇ ਕਰਮ ਖੇਤਰ ਦੀਆਂ ਹਨ, ਅਸੀਂ ਇਨ੍ਹਾਂ ਖ਼ਾਹਿਸ਼ਾਂ ਦੀ ਪੂਰਤੀ ਲਈ ਯਤਨ ਕਰ ਸਕਦੇ ਹਾਂ। ਇਹ ਕਦੀ ਨਹੀਂ ਸੋਚਣਾ ਚਾਹੀਦਾ ਕਿ ਇਹ ਸਾਰੀਆਂ ਖ਼ਾਹਿਸ਼ਾਂ ਮੇਰੀ ਪਹੁੰਚ ਤੋਂ ਬਾਹਰ ਦੀਆਂ ਹਨ। ਸ਼ੇਖ਼ਚਿਲੀ ਵਾਂਗ ਸੋਚਣਾ ਹੋਰ ਗੱਲ ਹੈ ਪਰ ਜਦੋਂ ਖ਼ਾਹਿਸ਼ਾਂ ਸਾਡੇ ਦਿਲੋਂ ਉੱਠਦੀਆਂ ਹਨ ਤਾਂ ਉਹ ਰੱਬ ਵਲੋਂ ਭੇਜੇ ਸੰਦੇਸ਼ ਹੁੰਦੇ ਹਨ, ਦੁਨੀਆਂ ਦੇ ਮਹਾਨ ਇਨਸਾਨਾਂ ਨੇ ਆਪਣੀਆਂ ਖ਼ਾਹਿਸ਼ਾਂ ਨੂੰ ਨਜ਼ਰ-ਅੰਦਾਜ਼ ਨਹੀਂ ਸੀ ਕੀਤਾ। ਅਣਗੌਲਿਆ ਨਹੀਂ ਸੀ, ਬਲਕਿ ਕਿੱਧਰਿਓਂ ਨਾ ਕਿੱਧਰਿਓਂ ਤੰਦ ਪਕੜ ਕੇ ਅੱਗੇ ਤੁਰਨ ਦਾ ਸਿਲਸਿਲਾ ਜਾਰੀ ਕੀਤਾ ਸੀ ਅਤੇ ਉਨ੍ਹਾਂ ਲੋਕਾਂ ਨੇ ਆਪਣੇ ਹੀ ਜੀਵਨ ਕਾਲ ਵਿੱਚ ਐਸੀਆਂ ਪ੍ਰਾਪਤੀਆਂ ਕਰ ਦਿਖਾਈਆਂ ਜੋ ਉਨ੍ਹਾਂ ਅੰਦਰ ਪਹਿਲੀ ਵਾਰੀ ਜਨਮੀ ਖ਼ਾਹਿਸ਼ ਤੋਂ ਕਿੱਧਰੇ ਜ਼ਿਆਦਾ ਸਨ। ਉਹ ਆਪ ਵੀ ਧਨ-ਧਨ ਹੋ ਉੱਠੇ ਸਨ ਅਤੇ ਅਸੀਂ ਬਾਕੀ ਦੀ ਲੋਕਾਈ ਵੀ ਉਨ੍ਹਾਂ ਵੱਲੋਂ ਲੱਭੀਆਂ ਨਿਆਮਤਾਂ ਦਾ ਆਨੰਦ ਮਾਣ ਰਹੇ ਹਾਂ। ਸਾਡੇ ਅੰਦਰੋਂ ਉੱਠੀਆਂ ਖ਼ਾਹਿਸ਼ਾਂ ਨੂੰ ਅਗਰ ਸਹੀ ਤਰਤੀਬ ਦੇ ਕੇ ਅੱਗੇ ਤੁਰਿਆ ਜਾਵੇ ਤਾਂ ਅਸੀਂ ਸਿਰਫ਼ ਆਪਣੀਆਂ ਖ਼ਾਹਿਸ਼ਾਂ ਪੂਰੀਆਂ ਨਹੀਂ ਕਰ ਰਹੇ ਹੁੰਦੇ ਬਲਕਿ ਸਾਰਿਆਂ ਦਾ ਕਲਿਆਣ ਕਰ ਦਿੰਦੇ ਹਾਂ। ਜਿਸ ਦਿਨ ਮਨੁੱਖ ਅੰਦਰ ਖ਼ਾਹਿਸ਼ਾਂ ਪੈਦਾ ਹੋਣ ਦਾ ਸਿਲਸਿਲਾ ਬੰਦ ਹੋ ਜਾਵੇ ਉਹ ਫਿਰ ਬੰਦੇ ਦਾ ਪੁੱਤਰ ਨਹੀਂ ਰਹਿੰਦਾ, ਹੋਰ ਭਾਵੇਂ ਕੁਝ ਦਾ ਕੁਝ ਬਣਦਾ ਫਿਰੇ।

## ਫ਼ੈਸਲਾ ਸਾਡੇ ਕਰਮਾਂ ਉੱਤੇ ਨਿਰਭਰ ਕਰਦਾ ਹੈ

ਮੁਲਕਾਂ ਦੀਆਂ ਅਦਾਲਤਾਂ ਵਿੱਚ ਅਸੀਂ ਝੂਠੀਆਂ ਗੰਵਾਹੀਆਂ ਪੇਸ਼ ਕਰਕੇ ਅਤੇ ਵਧੀਆ ਢੰਗ ਨਾਲ ਬਹਿਸਾਂ ਕਰਕੇ ਫ਼ੈਸਲਾ ਆਪਣੇ ਹੱਕ ਵਿੱਚ ਕਰਵਾ ਸਕਦੇ ਹਾਂ। ਰੱਬ ਦੀ ਅਦਾਲਤ ਵਿੱਚ ਨਾ ਤਾਂ ਗਵਾਹੀਆਂ ਪੇਸ਼ ਕੀਤੀਆਂ ਜਾਂਦੀਆਂ ਹਨ ਅਤੇ ਨਾ ਹੀ ਉੱਥੇ ਕੋਈ ਬਹਿਸਾਂ ਕਰਨ ਦਾ ਮੌਕਾ ਹੀ ਮਿਲਦਾ ਹੈ। ਉੱਥੇ ਤਾਂ ਦੂਤ ਉਹੀ ਕੁਝ ਪੜ੍ਹ ਕੇ ਸੁਣਾਉਂਦੇ ਹਨ ਜੋ ਦੂਤਾਂ ਨੇ ਨਾਲ ਦੀ ਨਾਲ ਅਤੇ ਸੱਚੋ-ਸੱਚ ਲਿਖਿਆ ਹੁੰਦਾ ਹੈ। ਸਾਡੇ ਗੁਰੂ ਪੀਰ ਵੀ ਸਾਡੀਆਂ ਕਰਤੂਤਾਂ ਦਾ ਚਿੱਠਾ ਸੁਣ ਕੇ ਸ਼ਰਮਸਾਰ ਹੋਏ ਖਲੋਤੇ ਹੁੰਦੇ ਹਨ। ਉਹ ਸਾਡੀ ਤਰਫ਼ਦਾਰੀ ਕਰਨ ਜੋਗੇ ਵੀ ਨਹੀਂ ਹੁੰਦੇ ਅਤੇ ਅਸੀਂ ਆਪਣੀਆਂ ਸੋਚਣੀਆਂ ਅਤੇ ਆਪਣੇ ਕਰਮਾਂ ਮੁਤਾਬਿਕ ਰੱਬ ਦਾ ਫ਼ੈਸਲਾ ਸੁਣਨਾ ਹੁੰਦਾ ਹੈ। ਇਸ ਲਈ ਸਾਡੇ ਲਈ ਲਾਜ਼ਮੀ ਹੈ ਕਿ ਅਸੀਂ ਰੱਬ ਅੱਗੇ ਪੇਸ਼ ਹੋਣ ਅਤੇ ਫ਼ੈਸਲੇ ਦੀਆਂ ਘੜੀਆਂ ਨੂੰ ਯਾਦ ਰੱਖ ਕੇ ਆਪਣੇ ਜੀਵਨ ਨੂੰ ਐਸੇ ਢੰਗ ਦੀ ਸੇਧ ਦੇਣ ਦਾ ਸਿਲਸਿਲਾ ਸ਼ੁਰੂ ਕਰੀਏ ਤਾਂ ਕਿ ਰੱਬ ਦੇ ਦਰਬਾਰ ਵਿੱਚ ਅਸੀਂ ਅਪਰਾਧੀ ਦੇ ਤੌਰ 'ਤੇ ਨਾ ਪੇਸ਼ ਕੀਤੇ ਜਾਈਏ, ਬਲਕਿ ਸਾਨੂੰ ਲਾੜੇ

ਦੀ ਤਰ੍ਹਾਂ ਹਾਰ-ਸ਼ਿੰਗਾਰ ਕੇ ਪੇਸ਼ ਕੀਤਾ ਜਾਵੇ। ਸਾਡੇ ਗੁਰੂਆਂ ਪੀਰਾਂ ਦਾ ਵੀ ਫ਼ਖ਼ਰ ਨਾਲ ਸਿਰ ਉੱਚਾ ਹੋ ਉੱਠੇ ਅਤੇ ਰੱਬ ਬੜੇ ਸਤਿਕਾਰ ਨਾਲ ਸਾਨੂੰ ਆਪਣੇ ਦਰਬਾਰ ਵਿੱਚ ਬੈਠਣ ਦੀ ਆਗਿਆ ਦੇਵੇ। ਐਸਾ ਹੋ ਸਕਦਾ ਹੈ, ਅਸੀਂ ਮਾੜੇ ਕਰਮ ਕਰਕੇ ਵੀ ਜ਼ਿੰਦਗੀ ਹੀ ਬਿਤਾਉਂਦੇ ਹਾਂ। ਚੰਗੇ ਕਰਮ ਕਰਕੇ ਵੀ ਜ਼ਿੰਦਗੀ ਬਿਤਾਈ ਜਾ ਸਕਦੀ ਹੈ। ਇਹ ਆਖ਼ਰੀ ਦਿਨ ਇਮਤਿਹਾਨ ਦੀਆਂ ਘੜੀਆਂ ਹਨ। ਅਸੀਂ ਅਗਰ ਇਮਤਿਹਾਨ ਲਈ ਤਿਆਰੀ ਹੀ ਨਹੀਂ ਕਰਦੇ ਤਾਂ ਇਮਤਿਹਾਨ ਵਿੱਚ ਪਾਸ ਕਿਵੇਂ ਹੋਵਾਂਗੇ। ਇਹ ਗੱਲ ਸਾਨੂੰ ਹਮੇਸ਼ਾਂ ਯਾਦ ਰੱਖਣੀ ਚਾਹੀਦੀ ਹੈ। ਕੱਲ੍ਹ ਤੱਕ ਨਹੀਂ ਛੱਡਣੀ ਚਾਹੀਦੀ, ਹੋ ਸਕਦਾ ਹੈ ਅੱਜ ਦੀਆਂ ਇਹ ਘੜੀਆਂ ਸਾਡਾ ਆਖ਼ਰੀ ਪੜਾਅ ਹੋਣ।

## ਰੱਬ ਦਾ ਹੁਕਮ ਚੱਲਦਾ ਹੈ

ਸਾਰੇ ਧਾਰਮਿਕ ਲੋਕੀਂ ਇਹ ਆਖਦੇ ਹਨ ਕਿ ਅਸੀਂ ਜੋ ਕੁਝ ਵੀ ਕਰਦੇ ਹਾਂ ਰੱਬ ਦੇ ਆਖੇ ਕਰਦੇ ਹਾਂ। ਇਸ ਦਾ ਮਤਲਬ ਇਹ ਵੀ ਨਿਕਲਦਾ ਹੈ ਕਿ ਅਸੀਂ ਮਾੜੇ ਕਰਮ ਵੀ ਰੱਬ ਦੇ ਹੁਕਮ ਅਨੁਸਾਰ ਕਰਦੇ ਹਾਂ। ਅਗਰ ਇਹ ਇਕ ਸੱਚਾਈ ਹੈ ਤਾਂ ਫਿਰ ਸਾਨੂੰ ਚੰਗੇ ਕਰਮ ਕਰਨ ਦੀ ਕੋਸ਼ਿਸ਼ ਹੀ ਨਹੀਂ ਕਰਨੀ ਚਾਹੀਦੀ। ਜੋ ਵੀ ਸਾਡੇ ਤੋਂ ਰੱਬ ਕਰਵਾਈ ਜਾਂਦਾ ਹੈ, ਉਹ ਅਸੀਂ ਕਰੀ ਜਾਈਏ। ਅਗਰ ਇਹ ਗੱਲ ਸੱਚ ਹੁੰਦੀ ਤਾਂ ਫਿਰ ਆਖ਼ਰੀ ਵਕਤ ਰੱਬ ਨੇ ਆਪਣੇ ਹੀ ਕਰਵਾਏ ਕੰਮਾਂ ਦੀ ਪ੍ਰੀਖਿਆ ਕਿਉਂ ਲੈਣੀ ਸੀ? ਰੱਬ ਨੇ ਸਾਨੂੰ ਸੋਝੀ ਦੇ ਰੱਖੀ ਹੈ, ਕਰਮ ਅਸੀਂ ਕਰਦੇ ਹਾਂ, ਨਤੀਜਾ ਰੱਬ ਕੱਢਦਾ ਹੈ। ਰੱਬ ਨਤੀਜਾ ਕਦੀ ਵੀ ਗ਼ਲਤ ਨਹੀਂ ਕੱਢਦਾ। ਇਸ ਕਰਕੇ ਇਹ ਸਾਡੇ ਉੱਤੇ ਨਿਰਭਰ ਕਰਦਾ ਹੈ ਕਿ ਅਸੀਂ ਰੱਬ ਪਾਸੋਂ ਕੈਸੇ ਨਤੀਜੇ ਦੀ ਆਸ ਰੱਖ ਕੇ ਕਰਮ ਕਰ ਰਹੇ ਹਾਂ। ਅਸੀਂ ਕਰਮ ਹੀ ਸਹੀ ਨਹੀਂ ਕਰਦੇ ਅਤੇ ਰੱਬ ਪਾਸੋਂ ਐਸਾ ਫ਼ੈਸਲਾ ਚਾਹੁੰਦੇ ਹਾਂ ਜੋ ਸਾਡੀ ਪਸੰਦ ਦਾ ਹੋਵੇ। ਅਸੀਂ ਕਰਮ ਰੱਬ ਦੀ ਪਸੰਦ ਦਾ ਕਰਨਾ ਹੈ ਅਤੇ ਰੱਬ ਫ਼ੈਸਲਾ ਸਾਡੀ ਪਸੰਦ ਦਾ ਕਰੇਗਾ। ਅਸੀਂ ਐਸੀ ਸੋਚ ਅਪਣਾ ਕੇ ਤੁਰਨਾ ਹੈ। ਇਹ ਕਦੀ ਵੀ ਨਹੀਂ ਸੋਚਣਾ ਚਾਹੀਦਾ ਕਿ ਸਾਥੋਂ ਬੁਰਾਈਆਂ ਵੀ ਰੱਬ ਆਪ ਕਰਵਾਉਂਦਾ ਹੈ। ਰੱਬ ਸਾਡੇ ਮਾਤਾ-ਪਿਤਾ ਸਮਾਨ ਹੈ, ਉਹ ਆਪਣੇ ਬੱਚਿਆਂ ਨੂੰ ਗੁੰਮਰਾਹ ਕਿਉਂ ਕਰੇਗਾ? ਮਾਂ-ਬਾਪ ਹਮੇਸ਼ਾਂ ਬੱਚਿਆਂ ਦਾ ਭਲਾ ਲੋਚਦੇ ਹਨ ਅਤੇ ਉਨ੍ਹਾਂ ਦੀ ਇਹ ਇੱਛਾ ਰਹਿੰਦੀ ਹੈ ਕਿ ਉਨ੍ਹਾਂ ਦੇ ਬੱਚੇ ਮਿਹਨਤੀ ਹੋਣ ਅਤੇ ਹਰ ਮੈਦਾਨ ਫ਼ਤਹਿ ਹਾਸਲ ਕਰਨ। ਅਸੀਂ ਐਸੀ ਸੋਚ ਅਪਣਾ ਕੇ ਜ਼ਿੰਦਗੀ ਦਾ ਇਹ ਸਫ਼ਰ ਤੈਅ ਕਰਨਾ ਹੈ।

## ਲੰਮੀਆਂ ਉਮਰਾਂ

ਲੰਮੀਆਂ ਉਮਰਾਂ ਵਧੀਆ ਜ਼ਿੰਦਗੀ ਦਾ ਰਾਜ਼ ਨਹੀਂ ਹੈ। ਅਸੀਂ ਕਿਸੇ ਖ਼ਾਸ ਮਕਸਦ ਦੀ ਪੂਰਤੀ ਲਈ ਇਸ ਦੁਨੀਆਂ ਵਿੱਚ ਰੱਬ ਨੇ ਭੇਜੇ ਸਾਂ। ਅਸੀਂ ਉਹ ਰਾਜ਼ ਜਾਣ ਸਕੇ ਹਾਂ ਜਾਂ ਨਹੀਂ। ਅਸੀਂ ਉਸ ਉਦੇਸ਼ ਦੀ ਪੂਰਤੀ ਲਈ ਸੰਘਰਸ਼ ਕੀਤਾ ਹੈ ਜਾਂ ਨਹੀਂ ਕੀਤਾ। ਅਸੀਂ ਆਪਣੇ ਟੀਚੇ ਪੂਰੇ ਕਰ ਸਕੇ ਹਾਂ ਜਾਂ ਨਹੀਂ। ਕੀ ਸਾਨੂੰ ਲੋਕੀਂ ਯਾਦ ਕਰਨਗੇ ਜਾਂ ਸਾਡੇ ਮਰਦਿਆਂ ਹੀ ਭੁੱਲ ਜਾਣਗੇ? ਕੀ ਅਸੀਂ ਆਪਣੀਆਂ ਪ੍ਰਾਪਤੀਆਂ ਉੱਤੇ ਆਪ ਹੀ ਮਾਣ ਕਰ ਪਾ ਰਹੇ ਹਾਂ ਜਾਂ ਅਸੀਂ ਆਪਣੇ ਆਪ ਅੱਗੇ ਹੀ ਝੂਠੇ ਹੋ ਖਲੋਤੇ ਹਾਂ? ਐਸੇ ਕੁਝ ਪ੍ਰਸ਼ਨ ਸਾਡੇ ਹਰੇਕ ਦੇ ਸਾਹਮਣੇ ਹੋਣੇ ਚਾਹੀਦੇ ਹਨ ਅਤੇ ਸਾਡੇ ਅੰਦਰੋਂ ਉਨ੍ਹਾਂ ਪ੍ਰਸ਼ਨਾਂ ਦਾ ਹਾਂ-

ਪੱਖੀ ਉੱਤਰ ਆਉਣਾ ਚਾਹੀਦਾ ਹੈ। ਲੋਕੀਂ ਕੀ ਆਖਦੇ ਹਨ, ਇਸ ਤੋਂ ਪਹਿਲਾਂ ਅਸੀਂ ਆਪ ਆਪਣੇ ਉੱਤੇ ਕੀਤੇ ਪ੍ਰਸ਼ਨਾਂ ਦੇ ਉੱਤਰ ਲੱਭਣੇ ਹਨ। ਅਸੀਂ ਐਸਾ ਅਭਿਆਸ ਸ਼ੁਰੂ ਕਰਨਾ ਹੈ। ਜਿਉਂ-ਜਿਉਂ ਸਾਡੀਆਂ ਆਪਣੀਆਂ ਕਮਜ਼ੋਰੀਆਂ ਸਾਡੀ ਨਜ਼ਰੀਂ ਚੜ੍ਹਦੀਆਂ ਜਾਣਗੀਆਂ, ਅਸੀਂ ਸਵੈ-ਸੁਧਾਈ ਕਰਨ ਦਾ ਯਤਨ ਸ਼ੁਰੂ ਕਰ ਦੇਵਾਂਗੇ ਅਤੇ ਜਿਸ ਕਿਸੇ ਨੇ ਵੀ ਆਪਣਾ ਨਿਰੀਖਣ ਆਪ ਕੀਤਾ ਹੈ, ਉਹ ਆਪ ਹੀ ਆਪਣੀ ਸੁਧਾਈ ਵੀ ਕਰ ਲੈਂਦਾ ਹੈ। ਅਸੀਂ ਕਿਸੇ ਤੋਂ ਘੱਟ ਨਹੀਂ ਹਾਂ। ਅਸੀਂ ਵੀ ਆਪਣੀ ਸੁਧਾਈ ਕਰ ਲੈਣੀ ਹੈ।

## ਦੂਜਿਆਂ ਨੂੰ ਦੁੱਖੀ ਕਰਨ ਵਾਲਾ ਆਦਮੀ ਪਲੀਤ ਹੁੰਦਾ ਹੈ

ਜੋ ਆਦਮੀ ਹੋਰ ਲੋਕਾਂ ਲਈ ਦੁਖਦਾਈ ਘੜੀਆਂ ਲਿਆਉਂਦਾ ਹੈ, ਉਹ ਲੋਕੀਂ ਬਦ-ਅਸੀਸਾਂ ਦਿੰਦੇ ਹਨ। ਕਿਸੇ ਦੀਆਂ ਅਸੀਸਾਂ ਸਿਰੇ ਚੜ੍ਹਨ ਜਾਂ ਨਾ ਚੜ੍ਹਨ, ਸਾਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਕਿਸੇ ਦੀਆਂ ਦਿੱਤੀਆਂ ਬਦ-ਅਸੀਸਾਂ ਕਦੀ ਖ਼ਾਲੀ ਨਹੀਂ ਜਾਂਦੀਆਂ। ਬਦ-ਅਸੀਸਾਂ ਦਾ ਖ਼ਮਿਆਜ਼ਾ ਸਾਨੂੰ ਭੁਗਤਣਾ ਹੀ ਪੈਂਦਾ ਹੈ ਅਤੇ ਜਦੋਂ ਅਸੀਂ ਕੋਈ ਐਸੀ ਕਾਰਵਾਈ ਕਰ ਲੈਂਦੇ ਹਾਂ ਜਿਸ ਕਾਰਨ ਅਗਲੇ ਨੂੰ ਦੁੱਖ ਪੁੱਜਦਾ ਹੋਵੇ ਤਾਂ ਬਹੁਤ ਹੀ ਘੱਟ ਲੋਕੀਂ ਹੁੰਦੇ ਹਨ ਜੋ ਬੁਰਾ ਹੋਣ ਉੱਤੇ ਵੀ ਸਾਨੂੰ ਅਸੀਸਾਂ ਦੇਣ। ਜਦੋਂ ਬੰਦਾ ਦੁੱਖੀ ਹੁੰਦਾ ਹੈ ਤਾਂ ਉਹ ਸਭ ਤੋਂ ਪਹਿਲਾਂ ਉਸ ਆਦਮੀ ਦੀ ਪਛਾਣ ਕਰਦਾ ਹੈ ਜਿਸ ਨੇ ਉਸ ਨੂੰ ਦੁੱਖ ਪੁਚਾਇਆ ਹੈ ਅਤੇ ਰੱਬ ਅੱਗੇ ਉਸ ਵਿਰੁੱਧ ਸ਼ਿਕਾਇਤ ਵੀ ਕਰਦਾ ਹੈ ਅਤੇ ਉਸ ਨੂੰ ਸਜ਼ਾ ਦੇਣ ਲਈ ਵੀ ਪ੍ਰਾਰਥਨਾ ਕਰਦਾ ਹੈ।

ਇਸ ਲਈ ਇਹ ਲਾਜ਼ਮੀ ਹੈ ਕਿ ਅਸੀਂ ਹਰ ਵਕਤ ਇਹੀ ਸੋਚਦੇ ਰਹੀਏ ਕਿ ਸਾਡੇ ਕਾਰਨ ਕਿਸੇ ਨੂੰ ਦੁੱਖ ਤਾਂ ਨਹੀਂ ਪੁੱਜ ਰਿਹਾ। ਐਸਾ ਅਭਿਆਸ ਸ਼ੁਰੂ ਕਰਨਾ ਹੀ ਮੁਸ਼ਕਿਲ ਹੁੰਦਾ ਹੈ। ਫਿਰ ਐਸੀਆਂ ਸੋਚਣੀਆਂ ਸਾਡੀ ਆਦਤ ਬਣ ਜਾਂਦੀ ਹੈ ਅਤੇ ਸਾਡੀਆਂ ਕਾਰਵਾਈਆਂ ਕਿਸੇ ਲਈ ਦੁੱਖ ਨਹੀਂ ਲਿਆਉਂਦੀਆਂ। ਕਿਸੇ ਹੋਰ ਨੂੰ ਦੁੱਖੀ ਕਰਨ ਦੀ ਬਜਾਏ ਆਪ ਦੁੱਖ ਸਹਿ ਲੈਣਾ ਚਾਹੀਦਾ ਹੈ। ਅਸੀਂ ਲੋਕਾਂ ਲਈ ਸੁੱਖ ਲਿਆਉਣੇ ਹਨ। ਦੁੱਖਾਂ ਦੀ ਕਿਸੇ ਪਾਸ ਘਾਟ ਨਹੀਂ ਹੈ। ਅਸੀਂ ਕੌਣ ਹੁੰਦੇ ਹਾਂ ਉਸ ਦੇ ਦੁੱਖਾਂ ਦੀ ਗਿਣਤੀ ਵਧਾਉਣ ਵਾਲੇ? ਐਸੀ ਸੋਚ ਅਪਨਾਉਣੀ ਕੋਈ ਮੁਸ਼ਕਲ ਨਹੀਂ ਹੈ। ਉਹ ਤੁਹਾਨੂੰ ਅਸੀਸ ਦੇਵੇਗਾ ਅਤੇ ਅਸੀਸ ਪ੍ਰਾਪਤ ਕਰਕੇ ਜੋ ਅਨੰਦ ਮਿਲਦਾ ਹੈ ਉਹ ਹਜ਼ਾਰ ਨਿਆਮਤਾਂ ਪ੍ਰਾਪਤ ਕਰਕੇ ਵੀ ਨਹੀਂ ਮਿਲਦਾ।

## ਮਨੁੱਖੀ ਕਦਰਾਂ-ਕੀਮਤਾਂ ਦਾ ਗਿਆਨ

ਸਾਰਾ ਗਿਆਨ ਅਧੂਰਾ ਹੈ ਜੇਕਰ ਅਸੀਂ ਮਨੁੱਖੀ ਕਦਰਾਂ ਕੀਮਤਾਂ ਸਮਝ ਨਹੀਂ ਪਾਏ। ਸਾਡੇ ਸਾਰੇ ਧਾਰਮਿਕ ਗ੍ਰੰਥ ਅਤੇ ਹੋਰ ਸਾਰੇ ਸਾਹਿਤ ਸਾਨੂੰ ਮਨੁੱਖੀ ਕਦਰਾਂ-ਕੀਮਤਾਂ ਬਾਰੇ ਜਾਣਕਾਰੀ ਦੇਣ ਦੀ ਕੋਸ਼ਿਸ਼ ਕਰ ਰਹੇ ਹਨ। ਅਸੀਂ ਅਗਰ ਫਿਰ ਵੀ ਮਨੁੱਖੀ ਕਦਰਾਂ-ਕੀਮਤਾਂ ਨਹੀਂ ਅਪਣਾ ਸਕੇ ਤਾਂ ਸਮਝੋ ਅਸੀਂ ਅਗਿਆਨੀ ਹਾਂ। ਮਨੁੱਖ ਇਕ ਸਿਖਿਆਰਥੀ ਹੈ, ਉਸ ਦਾ ਗਿਆਨ ਕਦੀ ਵੀ ਪੂਰਾ ਨਹੀਂ ਹੁੰਦਾ। ਅਸੀਂ ਮਨੁੱਖ ਬਾਰੇ ਸੋਚਣਾ ਹੈ ਕਿ ਇਹ ਲੋਕੀਂ ਪਰਾਏ ਨਹੀਂ ਹਨ। ਇਹ ਸਾਰੇ ਹੀ ਸਾਡੇ ਆਪਣੇ ਹਨ। ਅਸੀਂ ਦੁਨੀਆਂ ਭਰ ਦੇ ਲੋਕੀਂ ਰੱਬ ਦਾ ਪਰਿਵਾਰ ਹਾਂ। ਅਸੀਂ ਸਾਰਿਆਂ ਨੂੰ ਰਲ-ਮਿਲ ਕੇ ਰਹਿਣਾ ਹੈ ਅਤੇ ਇਕ ਦੂਜੇ ਦੀ ਮੱਦਦ ਕਰਨੀ ਹੈ, ਕਿਸੇ ਦਾ ਦਿਲ ਨਹੀਂ ਦੁਖਾਉਣਾ, ਕਿਸੇ ਨਾਲ ਜ਼ਿਆਦਤੀ ਨਹੀਂ

ਕਰਨੀ, ਹਰ ਕਿਸੇ ਦੀਆਂ ਲੋੜਾਂ ਦਾ ਧਿਆਨ ਰੱਖਣਾ ਹੈ। ਅਸੀਂ ਸਾਰੇ ਬਰਾਬਰ ਹਾਂ। ਕਿਸੇ ਨੂੰ ਨੀਚਾ ਨਹੀਂ ਸਮਝਣਾ ਅਤੇ ਇਹ ਵੀ ਨਹੀਂ ਸੋਚਣਾ ਕਿ ਅਸੀਂ ਸਾਰਿਆਂ ਤੋਂ ਵੱਡੇ ਹਾਂ ਅਤੇ ਜ਼ੋਰ-ਜ਼ਬਰ ਨਾਲ ਮਨਮਾਨੀ ਕਰ ਸਕਦੇ ਹਾਂ। ਐਸੀ ਸੋਚ ਗ਼ਲਤ ਹੈ। ਸਾਡੀ ਸੰਗਤ ਵਿੱਚ ਅਗਲਾ ਆਪਣੇ ਆਪ ਨੂੰ ਸੁਰੱਖਿਅਤ ਸਮਝੇ ਤਾਂ ਗੱਲ ਵਧੀਆ ਹੈ। ਅਗਰ ਦੂਜਿਆਂ ਨੂੰ ਸਾਥੋਂ ਡਰ ਲੱਗਦਾ ਹੈ ਤਾਂ ਸਮਝੋ ਅਸੀਂ ਗ਼ਲਤ ਹਾਂ।

ਅਸੀਂ ਲੋਕਾਂ ਦੇ ਪਿਆਰ ਦੇ ਪਾਤਰ ਬਣਨਾ ਹੈ, ਲੋਕਾਂ ਦੀ ਨਫ਼ਰਤ ਦੇ ਪਾਤਰ ਨਹੀਂ ਬਣਨਾ। ਅਸੀਂ ਗ਼ਰੀਬ-ਮਜ਼ਲੂਮ ਅਤੇ ਕਮਜ਼ੋਰ ਲੋਕਾਂ ਲਈ ਮੱਦਦਗਾਰ ਸਾਬਤ ਹੋ ਸਕਦੇ ਹਾਂ। ਅਸੀਂ ਜਬਰ ਕਰਨ ਵਾਲੇ ਨਾਲ ਸਾਂਝ ਨਹੀਂ ਪਾਉਣੀ, ਉਹ ਤਾਂ ਗ਼ਲਤ ਆਦਮੀ ਹੈ। ਉਹ ਆਪਣੀਆਂ ਗ਼ਲਤੀਆਂ ਦਾ ਭੁਗਤਾਨ ਆਪ ਕਰੇਗਾ। ਅਸੀਂ ਉਸ ਨਾਲ ਸ਼ਰੀਕ ਹੋ ਕੇ ਉਸ ਦੀਆਂ ਗ਼ਲਤੀਆਂ ਦਾ ਖ਼ਮਿਆਜ਼ਾ ਭੁਗਤਣ ਲਈ ਸ਼ਰੀਕ ਕਿਉਂ ਹੁੰਦੇ ਹਾਂ? ਅਸੀਂ ਆਪਣੀਆਂ ਮਨੁੱਖੀ ਕਦਰਾਂ-ਕੀਮਤਾਂ ਦੀ ਪਛਾਣ ਕਰਨੀ ਹੈ। ਉਹ ਕਦਰਾਂ-ਕੀਮਤਾਂ ਅਪਨਾਉਣੀਆਂ ਹਨ ਅਤੇ ਦੂਜਿਆਂ ਲਈ ਮਿਸਾਲ ਬਣ ਕੇ ਆਪਣੇ ਆਪ ਨੂੰ ਪੇਸ਼ ਕਰਨਾ ਹੈ। ਅਸੀਂ ਅਗਰ ਐਸਾ ਕਰਨ ਵਿੱਚ ਕਾਮਯਾਬ ਹੋ ਜਾਂਦੇ ਹਾਂ ਤਾਂ ਸਮਝੋ ਸਾਡਾ ਜੀਵਨ ਸਫ਼ਲ ਹੋ ਗਿਆ ਹੈ।

## ਰੱਬ ਨੂੰ ਯਾਦ ਰੱਖਣਾ ਹੀ ਭਗਤੀ ਹੈ

ਕੋਈ ਆਖੇ ਕਿ ਪਾਠ ਪੂਜਾ ਕਰਕੇ ਰੱਬ ਮਿਲਦਾ ਹੈ ਤਾਂ ਇਹ ਗੱਲ ਗ਼ਲਤ ਹੈ। ਕੋਈ ਆਖੇ ਸਮਾਧੀਆਂ ਲਗਾ ਕੇ ਰੱਬ ਮਿਲ ਜਾਂਦਾ ਹੈ ਤਾਂ ਐਸਾ ਆਖਣਾ ਵੀ ਸਹੀ ਨਹੀਂ ਹੈ। ਕੋਈ ਆਖੇ ਕਿ ਤੀਰਥਾਂ ਉੱਤੇ ਜਾ ਕੇ ਇਸ਼ਨਾਨ ਕਰਕੇ ਰੱਬ ਮਿਲਦਾ ਹੈ, ਤਾਂ ਐਸਾ ਆਖਣਾ ਵੀ ਸਹੀ ਨਹੀਂ ਹੈ। ਪੁੰਨ ਦਾਨ ਕਰਨ ਨਾਲ ਹੀ ਰੱਬ ਨਾਲ ਮੇਲ ਨਹੀਂ ਹੋ ਸਕਦਾ। ਇਹ ਸਾਰੇ ਬਾਹਰਲੇ ਸ਼ੜਯੰਤਰ ਹਨ, ਰੱਬ ਤਾਂ ਸਾਡੇ ਅੰਗ-ਸੰਗ ਹੈ। ਉਹ ਸਾਡੇ ਅੰਦਰ ਬਾਹਰ ਹਾਜ਼ਰ ਹੈ। ਉਸ ਨੂੰ ਥਾਂ-ਥਾਂ ਜਾ ਕੇ ਲੱਭਣ ਦੀ ਜ਼ਰੂਰਤ ਨਹੀਂ ਪੈਂਦੀ। ਅਸੀਂ ਤਾਂ ਬਸ ਰੱਬ ਦੀ ਹੋਂਦ ਸਵੀਕਾਰ ਕਰਨੀ ਹੈ। ਅਸੀਂ ਤਾਂ ਹਰ ਵਕਤ ਰੱਬ ਨੂੰ ਆਪਣੇ ਪਾਸ ਹਾਜ਼ਰ-ਨਾਜ਼ਰ ਸਮਝਣਾ ਹੈ। ਅਸੀਂ ਹਰ ਵਕਤ ਉਸ ਨੂੰ ਆਪਣੇ ਦਿਲ ਵਿੱਚ ਰੱਖ ਕੇ ਉਸ ਦੀ ਅਗਵਾਈ ਲੈਂਦੇ ਰਹਿਣਾ ਹੈ। ਕੋਈ ਵੀ ਐਸਾ ਕੰਮ ਨਹੀਂ ਕਰਨਾ ਜਿਸ ਬਾਰੇ ਸਾਡੇ ਅੰਦਰੋਂ ਨਾਂਹ ਉੱਠਦੀ ਹੈ। ਅਗਰ ਅਸੀਂ ਰੱਬ ਦੀ ਹਾਜ਼ਰੀ ਪ੍ਰਵਾਨ ਕਰਕੇ ਆਪਣੀਆਂ ਕਰਨੀਆਂ ਸਹੀ ਰਸਤੇ ਉੱਤੇ ਪਾ ਲੈਂਦੇ ਹਾਂ ਤਾਂ ਇਹ ਸਭ ਤੋਂ ਵੱਡੀ ਭਗਤੀ ਹੈ। ਬਾਹਰ ਦੇ ਇਹ ਕ੍ਰਿਆ ਕਰਮ ਸਾਡੀ ਸਹਾਇਤਾ ਨਹੀਂ ਕਰਦੇ। ਮਨ ਨੂੰ ਸੇਧ ਦੇਣੀ ਹੈ ਅਤੇ ਇਹ ਸਿਲਸਿਲਾ ਜਿਤਨੀ ਜਲਦੀ ਹੋ ਸਕੇ, ਕਰ ਲੈਣਾ ਚਾਹੀਦਾ ਹੈ। ਜਦੋਂ ਤੱਕ ਮਨ ਨਾਲ ਗੱਲਾਂ ਕਰਕੇ ਮਨ ਨੂੰ ਸੇਧ ਨਹੀਂ ਦਿੰਦੇ, ਅਸੀਂ ਭਗਤੀ ਕਰਨ ਦਾ ਤਰੀਕਾ ਪਾ ਹੀ ਨਹੀਂ ਸਕਦੇ।

## ਰੱਬ ਆਪ ਰਹਿਮ ਕਰਦਾ ਹੈ

ਅਸੀਂ ਆਪਣਾ ਮਨ ਸਾਫ਼ ਕਰਕੇ ਰੱਬ ਨਾਲ ਮਿਲ ਜਾਂਦੇ ਹਾਂ ਤਾਂ ਫਿਰ ਇਹ ਦੁਨਿਆਵੀ ਦੁੱਖ ਸਾਡੇ ਲਈ ਕੋਈ ਅਰਥ ਨਹੀਂ ਰੱਖਦੇ। ਅਸੀਂ ਇਨ੍ਹਾਂ ਦੁਨਿਆਵੀ ਦੁੱਖਾਂ ਨੂੰ ਸੁੱਖਾਂ ਵਾਂਗ ਹੀ ਮਾਣਦੇ ਹਾਂ। ਸੋਚਦੇ ਹਾਂ ਜਿਸ ਰੱਬ ਨੇ ਇਹ ਦੁੱਖ ਦਿੱਤੇ ਹਨ, ਉਹੀ ਰੱਬ ਆਪ ਹੀ ਫਿਰ ਦੁੱਖਾਂ ਦੀਆਂ ਘੜੀਆਂ ਖ਼ਤਮ ਵੀ ਕਰ ਦੇਵੇਗਾ। ਰੱਬ ਜ਼ਾਲਿਮ ਨਹੀਂ ਹੈ,

ਰੱਬ ਮਨੁੱਖ ਉੱਤੇ ਰਹਿਮ ਖਾਂਦਾ ਹੈ। ਅਸੀਂ ਮਨੁੱਖ ਰੱਬ ਦੇ ਬੱਚੇ ਹਾਂ। ਉਸ ਦੇ ਹੀ ਸਾਜੇ ਹੋਏ ਹਾਂ, ਉਹ ਬਖ਼ਸ਼ਿਸ਼ ਕਰਦਾ ਹੈ। ਅਸੀਂ ਅਗਰ ਕੁਝ ਦੁਨਿਆਵੀ ਚੀਜ਼ਾਂ ਪ੍ਰਾਪਤ ਕਰਕੇ ਆਕੜੇ ਫਿਰਦੇ ਹਾਂ, ਇਹ ਗ਼ਲਤੀ ਹੈ। ਇਹ ਦੁਨਿਆਵੀ ਪ੍ਰਾਪਤੀਆਂ ਵੀ ਰੱਬ ਦੀ ਦੇਣ ਹਨ। ਇਹ ਸਾਡੀਆਂ ਪ੍ਰਾਪਤੀਆਂ ਨਹੀਂ ਹਨ। ਸਾਡੇ ਨਾਲੋਂ ਵੀ ਸਿਆਣੇ ਅਤੇ ਮਿਹਨਤੀ ਲੋਕ ਫਿਰਦੇ ਹਨ। ਉਹ, ਉਹ ਕੁਝ ਪ੍ਰਾਪਤ ਨਹੀਂ ਕਰ ਸਕੇ ਜੋ ਸਾਡੇ ਪਾਸ ਹੈ। ਇਸ ਲਈ ਅਹੰਕਾਰ ਨਹੀਂ ਕਰਨਾ ਚਾਹੀਦਾ। ਰੱਬ ਦੀਆਂ ਦਾਤਾਂ ਬਦਲੇ ਰੱਬ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ। ਰੱਬ ਪਾਸ ਅਰਦਾਸ ਕਰਨੀ ਚਾਹੀਦੀ ਹੈ। ਉਸ ਨੇ ਐਸੀਆਂ ਨਿਆਮਤਾਂ ਸਾਡੀ ਕਿਸਮਤ ਵਿੱਚ ਪਾਈਆਂ ਹਨ, ਜੈਸੀਆਂ ਨਿਆਮਤਾਂ ਬਾਕੀ ਦੇ ਲੋਕਾਂ ਦੇ ਨਸੀਬ ਵਿਚ ਵੀ ਕਰੇ। ਅਸੀਂ ਜਦੋਂ ਆਪਣੀਆਂ ਪ੍ਰਾਪਤੀਆਂ ਜਾਂ ਰੱਬ ਦੀਆਂ ਬਖ਼ਸ਼ਿਸ਼ਾਂ ਉੱਤੇ ਗੁਮਾਨ ਕਰਨ ਲੱਗ ਪੈਂਦੇ ਹਾਂ ਤਾਂ ਅਸੀਂ ਗ਼ਲਤ ਹੋ ਜਾਂਦੇ ਹਾਂ। ਰੱਬ ਐਸੇ ਅਹੰਕਾਰੀ ਲੋਕਾਂ ਨੂੰ ਜਦੋਂ ਸਜ਼ਾ ਦਿੰਦਾ ਹੈ ਤਾਂ ਇਹੀ ਲੋਕੀਂ ਰੱਬ ਨੂੰ ਕੋਸਦੇ ਫਿਰਦੇ ਹਨ ਕਿ ਉਸ ਨੇ ਆਪ ਹੀ ਇਹ ਦਾਤਾਂ ਦੇ ਕੇ ਵਾਪਸ ਕਿਉਂ ਲੈ ਲਈਆਂ ਹਨ ?

## ਅਕਲ ਦੀ ਸਹੀ ਵਰਤੋਂ ਕਰੋ

ਅਗਰ ਰੱਬ ਨੇ ਅਕਲ ਦੀ ਨਿਆਮਤ ਸਾਨੂੰ ਦੇ ਦਿੱਤੀ ਹੈ ਤਾਂ ਅਸੀਂ ਭਾਗਾਂ ਵਾਲੇ ਹੀ ਹਾਂ। ਸਾਨੂੰ ਅਕਲ 'ਤੇ ਗੁਮਾਨ ਨਹੀਂ ਕਰਨਾ ਚਾਹੀਦਾ। ਸਾਨੂੰ ਰੱਬ ਨੇ ਅਕਲ ਦੀ ਦਾਤ ਇਸ ਕਰਕੇ ਦਿੱਤੀ ਹੈ ਤਾਂ ਕਿ ਅਸੀਂ ਇਸ ਦਾਤ ਦੀ ਸਹੀ ਵਰਤੋਂ ਕਰੀਏ। ਅਰਥਾਤ ਅਸੀਂ ਜਿੱਥੇ ਮਿਲੀ ਅਕਲ ਨੂੰ ਆਪਣੀ ਬਿਹਤਰੀ ਲਈ ਵਰਤਣਾ ਹੈ, ਉੱਥੇ ਸਾਡਾ ਇਹ ਵੀ ਫ਼ਰਜ਼ ਬਣਦਾ ਹੈ ਕਿ ਅਸੀਂ ਆਪਣੀ ਅਕਲ ਨੂੰ ਲੋਕਾਂ ਦੀ ਭਲਾਈ ਲਈ ਵੀ ਵਰਤੀਏ। ਸਾਡੇ ਆਲੇ-ਦੁਆਲੇ ਵਸਦੇ ਲੋਕਾਂ ਨੂੰ ਸਾਡੇ ਤੋਂ ਵੱਡੀਆਂ ਉਮੀਦਾਂ ਹਨ। ਅਸੀਂ ਆਪਣੀ ਅਕਲ ਨਾਲ ਕੁਝ ਐਸੀਆਂ ਗੱਲਾਂ ਖੜੀਆਂ ਕਰ ਦੇਈਏ ਜੋ ਸਦਾ ਜਿਊਂਦੀਆਂ ਰਹਿਣ।

ਅੱਜ ਦੇ ਲੋਕਾਂ ਦੇ ਕੰਮ ਵੀ ਆਉਣ ਅਤੇ ਆਉਂਦੀਆਂ ਨਸਲਾਂ ਦੇ ਕੰਮ ਵੀ ਆਉਂਦੀਆਂ ਰਹਿਣ। ਸਾਨੂੰ ਇਸ ਗੱਲ ਦਾ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਰੱਬ ਨੇ ਅਕਲ ਦੀ ਦਾਤ ਸਾਨੂੰ ਦਿੱਤੀ ਹੀ ਇਸ ਲਈ ਹੈ, ਕਿਉਂਕਿ ਉਹ ਸਾਡੇ ਰਾਹੀਂ ਲੋਕ-ਭਲਾਈ ਦੇ ਕੰਮ ਸਿਰੇ ਲਗਾਉਣਾ ਚਾਹੁੰਦਾ ਹੈ। ਅਸੀਂ ਰੱਬ ਦੇ ਏਜੰਟ ਹਾਂ ਅਤੇ ਰੱਬ ਵਾਸਤੇ ਕੰਮ ਕਰਦੇ ਹਾਂ। ਇਸ ਲਈ ਲੋਕ-ਭਲਾਈ ਦੇ ਕੰਮ ਕਰਕੇ ਕਦੀ ਇਹ ਨਹੀਂ ਸੋਚਣਾ ਚਾਹੀਦਾ ਕਿ ਅਸੀਂ ਕਿਸੇ ਉੱਤੇ ਅਹਿਸਾਨ ਕਰ ਰਹੇ ਹਾਂ, ਸਗੋਂ ਹਮੇਸ਼ਾਂ ਇਹ ਸਮਝਣਾ ਚਾਹੀਦਾ ਹੈ ਕਿ ਅਸੀਂ ਰੱਬ ਵੱਲੋਂ ਥਾਪੀ ਜ਼ਿੰਮੇਂਵਾਰੀ ਨਿਭਾ ਰਹੇ ਹਾਂ।

ਦੂਜਿਆਂ ਦੇ ਕੰਮ ਆਉਣ ਦਾ ਮੌਕਾ ਰੱਬ ਕਿਸਮਤ ਵਾਲਿਆਂ ਨੂੰ ਪ੍ਰਦਾਨ ਕਰਦਾ ਹੈ। ਜਿਸ ਆਦਮੀ ਨੂੰ ਲੋਕਾਂ ਦੀ ਸੇਵਾ ਕਰਨ ਦਾ ਮੌਕਾ ਨਹੀਂ ਮਿਲਦਾ ਜਾਂ ਉਹ ਐਸਾ ਮੌਕਾ ਪੈਦਾ ਨਹੀਂ ਕਰ ਪਾ ਰਿਹਾ, ਉਸ ਆਦਮੀ ਅੰਦਰ ਕੋਈ ਨੁਕਸ ਹੈ। ਅਸੀਂ ਜ਼ਰਾ ਸੁਚੇਤ ਹੋ ਕੇ ਚੱਲੀਏ ਤਾਂ ਐਸੇ ਨੁਕਸ ਦੂਰ ਕੀਤੇ ਜਾ ਸਕਦੇ ਹਨ। ਦੁਨੀਆਂ ਦੇ ਬਹੁਤ ਸਾਰੇ ਲੋਕੀਂ ਸਾਡੀ ਮਦਦ ਪ੍ਰਾਪਤ ਕਰਨ ਲਈ ਬਾਹਾਂ ਉਲਾਰੀ ਫਿਰਦੇ ਹਨ। ਅਸੀਂ ਲੋਕਾਂ ਦੀ ਮਦਦ ਕਰਨ ਦਾ ਸਿਲਸਿਲਾ ਸ਼ੁਰੂ ਕਰੀਏ ਤਾਂ ਇਕ ਅਜੀਬ ਕਿਸਮ ਦਾ ਨਸ਼ਾ ਆਵੇਗਾ ਜੋ ਦੁਨਿਆਵੀ ਨਸ਼ੇ ਦੀਆਂ ਚੀਜ਼ਾਂ ਨਹੀਂ ਦੇ ਸਕਦੀਆਂ।

## ਮੁਕਤੀ ਪ੍ਰਾਪਤ ਕਰਨਾ

ਅਸੀਂ ਚੁਰਾਸੀ ਲੱਖ ਜੂਨਾਂ ਦੀ ਗਿਣਤੀ ਕਰ ਰੱਖੀ ਹੈ ਅਤੇ ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਅਸੀਂ ਅਗਰ ਸਹੀ ਕੰਮ ਕਾਜ ਨਹੀਂ ਕਰਦੇ, ਅਰਥਾਤ ਪਾਪ ਕਮਾਉਂਦੇ ਹਾਂ ਤਾਂ ਅਸੀਂ ਮੁਕਤੀ ਪ੍ਰਾਪਤ ਨਹੀਂ ਕਰ ਸਕਦੇ। ਸਾਡੇ ਪਾਪਾਂ ਬਦਲੇ ਰੱਬ ਸਾਨੂੰ ਸਜ਼ਾ ਦਿੰਦਾ ਹੈ ਅਤੇ ਸਾਨੂੰ ਇਕ ਵਾਰੀ ਫਿਰ ਚੁਰਾਸੀ ਲੱਖ ਜੂਨਾਂ ਭੁਗਤ ਕੇ ਆਦਮੀ ਬਣਨ ਦਾ ਮੌਕਾ ਮਿਲਦਾ ਹੈ। ਅਗਰ ਅਸੀਂ ਇਸ ਚੁਰਾਸੀ ਲੱਖ ਜੂਨਾਂ ਦੇ ਚੱਕਰ 'ਚੋਂ ਬਚਣਾ ਚਾਹੁੰਦੇ ਹਾਂ ਅਰਥਾਤ ਇਸ ਮਨੁੱਖੀ ਜੀਵਨ ਬਾਅਦ ਮੁਕਤੀ ਪ੍ਰਾਪਤ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਇਸ ਜੀਵਨ ਨੂੰ ਨਵੀਂ ਸੇਧ ਦੇਣੀ ਪਵੇਗੀ। ਅਸੀਂ ਸਿਰਫ਼ ਰੱਬ ਦੀ ਗੱਲ ਸੁਣਨੀ ਹੈ। ਸ਼ੈਤਾਨ ਦੀ ਗੱਲ ਵੱਲ ਧਿਆਨ ਨਹੀਂ ਦੇਣਾ। ਮਨੁੱਖੀ ਜੀਵ ਵਾਸਤੇ ਐਸਾ ਕਰਨਾ ਹੈ ਤਾਂ ਮੁਸ਼ਕਿਲ, ਪਰ ਕਿਉਂਕਿ ਇਹ ਮਨੁੱਖੀ ਜੀਵਨ ਪ੍ਰੀਖਿਆ ਦੀ ਘੜੀ ਹੈ ਅਤੇ ਅਸੀਂ ਆਪਣਾ ਪੂਰਾ ਤਾਣ ਲਗਾ ਕੇ ਇਸ ਪ੍ਰੀਖਿਆ 'ਚੋਂ ਪਾਸ ਹੋਣਾ ਹੈ। ਇਹ ਚੁਰਾਸੀ ਲੱਖ ਜੂਨਾਂ ਦਾ ਸਫ਼ਰ ਬਹੁਤ ਹੀ ਭੈੜਾ ਹੈ, ਕਠਿਨ ਹੈ। ਅਸੀਂ ਜ਼ਿੰਦਗੀ ਦਾ ਸਹੀ ਰਸਤਾ ਅਪਣਾ ਕੇ ਇਸ ਚੁਰਾਸੀ ਲੱਖ ਦੇ ਗੇੜ 'ਚੋਂ ਬਚਣਾ ਹੈ।

## ਰੱਬ ਨਾਲ ਇਉਂ ਗੱਲਾਂ ਕਰੋ ਜਿਵੇਂ ਮਾਂ-ਪਿਓ ਨਾਲ ਕਰੀਦੀਆਂ ਹਨ

ਰੱਬ ਸਾਡਾ ਮਾਂ-ਪਿਓ ਹੈ, ਇਸ ਲਈ ਰੱਬ ਬੇਗਾਨਾ ਨਹੀਂ ਹੈ। ਰੱਬ ਪਾਸੋਂ ਸੰਕੋਚ ਕਾਹਦਾ? ਰੱਬ ਨਾਲ ਗੱਲ ਕਰਨ ਨਾਲ ਕਿਸੇ ਤਰਦਦ ਦੀ ਜ਼ਰੂਰਤ ਨਹੀਂ ਹੈ। ਰੱਬ ਬਹੁਤੀ ਚਾਪਲੂਸੀ ਵੀ ਨਹੀਂ ਚਾਹੁੰਦਾ। ਅਸੀਂ ਰੱਬ ਦੇ ਬੱਚੇ ਹਾਂ, ਅਸੀਂ ਰੱਬ ਪਾਸੋਂ ਜੋ ਕੁਝ ਵੀ ਚਾਹੁੰਦੇ ਹਾਂ, ਉਹ ਸਾਡਾ ਅਧਿਕਾਰ ਹੈ। ਆਪਣਾ ਅਧਿਕਾਰ ਮੰਗਣ ਲਈ ਕਿਸੇ ਚਾਪਲੂਸੀ ਦੀ ਜ਼ਰੂਰਤ ਨਹੀਂ ਹੈ। ਵੈਸੇ ਤਾਂ ਮਾਤਾ-ਪਿਤਾ ਵਾਂਗ ਰੱਬ ਜਾਣੀ-ਜਾਣ ਹੈ। ਉਹ ਸਾਡੀਆਂ ਮੁਸ਼ਕਿਲਾਂ ਸਮਝਦਾ ਹੈ। ਉਹ ਆਪ ਹੀ ਫ਼ਿਕਰਮੰਦ ਹੈ ਕਿ ਕਿਵੇਂ ਸਾਡੀਆਂ ਮੁਸ਼ਕਿਲਾਂ ਹੱਲ ਕੀਤੀਆਂ ਜਾਣ ? ਅਸੀਂ ਮਾਰ ਉਦੋਂ ਖਾ ਜਾਂਦੇ ਹਾਂ, ਜਦੋਂ ਅਸੀਂ ਰੱਬ ਨਾਲ ਹੀ ਚਲਾਕੀਆਂ ਕਰਨ ਲੱਗ ਪੈਂਦੇ ਹਾਂ।

ਅਸੀਂ ਅੰਦਰੋਂ ਹੋਰ ਅਤੇ ਬਾਹਰੋਂ ਹੋਰ ਹੋ ਕੇ ਸਮਝਦੇ ਹਾਂ ਰੱਬ ਨੂੰ ਧੋਖਾ ਦੇ ਦੇਵਾਂਗੇ, ਐਸਾ ਕਰਨਾ ਗ਼ਲਤ ਹੈ। ਜਿਵੇਂ ਸਾਡੇ ਮਾਤਾ-ਪਿਤਾ ਸਾਡੀਆਂ ਕਮਜ਼ੋਰੀਆਂ ਤੋਂ ਵਾਕਫ਼ ਹਨ, ਇਸੇ ਤਰ੍ਹਾਂ ਰੱਬ ਵੀ ਸਾਡੀਆਂ ਕਮਜ਼ੋਰੀਆਂ ਤੋਂ ਵਾਕਫ਼ ਹੈ। ਉਸ ਪਾਸ ਜਾ ਕੇ ਬਹੁਤਾ ਬਣ-ਬਣ ਬੈਠਣ ਦੀ ਜ਼ਰੂਰਤ ਨਹੀਂ ਹੈ। ਬਸ ਜਦ ਵੀ ਚਾਹੋ, ਰੱਬ ਨਾਲ ਗੱਲ ਕਰਕੇ ਆਪਣੀ ਮੰਗ ਉਸ ਦੇ ਸਾਹਮਣੇ ਰੱਖ ਦਿਓ ਤੇ ਫਿਰ ਬਣਦਾ ਉਪਰਾਲਾ ਕਰਨਾ ਸ਼ੁਰੂ ਕਰ ਦਿਓ। ਆਸ ਰੱਖੋ ਰੱਬ ਤੁਹਾਡੀ ਮੁਸ਼ਕਿਲ ਤੁਹਾਡੇ ਤੋਂ ਹੀ ਹੱਲ ਕਰਵਾ ਦੇਵੇਗਾ।

## ਮਾਸ ਦੇ ਬਣੇ ਮਨੁੱਖ ਨੂੰ ਮਾਸ ਨਹੀਂ ਖਾਣਾ ਚਾਹੀਦਾ

ਅਸੀਂ ਮਨੁੱਖ ਮਾਸ ਦੇ ਬਣੇ ਹੋਏ ਹਾਂ। ਅਸੀਂ ਵੀ ਅਗਰ ਮਾਸ ਖਾਂਦੇ ਹਾਂ ਤਾਂ ਅਸੀਂ ਜੰਗਲੀ ਜਾਨਵਰਾਂ ਤੋਂ ਬਿਹਤਰ ਨਹੀਂ ਹਾਂ। ਮਾਸ ਪਾਲਣ ਲਈ ਮਾਸ ਖਾਣ ਦਾ ਸਿਲਸਿਲਾ ਜਾਨਵਰਾਂ ਦੇ ਹਿੱਸੇ ਆਇਆ ਹੈ, ਕਿਉਂਕਿ ਉਨ੍ਹਾਂ ਪਾਸ ਆਪਣੀ ਉਪਜੀਵਕਾ ਪੈਦਾ ਕਰਨ ਲਈ ਦਿਮਾਗ਼ ਨਹੀਂ ਹੈ। ਅਸੀਂ ਮਨੁੱਖ ਹਾਂ, ਸਾਡੇ ਲਈ ਹਜ਼ਾਰਾਂ ਪਦਾਰਥ ਹਨ, ਜਿਨ੍ਹਾਂ ਰਾਹੀਂ ਅਸੀਂ ਜ਼ਿੰਦਾ ਰਹਿ ਸਕਦੇ ਹਾਂ। ਅਸੀਂ ਨਿੱਤ ਨਵੇਂ ਆਵਿਸ਼ਕਾਰ ਕਰ ਰਹੇ ਹਾਂ,

ਅਗਰ ਖਾਣ ਨੂੰ ਇੰਨਾ ਕੁਝ ਆ ਚੁੱਕਾ ਹੈ ਤਾਂ ਫਿਰ ਮਾਸ ਖਾਣ ਤੱਕ ਅਸੀਂ ਕਿਉਂ ਜਾਂਦੇ ਹਾਂ? ਮਾਸ ਖਾਣਾ ਉਦੋਂ ਜਾਇਜ਼ ਸੀ, ਜਦੋਂ ਅਸੀਂ ਵੀ ਜੰਗਲੀ ਜਾਨਵਰਾਂ ਦੀ ਤਰ੍ਹਾਂ ਰਹਿੰਦੇ ਸਾਂ। ਹੁਣ ਤਾਂ ਬਹੁਤ ਕੁਝ ਬਦਲਵਾਂ ਪ੍ਰਾਪਤ ਹੈ, ਜਿਸ ਲਈ ਮਨੁੱਖ ਮਾਸ ਖਾਣ ਤੋਂ ਗੁਰੇਜ਼ ਕਰੇ ਤਾਂ ਹੀ ਬਿਹਤਰ ਹੈ।

## ਮਨੁੱਖ ਹੀ ਮਨੁੱਖ ਦੇ ਕੰਮ ਆਉਂਦਾ ਹੈ

ਮਨੁੱਖ ਹੀ ਮਨੁੱਖ ਦੇ ਕੰਮ ਆਉਂਦਾ ਹੈ, ਇਸ ਕਰਕੇ ਸਾਡੇ ਆਲੇ-ਦੁਆਲੇ ਜੋ ਮਨੁੱਖ ਹਨ, ਰੱਬ ਨੇ ਸਾਡੀ ਮਦਦ ਇਨ੍ਹਾਂ ਰਾਹੀਂ ਕਰਨੀ ਹੈ। ਅਸੀਂ ਮਰ ਚੁੱਕੇ ਲੋਕਾਂ ਦੀ ਪੂਜਾ ਕਰਦੇ ਹਾਂ। ਉਨ੍ਹਾਂ ਦਾ ਫ਼ਲਸਫ਼ਾ ਸਾਡੀ ਵਿਰਾਸਤ ਹੈ ਪਰ ਅਸੀਂ ਆਖੀਏ ਕਿ ਉਹ ਜੀਵਤ ਅਤੇ ਹਾਜ਼ਰ ਆਦਮੀ ਨਾਲੋਂ ਬਿਹਤਰ ਹਨ ਤਾਂ ਸਾਨੂੰ ਆਪਣੀ ਸੋਚ ਨੂੰ ਸੋਧ ਦੇਣ ਦੀ ਜ਼ਰੂਰਤ ਹੈ। ਰੱਬ ਇਨ੍ਹਾਂ ਮਨੁੱਖਾਂ ਰਾਹੀਂ ਇਸ ਦੁਨੀਆਂ ਵਿੱਚ ਹਾਜ਼ਰ ਹੈ ਅਤੇ ਇਹ ਇਕ ਨਿਰੰਤਰ ਸਿਲਸਿਲਾ ਹੈ। ਕਿਸੇ ਬੰਦੇ ਦੇ ਮਰ ਜਾਣ ਬਾਅਦ ਜ਼ਿੰਦਗੀ ਦਾ ਸਿਲਸਿਲਾ ਖ਼ਤਮ ਨਹੀਂ ਹੋ ਜਾਂਦਾ। ਅਸੀਂ ਹਰ ਮਨੁੱਖ ਵਿੱਚ ਰੱਬ ਦੀ ਹਾਜ਼ਰੀ ਪ੍ਰਵਾਨ ਕਰਨੀ ਹੈ ਅਤੇ ਉਸ ਤੋਂ ਦੂਰੀਆਂ ਸਥਾਪਿਤ ਨਹੀਂ ਕਰਨੀਆਂ। ਆਪਣੀ ਹਰ ਮੁਸ਼ਕਿਲ ਦਾ ਹੱਲ ਆਪਣੇ ਆਲੇ-ਦੁਆਲੇ ਹਾਜ਼ਰ ਲੋਕਾਂ ਰਾਹੀਂ ਲੱਭਣਾ ਹੈ। ਇਹ ਸਿਲਸਿਲਾ ਅੱਜ ਤੋਂ ਹੀ ਜਾਰੀ ਕਰਨਾ ਹੈ।

## ਰੱਬ ਪਿਆਰ ਸਵਰੂਪ ਹੈ

ਰੱਬ ਕਿਉਂਕਿ ਸਾਡਾ ਮਾਤਾ-ਪਿਤਾ ਹੈ ਅਤੇ ਇਸ ਕਰਕੇ ਬਹੁਤ ਹੀ ਪਿਆਰਾ ਹੈ। ਰੱਬ ਨਾਲ ਕਦੀ ਨਫ਼ਰਤ ਨਹੀਂ ਹੋ ਸਕਦੀ, ਰੱਬ ਨਾਲ ਕਦੀ ਵੈਰ ਨਹੀਂ ਬਣਦਾ, ਰੱਬ ਦਾ ਸਾਨੂੰ ਸਦਾ ਹੀ ਸੁੱਖ ਹੈ, ਰੱਬ ਸਾਨੂੰ ਦੁੱਖ ਨਹੀਂ ਦਿੰਦਾ, ਰੱਬ ਹਮੇਸ਼ਾਂ ਸਾਡਾ ਭਲਾ ਚਾਹੁੰਦਾ ਹੈ, ਰੱਬ ਸਾਡਾ ਹਿਤੈਸ਼ੀ ਹੈ, ਉਹ ਸਦਾ ਹੀ ਸਾਡੀ ਤਰਫ਼ਦਾਰੀ ਕਰਦਾ ਹੈ, ਉਹ ਸਾਡੇ ਦੁੱਖਾਂ ਵਕਤ ਅਤੇ ਸਾਡੇ ਸੁੱਖਾਂ ਵਕਤ, ਸਦਾ ਹੀ ਸਾਡੇ ਨਾਲ ਹੈ। ਸਾਨੂੰ ਕਦੀ ਇਹ ਨਹੀਂ ਸੋਚਣਾ ਚਾਹੀਦਾ ਕਿ ਰੱਬ ਸਾਨੂੰ ਦੁੱਖ ਦੇ ਕੇ ਖ਼ੁਸ਼ ਹੁੰਦਾ ਹੈ। ਅਸੀਂ ਜਦੋਂ ਬਹੁਤ ਹੀ ਗ਼ਲਤੀਆਂ ਕਰਨ ਲੱਗ ਪੈਂਦੇ ਹਾਂ ਤਾਂ ਮਾਤਾ-ਪਿਤਾ ਦੀ ਤਰ੍ਹਾਂ ਸਾਡੀ ਡਾਂਟ-ਡਪਟ ਕਰਦਾ ਹੈ, ਦੁੱਖ ਦਿੰਦਾ ਹੈ। ਦੁੱਖ ਦੇਣ ਦਾ ਮਤਲਬ ਸਾਨੂੰ ਸਜ਼ਾ ਦੇਣਾ ਨਹੀਂ ਹੈ, ਸਾਡੀ ਸੁਧਾਈ ਕਰਨਾ ਹੈ। ਅਸੀਂ ਜਦੋਂ ਇਹ ਪ੍ਰਾਪਤੀਆਂ ਕਰ ਲੈਂਦੇ ਹਾਂ ਅਰਥਾਤ ਰੱਬ ਬਾਰੇ ਐਸੀ ਸੋਚ ਬਣਾ ਲੈਂਦੇ ਹਾਂ ਤਾਂ ਰੱਬ ਅਤੇ ਸਾਡੇ ਦਰਮਿਆਨ ਜੋ ਅਸੀਂ ਆਪ ਹੀ ਦੂਰੀਆਂ ਕਾਇਮ ਕਰ ਲਈਆਂ ਹੁੰਦੀਆਂ ਹਨ, ਉਹ ਸਾਰੀਆਂ ਦੂਰੀਆਂ ਦੂਰ ਹੋ ਜਾਂਦੀਆਂ ਹਨ। ਰੱਬ ਨਾਰਾਜ਼ ਨਹੀਂ ਹੁੰਦਾ, ਅਸੀਂ ਜਦ ਚਾਹੀਏ ਉਸ ਪਾਸ ਉਵੇਂ ਹੀ ਮੁੜ ਕੇ ਆ ਸਕਦੇ ਹਾਂ ਜਿਵੇਂ ਰੁੱਸਿਆ ਪੁੱਤਰ ਮੁੜ ਮਾਂ-ਬਾਪ ਕੋਲ ਆ ਸਕਦਾ ਹੈ ਅਤੇ ਮਾਂ-ਬਾਪ ਉਸ ਨੂੰ ਮੁੜ ਕੇ ਗਲ੍ਹ ਲਗਾ ਲੈਂਦੇ ਹਨ। ਇਉਂ ਮਹਿਸੂਸ ਹੁੰਦਾ ਹੈ ਕਦੀ ਮਾਂ-ਬਾਪ ਤੋਂ ਦੂਰ ਗਏ ਹੀ ਨਹੀਂ ਸਾਂ। ਰੱਬ ਵਰਗੀ ਪਿਆਰੀ ਹੋਂਦ ਤੋਂ ਕਦੀ ਵੀ ਮੁਨਕਰ ਨਹੀਂ ਹੋਣਾ ਚਾਹੀਦਾ, ਬਲਕਿ ਉਸ ਦੀ ਹੋਂਦ ਵਿੱਚ ਆ ਕੇ ਆਨੰਦ ਮਾਣਨਾ ਚਾਹੀਦਾ ਹੈ।

ਸਾਡੀ ਹਾਲਤ ਉਹ ਹੋ ਜਾਣੀ ਚਾਹੀਦੀ ਹੈ ਜੋ ਇਕ ਨਿੱਕੇ ਜਿਹੇ ਬੱਚੇ ਦੀ ਆਪਣੇ ਮਾਤਾ-ਪਿਤਾ ਸਾਹਮਣੇ ਹੁੰਦੀ ਹੈ। ਉਹ ਇਉਂ ਮਹਿਸੂਸ ਕਰਦਾ ਹੈ ਜਿਵੇਂ ਉਸ ਦੇ ਖ਼ਤਰੇ ਟਲ ਗਏ ਹੋਣ। ਉਸ ਅੰਦਰੋਂ ਇਕੱਲ-ਪੁਣਾ ਜਾਂਦਾ ਰਹਿੰਦਾ ਹੈ। ਅਸੀਂ ਰੱਬ ਪਾਸੋਂ ਦੂਰੀਆਂ

ਬਣਾ ਲਈਆਂ ਹਨ ਅਤੇ ਇਹੀ ਕਾਰਨ ਹੈ ਕਿ ਅਸੀਂ ਇਕੱਲਪੁਣੇ ਦਾ ਸ਼ਿਕਾਰ ਹਾਂ, ਡਰ ਦੇ ਮਾਰੇ ਸਵੈਮਾਣ ਖੋਹ ਬੈਠੇ ਹਾਂ।

## ਰੱਬ ਦੀ ਵਡਿਆਈ ਅਸੀਂ ਨਹੀਂ ਕਰ ਸਕਦੇ

ਅਸੀਂ ਰੱਬ ਦੀ ਵਡਿਆਈ ਨਹੀਂ ਕਰ ਸਕਦੇ। ਸਾਡੇ ਪਾਸ ਐਸੇ ਸ਼ਬਦ ਹੀ ਨਹੀਂ ਹਨ ਜੋ ਰੱਬ ਦੀ ਵਡਿਆਈ ਲਈ ਵਰਤੇ ਜਾ ਸਕਣ। ਰੱਬ ਨੇ ਇਹ ਕੁਦਰਤ ਦੀਆਂ ਹੱਦਾਂ ਨਹੀਂ ਮਿੱਥੀਆਂ। ਇਹ ਅਥਾਹ ਹੈ, ਪਤਾ ਨਹੀਂ ਕਿਤਨੇ ਹੀ ਅਕਾਸ਼ ਹਨ, ਕਿਤਨੇ ਹੀ ਸੂਰਜ ਮੰਡਲ ਹਨ, ਕਿਤਨੇ ਹੀ ਚੰਦਰਮਾ ਹਨ। ਤਾਰਿਆਂ ਦੀ ਗਿਣਤੀ ਕੋਈ ਨਹੀਂ ਕਰ ਸਕਦਾ। ਪਤਾ ਨਹੀਂ ਹੋਰ ਕਿਤਨੀਆਂ ਹੀ ਧਰਤੀਆਂ ਹਨ। ਅਸੀਂ ਅੱਟਾ-ਸੱਟਾ ਲਗਾ ਕੇ ਇਹ ਆਖ ਦਿੱਤਾ ਹੈ ਕਿ ਜੀਵਾਂ ਦੀ ਗਿਣਤੀ ਚੌਰਾਸੀ ਲੱਖ ਹੈ, ਹਾਲਾਂ ਤੱਕ ਅਸੀਂ ਇਸ ਚੌਰਾਸੀ ਲੱਖ ਜੀਵਾਂ ਦੀ ਸੂਚੀ ਤਿਆਰ ਨਹੀਂ ਕਰ ਸਕੇ। ਅਸੀਂ ਤਾਂ ਕੁਦਰਤ ਅੰਦਰ ਹਾਜ਼ਰ ਪੌਦਿਆਂ ਦੀ ਗਿਣਤੀ ਨਹੀਂ ਕਰ ਸਕਦੇ। ਸਾਡਾ ਗਿਆਨ ਹਾਲੇ ਬਹੁਤ ਹੀ ਘੱਟ ਹੈ। ਅਧੂਰੇ ਨਾਲੋਂ ਵੀ ਘੱਟ ਹੈ, ਇਹੀ ਕਾਰਨ ਹੈ ਅਸੀਂ ਰੱਬ ਦੇ ਵਿਛਾਏ ਇਸ ਬ੍ਰਹਿਮੰਡ ਦਾ ਖ਼ੁਦ ਇਕ ਹਿੱਸਾ ਹਾਂ, ਇਸ ਕਰਕੇ ਰੱਬ ਦੀ ਸਿਫ਼ਤ ਕਰਨਾ ਸਾਡੇ ਵੱਸ ਦੀ ਗੱਲ ਨਹੀਂ ਹੈ। ਸਦੀਆਂ ਤੋਂ ਮਨੁੱਖ ਰੱਬ ਦੀਆਂ ਸਿਫ਼ਤਾਂ ਗਿਣਨ ਦੀ ਕੋਸ਼ਿਸ਼ ਕਰਦਾ ਆ ਰਿਹਾ ਹੈ ਪਰ ਕੁਝ ਹੀ ਸਦੀਆਂ ਬਾਅਦ ਮਨੁੱਖ ਨੂੰ ਇਉਂ ਲੱਗਦਾ ਰਿਹਾ ਹੈ ਕਿ ਰੱਬ ਦੀ ਉਸਤਤ ਅੰਦਰ ਅੱਜ ਤੱਕ ਜੋ ਕੁਝ ਵੀ ਆਖਿਆ ਗਿਆ ਹੈ, ਉਹ ਸਾਰਾ ਕੁਝ ਗ਼ਲਤ ਹੈ ਅਤੇ ਨਵੀਆਂ ਲੀਹਾਂ ਪਾਈਆਂ ਜਾਂਦੀਆਂ ਰਹੀਆਂ ਹਨ। ਅਸੀਂ ਮਨੁੱਖ ਆਪ ਹੀ ਗੱਲਾਂ ਘੜਦੇ ਹਾਂ ਅਤੇ ਫਿਰ ਸਾਡੀ ਹੀ ਇਕ ਹੋਰ ਪੀੜੀ ਆ ਕੇ ਸਾਡੀਆਂ ਹੀ ਸਥਾਪਿਤ ਕੀਤੀਆਂ ਗੱਲਾਂ ਦਾ ਖੰਡਨ ਕਰ ਦਿੰਦੀ ਹੈ।

ਇਹ ਸਿਲਸਿਲਾ ਜਾਰੀ ਹੈ ਅਤੇ ਮਨੁੱਖ ਇਨ੍ਹਾਂ ਵਿਚਾਰਾਂ ਕਰਕੇ ਹੀ ਵੰਡੀਆਂ ਪਾ ਬੈਠਾ ਹੈ। ਅੱਜ ਰੱਬ ਦੀਆਂ ਸਿਫ਼ਤਾਂ ਛੱਡ ਕੇ ਉਹ ਆਪਣੇ ਵਿਚਾਰਾਂ ਨੂੰ ਦੂਜਿਆਂ ਨਾਲੋਂ ਬਿਹਤਰ ਸਮਝਣ ਲੱਗ ਪਿਆ ਹੈ ਅਤੇ ਜੋ ਕੋਈ ਉਸ ਦੇ ਵਿਚਾਰਾਂ ਦੀ ਕਦਰ ਨਹੀਂ ਕਰਦਾ, ਅੱਜ ਦਾ ਮਨੁੱਖ ਉਸ ਦਾ ਕਤਲ ਕਰਨ ਤੱਕ ਦੀ ਯੋਜਨਾ ਤਿਆਰ ਕਰਦਾ ਹੈ। ਵਿਰੋਧੀ ਵਿਚਾਰ ਵਾਲੇ ਦਾ ਖ਼ਾਤਮਾ ਕਰਕੇ ਉਹ ਸਮਝਦਾ ਹੈ ਕਿ ਉਸ ਨੇ ਆਪਣਾ ਫ਼ਰਜ਼ ਨਿਭਾਇਆ ਹੈ। ਮਾਰਨ ਵਾਲਾ ਆਪਣੇ ਆਪ ਨੂੰ ਬਹਾਦਰ ਅਤੇ ਗ਼ਾਜ਼ੀ ਘੋਸ਼ਿਤ ਕਰਨ ਦੀ ਕੋਸ਼ਿਸ਼ ਕਰਦਾ ਹੈ ਅਤੇ ਜੋ ਮਾਰਿਆ ਜਾਂਦਾ ਹੈ ਉਹ ਆਪਣੇ ਆਪ ਨੂੰ ਸ਼ਹੀਦ ਅਖਵਾਉਂਦਾ ਹੈ। ਰੱਬ ਦੀਆਂ ਗੱਲਾਂ ਕਰਕੇ ਅਸੀਂ ਇਕ ਹੋਣਾ ਸੀ ਪਰ ਰੱਬ ਦੀਆਂ ਗੱਲਾਂ ਕਰਦੇ-ਕਰਦੇ ਅਸੀਂ ਇਕ ਦੂਜੇ ਤੋਂ ਦੂਰ ਹੋ ਗਏ ਹਾਂ ਅਤੇ ਅੱਜ ਇਹ ਦੂਰੀਆਂ ਇਤਨੀਆਂ ਵੱਧ ਗਈਆਂ ਹਨ ਕਿ ਹੁਣ ਇਨ੍ਹਾਂ ਦੂਰੀਆਂ ਨੂੰ ਮਿਟਾਇਆ ਨਹੀਂ ਜਾ ਸਕਦਾ। ਰੱਬ ਦੀ ਵਡਿਆਈ ਕਰਦੇ-ਕਰਦੇ ਅਗਰ ਅਸੀਂ ਆਪੋ ਵਿੱਚ ਵੰਡੀਆਂ ਪਾ ਬੈਠੇ ਹਾਂ ਤਾਂ ਅਸੀਂ ਗ਼ਲਤ ਹਾਂ। ਇਸ ਗ਼ਲਤੀ ਦੀ ਸੁਧਾਈ ਦਾ ਸਿਲਸਿਲਾ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ।

## ਰੱਬ ਪਾਸੋਂ ਸੇਧ ਪ੍ਰਾਪਤ ਕਰਨੀ ਚਾਹੀਦੀ ਹੈ

ਰੱਬ ਸਾਡੇ ਅੰਦਰ ਹਾਜ਼ਰ ਹੈ ਅਤੇ ਹਰ ਮੋੜ ਉੱਤੇ ਸਾਨੂੰ ਸੇਧ ਦਿੰਦਾ ਹੈ। ਅਸੀਂ ਅਗਰ ਗ਼ਲਤੀਆਂ ਕਰਦੇ ਹਾਂ ਤਾਂ ਇਹ ਸਾਡੀ ਆਪਣੀ ਭੁੱਲ ਹੈ। ਅਸੀਂ ਦੁਨਿਆਵੀ ਦਬਾਵਾਂ ਹੇਠ

ਆ ਕੇ ਰੱਬ ਦਾ ਹੁਕਮ ਪ੍ਰਵਾਨ ਨਹੀਂ ਕਰਦੇ ਅਤੇ ਫਿਰ ਜਦੋਂ ਸਜ਼ਾ ਪਾਉਂਦੇ ਹਾਂ ਤਾਂ ਰੱਬ ਉੱਤੇ ਇਲਜ਼ਾਮ ਲਗਾਉਂਦੇ ਹਾਂ ਕਿ ਉਸ ਨੇ ਸਾਡੀ ਕਿਸਮਤ ਵਿੱਚ ਦੁੱਖ ਹੀ ਦੁੱਖ ਕਿਉਂ ਲਿਖ ਦਿੱਤੇ ਹਨ ? ਐਸੀ ਸੋਚ ਦਾ ਧਾਰਨੀ ਹੋਣਾ ਗ਼ਲਤ ਹੈ। ਰੱਬ ਤਾਂ ਹਰ ਵਕਤ ਸਾਡੇ ਨਾਲ ਹੈ ਅਤੇ ਰੱਬ ਦੀ ਇੱਛਾ ਵੀ ਇਹੀ ਹੈ ਕਿ ਅਸੀਂ ਉਸ ਦੀ ਦਿੱਤੀ ਸੇਧ ਪ੍ਰਵਾਨ ਕਰੀਏ। ਅਸੀਂ ਅਗਰ ਸ਼ੈਤਾਨ ਵੱਸ ਹੋ ਕੇ ਰੱਬ ਦੀ ਦਿੱਤੀ ਸੇਧ ਤੋਂ ਦੂਰ ਭੱਜਦੇ ਹਾਂ ਤਾਂ ਇਹ ਗ਼ਲਤੀ ਸਾਡੀ ਹੈ।

ਸਾਡੇ ਅੰਦਰੋਂ ਜੋ ਪਹਿਲੀ ਸੇਧ ਉੱਠਦੀ ਹੈ, ਉਹ ਸਾਡੀ ਆਤਮਾ ਵੱਲੋਂ ਜਾਰੀ ਕੀਤਾ ਫ਼ੁਰਮਾਨ ਹੁੰਦਾ ਹੈ, ਅਰਥਾਤ ਉਹ ਫ਼ੁਰਮਾਨ ਰੱਬ ਨੇ ਆਪ ਜਾਰੀ ਕੀਤਾ ਹੁੰਦਾ ਹੈ। ਅਸੀਂ ਆਪਣੇ ਅੰਦਰੋਂ ਇਹ ਉੱਠੀ ਸੇਧ ਸੁਣਦੇ ਵੀ ਹਾਂ, ਮਹਿਸੂਸ ਵੀ ਕਰਦੇ ਹਾਂ, ਪਰ ਫਿਰ ਸੋਚਦੇ ਹਾਂ ਇਹ ਘਾਟੇ ਵਾਲਾ ਸੌਦਾ ਹੈ, ਅਸੀਂ ਤਾਂ ਇੱਥੇ ਹਰ ਉਹ ਕੰਮ ਕਰਨਾ ਹੈ ਜੋ ਦੁਨਿਆਵੀ ਤੌਰ 'ਤੇ ਫ਼ਾਇਦੇਮੰਦ ਹੈ ਅਤੇ ਇਉਂ ਸ਼ੈਤਾਨ ਦੀ ਦਿੱਤੀ ਸੇਧ ਸਾਡੇ ਉੱਤੇ ਭਾਰੂ ਹੋ ਜਾਂਦੀ ਹੈ। ਹਾਲਾਂ ਵੀ ਕੁਝ ਨਹੀਂ ਗਿਆ, ਅਸੀਂ ਅੱਜ ਤੋਂ ਹੀ ਆਪਣੀ ਸੁਧਾਈ ਦਾ ਕਾਰਜ ਆਰੰਭ ਕਰ ਸਕਦੇ ਹਾਂ। ਅਸੀਂ ਕੁਝ ਨਹੀਂ ਕਰਨਾ, ਬਸ ਆਪਣੀ ਆਤਮਾ ਦੀ ਆਵਾਜ਼ ਸੁਣਨੀ ਹੈ। ਹਰ ਕਾਰਜ ਤੋਂ ਪਹਿਲਾਂ ਇਹ ਆਤਮਾ ਦੀ ਆਵਾਜ਼ ਉੱਠਦੀ ਹੈ ਅਤੇ ਸਾਡੀ ਅਗਵਾਈ ਕਰਦੀ ਹੈ। ਅਸੀਂ ਤਾਂ ਬਸ ਅੱਜ ਤੋਂ ਇਸ ਅੰਦਰੋਂ ਉੱਠੀ ਆਵਾਜ਼ ਦੀ ਪਛਾਣ ਕਰਨੀ ਹੈ ਅਤੇ ਉਸ ਆਵਾਜ਼ ਨੂੰ ਰੱਬ ਦਾ ਐਲਾਨ ਸਮਝ ਕੇ ਸਵੀਕਾਰ ਕਰਨਾ ਹੈ। ਇਹ ਤਾਂ ਨਿੱਕੀ ਜਿਹੀ ਗੱਲ ਹੈ ਅਤੇ ਇਤਨੀ ਕੁ ਗੱਲ ਜਾਣਨ ਲਈ ਪਾਂਧੇ ਪਾਸ ਜਾਣ ਦੀ ਜ਼ਰੂਰਤ ਨਹੀਂ ਹੁੰਦੀ।

## ਫ਼ੋਕੀਆਂ ਗੱਲਾਂ ਗਿਆਨ ਨਹੀਂ ਹੈ

ਇਸ ਦੁਨੀਆਂ ਵਿੱਚ ਪੱਕੀਆਂ ਗੱਲਾਂ ਦਾ ਢੇਰ ਲੱਗ ਗਿਆ ਹੈ। ਅਸਲੀ ਗਿਆਨ ਦੀਆਂ ਗੱਲਾਂ ਵੀ ਫ਼ੋਕੀਆਂ ਗੱਲਾਂ ਦੀ ਧੂੜ ਥੱਲੇ ਦੱਬ ਗਈਆਂ ਹਨ। ਅਸਲ ਗੱਲਾਂ ਤਾਂ ਜਦੋਂ ਦੀਆਂ ਆਖੀਆਂ ਜਾ ਚੁੱਕੀਆਂ ਹਨ ਬਾਕੀ ਲੋਕੀਂ ਵਿਆਖਿਆ ਕਰਨ ਦੇ ਬਹਾਨੇ ਆਪਣੀਆਂ ਫ਼ੋਕੀਆਂ ਗੱਲਾਂ ਸਾਡੇ ਗਲ੍ਹ ਪਾਉਣ ਦੀ ਕੋਸ਼ਿਸ਼ ਕਰਦੇ ਰਹੇ ਹਨ। ਅਸੀਂ ਅਸਲ ਗਿਆਨ ਬਾਰੇ ਜਾਣ ਹੀ ਨਹੀਂ ਸਕੇ। ਇਹ ਫ਼ੋਕਾ ਗਿਆਨ ਜ਼ਿਆਦਾ ਚਮਕੀਲਾ ਸੀ। ਅੱਜ ਅਸੀਂ ਅਸਲ ਗਿਆਨ ਤੋਂ ਦੂਰ ਆ ਚੁੱਕੇ ਹਾਂ ਅਤੇ ਬਨਾਉਟੀ ਗਿਆਨ ਸਾਡੇ ਜੀਵਨ ਦਾ ਹਿੱਸਾ ਬਣ ਗਿਆ ਹੈ। ਇਸ ਬਨਾਉਟੀ ਗਿਆਨ ਨੇ ਹੀ ਸਾਡੀਆਂ ਵੰਡੀਆਂ ਪਾ ਦਿੱਤੀਆਂ ਹਨ ਅਤੇ ਅਸੀਂ ਹਰ ਉਸ ਆਦਮੀ ਦਾ ਕਤਲ ਕਰਨ ਤੱਕ ਚਲੇ ਜਾਂਦੇ ਹਾਂ ਜੋ ਸਾਡੇ ਵਰਗੀ ਸੋਚ ਨਹੀਂ ਰੱਖਦਾ। ਗਿਆਨ ਦਾ ਕੰਮ ਸੀ ਸਾਰੀ ਲੋਕਾਈ ਨੂੰ ਇਕ ਕਰਨਾ ਅਤੇ ਜਦੋਂ ਇਹ ਵੰਡੀਆਂ ਪੈ ਗਈਆਂ ਹਨ ਤਾਂ ਸਾਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਅਸੀਂ ਗ਼ਲਤ ਗਿਆਨ ਦੇ ਧਾਰਨੀ ਹੋ ਗਏ ਹਾਂ। ਦੁਨੀਆਂ ਦਾ ਇਤਿਹਾਸ ਸਿਆਹੀ ਨਾਲ ਨਹੀਂ ਲਿਖਿਆ ਗਿਆ ਬਲਕਿ ਮਨੁੱਖੀ ਲਹੂ ਨਾਲ ਲਿਖਿਆ ਗਿਆ ਹੈ ਅਤੇ ਇਹ ਲਹੂ ਵਹਾਉਣ ਦਾ ਸਿਲਸਿਲਾ ਉਦੋਂ ਹੀ ਸ਼ੁਰੂ ਹੋ ਗਿਆ ਹੈ ਜਦੋਂ ਅਸੀਂ ਅਸਲ ਗਿਆਨ ਛੱਡ ਕੇ ਫ਼ੋਕੇ ਗਿਆਨ ਦਾ ਸਹਾਰਾ ਲੈਣਾ ਸ਼ੁਰੂ ਕੀਤਾ ਹੈ। ਹਾਲਾਂ ਵੀ ਕੁਝ ਨਹੀਂ ਵਿਗੜਿਆ। ਅੱਜ ਵੀ ਅਗਰ ਸਮਿਆਂ ਦੀ ਮਿੱਟੀ ਝਾੜ ਕੇ ਅਸਲ ਗਿਆਨ ਦੀ ਗੱਲ ਕਰਨੀ ਸ਼ੁਰੂ ਕਰ ਦੇਈਏ ਤਾਂ ਸਾਡੇ ਵਿਚਕਾਰ ਜੋ ਦੂਰੀਆਂ ਬਣੀਆਂ ਹਨ, ਉਹ ਜਾਂਦੀਆਂ ਰਹਿਣਗੀਆਂ।

## ਮੁਕਤੀ ਦਾ ਰਾਹ

ਮੁਕਤੀ ਪ੍ਰਾਪਤ ਕਰਨ ਲਈ ਸਦਾ ਹੀ ਰੱਬ ਦੇ ਨੇੜੇ ਰਹਿਣਾ ਪੈਂਦਾ ਹੈ ਅਤੇ ਉਸ ਦੇ ਹੁਕਮ ਮੁਤਾਬਿਕ ਜੀਵਨ ਬਸਰ ਕਰਨਾ ਪੈਂਦਾ ਹੈ। ਅਸੀਂ ਜਦ ਵੀ ਆਪਣੇ ਧੁਰ-ਅੰਦਰੋਂ ਉੱਠੀ ਆਵਾਜ਼ ਨੂੰ ਅਣਸੁਣੀ ਕਰਕੇ ਮਨਮਾਨੀ ਕਰਦੇ ਹਾਂ ਤਾਂ ਗ਼ਲਤੀ ਕਰ ਰਹੇ ਹੁੰਦੇ ਹਾਂ। ਸਿਰਫ਼ ਗ਼ਲਤੀ ਹੀ ਨਹੀਂ ਕਰ ਰਹੇ ਹੁੰਦੇ, ਬਲਕਿ ਬਹੁਤੀਆਂ ਹਾਲਤਾਂ ਵਿੱਚ ਪਾਪ ਕਰ ਰਹੇ ਹੁੰਦੇ ਹਾਂ। ਪਾਪ ਕਰਨ ਦਾ ਸਿਲਸਿਲਾ ਇਕ ਵਾਰੀ ਜਾਰੀ ਹੋ ਜਾਵੇ ਤਾਂ ਖ਼ਤਮ ਹੋਣ ਉੱਤੇ ਨਹੀਂ ਆਉਂਦਾ। ਇਸੇ ਤਰ੍ਹਾਂ ਅਗਰ ਅਸੀਂ ਆਪਣੀ ਆਤਮਾ ਤੋਂ ਉੱਠੀ ਆਵਾਜ਼ ਸੁਣਨ ਦਾ ਰਸਤਾ ਅਪਣਾ ਲਈਏ ਤਾਂ ਇਹ ਵੀ ਸਾਡੀ ਆਦਤ ਬਣ ਜਾਂਦੀ ਹੈ। ਅਸੀਂ ਹਰ ਕੰਮ ਤੋਂ ਪਹਿਲਾਂ ਆਪਣੇ ਅੰਦਰੋਂ ਉਠਦੇ ਰੱਬੀ ਆਦੇਸ਼ ਨੂੰ ਸੁਣਨਾ ਸ਼ੁਰੂ ਕਰ ਦਿੰਦੇ ਹਾਂ। ਸਾਡੀ ਬੋਲੀ ਬਦਲ ਜਾਂਦੀ ਹੈ, ਸਾਡਾ ਵਤੀਰਾ ਬਦਲ ਜਾਂਦਾ ਹੈ, ਸਾਡੀ ਸੋਚ ਉਸਾਰੂ ਹੋ ਜਾਂਦੀ ਹੈ, ਸਾਡੇ ਅੰਦਰੋਂ ਵੈਰ-ਵਿਰੋਧ ਅਤੇ ਵਿਤਕਰਾ ਜਾਂਦਾ ਰਹਿੰਦਾ ਹੈ, ਇਨਸਾਨ ਤੋਂ ਇਨਸਾਨ ਤੱਕ ਦੀਆਂ ਦੂਰੀਆਂ ਮਿਟ ਜਾਂਦੀਆਂ ਹਨ। ਹਰ ਕੋਈ ਆਪਣਾ-ਆਪਣਾ ਅਤੇ ਨਜ਼ਦੀਕੀ ਰਿਸ਼ਤੇਦਾਰ ਲੱਗਣ ਲੱਗ ਪੈਂਦਾ ਹੈ ਅਤੇ ਜਦੋਂ ਐਸੀ ਸੋਚ ਦੇ ਧਾਰਨੀ ਹੋ ਜਾਂਦੇ ਹਾਂ ਤਾਂ ਅਸੀਂ ਠੱਗੀਆਂ ਨਹੀਂ ਮਾਰਦੇ, ਕਿਸੇ ਦਾ ਹੱਕ ਨਹੀਂ ਹੜਪਦੇ, ਹਰ ਕਿਸੇ ਦੇ ਮੱਦਦਗਾਰ ਬਣ ਜਾਂਦੇ ਹਾਂ। ਐਸਾ ਆਦਮੀ ਮੁਕਤੀ ਜ਼ਰੂਰ ਪ੍ਰਾਪਤ ਕਰਦਾ ਹੈ ਅਤੇ ਇਹ ਸਾਰਾ ਕੁਝ ਕਰਨਾ ਸੌਖਾ ਵੀ ਹੈ ਅਤੇ ਸਾਡੇ ਆਪਣੇ ਉੱਤੇ ਨਿਰਭਰ ਕਰਦਾ ਹੈ, ਕਿਸੇ ਬਣੇ ਫਿਰਦੇ ਵੱਡੇ-ਵਡੇਰੇ ਪਾਸ ਜਾ ਕੇ ਸਿੱਖਿਆ ਲੈਣ ਦੀ ਜ਼ਰੂਰਤ ਨਹੀਂ ਪੈਂਦੀ, ਹਰ ਕੋਈ ਜ਼ਿੰਦਗੀ ਦਾ ਸਹੀ ਰਸਤਾ ਅਪਨਾ ਸਕਦਾ ਹੈ, ਹਰ ਕਿਸੇ ਦਾ ਹੱਕ ਬਣਦਾ ਹੈ ਕਿ ਉਹ ਮੁਕਤੀ ਪ੍ਰਾਪਤ ਕਰ ਲਵੇ।

## ਪਾਣੀ, ਅੱਗ ਅਤੇ ਵਾਯੂ

ਇਸ ਸੰਸਾਰ ਦੀ ਹੋਂਦ ਪਾਣੀ, ਅੱਗ ਅਤੇ ਵਾਯੂ ਉੱਤੇ ਨਿਰਭਰ ਕਰਦੀ ਹੈ। ਇਹ ਤਿੰਨੋਂ ਚੀਜ਼ਾਂ ਰੱਬ ਨੇ ਜ਼ਾਬਤੇ ਵਿੱਚ ਕਾਇਮ ਰੱਖੀਆਂ ਹੋਈਆਂ ਹਨ। ਅਸੀਂ ਸਾਰੇ ਜਾਣਦੇ ਹਾਂ ਕਿ ਪਾਣੀ ਵਿੱਚ ਐਸੀ ਸ਼ਕਤੀ ਹੈ ਕਿ ਉਹ ਦੁਨੀਆਂ ਨੂੰ ਰੋੜ੍ਹ ਕੇ ਲਿਜਾ ਸਕਦਾ ਹੈ। ਅੱਗ ਤੋਂ ਕੋਈ ਹੀ ਬਚ ਸਕਦਾ ਹੈ ਅਤੇ ਵਾਯੂ ਬਗ਼ੈਰ ਅਸੀਂ ਕੀ, ਦੁਨੀਆਂ ਦਾ ਕੋਈ ਵੀ ਜੀਵ ਅਤੇ ਪੌਦੇ ਜ਼ਿੰਦਾ ਨਹੀਂ ਰਹਿ ਸਕਦੇ। ਇਹ ਤਿੰਨੋਂ ਮਹਾਨ ਸ਼ਕਤੀਆਂ ਹਨ, ਇਹ ਸ਼ਕਤੀਆਂ ਸਾਨੂੰ ਜੀਵਨ ਪ੍ਰਦਾਨ ਕਰਦੀਆਂ ਹਨ। ਸਾਡਾ ਜੀਵਨ ਚਲਦਾ ਰੱਖਦੀਆਂ ਹਨ ਅਤੇ ਜਦੋਂ ਕਦੀ ਇਹ ਸ਼ਕਤੀਆਂ ਜ਼ਾਬਤੇ ਵਿੱਚ ਨਾ ਰਹਿਣ ਤਾਂ ਸਾਡਾ ਸਤਿਆਨਾਸ ਵੀ ਕਰ ਸਕਦੀਆਂ ਹਨ। ਸਾਡੇ ਅੰਦਰ ਵੀ ਪਰਮ ਪਿਤਾ ਪ੍ਰਮਾਤਮਾ ਨੇ ਅਨੇਕ ਸ਼ਕਤੀਆਂ ਪ੍ਰਦਾਨ ਕਰ ਰੱਖੀਆਂ ਹਨ ਅਤੇ ਅਸੀਂ ਬਹੁਤ ਹੀ ਜ਼ਾਬਤੇ ਅੰਦਰ ਰਹਿ ਕੇ ਉਨ੍ਹਾਂ ਸ਼ਕਤੀਆਂ ਦਾ ਪ੍ਰਯੋਗ ਕਰਨਾ ਹੈ।

## ਰੱਬ ਹੀ ਕਰਤਾ-ਧਰਤਾ ਹੈ

ਰੱਬ ਨੇ ਆਪ ਇਹ ਦੁਨੀਆਂ ਸਾਜੀ ਹੈ। ਰੱਬ ਆਪ ਹੀ ਇਸ ਦੁਨੀਆਂ ਨੂੰ ਚਲਦਾ ਰੱਖੀ ਆ ਰਿਹਾ ਹੈ। ਇਹ ਧਰਤੀ ਹੋਰ ਧਰਤੀਆਂ, ਹੋਰ ਬ੍ਰਹਿਮੰਡ, ਚੰਨ, ਸੂਰਜ, ਤਾਰੇ ਸਾਰਾ ਕੁਝ ਹੀ ਰੱਬ ਨੇ ਆਪ ਸਾਜਿਆ ਹੈ। ਹਰ ਇਕ ਦਾ ਅਸਥਾਨ ਨਿਸ਼ਚਿਤ ਕੀਤਾ ਹੈ, ਹਰੇਕ

ਨੂੰ ਗਤੀ ਦਿੱਤੀ ਹੈ। ਆਪ ਹੀ ਇਸ ਗਤੀ ਉੱਤੇ ਨਿਯੰਤਰਨ ਰੱਖਦਾ ਹੈ, ਆਪ ਹੀ ਸਾਜਦਾ ਹੈ, ਆਪ ਹੀ ਚਲਾਉਂਦਾ ਹੈ ਅਤੇ ਜਦੋਂ ਉਸ ਦਾ ਹੁਕਮ ਹੋਵੇ ਇਹ ਸਾਰਾ ਕੁਝ ਖ਼ਤਮ ਹੋ ਜਾਂਦਾ ਹੈ, ਉਡਪੁਡ ਜਾਂਦਾ ਹੈ। ਕਈ ਵਾਰੀ ਇਹ ਸਾਰਾ ਪਸਾਰਾ ਕੀਤਾ ਗਿਆ ਹੈ, ਕਈ ਵਾਰੀ ਇਹ ਕੁਦਰਤ ਸਾਜੀ ਗਈ ਹੈ, ਕਈ ਵਾਰੀ ਖ਼ਤਮ ਕੀਤੀ ਗਈ ਹੈ। ਅਸੀਂ ਮਨੁੱਖ ਰੱਬ ਦੀਆਂ ਸ਼ਕਤੀਆਂ ਦਾ ਮਾਪਤੋਲ ਨਹੀਂ ਕਰ ਸਕਦੇ। ਅਸੀਂ ਆਪ ਉਸ ਰੱਬ ਦੀ ਸਾਜੀ ਹੋਈ ਸ਼ੈਅ ਹਾਂ। ਅਸੀਂ ਤਾਂ ਆਪ ਉਸ ਦੇ ਹੁਕਮ ਅਨੁਸਾਰ ਚਲਦੇ ਹਾਂ, ਅਸੀਂ ਤਾਂ ਰੱਬ ਦੀਆਂ ਕੁਦਰਤਾਂ ਦੇਖ-ਦੇਖ ਆਪ ਹੈਰਾਨ ਪ੍ਰੇਸ਼ਾਨ ਹਾਂ। ਅਸੀਂ ਰੱਬ ਦਾ ਕੀ ਅੰਦਾਜ਼ਾ ਲਗਾ ਸਕਦੇ ਹਾਂ। ਅਸੀਂ ਤਾਂ ਹਾਲਾਂ ਇਹ ਵੀ ਨਹੀਂ ਜਾਣਦੇ ਕਿ ਕਿਤਨੀਆਂ ਧਰਤੀਆਂ ਹਨ, ਕਿਤਨੇ ਸੂਰਜ ਹਨ, ਕਿਤਨੇ ਚੰਦਰਮਾ ਹਨ ? ਅਸੀਂ ਤਾਰਿਆਂ ਦੀ ਗਿਣਤੀ ਨਹੀਂ ਕਰ ਸਕਦੇ, ਇਸ ਲਈ ਰੱਬ ਬੇਅੰਤ ਹੈ, ਅੱਜ ਤੱਕ ਰੱਬ ਬਾਰੇ ਜੋ ਕੁਝ ਵੀ ਆਖਿਆ ਗਿਆ ਹੈ, ਸਾਰਾ ਕੁਝ ਅਧੂਰਾ ਹੈ। ਰੱਬ ਦੀ ਹੋਂਦ ਦਾ ਪਾਸਕੂ ਵੀ ਨਹੀਂ ਹੈ। ਅਰਬਾਂ-ਖ਼ਰਬਾਂ ਅਰਥਾਤ ਅਣਗਿਣਤ ਮਨੁੱਖ ਆ ਚੁੱਕੇ ਹਨ, ਆ ਰਹੇ ਹਨ, ਫਿਰ ਜਾ ਰਹੇ ਹਨ। ਬਹੁਤ ਕੁਝ ਆਖ ਚੁੱਕੇ ਹਨ, ਬਹੁਤ ਕੁਝ ਆਖਿਆ ਜਾ ਰਿਹਾ ਹੈ ਪਰ ਹਾਲਾਂ ਤੱਕ ਇਹ ਮਨੁੱਖ ਰੱਬ ਦੀ ਵਿਆਖਿਆ ਨਹੀਂ ਕਰ ਪਾਇਆ।

## ਰੱਬ ਇਕ ਹੈ

ਰੱਬ ਇਕ ਹੈ, ਇਹ ਸਦਾ ਤੋਂ ਇਕ ਹੀ ਚਲਿਆ ਆ ਰਿਹਾ ਹੈ। ਅਸੀਂ ਕਈ ਧਰਮਾਂ ਦੀ ਸਥਾਪਨਾ ਕਰ ਲਈ ਹੈ, ਹਰ ਧਰਮ ਦਾ ਬਾਣੀ ਚੁਣ ਲਿਆ ਹੈ। ਅਸੀਂ ਵੱਖ-ਵੱਖ ਧਰਮ-ਗਰੰਥ ਲਿਖ ਲਏ ਹਨ। ਅਸੀਂ ਵੱਖ-ਵੱਖ ਪੂਜਾ ਅਸਥਾਨ ਬਣਾ ਲਏ ਹਨ। ਅਸੀਂ ਰੱਬ ਦੀ ਪੂਜਾ ਕਰਨ ਦੇ ਵੱਖਰੇ-ਵੱਖਰੇ ਢੰਗ ਘੜ ਲਏ ਹਨ, ਅਸੀਂ ਸ਼ਕਲਾਂ-ਸੂਰਤਾਂ ਵੀ ਵੱਖ-ਵੱਖ ਬਣਾ ਲਈਆਂ ਹਨ ਤਾਂ ਕਿ ਦੂਰੋਂ ਹੀ ਸ਼ਨਾਖ਼ਤ ਕੀਤੀ ਜਾ ਸਕੇ ਕਿ ਅਸੀਂ ਇਸ ਧਰਮ ਨਾਲ ਸੰਬੰਧ ਰੱਖਦੇ ਹਾਂ। ਹਰੇਕ ਧਰਮ ਵਾਲੇ ਲੋਕੀਂ ਆਖਣ ਲੱਗ ਪਏ ਹਨ ਕਿ ਉਨ੍ਹਾਂ ਦਾ ਧਰਮ ਸਭ ਤੋਂ ਵਧੀਆ ਹੈ। ਉਹ ਦੂਜੇ ਧਰਮਾਂ ਦੇ ਲੋਕਾਂ ਨੂੰ ਘਟੀਆ ਦੱਸਦੇ ਹਨ। ਅਸੀਂ ਧਰਮਾਂ ਦੇ ਆਧਾਰ ਉੱਤੇ ਰਿਸ਼ਤੇ ਕਾਇਮ ਕਰਨ ਲੱਗ ਪਏ ਹਾਂ। ਅਸੀਂ ਰਸੋਈਆਂ ਵੱਖ ਕਰ ਲਈਆਂ ਹਨ, ਅਸੀਂ ਖਾਣੇ ਵੱਖ ਕਰ ਲਏ ਹਨ। ਅਗਰ ਮਨੁੱਖੀ ਇਤਿਹਾਸ ਉੱਤੇ ਨਜ਼ਰ ਮਾਰਦੇ ਹਾਂ ਤਾਂ ਮਨੁੱਖ ਉੱਤੇ ਮਨੁੱਖ ਜ਼ੁਲਮ ਕਰਦਾ ਰਿਹਾ ਹੈ ਅਤੇ ਬਹੁਤੇ ਜ਼ੁਲਮ ਧਰਮ ਦੇ ਨਾਮ ਉੱਤੇ ਹੁੰਦੇ ਰਹੇ ਹਨ। ਇਕ ਧਰਮ ਦੇ ਲੋਕੀਂ ਦੂਜੇ ਧਰਮ ਦੇ ਲੋਕਾਂ ਦਾ ਕਤਲ ਕਰਕੇ ਇਹ ਸੋਚਦੇ ਹਨ ਕਿ ਉਹ ਗ਼ਾਜ਼ੀ ਬਣ ਗਏ ਹਨ। ਜੋ ਮਾਰੇ ਜਾਂਦੇ ਰਹੇ ਹਨ ਉਹ ਆਪਣੇ ਆਪ ਨੂੰ ਸ਼ਹੀਦ ਸਮਝਦੇ ਰਹੇ ਹਨ। ਇਹ ਧਰਮਾਂ ਦੀਆਂ ਵੰਡੀਆਂ ਅੱਜ ਵੀ ਕਾਇਮ ਹਨ। ਰੱਬ ਭਾਵੇਂ ਇਕ ਹੈ ਪਰ ਅੱਜ ਦੇ ਮਨੁੱਖ ਨੇ ਰੱਬ ਦੀਆਂ ਵੰਡੀਆਂ ਪਾ ਕੇ ਰੱਖ ਦਿੱਤੀਆਂ ਹਨ। ਚੀਰ-ਫਾੜ ਕਰਕੇ ਰੱਖ ਦਿੱਤੀ ਹੈ। ਇਹੀ ਕਾਰਨ ਹੈ ਕਿ ਰੱਬ ਮਨੁੱਖ ਨਾਲ ਨਾਰਾਜ਼ ਹੈ।

## ਮਰਨ ਵਾਲਾ ਮਰ ਗਿਆ ਹੈ

ਅਸੀਂ ਮਨੁੱਖ ਹਾਂ, ਹਰ ਆਦਮੀ ਜੋ ਮਰਦਾ ਹੈ, ਉਹ ਕਿਸੇ ਨਾ ਕਿਸੇ ਰਿਸ਼ਤੇ ਨਾਲ ਸਾਡੇ ਨਾਲ ਜੁੜਿਆ ਹੁੰਦਾ ਹੈ। ਉਹ ਸਾਡੀਆਂ ਬਹੁਤ ਸਾਰੀਆਂ ਜ਼ਿੰਮੇਂਵਾਰੀਆਂ ਨਿਭਾਉਂਦਾ

ਹੈ। ਅਸੀਂ ਉਸ ਨੂੰ ਪਿਆਰ ਕਰਦੇ ਸਾਂ, ਉਸ ਦਾ ਵਿਛੋੜਾ ਇਕ ਵਾਰੀ ਸਾਨੂੰ ਰੋਣ ਉੱਤੇ ਮਜਬੂਰ ਕਰ ਦਿੰਦਾ ਹੈ ਅਤੇ ਹੌਲੀ-ਹੌਲੀ ਸਮਾਂ ਬੀਤਣ ਨਾਲ ਇਹ ਦੁੱਖ ਹੌਲਾ ਹੁੰਦਾ ਰਹਿੰਦਾ ਹੈ। ਫਿਰ ਕਦੀ ਖ਼ਤਮ ਵੀ ਹੋ ਜਾਂਦਾ ਹੈ। ਅਸੀਂ ਉਸ ਆਦਮੀ ਦੀ ਹੋਂਦ ਤੋਂ ਬਗ਼ੈਰ ਵੀ ਜਿਊਣਾ ਸਿੱਖ ਲੈਂਦੇ ਹਾਂ। ਇਹ ਸਾਡੀ ਮਜਬੂਰੀ ਹੁੰਦੀ ਹੈ। ਅਸੀਂ ਕਿਸੇ ਨੂੰ ਆਪਣੀ ਮਰਜ਼ੀ ਨਾਲ ਜਿਊਂਦਾ ਨਹੀਂ ਰੱਖ ਸਕਦੇ। ਰੱਬ ਨੇ ਹਰੇਕ ਆਦਮੀ ਦੀ ਵੱਖਰੀ ਉਮਰ ਮਿੱਥ ਰੱਖੀ ਹੈ। ਹਰ ਕਿਸੇ ਨੇ ਮਰ ਜਾਣਾ ਹੈ। ਮਰਨਾ ਇਕ ਸੱਚਾਈ ਹੈ ਪਰ ਜਿਊਣਾ ਵੀ ਇਕ ਸੱਚਾਈ ਹੈ। ਅਸੀਂ ਕਿਸੇ ਦਾ ਗ਼ਮ ਲਗਾ ਕੇ ਜਿਊਂਦਿਆਂ ਮੋਇਆਂ ਵਰਗਾ ਜੀਵਨ ਬਤੀਤ ਨਹੀਂ ਕਰਨਾ। ਅਸੀਂ ਮਰ ਗਏ ਆਦਮੀ ਦੀਆਂ ਚੰਗੀਆਂ ਯਾਦਾਂ ਸਾਹਮਣੇ ਰੱਖ ਕੇ ਉਨ੍ਹਾਂ ਤੋਂ ਉਤਸ਼ਾਹ ਲੈਣਾ ਹੈ, ਉਸ ਦੀ ਮਿੱਠੀ-ਮਿੱਠੀ ਯਾਦ ਨੂੰ ਆਪਣਾ ਸਾਥੀ ਕਬੂਲਣਾ ਹੈ। ਅਸੀਂ ਇਹ ਨਹੀਂ ਸੋਚਣਾ ਉਹ ਤਾਂ ਮਰ ਗਿਆ ਹੈ। ਹੁਣ ਸਾਨੂੰ ਰੋਕਣ ਵਾਲਾ ਕੌਣ ਹੈ, ਐਸੀ ਸੋਚ ਗ਼ਲਤ ਹੈ, ਮਰ ਗਏ ਆਦਮੀ ਨੂੰ ਰੋਣ ਦੀ ਬਜਾਏ ਉਸ ਦੀਆਂ ਚੰਗੀਆਂ ਗੱਲਾਂ ਯਾਦ ਕਰਕੇ ਉਨ੍ਹਾਂ ਨੂੰ ਆਪਣੇ ਜੀਵਨ ਦਾ ਸਾਥੀ ਬਣਾਉਣਾ ਚਾਹੀਦਾ ਹੈ। ਜਿਵੇਂ ਉਹ ਸਾਡਾ ਸਹਾਰਾ ਬਣਿਆ ਹੋਇਆ ਸੀ ਅਤੇ ਅੱਜ ਸਾਨੂੰ ਉਸ ਦੀ ਯਾਦ ਆਉਂਦੀ ਹੈ, ਇਉਂ ਅੱਜ ਅਸੀਂ ਵੀ ਲੋਕਾਂ ਦਾ ਸਹਾਰਾ ਬਣਨਾ ਹੈ ਤਾਂ ਕਿ ਕੱਲ੍ਹ ਜਦੋਂ ਅਸੀਂ ਮਰ ਜਾਵਾਂਗੇ ਲੋਕੀਂ ਸਾਨੂੰ ਯਾਦ ਕਰਨ। ਐਸਾ ਅਸੀਂ ਸਾਰੇ ਕਰ ਸਕਦੇ ਹਾਂ।

## ਲੋਕਾਂ ਵਿੱਚ ਇੱਜ਼ਤ ਕਾਇਮ ਰੱਖੋ

ਇਹ ਸਾਡੇ ਆਲੇ-ਦੁਆਲੇ ਵਸਦੇ ਲੋਕੀਂ ਸਾਨੂੰ ਪਿਆਰ ਵੀ ਕਰਦੇ ਹਨ, ਨਫ਼ਰਤ ਵੀ ਕਰਦੇ ਹਨ। ਸਤਿਕਾਰ ਵੀ ਕਰਦੇ ਹਨ ਅਤੇ ਸਾਡੀ ਬੇਇੱਜ਼ਤੀ ਕਰਨ ਦਾ ਮੌਕਾ ਵੀ ਭਾਲਦੇ ਰਹਿੰਦੇ ਹਨ। ਇਹ ਹੁਣ ਸਾਡੇ ਤੱਕ ਨਿਰਭਰ ਹੈ ਕਿ ਅਸੀਂ ਲੋਕਾਂ ਦੀਆਂ ਨਜ਼ਰਾਂ ਵਿੱਚ ਕੈਸਾ ਅਸਥਾਨ ਪ੍ਰਾਪਤ ਕਰਨਾ ਚਾਹੁੰਦੇ ਹਾਂ। ਇਹ ਲੋਕੀਂ ਸਾਡਾ ਲਿਹਾਜ਼ ਨਹੀਂ ਕਰਦੇ, ਅਸੀਂ ਇਨ੍ਹਾਂ ਦੇ ਦਿਲਾਂ ਉੱਤੇ ਕਾਬੂ ਨਹੀਂ ਪਾ ਸਕਦੇ। ਇਹ ਤਾਂ ਸਾਡਾ ਲੋਕਾਂ ਪ੍ਰਤੀ ਰਵੱਈਆ ਹੈ ਜਿਸ ਨੇ ਉਨ੍ਹਾਂ ਦੇ ਦਿਲਾਂ ਵਿੱਚ ਅਸਥਾਨ ਬਣਾਉਣਾ ਹੈ। ਅਸੀਂ ਲੋਕਾਂ ਵਾਸਤੇ ਕੀ ਕਰਦੇ ਹਾਂ, ਅਗਰ ਸਾਨੂੰ ਮਿਲ ਪੈਣ ਤਾਂ ਅਸੀਂ ਉਨ੍ਹਾਂ ਨਾਲ ਕੈਸਾ ਵਿਉਹਾਰ ਕਰਦੇ ਹਾਂ, ਕੈਸਾ ਬੋਲਦੇ ਹਾਂ, ਕੀ ਕੁਝ ਦਿੰਦੇ ਹਾਂ, ਕੀ ਕੁਝ ਲੈ ਲੈਂਦੇ ਹਾਂ, ਨਿੱਕੀਆਂ-ਨਿੱਕੀਆਂ ਮਿਲਣੀਆਂ ਸਾਡੀ ਹੋਂਦ ਕਾਇਮ ਕਰਦੀਆਂ ਹਨ, ਅਸੀਂ ਅਗਰ ਇਹ ਸੋਚੀਏ ਕੱਲ੍ਹ ਵਕਤ ਆਉਣ ਉੱਤੇ ਅਸੀਂ ਚੰਗਾ ਵਿਉਹਾਰ ਵੀ ਕਰ ਲਿਆ ਕਰਾਂਗੇ ਤਾਂ ਐਸੀ ਸੋਚ ਵੀ ਗ਼ਲਤ ਹੈ। ਇਨ੍ਹਾਂ ਲੋਕਾਂ ਨੇ ਜੋ ਪਹਿਲੀ ਮਿਲਣੀ ਉੱਤੇ ਹੀ ਸਾਡੇ ਪ੍ਰਤੀ ਸੋਚ ਲੈਣਾ ਹੈ, ਉਹੀ ਉਨ੍ਹਾਂ ਦੀ ਸਾਰੀ ਜ਼ਿੰਦਗੀ 'ਚ ਕਾਇਮ ਰਹਿਣਾ ਹੈ। ਇਸ ਕਰਕੇ ਅਸੀਂ ਹਰੇਕ ਨਾਲ ਆਪਣੀ ਮਿਲਣੀ ਨੂੰ ਪਹਿਲੀ ਅਤੇ ਅੰਤਿਮ ਮਿਲਣੀ ਸਮਝ ਕੇ ਮਿਲਣਾ ਹੈ। ਅਸੀਂ ਲੋਕਾਂ ਦੇ ਦਿਲਾਂ ਵਿੱਚ ਅਸਥਾਨ ਬਣਾਉਣ ਲਈ ਆਪ ਯਤਨ ਕਰਨਾ ਹੈ। ਸੋ ਅੱਜ ਤੋਂ ਹੀ ਅਸੀਂ ਸੁਚੇਤ ਹੋ ਕੇ ਰਹਿਣਾ ਹੈ, ਕੋਸ਼ਿਸ਼ ਕਰਨੀ ਹੈ ਕਿ ਅਸੀਂ ਹਰੇਕ ਉੱਤੇ ਵਧੀਆ ਪ੍ਰਭਾਵ ਛੱਡ ਕੇ ਜਾਈਏ। ਐਸਾ ਰਸਤਾ ਅਖ਼ਤਿਆਰ ਕਰਨਾ ਸਾਡੇ ਲਈ ਮੁਸ਼ਕਿਲ ਨਹੀਂ ਹੈ।

## ਮਨ ਸਾਫ਼ ਹੋਵੇ—ਰੱਬ ਪੂਜਿਆ ਜਾਂਦਾ ਹੈ

ਅਸੀਂ ਰੱਬ ਦੀ ਪੂਜਾ ਕਰਨ ਲਈ ਜੋ ਵੀ ਅਡੰਬਰ ਕਰਦੇ ਹਾਂ ਗ਼ਲਤ ਹਨ। ਰੱਬ ਸਾਫ਼ ਮਨਾਂ ਅੰਦਰ ਰਹਿੰਦਾ ਹੈ, ਅਸੀਂ ਮਨ ਸਾਫ਼ ਕਰ ਲਈਏ ਤਾਂ ਰੱਬ ਆਪ ਹੀ ਇਸ ਵਿੱਚ ਆ ਵਸਦਾ ਹੈ। ਫਿਰ ਰੱਬ ਦਾ ਸਾਥ ਮਿਲ ਜਾਂਦਾ ਹੈ, ਰੱਬ ਦੀ ਅਗਵਾਈ ਮਿਲਣ ਲੱਗ ਪੈਂਦੀ ਹੈ। ਨਾ ਕਿਧਰੇ ਜਾਣ ਦੀ ਜ਼ਰੂਰਤ ਪੈਂਦੀ ਹੈ ਅਤੇ ਨਾ ਹੀ ਅਡੰਬਰ ਰਚਣ ਦੀ ਜ਼ਰੂਰਤ ਪੈਂਦੀ ਹੈ। ਰੱਬ ਦੀ ਪੂਜਾ ਕਰਨ ਦੀਆਂ ਗੱਲਾਂ ਅਤੇ ਢੰਗ-ਤਰੀਕੇ ਅਸੀਂ ਮਨੁੱਖਾਂ ਨੇ ਆਪ ਹੀ ਕੱਢੇ ਹਨ। ਰੱਬ ਇਨ੍ਹਾਂ ਤਰੀਕਿਆਂ ਤੋਂ ਖ਼ੁਸ਼ ਨਹੀਂ ਹੁੰਦਾ, ਰੱਬ ਸਾਡੇ ਮਾਤਾ-ਪਿਤਾ ਵਾਂਗ ਹੈ। ਆਪਣੇ ਮਾਤਾ-ਪਿਤਾ ਨੂੰ ਖ਼ੁਸ਼ ਕਰਨ ਲਈ ਉਨ੍ਹਾਂ ਅੱਗੇ ਨਾ ਤਾਂ ਰਾਗ ਅਲਾਪਣੇ ਪੈਂਦੇ ਹਨ ਅਤੇ ਨਾ ਹੀ ਸਮਾਧੀਆਂ ਲਗਾਉਣੀਆਂ ਪੈਂਦੀਆਂ ਹਨ। ਮਾਤਾ-ਪਿਤਾ ਦੇ ਮਨ ਅੰਦਰ ਆਪਣੇ ਬੱਚਿਆਂ ਲਈ ਪਿਆਰ ਹੁੰਦਾ ਹੈ ਅਤੇ ਉਹ ਝਟ ਪਛਾਣ ਜਾਂਦੇ ਹਨ ਕਿ ਉਨ੍ਹਾਂ ਦਾ ਬੱਚਾ ਸੰਕਟ ਵਿੱਚ ਹੈ। ਬਹੁਤੇ ਅੱਖਰਾਂ ਵਿੱਚ ਮਾਤਾ-ਪਿਤਾ ਨੂੰ ਗੱਲ ਨਹੀਂ ਸਮਝਾਉਣੀ ਪੈਂਦੀ। ਅਸੀਂ ਜਦੋਂ ਕਰਮ ਕਾਂਡ ਦੀਆਂ ਗੱਲਾਂ ਕਰਕੇ ਰੱਬ ਨੂੰ ਰਿਝਾਉਣ ਦੀਆਂ ਕੋਸ਼ਿਸ਼ਾਂ ਕਰਨੀਆਂ ਸ਼ੁਰੂ ਕਰਦੇ ਹਾਂ ਤਾਂ ਗ਼ਲਤ ਹੋ ਜਾਂਦੇ ਹਾਂ।

ਰੱਬ ਤਾਂ ਹਮੇਸ਼ਾ ਇਹੀ ਚਾਹੁੰਦਾ ਹੈ ਕਿ ਅਸੀਂ ਆਪਣਾ ਮਨ ਸਾਫ਼ ਕਰਕੇ ਦੁਨੀਆਂ ਭਰ ਦੇ ਲੋਕਾਂ ਨਾਲ ਪਿਆਰ ਪਾ ਲਈਏ, ਕਿਸੇ ਲਈ ਮਾੜੀ ਭਾਵਨਾ ਨਾ ਰੱਖੀਏ। ਰੱਬ ਤਾਂ ਇਤਨਾ ਕੁਝ ਕਰਨ ਉੱਤੇ ਹੀ ਖ਼ੁਸ਼ ਹੋ ਜਾਂਦਾ ਹੈ, ਫਿਰ ਸਾਡੀ ਹਰ ਅਰਦਾਸ ਸਵੀਕਾਰ ਕਰਨ ਲੱਗ ਪੈਂਦਾ ਹੈ। ਜਦੋਂ ਅਸੀਂ ਵੈਰ-ਵਿਰੋਧ, ਨਫ਼ਰਤ ਦੀ ਭਾਵਨਾ ਤੋਂ ਆਜ਼ਾਦ ਹੋ ਕੇ ਹਰੇਕ ਨੂੰ ਪਿਆਰ ਕਰਦੇ ਹਾਂ ਤਾਂ ਫਿਰ ਸਾਡਾ ਮਨ ਸਾਫ਼ ਹੋ ਆਉਂਦਾ ਹੈ, ਕੋਈ ਬਹੁਤਾ ਤਰੱਦਦ ਕਰਨ ਦੀ ਜ਼ਰੂਰਤ ਨਹੀਂ ਰਹਿੰਦੀ। ਅਸੀਂ ਹਰ ਕੋਈ ਐਸਾ ਕਰ ਸਕਦੇ ਹਾਂ। ਕੋਈ ਵੱਡਾ ਗੁਣੀ ਗਿਆਨੀ ਅਤੇ ਵਿਦਵਾਨ ਹੋਣ ਦੀ ਜ਼ਰੂਰਤ ਨਹੀਂ ਹੁੰਦੀ। ਜੋ ਵਿੱਦਿਆ ਸਾਨੂੰ ਉਲਝਣਾਂ ਵਿੱਚ ਪਾਵੇ ਅਤੇ ਸੌਖੇ ਰਸਤਿਆਂ ਦੀ ਪਛਾਣ ਨਾ ਕਰਾਵੇ, ਉਹ ਸਹੀ ਵਿੱਦਿਆ ਨਹੀਂ ਹੈ। ਰੱਬ ਸਿੱਧੇ-ਸਾਦੇ ਬੰਦਿਆਂ ਦੇ ਜ਼ਿਆਦਾ ਨੇੜੇ ਰਹਿੰਦਾ ਹੈ।

## ਰੱਬ ਦੀ ਦੁਨੀਆਂ ਤੋਂ ਦੂਰ ਰੱਬ ਤੋਂ ਦੂਰ

ਇਹ ਦੁਨੀਆਂ ਰੱਬ ਨੇ ਆਪ ਸਾਜੀ ਹੈ ਅਤੇ ਸਾਡੇ ਰਹਿਣ ਲਈ ਸਾਜੀ ਹੈ। ਇਸ ਦੁਨੀਆਂ ਦੀ ਹਰ ਸ਼ੈਅ ਰੱਬ ਨੇ ਸਾਡੇ ਲਈ ਬਣਾਈ ਹੈ, ਰੱਬ ਦੀਆਂ ਸਾਜੀਆਂ ਨਿਆਮਤਾਂ ਵਿੱਚ ਸਾਡਾ ਹਿੱਸਾ ਮੁਕੱਰਰ ਹੈ। ਅਸੀਂ ਆਪਣੇ ਹਿੱਸੇ ਦੀ ਪਛਾਣ ਕਰਨੀ ਹੈ, ਉਸ ਨੂੰ ਪ੍ਰਾਪਤ ਵੀ ਕਰਨਾ ਹੈ ਅਤੇ ਉਸ ਦਾ ਬਣਦਾ ਅਨੰਦ ਵੀ ਮਾਣਨਾ ਹੈ। ਅਸੀਂ ਦੂਜਿਆਂ ਦੇ ਹੱਕਾਂ ਦਾ ਵੀ ਖ਼ਿਆਲ ਕਰਨਾ ਹੈ। ਦੂਜਿਆਂ ਦੇ ਹੱਕਾਂ ਉੱਤੇ ਛਾਪਾ ਨਹੀਂ ਮਾਰਨਾ, ਕਮਜ਼ੋਰ ਅਤੇ ਬੇਸਹਾਰਾ ਲੋਕਾਂ ਦੇ ਹੱਕ ਨਹੀਂ ਖੋਹਣੇ ਬਲਕਿ ਉਨ੍ਹਾਂ ਲੋਕਾਂ ਉੱਤੇ ਰੋਕ ਲਗਾਉਣੀ ਹੈ ਜੋ ਕਮਜ਼ੋਰ ਅਤੇ ਬੇਸਹਾਰਾ ਲੋਕਾਂ ਦੇ ਹੱਕਾਂ ਉੱਤੇ ਛਾਪਾ ਮਾਰਦੇ ਹਨ। ਅਸੀਂ ਆਪਣੇ ਹਿੱਸੇ ਆਈਆਂ ਨਿਆਮਤਾਂ ਦਾ ਆਨੰਦ ਮਾਣਨਾ ਹੈ ਪਰ ਅਸੀਂ ਆਨੰਦ ਮਾਣਨ ਲੱਗਿਆਂ ਕੋਈ ਐਸੀ ਹਰਕਤ ਨਹੀਂ ਕਰਨੀ ਜੋ ਦੂਜਿਆਂ ਦੇ ਮਨ ਅੰਦਰ ਸਾੜਾ ਅਤੇ ਈਰਖਾ ਪੈਦਾ ਕਰਦੀ ਹੋਵੇ। ਅਸੀਂ ਰੱਬ ਦੀਆਂ ਦਿੱਤੀਆਂ ਦਾਤਾਂ ਉਨ੍ਹਾਂ ਲੋਕਾਂ ਨਾਲ ਵੀ ਸਾਂਝੀਆਂ ਕਰਨੀਆਂ ਹਨ ਜਿਨ੍ਹਾਂ ਨੂੰ ਸਾਡੀ ਮੱਦਦ ਦੀ ਜ਼ਰੂਰਤ ਹੈ।

ਅਸੀਂ ਰੱਬ ਦੀਆਂ ਦਿੱਤੀਆਂ ਦਾਤਾਂ ਦਾ ਆਨੰਦ ਮਾਣਨਾ ਹੈ ਅਤੇ ਭਰਪੂਰ ਜੀਵਨ ਬਸਰ ਕਰਨ ਦੀ ਜੁਰਅੱਤ ਕਰਨੀ ਹੈ। ਉਹ ਲੋਕੀਂ ਗ਼ਲਤ ਹਨ ਜੋ ਰੱਬ ਦੀ ਸਾਜੀ ਇਸ ਦੁਨੀਆਂ ਤੋਂ ਨਸ ਕੇ ਜੰਗਲੀਂ ਜਾ ਬੈਠਦੇ ਹਨ, ਪਹਾੜਾਂ ਉੱਤੇ ਜਾ ਚੜ੍ਹਦੇ ਹਨ, ਭੁੱਖੇ ਰਹਿੰਦੇ ਹਨ, ਸਰੀਰ ਨੂੰ ਤਕਲੀਫ਼ਾਂ ਦਿੰਦੇ ਹਨ। ਰੱਬ ਨੇ ਸਾਨੂੰ ਇਸ ਦੁਨੀਆਂ ਅੰਦਰ ਦੁਨੀਆਂ ਦਾ ਆਨੰਦ ਮਾਨਣ ਭੇਜਿਆ ਹੈ, ਜਿਉਂਦੇ ਜੀਅ ਜ਼ਿੰਦਗੀ ਨੂੰ ਨਰਕ ਬਣਾ ਲੈਣ ਨਾਲ ਰੱਬ ਖ਼ੁਸ਼ ਨਹੀਂ ਹੁੰਦਾ, ਰੱਬ ਸਾਡੇ ਮਾਤਾ-ਪਿਤਾ ਵਾਂਗ ਉਦੋਂ ਖ਼ੁਸ਼ ਹੁੰਦਾ ਹੈ ਜਦੋਂ ਅਸੀਂ ਖ਼ੁਸ਼-ਖ਼ੁਸ਼ਹਾਲ ਜੀਵਨ ਬਸਰ ਕਰ ਰਹੇ ਹੁੰਦੇ ਹਾਂ। ਮਾਂ-ਬਾਪ ਵਾਂਗ ਰੱਬ ਵੀ ਸਾਡੇ ਦੁੱਖ ਬਰਦਾਸ਼ਤ ਨਹੀਂ ਕਰ ਪਾਉਂਦਾ।

## ਹੇ ਰੱਬਾ ! ਸਭ ਦੀ ਰੱਖਿਆ ਕਰ

ਸਾਡੀ ਇਹ ਅਰਦਾਸ ਹੋਣੀ ਚਾਹੀਦੀ ਹੈ ਕਿ ਹੇ ਰੱਬਾ ! ਸਭ ਦੀ ਰੱਖਿਆ ਕਰ। ਸਭ ਨੂੰ ਸੁੱਖ ਸ਼ਾਂਤੀ ਪ੍ਰਦਾਨ ਕਰ। ਕੋਈ ਭੁੱਖਾ ਨਾ ਮਰੇ। ਹਰ ਕਿਸੇ ਨੂੰ ਉਸ ਦੀ ਮਨ ਪਸੰਦ ਜ਼ਿੰਦਗੀ ਤੇ ਹਰ ਕਿਸੇ ਦੇ ਮਨ 'ਚੋਂ ਡਰ ਦੀ ਅਤੇ ਨਫ਼ਰਤ ਦੀ ਭਾਵਨਾ ਖ਼ਤਮ ਕਰ ਦੇ। ਕੋਈ ਕਿਸੇ ਦੇ ਹੱਕ ਉੱਤੇ ਨਜ਼ਰ ਨਾ ਰੱਖੇ। ਹਰ ਕਿਸੇ ਨੂੰ ਆਪਣੇ ਹੱਕਾਂ ਦੀ ਪਛਾਣ ਹੋ ਜਾਵੇ। ਹਰ ਪਾਸੇ ਪਿਆਰ ਹੀ ਪਿਆਰ ਦੀ ਭਾਵਨਾ ਫੈਲ ਜਾਵੇ, ਮਨੁੱਖ ਤੋਂ ਮਨੁੱਖ ਤੱਕ ਦੀਆਂ ਦੂਰੀਆਂ ਖ਼ਤਮ ਹੋ ਜਾਣ। ਇਹ ਮਜ਼ਹਬਾਂ ਦੀਆਂ ਦੀਵਾਰਾਂ ਖ਼ਤਮ ਹੋ ਜਾਣ। ਇਹ ਜਾਤ ਬਿਰਾਦਰੀਆਂ ਦੇ ਘੇਰੇ ਮੁਕ ਜਾਣ। ਇਹ ਮੁਲਕਾਂ ਦੀਆਂ ਸਰਹੱਦਾਂ ਖ਼ਤਮ ਹੋ ਜਾਣ, ਮਨੁੱਖ ਨੂੰ ਪਤਾ ਲੱਗ ਜਾਵੇ ਕਿ ਕਿਸੇ ਦੀ ਜਾਨ ਨਹੀਂ ਲੈਣੀ। ਹਰ ਮਨੁੱਖ ਦੀ ਸਮਝ ਵਿੱਚ ਆ ਜਾਵੇ ਕਿ ਜਦੋਂ ਇਕ ਮਨੁੱਖ ਰੋਂਦਾ ਹੈ ਤਾਂ ਰੱਬ ਦੀ ਕਰੋਪੀ ਸਾਰੀ ਦੁਨੀਆਂ ਦੇ ਸਿਰ ਪੈ ਸਕਦੀ ਹੈ। ਹੇ ਰੱਬਾ ! ਸਾਰਿਆਂ ਵਿੱਚ ਸਾਂਝੀਵਾਲਤਾ ਦਾ ਪ੍ਰਕਾਸ਼ ਕਰ, ਦੂਰੀਆਂ ਦੂਰ ਹੋ ਜਾਣ ਅਤੇ ਰੱਬ ਮਾਪਿਆਂ ਅਤੇ ਅਸੀਂ ਟੱਬਰ ਦੇ ਬਾਕੀ ਮੈਂਬਰ ਬਣ ਕੇ ਇਸ ਦੁਨੀਆਂ ਵਿੱਚ ਮੌਜਾਂ ਕਰਦੇ ਜ਼ਿੰਦਗੀ ਗੁਜ਼ਾਰ ਜਾਈਏ। ਅਸੀਂ ਦੁਨੀਆਂ ਭਰ ਦੇ ਲੋਕੀਂ ਅਗਰ ਐਸੀ ਪ੍ਰਾਰਥਨਾ ਕਰਦੇ ਹਾਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਇਹ ਦੁਨੀਆਂ ਹੀ ਸਵਰਗ ਬਣ ਜਾਵੇਗੀ ਅਤੇ ਅਸੀਂ ਕਿਸੇ ਹੋਰ ਸਵਰਗ ਦੀ ਇੱਛਾ ਦਾ ਤਿਆਗ ਕਰ ਦੇਵਾਂਗੇ।

## ਪਾਪ ਕਰਕੇ ਚੰਗੇ ਫਲ ਦੀ ਇੱਛਾ ਨਾ ਕਰੋ

ਹਰ ਮਾੜੇ ਕਰਮ ਦਾ ਨਤੀਜਾ ਮਾੜਾ ਨਿਕਲਦਾ ਹੈ। ਇਹ ਨਤੀਜਾ ਜਦ ਮਰਜ਼ੀ ਪਿਆ ਨਿਕਲੇ। ਅਸੀਂ ਚੰਗੇ ਕਰਮ ਕਰਦੇ ਹਾਂ ਤਾਂ ਰੱਬ ਸਹੀ ਨਤੀਜਾ ਕੱਢਦਾ ਹੈ। ਨਤੀਜਾ ਨਿਕਲਣ ਵਿੱਚ ਦੇਰੀ ਹੋ ਸਕਦੀ ਹੈ, ਪਰ ਇਸ ਦੇਰੀ ਤੋਂ ਘਬਰਾਉਣਾ ਨਹੀਂ ਚਾਹੀਦਾ, ਸਬਰ ਕਰਨਾ ਚਾਹੀਦਾ ਹੈ, ਰੱਬ ਉੱਤੇ ਵਿਸ਼ਵਾਸ ਰੱਖਣਾ ਚਾਹੀਦਾ ਹੈ। ਰੱਬ ਬੇਇਨਸਾਫ਼ੀ ਨਹੀਂ ਕਰਦਾ, ਰੱਬ ਤਰਫ਼ਦਾਰੀ ਨਹੀਂ ਕਰਦਾ, ਰੱਬ ਵਿਤਕਰਾ ਨਹੀਂ ਕਰਦਾ, ਰੱਬ ਕਿਸੇ ਨਾਲ ਨਫ਼ਰਤ ਨਹੀਂ ਕਰਦਾ। ਅਸੀਂ ਅਗਰ ਅੱਜ ਦੁੱਖ ਪਾ ਰਹੇ ਹਾਂ ਤਾਂ ਇਹ ਲਾਜ਼ਮੀ ਹੈ ਕਿ ਅਸੀਂ ਆਪਣੇ ਹੀ ਕਿਸੇ ਕੀਤੇ ਪਾਪ ਦਾ ਖ਼ਮਿਆਜ਼ਾ ਭੁਗਤ ਰਹੇ ਹਾਂ। ਜਿਸ ਬੰਦੇ ਨੇ ਭੇਤ ਪਾ ਲਿਆ ਹੈ, ਉਹ ਆਪਣੇ ਜੀਵਨ ਵਿੱਚ ਸੁਧਾਈ ਦਾ ਕੰਮ ਸ਼ੁਰੂ ਕਰ ਦਿੰਦਾ ਹੈ। ਉਹ ਪਾਪ ਕਰਨੋਂ ਹਟ ਜਾਂਦਾ ਹੈ ਅਤੇ ਇਉਂ ਹੌਲੀ-ਹੌਲੀ ਉਹ ਦੁੱਖਾਂ ਭਰੇ ਜੀਵਨ ਵਿੱਚੋਂ ਨਿਕਲ ਕੇ ਸੁੱਖਾਂ ਭਰੇ ਜੀਵਨ ਵੱਲ ਵਧ ਆਉਂਦਾ ਹੈ।

## ਕੌਣ ਗ਼ਰੀਬ-ਕੌਣ ਅਮੀਰ ?

ਅਸੀਂ ਗ਼ਰੀਬ ਹਾਂ ਤਾਂ ਇਹ ਵੀ ਰੱਬ ਦੀ ਮਰਜ਼ੀ ਨਾਲ ਹੋਇਆ ਹੈ, ਅਸੀਂ ਅਗਰ ਅਮੀਰ ਹਾਂ ਤਾਂ ਇਹ ਵੀ ਰੱਬ ਦੀ ਦਾਤ ਹੈ। ਅਸੀਂ ਤਾਂ ਬਸ ਪੁਤਲੇ ਹਾਂ, ਕੋਈ ਆਖੇ ਕਿ ਉਹ ਆਪਣੀਆਂ ਹਿੰਮਤਾਂ ਨਾਲ ਅਮੀਰ ਹੋਇਆ ਹੈ ਤਾਂ ਗ਼ਲਤ ਹੈ। ਕੋਈ ਆਖੇ ਉਹ ਆਪਣੀਆਂ ਗ਼ਲਤੀਆਂ ਕਾਰਨ ਗ਼ਰੀਬ ਹੋ ਗਿਆ ਹੈ ਤਾਂ ਇਹ ਵੀ ਗ਼ਲਤ ਹੈ। ਰੱਬ ਦੀ ਕੁਦਰਤ ਹੀ ਐਸੀ ਹੈ, ਉਸ ਨੇ ਆਪ ਇਹ ਵੰਡੀਆਂ ਪਾਈਆਂ ਲੱਗਦੀਆਂ ਹਨ। ਜਦੋਂ ਦੀ ਮਨੁੱਖ ਨੇ ਹੋਸ਼ ਸੰਭਾਲੀ ਹੈ, ਉਹ ਵੰਡੀਆਂ ਪਾਈ ਬੈਠਾ ਹੈ। ਅਰਬਾਂ-ਖ਼ਰਬਾਂ ਸਾਲ ਹੋ ਗਏ ਹਨ, ਇਹ ਵੰਡੀਆਂ ਪਈਆਂ ਹੋਈਆਂ ਹਨ, ਬਰਾਬਰਤਾ ਲਿਆਉਣ ਲਈ ਸੰਘਰਸ਼ ਜਾਰੀ ਹੈ। ਬਹੁਤ ਸਾਰੇ ਉਪਰਾਲੇ ਕੀਤੇ ਗਏ ਹਨ ਪਰ ਸਾਰੇ ਫੇਲ ਹੋ ਗਏ ਹਨ, ਇਹ ਬਰਾਬਰੀਆਂ ਘਟਣ ਦੀ ਬਜਾਏ ਵਧੀਆਂ ਹਨ। ਅਸੀਂ ਬਰਾਬਰਤਾ ਦਾ ਸਿਧਾਂਤ ਕਦੀ ਅਪਣਾ ਵੀ ਸਕਾਂਗੇ, ਇਸ ਬਾਰੇ ਕੁਝ ਨਹੀਂ ਆਖਿਆ ਜਾ ਸਕਦਾ, ਸਗੋਂ ਇਕ ਦੌੜ ਲੱਗ ਪਈ ਹੈ। ਅਮੀਰੀ ਦਾ ਮਜ਼ਾ ਹੀ ਨਿਰਾਲਾ ਹੈ, ਹਰ ਕੋਈ ਅਮੀਰ ਬਣਨਾ ਚਾਹੁੰਦਾ ਹੈ ਅਤੇ ਪੈਸੇ ਬਟੋਰਨ ਦੇ ਨਵੇਂ-ਨਵੇਂ ਸਾਧਨ ਹੋਂਦ ਵਿੱਚ ਆ ਰਹੇ ਹਨ। ਠੱਗੀਆਂ ਮਾਰਨੀਆਂ, ਚੋਰੀਆਂ ਕਰਨੀਆਂ, ਰਿਸ਼ਵਤਾਂ ਲੈਣੀਆਂ ਆਦਿ ਢੰਗ-ਤਰੀਕੇ ਆਮ ਵਰਤੇ ਜਾ ਰਹੇ ਹਨ। ਜਿਸ ਦੀ ਲਾਠੀ ਉਸ ਦੀ ਭੈਂਸ ਵਾਲੀ ਗੱਲ ਬਣਦੀ ਜਾ ਰਹੀ ਹੈ। ਅਸੀਂ ਸਾਰੇ ਰੱਬ ਅੱਗੇ ਅਰਦਾਸ ਹੀ ਕਰ ਸਕਦੇ ਹਾਂ, ਪਰ ਅਸੀਂ ਆਪ ਅਮੀਰ ਬਣਨ ਦੇ ਚੱਕਰ ਵਿੱਚ ਹਾਂ, ਸਾਡੀ ਅਰਦਾਸ ਪੂਰੀ ਨਹੀਂ ਹੋ ਸਕਦੀ। ਅਸੀਂ ਆਪਣੇ ਹੱਕ ਛੱਡਣ ਲਈ ਤਿਆਰ ਨਹੀਂ ਹਾਂ ਪਰ ਅਗਰ ਸਾਨੂੰ ਕਿਸੇ ਹੋਰ ਦੇ ਹੱਕ ਖੋਹਣ ਦਾ ਮੌਕਾ ਮਿਲੇ ਤਾਂ ਅਸੀਂ ਗੁਰੇਜ਼ ਨਹੀਂ ਕਰਦੇ। ਅਸੀਂ ਐਸੇ ਨਾਦਰ ਮੌਕੇ ਦਾ ਲਾਭ ਜ਼ਰੂਰ ਉਠਾਉਂਦੇ ਹਾਂ ਅਤੇ ਅਮੀਰ ਬਣਨ ਦੀ ਲਗਨ ਵੱਧਦੀ ਜਾਂਦੀ ਹੈ। ਕੁਝ ਲੋਕੀਂ ਅਮੀਰ ਹੋ ਗਏ ਹਨ ਅਤੇ ਕਿਉਂਕਿ ਇਨ੍ਹਾਂ ਅਮੀਰਾਂ ਦੀ ਭੁੱਖ ਦਾ ਅੰਤ ਨਹੀਂ ਪਾਇਆ ਜਾ ਸਕਦਾ, ਇਸ ਕਰਕੇ ਇਸ ਦੁਨੀਆਂ ਅੰਦਰ ਲੁੱਟ ਦਾ ਦੌਰ ਚੱਲ ਰਿਹਾ ਹੈ ਅਤੇ ਅਮੀਰ ਹੋਰ ਅਮੀਰ ਅਤੇ ਗ਼ਰੀਬ ਹੋਰ ਗ਼ਰੀਬ ਹੁੰਦਾ ਜਾ ਰਿਹਾ ਹੈ।

## ਆਪਣੇ ਦਿਮਾਗ਼ ਦੀ ਵਰਤੋਂ ਕਰਦੇ ਰਹੋ

ਅਸੀਂ ਸਰੀਰ ਦੀ ਵਰਤੋਂ ਕਰਦੇ ਰਹੀਏ ਤਾਂ ਸਰੀਰ ਚੱਲਦਾ ਰਹਿੰਦਾ ਹੈ। ਅਸੀਂ ਦਿਮਾਗ਼ ਦੀ ਵਰਤੋਂ ਨਾ ਕਰੀਏ ਤਾਂ ਦਿਮਾਗ਼ ਸੌਂ ਜਾਂਦਾ ਹੈ। ਕੰਮ ਕਰਨਾ ਬੰਦ ਕਰ ਦਿੰਦਾ ਹੈ। ਕਦੀ-ਕਦੀ ਅਸੀਂ ਕਿਸੇ ਹੋਰ ਦੇ ਵਿਚਾਰਾਂ ਦੇ ਗ਼ੁਲਾਮ ਹੋ ਜਾਂਦੇ ਹਾਂ। ਆਪਣੇ ਦਿਮਾਗ ਨਾਲ ਸੋਚਦੇ ਹੀ ਨਹੀਂ ਕਿ ਅਸੀਂ ਜੋ ਕੁਝ ਵੀ ਸੋਚਦੇ ਹਾਂ ਠੀਕ ਹੈ ਜਾਂ ਗ਼ਲਤ ਹੈ। ਸਰੀਰ ਦੀ ਗ਼ੁਲਾਮੀ ਨਾਲੋਂ ਵੀ ਖ਼ਿਆਲਾਂ ਦੀ ਗ਼ੁਲਾਮੀ ਜ਼ਿਆਦਾ ਖ਼ਤਰਨਾਕ ਹੈ। ਜੋ ਲੋਕੀਂ ਆਪਣੇ ਆਪ ਨੂੰ ਸਿਆਣਾ ਘੋਸ਼ਿਤ ਕਰਕੇ ਆਪਣੇ ਵਿਚਾਰਾਂ ਦਾ ਪ੍ਰਚਾਰ ਕਰਦੇ ਹਨ ਉਨ੍ਹਾਂ ਦੇ ਵਿਚਾਰ ਸੁਣ ਕੇ ਪਰਖ ਲੈਣੇ ਚਾਹੀਦੇ ਹਨ। ਅਗਰ ਸਾਡਾ ਦਿਮਾਗ਼ ਉਨ੍ਹਾਂ ਵਿਚਾਰਾਂ ਨੂੰ ਸਵੀਕਾਰ ਕਰਦਾ ਹੈ ਤਾਂ ਉਹ ਵਿਚਾਰ ਅਪਨਾਉਣ ਵਿਚ ਕੋਈ ਹਰਜ ਨਹੀਂ ਹੈ। ਪਰ ਸਿਰਫ਼ ਇਸ ਕਰਕੇ ਵਿਚਾਰ ਸਹੀ ਸਵੀਕਾਰ ਨਹੀਂ ਕਰ ਲੈਣੇ ਚਾਹੀਦੇ ਕਿ ਉਹ ਕਿਸੇ ਖ਼ਾਸ ਵਿਅਕਤੀ ਵਿਸ਼ੇਸ਼ ਦੇ ਮੂੰਹੋਂ ਨਿਕਲੇ ਹਨ। ਅਸੀਂ ਤਾਂ ਹਰ ਵਿਚਾਰ ਨੂੰ ਆਪ ਪਰਖਣਾ ਹੈ। ਅਸੀਂ ਆਪਣੀ ਇਕ ਵੱਖਰੀ ਹੋਂਦ ਹਾਂ ਅਤੇ ਸਾਡੇ ਪਾਸ ਵਿਚਾਰ ਵੀ ਵੱਖਰੇ

ਹਨ। ਅਸੀਂ ਅਗਰ ਵੱਖਰੀ ਹੋਂਦ ਹਾਂ ਤਾਂ ਸਾਡੇ ਵਿਚਾਰ ਵੀ ਵੱਖਰੇ ਹੋ ਸਕਦੇ ਹਨ। ਹੋ ਸਕਦਾ ਹੈ ਅਸੀਂ ਇਨ੍ਹਾਂ ਵੱਖਰੇ ਵਿਚਾਰਾਂ ਸਦਕਾ ਹੀ ਆਪਣੀ ਵੱਖਰੀ ਹੋਂਦ ਸਥਾਪਿਤ ਕਰਨ ਵਿਚ ਕਾਮਯਾਬ ਹੋ ਜਾਈਏ। ਸੋ ਸਾਨੂੰ ਆਪਣੇ ਦਿਮਾਗ਼ ਦੀ ਵਰਤੋਂ ਕਰਕੇ ਉਹ ਕਾਰਜ ਸਿਰੇ ਲਗਾ ਦੇਣਾ ਚਾਹੀਦਾ ਹੈ ਜਿਸ ਦੀ ਪੂਰਤੀ ਲਈ ਪਰਮ-ਪਿਤਾ ਪ੍ਰਮਾਤਮਾ ਨੇ ਸਾਨੂੰ ਇਸ ਦੁਨੀਆਂ ਵਿਚ ਭੇਜਿਆ ਹੈ।

## ਖ਼ਾਹਿਸ਼ਾਂ ਨੂੰ ਮਾਰੋ ਨਾ

ਮਨੁੱਖ ਖ਼ਾਹਿਸ਼ਾਂ ਦਾ ਪੁਤਲਾ ਹੈ ਅਤੇ ਇਨ੍ਹਾਂ ਖ਼ਾਹਿਸ਼ਾਂ ਦੀ ਪੂਰਤੀ ਲਈ ਹੀ ਆਦਮੀ ਜ਼ਿੰਦਗੀ ਵਿੱਚ ਸੰਘਰਸ਼ ਕਰਦਾ-ਕਰਦਾ ਉੱਚੀਆਂ ਪ੍ਰਾਪਤੀਆਂ ਕਰਦਾ ਹੈ। ਜੋ ਆਦਮੀ ਬਿਨਾਂ ਕਿਸੇ ਖ਼ਾਹਿਸ਼ ਦੇ ਕੰਮ ਕਰਦਾ ਹੈ ਉਹ ਉਸ ਆਦਮੀ ਵਾਂਗ ਹੈ ਜੋ ਬਧਾ ਚਟੀ ਭਰ ਰਿਹਾ ਹੈ। ਜੋ ਲੋਕੀਂ ਖ਼ਾਹਿਸ਼ਾਂ ਰੱਖਦੇ ਹਨ ਅਤੇ ਖ਼ਾਹਿਸ਼ਾਂ ਦੀ ਪੂਰਤੀ ਲਈ ਸੰਘਰਸ਼ ਕਰਨ ਦਾ ਬੀੜਾ ਚੁੱਕਦੇ ਰਹਿੰਦੇ ਹਨ, ਉਹ ਕਿਧਰੇ ਨਾ ਕਿਧਰੇ ਜ਼ਰੂਰ ਪੁੱਜਦੇ ਹਨ। ਭਗਵਾਨ ਕ੍ਰਿਸ਼ਨ ਜੀ ਵੀ ਸੰਘਰਸ਼ ਕਰਨ ਦੀ ਸਲਾਹ ਦਿੰਦੇ ਹਨ ਅਤੇ ਆਖਦੇ ਹਨ ਸੰਘਰਸ਼ ਕਰਦੇ ਰਹੋ। ਰੱਬ ਫਲ ਦਿੰਦਾ ਹੈ ਤਾਂ ਵਧੀਆ ਗੱਲ ਹੈ। ਫਲ ਪ੍ਰਾਪਤ ਨਹੀਂ ਹੁੰਦਾ ਤਾਂ ਬੰਦੇ ਨੂੰ ਨਿਰਾਸ਼ ਨਹੀਂ ਹੋਣਾ ਚਾਹੀਦਾ। ਅਰਥਾਤ ਮਨੁੱਖ ਦਾ ਕੰਮ ਹੈ ਕਰਮ ਕਰਨਾ ਅਤੇ ਕੋਈ ਵੀ ਕਰਮ ਅਗਰ ਪ੍ਰਾਪਤੀ ਦੀ ਖ਼ਾਹਿਸ਼ ਰੱਖ ਕੇ ਨਹੀਂ ਕੀਤਾ ਜਾਂਦਾ ਤਾਂ ਅਸੀਂ ਪੂਰਾ ਜ਼ੋਰ ਨਹੀਂ ਲਗਾ ਸਕਾਂਗੇ। ਖ਼ਾਹਿਸ਼ਾਂ ਹੀ ਮਨੁੱਖੀ ਤਰੱਕੀ ਦਾ ਆਧਾਰ ਹਨ। ਅੱਜ ਤੱਕ ਇਸ ਮਨੁੱਖ ਨੇ ਜੋ ਵੀ ਪ੍ਰਾਪਤੀਆਂ ਕੀਤੀਆਂ ਹਨ, ਉਨ੍ਹਾਂ ਦਾ ਆਧਾਰ ਖ਼ਾਹਿਸ਼ਾਂ ਹੀ ਰਿਹਾ ਹੈ। ਕਿਸਮਤ ਵਾਲੇ ਇਨਸਾਨਾਂ ਦੇ ਮਨ ਅੰਦਰ ਖ਼ਾਹਿਸ਼ਾਂ ਜਨਮ ਲੈਂਦੀਆਂ ਹਨ ਅਤੇ ਖ਼ਾਹਿਸ਼ਾਂ ਹੀ ਉਸ ਦਾ ਉਦੇਸ਼ ਤੈਅ ਕਰਦੀਆਂ ਹਨ ਅਤੇ ਇਹ ਖ਼ਾਹਿਸ਼ਾਂ ਹੀ ਹਨ ਜੋ ਮਨੁੱਖ ਨੂੰ ਗਤੀਸ਼ੀਲ ਕਰਦੀਆਂ ਹਨ ਅਤੇ ਬੰਦਾ ਪ੍ਰਗਤੀ ਕਰਦਾ ਰਹਿੰਦਾ ਹੈ। ਖ਼ਾਹਿਸ਼ਾਂ ਨੂੰ ਲਾਲਚ ਨਹੀਂ ਸਮਝਣਾ ਚਾਹੀਦਾ।

## ਅਸੀਂ ਰੱਬ ਦਾ ਹਿੱਸਾ ਹਾਂ

ਰੱਬ ਕੋਈ ਗੁੰਮ ਸ਼ੈਅ ਨਹੀਂ ਹੈ, ਅਸੀਂ ਰੱਬ ਦਾ ਹਿੱਸਾ ਹਾਂ। ਸਾਰੇ ਧਰਮਾਂ ਨੇ ਵੀ ਇਹ ਗੱਲ ਸਵੀਕਾਰ ਕਰ ਲਈ ਹੈ ਕਿ ਆਤਮਾ ਪਰਮਾਤਮਾ ਦਾ ਹਿੱਸਾ ਹੈ ਅਤੇ ਹਰ ਜੀਵ ਅੰਦਰ ਹਾਜ਼ਰ ਹੈ। ਇਹ ਆਤਮਾ ਸਾਡੀ ਰਹਿਨੁਮਾਈ ਕਰਦੀ ਰਹਿੰਦੀ ਹੈ। ਕਈ ਵਾਰੀ ਅਸੀਂ ਅੰਦਰੋਂ ਉੱਠੀ ਆਵਾਜ਼ ਦੀ ਪਛਾਣ ਕਰ ਲੈਂਦੇ ਹਾਂ। ਬਹੁਤ ਵਾਰੀ ਅਸੀਂ ਅੰਦਰੋਂ ਉੱਠੀ ਆਵਾਜ਼ ਨੂੰ ਸਵੀਕਾਰ ਨਹੀਂ ਕਰਦੇ। ਅਸੀਂ ਜਦੋਂ ਵੀ ਆਪਣੇ ਜੀਵਨ ਉੱਤੇ ਝਾਤੀ ਮਾਰਦੇ ਹਾਂ ਤਾਂ ਸਾਡੇ ਸਾਹਮਣੇ ਪਛਤਾਵੇ ਦੀਆਂ ਉਹ ਘਟਨਾਵਾਂ ਆ ਖਲੋਂਦੀਆਂ ਹਨ ਜਦੋਂ ਅਸੀਂ ਆਪਣੇ ਅੰਦਰੋਂ ਉੱਠੀ ਆਪਣੀ ਹੀ ਆਤਮਾ ਦੀ ਆਵਾਜ਼ ਅਣਸੁਣੀ ਕਰਕੇ ਹੋਰ ਦਾ ਹੋਰ ਕਰ ਬੈਠੇ ਸਾਂ। ਅਸੀਂ ਲੋਕਾਂ ਪਾਸ ਸਲਾਹ ਲੈਣ ਲਈ ਤੁਰ ਪੈਂਦੇ ਹਾਂ। ਆਪਣਾ ਸਮਾਂ ਨਸ਼ਟ ਕਰਦੇ ਹਾਂ। ਅਗਰ ਇਹੀ ਪ੍ਰਸ਼ਨ ਅਸੀਂ ਆਪਣੇ ਆਪ ਉੱਤੇ ਕਰਦੇ ਹਾਂ ਤਾਂ ਸਾਡੇ ਅੰਦਰੋਂ ਹੀ ਸਾਡੇ ਪ੍ਰਸ਼ਨਾਂ ਦਾ ਉੱਤਰ ਲੱਭ ਪੈਂਦਾ ਹੈ। ਐਸੇ ਲੋਕਾਂ ਨੂੰ ਮਨਮੁਖ ਨਹੀਂ ਆਖਿਆ ਜਾ ਸਕਦਾ। ਆਤਮਾ ਦੀ ਆਵਾਜ਼ ਸੁਣਨਾ ਸਾਡਾ ਫ਼ਰਜ਼ ਬਣਦਾ ਹੈ। ਜਦੋਂ ਅਸੀਂ ਆਪਣੀ ਆਤਮਾ ਨਾਲ ਗੱਲ ਕਰਦੇ ਹਾਂ ਤਾਂ ਸਮਝੋ ਅਸੀਂ ਪ੍ਰਮਾਤਮਾ ਨਾਲ ਗੱਲਾਂ

ਕਰ ਰਹੇ ਹਾਂ।

## ਅਸੀਂ ਜੈਸਾ ਕਰਦੇ ਹਾਂ ਵੈਸਾ ਭਰਦੇ ਹਾਂ

ਇਸ ਸੰਸਾਰ ਦੇ ਲੋਕੀਂ ਜੈਸਾ ਕਰਦੇ ਹਨ ਵੈਸਾ ਹੀ ਭਰਦੇ ਹਨ। ਅਗਰ ਅਸੀਂ ਮਾੜੇ ਕਰਮ ਕਰਦੇ ਹਾਂ ਤਾਂ ਸਮਝੋ ਅਸੀਂ ਆਪਣੇ ਲਈ ਆਪ ਹੀ ਮੁਸੀਬਤਾਂ ਸਹੇੜ ਰਹੇ ਹਾਂ। ਅਗਰ ਅੱਜ ਅਸੀਂ ਦੁੱਖ ਪਾ ਰਹੇ ਹਾਂ ਤਾਂ ਇਹ ਸਾਡੀ ਕਿਸੇ ਆਪਣੀ ਗ਼ਲਤੀ ਦਾ ਹੀ ਨਤੀਜਾ ਹੈ ਜੋ ਅਸੀਂ ਆਪਣੇ ਭੂਤ ਕਾਲ ਵਿੱਚ ਕਦੀ ਕੀਤੀ ਸੀ। ਅਸੀਂ ਗ਼ਲਤੀਆਂ ਕਰਕੇ ਭੁੱਲ ਜਾਣਾ ਪਸੰਦ ਕਰਦੇ ਹਾਂ ਪਰ ਰੱਬ ਸਾਡੀਆਂ ਗ਼ਲਤੀਆਂ ਨਹੀਂ ਭੁੱਲਦਾ। ਉਹ ਐਸੇ ਹਾਲਾਤ ਜ਼ਰੂਰ ਪੈਦਾ ਕਰਦਾ ਹੈ ਜਦੋਂ ਅਸੀਂ ਆਪਣੀਆਂ ਗ਼ਲਤੀਆਂ ਦਾ ਖ਼ਮਿਆਜ਼ਾ ਭੁਗਤਣ ਲਈ ਮਜਬੂਰ ਹੁੰਦੇ ਹਾਂ। ਸਾਨੂੰ ਵਕਤੀ ਲਾਭ ਧਿਆਨ ਵਿੱਚ ਰੱਖ ਕੇ ਆਪਣੀਆਂ ਕਾਰਵਾਈਆਂ ਨੂੰ ਸੇਧ ਦੇਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ਬਲਕਿ ਆਪਣੀ ਹਰ ਕਾਰਵਾਈ ਦੀ ਪਰਖ ਕਰਕੇ ਇਹ ਨਿਰਣਾ ਕਰਨਾ ਚਾਹੀਦਾ ਹੈ ਕਿ ਅਸੀਂ ਸਹੀ ਕਰਮ ਕਰ ਰਹੇ ਹਾਂ ਜਾਂ ਸਾਡਾ ਕਰਮ ਗ਼ਲਤ ਹੈ। ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਸ ਕਾਰਜ ਜਾਂ ਕਾਰਵਾਈ ਬਾਰੇ ਸਾਡੇ ਅੰਦਰੋਂ ਕੈਸੀ ਆਵਾਜ਼ ਉੱਠ ਰਹੀ ਹੈ ? ਅਗਰ ਸਾਡੀ ਅਗਵਾਈ ਕੀਤੀ ਜਾ ਰਹੀ ਹੈ ਕਿ ਅਸੀਂ ਸਾਹਮਣੇ ਆਇਆ ਕੰਮ ਨਹੀਂ ਕਰਨਾ ਤਾਂ ਉਹ ਨਹੀਂ ਕਰਨਾ ਚਾਹੀਦਾ। ਅਗਰ ਅੰਦਰੋਂ ਨਾਂਹ ਆਉਂਦੀ ਹੈ ਤਾਂ ਸਾਨੂੰ ਇਹ ਪਤਾ ਲੱਗ ਜਾਣਾ ਚਾਹੀਦਾ ਹੈ ਕਿ ਸਾਡੇ ਅੰਦਰ ਹਾਜ਼ਰ ਰੱਬ ਸਾਨੂੰ ਇਸ ਕਾਰਜ ਤੋਂ ਵਰਜਿਤ ਕਰ ਰਿਹਾ ਹੈ। ਇਸ ਦੇ ਅਰਥ ਇਹ ਵੀ ਸਾਫ਼ ਨਿਕਲਦੇ ਹਨ ਕਿ ਇਸ ਕਾਰਵਾਈ ਦੇ ਬੁਰੇ ਨਤੀਜੇ ਨਿਕਲਣਗੇ। ਜੋ ਲੋਕੀਂ ਅੰਦਰ ਦੀ ਆਵਾਜ਼ ਸੁਣ ਕੇ ਬੁਰੇ ਕੰਮਾਂ ਦੀ ਟਾਲ ਕਰ ਦਿੰਦੇ ਹਨ ਉਨ੍ਹਾਂ ਨੂੰ ਰੱਬ ਸੰਹੀ ਨਤੀਜੇ ਦਿੰਦਾ ਹੈ। ਰੱਬ ਵੱਲੋਂ ਭੇਜੀਆਂ ਸਜ਼ਾਵਾਂ ਸਾਨੂੰ ਤਾਂ ਹੀ ਮਿਲਣੀਆਂ ਹਨ, ਜੇਕਰ ਅਸੀਂ ਗ਼ਲਤ ਕਾਰਵਾਈ ਕਰਦੇ ਹਾਂ। ਵਰਨਾ ਰੱਬ ਤਾਂ ਸਾਡਾ ਜੀਵਨ ਖ਼ੁਸ਼ੀਆਂ ਨਾਲ ਭਰ ਦੇਣ ਦੀ ਇੱਛਾ ਰੱਖਦਾ ਹੈ। ਦੁੱਖ ਸਹੇੜਨ ਦਾ ਸਿਲਸਿਲਾ ਅਸੀਂ ਆਪ ਸਥਾਪਿਤ ਕਰਦੇ ਹਾਂ।

## ਇਹ ਸੰਸਾਰ ਧਰਮ ਦੇ ਨਾਮ ਉੱਤੇ ਖਲੋਤਾ ਹੈ

ਇਸ ਦੁਨੀਆਂ ਵਿੱਚ ਬੁਰੇ ਕੰਮ ਕਰਨ ਵਾਲਿਆਂ ਦੀ ਗਿਣਤੀ ਵੱਧਦੀ ਜਾ ਰਹੀ ਹੈ ਪਰ ਇਸ ਦਾ ਮਤਲਬ ਇਹ ਵੀ ਤਾਂ ਨਹੀਂ ਨਿਕਲਦਾ ਕਿ ਇੱਥੇ ਧਰਮੀਂ ਲੋਕ ਬਿਲਕੁਲ ਹੀ ਖ਼ਤਮ ਹੋ ਗਏ ਹਨ। ਧਰਮੀਂ ਲੋਕਾਂ ਦੀ ਗਿਣਤੀ ਖ਼ਤਮ ਨਹੀਂ ਹੋਇਆ ਕਰਦੀ ਵਰਨਾ ਇਹ ਸੰਸਾਰ ਕਦੋਂ ਦਾ ਖ਼ਤਮ ਹੋ ਗਿਆ ਹੁੰਦਾ। ਲੋਕਾਂ ਦੀਆਂ ਜ਼ਰੂਰਤਾਂ ਵੱਧ ਰਹੀਆਂ ਹਨ, ਨਵੇਂ-ਨਵੇਂ ਢੰਗ-ਤਰੀਕੇ ਹੋਂਦ ਵਿੱਚ ਆ ਰਹੇ ਹਨ, ਠੱਗੀਆਂ ਮਾਰਨੀਆਂ, ਚੋਰੀਆਂ ਕਰਨੀਆਂ, ਕਤਲ ਕਰਨੇ ਅੱਗੇ ਨਾਲੋਂ ਸੌਖੇ ਹੋ ਗਏ ਹਨ। ਇਹ ਪਾਪ ਕਰਨ ਵਾਲਿਆਂ ਦੀ ਗਿਣਤੀ ਵੱਧਦੀ ਜਾ ਰਹੀ ਹੈ। ਲੋਕੀਂ ਰੱਜਣ ਉੱਤੇ ਨਹੀਂ ਆਉਂਦੇ ਪਰ ਹਰ ਸਮਿਆਂ ਅੰਦਰ ਧਰਮੀ ਲੋਕਾਂ ਦੀ ਹੋਂਦ ਵੀ ਰਹਿੰਦੀ ਹੈ ਜੋ ਆਪ ਵੀ ਪਾਪ ਨਹੀਂ ਕਰਦੇ ਅਤੇ ਬਾਕੀ ਲੋਕਾਂ ਨੂੰ ਵੀ ਪਾਪ ਕਰਨ ਤੋਂ ਰੋਕਦੇ ਰਹਿੰਦੇ ਹਨ। ਦੁਨੀਆਂ ਦੇ ਮਹਾਨ ਧਰਮਾਤਮਾ ਲੋਕਾਂ ਦੀਆਂ ਆਖੀਆਂ ਗੱਲਾਂ ਅਸੀਂ ਯਾਦ ਸ਼ਕਤੀ ਰਾਹੀਂ ਅਤੇ ਪੁਸਤਕਾਂ ਰਾਹੀਂ ਯਾਦ ਕਰਦੇ ਰਹਿੰਦੇ ਹਾਂ ਅਤੇ ਆਪਣੇ ਜੀਵਨ ਵਿੱਚ ਅਪਨਾਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਾਂ।

ਇਸ ਸੰਸਾਰ ਵਿੱਚ ਉਹ ਕੁਝ ਵੀ ਬਹੁਤ ਹੈ ਜੋ ਸਾਨੂੰ ਕੁਰਾਹੇ ਪਾਉਂਦਾ ਹੈ ਅਤੇ ਉਹ

ਕੁਝ ਵੀ ਬਹੁਤ ਹੈ ਜੋ ਸਾਨੂੰ ਸਿੱਧਾ ਰਸਤਾ ਦੱਸਦਾ ਹੈ। ਹਾਲਾਂ ਤੱਕ ਅਸੀਂ ਪਾਪ ਅਤੇ ਪੁੰਨ ਦੀ ਪਛਾਣ ਕਰਦੇ ਆ ਰਹੇ ਹਾਂ। ਹਾਲਾਂ ਅਸੀਂ ਉਸ ਯੁੱਗ ਅੰਦਰ ਪਰਵੇਸ਼ ਨਹੀਂ ਕੀਤਾ ਜਿੱਥੇ ਸਿਰਫ਼ ਪਾਪ ਹੀ ਪਾਪ ਹੋਇਆ ਕਰੇਗਾ ਅਤੇ ਪੁੰਨ ਦੀਆਂ ਗੱਲਾਂ ਲੋਕੀਂ ਭੁੱਲ-ਭੁਲਾ ਹੀ ਜਾਣਗੇ। ਸਾਡੀ ਖ਼ੁਸ਼ਕਿਸਮਤੀ ਇਹ ਹੈ ਕਿ ਸਾਡੇ ਸਾਹਮਣੇ ਪੁੰਨ ਅਤੇ ਪਾਪ ਦੋਨੋਂ ਹੀ ਖਲੋਤੇ ਹਨ। ਇਹ ਸਾਡੇ ਹੱਥ ਹੁੰਦਾ ਹੈ ਕਿ ਅਸੀਂ ਦੋਹਾਂ ਵਿੱਚੋਂ ਚੋਣ ਪਾਪ ਦੀ ਕਰਦੇ ਹਾਂ ਜਾਂ ਪੁੰਨ ਦੀ ਕਰਦੇ ਹਾਂ।

## ਜਿਊਣ ਦੀ ਆਸ

ਜਿਉਣ ਦੀ ਆਸ ਹੀ ਹੈ ਕਿ ਜਿਸ ਦੇ ਸਹਾਰੇ ਅਸੀਂ ਦੁੱਖਾਂ ਅਤੇ ਸੁੱਖਾਂ ਦੀਆਂ ਘੜੀਆਂ ਪਾਰ ਕਰਦੇ ਅੱਗੇ ਵੱਧਦੇ ਰਹਿੰਦੇ ਹਾਂ। ਜਦੋਂ ਬੰਦਾ ਜਿਊਣ ਦੀ ਆਸ ਹੀ ਛੱਡ ਬੈਠਦਾ ਹੈ ਤਾਂ ਉਹ ਇਕ ਕਿਸਮ ਦਾ ਮੁਰਦਾ ਸਰੀਰ ਹੋ ਜਾਂਦਾ ਹੈ। ਸਾਨੂੰ ਹਮੇਸ਼ਾਂ ਇਹੀ ਆਸ ਰੱਖਣੀ ਚਾਹੀਦੀ ਹੈ ਕਿ ਅੱਜ ਜੋ ਕੁੱਝ ਤਕਲੀਫ਼ਾਂ ਸਾਡੇ ਸਾਹਮਣੇ ਹਨ, ਇਹ ਸਦੀਵੀ ਨਹੀਂ ਹਨ। ਚੰਗੇ ਦਿਨ ਵੀ ਸਾਡੇ ਦਰਵਾਜ਼ੇ ਉੱਤੇ ਆ ਢੁੱਕੇ ਹਨ। ਇਹ ਮਾੜੇ ਦਿਨ ਜਿਸ ਦਿਨ ਬਾਹਰ ਨਿਕਲ ਜਾਣਗੇ ਚੰਗੇ ਸਮਿਆਂ ਦਾ ਪਰਵੇਸ਼ ਹੋਵੇਗਾ। ਐਸੀਆਂ ਉਮੀਦਾਂ ਸਾਡੇ ਅੰਦਰ ਸਦਾ ਹੀ ਕਾਇਮ ਰਹਿੰਦੀਆਂ ਹਨ ਅਤੇ ਚੰਗੇ ਸਮਿਆਂ ਦੀਆਂ ਉਡੀਕਾਂ ਕਰਦੇ ਅਸੀਂ ਮਾੜੇ ਸਮਿਆਂ ਦੀ ਸ਼ਿੱਦਤ ਬਰਦਾਸ਼ਤ ਕਰ ਲੈਂਦੇ ਹਾਂ। ਚੰਗੇ ਸਮਿਆਂ ਦੀ ਆਸ ਅਗਰ ਸਾਡੇ ਮਨ ਅੰਦਰੋਂ ਖ਼ਤਮ ਹੋ ਜਾਵੇ ਤਾਂ ਅਸੀਂ ਦੁੱਖ ਬਰਦਾਸ਼ਤ ਕਰਨ ਦੀ ਸਮਰੱਥਾ ਵੀ ਖੋਹ ਬੈਠਦੇ ਹਾਂ ਪਰ ਐਸਾ ਬਹੁਤ ਹੀ ਘੱਟ ਹੁੰਦਾ ਹੈ। ਆਮ ਆਦਮੀ ਵੀ ਚੰਗੇ ਦਿਨਾਂ ਦੀਆਂ ਉਮੀਦਾਂ ਲਗਾਈ ਮਾੜੇ ਦਿਨ ਕਟ ਲੈਂਦਾ ਹੈ। ਇਸੇ ਤਰ੍ਹਾਂ ਦੀਆਂ ਉਮੀਦਾਂ ਲਗਾਈ ਅਸੀਂ ਆਪਣੀ ਜ਼ਿੰਦਗੀ ਤਮਾਮ ਕਰ ਲੈਂਦੇ ਹਾਂ ਅਤੇ ਐਸੀਆਂ ਉਮੀਦਾਂ ਦਾ ਪੱਲਾ ਕਦੀ ਨਹੀਂ ਛੱਡਣਾ ਚਾਹੀਦਾ। ਇਹ ਉਮੀਦਾਂ ਹੀ ਹਨ ਜੋ ਸਾਨੂੰ ਜੀਵਨ ਪ੍ਰਦਾਨ ਕਰਦੀਆਂ ਹਨ ਅਤੇ ਅਸੀਂ ਜਿਊਂਦੇ ਰਹਿੰਦੇ ਹਾਂ। ਜ਼ਿੰਦਗੀ ਵਿੱਚ ਭਲੇ ਵਕਤਾਂ ਦੀਆਂ ਉਮੀਦਾਂ ਹੀ ਸਾਡੇ ਜੀਵਨ ਦਾ ਸਰਮਾਇਆ ਹੈ ਅਤੇ ਇਹ ਆਸਾਂ ਹੀ ਰੱਬ ਦੀ ਸਭ ਤੋਂ ਵੱਡੀ ਦਾਤ ਹੁੰਦੀਆਂ ਹਨ। ਜਿਸ ਆਦਮੀ ਪਾਸੋਂ ਰੱਬ ਆਸਾਂ ਦੀ ਦਾਤ ਖੋਹ ਲੈਂਦਾ ਹੈ ਉਹ ਆਦਮੀ ਜ਼ਿੰਦਾ ਨਹੀਂ ਰਹਿ ਸਕਦਾ ਅਤੇ ਦੁੱਖ ਦੀਆਂ ਘੜੀਆਂ ਬਰਦਾਸ਼ਤ ਨਾ ਕਰਦਾ ਹੋਇਆ, ਆਤਮਘਾਤ ਤੱਕ ਕਰ ਸਕਦਾ ਹੈ।

## ਮਾਤਾ-ਪਿਤਾ ਵਾਂਗ ਰੱਬ ਸਾਡੀ ਨੇੜਤਾ ਚਾਹੁੰਦਾ ਹੈ

ਸਾਰੇ ਸਿਆਣੇ ਆਖ ਗਏ ਹਨ ਕਿ ਰੱਬ ਸਾਡੇ ਮਾਤਾ-ਪਿਤਾ ਵਾਂਗ ਹੈ ਅਤੇ ਮਾਤਾ-ਪਿਤਾ ਵਾਂਗ ਉਹ ਸਾਡੀ ਨੇੜਤਾ ਚਾਹੁੰਦਾ ਹੈ। ਅਰਥਾਤ ਅਸੀਂ ਹਮੇਸ਼ਾਂ ਯਾਦ ਰੱਖੀਏ ਕਿ ਰੱਬ ਹੈ ਅਤੇ ਅਸੀਂ ਉਸ ਦੀ ਹੋਂਦ ਸਵੀਕਾਰ ਕਰਨੀ ਹੈ। ਅਸੀਂ ਉਸ ਦੇ ਨੇੜੇ ਰਹਿਣਾ ਹੈ। ਉਸ ਤੋਂ ਦੂਰ ਨਹੀਂ ਜਾਣਾ, ਜੋ ਆਦਮੀ ਰੱਬ ਨੂੰ ਨਹੀਂ ਭੁੱਲਦਾ, ਰੱਬ ਉਸ ਨੂੰ ਨਹੀਂ ਭੁੱਲਦਾ। ਰੱਬ ਨੂੰ ਭੁੱਲ ਜਾਣ ਕਾਰਨ ਅਸੀਂ ਹਮੇਸ਼ਾਂ ਘਾਟਾ ਉਠਾਉਂਦੇ ਹਾਂ। ਅਸੀਂ ਗੁਮਰਾਹ ਹੋ ਜਾਂਦੇ ਹਾਂ ਪਰ ਅਗਰ ਰੱਬ ਦੀ ਹੋਂਦ ਸਵੀਕਾਰ ਕਰਦੇ ਹਾਂ ਤਾਂ ਮਾਤਾ-ਪਿਤਾ ਦੀ ਇੱਜ਼ਤ ਬਰਕਰਾਰ ਰੱਖਣ ਦੀ ਤਰ੍ਹਾਂ ਅਸੀਂ ਰੱਬ ਦੀ ਇੱਜ਼ਤ ਬਰਕਰਾਰ ਰੱਖਣ ਲਈ ਵੀ ਫ਼ਿਕਰਮੰਦ ਹੋ ਜਾਂਦੇ ਹਾਂ। ਅਸੀਂ ਉਨ੍ਹਾਂ ਕੰਮਾਂ ਤੋਂ ਗੁਰੇਜ਼ ਕਰਨ ਲੱਗ ਪੈਂਦੇ ਹਾਂ ਜਿਨ੍ਹਾਂ ਕਾਰਨ ਕੋਈ ਇਹ

ਆਖ ਸਕਦਾ ਹੋਵੇ ਕਿ ਸਾਨੂੰ ਰੱਬ ਨੇ ਕੈਸੀ ਭੈੜੀ ਕਿਸਮ ਦਾ ਬਣਾਇਆ। ਜਿਵੇਂ ਸਾਡੇ ਭੈੜੇ ਕਰਮਾਂ ਕਰਕੇ ਸਾਡੇ ਮਾਤਾ-ਪਿਤਾ ਨੂੰ ਨਮੋਸ਼ੀ ਉਠਾਉਣੀ ਪੈਂਦੀ ਹੈ, ਇਸੇ ਤਰ੍ਹਾਂ ਸਾਡੇ ਮਾੜੇ ਕਰਮਾਂ ਕਾਰਨ ਲੋਕੀਂ ਰੱਬ ਤੱਕ ਨੂੰ ਵੀ ਕੋਸ ਦਿੰਦੇ ਹਨ ਅਤੇ ਆਖਦੇ ਹਨ ਕਿ ਰੱਬਾ ਐਸਾ ਭੈੜਾ ਬੰਦਾ ਤੂੰ ਕਾਹਦੇ ਲਈ ਬਣਾਇਆ ਸੀ। ਸੋ ਅਸੀਂ ਆਪਣੇ ਆਪ ਨੂੰ ਐਸੀ ਸੇਧ ਦੇਣੀ ਹੈ ਕਿ ਹਰ ਕੋਈ ਆਖੇ, "ਵਾਹ ਰੱਬਾ ! ਕੈਸਾ ਵਧੀਆ ਬੰਦਾ ਬਣਾਇਆ ਈ, ਸਾਨੂੰ ਵੀ ਐਸਾ ਬਣਾ ਦਿੰਦਾ ਤਾਂ ਤੇਰਾ ਕੀ ਜਾਣਾ ਸੀ ?"

## ਅਸੀਂ ਰੱਬ ਦੀ ਉਸਤਤ ਕਰਨ ਜੋਗੇ ਨਹੀਂ ਹਾਂ

ਰੱਬ ਦੀ ਕੁਦਰਤ ਦਾ ਅੰਤ ਨਹੀਂ ਪਾਇਆ ਜਾ ਸਕਦਾ। ਇੰਨਾ ਕੁਝ ਸਾਜ ਕੇ ਉਹ ਇਸ ਦਾ ਪ੍ਰਬੰਧ ਕਿਵੇਂ ਕਰ ਰਿਹਾ ਹੈ ਅਤੇ ਇਸ ਦੀ ਗਤੀ ਕਿਵੇਂ ਕਾਇਮ ਰੱਖੀ ਬੈਠਾ ਹੈ, ਇਹ ਸਾਰਾ ਕੁਝ ਦੇਖ ਕੇ ਅਸੀਂ ਹੈਰਾਨ ਪ੍ਰੇਸ਼ਾਨ ਤਾਂ ਹੋ ਸਕਦੇ ਹਾਂ ਪਰ ਕੋਈ ਆਖੇ ਕਿ ਅਸੀਂ ਰੱਬ ਦੀ ਰਚਨਾ ਦਾ ਭੇਤ ਪਾ ਸਕਦੇ ਹਾਂ ਤਾਂ ਉਸ ਆਦਮੀ ਦੀ ਸੋਚਣੀ ਗ਼ਲਤ ਹੈ। ਅਸੀਂ ਤਾਂ ਉਸ ਦਾ ਨਿੱਕਾ-ਨਿੱਕਾ ਭੇਤ ਪਾ ਕੇ ਹੈਰਾਨ-ਪ੍ਰੇਸ਼ਾਨ ਹੋ ਉੱਠਦੇ ਹਾਂ। ਕਦੀ-ਕਦੀ ਅਸੀਂ ਇਹ ਸੋਚਣ ਉੱਤੇ ਮਜਬੂਰ ਹੋ ਜਾਂਦੇ ਹਾਂ ਕਿ ਰੱਬ ਨੇ ਸਾਰੀਆਂ ਦੀਆਂ ਸਾਰੀਆਂ ਨਿਆਮਤਾਂ ਇਸ ਬ੍ਰਹਿਮੰਡ ਅੰਦਰ ਬਖੇਰ ਰੱਖੀਆਂ ਹਨ ਅਤੇ ਅਸੀਂ ਰੱਬ ਦੀਆਂ ਨਿਆਮਤਾਂ ਦੀ ਸ਼ਨਾਖ਼ਤ ਕਰਨ ਉੱਤੇ ਲੱਗੇ ਹੋਏ ਹਾਂ। ਜੋ ਕੁਝ ਅੱਜ ਤੱਕ ਮਨੁੱਖ ਜਾਣ ਸਕਿਆ ਹੈ, ਉਸ ਦੀ ਗਿਣਤੀ ਕਿੱਧਰੇ ਵੀ ਨਹੀਂ ਕੀਤੀ ਜਾ ਸਕਦੀ। ਇਹੀ ਕਾਰਨ ਹੈ, ਮਨੁੱਖ ਦੀ ਖੋਜ ਜਾਰੀ ਹੈ। ਅਸੀਂ ਜੀਵਨ ਦਾਨ ਵਾਲੀਆਂ ਨਿਆਮਤਾਂ ਵੀ ਲੱਭ ਲਈਆਂ ਹਨ ਅਤੇ ਮਨੁੱਖੀ ਨਸਲ ਨੂੰ ਖ਼ਤਮ ਕਰਨ ਦਾ ਸਾਮਾਨ ਵੀ ਤਿਆਰ ਕਰ ਚੁੱਕੇ ਹਾਂ। ਪਤਾ ਨਹੀਂ ਇਹ ਮਨੁੱਖ ਰੱਬ ਦੀਆਂ ਦਿੱਤੀਆਂ ਨਿਆਮਤਾਂ ਦੀ ਕੈਸੀ ਵਰਤੋਂ ਕਰੇਗਾ ?

## ਕਈ ਲੋਕੀਂ ਮਰ ਕੇ ਵੀ ਕੁਝ ਦੇ ਜਾਂਦੇ ਹਨ

ਅਸੀਂ ਸਾਰੇ ਇਸ ਦੁਨੀਆਂ ਵਿੱਚ ਆਉਂਦੇ ਹਾਂ, ਖਾਂਦੇ-ਪੀਂਦੇ ਹਾਂ, ਜ਼ਿੰਦਗੀ ਬਸਰ ਕਰਦੇ ਹਾਂ ਅਤੇ ਫਿਰ ਇਕ ਦਿਨ ਮਰ ਜਾਂਦੇ ਹਾਂ। ਸਾਡੇ ਜੀਵਨ ਦਾ ਇਹ ਮਨੋਰਥ ਨਹੀਂ ਸੀ। ਅਸੀਂ ਰੱਬ ਦੇ ਕਾਰਖ਼ਾਨੇ ਤੋਂ ਬਣ ਕੇ ਆਏ ਸਾਂ ਅਤੇ ਰੱਬ ਨੇ ਕਿਸੇ ਖ਼ਾਸ ਮੰਤਵ ਅਤੇ ਮਕਸਦ ਦੀ ਪੂਰਤੀ ਲਈ ਸਾਡੀ ਹੋਂਦ ਕਾਇਮ ਕੀਤੀ ਸੀ। ਇਸ ਕਰਕੇ ਅਸੀਂ ਫ਼ਜ਼ੂਲ ਜਿਹੀ ਸ਼ੈਅ ਨਹੀਂ ਹਾਂ। ਅਸੀਂ ਸਿਰਫ਼ ਮਰਨਾ ਹੀ ਨਹੀਂ ਹੈ, ਬਲਕਿ ਆਪਣੀ ਯਾਦ ਛੱਡ ਕੇ ਜਾਣੀ ਹੈ। ਕਈ ਲੋਕੀਂ ਐਸੇ ਹੋ ਚੁੱਕੇ ਹਨ ਜੋ ਆਪਣੇ ਮਕਸਦ ਲਈ ਜਿਊਂਦੇ ਸਨ ਅਤੇ ਉਨ੍ਹਾਂ ਦਾ ਮਕਸਦ ਵਕਤ ਦੇ ਲੋਕਾਂ ਨੂੰ ਅਤੇ ਵਕਤ ਦੀਆਂ ਸ਼ਕਤੀਆਂ ਨੂੰ ਪਸੰਦ ਨਹੀਂ ਸੀ ਅਤੇ ਉਹ ਆਪਣੇ ਨਿਸ਼ਾਨੇ ਦੀ ਪੂਰਤੀ ਲਈ ਚਲਦੇ ਰਹੇ, ਸੰਘਰਸ਼ ਕਰਦੇ ਰਹੇ। ਉਹ ਮਰ ਗਏ ਜਾਂ ਮਾਰ ਦਿੱਤੇ ਗਏ ਪਰ ਉਨ੍ਹਾਂ ਦੀ ਮੌਤ ਨੇ ਵੀ ਉਨ੍ਹਾਂ ਨੂੰ ਅਮਰ ਕਰ ਦਿੱਤਾ ਹੈ। ਅਸੀਂ ਵੀ ਰੱਬ ਦੀ ਖ਼ਾਸ ਕ੍ਰਿਤ ਹਾਂ। ਅਸੀਂ ਵੀ ਐਸੇ ਲੋਕਾਂ ਦੀ ਸੂਚੀ ਵਿੱਚ ਨਾਮ ਲਿਖਵਾ ਸਕਦੇ ਹਾਂ ਜੋ ਮਰਨ ਬਾਅਦ ਵੀ ਲੋਕਾਂ ਦੇ ਦਿਲਾਂ ਵਿੱਚ ਜਿਊਂਦੇ ਹਨ।

## ਕੁੱਝ ਰੋਜ਼ ਪੜ੍ਹੋ

ਅਗਰ ਅਸੀਂ ਪੜ੍ਹ ਸਕਦੇ ਹਾਂ ਤਾਂ ਕੋਈ ਨਾ ਕੋਈ ਕਿਤਾਬ, ਅਖ਼ਬਾਰ ਜਾਂ ਰਸਾਲਾ ਰੋਜ਼ਾਨਾ ਪੜ੍ਹਨਾ ਚਾਹੀਦਾ ਹੈ। ਪੜ੍ਹਨ ਨਾਲ ਗਿਆਨ ਚੌੜਾ ਹੁੰਦਾ ਹੈ। ਚਾਰ ਨਵੀਆਂ ਗੱਲਾਂ ਸਾਡੇ ਪੱਲੇ ਪੈਂਦੀਆਂ ਹਨ। ਸਾਡਾ ਅੱਖਰ ਗਿਆਨ ਵੱਧਦਾ ਹੈ, ਦਿਮਾਗ਼ ਚੌੜਾ ਹੁੰਦਾ ਹੈ। ਅਸੀਂ ਵੀ ਚਾਰ ਬੰਦਿਆਂ ਵਿੱਚ ਖਲੋਅ ਕੇ ਬਹਿਸ ਵਿੱਚ ਹਿੱਸਾ ਲੈ ਸਕਦੇ ਹਾਂ। ਸਾਡਾ ਆਤਮ ਵਿਸ਼ਵਾਸ ਵੱਧਦਾ ਹੈ। ਅਸੀਂ ਕੁਝ ਲਿਖਣ ਦੇ ਕਾਬਲ ਬਣਦੇ ਹਾਂ। ਵਧੀਆ ਚਿੱਠੀ ਲਿਖ ਸਕਦੇ ਹਾਂ। ਇਕ ਵਾਰੀ ਪੜ੍ਹਨ ਦੀ ਆਦਤ ਬਣ ਜਾਵੇ ਤਾਂ ਅਸੀਂ ਹੋਰ ਦਾ ਹੋਰ ਪੜ੍ਹਨ ਲਈ ਤਿਆਰ ਰਹਿੰਦੇ ਹਾਂ। ਸਾਡਾ ਦਿਲ ਕੁਝ ਪੜ੍ਹਨ ਨੂੰ ਕਰਦਾ ਰਹਿੰਦਾ ਹੈ। ਪੜ੍ਹਨ ਨਾਲ ਆਨੰਦ ਪ੍ਰਾਪਤ ਹੁੰਦਾ ਹੈ। ਲਿਖਣ ਵਾਲੇ ਸਾਡੇ ਲਈ ਢੇਰ ਸਾਰੀ ਸਮੱਗਰੀ ਸਾਡੀ ਨਜ਼ਰ ਕਰ ਰਹੇ ਹਨ। ਅਸੀਂ ਅਗਰ ਮੁੱਲ ਪੁਸਤਕਾਂ, ਅਖ਼ਬਾਰ ਅਤੇ ਰਸਾਲੇ ਨਹੀਂ ਖ਼ਰੀਦ ਸਕਦੇ ਤਾਂ ਕਿਧਰੇ ਨਾ ਕਿਧਰੇ, ਸਾਡੇ ਆਸ ਪਾਸ ਲਾਇਬਰੇਰੀਆਂ ਹਨ। ਅਸੀਂ ਉੱਥੇ ਜਾ ਕੇ ਆਪਣੀ ਪੜ੍ਹਨ-ਭੁੱਖ ਮਿਟਾ ਸਕਦੇ ਹਾਂ। ਪੜ੍ਹਨ ਦੀ ਚੇਟਕ ਲੱਗ ਜਾਵੇ ਤਾਂ ਅਸੀਂ ਜੋ ਪੈਸਾ ਸਿਗਰਟਾਂ, ਬੀੜੀਆਂ, ਸ਼ਰਾਬ, ਅਫ਼ੀਮ ਜਾਂ ਚਾਹ ਆਦਿ ਉੱਤੇ ਖ਼ਰਚ ਕਰਦੇ ਹਾਂ ਉਸ ਬਦਲੇ ਅਖ਼ਬਾਰ ਲਗਵਾ ਸਕਦੇ ਹਾਂ। ਪੜ੍ਹਨ-ਸਮੱਗਰੀ ਲਈ ਜਿਤਨੇ ਕੁ ਪੈਸਿਆਂ ਦੀ ਜ਼ਰੂਰਤ ਹੁੰਦੀ ਹੈ, ਆਮ ਆਦਮੀ ਉਤਨੀ ਸਹੂਲਤ ਬਣਾ ਸਕਦਾ ਹੈ। ਹਾਲ ਦੀ ਘੜੀ ਤੁਸੀਂ ਪੜ੍ਹਨ ਦੀ ਆਦਤ ਬਣਾ ਲਵੋ ਤਾਂ ਕਾਫ਼ੀ ਹੈ।

## ਮਨ ਪਸੰਦ ਰੋਜ਼ਗਾਰ

ਹਰੇਕ ਦੀ ਕਿਸਮਤ ਅੰਦਰ ਮਨ ਪਸੰਦ ਰੋਜ਼ਗਾਰ ਨਹੀਂ ਹੁੰਦਾ। ਸਾਡੀਆਂ ਰੁਚੀਆਂ ਅਤੇ ਸਾਡੀਆਂ ਖ਼ਾਹਿਸ਼ਾਂ ਕੁਝ ਹੋਰ ਹੁੰਦੀਆਂ ਹਨ। ਮਜਬੂਰੀ ਦੀਆਂ ਹਾਲਤਾਂ ਵਿੱਚ ਸਾਨੂੰ ਹੋਰ ਕੰਮ ਉੱਤੇ ਲੱਗਣਾ ਪੈਂਦਾ ਹੈ। ਸਾਡੇ ਮੁਲਕ ਅੰਦਰ ਬੇਰੁਜ਼ਗਾਰੀ ਹੈ। ਅਸਾਮੀਆਂ ਵਿਕਣ ਲੱਗ ਪਈਆਂ ਹਨ। ਸਾਡੇ ਬੱਚਿਆਂ ਪਾਸ ਕਿੱਤਾ ਅਗਵਾਈ ਨਹੀਂ ਹੈ। ਕਿਸੇ ਨੂੰ ਪਤਾ ਹੀ ਨਹੀਂ ਹੈ ਕਿ ਉਸ ਨੇ ਕੀ ਬਣਨਾ ਹੈ ? ਰੱਜੇ-ਪੁੱਜੇ ਘਰਾਂ ਵਿੱਚ ਵੀ ਆਪਣਾ ਭਵਿੱਖ ਬੱਚਾ ਤੈਅ ਨਹੀਂ ਕਰਦਾ। ਬਲਕਿ ਭਵਿੱਖ ਦਾ ਕਿੱਤਾ ਮਾਪੇ ਤੈਅ ਕਰਦੇ ਹਨ। ਇਹੀ ਕਾਰਨ ਹੈ ਸਾਡੇ ਵਿੱਚੋਂ ਬਹੁਤੇ ਲੋਕੀਂ ਉਹ ਕੰਮ ਕਰ ਰਹੇ ਹਨ ਜੋ ਨਾ ਤਾਂ ਉਨ੍ਹਾਂ ਦੀਆਂ ਰੁਚੀਆਂ ਮੁਤਾਬਿਕ ਹੈ ਅਤੇ ਨਾ ਹੀ ਉਸ ਨੂੰ ਪਸੰਦ ਹੀ ਹੈ। ਇਹੀ ਕਾਰਨ ਹੈ ਕਿ ਸਾਡੇ ਮੁਲਕ ਦੇ ਬਹੁਤੇ ਲੋਕੀਂ ਕਾਰਜਕੁਸ਼ਲ ਨਹੀਂ ਹਨ। ਬਸ "ਬਧਾ ਚਟੀ ਜੋ ਕਰੇ, ਨਾ ਗੁਣ ਨਾ ਉਪਕਾਰ" ਵਾਲੀ ਗੱਲ ਹੈ।

## ਦੂਜੇ ਵੱਲ ਝਾਕਣ ਤੋਂ ਪਹਿਲਾਂ ਆਪਣੇ ਅੰਦਰ ਝਾਤੀ ਮਾਰੋ

ਸਾਡੇ ਆਲੇ-ਦੁਆਲੇ ਜੋ ਵੀ ਲੋਕੀਂ ਤੁਰੇ ਫਿਰਦੇ ਹਨ, ਇਨ੍ਹਾਂ ਨਾਲ ਜਦੋਂ ਸਾਡਾ ਵਾਹ ਪੈਂਦਾ ਹੈ ਤਾਂ ਇਨ੍ਹਾਂ ਲੋਕਾਂ ਦੀਆਂ ਖ਼ੂਬੀਆਂ ਅਤੇ ਕਮਜ਼ੋਰੀਆਂ ਸਾਡੇ ਸਾਹਮਣੇ ਆ ਖਲੋਂਦੀਆਂ ਹਨ। ਇਨ੍ਹਾਂ ਲੋਕਾਂ ਨੂੰ ਆਧਾਰ ਬਣਾ ਕੇ ਅਸੀਂ ਆਪਣੇ ਅੰਦਰ ਝਾਤੀ ਮਾਰ ਕੇ ਪਤਾ ਕਰਨਾ ਹੈ ਕਿ ਅਸੀਂ ਇਨ੍ਹਾਂ ਗੁਣਾਂ ਦੇ ਧਾਰਨੀ ਹਾਂ ਜਾਂ ਸਾਡੇ ਅੰਦਰ ਵੀ ਇਨ੍ਹਾਂ ਵਾਂਗ ਕਮਜ਼ੋਰੀਆਂ ਭਰੀਆਂ ਪਈਆਂ ਹਨ। ਅਸੀਂ ਹਿੰਮਤ ਕਰਕੇ ਕਮਜ਼ੋਰੀਆਂ ਦੀ ਗਿਣਤੀ ਘਟਾਉਣੀ ਹੈ ਅਤੇ ਗੁਣਾਂ ਦੀ ਗਿਣਤੀ ਵਧਾਉਣੀ ਹੈ। ਲਗਾਤਾਰ ਐਸਾ ਕਰਦੇ ਰਹੀਏ

ਤਾਂ ਅਸੀਂ ਅੱਜ ਹੋਰ ਤੇ ਕੱਲ੍ਹ ਹੋਰ ਇਨਸਾਨ ਬਣਦੇ ਜਾਵਾਂਗੇ ਅਤੇ ਇਕ ਦਿਨ ਸਾਡਾ ਨਾਮ ਵੀ ਚਾਰ ਬੰਦਿਆਂ ਵਿਚ ਗਿਣਿਆ ਜਾਣ ਲੱਗ ਪਵੇਗਾ। ਬਹੁਤ ਹੀ ਘੱਟ ਲੋਕੀਂ ਜਮਾਂਦਰੂ ਮਹਾਨ ਹੁੰਦੇ ਹਨ। ਬਾਕੀਆਂ ਨੂੰ ਮਹਾਨ ਬਣਨ ਲਈ ਸਵੈ-ਸੁਧਾਈ ਦਾ ਸਿਲਸਿਲਾ ਜਾਰੀ ਕਰਨਾ ਪੈਂਦਾ ਹੈ ਅਤੇ ਇਕ ਵਾਰੀ ਅਸੀਂ ਸਵੈ-ਸੁਧਾਈ ਦੇ ਰਸਤੇ ਉੱਤੇ ਪੈ ਜਾਈਏ ਤਾਂ ਸਾਨੂੰ ਸਪੱਸ਼ਟ ਹੋ ਜਾਵੇਗਾ ਕਿ ਇਹ ਰਸਤਾ ਸੌਖਾ ਹੈ, ਬਿਹਤਰ ਹੈ, ਖ਼ੁਸ਼ੀਆਂ ਪ੍ਰਦਾਨ ਕਰਦਾ ਹੈ। ਜਿਊਣ ਲਈ ਉਤਸ਼ਾਹ ਮਿਲਦਾ ਹੈ। ਹੌਂਸਲਾ ਵਧਦਾ ਹੈ। ਇਹ ਦੁਨੀਆਂ ਚੰਗੀ ਲੱਗਣ ਲੱਗ ਪੈਂਦੀ ਹੈ। ਬੁਰਾਈ ਤੋਂ ਨਫ਼ਰਤ ਹੋਣ ਲੱਗ ਪੈਂਦੀ ਹੈ। ਅਸੀਂ ਦੂਜਿਆਂ ਲਈ ਮਿਸਾਲ ਬਣ ਜਾਂਦੇ ਹਾਂ। ਅਸੀਂ ਆਪ ਹੀ ਬਹੁਤ ਕੁਝ ਸਿਖਦੇ ਹਾਂ ਅਤੇ ਸਾਡੇ ਆਲੇ-ਦੁਆਲੇ ਵਸਦੇ ਲੋਕੀਂ ਵੀ ਸਾਡੀ ਨਕਲ ਕਰਕੇ ਅੱਗੇ ਨਾਲੋਂ ਬਿਹਤਰ ਇਨਸਾਨ ਬਣਦੇ ਜਾਂਦੇ ਹਨ। ਅਗਰ ਐਸਾ ਹੈ ਤਾਂ ਸਵੈ-ਸੁਧਾਈ ਵੱਲ ਕਦਮ ਵਧਾਉਣੇ ਹੀ ਬਿਹਤਰ ਕਾਰਜ ਹੈ। ਸਾਨੂੰ ਇਸ ਪਾਸੇ ਵੱਲ ਅੱਜ ਤੋਂ ਹੀ ਧਿਆਨ ਦੇਣਾ ਸ਼ੁਰੂ ਕਰਨਾ ਚਾਹੀਦਾ ਹੈ।

## ਜਿਤ ਖਾਧੇ ਤਨਿ ਪੀੜੀਐ

ਅੱਜ ਵੱਡੇ-ਵੱਡੇ ਅਤੇ ਸਿਆਣੇ ਡਾਕਟਰ ਸਲਾਹ ਦੇਣ ਲੱਗ ਪਏ ਹਨ ਕਿ ਸਾਧਾਰਣ ਖਾਣਾ ਖਾਧਾ ਜਾਣਾ ਚਾਹੀਦਾ ਹੈ। ਸਿਰਫ਼ ਉਤਨਾ ਹੀ ਖਾਉ ਜਿਤਨੇ ਨਾਲ ਸਰੀਰ ਚੱਲਦਾ ਰਹੇ। ਬਹੁਤਾ ਖਾਣਾ ਖਾਣ ਨਾਲ ਸਰੀਰ ਅੰਦਰ ਜੋ ਵਾਧੂ ਸ਼ਕਤੀ ਪੈਦਾ ਹੋ ਜਾਂਦੀ ਹੈ ਉਹ ਸਰੀਰ ਲਈ ਬਿਮਾਰੀਆਂ ਲੈ ਆਉਂਦੀ ਹੈ, ਸੋ ਇਹੀ ਸਲਾਹ ਦਿੱਤੀ ਜਾਂਦੀ ਹੈ ਕਿ ਜੀਭ ਦੇ ਸਵਾਦਾਂ ਦੀ ਬਜਾਏ ਸਰੀਰ ਦੀਆਂ ਲੋੜਾਂ ਵੱਲ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ। ਹਰ ਬੰਦਾ ਆਪਣੀ ਕਿਸਮਤ ਦਾ ਦਾਣਾ ਫੱਕਾ ਲੈ ਕੇ ਜੰਮਦਾ ਹੈ। ਜੋ ਲੋਕੀਂ ਆਪਣੇ ਹਿੱਸੇ ਦਾ ਖਾਣ ਦਾ ਸਾਮਾਨ ਜਲਦੀ ਖਾ ਲੈਂਦੇ ਹਨ ਉਹਨਾਂ ਦੇ ਸਰੀਰ ਬਿਮਾਰ ਹੋ ਜਾਂਦੇ ਹਨ ਅਤੇ ਬਾਅਦ ਵਿੱਚ ਫਿਰ ਬਿਮਾਰੀ ਕਾਰਨ ਬਹੁਤ ਕੁਝ ਖਾਣਾ-ਪੀਣਾ ਬੰਦ ਕਰਨਾ ਪੈਂਦਾ ਹੈ। ਇਸ ਕਰਕੇ ਸਾਡੇ ਲਈ ਇਹ ਲਾਜ਼ਮੀ ਹੈ ਕਿ ਅਸੀਂ ਲਾਲਚ ਕਰਕੇ ਬਹੁਤਾ ਨਾ ਖਾਈਏ। ਐਸਾ ਕਰਨ ਨਾਲ ਸਾਨੂੰ ਬਿਮਾਰੀਆਂ ਲੱਗ ਸਕਦੀਆਂ ਹਨ ਅਤੇ ਬਿਮਾਰ ਆਦਮੀ ਪੀੜਾਂ ਦਾ ਸ਼ਿਕਾਰ ਹੋ ਜਾਂਦਾ ਹੈ। ਤਨ ਦੀ ਪੀੜਾ ਮਨ ਨੂੰ ਵੀ ਦੁਖੀ ਕਰਦੀ ਹੈ। ਸਾਡੀ ਸੋਚਣੀ ਬਦਲ ਜਾਂਦੀ ਹੈ। ਸਾਡੇ ਜੀਵਨ ਦਾ ਸਾਰਾ ਮਜ਼ਾ ਜਾਂਦਾ ਰਹਿੰਦਾ ਹੈ। ਇਸ ਕਰਕੇ ਸਾਡੇ ਲਈ ਲਾਜ਼ਮੀ ਹੋ ਗਿਆ ਹੈ ਕਿ ਅਸੀਂ ਆਪਣੀ ਖ਼ੁਰਾਕ ਦਾ ਧਿਆਨ ਰੱਖੀਏ। ਘੱਟ ਖਾਣ ਨਾਲ ਬਹੁਤ ਘੱਟ ਲੋਕੀਂ ਬਿਮਾਰ ਹੁੰਦੇ ਹਨ। ਪਰ ਇਹ ਇਕ ਸੱਚਾਈ ਹੈ ਕਿ ਬਹੁਤਾ ਖਾਣ ਨਾਲ ਅਕਸਰ ਬਿਮਾਰੀਆਂ ਲੱਗ ਜਾਂਦੀਆਂ ਹਨ।

## ਪਾਪਾਂ ਦਾ ਤਿਆਗ ਕਰੋ

ਕੋਈ ਆਖੇ ਕਿ ਮੈਨੂੰ ਪਤਾ ਹੀ ਨਹੀਂ ਲੱਗਿਆ ਮੈਂ ਕਦੋਂ ਪਾਪ ਕਰ ਬੈਠਾ ਹਾਂ, ਤਾਂ ਉਹ ਆਦਮੀ ਗ਼ਲਤ ਆਖ ਰਿਹਾ ਹੈ। ਹਰੇਕ ਆਦਮੀ ਆਪਣੇ ਕੀਤਿਆਂ ਨੂੰ ਜਾਣਦਾ ਵੀ ਹੈ ਅਤੇ ਜਦ ਕਦੀ ਉਹ ਸਜ਼ਾ ਭੁਗਤ ਰਿਹਾ ਹੁੰਦਾ ਹੈ ਤਾਂ ਅੰਦਰ ਖਾਤੇ ਉਸ ਨੂੰ ਇਸ ਗੱਲ ਦਾ ਗਿਆਨ ਵੀ ਹੁੰਦਾ ਹੈ ਕਿ ਉਹ ਕਿਹੜੇ-ਕਿਹੜੇ ਪਾਪਾਂ ਬਦਲੇ ਸਜ਼ਾ ਭੁਗਤ ਰਿਹਾ ਹੈ। ਆਦਮੀ ਅੰਦਰ ਖਾਤੇ ਕਈ ਵਾਰੀ ਰੱਬ ਪਾਸੋਂ ਮੁਆਫ਼ੀਆਂ ਮੰਗਦਾ ਹੈ ਅਤੇ ਪ੍ਰਣ ਵੀ ਕਰਦਾ ਹੈ ਕਿ ਉਹ ਮੁੜ ਕੇ ਇਹ ਪਾਪ ਨਹੀਂ ਕਰੇਗਾ। ਪਰ ਬਹੁਤ ਹੀ ਘੱਟ ਲੋਕੀਂ ਹਨ ਜੋ

ਪਾਪਾਂ ਦਾ ਸਦਾ ਲਈ ਤਿਆਗ ਕਰ ਪਾਉਂਦੇ ਹਨ। ਅਸੀਂ ਬਾਰ-ਬਾਰ ਪਾਪ ਕਰਦੇ ਹਾਂ ਅਤੇ ਬਾਰ-ਬਾਰ ਸਜ਼ਾ ਪਾਉਂਦੇ ਹਾਂ। ਅੱਜ ਤੱਕ ਜਿਤਨੇ ਵੀ ਅਵਤਾਰ ਆਏ ਹਨ, ਭਗਤ ਆਏ ਹਨ, ਗੁਰੂ ਆਏ ਹਨ ਅਤੇ ਸਾਧ ਫ਼ਕੀਰ ਹਨ ਸਾਰੇ ਹੀ ਪਾਪਾਂ ਬਾਰੇ ਗਿਆਨ ਦੇਣ ਦੀ ਕੋਸ਼ਿਸ ਕਰਦੇ ਰਹੇ ਹਨ। ਪਰ ਅਸੀਂ ਪਾਪ ਕਰਨੋਂ ਹਟ ਨਹੀਂ ਸਕੇ। ਅਸੀਂ ਹਮੇਸ਼ਾਂ ਇਹੀ ਸੋਚਦੇ ਰਹਿੰਦੇ ਹਾਂ ਕਿ ਸਾਨੂੰ ਕੋਈ ਦੇਖ ਨਹੀਂ ਰਿਹਾ। ਅਸੀਂ ਸਵਾਰਥੀ ਹੋ ਕੇ ਆਪਣੇ ਭਲੇ ਦੀ ਗੱਲ ਸੋਚਣ ਲੱਗ ਪੈਂਦੇ ਹਾਂ। ਇਹੀ ਸਾਡੇ ਜੀਵਨ ਦਾ ਦੁਖਾਂਤ ਹੈ ਅਤੇ ਸਦੀਆਂ ਤੋਂ ਮਨੁੱਖ ਆਪਣੇ ਲਈ ਪੀੜਾਂ ਸਹੇੜਦਾ ਆਇਆ ਹੈ। ਇਹ ਪੀੜਾਂ ਅੱਜ ਵੀ ਭੋਗ ਰਿਹਾ ਹੈ ਅਤੇ ਅਗਾਂਹ ਵੀ ਭੋਗਦਾ ਰਵੇਗਾ।

## ਲਾਲਚ ਨਾ ਕਰੋ

ਅਸੀਂ ਮਨੁੱਖ ਹਾਂ। ਸਾਡੇ ਅੰਦਰ 'ਕੱਲ੍ਹ' ਦਾ ਡਰ ਬੈਠਿਆ ਹੋਇਆ ਹੈ। ਲੋੜ ਤੋਂ ਵਾਧੂ ਕਿਸੇ ਸ਼ੈਅ ਦਾ ਜਮਾਂ ਕਰਨਾ ਜਾਂ ਵਰਤਣਾ ਲਾਲਚ ਹੈ। ਅਸੀਂ ਦੇਖ ਰਹੇ ਹਾਂ ਕਿ ਸਾਡੀਆਂ ਵਰਤਮਾਨ ਜ਼ਰੂਰਤਾਂ ਹਨ। ਸਾਡਾ ਭਵਿੱਖ ਵੀ ਹੈ। ਅਸੀਂ ਬਿਮਾਰ ਹੋ ਸਕਦੇ ਹਾਂ। ਅਸੀਂ ਅਪਾਹਜ ਹੋ ਸਕਦੇ ਹਾਂ। ਅਸੀਂ ਬੇਰੁਜ਼ਗਾਰ ਹੋ ਸਕਦੇ ਹਾਂ। ਸਾਡਾ ਧਨ ਕੋਈ ਲੁੱਟ ਕੇ ਲਿਜਾ ਸਕਦਾ ਹੈ। ਇਨ੍ਹਾਂ ਪ੍ਰਸਥਿਤੀਆਂ ਲਈ ਸਾਨੂੰ ਪ੍ਰਬੰਧ ਕਰਨਾ ਪੈਂਦਾ ਹੈ। ਜੇ ਕੋਈ ਐਸਾ ਨਹੀਂ ਕਰ ਸਕਦਾ ਅਤੇ ਦੁੱਖ ਪਾਉਂਦਾ ਹੈ ਤਾਂ ਲੋਕੀਂ ਉਸ ਨੂੰ ਮੂਰਖ ਆਖਦੇ ਹਨ। ਉਸ ਦਾ ਮਜ਼ਾਕ ਉਡਾਉਂਦੇ ਹਨ। ਇਸੇ ਕਰਕੇ ਜੀਵਨ ਦਾ ਜੋ ਇਹ ਤਰੀਕਾ ਨਿਸ਼ਚਿਤ ਹੋ ਚੁੱਕਾ ਹੈ, ਇਹ ਅਸੀਂ ਸਾਰਿਆਂ ਨੇ ਕਾਇਮ ਰੱਖਣਾ ਹੈ। ਇਸ ਨੂੰ ਅਸੀਂ ਲਾਲਚ ਦਾ ਨਾਮ ਦੇ ਕੇ ਤਿਆਗ ਨਹੀਂ ਕਰ ਸਕਦੇ। ਪਰ ਜਦੋਂ ਅਸੀਂ ਦੂਜਿਆਂ ਦਾ ਹੱਕ ਮਾਰ ਕੇ ਆਪਣਾ ਹਿੱਤ ਪੂਰਦੇ ਹਾਂ ਤਾਂ ਅਸੀਂ ਗ਼ਲਤ ਹਾਂ ਅਤੇ ਲਾਲਚੀ ਵੀ ਹਾਂ। ਲਾਲਚੀ ਆਦਮੀ ਦੂਜਿਆਂ ਨਾਲ ਇਨਸਾਫ਼ ਨਹੀਂ ਕਰ ਰਿਹਾ ਹੁੰਦਾ। ਅਗਰ ਕੋਈ ਆਖੇ ਕਿ ਉਸ ਨੂੰ ਲਾਲਚ ਦਾ ਗਿਆਨ ਹੀ ਨਹੀਂ ਹੈ, ਤਾਂ ਉਹ ਗ਼ਲਤ ਹੈ। ਹਰ ਆਦਮੀ ਸਮਝਦਾ ਹੈ ਕਿ ਉਹ ਕਿਸ ਵਕਤ ਲਾਲਚ ਕਰ ਰਿਹਾ ਹੈ। ਅਗਰ ਉਹ ਲਾਲਚ ਦਾ ਤਿਆਗ ਕਰਦਾ ਜਾਵੇ ਤਾਂ ਉਸ ਦਾ ਸੁਧਾਰ ਹੋ ਸਕਦਾ ਹੈ।

## ਮੌਤ ਦੇ ਘੇਰੇ ਤੋਂ ਬਾਹਰ ਹੋ ਜਾਣਾ

ਅਸੀਂ ਸਾਰੇ ਜਾਣਦੇ ਹਾਂ ਕਿ ਜੋ ਆਦਮੀ ਰੱਬ ਦੀ ਰਜ਼ਾ ਵਿੱਚ ਚਲਦਾ ਹੈ, ਉਹ ਰੱਬ ਦਾ ਬੰਦਾ ਹੋ ਜਾਂਦਾ ਹੈ ਅਤੇ ਫਿਰ ਉਸ ਲਈ ਮੌਤ ਖ਼ਾਤਮੇ ਦਾ ਕਾਰਨ ਨਹੀਂ ਬਣਦੀ। ਦੁਨੀਆਂ ਅੰਦਰ ਉਹ ਲੋਕ ਵੀ ਹੋਏ ਹਨ ਜਿਨ੍ਹਾਂ ਦਾ ਭੌਤਿਕ ਸਰੀਰ ਤਾਂ ਖ਼ਤਮ ਹੋ ਗਿਆ ਹੈ ਪਰ ਉਹ ਅੱਜ ਵੀ ਹਜ਼ਾਰਾਂ ਸਾਲ ਬੀਤ ਜਾਣ ਬਾਅਦ ਵੀ ਲੋਕਾਂ ਦੇ ਮਨਾਂ ਅੰਦਰ ਬੈਠੇ ਹਨ। ਆਦਮੀ ਵਧੀਆ ਉਹੀ ਗਿਣਿਆ ਜਾਂਦਾ ਹੈ ਜੋ ਇਸ ਭੌਤਿਕ ਸਰੀਰ ਦੇ ਖ਼ਤਮ ਹੋ ਜਾਣ ਬਾਅਦ ਵੀ ਜਿਉਂਦਾ ਰਹਿੰਦਾ ਹੈ ਅਤੇ ਸਿਰਫ਼ ਉਹੀ ਲੋਕੀਂ ਜਿਊਂਦੇ ਰਹੇ ਹਨ ਜਿਨ੍ਹਾਂ ਨੇ ਆਪਣੀ ਹਸਤੀ ਦੀ ਪਛਾਣ ਕੀਤੀ ਹੈ ਅਤੇ ਆਪਣੇ ਅੰਦਰ ਵਿਦਮਾਨ ਗੁਣਾਂ ਨੂੰ ਲੋਕ-ਭਲਾਈ ਲਈ ਵਰਤਿਆ ਹੈ। ਉਹ ਕੁਝ ਸਥਾਪਿਤ ਕੀਤਾ ਹੈ, ਜੋ ਸਦੀਆਂ ਤੱਕ ਮਨੁੱਖ ਜਾਤੀ ਦੇ ਕੰਮ ਆਉਂਦਾ ਰਹੇਗਾ। ਉਸ ਦੇ ਵਿਚਾਰ ਸਦਾ ਹੀ ਜਿਊਂਦੇ ਰਹਿਣਗੇ। ਕਦੀ ਵੀ ਪੁਰਾਣੇ ਨਹੀਂ ਹੋਣਗੇ। ਹਰ ਸਮੇਂ ਦੇ ਲੋਕੀਂ ਉਨ੍ਹਾਂ ਵਿਚਾਰਾਂ ਨੂੰ ਆਧੁਨਿਕ ਸਮਝ

ਕੇ ਉਨ੍ਹਾਂ ਉੱਤੇ ਚੱਲਣ ਦੀ ਕੋਸ਼ਿਸ ਕਰਨਗੇ। ਆਪ ਵੀ ਸੁੱਖ ਪ੍ਰਾਪਤ ਕਰਨਗੇ ਅਤੇ ਲੋਕਾਂ ਲਈ ਵੀ ਸੁਖਦਾਈ ਬਣਨਗੇ। ਅਸੀਂ ਸਾਰਿਆਂ ਨੇ ਮੌਤ ਨੂੰ ਯਾਦ ਰੱਖਣਾ ਹੈ। ਮੌਤ ਤੋਂ ਡਰਨਾ ਨਹੀਂ ਹੈ, ਬਲਕਿ ਮੌਤ ਨੂੰ ਯਾਦ ਕਰਕੇ ਅਸੀਂ ਆਪਣੇ ਆਪ ਸਾਹਮਣੇ ਨਿਸ਼ਾਨੇ ਮਿੱਥਣੇ ਹਨ ਜੋ ਅਸੀਂ ਇਸ ਅਨਿਸ਼ਚਿਤ ਸਮੇਂ ਅੰਦਰ ਸੰਪੂਰਨ ਕਰਨੇ ਹਨ। ਸਾਨੂੰ ਨਹੀਂ ਪਤਾ ਅਸੀਂ ਕਦੋਂ ਸਵਾਸ ਤਿਆਗ ਦੇਣੇ ਹਨ। ਇਸ ਕਰਕੇ ਅਸੀਂ ਇਸ ਥੋੜ੍ਹੇ ਜਿਹੇ ਸਮੇਂ ਅੰਦਰ ਹੀ ਬਹੁਤ ਕੁਝ ਕਰਨਾ ਹੈ, ਅਸੀਂ ਕੁਝ ਨਾ ਕੁਝ ਕਰਕੇ ਜਾਣਾ ਹੈ। ਰੱਬ ਦੀ ਦਰਗਾਹ ਵਿੱਚ ਅਸੀਂ ਜਦੋਂ ਜਾ ਕੇ ਖਲੋਣਾ ਹੈ, ਤਾਂ ਅਸੀਂ ਬੜੇ ਮਾਣ ਨਾਲ ਦੱਸ ਸਕਾਂਗੇ ਕਿ ਸਾਡੇ ਜ਼ਿੰਮੇਂ ਜੋ ਕੰਮ ਲਗਾਇਆ ਗਿਆ ਸੀ ਉਹ ਅਸੀਂ ਪੂਰਾ ਕਰ ਆਏ ਹਾਂ। ਰੱਬ ਸਾਨੂੰ ਸ਼ਾਬਾਸ਼ ਦੇ ਕੇ ਆਪਣੇ ਕੋਲ ਖ਼ਾਸ ਅਸਥਾਨ ਦੇ ਕੇ ਬਿਠਾਏਗਾ ਅਤੇ ਕੋਈ ਗੁਰੂ ਪੀਰ ਵੀ ਸਾਡੀ ਹਾਮੀ ਭਰੇਗਾ, ਬੜੇ ਫ਼ਖ਼ਰ ਨਾਲ ਰੱਬ ਨੂੰ ਦੱਸੇਗਾ ਕਿ ਅਸੀਂ ਉਸ ਦੇ ਖ਼ਾਸ ਆਦਮੀ ਹਾਂ। ਸੋ ਮੌਤ ਦੇ ਡਰ ਨੂੰ ਅਸੀਂ ਇਸ ਪ੍ਰਕਾਰ ਲੈ ਕੇ ਅੱਜ ਤੋਂ ਹੀ ਆਪਣੇ ਕਾਰਜ ਖੇਤਰ ਵਿੱਚ ਗਤੀਸ਼ੀਲ ਹੋ ਜਾਣਾ ਹੈ।

## ਰੱਬ ਦੀ ਹਾਜ਼ਰੀ ਕਦੀ ਨਾ ਭੁੱਲੋ

ਰੱਬ ਸਰਬ ਵਿਆਪਕ ਹੈ, ਉਹ ਹਰ ਵਕਤ ਸਾਡੇ ਨਾਲ ਰਹਿੰਦਾ ਹੈ। ਇਹ ਗੱਲ ਸਵੀਕਾਰ ਕਰ ਲੈਣੀ ਚਾਹੀਦੀ ਹੈ, ਐਸਾ ਸਵੀਕਾਰ ਕਰਨਾ ਗੁਣਕਾਰੀ ਹੈ। ਇਹ ਤਾਂ ਸਾਡੇ ਅੰਦਰੋਂ ਡਰ ਜਾਂਦਾ ਰਹਿੰਦਾ ਹੈ, ਸਾਨੂੰ ਦਲੇਰੀ ਮਿਲਦੀ ਹੈ, ਸਾਡੇ ਅੰਦਰ ਸਵੈ-ਵਿਸ਼ਵਾਸ ਬਣ ਆਉਂਦਾ ਹੈ। ਸਾਨੂੰ ਇਉਂ ਮਹਿਸੂਸ ਹੋਣ ਲੱਗ ਪੈਂਦਾ ਹੈ ਕਿ ਅਸੀਂ ਐਵੇਂ ਕਿਵੇਂ ਦੇ ਬੰਦੇ ਨਹੀਂ ਹਾਂ, ਰੱਬ ਦੇ ਖ਼ਾਸ ਪੁੱਤਰ ਹਾਂ ਅਤੇ ਅਸੀਂ ਰੱਬ ਦੇ ਖ਼ਾਸ ਪੁੱਤਰ ਬਣ ਕੇ ਦਿਖਾਉਣਾ ਹੈ। ਰੱਬ ਦੀ ਹੋਂਦ ਸਵੀਕਾਰ ਕਰਨ ਵਾਲਾ ਬੰਦਾ ਆਪਣੇ ਵਜੂਦ ਵਿੱਚ ਆ ਜਾਂਦਾ ਹੈ, ਬੁਰੇ ਕੰਮ ਕਰਨੋਂ ਹਟ ਜਾਂਦਾ ਹੈ। ਉਹ ਰੱਬ ਸਾਹਮਣੇ ਬੁਰੇ ਕੰਮ ਕਰਕੇ ਸ਼ਰਮਿੰਦਗੀ ਦਾ ਜੀਵਨ ਬਸਰ ਨਹੀਂ ਕਰਨਾ ਚਾਹੁੰਦਾ, ਉਹ ਆਪਣੇ ਜੀਵਨ ਨੂੰ ਖ਼ਾਸ ਕਿਸਮ ਦੀ ਸੇਧ ਦੇਣ ਲੱਗ ਪੈਂਦਾ ਹੈ। ਸਿਰਫ਼ ਚੰਗੇ ਕਰਮ ਹੀ ਨਹੀਂ ਕਰਦਾ, ਬਲਕਿ ਉਸ ਦਾ ਕਿਰਦਾਰ ਵੀ ਉੱਚਾ ਹੋ ਉੱਠਦਾ ਹੈ। ਉਹ ਆਦਮੀ ਨਹੀਂ ਰਹਿੰਦਾ, ਰੱਬ ਦਾ ਖ਼ਾਸ ਬੰਦਾ ਬਣ ਜਾਂਦਾ ਹੈ ਅਤੇ ਇਉਂ ਉਹ ਆਪਣੇ ਆਲੇ-ਦੁਆਲੇ ਦੀ ਦੁਨੀਆਂ ਵਿੱਚ ਆਪਣੀ ਨਿਵੇਕਲੀ ਪਛਾਣ ਕਾਇਮ ਕਰ ਲੈਂਦਾ ਹੈ। ਅਸੀਂ ਵੀ ਐਸਾ ਇਨਸਾਨ ਬਣਨਾ ਹੈ। ਰੱਬ ਦੀ ਹਾਜ਼ਰੀ ਪ੍ਰਵਾਨ ਕਰਨ ਲਈ ਕਿਸੇ ਤਰੱਦਦ ਦੀ ਜ਼ਰੂਰਤ ਨਹੀਂ ਪੈਂਦੀ। ਕਿਸੇ ਪਾਸੋਂ ਜਾ ਕੇ ਸਿੱਖਿਆ ਲੈਣ ਦੀ ਜ਼ਰੂਰਤ ਨਹੀਂ ਹੁੰਦੀ। ਅਸੀਂ ਆਪਣੇ ਗੁਰੂ ਆਪ ਹੀ ਬਣਨਾ ਹੈ। ਅਸੀਂ ਵੀ ਰੱਬ ਦੇ ਪੁੱਤਰ ਹਾਂ ਅਤੇ ਰੱਬ ਦੀਆਂ ਸ਼ਕਤੀਆਂ ਬਾਰੇ ਗਿਆਨ ਹਾਸਲ ਕਰਨ ਲਈ ਕਿਧਰੇ ਦੂਰ ਜਾਣ ਦੀ ਜ਼ਰੂਰਤ ਨਹੀਂ ਹੁੰਦੀ। ਇਹ ਗਿਆਨ ਸਾਡੇ ਅੰਦਰ ਹਾਜ਼ਰ ਹੈ। ਅਸੀਂ ਤਾਂ ਬਸ ਇਕ ਸੋਚ ਪੈਦਾ ਕਰਨੀ ਹੈ, ਬਸ ਫਿਰ ਹਰ ਪਾਸੇ ਚਾਨਣ ਹੀ ਚਾਨਣ ਹੋ ਜਾਵੇਗਾ। ਅੰਧੇਰਾ ਦੂਰ ਹੋ ਜਾਵੇਗਾ ਅਤੇ ਸਾਡੇ ਸਾਰੇ ਭੁਲੇਖੇ ਦੂਰ ਹੋ ਜਾਣਗੇ। ਇਹ ਗੁਣੀ-ਗਿਆਨੀ ਬਣੇ ਫਿਰਦੇ ਲੋਕੀਂ ਸਾਡੀਆਂ ਅੱਖਾਂ ਵਿੱਚ ਧੂਲ ਨਹੀਂ ਪਾ ਸਕਣਗੇ। ਇਨ੍ਹਾਂ ਦੀਆਂ ਗੱਲਾਂ ਸੁਣਨ ਲਈ ਇਨ੍ਹਾਂ ਦੇ ਡੇਰਿਆਂ ਉੱਤੇ ਚੱਕਰ ਕੱਟਣ ਦੀ ਜ਼ਰੂਰਤ ਨਹੀਂ ਰਵੇਗੀ। ਰੱਬ ਆਪ ਹੀ ਸਾਡਾ ਸਾਥੀ ਬਣੇਗਾ, ਰੱਬ ਆਪ ਹੀ ਸਾਡਾ ਰਾਹ ਦਸੇਰਾ ਬਣੇਗਾ ਅਤੇ ਅਸੀਂ ਦੇਖਦਿਆਂ-

ਦੇਖਦਿਆਂ ਰੱਬ ਦੇ ਖ਼ਾਸ ਆਦਮੀ ਬਣ ਜਾਵਾਂਗੇ।

## ਹਰਾਮ ਦੀ ਕਮਾਈ ਕਦੀ ਹਲਾਲ ਨਹੀਂ ਹੁੰਦੀ

ਅਸੀਂ ਅਗਰ ਸੋਚਦੇ ਹਾਂ ਕਿ ਅਸੀਂ ਹਰਾਮ ਦੀ ਕਮਾਈ ਕਰਕੇ ਉਸ ਦਾ ਕੁਝ ਹਿੱਸਾ ਦਾਨ ਕਰਕੇ, ਕੁਝ ਹਿੱਸਾ ਧਾਰਮਿਕ ਅਸਥਾਨਾਂ ਉੱਤੇ ਭੇਟਾ ਕਰਕੇ ਉਸ ਹਰਾਮ ਦੇ ਧਨ ਨੂੰ ਹਲਾਲ ਬਣਾ ਸਕਦੇ ਹਾਂ ਤਾਂ ਸਾਡੀ ਐਸੀ ਸੋਚ ਗ਼ਲਤ ਹੈ। ਦਾਨ ਸਿਰਫ਼ ਉਹ ਲੱਗਦਾ ਹੈ ਜੋ ਸਾਡੇ ਖ਼ੂਨ-ਪਸੀਨੇ ਦੀ ਕਮਾਈ ਹੈ, ਨੇਕ ਕਮਾਈ ਹੈ। ਧਾਰਮਿਕ ਅਸਥਾਨਾਂ ਉੱਤੇ ਵੀ ਜੋ ਅਸੀਂ ਭੇਟਾ ਕਰਦੇ ਹਾਂ, ਉਹ ਸਾਡੀ ਨੇਕ ਕਮਾਈ ਹੋਣੀ ਚਾਹੀਦੀ ਹੈ। ਰੱਬ ਜਾਣੀ-ਜਾਣ ਹੈ ਅਤੇ ਰੱਬ ਦੇ ਘਰ ਕਦੀ ਵੀ ਹਰਾਮ ਦੀ ਕਮਾਈ ਨਹੀਂ ਚੜ੍ਹਾਉਣੀ ਚਾਹੀਦੀ। ਹਰਾਮ ਦੀ ਕਮਾਈ ਨਾਲ ਉੱਚੀਆਂ ਬਿਲਡਿੰਗਾਂ ਤਾਂ ਉਸਰ ਜਾਣਗੀਆਂ ਪਰ ਉੱਥੇ ਫੇਰੀਆਂ ਪਾਉਂਦੇ ਭਗਤ ਆਪਣੀਆਂ ਮੁਰਾਦਾਂ ਪੂਰੀਆਂ ਨਹੀਂ ਕਰ ਸਕਣਗੇ। ਹਰਾਮ ਦੀ ਕਮਾਈ ਦਾ ਦਾਨ ਖਾਣ ਵਾਲੇ ਲੋਕਾਂ ਦੀ ਬੁੱਧੀ ਵੀ ਮਲੀਨ ਹੋ ਜਾਂਦੀ ਹੈ। ਉਨ੍ਹਾਂ ਵਿੱਚੋਂ ਸਵੱਛਤਾ ਜਾਂਦੀ ਰਹਿੰਦੀ ਹੈ ਅਤੇ ਉਹ ਜੋ ਕੁਝ ਵੀ ਬੋਲਦੇ ਹਨ, ਉਸ ਦਾ ਅਸਰ ਨਹੀਂ ਹੁੰਦਾ। ਉਸ ਦਾ ਸਾਰਾ ਪ੍ਰਭਾਵ ਜਾਂਦਾ ਰਹਿੰਦਾ ਹੈ, ਇਸ ਕਰਕੇ ਜਦੋਂ ਵੀ ਅਸੀਂ ਦਾਨ ਦਿੰਦੇ ਹਾਂ, ਕਿਸੇ ਦੀ ਸਹਾਇਤਾ ਕਰਦੇ ਹਾਂ ਜਾਂ ਕਿਸੇ ਪੂਜਾ ਅਸਥਾਨ ਉੱਤੇ ਭੇਟਾ ਕਰਦੇ ਹਾਂ ਤਾਂ ਸਾਡੇ ਲਈ ਇਹ ਲਾਜ਼ਮੀ ਹੋ ਜਾਣਾ ਚਾਹੀਦਾ ਹੈ ਕਿ ਅਸੀਂ ਪਹਿਲਾਂ ਅੰਤਰ ਧਿਆਨ ਹੋ ਕੇ ਇਹ ਸੋਚੀਏ ਕਿ ਇਹ ਰਕਮ ਆਈ ਕਿੱਥੋਂ ਹੈ ? ਅਗਰ ਇਹ ਰਕਮ ਗ਼ਲਤ ਢੰਗਾਂ ਨਾਲ ਕਮਾਈ ਹੋਈ ਹੈ ਤਾਂ ਇਸ ਦਾ ਦਾਨ ਨਹੀਂ ਲੱਗਣਾ ਬਲਕਿ ਜੋ ਕੋਈ ਵੀ ਇਸ ਰਕਮ ਦੀ ਵਰਤੋਂ ਕਰੇਗਾ ਜਾਂ ਜਿਸ ਕਿਸੇ ਦੀ ਇਸ ਰਕਮ ਨਾਲ ਸਹਾਇਤਾ ਹੋਵੇਗੀ, ਉਸ ਆਦਮੀ ਦਾ ਭਲਾ ਹੋਣ ਦੀ ਬਜਾਏ ਬੁਰਾ ਹੋਵੇਗਾ। ਅਸੀਂ ਅਗਰ ਆਪਣੀਆਂ ਗ਼ਲਤੀਆਂ ਕਾਰਨ ਦੁੱਖ ਪਾ ਰਹੇ ਹਾਂ ਤਾਂ ਸਾਡਾ ਫ਼ਰਜ਼ ਇਹ ਨਹੀਂ ਬਣਦਾ ਕਿ ਅਸੀਂ ਆਪਣੀਆਂ ਗ਼ਲਤੀਆਂ ਕਾਰਨ ਦੂਜਿਆਂ ਨੂੰ ਸਜ਼ਾ ਦਿਵਾਉਂਦੇ ਫਿਰੀਏ। ਐਸਾ ਕਰਨਾ ਪਾਪ ਹੈ।

## ਰੱਬ ਦੀ ਪੂਜਾ

ਅਸੀਂ ਬੁੱਤਾਂ ਵਿੱਚ ਰੱਬ ਨੂੰ ਭਾਲ ਰਹੇ ਹਾਂ। ਅਸੀਂ ਧਾਰਮਿਕ ਗ੍ਰੰਥਾਂ ਵਿੱਚੋਂ ਰੱਬ ਨੂੰ ਭਾਲ ਰਹੇ ਹਾਂ, ਅਸੀਂ ਜੰਗਲਾਂ ਵਿੱਚ ਭਟਕਦੇ ਫਿਰਦੇ ਹਾਂ, ਅਸੀਂ ਭੁੱਖਿਆਂ ਰਹਿ-ਰਹਿ ਕੇ ਸਮਾਧੀਆਂ ਲਗਾ ਰਹੇ ਹਾਂ। ਅਸੀਂ ਸੋਚ ਰਹੇ ਹਾਂ ਕਿ ਇਸ ਸਰੀਰ ਨੂੰ ਕਸ਼ਟ ਦਿੱਤਾ ਜਾਵੇ ਤਾਂ ਰੱਬ ਪ੍ਰਾਪਤ ਹੋ ਜਾਂਦਾ ਹੈ। ਅਸੀਂ ਤੀਰਥਾਂ ਉੱਤੇ ਜਾ ਰਹੇ ਹਾਂ। ਸਵੇਰੇ ਸ਼ਾਮ ਧਾਰਮਿਕ ਅਸਥਾਨਾਂ ਉੱਤੇ ਜਾ ਰਹੇ ਹਾਂ। ਅਸੀਂ ਕਈ ਕਿਸਮ ਦੇ ਭੇਖ ਕਰ ਰਹੇ ਹਾਂ। ਰੱਬ ਸਾਡੇ ਪਾਸ ਹੈ, ਸਾਨੂੰ ਉਸ ਦੀ ਪਛਾਣ ਹੈ। ਅਸੀਂ ਦੁਨੀਆਂ ਦਾ ਹਰੇਕ ਆਦਮੀ ਜਾਣਦੇ ਹਾਂ ਕਿ ਰੱਬ ਸਾਡੇ ਪਾਸ ਖਲੋਤਾ ਸਾਡੀਆਂ ਹਰਕਤਾਂ ਨੋਟ ਕਰਦਾ ਹੈ। ਆਪਣੇ ਗ਼ਲਤ ਕੰਮਾਂ ਦਾ ਖ਼ਮਿਆਜ਼ਾ ਸਾਨੂੰ ਭੋਗਣਾ ਪੈਣਾ ਹੈ। ਭਾਵੇਂ ਸਾਨੂੰ ਅੱਜ ਹੀ ਭੋਗਣਾ ਪਵੇ ਜਾਂ ਭਾਵੇਂ ਕੱਲ੍ਹ। ਇਹ ਦੁਨਿਆਵੀ ਕਰਮ ਕਾਂਡ ਸਾਨੂੰ ਰੱਬ ਦੀ ਕਰੋਪੀ ਤੋਂ ਨਹੀਂ ਬਚਾ ਸਕਦੇ। ਅਸੀਂ ਤਾਂ ਬਸ ਰੱਬ ਦੀ ਹੋਂਦ ਸਵੀਕਾਰ ਕਰਨੀ ਹੈ ਅਤੇ ਰੱਬ ਦੀ ਰਜ਼ਾ ਵਿੱਚ ਰਹਿਣਾ ਸਿੱਖਣਾ ਹੈ। ਬਸ ਕੋਈ ਐਸਾ ਕੰਮ ਨਹੀਂ ਕਰਨਾ ਜਿਸ ਕਾਰਨ ਰੱਬ ਦੇ ਬਣਾਏ ਹੋਏ ਕਿਸੇ ਵੀ ਜੀਵ ਨੂੰ ਪੀੜਾ ਹੁੰਦੀ ਹੋਵੇ। ਜਦੋਂ ਰੱਬ ਦੇ ਬਣਾਏ ਹੋਏ ਕਿਸੇ ਜੀਵ ਨੂੰ ਪੀੜ ਅਸੀਂ ਦੇ ਬੈਠਦੇ ਹਾਂ ਤਾਂ

ਰੱਬ ਨਾਰਾਜ਼ ਹੋ ਜਾਂਦਾ ਹੈ ਅਤੇ ਸਾਨੂੰ ਸਜ਼ਾ ਦਿੰਦਾ ਹੈ। ਬਸ ਇਹੀ ਨਿੱਕੀ ਜਿਹੀ ਗੱਲ ਹੈ। ਇਸ ਗੱਲ ਦੀ ਪ੍ਰਾਪਤੀ ਲਈ ਵੱਡੇ-ਵੱਡੇ ਤਰੱਦਦ ਕਰਨ ਦੀ ਜ਼ਰੂਰਤ ਨਹੀਂ ਪੈਂਦੀ।

## ਰੱਬ ਇਕ ਅਤੇ ਇਕੋ-ਇਕ ਸੱਚ ਹੈ

ਅਗਰ ਅਸੀਂ ਆਖਦੇ ਹਾਂ ਕਿ ਇਹ ਦੁਨੀਆਂ ਸਭ ਝੂਠ ਹੈ ਤਾਂ ਸਾਨੂੰ ਇਹ ਸਵੀਕਾਰ ਕਰ ਲੈਣਾ ਚਾਹੀਦਾ ਹੈ ਕਿ ਰੱਬ ਇਕ ਸੱਚਾਈ ਹੈ। ਰੱਬ ਉਦੋਂ ਵੀ ਸੀ ਜਦੋਂ ਉਸ ਨੇ ਇਸ ਬ੍ਰਹਿਮੰਡ ਦੀ ਰਚਨਾ ਨਹੀਂ ਸੀ ਕੀਤੀ। ਉਹ ਅੱਜ ਵੀ ਇਕ ਸੱਚਾਈ ਹੈ, ਅਰਥਾਤ ਰੱਬ ਦੀ ਹੋਂਦ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਰੱਬ ਸਦਾ ਹੀ ਇੱਕ ਸੱਚਾਈ ਰਹੇਗਾ। ਇਸ ਬ੍ਰਹਿਮੰਡ ਦੀ ਉਹ ਕਈ ਵਾਰੀ ਰਚਨਾ ਕਰ ਬੈਠਾ ਹੈ। ਇਹ ਬ੍ਰਹਿਮੰਡ ਕਈ ਵਾਰੀ ਹੋਂਦ ਵਿੱਚ ਆ ਚੁੱਕਿਆ ਹੈ ਅਤੇ ਇਸ ਦੀ ਟੁੱਟ-ਭੱਜ ਹੁੰਦੀ ਰਹੀ ਹੈ ਪਰ ਰੱਬ ਦੀ ਹੋਂਦ ਵਿੱਚ ਕੋਈ ਤਬਦੀਲੀ ਨਹੀਂ ਆਈ ਹੈ। ਜਿਸ ਕਿਸੇ ਨੇ ਰੱਬ ਦੀ ਸੱਚਾਈ ਨੂੰ ਕਬੂਲ ਕਰ ਲਿਆ ਹੈ ਉਹ ਸਿੱਧੇ ਰਸਤੇ ਪੈ ਗਿਆ ਹੈ। ਜੋ ਰੱਬ ਦੀ ਹੋਂਦ ਕਬੂਲ ਨਹੀਂ ਕਰਦਾ ਉਸ ਦੇ ਸਿਰ ਤੋਂ ਡਰ ਉਤਰ ਜਾਂਦਾ ਹੈ ਅਤੇ ਉਹ ਕੋਈ ਵੀ ਕਾਰਾ ਕਰ ਸਕਦਾ ਹੈ। ਰੱਬ ਦੀ ਹੋਂਦ ਸਵੀਕਾਰ ਕਰਨ ਵਾਲੇ ਬੰਦੇ ਦੇ ਮਨ ਅੰਦਰ ਇਹ ਗੱਲ ਘਰ ਕਰ ਜਾਂਦੀ ਹੈ ਕਿ ਉਹ ਜੋ ਕੁਝ ਕਰਦਾ ਪਿਆ ਹੈ, ਉਸ ਦਾ ਇਕ ਦਿਨ ਹਿਸਾਬ ਦੇਣਾ ਪਵੇਗਾ ਅਤੇ ਅਗਰ ਗ਼ਲਤ ਕੰਮਾਂ ਦੀ ਸੂਚੀ ਵੱਡੀ ਹੈ ਤਾਂ ਵੱਡੀ ਸਜ਼ਾ ਵੀ ਮਿਲੇਗੀ। ਸਜ਼ਾ ਦਾ ਇਹ ਡਰ ਆਦਮੀ ਨੂੰ ਸਿੱਧੇ ਰਸਤੇ ਪਾ ਸਕਦਾ ਹੈ। ਇਸ ਕਰਕੇ ਰੱਬ ਦੀ ਹੋਂਦ ਉੱਤੇ ਕਿੰਤੂ-ਪ੍ਰੰਤੂ ਕਰਨ ਵਿੱਚ ਸਮਾਂ ਨਸ਼ਟ ਨਹੀਂ ਕਰਨਾ ਚਾਹੀਦਾ ਕਿਉਂਕਿ ਰੱਬ ਦੀ ਹੋਂਦ ਮਨ ਨਾਲ ਸਵੀਕਾਰ ਕਰਨੀ ਪੈਂਦੀ ਹੈ ਅਤੇ ਦਲੀਲਾਂ ਦੇ ਕੇ ਰੱਬ ਦੀ ਹੋਂਦ ਸਵੀਕਾਰ ਕਰਨ ਵਾਲੇ ਵੀ ਬਹੁਤ ਕੁਝ ਆਖ ਸਕਦੇ ਹਨ ਅਤੇ ਜੋ ਲੋਕੀਂ ਰੱਬ ਦੀ ਹੋਂਦ ਸਵੀਕਾਰ ਨਹੀਂ ਕਰਦੇ, ਉਨ੍ਹਾਂ ਪਾਸ ਵੀ ਕਹਿਣ ਨੂੰ ਬਹੁਤ ਕੁਝ ਹੁੰਦਾ ਹੈ। ਜਦੋਂ ਰੱਬ ਇਕ ਸੱਚਾਈ ਹੈ ਤਾਂ ਫਿਰ ਇਸ ਉੱਤੇ ਕਿੰਤੂ-ਪ੍ਰੰਤੂ ਕਰਨ ਦੀ ਜ਼ਰੂਰਤ ਨਹੀਂ ਹੈ। ਰੱਬ ਦੀ ਹੋਂਦ ਸਵੀਕਾਰ ਕਰਕੇ ਤੁਰਨਾ ਹੀ ਠੀਕ ਬੈਠਦਾ ਹੈ।

## ਇਹ ਜੀਵਨ ਮਿੱਠਾ ਵੀ ਹੈ ਅਤੇ ਕੌੜਾ ਵੀ ਹੈ

ਮਨੁੱਖੀ ਜੀਵਨ ਅਤੇ ਦੁੱਖ-ਸੁੱਖ ਨਾਲ-ਨਾਲ ਚੱਲਦੇ ਹਨ। ਕੋਈ ਵੀ ਐਸਾ ਆਦਮੀ ਨਹੀਂ ਹੈ ਜੋ ਮਾਣ ਨਾਲ ਆਖ ਸਕੇ ਕਿ ਉਸ ਦੇ ਜੀਵਨ ਅੰਦਰ ਦੁੱਖ ਕਦੀ ਆਇਆ ਹੀ ਨਹੀਂ। ਇਸ ਕਰਕੇ ਸਾਨੂੰ ਸੁੱਖਾਂ ਅਤੇ ਦੁੱਖਾਂ ਦੀ ਇਹ ਸੱਚਾਈ ਸਵੀਕਾਰ ਕਰਕੇ ਤੁਰਨਾ ਪੈਂਦਾ ਹੈ। ਸਾਨੂੰ ਇਹ ਸਵੀਕਾਰ ਕਰ ਲੈਣਾ ਚਾਹੀਦਾ ਹੈ ਕਿ ਅੱਜ ਅਗਰ ਅਸੀਂ ਦੁੱਖ ਦੀਆਂ ਘੜੀਆਂ ਦਾ ਸਾਹਮਣਾ ਕਰ ਰਹੇ ਹਾਂ ਤਾਂ ਕੱਲ੍ਹ ਸੁੱਖ ਦੀਆਂ ਘੜੀਆਂ ਨੇ ਵੀ ਸਾਡੇ ਅੱਜ ਦੇ ਦੁੱਖਾਂ ਵਿੱਚੋਂ ਜਨਮ ਲੈਣਾ ਹੈ। ਨਾ ਤਾਂ ਦੁੱਖ ਹਮੇਸ਼ਾਂ ਸਾਡੇ ਨਾਲ ਚਮੜੇ ਰਹਿੰਦੇ ਹਨ ਅਤੇ ਨਾ ਹੀ ਅਸੀਂ ਸਦਾ ਹੀ ਸੁੱਖ ਦੀਆਂ ਘੜੀਆਂ ਮਨਾਉਣ ਦਾ ਆਨੰਦ ਲੈ ਸਕਦੇ ਹਾਂ। ਇਸ ਲਈ ਜੈਸਾ ਵੀ ਵਕਤ ਆਵੇ ਉਸ ਦਾ ਦਲੇਰੀ ਨਾਲ ਸਾਹਮਣਾ ਕਰਨਾ ਬਣਦਾ ਹੈ। ਅਸੀਂ ਅਗਰ ਦੁੱਖਾਂ ਦੇ ਘੇਰੇ ਵਿੱਚ ਆ ਗਏ ਹਾਂ ਤਾਂ ਸਾਡਾ ਇਹ ਫ਼ਰਜ਼ ਬਣਦਾ ਹੈ ਕਿ ਅਸੀਂ ਉਨ੍ਹਾਂ ਕਾਰਨਾਂ ਦੀ ਭਾਲ ਕਰੀਏ ਜਿਸ ਕਾਰਨ ਅਸੀਂ ਦੁੱਖਾਂ ਦੇ ਚੱਕਰ ਵਿੱਚ ਫਸ ਗਏ ਹਾਂ। ਜਦੋਂ ਅਸੀਂ ਨੀਝ ਲਗਾ ਕੇ ਕਾਰਨਾਂ ਦੀ ਖੋਜ ਕਰਦੇ ਹਾਂ ਤਾਂ ਅਸੀਂ ਹੈਰਾਨ ਹੋ ਜਾਂਦੇ ਹਾਂ ਕਿ ਇਹ ਦੁੱਖ ਸਾਡੀਆਂ ਹੀ ਗ਼ਲਤੀਆਂ ਕਾਰਨ ਸਾਡੇ ਗਲ੍ਹ ਪੈ ਗਏ ਹਨ। ਅਗਰ ਅਸੀਂ

ਸੂਝ-ਬੂਝ ਨਾਲ ਚਲੇ ਆਉਂਦੇ ਤਾਂ ਇਨ੍ਹਾਂ ਦੁੱਖਾਂ ਤੋਂ ਬਚਿਆ ਜਾ ਸਕਦਾ ਸੀ। ਹਰ ਦੁੱਖ ਦਾ ਕਾਰਨ ਅਸੀਂ ਆਪ ਹੀ ਹੁੰਦੇ ਹਾਂ। ਇਸ ਕਰਕੇ ਆਪਣੇ ਜੀਵਨ ਵਿੱਚ ਸਦਾ ਹੀ ਸਾਨੂੰ ਦੂਰ-ਅੰਦੇਸ਼ ਹੋਣਾ ਚਾਹੀਦਾ ਹੈ। ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਅੱਜ ਅਸੀਂ ਜੋ ਕੁੱਝ ਵੀ ਪਏ ਕਰਦੇ ਹਾਂ, ਇਸ ਦਾ ਕੱਲ੍ਹ ਨਤੀਜਾ ਨਿਕਲਣਾ ਹੈ। ਸਾਡੀਆਂ ਅੱਜ ਦੀਆਂ ਕਰਨੀਆਂ ਮੁਤਾਬਿਕ ਨਤੀਜਾ ਬਿਹਤਰ ਵੀ ਹੋ ਸਕਦਾ ਹੈ ਅਤੇ ਸਾਡੇ ਲਈ ਦੁੱਖਦਾਈ ਵੀ ਹੋ ਸਕਦਾ ਹੈ। ਸੋ ਅਸੀਂ ਹਰ ਕਦਮ ਸੋਚ-ਵਿਚਾਰ ਕੇ ਰੱਖਣਾ ਹੈ। ਅਸੀਂ ਆਪ ਹੀ ਆਪਣੀਆਂ ਕੋਸ਼ਿਸ਼ਾਂ ਸਦਕਾ ਦੁੱਖ ਦੀਆਂ ਘੜੀਆਂ ਤੋਂ ਬਚਾਅ ਕਰ ਸਕਦੇ ਹਾਂ ਅਤੇ ਸਾਨੂੰ ਇਹ ਕੋਸ਼ਿਸ਼ ਜਾਰੀ ਰੱਖਣੀ ਚਾਹੀਦੀ ਹੈ। ਆਪਣੇ ਦੁੱਖਾਂ ਲਈ ਕਿਸੇ ਹੋਰ ਨੂੰ ਦੋਸ਼ੀ ਠਹਿਰਾਉਣਾ ਠੀਕ ਨਹੀਂ ਹੈ।

## ਖਾਣਾ-ਪੀਣਾ ਹੀ ਜੀਵਨ ਨਹੀਂ ਹੈ

ਇਹ ਠੀਕ ਹੈ ਕਿ ਖਾਧੇ ਪੀਤੇ ਬਗ਼ੈਰ ਅਸੀਂ ਜੀਵਤ ਨਹੀਂ ਰਹਿ ਸਕਦੇ ਪਰ ਇਸ ਦਾ ਮਤਲਬ ਇਹ ਵੀ ਨਹੀਂ ਹੈ ਕਿ ਅਸੀਂ ਇਸ ਦੁਨੀਆਂ ਵਿੱਚ ਖਾਣ-ਪੀਣ ਲਈ ਹੀ ਆਏ ਹਾਂ ਅਤੇ ਸਾਡੇ ਜੀਵਨ ਦਾ ਹੋਰ ਕੋਈ ਮਕਸਦ ਹੀ ਨਹੀਂ ਹੈ। ਅਗਰ ਅਸੀਂ ਐਸਾ ਸੋਚਦੇ ਹਾਂ ਤਾਂ ਅਸੀਂ ਰੱਬ ਦੀ ਸਿਆਣਪ ਉੱਤੇ ਕਿੰਤੂ ਪ੍ਰੰਤੂ ਕਰਨ ਲੱਗ ਪਏ ਹਾਂ। ਇਹ ਕਿਵੇਂ ਹੋ ਸਕਦਾ ਹੈ ਕਿ ਰੱਬ ਵਰਗੀ ਮਹਾਨ ਸ਼ਕਤੀ ਫ਼ਜ਼ੂਲ ਦੀ ਚੀਜ਼ ਬਣਾ ਕੇ ਇਸ ਦੁਨੀਆਂ ਵਿੱਚ ਭੇਜਦੀ ਹੋਵੇ। ਰੱਬ ਨੇ ਸਾਡੀ ਹੋਂਦ ਸਿਰਫ਼ ਖਾ-ਪੀ ਕੇ ਜ਼ਿੰਦਗੀ ਗੁਜ਼ਾਰਨ ਲਈ ਕਾਇਮ ਨਹੀਂ ਕੀਤੀ, ਬਲਕਿ ਸਾਡੀ ਹੋਂਦ ਕਾਇਮ ਕਰਨ ਦਾ ਰੱਬ ਦਾ ਇਕ ਖ਼ਾਸ ਮਕਸਦ ਸੀ। ਦੁਨੀਆਂ ਅੰਦਰ ਬਹੁਤ ਹੀ ਘੱਟ ਲੋਕੀਂ ਹੋਏ ਹਨ ਜਿਨ੍ਹਾਂ ਨੇ ਆਪਣੀ ਹੋਂਦ ਬਾਰੇ ਸੋਚਿਆ ਹੈ ਅਤੇ ਐਸੇ ਲੋਕਾਂ ਨੂੰ ਉਹ ਮਕਸਦ ਵੀ ਪਤਾ ਲੱਗ ਗਿਆ ਸੀ ਜਿਸ ਦੀ ਪੂਰਤੀ ਲਈ ਰੱਬ ਨੇ ਉਨ੍ਹਾਂ ਦੀ ਹੋਂਦ ਕਾਇਮ ਕੀਤੀ ਸੀ ਅਤੇ ਉਹ ਐਸਾ ਕਰ ਵੀ ਪਾਏ ਹਨ। ਇਸ ਦੁਨੀਆਂ ਵਿੱਚ ਵੀ ਕੁਝ ਕਰਕੇ ਗਏ ਹਨ ਅਤੇ ਰੱਬ ਦੀ ਦਰਗਾਹ ਵਿੱਚ ਵੀ ਉਨ੍ਹਾਂ ਨੇ ਮਾਣ ਪ੍ਰਾਪਤ ਕੀਤਾ ਹੈ। ਇਸ ਦੁਨੀਆਂ ਦੇ ਬਹੁਤ ਸਾਰੇ ਲੋਕਾਂ ਨੇ ਕੁਝ ਕਰ ਦਿਖਾਇਆ ਹੈ ਜੋ ਅਸੀਂ ਸਾਰੇ ਵਾਰ-ਵਾਰ ਯਾਦ ਕਰਦੇ ਹਾਂ। ਅਸੀਂ ਵੀ ਐਸੇ ਲੋਕਾਂ ਦੀ ਸੂਚੀ ਵਿੱਚ ਨਾਮ ਦਰਜ ਕਰਵਾ ਸਕਦੇ ਹਾਂ। ਸ਼ਰਤ ਸਿਰਫ਼ ਇਹ ਹੈ ਕਿ ਖਾ-ਪੀ ਕੇ ਜ਼ਿੰਦਗੀ ਬਸਰ ਕਰ ਜਾਣ ਨਾਲੋਂ ਕੁਝ ਕਰ ਦਿਖਾਉਣ ਦੀ ਲਾਲਸਾ ਹੋਵੇ ਤਾਂ ਉਹ ਬਿਹਤਰ ਹੈ।

## ਰੱਬ ਦੀ ਮਰਜ਼ੀ ਅਟਲ ਹੈ

ਅਸੀਂ ਮਨੁੱਖ ਰੱਬ ਦੀਆਂ ਖੇਡਾਂ ਦਾ ਅੰਦਾਜ਼ਾ ਨਹੀਂ ਲਗਾ ਸਕਦੇ। ਰੱਬ ਨੇ ਬਹੁਤ ਕੁਝ ਆਪਣੇ ਹੱਥ ਵਿੱਚ ਰੱਖਿਆ ਹੋਇਆ ਹੈ। ਅੱਜ ਦਾ ਵਿਗਿਆਨ ਹਰ ਘਟਨਾ ਦੇ ਕਾਰਨਾਂ ਦੇ ਅੰਦਾਜ਼ੇ ਲਗਾਉਣ ਵਿੱਚ ਅੱਗੋਂ ਲੰਘਦਾ ਆ ਰਿਹਾ ਹੈ, ਪਰ ਹਾਲਾਂ ਵੀ ਘਟਨਾਵਾਂ ਹੁੰਦੀਆਂ ਹਨ ਅਤੇ ਉਨ੍ਹਾਂ ਉੱਤੇ ਰੋਕ ਨਹੀਂ ਲਗਾਈ ਜਾ ਸਕਦੀ। ਸਿਆਣੇ ਆਖਦੇ ਹਨ, ਭਾਣਾ ਕਰਤਾਰ ਦਾ ਅਰਥਾਤ ਰੱਬ ਦੀ ਮਰਜ਼ੀ ਨਾਲ ਭਾਣਾ ਵਾਪਰ ਜਾਂਦਾ ਹੈ। ਬੰਦਾ ਦੇਖਦਾ ਹੀ ਰਹਿ ਜਾਂਦਾ ਹੈ। ਭੂਚਾਲ ਆ ਜਾਂਦੇ ਹਨ, ਹਾਦਸੇ ਵਾਪਰਦੇ ਹਨ। ਬਿਮਾਰੀਆਂ ਆਉਂਦੀਆਂ ਹਨ। ਅਸੀਂ ਜੰਮਦੇ ਹਾਂ, ਅਸੀਂ ਮਰਦੇ ਹਾਂ, ਸਾਡਾ ਦਿਮਾਗ਼ ਕਦੀ ਕੁਝ ਸੋਚਦਾ ਹੈ, ਸਾਡਾ ਦਿਲ ਕਦੀ ਕੁਝ ਚਾਹੁੰਦਾ ਹੈ। ਅਸੀਂ ਬਹੁਤ ਕੋਸ਼ਿਸ਼ ਕਰਦੇ ਹਾਂ ਪਰ ਨਤੀਜਾ

ਸਾਡੀ ਇੱਛਾ ਮੁਤਾਬਿਕ ਨਹੀਂ ਨਿਕਲਦਾ, ਅਸੀਂ ਅਰਦਾਸਾਂ ਕਰਦੇ ਹਾਂ। ਬਹੁਤ ਹੀ ਘੱਟ ਅਰਦਾਸਾਂ ਪੂਰੀਆਂ ਹੁੰਦੀਆਂ ਹਨ, ਬਹੁਤ ਕੁਝ ਵਾਪਰਦਾ ਹੈ। ਅਸੀਂ ਹੈਰਾਨ ਪ੍ਰੇਸ਼ਾਨ ਹੋ ਕੇ ਦੇਖਦੇ ਰਹਿ ਜਾਂਦੇ ਹਾਂ। ਇਹ ਮਨੁੱਖ ਹੀ ਐਸੀਆਂ-ਐਸੀਆਂ ਗੱਲਾਂ ਕਰ ਜਾਂਦਾ ਹੈ, ਜਿਸ ਬਾਰੇ ਅਸੀਂ ਕਦੀ ਸੋਚ ਵੀ ਨਹੀਂ ਸੀ ਸਕਦੇ। ਮਨੁੱਖ ਅਗਾਂਹ ਵੱਧ ਰਿਹਾ ਹੈ। ਪਤਾ ਨਹੀਂ ਇਹ ਮਨੁੱਖ ਕੀ-ਕੀ ਪ੍ਰਾਪਤੀਆਂ ਕਰ ਲਵੇਗਾ ਪਰ ਫਿਰ ਵੀ ਅਧੂਰਾ ਹੀ ਰਹਿ ਜਾਵੇਗਾ। ਰੱਬ ਦੇ ਭੇਤਾਂ ਦੀ ਗੱਲ ਬਣੀ ਹੀ ਰਵੇਗੀ।

## ਆਪਣੇ ਆਪ ਨੂੰ ਸੋਧ ਦਿਓ

ਜਦੋਂ ਤੱਕ ਅਸੀਂ ਆਪਣੀ ਸੁਧਾਈ ਦਾ ਸਿਲਸਿਲਾ ਜਾਰੀ ਨਹੀਂ ਕਰਦੇ, ਉਦੋਂ ਤੱਕ ਕਿਸੇ ਦੀਆਂ ਦਿੱਤੀਆਂ ਸਿੱਖਿਆਵਾਂ ਸਾਡੇ ਉੱਤੇ ਅਸਰ ਨਹੀਂ ਕਰਦੀਆਂ। ਸਲਾਹ ਦੇਣ ਵਾਲਿਆਂ ਨੇ ਸਲਾਹ ਦੇ ਦੇਣੀ ਹੈ। ਸਿੱਖਿਆ ਦੇਣ ਵਾਲਾ ਸਿੱਖਿਆ ਦੇ ਜਾਂਦਾ ਹੈ। ਅਸੀਂ ਕੀ ਸਵੀਕਾਰ ਕੀਤਾ ਹੈ ਅਤੇ ਕੀ ਤਬਦੀਲੀਆਂ ਕਰਨ ਦੀ ਅਸੀਂ ਠਾਨੀ ਹੈ, ਇਹ ਗੱਲਾਂ ਸਾਡੇ ਤੱਕ ਸੀਮਤ ਹਨ, ਇਸ ਕਰਕੇ ਅਸੀਂ ਆਪਣੇ-ਆਪ ਵਿੱਚ ਦੀ ਸੁਧਾਈ ਕਰਨੀ ਹੈ, ਇਸ ਬਾਰੇ ਅਸੀਂ ਆਪ ਸੋਚਣਾ ਹੈ ਅਤੇ ਬਹੁਤ ਹੀ ਜਲਦੀ ਸੋਚਣਾ ਹੈ। ਆਖਣ ਵਾਲੇ ਬਹੁਤ ਕੁਝ ਆਖ ਗਏ ਹਨ ਅਤੇ ਇਹ ਨਾਂ ਪੇਸ਼ ਕੀਤੇ ਗਏ ਸਿਧਾਂਤਾਂ ਉੱਤੇ ਵਕਤ ਦੀ ਧੂੜ ਵੀ ਚੜ੍ਹ ਚੁੱਕੀ ਹੈ। ਜੈਸਾ-ਜੈਸਾ ਆਖਿਆ ਗਿਆ ਸੀ, ਵੈਸਾ-ਵੈਸਾ ਹੀ ਅੱਜ ਸਾਡੇ ਪਾਸ ਨਹੀਂ ਹੈ। ਲੋਕਾਂ ਨੇ ਆਪਣੇ ਢੰਗ ਨਾਲ ਵਿਆਖਿਆ ਕੀਤੀ ਹੈ। ਇਹ ਵਿਆਖਿਆ ਸਹੀ ਹੈ ਜਾਂ ਗ਼ਲਤ ਹੈ, ਇਸ ਬਾਰੇ ਨਿਰਨਾ ਅਸੀਂ ਆਪ ਕਰਨਾ ਹੈ। ਅਜੇ ਸਵੈ-ਸੁਧਾਈ ਦਾ ਕੰਮ ਹੈ ਤਾਂ ਮੁਸ਼ਕਿਲ ਪਰ ਫਿਰ ਵੀ ਆਪਣੀ ਸੁਧਾਈ ਦਾ ਸਿਲਸਿਲਾ ਸਾਨੂੰ ਜਾਰੀ ਕਰਨਾ ਹੀ ਪਵੇਗਾ, ਕਿਉਂਕਿ ਇਸ ਬਗ਼ੈਰ ਅਸੀਂ ਅੱਗੇ ਨਾਲੋਂ ਵੀ ਜ਼ਿਆਦਾ ਗੁੰਮਰਾਹ ਹੋ ਸਕਦੇ ਹਾਂ।

## ਆਤਮਕ ਗਿਆਨ

ਜਦੋਂ ਤੱਕ ਸਾਡੀ ਪੜ੍ਹੀ ਅਤੇ ਆਖੀ ਗੱਲ ਸਾਡੇ ਜੀਵਨ ਦਾ ਹਿੱਸਾ ਨਹੀਂ ਬਣਦੀ, ਉਸ ਉੱਤੇ ਅਸੀਂ ਸਮਾਂ ਹੀ ਨਸ਼ਟ ਕੀਤਾ ਹੈ। ਅਸੀਂ ਧਾਰਮਿਕ ਪੁਸਤਕਾਂ ਵਿੱਚ ਜੋ ਕੁਝ ਵੀ ਪੜ੍ਹਦੇ ਹਾਂ ਉਹ ਸਾਡੇ ਜੀਵਨ ਦਾ ਹਿੱਸਾ ਬਣਨਾ ਚਾਹੀਦਾ ਹੈ। ਸਿਰਫ਼ ਉਤਨਾ ਕੁ ਹੀ ਪੜ੍ਹਿਆ ਜਾਵੇ ਜੋ ਅਸੀਂ ਹਜ਼ਮ ਕਰ ਲਿਆ ਹੈ। ਇਹ ਗਿਆਨ ਅਸੀਂ ਅਪਨਾਉਣਾ ਵੀ ਹੈ ਅਤੇ ਅਗਾਂਹ ਵੀ ਤੋਰਨਾ ਹੈ। ਬਹੁਤ ਸਾਰੀਆਂ ਪੁਸਤਕਾਂ ਨੂੰ ਧਾਰਮਿਕ ਪੁਸਤਕਾਂ ਹੋਣ ਦੀ ਪਦਵੀ ਨਹੀਂ ਮਿਲੀ ਹੈ ਪਰ ਅਗਰ ਉਹ ਪੁਸਤਕਾਂ ਵੀ ਇਸ ਮਨੁੱਖ ਨੂੰ ਅਗਾਂਹ ਤੋਰਨ ਵਿੱਚ ਸਹਾਈ ਹੋਈਆਂ ਹਨ ਤਾਂ ਅਸੀਂ ਇਨ੍ਹਾਂ ਪੁਸਤਕਾਂ ਵਿੱਚ ਅੰਕਿਤ ਸਿਧਾਂਤਾਂ ਨੂੰ ਵੀ ਆਪਣੇ ਜੀਵਨ ਦਾ ਹਿੱਸਾ ਬਣਾਉਣਾ ਹੈ। ਜੋ ਕੁਝ ਵੀ ਚੰਗਾ-ਚੰਗਾ ਹੈ ਉਹ ਸਾਡੇ ਅੰਦਰ ਵਸਦੀ ਆਤਮਾ ਨੂੰ ਵੀ ਚੰਗਾ-ਚੰਗਾ ਲੱਗਦਾ ਹੈ। ਸਾਡੇ ਅੰਦਰੋਂ ਹੁੰਗਾਰਾ ਆਉਂਦਾ ਹੈ ਅਤੇ ਇਉਂ ਜਦੋਂ ਸਾਡੀ ਪੜ੍ਹੀ ਅਤੇ ਸਾਡੀ ਆਖੀ ਗੱਲ ਆਤਮਾ ਨਾਲ ਇਕਸੁਰ ਹੋ ਜਾਂਦੀ ਹੈ ਅਤੇ ਸਾਡੇ ਜੀਵਨ ਦਾ ਹਿੱਸਾ ਬਣ ਜਾਂਦੀ ਹੈ ਤਾਂ ਸਾਡਾ ਜੀਵਨ ਸਫ਼ਲ ਹੋ ਜਾਂਦਾ ਹੈ। ਅਸੀਂ ਕੁਝ ਵੀ ਪੜ੍ਹਦੇ ਹੋਈਏ, ਇਹ ਸ਼ਬਦ ਅਜਾਈਂ ਨਹੀਂ ਜਾਣੇ ਚਾਹੀਦੇ। ਸਾਡੀ ਆਤਮਾ ਦਾ ਹਿੱਸਾ ਬਣਨੇ ਚਾਹੀਦੇ ਹਨ।

## ਮੁਕਤੀ ਰਾਹ ਪ੍ਰਾਪਤ ਕਰਨਾ

ਸਾਡੇ ਅੰਦਰ ਆਤਮਾ ਦੇ ਰੂਪ ਵਿੱਚ ਜੋ ਰੱਬ ਵਸਦਾ ਹੈ, ਇਹੀ ਸਾਡਾ ਸੱਚਾ ਗੁਰੂ ਹੈ ਅਤੇ ਇਸੇ ਨੇ ਸਾਡਾ ਮਾਰਗ ਦਰਸ਼ਨ ਕਰਨਾ ਹੈ! ਇਹ ਆਤਮਾ ਤਾਂ ਹਰ ਵਕਤ ਸਾਡੇ ਉੱਤੇ ਨਿਗਰਾਨੀ ਰੱਖੀ ਬੈਠੀ ਹੈ। ਹਰ ਵਕਤ ਸਾਡੀ ਅਗਵਾਈ ਕਰਦੀ ਹੈ। ਅਸੀਂ ਹੀ ਹਾਂ ਜੋ ਗ਼ਲਤ ਕਾਰਵਾਈਆਂ ਕਰਨ ਵੱਲ ਖਿੱਚੇ ਜਾਂਦੇ ਹਾਂ। ਸ਼ੈਤਾਨ ਵਸ ਚੜ੍ਹ ਜਾਂਦੇ ਹਾਂ। ਅਸੀਂ ਜਦੋਂ ਮਾੜੇ ਕੰਮ ਕਰਦੇ ਹਾਂ ਤਾਂ ਅਸੀਂ ਆਤਮਾ ਦੀ ਆਵਾਜ਼ ਨਹੀਂ ਸੁਣਦੇ ਬਲਕਿ ਸਾਡੇ ਉੱਤੇ ਸ਼ੈਤਾਨ ਭਾਰੂ ਹੋ ਜਾਂਦਾ ਹੈ। ਅਸੀਂ ਪੁਤਲੇ ਹਾਂ। ਭਗਵਾਨ ਤਾਰ ਹਿਲਾਉਂਦਾ ਹੈ ਤਾਂ ਅਸੀਂ ਸਹੀ ਕੰਮ ਕਰਦੇ ਹਾਂ। ਸ਼ੈਤਾਨ ਤਾਰ ਹਿਲਾਉਂਦਾ ਹੈ ਤਾਂ ਅਸੀਂ ਗ਼ਲਤ ਕੰਮ ਕਰਦੇ ਹਾਂ। ਅਸੀਂ ਅਗਰ ਇਹ ਜ਼ਿੰਦਗੀ ਵਧੀਆ ਢੰਗ ਨਾਲ ਬਿਤਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਆਪਣੀ ਆਤਮਾ ਦੀ ਅਗਵਾਈ ਲੈਣੀ ਚਾਹੀਦੀ ਹੈ। ਉਹ ਸਾਡਾ ਸੱਚਾ ਗੁਰੂ ਦਾ ਕੰਮ ਕਰਦੀ ਹੈ। ਸਾਨੂੰ ਸਾਰਿਆਂ ਨੂੰ ਆਤਮਾ, ਅਰਥਾਤ ਇਸ ਸੱਚੇ ਗੁਰੂ ਦੀ ਪਛਾਣ ਹੈ। ਇਹੀ ਗੁਰੂ ਸਹੀ ਹੈ। ਬਾਕੀ ਲੋਕੀ ਜੋ ਗੁਰੂ ਬਣੇ ਫਿਰਦੇ ਹਨ, ਉਨ੍ਹਾਂ ਵਿੱਚੋਂ ਸਹੀ ਗੁਰੂ ਦੀ ਸ਼ਨਾਖ਼ਤ ਕਰਨੀ ਮੁਸ਼ਕਲ ਹੋ ਜਾਂਦੀ ਹੈ। ਬਹੁਤੇ ਲੋਕੀਂ ਪਾਖੰਡੀ ਹਨ ਅਤੇ ਰੋਟੀਆਂ ਕਾਰਨ ਪੂਰੇ ਵਾਲ ਵਾਲੀ ਗੱਲ ਹੈ। ਉਹ ਜੋ ਕੁਝ ਆਖਦੇ ਹਨ ਸਾਰਾ ਕੁਝ ਬਨਾਵਟੀ ਹੈ। ਹੋ ਸਕਦਾ ਹੈ ਉਨ੍ਹਾਂ ਨੇ ਆਪ ਉਹ ਗੱਲਾਂ ਕਦੀ ਅਪਨਾਈਆਂ ਹੀ ਨਾ ਹੋਣ। ਜਦੋਂ ਕੋਈ ਅਖੌਤੀ ਗੁਰੂ ਆਪ ਗ਼ਲਤ ਕੰਮ ਕਰੇ ਅਤੇ ਹੋਰਨਾਂ ਨੂੰ ਕੁਝ ਹੋਰ ਹੀ ਦੱਸੀ ਜਾਵੇ ਤਾਂ ਇਹ ਸਿੱਖਿਆਵਾਂ ਮਨੁੱਖ ਦੇ ਜੀਵਨ ਦਾ ਭਾਗ ਨਹੀਂ ਬਣ ਸਕਦੀਆਂ। ਇਸ ਲਈ ਭਟਕਣਾ ਛੱਡ ਕੇ ਆਪਣੀ ਆਤਮਾ ਦੀ ਆਵਾਜ਼ ਸੁਣਨ ਦਾ ਅਭਿਆਸ ਕਰਨਾ ਚਾਹੀਦਾ ਹੈ। ਇਹ ਆਤਮਾ ਇਕ ਐਸਾ ਗੁਰੂ ਹੈ ਜੋ ਕਦੀ ਵੀ ਸਾਨੂੰ ਗੁੰਮਰਾਹ ਨਹੀਂ ਕਰਦਾ।

## ਰੱਬ ਸਰਬਵਿਆਪਕ ਹੈ

ਇਹ ਬ੍ਰਹਿਮੰਡ ਦੀ ਰਚਨਾ ਰੱਬ ਨੇ ਆਪ ਕੀਤੀ ਹੈ। ਬੜੇ ਹੀ ਚਾਅ ਨਾਲ ਕੀਤੀ ਹੈ। ਜ਼ੱਰੇ-ਜ਼ੱਰੇ ਵਿੱਚ ਰੱਬ ਦਾ ਰੂਪ ਦੇਖਿਆ ਜਾ ਸਕਦਾ ਹੈ। ਇਹ ਪ੍ਰਾਕ੍ਰਿਤੀ ਸਾਨੂੰ ਵਧੀਆ ਲੱਗਦੀ ਹੈ। ਕਾਰਨ ਇਹੀ ਹੈ ਕਿ ਪ੍ਰਮਾਤਮਾ ਅਗੰਮ ਸੁੰਦਰ ਹੈ ਅਤੇ ਉਸ ਨੇ ਦੁਨੀਆਂ ਦੀ ਹਰ ਸ਼ੈਅ ਸੁੰਦਰ ਸਾਜੀ ਹੈ। ਹਰ ਕਿਸਮ ਦੀਆਂ ਨਿਆਮਤਾਂ ਇਸ ਕੁਦਰਤ ਵਿੱਚ ਵਸੀਆਂ ਹੋਈਆਂ ਹਨ। ਇਹ ਨਿਆਮਤਾਂ ਦੀ ਸ਼ਨਾਖ਼ਤ ਦਾ ਸਿਲਸਿਲਾ ਜਾਰੀ ਹੈ। ਬਹੁਤ ਕੁਝ ਇਨਸਾਨ ਨੇ ਲੱਭ ਲਿਆ ਹੈ। ਖੋਜ ਜਾਰੀ ਹੈ। ਇਹ ਜੋ ਕੁਝ ਵੀ ਗਿਆਨ, ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਪ੍ਰਗਟ ਹੋਇਆ ਹੈ, ਕੁਝ ਵੀ ਨਵਾਂ ਨਹੀਂ ਹੈ। ਸਭ ਕੁਝ ਕੁਦਰਤ ਵਿੱਚ ਪਹਿਲਾਂ ਹੀ ਹਾਜ਼ਰ ਸੀ। ਰੱਬ ਨੇ ਆਪ ਮਨੁੱਖ ਨੂੰ ਬੁੱਧੀ ਦਿੱਤੀ ਹੈ ਅਤੇ ਆਪ ਹੀ ਉਹ ਮਨੁੱਖ ਦੀ ਬੁੱਧੀ ਦਾ ਪ੍ਰਯੋਗ ਕਰਕੇ ਆਪਣੀ ਕੁਦਰਤ ਦੇ ਨਜ਼ਾਰੇ ਸਾਡੇ ਸਾਹਮਣੇ ਪੇਸ਼ ਕਰਦਾ ਹੈ। ਕੁਦਰਤ ਵਿੱਚੋਂ ਨਿਆਮਤਾਂ ਲੱਭਣ ਦਾ ਸਿਲਸਿਲਾ ਜਾਰੀ ਹੈ। ਪਤਾ ਨਹੀਂ ਮਨੁੱਖ ਰਾਹੀਂ ਕੁਦਰਤ ਦੀਆਂ ਕਿਤਨੀਆਂ ਉੱਚਾਈਆਂ ਮਾਪੀਆਂ ਜਾਣਗੀਆਂ ਸੰਘਰਸ਼ ਜਾਰੀ ਹੈ।

## ਸੱਚ ਬਗ਼ੈਰ ਰੱਬ ਪ੍ਰਾਪਤ ਨਹੀਂ ਹੁੰਦਾ

ਰੱਬ ਸੱਚ ਹੈ ਅਤੇ ਰੱਬ ਦੀ ਪ੍ਰਾਪਤੀ ਲਈ ਇਹ ਲਾਜ਼ਮੀ ਹੈ ਕਿ ਅਸੀਂ ਵੀ ਸਚਿਆਰੇ

ਬਣੀਏ। ਦੁਨੀਆਂ ਦੇ ਬਹੁਤ ਹੀ ਘੱਟ ਲੋਕਾਂ ਨੂੰ ਇਸ ਸੱਚਾਈ ਦੀ ਸਮਝ ਆਈ ਹੈ। ਝੂਠ ਸਾਡੇ ਬਹੁਤ ਸਾਰੇ ਵਕਤੀ ਕੰਮ ਸਾਰ ਦਿੰਦਾ ਹੈ ਅਤੇ ਇਉਂ ਅਸੀਂ ਹੌਲੀ-ਹੌਲੀ ਆਪ ਹੀ ਇਸ ਝੂਠ ਦੇ ਜਾਲ ਵਿੱਚ ਫਸਦੇ ਜਾਂਦੇ ਹਾਂ। ਸਾਨੂੰ ਸਮਝ ਹੀ ਨਹੀਂ ਪੈਂਦੀ ਕਿ ਝੂਠ ਦੇ ਜਾਲ ਵਿੱਚ ਫਸਿਆ ਬੰਦਾ ਝੂਠ ਦੇ ਚੱਕਰ 'ਚੋਂ ਬਾਹਰ ਨਹੀਂ ਨਿਕਲ ਸਕਦਾ। ਝੂਠਾ ਬੰਦਾ ਝੂਠ ਦਾ ਸਹਾਰਾ ਲੈਂਦਾ ਹੈ ਅਤੇ ਇਉਂ ਉਹ ਗ਼ਲਤ ਹੋ ਜਾਂਦਾ ਹੈ। ਉਹ ਜਾਣਦਾ ਹੈ ਕਿ ਝੂਠ ਬੋਲ ਕੇ ਜਾਨ ਬਚਾ ਲਈ ਜਾਵੇਗੀ। ਝੂਠ ਬੋਲਣਾ ਉਸ ਦੀ ਆਦਤ ਦਾ ਹਿੱਸਾ ਬਣ ਜਾਂਦਾ ਹੈ। ਸੱਚ ਬੋਲ ਕੇ ਫਿਰ ਹੋਰ ਤਰੱਦਦ ਕਰਨ ਦੀ ਜ਼ਰੂਰਤ ਨਹੀਂ ਰਹਿੰਦੀ, ਪਰ ਝੂਠ ਬੋਲ ਕੇ ਹੋਰ ਕਿਤਨੇ ਹੀ ਝੂਠ ਬੋਲਣੇ ਪੈਂਦੇ ਹਨ। ਫਿਰ ਵੀ ਅਸੀਂ ਝੂਠ ਨੂੰ ਸਦਾ ਲਈ ਛੁਪਾਉਣ ਵਿੱਚ ਕਾਮਯਾਬ ਨਹੀਂ ਹੋ ਸਕਦੇ। ਝੂਠ ਇਕ ਨਾ ਇਕ ਦਿਨ ਪ੍ਰਗਟ ਹੋ ਜਾਂਦਾ ਹੈ ਅਤੇ ਅਸੀਂ ਦੁਨੀਆਂ ਭਰ ਦੇ ਲੋਕਾਂ ਸਾਹਮਣੇ ਸ਼ਰਮਿੰਦਾ ਹੋ ਉੱਠਦੇ ਹਾਂ। ਮੂੰਹ ਛੁਪਾਉਂਦੇ ਫਿਰਦੇ ਹਾਂ। ਸੋ ਸਾਨੂੰ ਸੱਚ ਬੋਲਣ ਦਾ ਅਭਿਆਸ ਕਰਨਾ ਚਾਹੀਦਾ ਹੈ। ਇਹੀ ਸਹੀ ਮਾਰਗ ਹੈ।

## ਰੱਬ ਦੀਆਂ ਕਰਨੀਆਂ ਗਿਣੀਆਂ ਨਹੀਂ ਜਾ ਸਕਦੀਆਂ

ਰੱਬ ਦੀਆਂ ਦਾਤਾਂ ਅਤੇ ਰੱਬ ਦੀਆਂ ਕਰਨੀਆਂ ਦਾ ਕੋਈ ਅੰਤ ਨਹੀਂ ਹੈ। ਰੱਬ ਦੀ ਵਡਿਆਈ ਕਰਨ ਵਾਲੇ ਅਤੇ ਰੱਬ ਦਾ ਸ਼ੁਕਰਾਨਾ ਕਰਨ ਵਾਲਿਆਂ ਨੇ ਅੱਜ ਤੱਕ ਜੋ ਸੂਚੀਆਂ ਤਿਆਰ ਕੀਤੀਆਂ ਹਨ ਉਹ ਸਾਰੀਆਂ ਹਾਲਾਂ ਅਧੂਰੀਆਂ ਹਨ। ਰੱਬ ਦੀਆਂ ਨਿਆਮਤਾਂ ਦਾ ਹਾਲਾਂ ਪਾਸਕੂ ਵੀ ਅਸੀਂ ਖੋਜ ਕੇ ਨਹੀਂ ਕੱਢਿਆ, ਪਤਾ ਨਹੀਂ ਇਸ ਕੁਦਰਤ ਵਿੱਚ ਹਾਲਾਂ ਕੀ ਕੁਝ ਛੁਪਿਆ ਹੋਇਆ ਹੈ। ਪਤਾ ਨਹੀਂ ਇਸ ਇਨਸਾਨ ਦੀ ਸੋਚ ਅੰਦਰ ਹਾਲਾਂ ਕੀ-ਕੀ ਤਬਦੀਲੀਆਂ ਆਉਣੀਆਂ ਹਨ। ਹਾਲਾਂ ਤਾਂ ਇਹ ਵੰਡੀਆਂ ਪਾ ਕੇ ਬੈਠਾ ਹੋਇਆ ਹੈ। ਇਸ ਆਦਮੀ ਦੇ ਹੱਥ ਵਿੱਚ ਹਥਿਆਰ ਹਨ ਅਤੇ ਦੂਜੇ ਦਾ ਕਤਲ ਕਰਨ ਲਈ ਹਰ ਵਕਤ ਤਿਆਰ ਰਹਿੰਦਾ ਹੈ। ਕਦੀ ਨਾ ਕਦੀ ਇਸ ਦੀ ਸੋਚ ਬਦਲੇਗੀ। ਹੋ ਸਕਦਾ ਹੈ ਰੱਬ ਇਸ ਨੂੰ ਇਹ ਸੂਝ ਦੇ ਦੇਵੇ ਕਿ ਮੈਂ ਤੈਨੂੰ ਮੇਰੇ ਹੀ ਬੰਦਿਆਂ ਦਾ ਕਤਲ ਕਰਨ ਲਈ ਨਹੀਂ ਸੀ ਬਣਾਇਆ। ਮੈਂ ਤਾਂ ਤੇਰੀ ਰਚਨਾ ਇਸ ਲਈ ਕੀਤੀ ਹੈ ਕਿ ਤੂੰ ਮੇਰੀਆਂ ਨਿਆਮਤਾਂ ਦੀ ਸ਼ਨਾਖ਼ਤ ਕਰ ਅਤੇ ਉਹ ਦੁਨੀਆਂ ਵਿੱਚ ਵਸਦੇ ਲੋਕਾਂ ਦੀ ਭਲਾਈ ਲਈ ਵਰਤ। ਰੱਬ ਤਾਂ ਇਹ ਚਾਹੁੰਦਾ ਹੈ ਕਿ ਅਸੀਂ ਹੋਰ ਕਿਸੇ ਸਵਰਗ ਦੀ ਕਾਮਨਾ ਕਰਨੀ ਛੱਡ ਕੇ ਇਸ ਦੁਨੀਆਂ ਨੂੰ ਹੀ ਸਵਰਗ ਬਣਾ ਦੇਈਏ। ਹਾਲਾਂ ਤਾਂ ਮਨੁੱਖ ਨੇ ਉਡਾਰੀਆਂ ਮਾਰ ਕੇ ਰੱਬ ਦੀਆਂ ਸਾਜੀਆਂ ਹੋਰ ਕਿਤਨੀਆਂ ਹੀ ਧਰਤੀਆਂ ਲੱਭਣੀਆਂ ਹਨ ਅਤੇ ਉੱਥੇ ਬਖੇਰੀ ਕੁਦਰਤ ਇਸ ਮਨੁੱਖ ਦੀ ਵਰਤੋਂ ਵਿੱਚ ਲਿਆਉਣੀ ਹੈ। ਸਾਡਾ ਹਰੇਕ ਕਦਮ ਕੁਦਰਤ ਦੀਆਂ ਨਿਆਮਤਾਂ ਦੀ ਖੋਜ ਵਿੱਚ ਲੱਗਣਾ ਚਾਹੀਦਾ ਹੈ। ਇਹੀ ਸਾਡੇ ਜੀਵਨ ਦਾ ਪ੍ਰਮੁੱਖ ਟੀਚਾ ਹੋਣਾ ਚਾਹੀਦਾ ਹੈ।

## ਰੱਬ ਨਾਲ ਗੱਲ ਕਰਨ ਲਈ ਕਰਮ ਕਾਂਡਾਂ ਦੀ ਜ਼ਰੂਰਤ ਨਹੀਂ

ਰੱਬ ਸਾਡੇ ਮਾਤਾ-ਪਿਤਾ ਸਮਾਨ ਹੈ। ਹਰ ਵਕਤ ਸਾਡੇ ਨਾਲ ਹੈ, ਰੱਬ ਨਾਲ ਗੱਲ ਕਰਨ ਲਈ ਕੋਈ ਰਸਮ ਨਹੀਂ ਨਿਭਾਉਣੀ ਪੈਂਦੀ। ਕੋਈ ਅਡੰਬਰ ਨਹੀਂ ਰਚਣਾ ਪੈਂਦਾ, ਕੋਈ ਬਣ-ਠਣ ਕੇ ਨਹੀਂ ਜਾਣਾ ਪੈਂਦਾ, ਕਿਸੇ ਕਿਸਮ ਦੀਆਂ ਬਹਾਨੇਬਾਜ਼ੀਆਂ ਦੀ ਜ਼ਰੂਰਤ ਨਹੀਂ। ਰੱਬ ਆਪਣੀ ਤਾਰੀਫ਼ ਵੀ ਨਹੀਂ ਚਾਹੁੰਦਾ। ਅਸੀਂ ਉਸ ਦੇ ਬੱਚੇ ਹਾਂ, ਉਹ

ਸਾਡੇ ਆਖੇ ਬਗ਼ੈਰ ਹੀ ਸਾਡਾ ਖ਼ਿਆਲ ਰੱਖ ਰਿਹਾ ਹੈ। ਕਿਤਨੀਆਂ ਹੀ ਨਿਆਮਤਾਂ ਉਸ ਨੇ ਸਾਨੂੰ ਦੇ ਰੱਖੀਆਂ ਹਨ। ਅਸੀਂ ਕਦੀ ਉਸ ਪਾਸੋਂ ਮੰਗੀਆਂ ਹੀ ਨਹੀਂ ਹਨ। ਉਹ ਸਾਡੀਆਂ ਜ਼ਰੂਰਤਾਂ ਦੀ ਸਮਝ ਰੱਖਦਾ ਹੈ। ਅਸੀਂ ਅਗਰ ਰੱਬ ਦੀਆਂ ਦਿੱਤੀਆਂ ਦਾਤਾਂ ਦੀ ਗਿਣਤੀ ਕਰਨ ਲੱਗ ਪਈਏ ਤਾਂ ਇਹ ਇਤਨੀਆਂ ਜ਼ਿਆਦਾ ਹਨ ਕਿ ਅਸੀਂ ਰੱਬ ਪਾਸੋਂ ਹੋਰ ਮੰਗਣ ਦੀ ਥਾਂ ਉਸ ਦਾ ਸ਼ੁਕਰਾਨਾ ਕਈ ਜਨਮਾਂ ਤੱਕ ਕਰਦੇ ਰਹੀਏ ਤਾਂ ਵੀ ਘੱਟ ਹੈ। ਅਸੀਂ ਰੱਬ ਨੂੰ ਯਾਦ ਕਰਨ ਵਾਸਤੇ ਜੋ ਵੀ ਅਡੰਬਰ ਉਸਾਰ ਰੱਖੇ ਹਨ, ਸਭ ਗ਼ਲਤ ਹਨ। ਅਸੀਂ ਰੱਬ ਦੀ ਗੱਲ ਕਰਨ ਦੀ ਬਜਾਏ ਅਡੰਬਰਾਂ ਦੀ ਪੂਰਤੀ ਵਿੱਚ ਲੱਗ ਗਏ ਹਾਂ। ਅੱਜ ਰੱਬ ਦੀ ਗੱਲ ਨਹੀਂ ਹੁੰਦੀ, ਹਰ ਕੋਈ ਕਰਮ ਕਾਂਡ ਪੂਰੇ ਕਰਕੇ ਇਹ ਸਮਝਣ ਲੱਗ ਪੈਂਦਾ ਹੈ ਜਿਵੇਂ ਉਹ ਰੱਬ ਪਾਸ ਹੋ ਆਇਆ ਹੈ, ਪਰ ਜਦੋਂ ਅਸੀਂ ਆਪਣੇ ਆਪ ਦਾ ਨਿਰੀਖਣ ਕਰਦੇ ਹਾਂ ਤਾਂ ਸਾਨੂੰ ਸਮਝ ਆਉਂਦੀ ਹੈ ਕਿ ਅਸੀਂ ਭਟਕਦੇ ਫਿਰ ਰਹੇ ਹਾਂ। ਸੋ ਤੀਰਥਾਂ ਉੱਤੇ ਜਾ ਕੇ ਪਰਤ ਆਉਣ ਬਾਅਦ ਵੀ ਅਸੀਂ ਜਦੋਂ ਸੋਚਦੇ ਹਾਂ ਕਿ ਅਸੀਂ ਆਪਣੀ ਜ਼ਿੰਦਗੀ ਵਿੱਚ ਸੁਧਾਈ ਕੀ ਕੀਤੀ ਹੈ ਤਾਂ ਸਾਡਾ ਅੰਦਰੋਂ ਉੱਠਿਆ ਜਵਾਬ ਸਾਨੂੰ ਹੀ ਨਿਰਾਸ਼ ਕਰ ਦਿੰਦਾ ਹੈ, ਸ਼ਰਮਿੰਦਾ ਕਰ ਦਿੰਦਾ ਹੈ। ਅਸੀਂ ਸਿਰਫ਼ ਭਟਕਦੇ ਰਹੇ ਸਾਂ, ਪ੍ਰਾਪਤ ਕੁਝ ਵੀ ਨਹੀਂ ਕਰ ਸਕੇ। ਇਹੀ ਸਾਡੇ ਜੀਵਨ ਦਾ ਦੁਖਾਂਤ ਹੈ। ਸਾਨੂੰ ਰੱਬ ਦੀ ਪ੍ਰਾਪਤੀ ਦਾ ਰਸਤਾ ਕਈ ਵਾਰੀ ਦੱਸਿਆ ਜਾ ਚੁੱਕਾ ਹੈ ਪਰ ਕੋਈ ਆਖੇ ਕਿ ਇਸ ਮਨੁੱਖ ਨੂੰ ਰੱਬ ਦਾ ਸਹੀ ਰਸਤਾ ਮਿਲ ਗਿਆ ਹੈ ਤਾਂ ਉਹ ਗ਼ਲਤ ਹੈ। ਅਸੀਂ ਰੱਬ ਦੀ ਗੱਲ ਕਰਨ ਦੀ ਬਜਾਏ ਕਰਮ-ਕਾਂਡਾਂ ਵਿੱਚ ਪੈ ਚੁੱਕੇ ਹਾਂ ਅਤੇ ਇਹ ਕਰਮ-ਕਾਂਡਾਂ ਦਾ ਸਿਲਸਿਲਾ ਸਾਨੂੰ ਹੋਰ ਦੇ ਹੋਰ ਰਸਤੇ ਪਾ ਬੈਠਾ ਹੈ। ਇੱਥੋਂ ਮੁੜਨਾ ਮੁਸ਼ਕਿਲ ਹੋ ਗਿਆ ਹੈ।

## ਦੂਜਿਆਂ ਦੀ ਮੱਦਦ ਕਰੋ

ਇਸ ਦੁਨੀਆਂ ਦੇ ਸਾਰੇ ਲੋਕੀਂ ਇੱਕ ਹੀ ਰੱਬ ਦੇ ਪਰਿਵਾਰ ਦੇ ਮੈਂਬਰ ਹਨ ਅਤੇ ਇਹ ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਪਰਿਵਾਰ ਦੇ ਹਰ ਜੀਅ ਸੰਬੰਧੀ ਸੋਚੀਏ। ਅਗਰ ਅਸੀਂ ਐਸੀ ਸੋਚ ਮਨ ਅੰਦਰ ਵਸਾ ਲੈਂਦੇ ਹਾਂ ਤਾਂ ਇਹ ਯਕੀਨੀ ਹੀ ਹੋ ਜਾਵੇਗਾ ਕਿ ਅਸੀਂ ਕਿਸੇ ਨਾਲ ਠੱਗੀ ਨਹੀਂ ਮਾਰਾਂਗੇ, ਕਿਸੇ ਦਾ ਹੱਕ ਨਹੀਂ ਖਾਵਾਂਗੇ ਅਤੇ ਇਹ ਵੀ ਸਾਡੀ ਆਦਤ ਬਣ ਜਾਵੇਗੀ ਕਿ ਅਸੀਂ ਹਰ ਆਦਮੀ ਦਾ ਦੁੱਖ ਸਮਝੀਏ ਅਤੇ ਸਾਡੇ ਪਾਸੋਂ ਜਿਤਨੀ ਵੀ ਵਾਜਬ ਮੱਦਦ ਹੋ ਸਕਦੀ ਹੈ ਅਸੀਂ ਉਸ ਦੀ ਕਰੀਏ। ਅਸੀਂ ਇਸ ਰੱਬ-ਪਰਿਵਾਰ ਦੇ ਹਰ ਜੀਅ ਨੂੰ ਅੱਗੇ ਤੋਰਨਾ ਹੈ, ਕਿਸੇ ਨੂੰ ਪਛੜਿਆ ਨਹੀਂ ਰਹਿਣ ਦੇਣਾ। ਅਸੀਂ ਐਸਾ ਕਰ ਸਕਦੇ ਹਾਂ, ਹਮੇਸ਼ਾਂ ਪੈਸੇ ਦੀ ਮੱਦਦ ਹੀ ਕੰਮ ਨਹੀਂ ਕਰਦੀ, ਪੈਸੇ ਬਗ਼ੈਰ ਵੀ ਅਸੀਂ ਦੂਜਿਆਂ ਦੀ ਮੱਦਦ ਕਰ ਸਕਦੇ ਹਾਂ। ਸਾਡਾ ਸਰੀਰ ਹੈ, ਸਾਡਾ ਦਿਮਾਗ਼ ਹੈ, ਸਾਡੇ ਪਾਸ ਗਿਆਨ ਹੈ, ਅਸੀਂ ਕਿਸੇ ਨੂੰ ਸਲਾਹ ਦੇ ਸਕਦੇ ਹਾਂ। ਅਸੀਂ ਕਿਸੇ ਦੀ ਬਾਂਹ ਪਕੜ ਕੇ ਰਸਤਾ ਦਿਖਾ ਸਕਦੇ ਹਾਂ। ਅਸੀਂ ਅਗਰ ਸੋਚੀਏ ਤਾਂ ਅਸੀਂ ਹੋਰ ਲੋਕਾਂ ਲਈ ਬਹੁਤ ਕੁਝ ਕਰਨ ਦੇ ਯੋਗ ਹਾਂ, ਅਸੀਂ ਨਕਾਰਾ ਨਹੀਂ ਹਾਂ। ਅਸੀਂ ਬਹੁਤ ਸਾਰੇ ਲੋਕਾਂ ਦੇ ਕੰਮ ਆ ਸਕਦੇ ਹਾਂ ਅਤੇ ਇਹ ਕਾਰਜ ਕਰਨੇ ਵੀ ਚਾਹੀਦੇ ਹਨ। ਇਹ ਕਦੀ ਨਹੀਂ ਸੋਚਣਾ ਚਾਹੀਦਾ ਕਿ ਮੈਂ ਕੀ ਲੈਣਾ ਹੈ, ਅਸੀਂ ਇਸ ਰੱਬ-ਪਰਿਵਾਰ ਦੇ ਮੈਂਬਰ ਹਾਂ ਅਤੇ ਹਰੇਕ ਆਦਮੀ ਸਾਡਾ ਆਪਣਾ ਹੈ। ਉਸ ਨੂੰ ਨੀਚਾ ਦਿਖਾਉਣਾ ਅਤੇ ਪਿੱਛੇ ਛੱਡ ਜਾਣਾ ਕੋਈ ਵਧੀਆ ਤਰੀਕਾ ਨਹੀਂ ਹੈ। ਐਸੇ ਮੁਕਾਬਲੇ ਸਾਨੂੰ ਸਦੀਵੀ ਖ਼ੁਸ਼ੀ ਨਹੀਂ ਦਿੰਦੇ, ਬਲਕਿ ਕਦੀ ਨਾ ਕਦੀ ਸਾਡੇ ਲਈ ਦੁੱਖਾਂ ਦਾ

ਕਾਰਨ ਬਣਦੇ ਹਨ। ਅਗਰ ਅਸੀਂ ਹਰ ਰੋਜ਼ ਨਿੱਕੇ ਤੋਂ ਨਿੱਕਾ ਹੀ ਸਹੀ ਲੋਕ-ਭਲਾਈ ਦਾ ਕੰਮ ਕਰਨ ਦਾ ਸਿਲਸਿਲਾ ਸ਼ੁਰੂ ਕਰ ਦੇਈਏ ਤਾਂ ਇਹ ਦੁਨੀਆਂ ਸਵਰਗ ਬਣ ਸਕਦੀ ਹੈ। ਮਨੁੱਖ ਤੋਂ ਮਨੁੱਖ ਤੱਕ ਜੋ ਦੂਰੀਆਂ ਪੈਦਾ ਹੋ ਚੁੱਕੀਆਂ ਹਨ, ਉਹ ਇਕ-ਇਕ ਕਰਕੇ ਖ਼ਤਮ ਹੋ ਸਕਦੀਆਂ ਹਨ।

## ਆਪਣੇ-ਆਪ ਨੂੰ ਚੜ੍ਹਦੀ ਕਲਾ ਵਿੱਚ ਰੱਖੋ

ਜੋ ਆਦਮੀ ਮਾਯੂਸ ਹੋ ਜਾਂਦਾ ਹੈ, ਉਹ ਮਰੇ ਬਰਾਬਰ ਹੋ ਜਾਂਦਾ ਹੈ। ਇਸ ਜੀਵਨ ਵਿੱਚ ਅਸੀਂ ਜਿੱਤਾਂ ਵੀ ਪ੍ਰਾਪਤ ਕਰਦੇ ਹਾਂ ਅਤੇ ਬਹੁਤ ਵਾਰੀ ਸਾਡੀਆਂ ਆਪਣੀਆਂ ਹੀ ਗ਼ਲਤੀਆਂ ਕਾਰਨ ਅਸੀਂ ਦੁੱਖ ਵੀ ਪਾਉਂਦੇ ਹਾਂ। ਕਈ ਵਾਰੀ ਕਿਸੇ ਹਾਦਸੇ ਕਾਰਨ ਵੀ ਅਸੀਂ ਪੀੜਾਂ ਵਿੱਚੋਂ ਲੰਘਦੇ ਹਾਂ, ਇਹ ਸਾਰਾ ਕੁਝ ਜੀਵਨ-ਖੇਡ ਹੈ। ਬਹੁਤ ਸਾਰੇ ਐਸੇ ਦੁੱਖ ਹਨ ਜਿਨ੍ਹਾਂ ਦਾ ਇਲਾਜ ਅਸੀਂ ਆਪ ਲੱਭ ਨਹੀਂ ਸਕਦੇ। ਇਹ ਸਾਰੀਆਂ ਹਾਰਾਂ ਬਰਦਾਸ਼ਤ ਕਰਨੀਆਂ ਪੈਂਦੀਆਂ ਹਨ। ਅਸੀਂ ਹਾਰਾਂ ਦਾ ਮੁਕਾਬਲਾ ਕਰਨਾ ਹੈ। ਕਈ ਵਾਰੀ ਅਸੀਂ ਆਪਣੀਆਂ ਹਾਰਾਂ ਨੂੰ ਜਿੱਤਾਂ ਵਿੱਚ ਬਦਲ ਸਕਦੇ ਹਾਂ। ਅਸੀਂ ਸਦਾ ਚੜ੍ਹਦੀ ਕਲਾ ਵਿੱਚ ਰਹਿਣਾ ਹੈ, ਆਪਣੀਆਂ ਹਾਰਾਂ ਉੱਤੇ ਮਾਯੂਸ ਨਹੀਂ ਹੋਣਾ, ਬਲਕਿ ਅਸੀਂ ਇਹ ਸੋਚ ਲੈਣਾ ਹੈ ਕਿ ਐਸਾ ਹੀ ਰੱਬ ਚਾਹੁੰਦਾ ਸੀ। ਭਾਣਾ ਕਰਤਾਰ ਦਾ ਸਾਨੂੰ ਸਵੀਕਾਰ ਕਰਨਾ ਪੈਂਦਾ ਹੈ। ਇਹ ਜ਼ਿੰਦਗੀ ਹਾਰਾਂ ਨਾਲ ਭਰੀ ਪਈ ਹੈ। ਅਗਰ ਅਸੀਂ ਹਾਰ ਮੰਨ ਕੇ ਅੱਗੋ ਲਈ ਸੰਘਰਸ਼ ਕਰਨਾ ਬੰਦ ਕਰ ਦਿੰਦੇ ਹਾਂ ਤਾਂ ਫਿਰ ਜਿੱਤ ਕਦੀ ਵੀ ਨਸੀਬ ਹੋਣ ਦੀ ਸੰਭਾਵਨਾ ਨਹੀਂ ਹੈ। ਅਸੀਂ ਹਾਰਾਂ ਸਵੀਕਾਰ ਕਰਨੀਆਂ ਹਨ। ਮਾਯੂਸ ਨਹੀਂ ਹੋਣਾ। ਫਿਰ ਹੱਲਾ ਮਾਰਨਾ ਹੈ, ਸਦਾ ਚੜ੍ਹਦੀ ਕਲਾ ਵਿੱਚ ਰਹਿਣਾ ਹੈ। ਇਹ ਸਾਡੇ ਆਲੇ-ਦੁਆਲੇ ਵਸਦੇ ਲੋਕੀਂ ਵੀ ਹਾਰੇ ਹੋਏ ਬੰਦੇ ਨੂੰ ਪਸੰਦ ਨਹੀਂ ਕਰਦੇ। ਇਹ ਵੀ ਉਸੇ ਆਦਮੀ ਨੂੰ ਪਸੰਦ ਕਰਦੇ ਹਨ ਜੋ ਸਦਾ ਚੜ੍ਹਦੀ ਕਲਾ ਵਿੱਚ ਰਹਿੰਦਾ ਹੈ।

## ਰੱਬ ਸਾਡੇ ਅੰਦਰ ਤੇ ਬਾਹਰ ਹਾਜ਼ਰ ਹੈ

ਰੱਬ ਸਾਡੇ ਅੰਦਰ ਵੀ ਹਾਜ਼ਰ ਹੈ ਕਿਉਂਕਿ ਅਸੀਂ ਰੱਬ ਦੇ ਬਣਾਏ ਹੋਏ ਹਾਂ ਅਤੇ ਰੱਬ ਨੇ ਹੀ ਸਾਡੀ ਰਖਵਾਲੀ ਕਰਨੀ ਹੈ। ਇਸ ਦੁਨੀਆਂ ਦੇ ਸਾਰੇ ਲੋਕੀਂ ਰੱਬ ਦੇ ਬਣਾਏ ਹੋਏ ਹਨ। ਜਦੋਂ ਅਸੀਂ ਕਿਸੇ ਹੋਰ ਆਦਮੀ ਦੇ ਸੰਪਰਕ ਵਿੱਚ ਆਉਂਦੇ ਹਾਂ ਤਾਂ ਸਮਝੋ ਅਸੀਂ ਉਸ ਵਿੱਚ ਵਸਦੇ ਰੱਬ ਦੇ ਸੰਪਰਕ ਵਿੱਚ ਆ ਗਏ ਹਾਂ। ਇਸ ਦੁਨੀਆਂ ਦੀਆਂ ਜਿਤਨੀਆਂ ਵੀ ਚੀਜ਼ਾਂ ਹਨ, ਹੋਂਦ ਹਨ, ਉਹ ਸਾਰੀਆਂ ਰੱਬ ਨੇ ਆਪ ਬਣਾਈਆਂ ਹਨ ਅਤੇ ਉਹ ਹਰ ਸ਼ੈਅ ਵਿੱਚ ਵੀ ਹਾਜ਼ਰ ਹੈ। ਉਸ ਨੇ ਜੋ ਕੁਝ ਇਸ ਮਨੁੱਖ ਰਾਹੀਂ ਸਾਜਿਆ ਹੈ, ਉਸ ਵਿੱਚ ਵੀ ਉਹ ਹਾਜ਼ਰ ਹੈ। ਅਸੀਂ ਕਦੀ ਵੀ ਅਹੰਕਾਰ ਨਹੀਂ ਕਰਨਾ ਕਿ ਅਸੀਂ ਕੁਝ ਸਿਰਜਿਆ ਹੈ। ਰੱਬ ਜਿਸ ਉੱਤੇ ਮਿਹਰ ਕਰਦਾ ਹੈ, ਉਸ ਰਾਹੀਂ ਸਾਜਣ ਦੀ ਪ੍ਰਕਿਰਿਆ ਨੂੰ ਅੱਗੇ ਵਧਾਉਂਦਾ ਹੈ। ਮਨੁੱਖ ਤਾਂ ਕਿਧਰੇ ਗਵਾਚ ਹੀ ਜਾਂਦਾ ਹੈ, ਰੱਬ ਹੀ ਸਰਬ-ਵਿਆਪਕ ਹੈ। ਸਾਡੇ ਅੰਦਰ ਵੀ ਰੱਬ ਹੈ। ਸਾਡੇ ਬਾਹਰ ਵੀ ਰੱਬ ਹੈ। ਸਾਡੇ ਆਲੇ-ਦੁਆਲੇ ਵੀ ਰੱਬ ਹੈ। ਉਹ ਸਦਾ ਸਾਡੇ ਨਾਲ ਹੈ। ਕਦੀ ਵੀ ਸਾਥੋਂ ਦੂਰ ਨਹੀਂ ਹੁੰਦਾ। ਅਗਰ ਐਸਾ ਵਿਸ਼ਵਾਸ ਅਸੀਂ ਪੱਕਾ ਕਰ ਲੈਂਦੇ ਹਾਂ ਤਾਂ ਸਾਨੂੰ ਕੋਈ ਵੀ ਆਦਮੀ ਓਪਰਾ ਨਹੀਂ ਲੱਗੇਗਾ। ਕੋਈ ਵੀ ਦੂਜਾ ਨਹੀਂ ਹੈ। ਅਸੀਂ ਹਰ ਆਦਮੀ ਅੰਦਰ ਸਮਾਏ ਹੋਏ ਹਾਂ। ਹਰ ਆਦਮੀ ਸਾਡੇ ਅੰਦਰ ਸਮਾਇਆ ਹੋਇਆ ਹੈ।

ਅਸੀਂ ਸਾਰੇ ਰੱਬ ਦੀ ਸਾਜੀ ਕੁਦਰਤ ਦੇ ਹਿੱਸੇ ਹਾਂ।

## ਰੱਬ ਨਾਲ ਇਕਸੁਰ ਹੀ ਆਨੰਦ ਹੈ

ਜਦੋਂ ਅਸੀਂ ਰੱਬ ਨਾਲ ਇਕਸੁਰ ਹੋ ਜਾਂਦੇ ਹਾਂ ਤਾਂ ਅਸੀਂ ਆਤਮਾ ਦੀ ਆਵਾਜ਼ ਸੁਣਦੇ ਹਾਂ ਅਤੇ ਆਤਮਾ ਦੇ ਆਦੇਸ਼ ਮੁਤਾਬਿਕ ਆਪਣਾ ਵਤੀਰਾ ਨਿਰਧਾਰਿਤ ਕਰ ਲੈਂਦੇ ਹਾਂ। ਫਿਰ ਸ਼ੈਤਾਨ ਸਾਡੇ ਨੇੜੇ ਨਹੀਂ ਫੜਕਦਾ। ਅਸੀਂ ਹਰ ਕਾਰਵਾਈ ਠੀਕ ਕਰਦੇ ਹਾਂ। ਫਿਰ ਸਾਡੇ ਮਨ 'ਚੋਂ ਸਜ਼ਾ ਦਾ ਡਰ ਮਿਟ ਜਾਂਦਾ ਹੈ। ਓਦੋਂ ਰੱਬ ਦਾ ਡਰ ਨਹੀਂ ਰਹਿੰਦਾ ਕਿਉਂਕਿ ਅਸੀਂ ਐਸਾ ਕੰਮ ਹੀ ਨਹੀਂ ਕੀਤਾ ਹੁੰਦਾ ਜਿਸ ਦੀ ਰੱਬ ਨੇ ਸਜ਼ਾ ਦੇਣੀ ਹੁੰਦੀ ਹੈ। ਅਸੀਂ ਸਹੀ ਕਿਸਮ ਦਾ ਆਨੰਦ ਮਾਣਦੇ ਹਾਂ। ਪਾਪੀ ਅਤੇ ਅਪਰਾਧੀ ਆਦਮੀ ਹਮੇਸ਼ਾਂ ਡਰ ਥੱਲੇ ਦੱਬਿਆ ਰਹਿੰਦਾ ਹੈ। ਭਾਵੇਂ ਦੁਨੀਆਂ ਦੀਆਂ ਸਾਰੀਆਂ ਨਿਆਮਤਾਂ ਵੀ ਉਸ ਪਾਸ ਮੌਜੂਦ ਕਿਉਂ ਨਾ ਹੋਣ, ਉਹ ਪਰਮ ਆਨੰਦ ਪ੍ਰਾਪਤ ਨਹੀਂ ਕਰ ਸਕਦਾ। ਪਰਮ ਆਨੰਦ ਉਦੋਂ ਹੀ ਮਿਲਦਾ ਹੈ ਜਦੋਂ ਅਸੀਂ ਆਪਣੇ ਆਪ ਸਾਹਮਣੇ ਸੱਚੇ ਸੁੱਚੇ ਹਾਂ। ਜਦੋਂ ਸਾਡਾ ਅੰਦਰਲਾ ਆਖਦਾ ਹੈ ਕਿ ਅਸੀਂ ਕੋਈ ਮਾੜਾ ਕੰਮ ਨਹੀਂ ਕੀਤਾ ਜਿਸ ਕਰਕੇ ਰੱਬ ਜਾਂ ਵਕਤ ਦੀਆਂ ਸਰਕਾਰਾਂ ਸਾਨੂੰ ਸਜ਼ਾ ਦੇ ਸਕਦੀਆਂ ਹਨ, ਤਾਂ ਆਨੰਦ ਹੀ ਆਨੰਦ ਹੈ ਅਤੇ ਐਸਾ ਬੰਦਾ ਅਮੀਰ ਹੋਣਾ ਵੀ ਲਾਜ਼ਮੀ ਨਹੀਂ ਹੈ। ਆਨੰਦ ਮਾਣਨਾ ਸਿਰਫ਼ ਉਨ੍ਹਾਂ ਲੋਕਾਂ ਨੂੰ ਨਸੀਬ ਹੁੰਦਾ ਹੈ ਜਿਨ੍ਹਾਂ ਦਾ ਸਵੱਛ ਹਿਰਦਾ ਹੈ, ਦਿਮਾਗ਼ ਉੱਤੇ ਕਿਸੇ ਮਾੜੇ ਕਰਮ ਦਾ ਬੋਝ ਨਹੀਂ ਹੈ। ਅਸੀਂ ਸਾਰੇ ਇਸ ਪਰਮ ਆਨੰਦ ਦੇ ਭਾਗੀ ਬਣ ਸਕਦੇ ਹਾਂ। ਆਪਣੇ ਆਪ ਦੀ ਐਸੀ ਸੁਧਾਈ ਕਰਨ ਦੀ ਜ਼ਰੂਰਤ ਹੈ, ਇੱਥੇ ਸਾਡੇ ਮਨ ਉੱਤੇ ਕਿਸੇ ਪਾਪ ਅਤੇ ਅਪਰਾਧ ਦਾ ਬੋਝ ਨਾ ਪਿਆ ਹੋਵੇ।

## ਰੱਬ ਦੀ ਪਛਾਣ—ਮਹਾਂ ਗਿਆਨ

ਜਿਸ ਕਿਸੇ ਨੇ ਆਤਮਾ ਦੇ ਰੂਪ ਵਿੱਚ ਆਪਣੇ ਅੰਦਰ ਵਸਦੇ ਰੱਬ ਦੀ ਪਛਾਣ ਕਰ ਲਈ ਹੈ, ਉਹ ਮਹਾਨ ਗਿਆਨੀ ਹੈ। ਉਹ ਜੋ ਕੁਝ ਵੀ ਸੋਚਦਾ ਹੈ ਜਾਂ ਕਰਦਾ ਹੈ ਉਹ ਆਤਮਾ ਦਾ ਆਦੇਸ਼ ਸਵੀਕਾਰ ਕਰ ਰਿਹਾ ਹੁੰਦਾ ਹੈ ਅਤੇ ਜੋ ਆਦਮੀ ਰੱਬ ਰੂਪੀ ਆਤਮਾ ਦੀ ਅਗਵਾਈ ਸਵੀਕਾਰ ਕਰ ਲੈਂਦਾ ਹੈ, ਉਸ ਨੂੰ ਆਪਣੇ ਆਪ ਦਾ ਗਿਆਨ ਹੋ ਜਾਂਦਾ ਹੈ ਅਤੇ ਮਾੜੇ ਕਰਮਾਂ ਤੋਂ ਬਚ ਜਾਂਦਾ ਹੈ। ਉਸ ਨੂੰ ਇਹ ਵੀ ਪਤਾ ਲੱਗ ਜਾਂਦਾ ਹੈ ਕਿ ਪਰਮ ਪਿਤਾ ਪਰਮਾਤਮਾ ਨੇ ਉਸ ਦੀ ਹੋਂਦ ਕਾਹਦੇ ਲਈ ਥਾਪੀ ਹੈ ਅਤੇ ਉਹ ਕਿਹੜਾ ਮਹਾਨ ਕਾਰਜ ਜਾਂ ਟੀਚਾ ਹੈ ਜਿਸਦੀ ਪੂਰਤੀ ਲਈ ਰੱਬ ਨੇ ਉਸ ਦੀ ਸਥਾਪਨਾ ਕੀਤੀ ਹੈ। ਜਿਸ ਬੰਦੇ ਨੂੰ ਆਪਣੇ ਟੀਚੇ ਦਾ ਗਿਆਨ ਹੋ ਜਾਂਦਾ ਹੈ, ਉਹ ਮਿਹਨਤ ਕਰਕੇ ਉਹ ਟੀਚਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ ਅਤੇ ਇਉਂ ਇਹ ਆਦਮੀ ਆਮ ਆਦਮੀਆਂ ਨਾਲੋਂ ਵੱਖਰਾ ਹੋ ਨਿਤਰਦਾ ਹੈ। ਕਿਸੇ ਵੀ ਟੀਚੇ ਦੀ ਪ੍ਰਾਪਤੀ ਲਈ ਸੰਘਰਸ਼ ਕਰਨਾ ਪੈਂਦਾ ਹੈ, ਗਿਆਨ ਪ੍ਰਾਪਤ ਕਰਨਾ ਪੈਂਦਾ ਹੈ, ਗਿਆਨ ਕਿਸੇ ਖ਼ਾਸ ਆਦਮੀ ਦੀ ਮਲਕੀਅਤ ਨਹੀਂ ਹੁੰਦੀ, ਅਸੀਂ ਸਾਰੇ ਹੀ ਗਿਆਨ ਸਾਗਰ ਦੇ ਭਾਈਵਾਲ ਹਾਂ, ਅਸੀਂ ਸਾਰੇ ਹੀ ਗਿਆਨ ਸਾਗਰ ਵਿੱਚ ਡੁਬਕੀਆਂ ਮਾਰ ਸਕਦੇ ਹਾਂ। ਅਸੀਂ ਸਾਰੇ ਹੀ ਆਪਣੇ-ਆਪਣੇ ਹਿੱਸੇ ਦਾ ਗਿਆਨ ਪ੍ਰਾਪਤ ਕਰ ਸਕਦੇ ਹਾਂ ਅਤੇ ਲਗਨ ਵਾਲਾ ਬੰਦਾ ਗਿਆਨਵਾਨ ਹੋ ਨਿਬੜਦਾ ਹੈ, ਫਿਰ ਉਸ ਦੀ ਵੱਖਰੀ ਪਛਾਣ ਬਣ ਜਾਂਦੀ ਹੈ। ਅਸੀਂ ਸਾਰੇ ਅਗਰ ਆਪਣੇ ਅੰਦਰ ਝਾਤੀ ਮਾਰਨ ਦਾ ਸਿਲਸਿਲਾ ਸ਼ੁਰੂ ਕਰਦੇ ਹਾਂ ਤਾਂ ਅਸੀਂ ਵੀ ਆਪਣੇ ਲਈ ਮਿੱਥੀਆਂ

ਮੰਜ਼ਿਲਾਂ ਤੈਅ ਕਰ ਸਕਦੇ ਹਾਂ। ਅਸੀਂ ਵੀ ਰੱਬ ਦੇ ਬਣਾਏ ਹੋਏ ਆਦਮੀ ਹਾਂ, ਅਸੀਂ ਕਿਸੇ ਤੋਂ ਘੱਟ ਨਹੀਂ ਹਾਂ। ਅਗਰ ਅਸੀਂ ਦੁਨੀਆਂ ਭਰ ਦੀਆਂ ਮਹਾਨ ਹਸਤੀਆਂ ਉੱਤੇ ਨਜ਼ਰ ਮਾਰਦੇ ਹਾਂ ਤਾਂ ਇਹ ਗੱਲ ਸਪੱਸ਼ਟ ਹੋ ਆਉਂਦੀ ਹੈ ਕਿ ਇਹ ਲਾਜ਼ਮੀ ਨਹੀਂ ਸੀ ਕਿ ਉਹ ਲੋਕੀਂ ਪੈਸੇ ਵੱਲੋਂ ਅਮੀਰ ਸਨ। ਪੈਸੇ ਦੀ ਘਾਟ ਉਨ੍ਹਾਂ ਦੇ ਰਸਤੇ ਵਿੱਚ ਰੁਕਾਵਟਾਂ ਖੜੀਆਂ ਨਹੀਂ ਸੀ ਕਰ ਸਕੀ ਅਤੇ ਉਹ ਆਪਣੇ ਪੈਸੇ ਵੱਲੋਂ ਅਮੀਰ ਸਾਥੀਆਂ ਤੋਂ ਵੀ ਅੱਗੇ ਲੰਘ ਗਏ ਸਨ। ਅਸੀਂ ਵੀ ਐਸੇ ਕਾਮਯਾਬ ਇਨਸਾਨ ਬਣ ਸਕਦੇ ਹਾਂ।

## ਸਦੀਵੀ ਸੁੱਖ

ਸਦੀਵੀ ਸੁੱਖ ਦੀ ਪ੍ਰਾਪਤੀ ਲਈ ਹਉਮੈ ਨੂੰ ਮਾਰਨਾ ਪੈਂਦਾ ਹੈ। ਅਸੀਂ ਮਿਹਨਤ ਕਰਨੀ ਹੈ ਅਤੇ ਰੱਬ ਜੋ ਵੀ ਦਿੰਦਾ ਹੈ, ਪ੍ਰਵਾਨ ਕਰਨਾ ਹੈ। ਅਸੀਂ ਰੱਬ ਉੱਤੇ ਕਦੀ ਵੀ ਕਿੰਤੂ-ਪ੍ਰੰਤੂ ਨਹੀਂ ਕਰਨਾ। ਅਸੀਂ ਕਦੀ ਵੀ ਨਹੀਂ ਆਖਣਾ ਕਿ ਇਹ ਸਾਰਾ ਕੁਝ ਸਾਡੀਆਂ ਪ੍ਰਾਪਤੀਆਂ ਹਨ। ਰੱਬ ਦੀਆਂ ਦਾਤਾਂ ਨੂੰ ਆਪਣੀਆਂ ਪ੍ਰਾਪਤੀਆਂ ਸਮਝਣਾ ਅਤੇ ਅਹੰਕਾਰ ਕਰਨਾ ਗ਼ਲਤ ਹੈ। ਸਾਡੀ ਬਦਕਿਸਮਤੀ ਇਹ ਹੈ ਕਿ ਅਸੀਂ ਰੱਬ ਦੀਆਂ ਦਾਤਾਂ ਨੂੰ ਹਮੇਸ਼ਾਂ ਆਪਣੀਆਂ ਪ੍ਰਾਪਤੀਆਂ ਸਮਝਦੇ ਹਾਂ ਅਤੇ ਡੀਂਗਾਂ ਮਾਰਨ ਲੱਗ ਪੈਂਦੇ ਹਾਂ। ਜਦੋਂ ਅਸੀਂ ਆਪਣੀਆਂ ਕੋਸ਼ਿਸ਼ਾਂ ਵਿੱਚ ਕਾਮਯਾਬ ਨਹੀਂ ਹੁੰਦੇ ਤਾਂ ਅਸੀਂ ਸਮਝਦੇ ਹਾਂ ਕਿ ਸਾਡੀ ਕਿਸਮਤ ਹੀ ਮਾੜੀ ਹੈ, ਫਿਰ ਅਸੀਂ ਸਾਰਾ ਦੋਸ਼ ਕਿਸਮਤ ਨੂੰ ਦੇਣ ਲੱਗ ਪੈਂਦੇ ਹਾਂ, ਸੋਚਣ ਲੱਗ ਪੈਂਦੇ ਹਾਂ ਕਿ ਰੱਬ ਸਾਡੇ ਉੱਤੇ ਮਿਹਰਬਾਨ ਨਹੀਂ ਹੋਇਆ। ਅਸੀਂ ਐਸੀ ਸੋਚ ਤੋਂ ਬਾਹਰ ਨਿਕਲਣਾ ਹੈ, ਰੱਬ ਦੀਆਂ ਦਾਤਾਂ ਦਾ ਗੁਮਾਨ ਨਹੀਂ ਕਰਨਾ ਬਲਕਿ ਰੱਬ ਦਾ ਸ਼ੁਕਰਾਨਾ ਕਰਨਾ ਹੈ। ਜੋ ਆਦਮੀ ਰੱਬ ਦਾ ਸ਼ੁਕਰਾਨਾ ਕਰਨ ਦਾ ਸਿਲਸਿਲਾ ਜਾਰੀ ਕਰਦਾ ਹੈ ਉਸ ਵਿੱਚੋਂ ਅਹੰਕਾਰ ਜਾਂਦਾ ਰਹਿੰਦਾ ਹੈ।

## ਜਦੋਂ ਅਸੀਂ ਰੱਬ ਨੂੰ ਭੁੱਲ ਜਾਂਦੇ ਹਾਂ

ਦੁਨੀਆਂ ਭਰ ਦੇ ਧਰਮੀ ਲੋਕਾਂ ਨੂੰ ਗਿਆਨ ਹੋ ਗਿਆ ਹੈ ਕਿ ਰੱਬ ਸਰਬ ਵਿਆਪਕ ਹੈ ਅਤੇ ਹਰ ਵਕਤ ਸਾਡੇ ਨਾਲ ਖਲੋਤਾ ਸਾਡੇ ਚੰਗੇ ਅਤੇ ਮਾੜੇ ਕਰਮਾਂ ਦਾ ਹਿਸਾਬ ਰੱਖਦਾ ਹੈ। ਜੋ ਲੋਕੀਂ ਰੱਬ ਦੀ ਹਾਜ਼ਰੀ ਪ੍ਰਵਾਨ ਕਰਦੇ ਹਨ ਉਹ ਕਦੀ ਵੀ ਨਹੀਂ ਭੁੱਲਦੇ ਕਿ ਜੋ ਮਾੜੇ ਕਰਮ ਉਹ ਕਰਦੇ ਹਨ, ਉਹ ਰੱਬ ਨੇ ਆਪਣੇ ਪਾਸ ਲਿਖ ਲੈਣੇ ਹਨ ਅਤੇ ਕਦੀ ਨਾ ਕਦੀ ਰੱਬ ਨੇ ਸਾਨੂੰ ਉਨ੍ਹਾਂ ਮਾੜੇ ਕਰਮਾਂ ਬਦਲੇ ਸਜ਼ਾ ਦੇਣੀ ਹੈ। ਐਸੇ ਲੋਕਾਂ ਦਾ ਸੁਧਾਰ ਹੋ ਜਾਂਦਾ ਹੈ। ਉਹ ਮਾੜਾ ਕੰਮ ਕਰਨ ਲੱਗਿਆਂ ਡਰਦੇ ਹਨ। ਉਨ੍ਹਾਂ ਦੀ ਸਮਝ ਅੰਦਰ ਇਹ ਗੱਲ ਪੱਕੀ ਹੋ ਕੇ ਬੈਠ ਜਾਂਦੀ ਹੈ ਕਿ ਅਗਰ ਉਹ ਕੋਈ ਵੀ ਮਾੜਾ ਕਰਮ ਕਰਨਗੇ ਤਾਂ ਰੱਬ ਉਸ ਦਾ ਹਿਸਾਬ ਰੱਖੇਗਾ। ਰੱਬ ਦੀ ਹਾਜ਼ਰੀ ਪ੍ਰਵਾਨ ਕਰਨ ਵਾਲੇ ਮਨੁੱਖ ਹੀ ਗ਼ਲਤੀਆਂ ਕਰਨ ਤੋਂ ਬਚਦੇ ਹਨ, ਕਾਨੂੰਨ ਦੀਆਂ ਨਜ਼ਰਾਂ ਤੋਂ ਬਹੁਤ ਕੁਝ ਛੁਪਾਇਆ ਜਾ ਸਕਦਾ ਹੈ ਪਰ ਰੱਬ ਦੀਆਂ ਨਜ਼ਰਾਂ ਪਾਸੋਂ ਕੁਝ ਵੀ ਛੁਪਾਇਆ ਨਹੀਂ ਜਾ ਸਕਦਾ। ਸੋ ਅਸੀਂ ਵੀ ਰੱਬ ਦੀ ਹਾਜ਼ਰੀ ਦਾ ਸਿਲਸਿਲਾ ਪ੍ਰਵਾਨ ਕਰਨਾ ਹੈ ਅਤੇ ਐਸਾ ਕਰ ਹੀ ਲੈਣਾ ਚਾਹੀਦਾ ਹੈ। ਇਹ ਆਖੀ ਜਾਣਾ ਕਿ ਰੱਬ ਹੈ ਹੀ ਨਹੀਂ ਹੈ, ਸਾਡੇ ਲਈ ਲਾਭਦਾਇਕ ਨਹੀਂ ਹੈ। ਰੱਬ ਦੀ ਹਾਜ਼ਰੀ ਪ੍ਰਵਾਨ ਕਰਨ ਸਦਕਾ ਸਾਡੇ ਅੰਦਰ ਸੁਧਾਰ ਆ ਸਕਦਾ ਹੈ, ਫਿਰ ਅਸੀਂ ਰੱਬ ਦੀ ਹਾਜ਼ਰੀ ਪ੍ਰਵਾਨ ਕਿਉਂ ਨਹੀਂ ਕਰ ਲੈਂਦੇ ?

## ਪ੍ਰੇਮ ਦੀ ਖੇਡ

ਸਿਆਣੇ ਆਖਦੇ ਹਨ ਕਿ ਉਹੀ ਲੋਕੀਂ ਰੱਬ ਨੂੰ ਪ੍ਰਵਾਨ ਚੜ੍ਹਦੇ ਹਨ ਜੋ ਰੱਬ ਦੇ ਸਾਜੇ ਬੰਦਿਆਂ ਨਾਲ ਪ੍ਰੇਮ ਕਰਦੇ ਹਨ। ਅਸੀਂ ਜਦੋਂ ਰੱਬ ਦੇ ਸਾਜੇ ਬੰਦਿਆਂ ਨਾਲ ਪਿਆਰ ਕਰਦੇ ਹਾਂ ਤਾਂ ਸਾਨੂੰ ਰੱਬ ਵੀ ਚੰਗਾ-ਚੰਗਾ ਲੱਗਣ ਲੱਗ ਪੈਂਦਾ ਹੈ। ਅਸੀਂ ਰੱਬ ਦਾ ਸ਼ੁਕਰਾਨਾ ਕਰਨ ਲੱਗ ਪੈਂਦੇ ਹਾਂ ਜਿਸ ਨੇ ਇਤਨੀ ਵਧੀਆ ਕੁਦਰਤ ਸਾਜੀ ਹੁੰਦੀ ਹੈ ਅਤੇ ਇਹ ਆਦਮੀ ਬਣਾ ਕੇ ਭੇਜਿਆ ਹੈ। ਰੱਬ ਨੇ ਇਸ ਆਦਮੀ ਰਾਹੀਂ ਬਹੁਤ ਕੁਝ ਲਭਾਇਆ ਹੈ ਅਤੇ ਇਹ ਸਿਲਸਿਲਾ ਅੱਜ ਵੀ ਜਾਰੀ ਹੈ। ਆਦਮੀ ਹੀ ਆਦਮੀ ਦੇ ਕੰਮ ਆਉਂਦਾ ਹੈ। ਸਾਡੇ ਜਿਤਨੇ ਵੀ ਕੰਮ ਹਨ, ਰੱਬ ਸਾਡੇ ਆਲੇ-ਦੁਆਲੇ ਵਸਦੇ ਆਦਮੀਆਂ ਰਾਹੀਂ ਹੀ ਸਿਰੇ ਲਗਾਉਂਦਾ ਹੈ। ਸਾਨੂੰ ਜਦ ਵੀ ਕੋਈ ਮੁਸ਼ਕਲ ਪੈਂਦੀ ਹੈ ਤਾਂ ਅਸੀਂ ਆਪਣੀ ਜਾਣ-ਪਛਾਣ ਵਾਲਿਆਂ ਉੱਤੇ ਨਜ਼ਰ ਮਾਰ ਕੇ ਉਸ ਆਦਮੀ ਦੀ ਸ਼ਨਾਖ਼ਤ ਕਰਦੇ ਹਾਂ ਜੋ ਸਾਡੀ ਮੱਦਦ ਕਰ ਸਕਦਾ ਹੈ। ਫਿਰ ਅਸੀਂ ਉਸ ਪਾਸ ਜਾਂਦੇ ਹਾਂ। ਸਾਡੇ ਬਹੁਤੇ ਕੰਮ ਰੱਬ ਦੇ ਬਣਾਏ ਲੋਕੀਂ ਕਰਦੇ ਹਨ। ਕਈ ਵਾਰੀ ਤਾਂ ਇਉਂ ਮਹਿਸੂਸ ਹੋਣ ਲੱਗਦਾ ਹੈ ਕਿ ਰੱਬ ਇਨ੍ਹਾਂ ਲੋਕਾਂ ਰਾਹੀਂ ਹੀ ਪ੍ਰਗਟ ਹੁੰਦਾ ਹੈ ਅਤੇ ਇਨ੍ਹਾਂ ਲੋਕਾਂ ਰਾਹੀਂ ਹੀ ਸਾਡੇ ਕੰਮ ਕਰਦਾ ਹੈ। ਇਹੀ ਕਾਰਨ ਲੱਗਦਾ ਹੈ, ਮਨੁੱਖ ਨੂੰ ਸਮਾਜੀ ਪ੍ਰਾਣੀ ਆਖਿਆ ਗਿਆ ਹੈ। ਮਨੁੱਖ ਸਮਾਜ ਸਾਜ ਸਕਦਾ ਹੈ ਅਤੇ ਇਹ ਸਮਾਜ ਹੀ ਰੱਬ ਦਾ ਰੂਪ ਧਾਰ ਕੇ ਇਕੱਠਿਆਂ ਹੋ ਕੇ ਅੱਗੇ ਤੁਰਦਾ ਹੈ। ਜਿਸ ਮੁਲਕ ਦੇ ਲੋਕਾਂ ਨੇ ਇਹ ਸੱਚਾਈ ਭਾਂਪ ਲਈ ਹੈ ਉਹ ਮਨੁੱਖੀ ਜੀਵਨ ਦੀ ਕਦਰ ਕਰਦੇ ਹਨ ਅਤੇ ਕਿਸੇ ਵੀ ਮਨੁੱਖ ਨਾਲ ਜ਼ਿਆਦਤੀ ਕਰਕੇ ਉਸ ਦੀਆਂ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਾਉਂਦੇ।

## ਰੱਬ ਉੱਤੇ ਵਿਸ਼ਵਾਸ ਹੀ ਭਗਤੀ ਹੈ

ਅਸੀਂ ਰੱਬ ਦੀ ਭਗਤੀ ਕਰਨ ਲਈ ਜੋ ਵੀ ਢੰਗ-ਤਰੀਕੇ ਲੱਭੇ ਹਨ ਇਹ ਕਰਮ ਕਾਂਡ ਹੈ। ਰੱਬ ਸਰਬ-ਵਿਆਪਕ ਹੈ ਅਤੇ ਹਰ ਵਕਤ ਸਾਡੇ ਨਾਲ ਹਾਜ਼ਰ ਹੈ। ਅਸੀਂ ਤਾਂ ਬਸ ਉਸ ਦੀ ਹੋਂਦ ਸਵੀਕਾਰ ਕਰਨੀ ਹੈ ਅਤੇ ਹਰ ਵਕਤ ਉਸ ਦਾ ਹੁਕਮ ਸਵੀਕਾਰ ਕਰਨਾ ਹੈ। ਰੱਬ ਹਰ ਵਕਤ ਸਾਡੀ ਅਗਵਾਨੀ ਕਰ ਰਿਹਾ ਹੁੰਦਾ ਹੈ। ਅਸੀਂ ਕੋਈ ਵੀ ਕਰਮ ਕਰਨ ਲੱਗਦੇ ਹਾਂ ਤਾਂ ਸਾਡੇ ਅੰਦਰੋਂ ਇਕ ਆਵਾਜ਼ ਉੱਠਦੀ ਹੈ। ਉਹ ਆਵਾਜ਼ ਸਾਫ਼ ਸ਼ਬਦਾਂ ਵਿੱਚ ਸਾਡੀ ਅਗਵਾਨੀ ਕਰ ਰਹੀ ਹੁੰਦੀ ਹੈ। ਅਸੀਂ ਤਾਂ ਬਸ ਉਸ ਆਵਾਜ਼ ਦੀ ਪਕੜ ਕਰਨੀ ਹੈ ਅਤੇ ਸਿਰਫ਼ ਉਹੀ ਕੁਝ ਕਰਨਾ ਹੈ ਜੋ ਸਾਡੇ ਅੰਦਰੋਂ ਉੱਠੀ ਆਵਾਜ਼ ਸਾਨੂੰ ਆਖ ਰਹੀ ਹੈ। ਇਹ ਕਾਰਜ ਬਹੁਤ ਹੀ ਸੌਖਾ ਹੈ। ਅਸੀਂ ਐਸਾ ਅਭਿਆਸ ਕਰਨਾ ਹੈ।

ਇਹੀ ਭਗਤੀ ਹੈ। ਰੱਬ ਤਾਂ ਉਸ ਆਦਮੀ ਨੂੰ ਪਸੰਦ ਕਰਦਾ ਹੈ ਜੋ ਉਸ ਦੀ ਆਵਾਜ਼ ਨੂੰ ਸਮਝਦਾ ਹੈ, ਬਾਕੀ ਸਾਰੇ ਕਰਮ ਕਾਂਡ ਕਰਨ ਦੇ ਬਾਵਜੂਦ ਅਗਰ ਕੋਈ ਰੱਬ ਦੀ ਆਵਾਜ਼ ਦੀ ਪਛਾਣ ਨਹੀਂ ਕਰ ਪਾਉਂਦਾ ਅਤੇ ਆਪਣੇ ਜੀਵਨ ਨੂੰ ਸੇਧ ਨਹੀਂ ਦੇ ਪਾਉਂਦਾ ਤਾਂ ਉਹ ਆਦਮੀ ਭੇਖੀ ਤਾਂ ਹੋ ਸਕਦਾ ਹੈ, ਪਰ ਰੱਬ ਦਾ ਭਗਤ ਨਹੀਂ ਬਣ ਸਕਦਾ। ਅੱਜ ਤੱਕ ਲੋਕਾਂ ਨੇ ਰੱਬ ਨੂੰ ਮਿਲਣ ਦੇ ਜੋ ਵੀ ਰਸਤੇ ਇਖ਼ਤਿਆਰ ਕੀਤੇ ਹਨ, ਉਨ੍ਹਾਂ ਉੱਤੇ ਕਰਮ ਕਾਂਡ ਭਾਰੂ ਹੋ ਚੁੱਕਾ ਹੈ ਅਤੇ ਆਦਮੀ ਸਿਰਫ਼ ਕਰਮ ਕਾਂਡ ਦੀਆਂ ਕਿਰਿਆਵਾਂ ਪੂਰੀਆਂ ਕਰਕੇ ਹੀ ਇਹ ਸਮਝਣ ਲੱਗ ਪੈਂਦੇ ਹਨ ਕਿ ਉਹ ਵੱਡੇ ਭਗਤ ਬਣ ਗਏ ਹਨ। ਅਸੀਂ ਅਗਰ ਐਸੇ ਬਨਾਉਟੀ ਲੋਕਾਂ ਨਾਲ ਚਾਰ ਦਿਹਾੜੇ ਰਹਿ ਕੇ ਦੇਖੀਏ ਤਾਂ ਅਸੀਂ ਇਸ

ਨਤੀਜੇ ਉੱਤੇ ਪੁੱਜਾਂਗੇ ਕਿ ਇਹ ਲੋਕੀਂ ਸਿਰਫ਼ ਭੇਖੀ ਹਨ ਅਤੇ ਰੱਬ ਦੀਆਂ ਗੱਲਾਂ ਇਨ੍ਹਾਂ ਦੇ ਨੇੜਿਓਂ ਨਹੀਂ ਲੰਘੀਆਂ ਹੁੰਦੀਆਂ। ਸੋ ਰੱਬ ਨਾਲ ਗੱਲਾਂ ਕਰਨ ਦਾ ਸਿਲਸਿਲਾ ਅਸੀਂ ਆਪ ਜਾਰੀ ਕਰਨਾ ਹੈ, ਉਸ ਲਈ ਬਹੁਤਾ ਤਰੱਦਦ ਕਰਨ ਦੀ ਜ਼ਰੂਰਤ ਨਹੀਂ ਹੁੰਦੀ। ਰੱਬ ਸਾਡੇ ਮਾਤਾ-ਪਿਤਾ ਵਾਂਗ ਬਹੁਤਾ ਤਰੱਦਦ ਦੀ ਉਮੰਗ ਨਹੀਂ ਰੱਖਦਾ। ਉਹ ਤਾਂ ਸਾਡੇ ਪਾਸੋਂ ਵਿਸ਼ਵਾਸ ਮੰਗਦਾ ਹੈ, ਬਸ ਹੋਰ ਕੁਝ ਵੀ ਨਹੀਂ ਮੰਗਦਾ।

## ਰੱਬ ਕਾਹਦੇ ਲਈ ਭੁਲਾਉਣਾ ਹੈ

ਰੱਬ ਨੇ ਆਪ ਸਾਡੀ ਹੋਂਦ ਕਾਇਮ ਕੀਤੀ ਹੈ ਅਤੇ ਹਰ ਵਕਤ ਸਾਡੇ ਅੰਗ-ਸੰਗ ਰਹਿੰਦਾ ਹੈ, ਸਾਡੀ ਰੱਖਿਆ ਕਰਦਾ ਹੈ, ਸਾਡੀ ਪਰਵਰਸ਼ ਕਰਦਾ ਹੈ, ਫਿਰ ਰੱਬ ਨੂੰ ਭੁਲਾ ਕੇ ਸਾਨੂੰ ਕੀ ਮਿਲਣਾ ਹੈ, ਅਸੀਂ ਤਾਂ ਰੱਬ ਦੀ ਹੋਂਦ ਹੀ ਸਵੀਕਾਰ ਕਰਨੀ ਹੈ ਅਤੇ ਉਸ ਦੀ ਹਾਜ਼ਰੀ ਪ੍ਰਵਾਨ ਕਰਨੀ ਹੈ। ਐਸਾ ਕਰਨ ਲਈ ਸਾਨੂੰ ਕੋਈ ਮਿਹਨਤ ਨਹੀਂ ਕਰਨੀ ਪੈਂਦੀ ਅਤੇ ਅਸੀਂ ਖਟ ਬਹੁਤ ਕੁੱਝ ਜਾਂਦੇ ਹਾਂ। ਲੋਕੀਂ ਰੱਬ ਦੀ ਹੋਂਦ ਉੱਤੇ ਹੀ ਕਿੰਤੂ-ਪ੍ਰੰਤੂ ਕਰਨ ਲੱਗ ਪੈਂਦੇ ਹਨ ਅਤੇ ਸਮਝਦੇ ਹਨ, ਉਹ ਬਹੁਤ ਹੀ ਗੁਣੀ ਗਿਆਨੀ ਹਨ। ਆਪਣੇ ਇਸ ਨਵੇਂ ਆਵਿਸ਼ਕਾਰ ਦੀਆਂ ਫੜ੍ਹਾਂ ਮਾਰਦੇ ਫਿਰਦੇ ਹਨ। ਅਵਿਸ਼ਵਾਸ ਦੀ ਬਜਾਏ ਵਿਸ਼ਵਾਸ ਕਰਨ ਵਿੱਚ ਜ਼ਿਆਦਾ ਮਜ਼ਾ ਆਉਂਦਾ ਹੈ। ਅਸੀਂ ਰੱਬ ਨਾਲ ਜੁੜੇ ਇਹ ਕਰਮ ਕਾਂਡ ਛੱਡ ਸਕਦੇ ਹਾਂ, ਇਹ ਸਭ ਕੁਝ ਬਨਾਉਟੀ ਹੈ ਅਤੇ ਉਨ੍ਹਾਂ ਲੋਕਾਂ ਨੇ ਕਾਇਮ ਕਰ ਲਿਆ ਹੈ ਜੋ ਰੱਬ ਦੀਆਂ ਗੱਲਾਂ ਵਿੱਚੋਂ ਆਪਣੀ ਰੋਜ਼ੀ-ਰੋਟੀ ਕਮਾਉਣ ਦੇ ਚੱਕਰ ਵਿੱਚ ਹਨ। ਦੁਨੀਆਂ ਵਿੱਚ ਉਨ੍ਹਾਂ ਲੋਕਾਂ ਦੀ ਗਿਣਤੀ ਵਧਦੀ ਜਾ ਰਹੀ ਹੈ ਜੋ ਰੱਬ ਦੀਆਂ ਗੱਲਾਂ ਕਰਕੇ ਲੱਖਾਂ-ਪਤੀ ਹੀ ਨਹੀਂ, ਕਰੋੜਾਂਪਤੀ ਬਣ ਗਏ ਹਨ। ਜੋ ਲੋਕੀਂ ਰੱਬ ਦੀਆਂ ਗੱਲਾਂ ਕਰਕੇ ਆਪਣੀ ਰੋਟੀ-ਰੋਜ਼ੀ ਕਮਾਉਣ ਦੇ ਚੱਕਰ ਵਿੱਚ ਹਨ, ਅਸੀਂ ਉਨ੍ਹਾਂ ਪਾਸੋਂ ਅਗਰ ਸਿੱਖਿਆ ਲਵਾਂਗੇ ਤਾਂ ਸਾਨੂੰ ਇਕ ਗੱਲ ਜ਼ਰੂਰ ਯਾਦ ਕਰ ਲੈਣੀ ਚਾਹੀਦੀ ਹੈ ਕਿ ਇਹ ਲੋਕੀਂ ਬਸ ਰੋਟੀਆਂ ਕਾਰਨ ਬਣੇ ਸਾਧ ਹਨ। ਬਸ ਇਸ ਤੋਂ ਅੱਗੇ ਹੋਰ ਕੁੱਝ ਨਹੀਂ ਹਨ। ਇਨ੍ਹਾਂ ਦੀਆਂ ਮੀਟੀਆਂ ਅੱਖਾਂ ਅਤੇ ਬਨਾਵਟੀ ਸਮਾਧੀਆਂ ਸਾਡਾ ਕੁਝ ਵੀ ਸੰਵਾਰ ਨਹੀਂ ਸਕਦੀਆਂ। ਸਾਡਾ ਤਾਂ ਜਦੋਂ ਵੀ ਕਲਿਆਣ ਹੋਣਾ ਹੈ, ਸਾਡੇ ਅੰਦਰ ਹਾਜ਼ਰ ਰੱਬ ਨੇ ਆਪ ਕਰਨਾ ਹੈ। ਅਸੀਂ ਭੇਖੀ ਲੋਕਾਂ ਤੋਂ ਬਚ ਕੇ ਆਪਣੇ ਅੰਦਰ ਬਿਰਾਜਮਾਨ ਰੱਬ ਵੱਲ ਧਿਆਨ ਦੇਈਏ ਤਾਂ ਸਾਡਾ ਮਕਸਦ ਛੇਤੀ ਹੀ ਪੂਰਾ ਹੋ ਜਾਵੇਗਾ।

## ਅਸੀਂ ਮਾਲੀ ਹਾਂ

ਅਸੀਂ ਕੈਸੀ ਜ਼ਮੀਨ ਤਿਆਰ ਕਰਦੇ ਹਾਂ, ਅਸੀਂ ਕੈਸਾ ਬੀਜ ਪਾਉਂਦੇ ਹਾਂ ? ਅਸੀਂ ਜਿਤਨਾ ਕੁ ਧਿਆਨ ਰੱਖ ਕੇ ਪੌਦਿਆਂ ਦੀ ਰਾਖੀ ਕਰਦੇ ਹਾਂ, ਉਤਨਾ ਹੀ ਫਲ ਮਿਲਣ ਦੀ ਆਸ ਕਰਦੇ ਹਾਂ। ਸਾਡਾ ਜੀਵਨ ਵੀ ਮਾਲੀ ਦੀ ਭਾਂਤੀ ਹੈ। ਅਸੀਂ ਆਪਣੇ ਜੀਵਨ ਨੂੰ ਤਿਆਰ ਕਰਨਾ ਹੈ, ਅਸੀਂ ਵਧੀਆ ਕਰਮ ਕਰਨੇ ਹਨ, ਹਰ ਵਕਤ ਆਪਣੇ ਆਪ ਉੱਤੇ ਨਜ਼ਰ ਰੱਖਣੀ ਹੈ। ਅਸੀਂ ਛੁੱਪ ਕੇ ਵੀ ਕੋਈ ਮਾੜਾ ਕਰਮ ਨਹੀਂ ਕਰਨਾ। ਅਗਰ ਅਸੀਂ ਇਕ ਸਿਆਣੇ ਮਾਲੀ ਦੀ ਤਰ੍ਹਾਂ ਆਪਣੇ ਜੀਵਨ ਦੀ ਹਰ ਕਿਰਿਆ ਅਤੇ ਹਰ ਸੋਚ ਉੱਤੇ ਨਜ਼ਰ ਰੱਖਦੇ ਹਾਂ ਤਾਂ ਫਿਰ ਗ਼ਲਤ ਨਤੀਜਾ ਕਿਉਂ ਨਿਕਲੇਗਾ ? ਅਸੀਂ ਇਹ ਵਿਸ਼ਵਾਸ ਕਰਕੇ ਤੁਰਨਾ ਹੈ ਕਿ ਰੱਬ ਕਦੀ ਵੀ ਗ਼ਲਤ ਨਤੀਜਾ ਨਹੀਂ ਕੱਢਦਾ। ਜਿਵੇਂ ਮਾਲੀ ਆਪਣੀ ਮਿਹਨਤ ਅਤੇ ਸਿਆਣਪ ਦਾ ਫਲ ਪਾਉਂਦਾ ਹੈ, ਇਸੇ ਤਰ੍ਹਾਂ ਅਸੀਂ ਸਾਰੇ ਹੀ ਦੁਨੀਆਂ ਦੇ ਲੋਕੀਂ ਆਪਣੀਆਂ ਕੀਤੀਆਂ ਦਾ ਫਲ ਪਾਂਦੇ ਹਾਂ। ਅਸੀਂ ਮਾਲੀ ਵਾਂਗ ਵਿਉਂਤਬੰਦੀ ਕਰਨੀ

ਹੈ ਤਾਂ ਕਿ ਸਾਡੀ ਮਿਹਨਤ ਜ਼ਾਇਆ ਨਾ ਜਾਵੇ। ਇਹ ਜੀਵਨ ਇਤਨਾ ਲੰਬਾ ਨਹੀਂ ਹੈ। ਹਰ ਕੰਮ ਲਈ ਵਕਤ ਮੁਕੱਰਰ ਹੋਣਾ ਚਾਹੀਦਾ ਹੈ ਅਤੇ ਵਕਤ ਸਿਰ ਕੰਮ ਮੁਕਾ ਲੈਣਾ ਚਾਹੀਦਾ ਹੈ। ਜੋ ਲੋਕੀਂ ਮਾਲੀ ਵਾਂਗ ਵਿਉਂਤਬੰਦੀ ਕਰਦੇ ਹਨ, ਉਹ ਜ਼ਿੰਦਗੀ ਵਿੱਚ ਕਦੀ ਫੇਲ੍ਹ ਨਹੀਂ ਹੁੰਦੇ। ਅਸੀਂ ਵੀ ਆਪਣੇ ਜੀਵਨ ਨੂੰ ਸਹੀ ਸੇਧ ਦੇਣੀ ਹੈ, ਐਸਾ ਕਰਨਾ ਸਾਡਾ ਫ਼ਰਜ਼ ਹੈ। ਅਸੀਂ ਪਰਮ ਪਿਤਾ ਪ੍ਰਮਾਤਮਾ ਦੀ ਖ਼ਾਸ ਦੇਣ ਹਾਂ ਅਤੇ ਸਾਡੇ ਅੰਦਰ ਉਹ ਸਾਰੀਆਂ ਖ਼ੂਬੀਆਂ ਮੌਜੂਦ ਹਨ ਜੋ ਇਕ ਸੁਘੜ ਮਾਲੀ ਅੰਦਰ ਹੁੰਦੀਆਂ ਹਨ ਅਤੇ ਉਹ ਸਹੀ ਤਰ੍ਹਾਂ ਨਾਲ ਕੰਮ ਕਰਕੇ ਸਹੀ ਫਲ ਪ੍ਰਾਪਤ ਕਰਨ ਵਿੱਚ ਕਾਮਯਾਬ ਹੋ ਜਾਂਦਾ ਹੈ।

## ਰੱਬ

ਰੱਬ ਦੀ ਪਰਿਭਾਸ਼ਾ ਹਾਲਾਂ ਤੱਕ ਮੁਕੰਮਲ ਨਹੀਂ ਕੀਤੀ ਜਾ ਸਕੀ ਹੈ। ਹੁਣ ਤੱਕ ਇਹੀ ਆਖਿਆ ਜਾ ਰਿਹਾ ਹੈ ਕਿ ਰੱਬ ਇਕ ਹੈ। ਉਹ ਉਦੋਂ ਵੀ ਸੀ ਜਦੋਂ ਇਹ ਬ੍ਰਹਿਮੰਡ ਅਤੇ ਇਹ ਦੁਨੀਆਂ ਨਹੀਂ ਸੀ ਸਾਜੀ ਗਈ। ਰੱਬ ਅੱਜ ਵੀ ਹੈ ਅਤੇ ਰੱਬ ਸਦਾ ਹੀ ਰਹੇਗਾ। ਇਹ ਵੀ ਆਖਿਆ ਜਾਂਦਾ ਹੈ ਕਿ ਰੱਬ ਸਰਵ-ਵਿਆਪਕ ਹੈ। ਅਰਥਾਤ ਜ਼ੱਰੇ-ਜ਼ੱਰੇ ਅੰਦਰ ਹਾਜ਼ਰ ਹੈ। ਇਹ ਵੀ ਸਵੀਕਾਰ ਕਰ ਲਿਆ ਗਿਆ ਹੈ ਕਿ ਰੱਬ ਸਾਨੂੰ ਭੇਜਦਾ ਹੈ ਤਾਂ ਅਸੀਂ ਦੁਨੀਆਂ ਵਿੱਚ ਆ ਜਾਂਦੇ ਹਾਂ, ਰੱਬ ਬੁਲਾਉਂਦਾ ਹੈ ਤਾਂ ਅਸੀਂ ਮਰ ਜਾਂਦੇ ਹਾਂ। ਅਸੀਂ ਇਹ ਵੀ ਸਵੀਕਾਰ ਕਰ ਲਿਆ ਹੈ ਕਿ ਅਸੀਂ ਜੋ ਕੁਝ ਵੀ ਕਾਰਜ ਕਰਦੇ ਹਾਂ ਉਹ ਰੱਬ ਆਪ ਕਰਵਾਉਂਦਾ ਹੈ।

ਕੁਝ ਆਖਦੇ ਹਨ ਕਿ ਸਹੀ ਕੰਮ ਰੱਬ ਆਪ ਕਰਵਾਉਂਦਾ ਹੈ, ਮਾੜੇ ਕੰਮ ਸਾਡੇ ਅੰਦਰ ਵੱਸਿਆ ਸ਼ੈਤਾਨ ਕਰਵਾਉਂਦਾ ਹੈ। ਕੁਝ ਲੋਕਾਂ ਉੱਤੇ ਭਗਵਾਨ ਭਾਰੂ ਹੋ ਜਾਂਦਾ ਹੈ, ਉਹ ਵਧੀਆ ਆਦਮੀ ਬਣ ਜਾਂਦੇ ਹਨ। ਕੁਝ ਲੋਕਾਂ ਉੱਤੇ ਸ਼ੈਤਾਨ ਭਾਰੂ ਹੋ ਜਾਂਦਾ ਹੈ, ਉਹ ਮਾੜੇ ਕੰਮ ਕਰਨ ਲੱਗ ਪੈਂਦੇ ਹਨ, ਰੱਬ ਚਾਹੇ ਤਾਂ ਐਸੇ ਲੋਕਾਂ ਨੂੰ ਸ਼ੈਤਾਨ ਦੀ ਪਕੜ 'ਚੋਂ ਬਾਹਰ ਵੀ ਕੱਢ ਸਕਦਾ ਹੈ। ਇਹ ਵੀ ਸਵੀਕਾਰ ਕੀਤਾ ਜਾ ਚੁੱਕਾ ਹੈ ਕਿ ਰੱਬ ਬੁਰੇ ਕੰਮਾਂ ਬਦਲੇ ਸਜ਼ਾ ਦਿੰਦਾ ਹੈ। ਨਰਕਾਂ-ਸਵਰਗਾਂ ਦੀਆਂ ਗੱਲਾਂ ਵੀ ਕੀਤੀਆਂ ਜਾ ਚੁੱਕੀਆਂ ਹਨ, ਮੁਕਤੀ ਦੀ ਗੱਲ ਵੀ ਤੁਰੀ ਹੈ। ਵਾਰ-ਵਾਰ ਜਨਮ ਲੈਣ ਦੀ ਗੱਲ ਵੀ ਆਖੀ ਗਈ ਹੈ, ਚੌਰਾਸੀ ਲੱਖ ਜੂਨਾਂ ਵੀ ਗਿਣੀਆਂ ਗਈਆਂ ਹਨ। ਬਹੁਤ ਸਾਰੇ ਲੋਕੀਂ ਰੱਬ ਦੀ ਹੋਂਦ ਸਵੀਕਾਰ ਕਰਦੇ ਹਨ। ਐਸੇ ਲੋਕ ਵੀ ਹਨ ਜੋ ਰੱਬ ਦੀ ਹੋਂਦ ਸਵੀਕਾਰ ਹੀ ਨਹੀਂ ਕਰਦੇ। ਦੋਹਾਂ ਧਿਰਾਂ ਪਾਸ ਬਹੁਤ ਕੁਝ ਆਖਣ ਨੂੰ ਹੈ। ਰੱਬ ਦੀ ਖੋਜ ਦਾ ਸਿਲਸਿਲਾ ਜਾਰੀ ਹੈ, ਰੱਬ ਦੀਆਂ ਨਿਆਮਤਾਂ ਦੀ ਖੋਜ ਜਾਰੀ ਹੈ, ਹਾਲਾਂ ਤੱਕ ਇਹ ਇਨਸਾਨ ਅਧੂਰਾ ਹੈ। ਕੀ ਸਹੀ ਹੈ, ਉਸ ਬਾਰੇ ਹਾਲਾਂ ਤੱਕ ਅੰਤਿਮ ਫ਼ੈਸਲਾ ਨਹੀਂ ਕੀਤਾ ਜਾ ਸਕਿਆ।

## ਰੱਬ ਨਾਲ ਪਿਆਰ ਪਾਉ

ਜੋ ਬੰਦਾ ਰੱਬ ਨਾਲ ਪਿਆਰ ਕਰਦਾ ਹੈ, ਰੱਬ ਦਾ ਆਦਰ ਕਰਦਾ ਹੈ, ਉਹ ਅੰਦਰਖਾਤੇ ਡਰਦਾ ਵੀ ਰਹਿੰਦਾ ਹੈ ਕਿ ਰੱਬ ਕਿੱਧਰੇ ਨਾਰਾਜ਼ ਹੀ ਨਾ ਹੋ ਜਾਵੇ। ਉਸ ਨੂੰ ਪਤਾ ਹੁੰਦਾ ਹੈ ਕਿ ਰੱਬ ਸਰਵ-ਵਿਆਪਕ ਹੈ ਅਤੇ ਉਸ ਪਾਸੋਂ ਅਸੀਂ ਨਿੱਕੀ ਤੋਂ ਨਿੱਕੀ ਗੱਲ ਵੀ ਛੁਪਾ ਨਹੀਂ ਸਕਦੇ। ਅਸੀਂ ਜਦੋਂ ਇਹ ਸੋਚਣ ਦਾ ਸਿਲਸਿਲਾ ਸ਼ੁਰੂ ਕਰ ਲਈਏ ਕਿ ਅਸੀਂ ਰੱਬ ਨੂੰ ਨਾਰਾਜ਼ ਨਹੀਂ ਕਰਨਾ, ਤਾਂ ਬੱਸ ਅਸੀਂ ਹੌਲੀ-ਹੌਲੀ ਸਾਰੀਆਂ ਬੁਰਾਈਆਂ ਦਾ ਤਿਆਗ ਕਰ ਦਿੰਦੇ ਹਾਂ ਅਤੇ ਸਿੱਧੇ ਰਸਤੇ ਉੱਤੇ ਆ ਜਾਂਦੇ ਹਾਂ। ਅਸੀਂ ਜਦੋਂ ਸਹੀ ਕੰਮ

ਕਰਦੇ ਹਾਂ ਅਤੇ ਸਾਨੂੰ ਵਿਸ਼ਵਾਸ ਹੋ ਜਾਂਦਾ ਹੈ ਕਿ ਰੱਬ ਨੂੰ ਨਾਰਾਜ਼ ਕਰਨ ਲਈ ਅਸੀਂ ਕੁਝ ਵੀ ਨਹੀਂ ਕੀਤਾ, ਤਾਂ ਅਸੀਂ ਸੁਰਖ਼ਰੂ ਹੋ ਜਾਂਦੇ ਹਾਂ, ਮੌਜਾਂ ਕਰਦੇ ਹਾਂ, ਖ਼ੁਸ਼-ਖ਼ੁਸ਼ਹਾਲ ਹੋ ਜਾਂਦੇ ਹਾਂ, ਸਾਡਾ ਅੰਦਰ ਬਾਹਰ ਖ਼ੁਸ਼ੀ ਨਾਲ ਭਰ ਜਾਂਦਾ ਹੈ, ਡਰ ਦੀ ਭਾਵਨਾ ਖ਼ਤਮ ਹੋ ਜਾਂਦੀ ਹੈ, ਵੈਰ-ਵਿਰੋਧ ਖ਼ਤਮ ਹੋ ਜਾਂਦਾ ਹੈ ਅਤੇ ਅਸੀਂ ਇਸੇ ਜੀਵਨ ਵਿੱਚ ਹੀ ਸਵਰਗਾਂ ਦਾ ਆਨੰਦ ਮਾਣਨ ਜੋਗੇ ਹੋ ਜਾਂਦੇ ਹਾਂ। ਅਗਰ ਰੱਬ ਨੂੰ ਖ਼ੁਸ਼ ਕਰਨਾ ਇਤਨਾ ਸੌਖਾ ਕੰਮ ਹੈ ਤਾਂ ਫਿਰ ਅਸੀਂ ਭਟਕਦੇ ਕਾਹਦੇ ਲਈ ਫਿਰਦੇ ਹਾਂ। ਰੱਬ ਨੂੰ ਖ਼ੁਸ਼ ਕਰਨ ਦੀਆਂ ਸਾਰੀਆਂ ਕਾਰਵਾਈਆਂ ਸਾਡੇ ਹੱਥ ਵਿੱਚ ਹਨ। ਇਸ ਕਰਕੇ ਰੱਬ ਨੂੰ ਖ਼ੁਸ਼ ਕਰਨ ਦਾ ਸਿਲਸਿਲਾ ਅੱਜ ਤੋਂ ਹੀ ਸ਼ੁਰੂ ਕਰਨਾ ਬਣਦਾ ਹੈ। ਐਸੇ ਕੰਮਾਂ ਲਈ ਕਿਸੇ ਮਹੂਰਤ ਦੀ ਜ਼ਰੂਰਤ ਨਹੀਂ ਪੈਂਦੀ। ਸਾਨੂੰ ਲੋਕਾਂ ਪਾਸ ਵੀ ਫੜ੍ਹਾਂ ਮਾਰਨ ਦੀ ਜ਼ਰੂਰਤ ਨਹੀਂ ਪੈਂਦੀ। ਅਸੀਂ ਆਪ ਹੀ ਇਹ ਪਿਆਰ ਪਾਉਣ ਦਾ ਸਿਲਸਿਲਾ ਸ਼ੁਰੂ ਕਰਨਾ ਹੈ। ਐਸੇ ਸ਼ੁੱਭ ਕੰਮਾਂ ਲਈ ਕਿਸੇ ਦੀ ਸਲਾਹ ਲੈਣ ਦੀ ਜ਼ਰੂਰਤ ਨਹੀਂ ਪੈਂਦੀ।

## ਰੱਬ ਦੀ ਹੋਂਦ ਸਵੀਕਾਰ ਕਰਨ ਨਾਲ ਅਸੀਂ ਪਵਿੱਤਰ ਹੋ ਜਾਂਦੇ ਹਾਂ

ਰੱਬ ਦੀ ਹੋਂਦ ਸਵੀਕਾਰ ਕਰਨ ਵਾਲਾ ਆਦਮੀ ਮਾੜੇ ਕੰਮਾਂ ਤੋਂ ਗੁਰੇਜ਼ ਕਰਨ ਲੱਗ ਪੈਂਦਾ ਹੈ। ਐਸਾ ਆਦਮੀ ਪਵਿੱਤਰ ਹੋ ਜਾਂਦਾ ਹੈ। ਅਸੀਂ ਜਦੋਂ ਰੱਬ ਦੀ ਹੋਂਦ ਸਵੀਕਾਰ ਕਰਦੇ ਹਾਂ ਤਾਂ ਅਸੀਂ ਇਹ ਵੀ ਮਹਿਸੂਸ ਕਰਨ ਲੱਗ ਪੈਂਦੇ ਹਾਂ ਕਿ ਰੱਬ ਸਾਨੂੰ ਚੰਗੇ ਕੰਮਾਂ ਬਦਲੇ ਇਨਾਮ ਦੇਵੇਗਾ ਅਤੇ ਮਾੜੇ ਕੰਮਾਂ ਬਦਲੇ ਸਜ਼ਾ ਦੇਵੇਗਾ। ਸਾਡੀ ਹਾਲਤ ਉਸ ਆਦਮੀ ਵਰਗੀ ਹੋ ਜਾਂਦੀ ਹੈ ਜਿਸ ਦੇ ਮਾਤਾ-ਪਿਤਾ ਜਿਊਂਦੇ ਹਨ। ਉਹ ਹਮੇਸ਼ਾਂ ਇਹ ਸੋਚਦਾ ਰਹਿੰਦਾ ਹੈ ਕਿ ਉਸ ਦੀਆਂ ਕਾਰਵਾਈਆਂ ਕਾਰਨ ਉਸ ਦੇ ਮਾਤਾ-ਪਿਤਾ ਨਾਰਾਜ਼ ਨਾ ਹੋ ਜਾਣ ਅਤੇ ਉਸ ਦੀਆਂ ਮਾੜੀਆਂ ਕਾਰਵਾਈਆਂ ਕਾਰਨ ਉਨ੍ਹਾਂ ਨੂੰ ਸ਼ਰਮਿੰਦਗੀ ਦਾ ਸਾਹਮਣਾ ਨਾ ਕਰਨਾ ਪਵੇ। ਜਿਸ ਆਦਮੀ ਦੇ ਮਾਤਾ-ਪਿਤਾ ਮਰ ਗਏ ਹੁੰਦੇ ਹਨ ਉਹ ਬੇਫ਼ਿਕਰ ਹੋ ਜਾਂਦਾ ਹੈ ਅਤੇ ਕਈ ਮਾੜੀਆਂ ਗੱਲਾਂ ਕਰ ਬੈਠਦਾ ਹੈ। ਅਸੀਂ ਅਗਰ ਰੱਬ ਦੀ ਹੋਂਦ ਸਵੀਕਾਰ ਕਰਦੇ ਹਾਂ ਤਾਂ ਸਾਡੇ ਅੰਦਰ ਇਹ ਡਰ ਵੀ ਬੈਠ ਜਾਵੇਗਾ ਕਿ ਸਾਡੇ ਮਾੜੇ ਕੰਮਾਂ ਬਦਲੇ ਸਜ਼ਾ ਜ਼ਰੂਰ ਮਿਲਣੀ ਹੈ। ਜਿਸ ਬੰਦੇ ਅੰਦਰ ਐਸੀ ਸੋਚ ਆ ਬੈਠੇ ਉਹ ਆਦਮੀ ਦੂਜਿਆਂ ਨਾਲੋਂ ਬਿਹਤਰ ਹੋ ਜਾਂਦਾ ਹੈ। ਸੋ ਰੱਬ ਦੀ ਹੋਂਦ ਤੋਂ ਇਨਕਾਰ ਕਰਨ ਦੀ ਬਜਾਏ ਅਸੀਂ ਅਗਰ ਰੱਬ ਦੀ ਹੋਂਦ ਅੰਦਰ ਵਿਸ਼ਵਾਸ ਕਰਨ ਲੱਗ ਪੈਂਦੇ ਹਾਂ ਤਾਂ ਸਾਡਾ ਸੁਧਾਰ ਹੋਣਾ ਸ਼ੁਰੂ ਹੋ ਜਾਂਦਾ ਹੈ। ਸਾਡੇ ਅੰਦਰੋਂ ਸਾਰੇ ਵਹਿਮ ਖ਼ਤਮ ਹੋ ਜਾਂਦੇ ਹਨ।

## ਰੱਬ ਦੀ ਖ਼ੁਸ਼ੀ

ਰੱਬ ਜੋ ਚਾਹੇ ਉਹੀ ਕਰਦਾ ਹੈ ਅਤੇ ਸਾਡੇ ਲਈ ਇਹੀ ਬਿਹਤਰ ਹੈ ਕਿ ਅਸੀਂ ਰੱਬ ਦੀ ਖ਼ੁਸ਼ੀ ਅਰਥਾਤ ਰੱਬ ਦੇ ਭਾਣੇ ਨੂੰ ਸਵੀਕਾਰ ਕਰ ਲਈਏ, ਰੱਬ ਅੱਗੇ ਸਾਡਾ ਕੋਈ ਚਾਰਾ ਨਹੀਂ ਹੈ। ਅਸੀਂ ਤਾਂ ਬਸ ਇਹੀ ਵਿਸ਼ਵਾਸ ਲੈ ਕੇ ਤੁਰ ਸਕਦੇ ਹਾਂ ਕਿ ਅਗਰ ਅਸੀਂ ਵਧੀਆ ਆਦਮੀ ਬਣ ਗਏ ਹਾਂ ਤਾਂ ਰੱਬ ਸਾਨੂੰ ਸਜ਼ਾ ਨਹੀਂ ਦੇਣ ਲੱਗਿਆ। ਅਸੀਂ ਅਗਰ ਮਾੜੇ ਕੰਮ ਕਰਦੇ ਹਾਂ ਤਾਂ ਸਾਨੂੰ ਇਹ ਵੀ ਵਿਸ਼ਵਾਸ ਕਰਕੇ ਤੁਰਨਾ ਪਵੇਗਾ ਕਿ ਹੁਣ ਅਸੀਂ ਰੱਬ ਦੀ ਕਰੋਪੀ ਤੋਂ ਬਚ ਨਹੀਂ ਸਕਦੇ ਹਾਂ। ਰੱਬ ਦੇ ਭਾਣੇ ਉੱਤੇ ਸਾਡਾ ਕਾਬੂ ਨਹੀਂ ਹੈ, ਪਰ ਸਾਨੂੰ ਇਹ ਵੀ ਵਿਸ਼ਵਾਸ ਕਰਨਾ ਪਵੇਗਾ ਕਿ ਰੱਬ ਜਦੋਂ ਵੀ ਸਾਨੂੰ ਸਜ਼ਾ ਦੇ ਰਿਹਾ ਹੁੰਦਾ ਹੈ ਤਾਂ ਉਹ ਸਾਡੇ ਹੀ ਕਿਸੇ ਪਾਪ ਦੇ ਬਦਲੇ ਸਜ਼ਾ ਮਿਲ ਰਹੀ ਹੁੰਦੀ ਹੈ। ਅਸੀਂ ਦੁਨੀਆਂ ਦੇ ਲੋਕ

ਬਹੁਤ ਹੀ ਘੱਟ ਆਪਣੇ ਭੂਤਕਾਲ ਉੱਤੇ ਝਾਤ ਮਾਰਦੇ ਹਾਂ। ਇਹ ਗੱਲ ਇਕ ਅਸਲੀਅਤ ਹੈ ਕਿ ਅਸੀਂ ਸਾਰੇ ਹੀ ਬਹੁਤ ਸਾਰੇ ਪਾਪ ਕਰੀ ਬੈਠੇ ਹਾਂ। ਅੱਜ ਭਾਵੇਂ ਅਸੀਂ ਕਦੀ-ਕਦੀ ਪਛਤਾਵੇ ਦੇ ਦੌਰ ਵਿੱਚ ਦੀ ਲੰਘਦੇ ਹਾਂ, ਪਰ ਐਸਾ ਬਹੁਤ ਹੀ ਘੱਟ ਹੁੰਦਾ ਹੈ। ਆਮ ਤੌਰ 'ਤੇ ਸਾਡੀ ਰੱਬ ਪਾਸ ਇਹੀ ਸ਼ਿਕਾਇਤ ਰਹਿੰਦੀ ਹੈ ਕਿ ਅਸੀਂ ਕੋਈ ਵੀ ਬੁਰਾ ਕੰਮ ਨਹੀਂ ਕੀਤਾ। ਰੱਬ ਐਵੇਂ ਹੀ ਸਾਨੂੰ ਸਜ਼ਾ ਦੇ ਰਿਹਾ ਹੈ। ਅਸੀਂ ਕਈ ਵਾਰੀ ਰੱਬ ਨੂੰ ਆਖਦੇ ਹਾਂ ਕਿ ਸਾਡਾ ਇਮਤਿਹਾਨ ਨਾ ਲੈ। ਬਹੁਤ ਹੀ ਘੱਟ ਆਦਮੀ ਐਸੇ ਹੁੰਦੇ ਹਨ ਜੋ ਰੱਬ ਪਾਸੋਂ ਆਪਣੇ ਕੀਤੇ ਪਾਪਾਂ ਦੀ ਮੁਆਫ਼ੀ ਮੰਗਦੇ ਹਨ, ਇਹ ਮੁਆਫ਼ੀ ਨਾਮਾ ਮਹਿਜ਼ ਰਸਮੀ ਹੁੰਦਾ ਹੈ। ਅਸੀਂ ਰੱਬ ਉੱਤੇ ਹੀ ਸ਼ਿਕਾਇਤਾਂ ਲੈ ਕੇ ਖਲੋਤੇ ਹੁੰਦੇ ਹਾਂ। ਬਿਹਤਰ ਇਹ ਹੁੰਦਾ ਕਿ ਅਸੀਂ ਹਰ ਔਖੀ ਘੜੀ ਤੋਂ ਕੁਝ ਸਬਕ ਸਿੱਖੀਏ। ਅਗਰ ਅਸੀਂ ਐਸੀ ਸੋਚ ਅਪਨਾਉਣ ਦਾ ਭਾਣਾ ਸਵੀਕਾਰ ਕਰਨ ਦੇ ਸਮਰੱਥ ਹੋ ਜਾਂਦੇ ਹਾਂ ਤਾਂ ਮੁਸ਼ਕਿਲ ਵਕਤਾਂ 'ਚੋਂ ਵੀ ਬਾਹਰ ਨਿਕਲ ਆਉਂਦੇ ਹਾਂ।

## ਗੱਪਾਂ ਨਾਲ ਸਵਰਗ ਨਹੀਂ ਮਿਲਦਾ

ਇਹ ਗੱਲ ਵਾਰ-ਵਾਰ ਸਵੀਕਾਰ ਕ਼ੀਤੀ ਜਾ ਚੁੱਕੀ ਹੈ ਕਿ ਅਗਲੇ ਜਹਾਨ ਵਿੱਚ ਅਸੀਂ ਗੱਪਾਂ ਮਾਰ ਕੇ ਜਮਾਂ ਦੀ ਮਾਰ ਤੋਂ ਨਹੀਂ ਬਚ ਸਕਦੇ, ਉੱਥੇ ਸਾਡੇ ਭੇਖਾਂ ਦੀ ਗੱਲ ਕਿਸੇ ਨਹੀਂ ਕਰਨੀ। ਅਸੀਂ ਇਸ ਦੁਨੀਆਂ ਦੇ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾ ਸਕਦੇ ਹਾਂ ਪਰ ਜਦੋਂ ਸਾਨੂੰ ਧਰਮਰਾਜ ਦੇ ਸਾਹਮਣੇ ਪੇਸ਼ ਕੀਤਾ ਜਾਵੇਗਾ ਤਾਂ ਸਾਡੇ ਸਾਰੇ ਚੰਗੇ ਅਤੇ ਮਾੜੇ ਕਰਮਾਂ ਦਾ ਚਿੱਠਾ ਸਾਡੇ ਹੀ ਸਾਹਮਣੇ ਪੜ੍ਹ ਕੇ ਸੁਣਾਇਆ ਜਾਵੇਗਾ। ਅਸੀਂ ਹੈਰਾਨ ਪ੍ਰੇਸ਼ਾਨ ਹੋ ਜਾਵਾਂਗੇ ਪਰ ਉੱਥੇ ਕੋਈ ਚਾਰਾ ਨਹੀਂ ਚੱਲਣਾ।

ਉੱਥੇ ਸਹੀ ਫ਼ੈਸਲਾ ਹੋਣਾ ਹੈ, ਉੱਥੇ ਕਿਸੇ ਕਿਸਮ ਦੀਆਂ ਝੂਠੀਆਂ ਗਵਾਹੀਆਂ ਨਹੀਂ ਚਲਦੀਆਂ। ਕਿਸੇ ਗੁਰਪੀਰ ਨੇ ਸਾਡੇ ਮਾੜੇ ਕਰਮਾਂ ਬਦਲੇ ਰੱਬ ਪਾਸ ਸਿਫ਼ਾਰਿਸ਼ ਨਹੀਂ ਕਰ ਸਕਣੀ, ਇਹ ਆਖ਼ਰੀ ਨਜ਼ਾਰਾ ਅੱਜ ਵੀ ਸਾਡੇ ਸਾਹਮਣੇ ਹੋਣਾ ਚਾਹੀਦਾ ਹੈ। ਉਸ ਨਜ਼ਾਰੇ ਵਿੱਚ ਦੀ ਅਸੀਂ ਹਰੇਕ ਨੇ ਲੰਘਣਾ ਹੈ। ਕੋਈ ਸੋਚੇ ਕਿ ਆਪੇ ਬੁਢਾਪੇ ਵਿੱਚ ਕੁਝ ਚੰਗੇ ਕੰਮ ਵੀ ਕਰ ਲਵਾਂਗੇ। ਐਸੀ ਸੋਚ ਗ਼ਲਤ ਹੈ। ਸਾਨੂੰ ਤਾਂ ਇਹ ਵੀ ਪਤਾ ਨਹੀਂ ਹੈ ਕਿ ਸਾਡਾ ਅੱਜ ਦਾ ਦਿਨ ਆਖ਼ਰੀ ਹੈ ਜਾਂ ਅਸੀਂ ਹੋਰ ਵੀ ਜਿਊਣਾ ਹੈ, ਫਿਰ ਸਾਡੇ ਬੁਢਾਪੇ ਦੀਆਂ ਚੰਗੀਆਂ ਗੱਲਾਂ ਸਾਡੀਆਂ ਸਾਰੀਆਂ ਕਾਲੀਆਂ ਕਰਤੂਤਾਂ ਉੱਤੇ ਪੜਦਾ ਨਹੀਂ ਪਾ ਸਕਣਗੀਆਂ। ਇਸ ਕਰਕੇ ਚੰਗੀਆਂ ਗੱਲਾਂ ਵੱਲ ਅੱਜ ਤੋਂ ਹੀ ਧਿਆਨ ਦੇਣਾ ਬਣਦਾ ਹੈ, ਉਡੀਕ ਕਰਨ ਦੀ ਜ਼ਰੂਰਤ ਨਹੀਂ ਹੈ।

## ਦੁਨਿਆਵੀ ਚੀਜ਼ਾਂ ਦਾ ਲੋਭ

ਸੋਨਾ, ਚਾਂਦੀ, ਪੈਸਾ, ਸ਼ਕਤੀ, ਜਾਇਦਾਦ, ਔਰਤ, ਮਰਦ, ਪੁੱਤਰ-ਧੀਆਂ, ਰਿਸ਼ਤੇਦਾਰੀਆਂ, ਦੋਸਤੀਆਂ ਸਾਰੀਆਂ ਦੁਨਿਆਵੀ ਹਨ। ਇਹ ਸਾਰੀਆਂ ਚੀਜ਼ਾਂ ਨਾ ਤਾਂ ਸਾਡੇ ਨਾਲ ਆਈਆਂ ਹਨ ਅਤੇ ਨਾ ਹੀ ਇਨ੍ਹਾਂ ਚੀਜ਼ਾਂ 'ਚੋਂ ਕੋਈ ਇਕ ਵੀ ਸਾਡੇ ਨਾਲ ਜਾਣ ਵਾਲੀ ਹੈ। ਆਦਮੀ ਖ਼ਾਲੀ ਹੱਥ ਆਉਂਦਾ ਹੈ ਅਤੇ ਖ਼ਾਲੀ ਹੱਥ ਜਾਂਦਾ ਹੈ, ਰੱਬ ਦੇ ਦਰਬਾਰ ਵਿੱਚ ਸਿਰਫ਼ ਸਾਡੀਆਂ ਕੀਤੀਆਂ ਕਾਰਵਾਈਆਂ ਦਾ ਹਿਸਾਬ-ਕਿਤਾਬ ਕੀਤਾ ਜਾਣਾ ਹੈ। ਉੱਥੇ ਰੱਬ ਦੇ ਦਰਬਾਰ ਵਿੱਚ ਸਿਰਫ਼ ਰੂਹਾਂ ਖੜੀਆਂ ਕੀਤੀਆਂ ਜਾਂਦੀਆਂ ਹਨ। ਇਹ ਦੁਨਿਆਵੀ ਚੀਜ਼ਾਂ ਦਾ ਆਨੰਦ ਅਸੀਂ ਸਿਰਫ਼ ਜਿਉਂਦਿਆਂ ਹੀ ਮਾਣ ਸਕਦੇ ਹਾਂ।

ਇਹ ਚੀਜ਼ਾਂ ਸਾਡਾ ਸਾਥ ਨਹੀਂ ਦਿੰਦੀਆਂ। ਇਨ੍ਹਾਂ ਚੀਜ਼ਾਂ ਉੱਤੇ ਅਗਰ ਕੋਈ ਮਾਣ ਕਰਦਾ ਹੈ ਤਾਂ ਉਹ ਗ਼ਲਤ ਹੈ। ਅਸੀਂ ਸਾਰੀਆਂ ਦਾਤਾਂ ਪ੍ਰਾਪਤ ਹੋਣ ਉੱਤੇ ਵੀ ਆਪਣੀਆਂ ਕਰਨੀਆਂ ਉੱਤੇ ਨਜ਼ਰ ਰੱਖਣੀ ਹੈ, ਅਹੰਕਾਰ ਨਹੀਂ ਕਰਨਾ, ਸਗੋਂ ਇਹ ਦਾਤਾਂ ਅਗਰ ਰੱਬ ਨੇ ਦਿੱਤੀਆਂ ਹੀ ਹਨ ਤਾਂ ਅਸੀਂ ਇਨ੍ਹਾਂ ਦਾਤਾਂ ਨੂੰ ਲੋਕ ਭਲਾਈ ਲਈ ਵਰਤ ਸਕਦੇ ਹਾਂ।

ਐਸਾ ਕਾਰਜ ਅਗਰ ਅਸੀਂ ਕਰਦੇ ਹਾਂ ਤਾਂ ਰੱਬ ਦੇ ਘਰ ਜਾ ਕੇ ਸਾਨੂੰ ਸ਼ਰਮਿੰਦਾ ਨਹੀਂ ਹੋਣਾ ਪਵੇਗਾ ਬਲਕਿ ਅਸੀਂ ਆਖ ਸਕਾਂਗੇ ਕਿ ਹੇ ਰੱਬਾ! ਜੋ ਦਾਤਾਂ ਤੂੰ ਸਾਡੇ ਪੱਲੇ ਬੰਨ੍ਹੀਆਂ ਸਨ ਅਸਾਂ ਦੁਨੀਆਂ ਵਿੱਚ ਵਸਦੇ ਤੇਰੇ ਹੀ ਬੰਦਿਆਂ ਦੀ ਭਲਾਈ ਲਈ ਵਰਤੀਆਂ ਹਨ। ਐਸੀਆਂ ਕਾਰਵਾਈਆਂ ਉੱਤੇ ਰੱਬ ਖ਼ੁਸ਼ ਹੋ ਜਾਂਦਾ ਹੈ, ਐਸੇ ਲੋਕੀਂ ਰੱਬ ਦੀ ਦਰਗਾਹ ਵਿੱਚ ਸ਼ਰਮਿੰਦਾ ਨਹੀਂ ਹੁੰਦੇ, ਬਲਕਿ ਸੁਰਖ਼ਰੂ ਹੋ ਜਾਂਦੇ ਹਨ। ਅਸੀਂ ਵੀ ਕੋਸ਼ਿਸ਼ ਕਰਕੇ ਇਨ੍ਹਾਂ ਲੋਕਾਂ ਦੀ ਕਤਾਰ ਵਿੱਚ ਖਲੋਣ ਦੇ ਕਾਬਲ ਬਣਨਾ ਹੈ। ਐਸਾ ਕਰਨਾ ਸਾਡੇ ਹੱਥ ਵਿੱਚ ਹੈ। ਅੱਜ ਹੀ ਅਸੀਂ ਐਸਾ ਕੁਝ ਕਰਨ ਦਾ ਫ਼ੈਸਲਾ ਕਰਨਾ ਹੈ। ਇਸ ਦੁਨੀਆਂ ਵਿੱਚ ਐਸੇ ਲੋਕਾਂ ਦੀ ਘਾਟ ਨਹੀਂ ਹੈ ਜੋ ਸਾਡੀ ਮੱਦਦ ਦੀ ਉਡੀਕ ਪਏ ਕਰਦੇ ਹਨ।

## ਨਸ਼ੱਈ ਨਾ ਬਣੋ

ਮਨੁੱਖ ਨੇ ਬਹੁਤ ਸਾਰੀਆਂ ਚੰਗੀਆਂ ਚੀਜ਼ਾਂ ਰੱਬ ਦੀ ਸਥਾਪਿਤ ਕੀਤੀ ਕੁਦਰਤ ਵਿੱਚੋਂ ਖੋਜ ਕੇ ਕੱਢ ਲਈਆਂ ਹਨ। ਇਨ੍ਹਾਂ ਨਿਆਮਤਾਂ ਦਾ ਮਨੁੱਖ ਦੀ ਭਲਾਈ ਲਈ ਵਰਤਣ ਦਾ ਸਿਲਸਿਲਾ ਵੀ ਸ਼ੁਰੂ ਕੀਤਾ ਹੈ ਪਰ ਇਨ੍ਹਾਂ ਲਭਤਾਂ ਦੇ ਨਾਲ-ਨਾਲ ਮਨੁੱਖ ਨੇ ਬਹੁਤ ਸਾਰੇ ਐਸੇ ਪਦਾਰਥਾਂ ਦੀ ਖੋਜ ਵੀ ਕਰ ਲਈ ਹੈ ਜਿਨ੍ਹਾਂ ਦੀ ਵਰਤੋਂ ਕਰਕੇ ਉਹ ਕੁਝ ਚਿਰ ਲਈ ਗ਼ਮ ਭੁਲਾਉਣ ਦਾ ਯਤਨ ਕਰਦਾ ਹੈ। ਇਨ੍ਹਾਂ ਵਸਤਾਂ ਨੂੰ ਅਸੀਂ ਨਸ਼ਿਆਂ ਦਾ ਨਾਮ ਦੇ ਰੱਖਿਆ ਹੈ। ਭਿਆਨਕ ਤੋਂ ਭਿਆਨਕ ਨਸ਼ਿਆਂ ਦੀਆਂ ਕਾਢਾਂ ਕੱਢੀਆਂ ਜਾ ਚੁੱਕੀਆਂ ਹਨ। ਇਹ ਨਸ਼ੇ ਕੁਝ ਚਿਰ ਲਈ ਤਾਂ ਸਾਡੇ ਅੰਦਰ ਇਕ ਖ਼ਾਸ ਕਿਸਮ ਦਾ ਸਰੂਰ ਲੈ ਆਉਂਦੇ ਹਨ, ਪਰ ਫਿਰ ਬੰਦਾ ਅੱਗੇ ਨਾਲੋਂ ਵੀ ਢਿੱਲਾ ਅਤੇ ਕਮਜ਼ੋਰ ਹੋ ਜਾਂਦਾ ਹੈ। ਫਿਰ ਬੰਦਾ ਹੌਲੀ-ਹੌਲੀ ਇਨ੍ਹਾਂ ਨਸ਼ਿਆਂ ਦਾ ਗ਼ੁਲਾਮ ਹੋ ਜਾਂਦਾ ਹੈ। ਬੰਦਾ ਇਕ ਦਿਨ ਐਸੀ ਲਾਸ਼ ਬਣ ਜਾਂਦਾ ਹੈ ਕਿ ਉਹ ਨਸ਼ੇ ਬਗ਼ੈਰ ਉੱਠ ਕੇ ਤੁਰ ਹੀ ਨਹੀਂ ਸਕਦਾ। ਅਸੀਂ ਸਰੂਰ ਵਿੱਚ ਹੀ ਆਉਣਾ ਚਾਹੁੰਦੇ ਹਾਂ। ਸਰੂਰ ਹਰ ਖ਼ੁਰਾਕ ਅੰਦਰ ਮੌਜੂਦ ਹੈ। ਅਸੀਂ ਅਗਰ ਕਿਸੇ ਦਾ ਭਲਾ ਕਰ ਦਿੰਦੇ ਹਾਂ ਤਾਂ ਵੀ ਸਾਡੇ ਅੰਦਰ ਇਕ ਖ਼ਾਸ ਕਿਸਮ ਦਾ ਸਰੂਰ ਮਹਿਸੂਸ ਹੋਣ ਲੱਗ ਪੈਂਦਾ ਹੈ। ਅਸੀਂ ਅਗਰ ਇਹ ਸੋਚਣ ਲੱਗ ਪੈਂਦੇ ਹਾਂ ਕਿ ਅਸੀਂ ਖ਼ੁਦ ਉਸ ਪਰਮ ਪਿਤਾ ਦੇ ਘਰੋਂ ਆਏ ਹਾਂ। ਅਸੀਂ ਉਸ ਦੀ ਛਤਰ ਛਾਇਆ ਹੇਠ ਹਾਂ। ਉਹ ਸਾਡਾ ਖ਼ਿਆਲ ਰੱਖ ਰਿਹਾ ਹੈ। ਅਸੀਂ ਹਰ ਦੁੱਖ ਤੋਂ ਆਜ਼ਾਦ ਹਾਂ। ਰੱਬ ਨਾਲ ਨੇੜਤਾ ਮਹਿਸੂਸ ਕਰਨ ਉੱਤੇ ਸਾਡੇ ਅੰਦਰ ਇਕ ਖ਼ਾਸ ਕਿਸਮ ਦੀ ਸ਼ਕਤੀ ਆ ਜਾਂਦੀ ਹੈ। ਅਸੀਂ ਖ਼ੁਸ਼ ਹੋ ਜਾਂਦੇ ਹਾਂ। ਰੱਬ ਨਾਲ ਇਕਮਿਕ ਹੋਣ ਬਾਅਦ ਅਸੀਂ ਸਵੈ-ਵਿਸ਼ਵਾਸ ਨਾਲ ਭਰ ਜਾਂਦੇ ਹਾਂ। ਫਿਰ ਨਾ ਤਾਂ ਕਿਸੇ ਨੂੰ ਡਰਾਉਣ ਦੀ ਮਨਸ਼ਾ ਰਹਿੰਦੀ ਹੈ ਅਤੇ ਨਾ ਹੀ ਕਿਸੇ ਪਾਸੋਂ ਡਰ ਹੀ ਆਉਂਦਾ ਹੈ। ਇਸੇ ਕਰਕੇ ਦੁਨਿਆਵੀ ਨਸ਼ਿਆਂ ਤੋਂ ਆਜ਼ਾਦੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ। ਰੱਬ ਨਾਲ ਨੇੜਤਾ ਮਹਿਸੂਸ ਕਰਕੇ ਉਸ ਦੇ ਪਰਮ ਪਿਆਰੇ ਬਣਨ ਦਾ ਯਤਨ ਕਰਦੇ ਰਹਿਣਾ ਚਾਹੀਦਾ ਹੈ। ਬੰਦਾ ਹਰ ਵਕਤ ਇਕ ਖ਼ਾਸ ਕਿਸਮ ਦੇ ਸਰੂਰ ਵਿੱਚ ਆ ਜਾਂਦਾ ਹੈ ਅਤੇ ਇਸ ਵਰਗਾ ਸਰੂਰ ਹੋਰ ਕੋਈ ਨਸ਼ੇ ਵਾਲੀ ਸ਼ੈਅ ਸਾਡੇ ਅੰਦਰ ਪੈਦਾ ਨਹੀਂ ਕਰ ਸਕਦੀ।

## ਸਵੱਛਤਾ ਤੇ ਸੱਚ ਦਾ ਪੱਲਾ ਨਾ ਛੱਡੋ

ਅਸੀਂ ਵਿਚਾਰਾਂ ਦੀ ਸ਼ੁੱਧਤਾ ਪੈਦਾ ਕਰਨੀ ਹੈ। ਸਹੀ ਵਿਚਾਰ ਹੀ ਸਾਡਾ ਦੂਜਿਆਂ ਪ੍ਰਤੀ ਵਤੀਰਾ ਬਦਲਣਗੇ। ਸਾਡੀ ਭਾਸ਼ਾ ਅੰਦਰ ਮਿਠਾਸ ਆਵੇਗੀ। ਸਾਡੇ ਸੰਬੰਧਾਂ ਅੰਦਰ ਪਵਿੱਤਰਤਾ ਪੈਦਾ ਹੋਵੇਗੀ। ਅਸੀਂ ਉਹ ਸਾਰੇ ਕੰਮ ਕਰਨੇ ਬੰਦ ਕਰ ਦੇਵਾਂਗੇ ਜੋ ਦੂਜਿਆਂ ਲਈ ਹਾਨੀਕਾਰਕ ਹੁੰਦੇ ਹਨ। ਅਸੀਂ ਸਰਬੱਤ ਦੇ ਭਲੇ ਦੀ ਸੋਚਣ ਲੱਗ ਪਵਾਂਗੇ। ਸਾਡੇ ਲਈ ਕੋਈ ਵੀ ਬੇਗਾਨਾ ਨਹੀਂ ਰਵੇਗਾ। ਅਸੀਂ ਆਪਣੇ ਆਲੇ-ਦੁਆਲੇ ਦੇ ਲੋਕਾਂ ਵਿੱਚ ਹਰਮਨ ਪਿਆਰੀ ਹਸਤੀ ਬਣ ਕੇ ਉਘੜ ਆਉਣਾ ਹੈ। ਸ਼ੁੱਧ ਹੋਣਾ ਕੋਈ ਮੁਸ਼ਕਿਲ ਕੰਮ ਨਹੀਂ ਹੈ। ਅਸੀਂ ਕਿਸੇ ਦੀ ਸਹਾਇਤਾ ਵੀ ਪ੍ਰਾਪਤ ਨਹੀਂ ਕਰਨੀ। ਬਸ ਆਪਣੇ ਆਪ ਉੱਤੇ ਝਾਤੀ ਮਾਰਦੇ ਰਹਿਣਾ ਹੈ। ਬੰਦਾ ਆਪਣਾ ਪਾਰਖੂ ਆਪ ਹੀ ਹੁੰਦਾ ਹੈ। ਸਾਨੂੰ ਆਪਣੀਆਂ ਗ਼ਲਤੀਆਂ ਦਾ ਪਤਾ ਹੁੰਦਾ ਹੈ। ਸਾਡੇ ਅੰਦਰ ਜੋ ਮਾੜੇ ਵਿਚਾਰ ਹੁੰਦੇ ਹਨ, ਉਨ੍ਹਾਂ ਬਾਰੇ ਵੀ ਸਾਨੂੰ ਗਿਆਨ ਹੁੰਦਾ ਹੈ। ਬਸ ਅਸੀਂ ਘੇਸ ਵੱਟੀ ਤੁਰੇ ਜਾਂਦੇ ਹਾਂ। ਸੋਚਦੇ ਹਾਂ ਕਿਸੇ ਨੇ ਟੋਕਿਆ ਤਾਂ ਹੈ ਨਹੀਂ। ਸਾਡਾ ਕੰਮ ਚੱਲਦਾ ਜਾ ਰਿਹਾ ਹੈ। ਬਸ ਇੱਥੇ ਹੀ ਅਸੀਂ ਗ਼ਲਤ ਹਾਂ। ਅਸੀਂ ਅਗ਼ਰ ਆਪਣੇ ਅੰਦਰੋਂ ਅਪਵਿੱਤਰ ਗੱਲਾਂ ਕੱਢ ਕੇ ਸ਼ੁੱਧ ਗੱਲਾਂ ਗ੍ਰਹਿਣ ਕਰਨ ਦਾ ਸਿਲਸਿਲਾ ਸ਼ੁਰੂ ਕਰੀਏ ਤਾਂ ਐਸਾ ਕਰਨਾ ਸਾਡੀ ਆਦਤ ਜਿਹੀ ਬਣ ਜਾਵੇਗੀ। ਅਸੀਂ ਪਵਿੱਤਰ ਹੁੰਦੇ ਜਾਵਾਂਗੇ। ਅੱਜ ਹੋਰ, ਕੱਲ੍ਹ ਹੋਰ ਤੇ ਪਰਸੋਂ ਅਸੀਂ ਚਾਰ ਵਧੀਆ ਬੰਦਿਆਂ ਦੀ ਕਤਾਰ ਵਿੱਚ ਆਪਣਾ ਨਾਮ ਲਿਖਵਾ ਲਵਾਂਗੇ। ਸ਼ੁੱਧਤਾ ਦਾ ਰਸਤਾ ਬੜਾ ਮਜ਼ੇਦਾਰ ਹੈ। ਅੱਜ ਤੱਕ ਅਸੀਂ ਗ਼ਲਤ ਰਸਤਿਆਂ 'ਚੋਂ ਆਨੰਦ ਪ੍ਰਾਪਤ ਕਰਨ ਦੀ ਕੋਸ਼ਿਸ ਕਰਦੇ ਰਹੇ ਹਾਂ। ਜਦੋਂ ਅਸੀਂ ਸ਼ੁੱਧ ਰਸਤਿਆਂ ਦੀ ਯਾਤਰਾ ਕਰਾਂਗੇ ਤਾਂ ਸਾਨੂੰ ਜੋ ਆਨੰਦ ਪ੍ਰਾਪਤ ਹੋਵੇਗਾ, ਇਹ ਵਕਤੀਆ ਆਨੰਦ ਨਹੀਂ ਹੋਵੇਗਾ। ਇਹ ਆਨੰਦ ਸਦਾ ਹੀ ਸਾਡੇ ਸਾਥ ਰਵੇਗਾ।

## ਕੌਣ ਚੰਗਾ-ਕੌਣ ਮੰਦਾ

ਦੁਨੀਆਂ ਦੇ ਸਾਰੇ ਲੋਕੀਂ ਰੱਬ ਦੇ ਬਣਾਏ ਹੋਏ ਹਨ ਅਤੇ ਰੱਬ ਦੀ ਬਣਾਈ ਸ਼ੈਅ ਸਿਰਫ਼ ਚੰਗੀ ਹੋ ਸਕਦੀ ਹੈ ਮਾੜੀ ਨਹੀਂ ਹੋ ਸਕਦੀ। ਅਸੀਂ ਜਦੋਂ ਆਖਦੇ ਹਾਂ ਕਿ ਫਲਾਣਾ ਬੰਦਾ ਬਹੁਤ ਮਾੜਾ ਹੈ ਤਾਂ ਅਸੀਂ ਰੱਬ ਦੀ ਕੀਤੀ ਉੱਤੇ ਕਿੰਤੂ-ਪ੍ਰੰਤੂ ਕਰਦੇ ਹਾਂ, ਐਸਾ ਕਰਨਾ ਠੀਕ ਨਹੀਂ ਹੈ। ਅਸੀਂ ਕੌਣ ਹੁੰਦੇ ਹਾਂ, ਰੱਬ ਦੀ ਕੀਤੀ ਉੱਤੇ ਕਿੰਤੂ ਪ੍ਰੰਤੂ ਕਰਨ ਵਾਲੇ, ਰੱਬ ਦੀ ਕੀਤੀ ਉੱਤੇ ਕਿੰਤੂ-ਪ੍ਰੰਤੂ ਕਰਨਾ ਪਾਪ ਹੈ। ਰੱਬ ਦੀ ਤੌਹੀਨ ਹੈ। ਇਸੇ ਕਰਕੇ ਨਿੰਦਾ ਕਰਨ ਵਾਲੇ ਨੂੰ ਮਹਾਂ ਪਾਪੀ ਆਖਿਆ ਜਾਂਦਾ ਹੈ। ਅਸੀਂ ਅਗ਼ਰ ਚੰਗੇ ਹਾਂ ਤਾਂ ਵਧੀਆ ਗੱਲ ਹੈ, ਅਸੀਂ ਰੱਬ ਦਾ ਸ਼ੁਕਰਾਨਾ ਕਰ ਸਕਦੇ ਹਾਂ, ਕਿਸੇ ਦੀ ਨਿੰਦਾ ਕਰਨ ਜਾਂ ਬਦਖੋਈ ਕਰਨ ਦੀ ਬਜਾਏ ਸਾਨੂੰ ਰੱਬ ਦਾ ਸੌ-ਸੌ ਸ਼ੁਕਰਾਨਾ ਕਰਨਾ ਚਾਹੀਦਾ ਹੈ ਕਿ ਅਸੀਂ ਆਪਣੇ ਵਿੱਚ ਉਨ੍ਹਾਂ ਬੁਰਾਈਆਂ ਨੂੰ ਸਥਾਪਿਤ ਕਰਨ ਤੋਂ ਬਚ ਗਏ ਹਾਂ ਜੋ ਅਸੀਂ ਦੂਜਿਆਂ ਵਿੱਚ ਲੱਭਣ ਦੀ ਕੋਸ਼ਿਸ਼ ਕਰ ਰਹੇ ਹਾਂ, ਕਿਸੇ ਵਿੱਚ ਬੁਰਾਈ ਲੱਭਣ ਤੋਂ ਪਹਿਲਾਂ ਸਾਡੇ ਲਈ ਇਹ ਦੇਖਣਾ ਬਿਹਤਰ ਹੈ ਕਿ ਕੀ ਅਸੀਂ ਆਪ ਵੀ ਉਸੇ ਤਰ੍ਹਾਂ ਦੀ ਬੁਰਾਈ ਦੇ ਸ਼ਿਕਾਰ ਤਾਂ ਨਹੀਂ ਹਾਂ। ਅਗਰ ਐਸਾ ਹੈ ਅਰਥਾਤ ਉਹ ਬੁਰਾਈ ਸਾਡੇ ਅੰਦਰ ਵੀ ਮੌਜੂਦ ਹੈ ਤਾਂ ਕਿਸੇ ਉੱਤੇ ਨੁਕਤਾਚੀਨੀ ਕਰਨ ਨਾਲੋਂ ਬਿਹਤਰ ਇਹੀ ਹੋਵੇਗਾ ਕਿ ਅਸੀਂ ਆਪਣੇ ਅੰਦਰ

ਹਾਜ਼ਰ ਬੁਰਾਈ ਦੂਰ ਕਰਨ ਦੀ ਕੋਸ਼ਿਸ਼ ਕਰੀਏ। ਜਿਸ ਕਿਸੇ ਨੇ ਵੀ ਇਹ ਸਵੈ-ਸੁਧਾਈ ਦਾ ਰਸਤਾ ਅਪਣਾ ਲਿਆ ਹੈ, ਉਹ ਵਧੀਆ ਇਨਸਾਨ ਬਣ ਕੇ ਲੋਕਾਂ ਸਾਹਮਣੇ ਆ ਜਾਵੇਗਾ।

## ਸ਼ੁੱਭ ਕਰਮ ਕਰੋ

ਸਿਆਣੇ ਲੋਕੀਂ ਸਾਨੂੰ ਸਮਝਾਉਣ ਵਾਸਤੇ ਬਹੁਤ ਕੁਝ ਆਖ ਗਏ ਹਨ। ਅਸੀਂ ਅਗਰ ਅੱਜ ਵੀ ਉਨ੍ਹਾਂ ਦੀਆਂ ਗੱਲਾਂ ਅਪਣਾਉਂਦੇ ਨਹੀਂ ਤਾਂ ਇਹ ਸਾਡੀ ਆਪਣੀ ਗ਼ਲਤੀ ਹੈ। ਕੀ ਕਰਨਾ ਸਹੀ ਹੈ ਅਤੇ ਕੀ ਕਰਨਾ ਮਾੜਾ ਹੈ, ਇਸ ਬਾਰੇ ਸਾਡੇ ਅੰਦਰੋਂ ਵੀ ਆਵਾਜ਼ ਉੱਠਦੀ ਰਹਿੰਦੀ ਹੈ। ਅਗਰ ਅਸੀਂ ਫਿਰ ਵੀ ਮਾੜੇ ਕੰਮ ਕਰਨਾ ਜਾਰੀ ਰੱਖਦੇ ਹਾਂ ਤਾਂ ਅਸੀਂ ਆਪ ਗ਼ਲਤ ਹਾਂ ਅਤੇ ਅਗਰ ਸਾਡੀਆਂ ਗ਼ਲਤੀਆਂ ਦਾ ਖ਼ਮਿਆਜ਼ਾ ਸਾਨੂੰ ਭੁਗਤਣਾ ਪੈਂਦਾ ਹੈ ਤਾਂ ਅਸੀਂ ਦੋਸ਼ੀ ਕਿਸੇ ਹੋਰ ਨੂੰ ਨਹੀਂ ਠਹਿਰਾ ਸਕਦੇ। ਕਸੂਰਵਾਰ ਅਸੀਂ ਆਪ ਹਾਂ। ਹਰ ਰੋਜ਼ ਦੋ ਘੜੀਆਂ ਬੈਠ ਕੇ ਆਪਣੀਆਂ ਕਰਨੀਆਂ ਉੱਤੇ ਨਜ਼ਰ ਮਾਰ ਲੈਣੀ ਚਾਹੀਦੀ ਹੈ। ਅਗਰ ਅਸੀਂ ਐਸਾ ਅਭਿਆਸ ਕਰਦੇ ਹਾਂ ਤਾਂ ਕੁਝ ਹੀ ਦਿਨਾਂ ਅੰਦਰ ਸਾਡੇ ਅੰਦਰ ਕ੍ਰਾਂਤੀਕਾਰੀ ਤਬਦੀਲੀਆਂ ਆ ਸਕਦੀਆਂ ਹਨ। ਕੁਝ ਅਰਸੇ ਦੇ ਅਭਿਆਸ ਬਾਅਦ ਹੀ ਅਸੀਂ ਇੰਨੇ ਸਿਆਣੇ ਹੋ ਜਾਵਾਂਗੇ ਕਿ ਸਾਨੂੰ ਕਿਸੇ ਪਾਸ ਜਾ ਕੇ ਸਿੱਖਿਆ ਲੈਣ ਦੀ ਜ਼ਰੂਰਤ ਨਹੀਂ ਪੈਣੀ, ਬਲਕਿ ਅਸੀਂ ਆਪ ਹੀ ਸਮਝਣ ਲੱਗ ਪਵਾਂਗੇ ਕਿ ਕੀ ਚੰਗਾ ਹੈ ਅਤੇ ਕੀ ਬੁਰਾ ਹੈ ? ਸੋ ਐਸਾ ਅਭਿਆਸ ਜਿਤਨੀ ਜਲਦੀ ਹੋ ਸਕੇ, ਸ਼ੁਰੂ ਕਰ ਦੇਣਾ ਚਾਹੀਦਾ ਹੈ।

## ਸਹੀ ਬੰਦਿਆਂ ਦੀ ਸੰਗਤ ਕਰੋ

ਅਸੀਂ ਸਹੀ ਬੰਦਿਆਂ ਦੀ ਪਛਾਣ ਕਰਨੀ ਹੈ ਅਤੇ ਉਨ੍ਹਾਂ ਪਾਸੋਂ ਕੁਝ ਸਿੱਖਣਾ ਵੀ ਹੈ। ਜੋ ਕੁਝ ਅਸੀਂ ਸਿੱਖਿਆ ਹੈ ਉਹ ਅਸੀਂ ਆਪਣੇ ਜੀਵਨ ਅੰਦਰ ਅਪਨਾਉਣਾ ਹੈ ਅਤੇ ਉਹੀ ਗੱਲਾਂ ਦੂਜੇ ਲੋਕਾਂ ਤੱਕ ਵੀ ਪੁਚਾਉਣੀਆਂ ਹਨ। ਦੁਨੀਆਂ ਅੰਦਰ ਗੁੰਮਰਾਹ ਹੋ ਕੇ ਰਹਿ ਗਏ ਲੋਕਾਂ ਦੀ ਕਮੀ ਨਹੀਂ ਹੈ। ਅਸੀਂ ਅਗਰ ਕੋਈ ਵਧੀਆ ਗੱਲ ਸਿੱਖ ਬੈਠੇ ਹਾਂ ਤਾਂ ਉਹ ਗੱਲ ਸਾਡੇ ਨਾਲ ਹੀ ਮਰ ਨਹੀਂ ਜਾਣੀ ਚਾਹੀਦੀ। ਅਸੀਂ ਉਹ ਵਧੀਆ ਗੱਲ ਉਨ੍ਹਾਂ ਲੋਕਾਂ ਤੱਕ ਵੀ ਪੁਚਾਉਣੀ ਹੈ ਜੋ ਗ਼ਲਤ ਸੰਗਤ ਕਾਰਨ ਗ਼ਲਤ ਰਾਹਾਂ ਉੱਤੇ ਚੱਲ ਰਹੇ ਹਨ। ਅਸੀਂ ਅਗਰ ਸਾਡੇ ਹੱਥ ਆਈ ਵਧੀਆ ਗੱਲ ਦੂਜਿਆਂ ਨਾਲ ਸਾਂਝੀ ਨਹੀਂ ਕਰਦੇ ਤਾਂ ਇਹ ਵੀ ਇਕ ਪਾਪ ਵਰਗੀ ਗੱਲ ਹੈ।

ਅਸੀਂ ਆਪ ਵੀ ਗੱਲਾਂ ਸਿੱਖਣੀਆਂ ਹਨ ਅਤੇ ਆਪਣੇ ਸਾਥੀਆਂ ਨੂੰ ਵੀ ਸਮਝਾਉਣੀਆਂ ਹਨ। ਅਸੀਂ ਉਨ੍ਹਾਂ ਲੋਕਾਂ ਤੱਕ ਵੀ ਪੁੱਜਣਾ ਹੈ ਜਿਨ੍ਹਾਂ ਨੇ ਬਹੁਤ ਹੀ ਗ਼ਲਤ ਰਸਤੇ ਅਪਣਾ ਰੱਖੇ ਹਨ ਅਤੇ ਬਿਲਕੁਲ ਹੀ ਗ਼ਲਤ ਹੋ ਗਏ ਹਨ। ਅਸੀਂ ਚੰਗੇ ਬੰਦਿਆਂ ਦੀ ਸੰਗਤ ਕਰਕੇ ਚੰਗੀਆਂ ਗੱਲਾਂ ਸਿੱਖਣੀਆਂ ਹਨ ਪਰ ਉਹੀ ਗੱਲਾਂ ਫਿਰ ਉਨ੍ਹਾਂ ਚੰਗੇ ਬੰਦਿਆਂ ਨਾਲ ਕਰਕੇ ਸਮਾਂ ਨਸ਼ਟ ਕਰਨ ਦੀ ਬਜਾਏ ਅਸੀਂ ਉਹ ਸੰਦੇਸ਼ ਉਨ੍ਹਾਂ ਲੋਕਾਂ ਤੱਕ ਪੁਚਾਉਣੇ ਹਨ ਜੋ ਗੁੰਮਰਾਹ ਹੋ ਚੁੱਕੇ ਹਨ। ਅਸੀਂ ਗਿਆਨ ਪ੍ਰਾਪਤ ਵੀ ਕਰਨਾ ਹੈ ਅਤੇ ਗਿਆਨ ਵੰਡਣਾ ਵੀ ਹੈ। ਇਹੀ ਸਹੀ ਰਸਤਾ ਹੈ। ਅਗਰ ਚੰਗੀ ਸੰਗਤ ਵਿੱਚੋਂ ਅਸੀਂ ਆਪ ਵੀ ਕੁਝ ਨਹੀਂ ਸਿੱਖਿਆ, ਆਪ ਕੁਝ ਵੀ ਨਹੀਂ ਅਪਣਾਇਆ ਅਤੇ ਉਹ ਗਿਆਨ ਉਨ੍ਹਾਂ ਲੋਕਾਂ ਤੱਕ ਨਹੀਂ ਪੁਚਾਇਆ ਜੋ ਗਿਆਨ ਤੋਂ ਕੋਰੇ ਹਨ ਤਾਂ ਅਸੀਂ ਕੁੱਝ ਵੀ ਨਹੀਂ ਖੱਟਿਆ।

ਅਸੀਂ ਆਪ ਵੀ ਆਪਣੀ ਸੁਧਾਈ ਕਰਨੀ ਹੈ ਅਤੇ ਅਸੀਂ ਲੋਕਾਂ ਦੀ ਸੁਧਾਈ ਵਾਸਤੇ ਵੀ ਹੰਭਲਾ ਮਾਰਨਾ ਹੈ। ਐਸਾ ਕੁਝ ਕਰਨਾ ਹੀ ਇਨਸਾਨੀ ਫ਼ਰਜ਼ ਹੈ।

## ਹਰਾਮ ਖਾਧਿਆਂ ?

ਜਦੋਂ ਅਸੀਂ ਹਰਾਮ ਖਾਂਦੇ ਹਾਂ ਤਾਂ ਸਾਡੀ ਬੁੱਧੀ ਪਾਸੋਂ ਵਧੀਆ ਉਮੀਦਾਂ ਨਹੀਂ ਕੀਤੀਆਂ ਜਾ ਸਕਦੀਆਂ। ਹਰਾਮ ਖਾਣ ਵਾਲਾ ਬੰਦਾ ਗ਼ਮਾਂ ਵਿੱਚ ਡੁੱਬ ਜਾਂਦਾ ਹੈ। ਉਹ ਜੋ ਕੁਝ ਖਾਂਦਾ ਹੈ ਉਹ ਜ਼ਹਿਰ ਬਣ ਕੇ ਲੱਗਦਾ ਹੈ ਅਤੇ ਹੌਲੀ-ਹੌਲੀ ਉਸ ਦੀ ਕਾਇਆ ਨੂੰ ਗਾਲ੍ਹ ਦਿੰਦਾ ਹੈ। ਹਰਾਮ ਖਾਣ ਵਾਲੇ ਲੋਕੀਂ ਹਰ ਵਕਤ ਡਰ ਦੇ ਪੰਜੇ ਅੰਦਰ ਆਏ ਰਹਿੰਦੇ ਹਨ ਅਤੇ ਉਨ੍ਹਾਂ ਦੇ ਚਿਹਰਿਆਂ ਦੀ ਚਮਕ ਵੀ ਜਾਂਦੀ ਰਹਿੰਦੀ ਹੈ। ਉਹ ਰਾਤੀਂ ਗੂੜ੍ਹੀ ਨੀਂਦਰ ਸੌਂ ਨਹੀਂ ਸਕਦੇ, ਉਨ੍ਹਾਂ ਨੂੰ ਹਰ ਵਕਤ ਇਹੀ ਸੁਪਨੇ ਆਉਂਦੇ ਰਹਿੰਦੇ ਹਨ ਕਿ ਉਹ ਅੱਜ ਫਸੇ ਜਾਂ ਕੱਲ੍ਹ ਪਕੜੇ ਜਾਣਗੇ। ਐਸਾ ਜੀਵਨ ਬਿਹਤਰ ਨਹੀਂ ਹੈ। ਇਸ ਨਾਲੋਂ ਉਹ ਆਦਮੀ ਸੁਖੀ ਹੈ ਜਿਸ ਪਾਸ ਖਾਣ-ਪੀਣ ਲਈ ਘੱਟ ਹੈ ਪਰ ਉਹ ਡਰ ਤੋਂ ਆਜ਼ਾਦ ਹੈ। ਉਹ ਕਦੀ ਵੀ ਸ਼ੱਕ ਦੇ ਘੇਰੇ ਵਿੱਚ ਨਹੀਂ ਆਉਂਦਾ, ਉਹ ਆਜ਼ਾਦ ਹੁੰਦਾ ਹੈ, ਆਰਾਮ ਨਾਲ ਸੌਂਦਾ ਹੈ, ਬਿਮਾਰੀਆਂ ਤੋਂ ਆਜ਼ਾਦ ਰਹਿੰਦਾ ਹੈ। ਅਗਰ ਇਹ ਗੱਲ ਸਾਨੂੰ ਸਹੀ ਲੱਗਦੀ ਹੈ ਤਾਂ ਬਿਹਤਰ ਇਹੀ ਹੈ ਕਿ ਅਸੀਂ ਹਰਾਮ ਦੀ ਕਮਾਈ ਕਰਨੀ ਬੰਦ ਕਰ ਦੇਈਏ, ਸਹੀ ਰਸਤੇ ਉੱਤੇ ਚੱਲੀਏ, ਸਦਾ ਸੁਖੀ ਰਹੀਏ। ਜੋ ਮਜ਼ਾ ਨੇਕ ਕਮਾਈ ਕਰਕੇ ਆਉਂਦਾ ਹੈ, ਉਹ ਹਰਾਮ ਦੀ ਕਮਾਈ ਕਰਕੇ ਨਹੀਂ ਆਉਂਦਾ। ਹਰਾਮ ਖਾਧਾ ਕਦੀ ਵੀ ਪਚਦਾ ਨਹੀਂ। ਅੱਜ ਨਹੀਂ ਤਾਂ ਕੱਲ੍ਹ ਸਹੀ, ਇਹ ਹਰਾਮ ਖਾਧਾ ਸਾਡੇ ਲਈ ਪੀੜਾਂ ਦਾ ਕਾਰਨ ਬਣ ਸਕਦਾ ਹੈ।

## ਰੱਬ ਦੀਆਂ ਦਾਤਾਂ

ਰੱਬ ਸਦਾ ਹਾਜ਼ਰ-ਨਾਜ਼ਰ ਹੋਵੇ, ਚੰਗਿਆਈਆਂ ਸਾਡੇ ਨਾਲ ਰਹਿਣ, ਅਸੀਂ ਸਹੀ ਰਸਤੇ ਉੱਤੇ ਚੱਲਦੇ ਰਹੀਏ, ਸਾਡੇ ਅੰਦਰ ਰੱਬ ਦਾ ਪ੍ਰਕਾਸ਼ ਹੋ ਜਾਵੇ। ਅਗਰ ਐਸਾ ਹੋ ਜਾਂਦਾ ਹੈ ਤਾਂ ਰੱਬ ਨੇ ਆਪਣੀਆਂ ਸਾਰੀਆਂ ਦਾਤਾਂ ਦੀ ਸਾਡੇ ਉੱਤੇ ਬਖਸ਼ਿਸ਼ ਕਰ ਦਿੱਤੀ ਹੈ। ਅਸੀਂ ਸਹੀ ਰਸਤਿਆਂ ਉੱਤੇ ਤੁਰਾਂਗੇ ਤਾਂ ਹਰ ਕੋਈ ਸਾਡੀ ਸ਼ੋਭਾ ਕਰੇਗਾ, ਹਰ ਕੋਈ ਸਾਡੀ ਇਹੀ ਮਸ਼ਹੂਰੀ ਕਰੇਗਾ ਕਿ ਅਸੀਂ ਵਧੀਆ ਆਦਮੀ ਹਾਂ। ਇਸ ਦੁਨੀਆਂ ਦੇ ਲੋਕੀਂ ਵਧੀਆ ਆਦਮੀ ਦੀ ਤਾਰੀਫ਼ ਹੀ ਨਹੀਂ ਕਰਦੇ, ਬਲਕਿ ਉਸ ਆਦਮੀ ਨੂੰ ਪਸੰਦ ਵੀ ਕਰਦੇ ਹਨ। ਉਸ ਦੀ ਸੰਗਤ ਕਰਕੇ ਖ਼ੁਸ਼ ਹੁੰਦੇ ਹਨ, ਉਸ ਦੀ ਆਖੀ ਹਰ ਗੱਲ ਨੂੰ ਪਸੰਦ ਕਰਦੇ ਹਨ, ਉਸ ਦੀ ਆਖੀ ਹਰ ਗੱਲ ਅਪਨਾਉਣ ਦੀ ਕੋਸ਼ਿਸ਼ ਕਰਦੇ ਹਨ। ਰੱਬ ਜਿਸ ਆਦਮੀ ਨੂੰ ਐਸੀਆਂ ਸੌਗਾਤਾਂ ਦਿੰਦਾ ਹੈ ਉਹ ਆਪ ਵੀ ਤਰ ਜਾਂਦਾ ਹੈ ਅਤੇ ਉਸ ਦੀ ਨਕਲ ਕਰਕੇ ਹੋਰ ਵੀ ਕਈ ਤਰ ਜਾਂਦੇ ਹਨ। ਸੋ ਅਸੀਂ ਰੱਬ ਦੀਆਂ ਇਨ੍ਹਾਂ ਸੌਗਾਤਾਂ ਦੀ ਪਛਾਣ ਕਰਨੀ ਹੈ, ਆਪਣੇ ਜੀਵਨ ਵਿੱਚ ਵੀ ਅਪਨਾਉਣੀਆਂ ਹਨ ਅਤੇ ਹੋਰ ਲੋਕਾਂ ਤੱਕ ਵੀ ਪੁਚਾਉਣੀਆਂ ਹਨ।

## ਨਰਕ ਦੀ ਅਤੇ ਸਵਰਗ ਦੀ ਪਛਾਣ ਕਰੋ

ਅਸੀਂ ਮਾੜੇ ਕਰਮ ਕਰਕੇ ਇੱਥੇ ਹੀ ਸਜ਼ਾ ਭੋਗਦੇ ਹਾਂ ਅਤੇ ਜਦੋਂ ਅਸੀਂ ਸਜ਼ਾ ਭੁਗਤ ਰਹੇ ਹੁੰਦੇ ਹਾਂ ਤਾਂ ਸਾਡਾ ਜੀਵਨ ਨਰਕੀ ਹੋ ਜਾਂਦਾ ਹੈ। ਜਦੋਂ ਅਸੀਂ ਚੰਗੇ ਕਰਮ ਕਰਕੇ ਰੱਬ ਦੀਆਂ ਦਾਤਾਂ ਪ੍ਰਾਪਤ ਕਰਦੇ ਹਾਂ ਤਾਂ ਅਸੀਂ ਇਸ ਜੀਵਨ ਅੰਦਰ ਹੀ ਸਵਰਗ ਦਾ ਆਨੰਦ ਮਾਣ ਲੈਂਦੇ ਹਾਂ। ਅਸੀਂ ਸਵਰਗ ਆਪ ਪ੍ਰਾਪਤ ਕਰਨਾ ਹੈ ਅਤੇ ਅਸੀਂ ਆਪ ਹੀ ਮਾੜੇ ਕਰਮ ਕਰਕੇ ਨਰਕਾਂ ਦੇ ਭਾਗੀ ਬਣ ਜਾਂਦੇ ਹਾਂ। ਸਾਨੂੰ ਹਰੇਕ ਨੂੰ ਅੰਦਰਖਾਤੇ ਪਤਾ ਹੈ ਕਿ ਅਸੀਂ ਜੋ ਕੁੱਝ ਵੀ ਕਰ ਰਹੇ ਹਾਂ, ਉਹ ਸਾਡੇ ਲਈ ਸਵਰਗਾਂ ਦੇ ਦਰਵਾਜ਼ੇ ਖੋਲ੍ਹ ਰਿਹਾ ਹੈ ਜਾਂ ਅਸੀਂ ਆਪਣੀਆਂ ਹੀ ਕਰਤੂਤਾਂ ਕਾਰਨ ਨਰਕਾਂ ਵੱਲ ਧੱਕੇ ਜਾ ਰਹੇ ਹਾਂ। ਹਰੇਕ ਆਦਮੀ ਦੋ ਘੜੀਆਂ ਅੰਤਰ ਧਿਆਨ ਹੋ ਕੇ ਦੇਖੇ ਤਾਂ ਉਸ ਦੇ ਸਾਹਮਣੇ ਨਰਕਾਂ ਅਤੇ ਸਵਰਗਾਂ ਦੀ ਤਸਵੀਰ ਸਪੱਸ਼ਟ ਹੋ ਕੇ ਪ੍ਰਗਟ ਹੋ ਆਵੇਗੀ। ਨਰਕ ਅਤੇ ਸਵਰਗ ਦਾ ਗਿਆਨ ਪ੍ਰਾਪਤ ਕਰਨ ਲਈ ਲੰਮੇ ਤਰੱਦਦ ਦੀ ਜ਼ਰੂਰਤ ਨਹੀਂ ਪੈਂਦੀ।

## ਰੱਬ ਦੀ ਮਿਹਰ

ਰੱਬ ਖ਼ੁਸ਼ ਹੋ ਜਾਵੇ ਤਾਂ ਲੱਖ ਖ਼ੁਸ਼ੀਆਂ ਬਖ਼ਸ਼ਦਾ ਹੈ। ਸਾਡਾ ਜੀਵਨ ਖ਼ੁਸ਼ੀਆਂ ਭਰਿਆ ਹੋ ਜਾਂਦਾ ਹੈ। ਅਸੀਂ ਅਗਰ ਰੱਬ ਦੀਆਂ ਬਖ਼ਸ਼ਿਸ਼ਾਂ ਦੀ ਗਿਣਤੀ ਕਰਨ ਲੱਗੀਏ ਤਾਂ ਅਸੀਂ ਥੱਕ ਜਾਵਾਂਗੇ ਪਰ ਰੱਬ ਦੀਆਂ ਬਖ਼ਸ਼ਿਸ਼ਾਂ ਇਤਨੀਆਂ ਜ਼ਿਆਦਾ ਹਨ ਕਿ ਅਸੀਂ ਸੂਚੀ ਨਹੀਂ ਬਣਾ ਸਕਾਂਗੇ। ਅਸੀਂ ਤਾਂ ਉਹ ਗੱਲਾਂ ਗਿਣਨ ਲੱਗ ਪੈਂਦੇ ਹਾਂ ਜੋ ਰੱਬ ਨੇ ਹੋਰ ਲੋਕਾਂ ਨੂੰ ਤਾਂ ਦੇ ਰੱਖੀਆਂ ਹਨ, ਪਰ ਸਾਨੂੰ ਨਹੀਂ ਦਿੱਤੀਆਂ। ਅਸ਼ੀਂ ਇਹ ਨਹੀਂ ਸੋਚਦੇ ਕਿ ਸਾਡੇ ਪੱਲੇ ਜੋ ਨਿਆਮਤਾਂ ਪਈਆਂ ਹਨ ਉਹ ਦੂਜਿਆਂ ਨੂੰ ਨਹੀਂ ਮਿਲੀਆਂ। ਅਸੀਂ ਬਹੁਤ ਸਾਰੀਆਂ ਨਿਆਮਤਾਂ ਕਾਰਨ ਦੂਜਿਆਂ ਨਾਲੋਂ ਜ਼ਿਆਦਾ ਭਾਗਸ਼ਾਲੀ ਹਾਂ, ਅਸੀਂ ਐਸਾ ਸੋਚਣਾ ਹੈ। ਰੱਬ ਅੱਗੇ ਸ਼ਿਕਾਇਤਾਂ ਕਰਨ ਦੀ ਬਜਾਏ ਅਸੀਂ ਕੋਸ਼ਿਸ਼ ਕਰਕੇ ਰੱਬ ਦੀਆਂ ਦਿੱਤੀਆਂ ਨਿਆਮਤਾਂ 'ਚੋਂ ਆਪਣੇ ਹਿੱਸੇ ਦੀਆਂ ਹੋਰ ਨਿਆਮਤਾਂ ਵੀ ਲੱਭਣੀਆਂ ਹਨ। ਰੱਬ ਨੇ ਹਰੇਕ ਨਿਆਮਤ ਇਸ ਦੁਨੀਆਂ ਵਿੱਚ ਭੇਜ ਰੱਖੀ ਹੈ, ਰੱਬ ਨੇ ਆਪਣੇ ਪਾਸ ਕੁਝ ਵੀ ਨਹੀਂ ਰੱਖਿਆ। ਅਸੀਂ ਆਪ ਆਪਣੇ ਹਿੱਸੇ ਦੀਆਂ ਨਿਆਮਤਾਂ ਦੀ ਸ਼ਨਾਖ਼ਤ ਕਰਨੀ ਹੈ, ਕੋਸ਼ਿਸ਼ ਕਰਨੀ ਹੈ। ਜੋ ਆਦਮੀ ਸਿਰਫ਼ ਸੁਪਨੇ ਲੈਂਦਾ ਹੈ ਅਤੇ ਸੰਘਰਸ਼ ਨਹੀਂ ਕਰਦਾ, ਉਸ ਦੇ ਪੱਲੇ ਕੁਝ ਨਹੀਂ ਪੈਂਦਾ। ਰੱਬ ਦੀਆਂ ਨਿਆਮਤਾਂ ਪ੍ਰਾਪਤ ਕਰਨ ਲਈ ਸੰਘਰਸ਼ ਕਰਨਾ ਲਾਜ਼ਮੀ ਹੈ। ਰੱਬ ਤਾਂ ਸਾਡੀ ਮੱਦਦ ਕਰਦਾ ਹੈ ਅਤੇ ਅਸੀਂ ਰੱਬ ਦੀ ਮੱਦਦ ਹਾਸਲ ਕਰਨ ਲਈ ਸੰਘਰਸ਼ ਦੇ ਮੈਦਾਨ ਵਿੱਚ ਪਹਿਲਾਂ ਆਪ ਉਤਰਨਾ ਹੈ। ਸੰਘਰਸ਼ੀ ਲੋਕੀਂ ਰੱਬ ਦੀਆਂ ਮਿਹਰਾਂ ਪ੍ਰਾਪਤ ਕਰ ਲੈਂਦੇ ਹਨ। ਦੂਜਿਆਂ ਦੀਆਂ ਪ੍ਰਾਪਤੀਆਂ ਦੇਖ ਕੇ ਈਰਖਾ ਨਹੀਂ ਕਰਨੀ ਬਲਕਿ ਅਸੀਂ ਵੀ ਮੈਦਾਨ ਵਿੱਚ ਉਤਰ ਕੇ ਸੰਘਰਸ਼ ਕਰਨਾ ਹੈ ਤਾਂ ਕਿ ਰੱਬ ਆਪਣੀਆਂ ਮਿਹਰਾਂ ਦੀ ਵਰਖਾ ਸਾਡੇ ਉੱਤੇ ਵੀ ਕਰ ਦੇਵੇ।

## ਰੱਬ ਦਾ ਨਾਮ

ਰੱਬ ਦਾ ਨਾਮ ਲੈਣ ਦੇ ਸਿੱਧੇ ਸਾਦੇ ਅਰਥ ਇਹੀ ਹਨ ਕਿ ਅਸੀਂ ਰੱਬ ਦੀ ਹਾਜ਼ਰੀ ਕਬੂਲ ਕਰਨੀ ਹੈ। ਜੋ ਆਦਮੀ ਰੱਬ ਦੀ ਹਾਜ਼ਰੀ ਭੁੱਲ ਜਾਂਦਾ ਹੈ, ਉਹ ਰੱਬ ਦਾ ਡਰ ਮਹਿਸੂਸ ਨਹੀਂ ਕਰਦਾ, ਗੁੰਮਰਾਹ ਹੋ ਜਾਂਦਾ ਹੈ, ਪਾਪ ਕਰਨ ਲੱਗ ਪੈਂਦਾ ਹੈ। ਫਿਰ ਰੱਬ ਦੀ ਕਰੋਪੀ ਦਾ ਸ਼ਿਕਾਰ ਹੋ ਜਾਂਦਾ ਹੈ। ਪਾਠ-ਪੂਜਾ ਕਰਨ ਦਾ ਮੰਤਵ ਵੀ ਬਸ ਇਤਨਾ ਹੀ ਹੈ ਕਿ ਅਸੀਂ ਰੱਬ ਦੀ ਹਾਜ਼ਰੀ ਪ੍ਰਵਾਨ ਕਰੀਏ ਅਤੇ ਕੋਈ ਐਸਾ ਕਰਮ ਨਾ ਕਰੀਏ ਅਤੇ ਕੋਈ

ਐਸਾ ਵਿਚਾਰ ਮਨ ਅੰਦਰ ਨਾ ਲਿਆਈਏ ਜੋ ਸਾਡੇ ਲਈ ਸਜ਼ਾ ਦਾ ਕਾਰਨ ਬਣਦਾ ਹੋਵੇ। ਜੋ ਲੋਕੀਂ ਰੱਬ ਦਾ ਨਾਮ ਵਾਰ-ਵਾਰ ਲੈਂਦੇ ਹਨ ਪਰ ਆਪਣੇ ਕਿਰਦਾਰ ਨੂੰ ਉੱਚਾ ਨਹੀਂ ਚੁੱਕਦੇ ਜਾਂ ਆਪਣੀਆਂ ਕਰਨੀਆਂ ਨੂੰ ਨਵੀਂ ਅਤੇ ਸਹੀ ਸੇਧ ਨਹੀਂ ਦੇ ਪਾਉਂਦੇ, ਉਹ ਰੱਬ ਦਾ ਨਾਮ ਲੈਣ ਵਿੱਚ ਸਮਾਂ ਨਸ਼ਟ ਕਰਦੇ ਹਨ। ਰੱਬ ਨੂੰ ਯਾਦ ਕਰਨ ਦਾ ਇਕੋ-ਇਕ ਮਤਲਬ ਇਹੀ ਹੁੰਦਾ ਹੈ ਕਿ ਅਸੀਂ ਰੱਬ ਦੀ ਹਾਜ਼ਰੀ ਪ੍ਰਵਾਨ ਕਰੀਏ ਅਤੇ ਕੋਈ ਐਸਾ ਕਾਰਜ ਨਾ ਕਰੀਏ ਜੋ ਰੱਬ ਨੂੰ ਨਾਰਾਜ਼ ਕਰਦਾ ਹੋਵੇ। ਰੱਬ ਦੇ ਬੰਦਿਆਂ ਲਈ ਦੁਖਦਾਈ ਹੋਵੇ। ਰੱਬ ਹਰੇਕ ਦਾ ਹੈ ਅਤੇ ਅਸੀਂ ਜਦੋਂ ਰੱਬ ਦੇ ਬਣਾਏ ਕਿਸੇ ਬੰਦੇ ਨਾਲ ਬਦਸਲੂਕੀ ਕਰਦੇ ਹਾਂ ਤਾਂ ਰੱਬ ਨਾਰਾਜ਼ ਹੋ ਜਾਂਦਾ ਹੈ ਅਤੇ ਰੱਬ ਦੀ ਨਾਰਾਜ਼ਗੀ ਕਾਰਨ ਸਾਨੂੰ ਦੁੱਖ ਝੱਲਣੇ ਪੈਂਦੇ ਹਨ। ਰੱਬ ਦਾ ਨਾਮ ਲੈਣਾ ਤਾਂ ਹੀ ਸਹੀ ਹੈ। ਅਗਰ ਅਸੀਂ ਆਪਣਾ ਅੰਦਰ-ਬਾਹਰ ਸਵੱਛ ਕਰ ਪਾਏ ਹਾਂ। ਅਗਰ ਰੱਬ ਦਾ ਨਾਮ ਲੈਣਾ, ਅਸੀਂ ਰਸਮੀਂ ਅਪਣਾ ਰੱਖਿਆ ਹੈ ਅਤੇ ਸਾਡੇ ਜੀਵਨ ਦੀ ਸੁਧਾਈ ਦਾ ਕਾਰਨ ਨਹੀਂ ਬਣਦਾ ਤਾਂ ਅਸੀਂ ਇਸ ਕਿਰਿਆ ਵਿੱਚ ਸਮਾਂ ਨਸ਼ਟ ਕਰ ਰਹੇ ਹਾਂ, ਹੋਰ ਕੁਝ ਨਹੀਂ ਕਰ ਰਹੇ। ਇਸ ਕਰਕੇ ਅਸੀਂ ਆਪਣੇ ਅੰਦਰ ਝਾਤੀ ਮਾਰ ਕੇ ਦੇਖਣਾ ਹੈ ਕਿ ਅਸੀਂ ਜੋ ਧਾਰਮਿਕ ਗ੍ਰੰਥ ਪੜ੍ਹਦੇ ਰਹੇ ਹਾਂ, ਉਨ੍ਹਾਂ ਕਾਰਨ ਸਾਡੇ ਜੀਵਨ ਅੰਦਰ ਕੀ ਸੁਧਾਈ ਹੋਈ ਹੈ। ਅਗਰ ਅਸੀਂ ਆਪਣੇ ਜੀਵਨ ਅੰਦਰ ਸੁਧਾਈ ਦਾ ਸਿਲਸਿਲਾ ਜਾਰੀ ਕਰ ਪਾਏ ਹਾਂ ਤਾਂ ਠੀਕ-ਠਾਕ ਹੈ, ਨਹੀਂ ਤਾਂ ਰੱਬ ਦਾ ਨਾਮ ਲਈ ਜਾਣਾ ਇਕ ਵਿਖਾਵਾ ਹੈ, ਢੌਂਗ ਹੈ ਅਤੇ ਅਸੀਂ ਕਰਮ ਕਾਂਡ ਵਿੱਚ ਫਸੇ ਹੋਏ ਹਾਂ। ਅਸੀਂ ਇਸ ਚੱਕਰ 'ਚੋਂ ਬਾਹਰ ਨਿਕਲਣਾ ਹੈ।

## ਸਾਡੇ ਉੱਤੇ ਸ਼ੈਤਾਨ ਦਾ ਪ੍ਰਭਾਵ ਜ਼ਿਆਦਾ ਹੈ

ਅਸੀਂ ਮਨੁੱਖ ਜਾਤੀ ਜ਼ਿਆਦਾਤਰ ਸ਼ੈਤਾਨ ਦੇ ਪ੍ਰਭਾਵ ਅਧੀਨ ਰਹਿੰਦੇ ਹਾਂ। ਸਾਡੇ ਅੰਦਰੋਂ ਰੱਬ ਵੀ ਬੋਲਦਾ ਹੈ, ਸ਼ੈਤਾਨ ਵੀ ਬੋਲਦਾ ਹੈ। ਸ਼ੈਤਾਨ ਦੀਆਂ ਗੱਲਾਂ ਸਾਨੂੰ ਬਹੁਤ ਪਿਆਰੀਆਂ ਲੱਗਦੀਆਂ ਹਨ। ਸ਼ੈਤਾਨ ਸਾਨੂੰ ਜੋ ਕੁਝ ਵੀ ਆਖਦਾ ਹੈ ਉਹ ਵਕਤੀਆ ਤੌਰ 'ਤੇ ਬਹੁਤ ਹੀ ਮਜ਼ੇਦਾਰ ਹੁੰਦਾ ਹੈ। ਅਸੀਂ ਸ਼ੈਤਾਨ ਦੀਆਂ ਗੱਲਾਂ ਵਿੱਚ ਆ ਜਾਂਦੇ ਹਾਂ, ਇਹ ਇਨਸਾਨੀ ਕਮਜ਼ੋਰੀਆਂ ਹਨ ਪਰ ਫਿਰ ਵੀ ਬਹੁਤ ਸਾਰੇ ਐਸੇ ਲੋਕੀਂ ਵੀ ਹਨ ਜੋ ਆਪਣੇ ਅੰਦਰ ਹਾਜ਼ਰ ਸ਼ੈਤਾਨ ਦੀ ਗੱਲ ਨਹੀਂ ਸੁਣਦੇ, ਬਲਕਿ ਆਪਣੇ ਅੰਦਰ ਬੈਠੇ ਭਗਵਾਨ ਦੀ ਗੱਲ ਸੁਣਦੇ ਹਨ। ਅਸੀਂ ਵੀ ਐਸੇ ਲੋਕਾਂ ਵਿੱਚ ਸ਼ਾਮਲ ਹੋਣਾ ਹੈ। ਅਸੀਂ ਤਾਂ ਬਸ ਇਤਨਾ ਹੀ ਕਰਨਾ ਹੈ ਕਿ ਆਪਣੇ ਅੰਦਰ ਹਾਜ਼ਰ ਸ਼ੈਤਾਨ ਦੀ ਗੱਲ ਸੁਣਨ ਦਾ ਸਿਲਸਿਲਾ ਬੰਦ ਕਰਨਾ ਹੈ ਅਤੇ ਇਹ ਸਿਲਸਿਲਾ ਅਸੀਂ ਆਪ ਜਾਰੀ ਕਰਨਾ ਹੈ। ਸਾਡੇ ਅੰਦਰ ਹਾਜ਼ਰ ਰੱਬ ਸਾਡੀ ਅਗਵਾਈ ਕਰਦਾ ਰਹਿੰਦਾ ਹੈ। ਅਸੀਂ ਆਪ ਹੀ ਆਪਣੀ ਮਰਜ਼ੀ ਨਾਲ ਰੱਬ ਦੀਆਂ ਹਿਦਾਇਤਾਂ ਨਹੀਂ ਮੰਨਦੇ ਅਤੇ ਸ਼ੈਤਾਨ ਦੀਆਂ ਗੱਲਾਂ ਸੁਣਨ ਤੋਂ ਗੁਰੇਜ਼ ਕਰਨਾ ਹੈ। ਅਸੀਂ ਅਗਰ ਇਹ ਸਿਲਸਿਲਾ ਸ਼ੁਰੂ ਕਰਦੇ ਹਾਂ ਤਾਂ ਹੌਲੀ-ਹੌਲੀ ਸਾਡੇ ਅੰਦਰ ਵੜਿਆ ਸ਼ੈਤਾਨ ਨਿਕਲ ਜਾਵੇਗਾ। ਸ਼ੈਤਾਨ ਨੂੰ ਜਦੋਂ ਪਤਾ ਲੱਗ ਜਾਂਦਾ ਹੈ ਕਿ ਇਸ ਆਦਮੀ ਨੇ ਉਸ ਦੀਆਂ ਹਿਦਾਇਤਾਂ ਨਹੀਂ ਮੰਨਣੀਆਂ ਤਾਂ ਉਹ ਉਸ ਅੰਦਰ ਨਹੀਂ ਰਹਿੰਦਾ। ਸ਼ੈਤਾਨ ਸਿਰਫ਼ ਉਸ ਆਦਮੀ ਅੰਦਰ ਰਹਿੰਦਾ ਹੈ ਜੋ ਕਮਜ਼ੋਰ ਹੈ ਅਤੇ ਉਸ ਦੀਆਂ ਹਿਦਾਇਤਾਂ ਸਵੀਕਾਰ ਕਰਦਾ ਹੈ।

## ਰੱਬ ਅੱਗੇ ਬਹੁਤੀਆਂ ਅਰਦਾਸਾਂ ਨਾ ਕਰੋ

ਰੱਬ ਜਾਣੀ ਜਾਣ ਹੈ, ਸਾਡੀਆਂ ਮੁਸ਼ਕਿਲਾਂ ਰੱਬ ਪਾਸੋਂ ਭੁੱਲੀਆਂ ਹੋਈਆਂ ਨਹੀਂ ਹਨ, ਜਦੋਂ ਇਹ ਸੱਚਾਈ ਅਸੀਂ ਪ੍ਰਵਾਨ ਕਰ ਲੈਂਦੇ ਹਾਂ ਤਾਂ ਫ਼ੈਸਲਾ ਵੀ ਰੱਬ ਉੱਤੇ ਹੀ ਛੱਡ ਦੇਣਾ ਚਾਹੀਦਾ ਹੈ, ਉਹ ਆਪ ਹੀ ਜਾਣੀ ਜਾਣ ਹੈ। ਸਾਡੀਆਂ ਮੁਸ਼ਕਿਲਾਂ ਉਸ ਤੋਂ ਦੂਰ ਨਹੀਂ ਹਨ। ਅਗਰ ਸਾਡੀਆਂ ਮੁਸ਼ਕਿਲਾਂ ਹੱਲ ਨਹੀਂ ਹੋ ਰਹੀਆਂ ਤਾਂ ਇਸ ਦਾ ਮਤਲਬ ਇਹ ਨਹੀ ਹੈ ਕਿ ਰੱਬ ਨੂੰ ਇਹ ਨਜ਼ਰ ਨਹੀਂ ਆ ਰਹੀਆਂ। ਰੱਬ ਇਕੋ ਹੀ ਮੰਗ ਲੈ ਕੇ ਵਾਰ-ਵਾਰ ਅਰਦਾਸ ਨਹੀਂ ਚਾਹੁੰਦਾ, ਰੱਬ ਤਾਂ ਉਸ ਆਦਮੀ ਨੂੰ ਪਸੰਦ ਕਰਦਾ ਹੈ ਜੋ ਆਪਣੀਆਂ ਮੁਸ਼ਕਿਲਾਂ ਦੀ ਸ਼ਨਾਖ਼ਤ ਕਰਦਾ ਹੈ, ਮੁਸ਼ਕਿਲਾਂ ਹੱਲ ਕਰਨ ਦੇ ਉਪਾਅ ਕਰਦਾ ਹੈ, ਸੰਘਰਸ਼ ਕਰਦਾ ਹੈ। ਜੋ ਆਦਮੀ ਸਿਰਫ਼ ਅਰਦਾਸਾਂ ਕਰਦਾ ਹੈ, ਹਿੰਮਤ ਨਹੀਂ ਕਰਦਾ, ਮਿਹਨਤ ਨਹੀਂ ਕਰਦਾ, ਸੰਘਰਸ਼ ਨਹੀਂ ਕਰਦਾ, ਉਹ ਆਦਮੀ ਅਧੂਰਾ ਹੈ। ਅਸੀਂ ਸਾਰਿਆਂ ਨੂੰ ਰੱਬ ਦੇ ਇਸ ਭੇਦ ਨੂੰ ਸਮਝਣਾ ਹੈ ਕਿ ਰੱਬ ਸਾਡਾ ਮੱਦਦਗਾਰ ਹੈ। ਹਰੇਕ ਸਮੱਸਿਆ ਆਦਮੀ ਨੇ ਆਪ ਹੱਲ ਕਰਨੀ ਹੈ, ਦੁਨੀਆਂ ਦੇ ਇਹ ਬਾਕੀ ਲੋਕੀਂ ਵੀ ਉਸ ਦੇ ਮੱਦਦਗਾਰ ਹਨ। ਰੱਬ ਜਿਸ ਕਿਸੇ ਦਾ ਕੰਮ ਕਰਵਾਉਂਦਾ ਹੈ। ਕਿਸੇ ਨਾ ਕਿਸੇ ਬੰਦੇ ਰਾਹੀਂ ਕਰਵਾਉਂਦਾ ਹੈ, ਰੱਬ ਹਰੇਕ ਆਦਮੀ ਅੰਦਰ ਹਾਜ਼ਰ ਹੈ। ਜਦੋਂ ਕੋਈ ਆਦਮੀ ਸਾਡੀ ਮੱਦਦ ਕਰ ਰਿਹਾ ਹੁੰਦਾ ਹੈ ਤਾਂ ਇਸ ਦਾ ਮਤਲਬ ਸਾਫ਼ ਹੈ ਕਿ ਰੱਬ ਆਪ ਉਸ ਆਦਮੀ ਨੂੰ ਪ੍ਰੇਰਨਾ ਦਿੰਦਾ ਹੈ ਅਤੇ ਉਹ ਆਦਮੀ ਸਾਡੀ ਮੱਦਦ ਕਰਦਾ ਹੈ। ਅਸੀਂ ਅਰਦਾਸਾਂ ਕਰਨ ਤੋਂ ਪਹਿਲਾਂ ਇਹ ਜ਼ਰੂਰ ਸੋਚਣਾ ਹੈ ਕਿ ਅਸੀਂ ਰੱਬ ਪਾਸੋਂ ਜੋ ਕੁਝ ਵੀ ਮੰਗ ਰਹੇ ਹਾਂ ਕੀ ਅਸੀਂ ਉਸ ਦੇ ਹੱਕਦਾਰ ਵੀ ਹਾਂ ਜਾਂ ਨਹੀਂ ਹਾਂ। ਰੱਬ ਸਿਰਫ਼ ਹੱਕੀ ਮੰਗਾਂ ਪ੍ਰਵਾਨ ਕਰਦਾ ਹੈ। ਅਸੀਂ ਪਹਿਲਾਂ ਹੱਕਦਾਰ ਬਣਨਾ ਹੈ, ਐਸੀ ਸੋਚ ਅਪਨਾਉਣ ਵਾਲੇ ਬੰਦਿਆਂ ਦੀਆਂ ਅਰਦਾਸਾਂ ਪੂਰੀਆਂ ਹੋ ਜਾਂਦੀਆਂ ਹਨ।

## ਪਿਆਰ ਬਗ਼ੈਰ ਆਦਮੀ ਖੋਖਲਾ ਹੈ

ਇਕ ਪਿਆਰ ਦਾ ਵਲਵਲਾ ਹੀ ਹੈ ਜੋ ਮਨੁੱਖ ਤੋਂ ਮਨੁੱਖ ਤੱਕ ਅਤੇ ਸਾਡਾ ਹੋਰ ਜੀਵਾਂ ਨਾਲ ਸੰਬੰਧ ਪੈਦਾ ਕਰਦਾ ਹੈ। ਪਿਆਰ ਬਗ਼ੈਰ ਆਦਮੀ ਮਿੱਟੀ ਦਾ ਪੁਤਲਾ ਹੈ, ਮਿੱਟੀ ਦੀ ਢੇਰੀ ਹੈ। ਪਿਆਰ ਤੋਂ ਬਗ਼ੈਰ ਮਨੁੱਖ ਤੋਂ ਮਨੁੱਖ ਤੱਕ ਸਾਂਝਾਂ ਹੀ ਪੈਦਾ ਨਹੀਂ ਹੋ ਸਕਦੀਆਂ। ਇਸ ਕਰਕੇ ਸਾਨੂੰ ਆਪਣੇ ਅੰਦਰ ਪਿਆਰ ਭਾਵਨਾਵਾਂ ਉਜਾਗਰ ਕਰਨੀਆਂ ਹਨ। ਅਸੀਂ ਅਗਰ ਨਫ਼ਰਤ ਕਰਨ ਦੀ ਆਦਤ ਬਣਾ ਲੈਂਦੇ ਹਾਂ ਤਾਂ ਸਾਨੂੰ ਆਪ ਹਰ ਦੂਜੇ ਆਦਮੀ ਤੋਂ ਡਰ ਲੱਗਣ ਲੱਗ ਪੈਂਦਾ ਹੈ। ਇਸ ਦੇ ਉਲਟ ਅਗਰ ਅਸੀਂ ਲੋਕਾਂ ਨੂੰ ਪਿਆਰ ਕਰਨ ਦਾ ਸਿਲਸਿਲਾ ਸ਼ੁਰੂ ਕਰਦੇ ਹਾਂ ਤਾਂ ਹਰ ਕੋਈ ਸਾਨੂੰ ਆਪਣਾ-ਆਪਣਾ ਲੱਗਣ ਲੱਗ ਪੈਂਦਾ ਹੈ। ਕੋਈ ਵੀ ਪਰਾਇਆ ਨਹੀਂ ਲੱਗਦਾ। ਪਿਆਰ ਦੀ ਭਾਵਨਾ ਪੈਦਾ ਹੋ ਜਾਵੇ ਤਾਂ ਹਰ ਕੋਈ ਸਾਨੂੰ ਪਿਆਰ ਕਰਨ ਲੱਗ ਪੈਂਦਾ ਹੈ। ਪਿਆਰ ਕਰਨ ਨਾਲ ਪਿਆਰ ਮਿਲਦਾ ਹੈ, ਨਫ਼ਰਤ ਕਰਨ ਨਾਲ ਨਫ਼ਰਤ ਮਿਲਦੀ ਹੈ। ਜੋ ਆਦਮੀ ਰੱਬ ਦੀ ਲੋਕਾਈ ਨੂੰ ਪਿਆਰ ਕਰਦਾ ਹੈ ਉਸ ਨੂੰ ਰੱਬ ਹਾਸਲ ਹੋ ਜਾਂਦਾ ਹੈ ਅਰਥਾਤ ਉਹ ਰੱਬ ਦਾ ਪਿਆਰਾ ਬੰਦਾ ਬਣ ਜਾਂਦਾ ਹੈ। ਨਫ਼ਰਤ ਕਰਨ ਵਾਲੇ ਮਨੁੱਖ ਨੂੰ ਇਸ ਦੁਨੀਆਂ ਦਾ ਕੋਈ ਜੀਵ ਪਿਆਰ ਨਹੀਂ ਕਰਦਾ। ਉਸ ਪਾਸੋਂ ਹਰ ਕੋਈ ਦੂਰ-ਦੂਰ ਭੱਜਦਾ ਹੈ, ਪਰ ਪਿਆਰ ਕਰਨ

ਵਾਲੇ ਮਨੁੱਖ ਨੂੰ ਹਰ ਕੋਈ ਪਿਆਰ ਕਰਦਾ ਹੈ। ਉਸ ਦੇ ਨੇੜੇ ਹੋ ਆਉਂਦਾ ਹੈ, ਇਸ ਕਰਕੇ ਅਸੀਂ ਪਿਆਰ ਕਰਨ ਦਾ ਸਿਲਸਿਲਾ ਜਾਰੀ ਕਰਨਾ ਹੈ, ਨਫ਼ਰਤ ਦੀਆਂ ਭਾਵਨਾਵਾਂ ਖ਼ਤਮ ਕਰਨੀਆਂ ਹਨ। ਅਗਰ ਅਸੀਂ ਇਸ ਵਿਸ਼ਵਾਸ ਦੇ ਧਾਰਨੀ ਹੋ ਜਾਂਦੇ ਹਾਂ ਕਿ ਸਿਰਫ਼ ਲੋਕਾਈ ਨੂੰ ਪਿਆਰ ਕਰਕੇ ਹੀ ਅਸੀਂ ਰੱਬ ਦਾ ਪਿਆਰ ਹਾਸਲ ਕਰ ਸਕਦੇ ਹਾਂ ਤਾਂ ਐਸੀ ਸੋਚ ਸਾਡਾ ਸਾਰਾ ਵਿਉਹਾਰ ਹੀ ਬਦਲ ਸਕਦੀ ਹੈ। ਅਸੀਂ ਇਕ ਵਾਰੀ ਪਿਆਰ ਕਰਨ ਦਾ ਸਿਲਸਿਲਾ ਸ਼ੁਰੂ ਕਰ ਲਈਏ ਤਾਂ ਫਿਰ ਅਸੀਂ ਅੰਦਰੋਂ ਬਾਹਰੋਂ ਪਿਆਰ ਹੀ ਪਿਆਰ ਹੋ ਸਕਦੇ ਹਾਂ। ਪਿਆਰ ਕਰਨ ਵਾਲਾ ਬੰਦਾ ਬਨਾਵਟੀ ਨਹੀਂ ਰਹਿੰਦਾ। ਸਹੀ ਢੰਗ ਦੀਆਂ ਪਿਆਰ-ਭਾਵਨਾਵਾਂ ਪਿਆਰ ਖਿਚਦੀਆਂ ਹਨ। ਕਿਸੇ ਨੂੰ ਇਤਨਾ ਬੇਵਕੂਫ਼ ਨਹੀਂ ਸਮਝਣਾ ਚਾਹੀਦਾ ਕਿ ਉਹ ਸਾਡੀ ਪਛਾਣ ਨਾ ਕਰ ਪਾ ਰਿਹਾ ਹੋਵੇ। ਦਿਲ ਨੂੰ ਦਿਲ ਨਾਲ ਰਾਹ ਹੁੰਦੀ ਹੈ। ਹਰ ਕੋਈ ਸਮਝ ਲੈਂਦਾ ਹੈ ਕਿ ਅਸੀਂ ਉਸ ਨਾਲ ਪਿਆਰ ਕਰਦੇ ਹਾਂ ਜਾਂ ਸਿਰਫ਼ ਦਿਖਾਵਾ ਹੀ ਕਰਦੇ ਹਾਂ। ਸੋ ਸੱਚਾ ਪ੍ਰੇਮ ਕਰਨ ਦਾ ਤਰੀਕਾ ਅਪਨਾਉਣਾ ਚਾਹੀਦਾ ਹੈ, ਬਨਾਵਟੀ ਪਿਆਰ ਕਦੀ ਵੀ ਗੁੱਝਾ ਨਹੀਂ ਰਹਿੰਦਾ।

## ਅਸੀਂ ਰੱਬ ਤੋਂ ਦੂਰ ਨਹੀਂ ਹਾਂ

ਅਸੀਂ ਰੱਬ ਦੇ ਪੁੱਤਰ-ਧੀਆਂ ਹਾਂ ਅਤੇ ਉਹ ਹਰ ਵਕਤ ਸਾਡਾ ਧਿਆਨ ਰੱਖ ਰਿਹਾ ਹੈ। ਸਾਨੂੰ ਰੱਬ ਲੱਭਣ ਦੇ ਜਿਤਨੇ ਵੀ ਤਰੀਕੇ ਦੱਸੇ ਗਏ ਹਨ, ਸਾਰੇ ਹੀ ਗ਼ਲਤ ਹਨ। ਆਖ਼ਰਕਾਰ ਇਹ ਗੱਲ ਸਵੀਕਾਰ ਕਰਨੀ ਪੈਂਦੀ ਹੈ ਕਿ ਰੱਬ ਸਾਡੇ ਅੰਦਰ ਹਾਜ਼ਰ ਹੈ ਅਤੇ ਰੱਬ ਨੂੰ ਲੱਭਣ ਲਈ ਭਟਕਣ ਦੀ ਜ਼ਰੂਰਤ ਨਹੀਂ ਹੈ। ਮਨੁੱਖ ਜੰਗਲਾਂ ਵਿੱਚ ਭਟਕਦਾ ਰਿਹਾ ਹੈ, ਪਹਾੜਾਂ ਦੀਆਂ ਚੋਟੀਆਂ ਗਾਹ ਆਇਆ ਹੈ, ਧਾਰਮਿਕ ਗਰੰਥਾਂ ਦਾ ਪਾਠ ਕਰਦਾ ਰਿਹਾ ਹੈ, ਇਸ ਸਰੀਰ ਨੂੰ ਭੁੱਖਾ ਰੱਖਦਾ ਰਿਹਾ ਹੈ, ਨੰਗਾ ਫਿਰਦਾ ਰਿਹਾ ਹੈ, ਗੁਫ਼ਾਵਾਂ ਵਿੱਚ ਸਮਾਧੀਆਂ ਲਗਾ ਕੇ ਬੈਠਾ ਰਿਹਾ ਹੈ, ਘਰ-ਬਾਰ ਤਿਆਗਦਾ ਰਿਹਾ ਹੈ ਪਰ ਆਖ਼ਰਕਾਰ ਇਸੇ ਨਤੀਜੇ ਉੱਤੇ ਪੁੱਜਾ ਹੈ ਕਿ ਇਹ ਸਾਰੀ ਭਟਕਣਾ ਹੈ, ਰੱਬ ਤਾਂ ਹਰ ਵਕਤ ਸਾਡੇ ਅੰਗ-ਸੰਗ ਹੈ, ਰੱਬ ਤਾਂ ਸਾਡੀ ਭਾਲ ਪਿਆ ਕਰਦਾ ਹੈ। ਅਸੀਂ ਉਸ ਦੇ ਨੇੜੇ ਆਉਣ ਦੀ ਬਜਾਏ ਭੱਜਦੇ ਫਿਰਦੇ ਹਾਂ। ਅਸੀਂ ਇਤਨੀਆਂ ਗ਼ਲਤੀਆਂ ਕਰ ਬੈਠੇ ਹਾਂ ਕਿ ਰੱਬ ਦਾ ਸਾਹਮਣਾ ਕਰਨੋਂ ਡਰਦੇ ਹਾਂ। ਅਸੀਂ ਆਪਣੀਆਂ ਕਰਨੀਆਂ ਕਰਕੇ ਸ਼ਰਮਿੰਦਾ ਹਾਂ। ਅਸੀਂ ਰੱਬ ਪਾਸੋਂ ਭੁੱਲਾਂ ਬਖ਼ਸ਼ਾਉਣ ਲਈ ਇਹ ਸਾਰਾ ਤਰੱਦਦ ਕਰਦੇ ਫਿਰਦੇ ਹਾਂ। ਰੱਬ ਨੂੰ ਜੇਕਰ ਮਾਤਾ-ਪਿਤਾ ਸਮਾਨ ਅਸੀਂ ਸਮਝਦੇ ਹਾਂ ਤਾਂ ਰੱਬ ਦੀ ਪ੍ਰਾਪਤੀ ਲਈ ਤਰੱਦਦ ਕਰਨ ਦੀ ਜ਼ਰੂਰਤ ਨਹੀਂ ਪੈਂਦੀ। ਅਸੀਂ ਰੱਬ ਨੂੰ ਮਾਤਾ-ਪਿਤਾ ਸਮਝਣਾ ਹੈ, ਫਿਰ ਸਾਰੀਆਂ ਦੂਰੀਆਂ ਖ਼ਤਮ ਹੋ ਜਾਂਦੀਆਂ ਹਨ, ਲੰਮੀਆਂ-ਲੰਮੀਆਂ ਸਮਾਧੀਆਂ ਲਗਾਉਣ ਦੀ ਜ਼ਰੂਰਤ ਨਹੀਂ ਪੈਂਦੀ। ਅਸੀਂ ਜੋ ਚਾਹੀਏ ਰੱਬ ਪਾਸੋਂ ਮੰਗ ਸਕਦੇ ਹਾਂ। ਇਹ ਬਹੁਤ ਕਰਮ ਕਾਂਡ ਦਾ ਸਿਲਸਿਲਾ ਰੱਬ ਨੂੰ ਚੰਗਾ ਨਹੀਂ ਲੱਗਦਾ, ਉਹ ਤਾਂ ਸਿੱਧੇ-ਸਾਦੇ ਬੱਚਿਆਂ ਨੂੰ ਪਿਆਰ ਕਰਦਾ ਹੈ। ਜੋ ਲੋਕੀਂ ਰੱਬ ਨੂੰ ਲੁਭਾਉਣ ਦੀਆਂ ਵਿਉਂਤਾਂ ਘੜਦੇ ਰਹਿੰਦੇ ਹਨ, ਉਹ ਗ਼ਲਤ ਹਨ। ਰੱਬ ਜਾਣੀ-ਜਾਣ ਹੈ, ਉਹ ਸਾਡੇ ਅੰਦਰ ਛੁਪੀ ਸਵਾਰਥ ਦੀ ਭਾਵਨਾ ਨੂੰ ਸਮਝਦਾ ਹੈ। ਇਸੇ ਕਰਕੇ ਉਹ ਸਾਡੀਆਂ ਇਹ ਬਨਾਵਟੀ ਅਰਦਾਸਾਂ ਕਬੂਲ ਨਹੀਂ ਕਰਦਾ।

## ਮਨੁੱਖ ਰੱਬ ਦਾ ਅੰਗ ਹੈ

ਅਸੀਂ ਰੱਬ ਦਾ ਹਿੱਸਾ ਹਾਂ, ਅਸੀਂ ਵੀ ਰੱਬ ਹਾਂ, ਐਸਾ ਕਈ ਵਾਰੀ ਆਖਿਆ ਜਾ ਚੁੱਕਾ ਹੈ। ਪਾਣੀ ਦੀ ਇਕ ਬੂੰਦ ਅਤੇ ਪਾਣੀ ਦਾ ਸਮੁੰਦਰ ਇਕ ਹੀ ਤਰ੍ਹਾਂ ਦੇ ਤੱਤਾਂ ਦੇ ਬਣੇ ਹੋਏ ਹਨ। ਅਸੀਂ ਰੱਬ ਤੋਂ ਆਏ ਹਾਂ, ਅਸੀਂ ਰੱਬ ਦੇ ਨੁਮਾਇੰਦੇ ਹਾਂ। ਰੱਬ ਸਾਡੇ ਵਿੱਚ ਸਮਾਇਆ ਹੋਇਆ ਹੈ, ਅਸੀਂ ਰੱਬ ਵਿੱਚ ਸਮਾਏ ਹੋਏ ਹਾਂ। ਨਾ ਰੱਬ ਸਾਥੋਂ ਦੂਰ ਹੈ ਅਤੇ ਨਾ ਹੀ ਅਸੀਂ ਰੱਬ ਤੋਂ ਦੂਰ ਹਾਂ। ਬਸ ਅਸੀਂ ਆਪ ਵੀ ਗੁੰਮਰਾਹ ਹਾਂ, ਬਹੁਤ ਸਾਰੇ ਲੋਕੀਂ ਸਾਨੂੰ ਗੁੰਮਰਾਹ ਕਰ ਰਹੇ ਹਨ, ਬਹੁਤ ਸਾਰੇ ਲੋਕਾਂ ਨੂੰ ਅਸੀਂ ਗੁੰਮਰਾਹ ਕਰ ਰਹੇ ਹਾਂ। ਰੱਬ ਦਾ ਸਹੀ ਗਿਆਨ ਨਾ ਹੋਣ ਕਾਰਨ ਅਸੀਂ ਆਪਣੀਆਂ ਹੀ ਗ਼ਲਤੀਆਂ ਕਾਰਨ ਰੱਬ ਤੋਂ ਨਸਦੇ ਫਿਰਦੇ ਹਾਂ। ਜੋ ਬੱਚਾ ਮਾਤਾ-ਪਿਤਾ ਤੋਂ ਨਸਦਾ-ਫਿਰਦਾ ਹੈ ਅਤੇ ਮਾਤਾ-ਪਿਤਾ ਦੀ ਰਜ਼ਾ ਵਿੱਚ ਨਹੀਂ ਰਹਿੰਦਾ, ਇਕ ਨਾ ਇਕ ਦਿਨ ਮਾਤਾ-ਪਿਤਾ ਉਸ ਨੂੰ ਆਪਣੇ ਘਰ ਨਾਲੋਂ ਤੋੜ ਦਿੰਦੇ ਹਨ। ਇਹੀ ਹਾਲ ਸਾਡਾ ਹੈ, ਅਸੀਂ ਰੱਬ ਨੂੰ ਵੀ ਧੋਖਾ ਦੇਣ ਦੀ ਕੋਸ਼ਿਸ਼ ਕਰਦੇ ਹਾਂ ਅਤੇ ਇਉਂ ਆਪ ਹੀ ਉਸ ਪਾਸੋਂ ਫ਼ਾਰਖ਼ਤੀ ਪ੍ਰਾਪਤ ਕਰ ਲੈਂਦੇ ਹਾਂ। ਰੱਬ ਸਾਨੂੰ ਬੇਦਖ਼ਲ ਕਰ ਦਿੰਦਾ ਹੈ। ਅਸੀਂ ਇਸ ਬੇਦਖ਼ਲੀ ਤੋਂ ਬਚਣਾ ਹੈ, ਭਟਕਣ ਛੱਡ ਕੇ ਰੱਬ ਦੀ ਰਜ਼ਾ ਵਿੱਚ ਰਹਿਣਾ ਹੈ। ਦੁੱਖ-ਸੁੱਖ ਸਾਡੇ ਜੀਵਨ ਦਾ ਹਿੱਸਾ ਹਨ, ਕੋਈ ਵੀ ਦੁੱਖਾਂ-ਸੁੱਖਾਂ ਤੋਂ ਬਰੀ ਨਹੀਂ ਹੈ। ਹਰ ਕਿਸੇ ਦੇ ਦੁੱਖ-ਸੁੱਖ ਆਪਣੀ ਕਿਸਮ ਦੇ ਹਨ। ਕਿਸੇ ਨੂੰ ਬਾਹਰੀ ਦੁੱਖ ਹਨ, ਕੋਈ ਅੰਦਰੋਂ ਦੁੱਖੀ ਹੈ, ਕੋਈ ਆਪਣੇ ਦੁੱਖ ਲੋਕਾਂ ਨਾਲ ਸਾਂਝੇ ਕਰ ਲੈਂਦਾ ਹੈ, ਕੋਈ ਆਪਣੇ ਦੁੱਖ ਲੁਕਾਈ ਰੱਖਦਾ ਹੈ। ਬਸ ਇਹ ਇਕੱਲਾ ਹੀ ਦੁੱਖਾਂ ਵਿੱਚ ਸੜਦਾ ਰਹਿੰਦਾ ਹੈ। ਰੱਬ ਉਸ ਆਦਮੀ ਨੂੰ ਪਸੰਦ ਕਰਦਾ ਹੈ, ਜੋ ਦੁੱਖਾਂ ਅਤੇ ਸੁੱਖਾਂ ਨੂੰ ਰੱਬ ਦੀ ਦੇਣ ਸਮਝ ਕੇ ਬਰਦਾਸ਼ਤ ਕਰਦਾ ਹੈ। ਐਸਾ ਆਦਮੀ ਰੱਬ ਦਾ ਹਿੱਸਾ ਹੈ ਅਤੇ ਕਦੀ ਨਾ ਕਦੀ ਉਹ ਮੂੰਹੋਂ ਬੋਲ ਪੈਂਦਾ ਹੈ। ਜੋ ਆਦਮੀ ਰੱਬ ਨਾਲ ਅਭੇਤ ਹੋ ਜਾਂਦਾ ਹੈ, ਉਸ ਅਤੇ ਰੱਬ ਵਿਚਕਾਰ ਦੂਰੀਆਂ ਖ਼ਤਮ ਹੋ ਜਾਂਦੀਆਂ ਹਨ, ਉਹ ਰੱਬ ਹੋ ਕੇ ਪ੍ਰਗਟ ਹੋ ਆਉਂਦਾ ਹੈ।

## ਅਸੀਂ ਮਾਇਆ ਜਾਲ ਵਿੱਚ ਫਸੇ ਰਹਿੰਦੇ ਹਾਂ

ਇਹ ਦੁਨੀਆਂ ਅਸੀਂ ਮਾਇਆ ਜਾਲ ਬਣਾ ਲਈ ਹੈ। ਅਸੀਂ ਆਪ ਹੀ ਇਸ ਜਾਲ ਦਾ ਤਾਣਾ-ਬਾਣਾ ਕੀਤਾ ਹੈ ਅਤੇ ਫਿਰ ਅਸੀਂ ਆਪ ਹੀ ਇਸ ਮਾਇਆ ਜਾਲ ਵਿੱਚ ਫਸ ਕੇ ਰਹਿ ਗਏ ਹਾਂ। ਇਹ ਧਰਮਾਂ ਦੀਆਂ ਵੰਡੀਆਂ, ਇਹ ਜਾਤੀਆਂ ਦੀਆਂ ਵੰਡੀਆਂ, ਇਹ ਗੁਰਬਤ, ਇਹ ਅਮੀਰੀ, ਇਹ ਉੱਚੇ ਲੋਕੀਂ, ਇਹ ਨੀਵੇਂ ਲੋਕੀਂ, ਇਹ ਦੇਸ਼ ਦੀਆਂ ਵੰਡੀਆਂ, ਇਹ ਦੁਸ਼ਮਣੀਆਂ, ਇਹ ਕਬਜ਼ੇ ਦੀ ਭਾਵਨਾ, ਇਹ ਸਾਰਾ ਕੁਝ ਮਾਇਆ ਜਾਲ ਹੈ। ਅਸੀਂ ਸਾਰਿਆਂ ਨੇ ਇਸ ਮਾਇਆ ਜਾਲ ਦੀ ਰਲ ਕੇ ਰਚਨਾ ਕੀਤੀ ਹੈ ਅਤੇ ਅੱਜ ਅਸੀਂ ਸਾਰੇ ਇਸ ਆਪਣੇ ਹੀ ਸਾਜੇ ਮਾਇਆ ਜਾਲ ਵਿੱਚ ਫਸ ਗਏ ਹਾਂ। ਇਸ ਮਾਇਆ ਜਾਲ 'ਚੋਂ ਹੁਣ ਅਸੀਂ ਬਾਹਰ ਨਿਕਲਣ ਦੀ ਹਜ਼ਾਰ ਕੋਸ਼ਿਸ਼ ਕਰੀਏ, ਬਾਹਰ ਨਹੀਂ ਨਿਕਲ ਸਕਦੇ। ਸਾਨੂੰ ਅੰਦਰ ਖਾਤੇ ਇਹ ਗਿਆਨ ਹੋ ਚੁੱਕਾ ਹੈ ਕਿ ਅਸੀਂ ਇਹ ਜਾਲ ਗ਼ਲਤ ਉਸਾਰ ਬੈਠੇ ਹਾਂ ਪਰ ਹੁਣ ਇਸ ਜਾਲ 'ਚੋਂ ਬਾਹਰ ਨਿਕਲਣਾ ਮੁਸ਼ਕਿਲ ਹੋ ਗਿਆ ਹੈ। ਸਮੇਂ-ਸਮੇਂ ਤੇ ਸਿਆਣੇ ਲੋਕੀਂ ਆ ਕੇ ਸਾਨੂੰ ਸਿੱਖਿਆ ਦੇਣ ਦੀ ਕੋਸ਼ਿਸ਼ ਕਰਦੇ ਰਹੇ ਹਨ ਪਰ ਉਨ੍ਹਾਂ ਦੀ ਜਾਣ ਦੀ ਦੇਰ ਸੀ ਕਿ ਅਸੀਂ ਫਿਰ ਉਸੇ ਮਾਇਆ ਜਾਲ ਵਿੱਚ ਘੁੰਮਣ-

ਘੇਰੀਆਂ ਖਾਂਦੇ ਦਿਖਾਈ ਦੇ ਰਹੇ ਹਾਂ। ਅਸੀਂ ਕਿਸੇ ਦੀਆਂ ਗੱਲਾਂ ਸੁਣਨ ਲਈ ਤਿਆਰ ਨਹੀਂ ਹਾਂ। ਇਹ ਮਾਇਆ ਜਾਲ ਸਾਨੂੰ ਆਪਣੀ ਲਪੇਟ ਵਿੱਚ ਲੈ ਚੁੱਕਾ ਹੈ। ਅਸੀਂ ਇਸ ਮਾਇਆ ਜਾਲ ਵਿੱਚ ਬੁਰੀ ਤਰ੍ਹਾਂ ਫਸ ਚੁੱਕੇ ਹਾਂ। ਅਸੀਂ ਆਪਣੀ-ਆਪਣੀ ਥਾਵੇਂ ਕੋਸ਼ਿਸ਼ ਕਰਕੇ ਕੁਝ ਹੱਦ ਤੱਕ ਇਸ ਮਾਇਆ ਜਾਲ 'ਚੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰਨੀ ਹੈ। ਜਿਤਨੇ ਕੁ ਅਸੀਂ ਕਾਮਯਾਬ ਹੋਵਾਂਗੇ ਉਤਨੀ ਕੁ ਖ਼ੁਸ਼ੀ ਸਾਨੂੰ ਪ੍ਰਾਪਤ ਹੋ ਜਾਵੇਗੀ। ਇਹ ਹੁਣ ਸਾਡੇ ਤੱਕ ਹੈ ਕਿ ਅਸੀਂ ਕਿਤਨੀ ਕੁ ਖ਼ੁਸ਼ੀ ਪ੍ਰਾਪਤ ਕਰ ਸਕਦੇ ਹਾਂ।

## ਰੱਬ ਵਿਘਨ ਨਹੀਂ ਪਾਉਂਦਾ

ਅਗਰ ਅਸੀਂ ਕੋਈ ਵੀ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਰੱਬ ਦਾ ਹੁਕਮ ਪ੍ਰਾਪਤ ਕਰ ਲੈਂਦੇ ਹਾਂ, ਅਰਥਾਤ ਆਪਣੀ ਆਤਮਾ ਦੀ ਆਵਾਜ਼ ਸੁਣ ਕੇ ਕਾਰਜ ਸ਼ੁਰੂ ਕਰਦੇ ਹਾਂ ਤਾਂ ਉਸ ਕੰਮ ਵਿੱਚ ਵਿਘਨ ਨਹੀਂ ਪੈਂਦਾ। ਅਸੀਂ ਰੱਬ ਪਾਸੋਂ ਜੋ ਕੁਝ ਵੀ ਮੰਗਦੇ ਹਾਂ, ਰੱਬ ਦਿੰਦਾ ਹੈ, ਸ਼ਰਤ ਸਿਰਫ਼ ਇਹ ਹੈ ਕਿ ਅਸੀਂ ਰੱਬ ਪਾਸੋਂ ਜੋ ਕੁਝ ਵੀ ਮੰਗ ਰਹੇ ਹਾਂ, ਅਸੀਂ ਉਸ ਤੱਕ ਦੇ ਯੋਗ ਹਾਂ। ਅਸੀਂ ਰੱਬ ਪਾਸੋਂ ਆਪਣੇ ਅਧਿਕਾਰ ਮੰਗਣੇ ਹਨ, ਜਿਸ ਚੀਜ਼ ਜਾਂ ਪ੍ਰਾਪਤੀ ਦੇ ਅਸੀਂ ਯੋਗ ਹੈ ਹੀ ਨਹੀਂ ਹਾਂ, ਉਹ ਰੱਬ ਪਾਸੋਂ ਮੰਗਣੀ ਨਹੀਂ ਚਾਹੀਦੀ ਅਤੇ ਰੱਬ ਉਹ ਚੀਜ਼ਾਂ ਅਤੇ ਪ੍ਰਾਪਤੀਆਂ ਸਾਨੂੰ ਦਿੰਦਾ ਵੀ ਨਹੀਂ ਹੈ ਜਿਸ ਦੇ ਅਸੀਂ ਯੋਗ ਨਹੀਂ ਹਾਂ। ਜੋ ਆਦਮੀ ਆਪਣੇ ਅੰਦਰ ਝਾਤੀ ਮਾਰ ਕੇ ਆਪਣਾ ਹੱਕ ਜਿਤਾ ਕੇ ਰੱਬ ਪਾਸੋਂ ਕੁਝ ਮੰਗਦਾ ਹੈ ਤਾਂ ਰੱਬ ਉਸ ਦੀਆਂ ਆਸਾਂ ਪੂਰੀਆਂ ਕਰਦਾ ਹੈ। ਉਸ ਨੂੰ ਨਿਰਾਸ਼ ਨਹੀਂ ਕਰਦਾ। ਉਹ ਜਿਹੜਾ ਸੰਘਰਸ਼ ਸ਼ੁਰੂ ਕਰਦਾ ਹੈ, ਰੱਬ ਉਸ ਦੀ ਮੱਦਦ ਕਰਦਾ ਹੈ, ਵਿਘਨ ਨਹੀਂ ਪਾਉਂਦਾ। ਅਸੀਂ ਐਸੀ ਸੋਚ ਅਪਨਾਉਣੀ ਹੈ, ਅਗਰ ਅਸੀਂ ਆਪਣਾ ਅਸਥਾਨ ਮਾਪ ਕੇ ਰੱਬ ਪਾਸੋਂ ਕੁੱਝ ਮੰਗਦੇ ਹਾਂ ਤਾਂ ਰੱਬ ਸਾਨੂੰ ਨਿਰਾਸ਼ ਨਹੀਂ ਕਰਦਾ। ਰੱਬ ਸਾਡੀ ਮੱਦਦ ਕਰਦਾ ਹੈ। ਅਸੀਂ ਦੁੱਖੀ ਉਦੋਂ ਹੁੰਦੇ ਹਾਂ ਜਦੋਂ ਅਸੀਂ ਆਪਣੇ ਵਜੂਦ ਤੋਂ ਬਾਹਰ ਹੋ ਕੇ ਆਪਣੀਆਂ ਮੰਗਾਂ ਦੀ ਸੂਚੀ ਤਿਆਰ ਕਰਕੇ ਰੱਬ ਪਾਸ ਅਰਦਾਸਾਂ ਕਰਨੀਆਂ ਸ਼ੁਰੂ ਕਰ ਦਿੰਦੇ ਹਾਂ ਅਤੇ ਜਦੋਂ ਰੱਬ ਸਾਡੀਆਂ ਅਰਦਾਸਾਂ ਪ੍ਰਵਾਨ ਨਹੀਂ ਕਰਦਾ ਤਾਂ ਸਾਨੂੰ ਨਿਰਾਸ਼ਾ ਹੁੰਦੀ ਹੈ। ਅਸੀਂ ਨਿਰਾਸ਼ਾ ਤੋਂ ਬਚਣਾ ਹੈ, ਨਿਰਾਸ਼ਾ ਸਾਡਾ ਉਤਸ਼ਾਹ ਖ਼ਤਮ ਕਰਕੇ ਰੱਖ ਦਿੰਦੀ ਹੈ। ਨਿਰਾਸ਼ ਆਦਮੀ ਸੰਘਰਸ਼ ਕਰਨ ਦੇ ਕਾਬਲ ਨਹੀਂ ਰਹਿੰਦਾ, ਬਲਕਿ ਨਿਰਾਸ਼ ਆਦਮੀ ਘਟੀਆਪਣ ਦਾ ਸ਼ਿਕਾਰ ਹੋ ਕੇ ਰਹਿ ਜਾਂਦਾ ਹੈ। ਇਸ ਲਈ ਅੱਜ ਤੋਂ ਹੀ ਅਸੀਂ ਆਪਣੀ ਘੋਖ ਆਪ ਕਰਨੀ ਹੈ ਅਤੇ ਰੱਬ ਪਾਸੋਂ ਜੋ ਕੁਝ ਵੀ ਮੰਗਣਾ ਹੈ, ਪਹਿਲਾਂ ਅਸੀਂ ਉਸ ਦਾ ਹੱਕਦਾਰ ਬਣਨਾ ਹੈ।

## ਦਾਨ ਕਰਨਾ

ਇਸ ਦੁਨੀਆਂ ਦੇ ਸਾਰੇ ਮਨੁੱਖ ਰੱਬ ਨੇ ਆਪ ਬਣਾਏ ਹਨ ਅਤੇ ਇਸ ਕਰਕੇ ਅਸੀਂ ਇਸ ਦੁਨੀਆਂ ਦੇ ਲੋਕੀਂ ਇਕ ਹੀ ਪਰਿਵਾਰ ਦੇ ਮੈਂਬਰ ਹਾਂ। ਇਸ ਕਰਕੇ ਅਗਰ ਕਿਸੇ ਆਦਮੀ ਨੂੰ ਸਾਡੀ ਮੱਦਦ ਦੀ ਜ਼ਰੂਰਤ ਪੈ ਜਾਂਦੀ ਹੈ ਤਾਂ ਅਸੀਂ ਉਸ ਦੀ ਮੱਦਦ ਕਰਨੀ ਹੈ। ਅਸੀਂ ਇਹ ਨਹੀਂ ਸੋਚਣਾ ਕਿ ਮਰਨ ਦਿਉ ਇਸ ਨੂੰ, ਇਹ ਸਾਡਾ ਕੀ ਲੱਗਦਾ ਹੈ, ਮੇਰਾ ਤਾਂ ਆਪ ਗੁਜ਼ਾਰਾ ਨਹੀਂ ਹੁੰਦਾ। ਹਰ ਕਿਸੇ ਨੂੰ ਆਪਣੀ ਮੱਦਦ ਕਰਨ ਯੋਗ ਆਪ ਬਣਨਾ ਚਾਹੀਦਾ ਹੈ। ਐਸੀ ਸੋਚ ਗ਼ਲਤ ਹੈ, ਅਸੀਂ ਸਮਾਜੀ ਪ੍ਰਾਣੀ ਹਾਂ, ਅਸੀਂ ਸਮਾਜ ਬਗ਼ੈਰ ਕੁਝ

ਵੀ ਨਹੀਂ ਹਾਂ ਅਰਥਾਤ ਸਾਡੀ ਹੋਂਦ ਹੀ ਖ਼ਤਮ ਹੋ ਜਾਂਦੀ ਹੈ। ਅਸੀਂ ਜੋ ਕੁਝ ਵੀ ਵਰਤ ਰਹੇ ਹਾਂ, ਸਾਰਾ ਕੁਝ ਸਾਡਾ ਬਣਾਇਆ ਹੋਇਆ ਨਹੀਂ ਹੈ, ਬਹੁਤ ਕੁਝ ਇਨਸਾਨਾਂ ਦਾ ਬਣਾਇਆ ਹੋਇਆ ਹੈ। ਉਹ ਅੱਜ ਅਗਰ ਨਹੀਂ ਵੀ ਹਨ ਤਾਂ ਵੀ ਅਸੀਂ ਉਨ੍ਹਾਂ ਦੀਆਂ ਬਖ਼ਸ਼ੀਆਂ ਦਾਤਾਂ ਵਰਤ ਰਹੇ ਹਾਂ। ਮਨੁੱਖ ਦੀ ਮੱਦਦ ਮਨੁੱਖ ਹੀ ਕਰਦਾ ਹੈ। ਬਹੁਤ ਸਾਰੇ ਲੋਕੀਂ ਮੰਗਣਾ ਇਕ ਧੰਦਾ ਬਣਾ ਬੈਠੇ ਹਨ। ਐਸੇ ਆਦਮੀਆਂ ਤੋਂ ਅਸੀਂ ਬਚਣਾ ਹੈ। ਇਨ੍ਹਾਂ ਦੀ ਮੱਦਦ ਕਰਨ ਦਾ ਕੋਈ ਲਾਭ ਨਹੀਂ, ਪਰ ਕੁਝ ਲੋਕੀਂ ਸਾਡੇ ਸੰਪਰਕ ਵਿੱਚ ਐਸੇ ਵੀ ਆ ਸਕਦੇ ਹਨ, ਜਿਨ੍ਹਾਂ ਦੀ ਮੱਦਦ ਕਰਨੀ ਬਣਦੀ ਹੈ। ਸਿਆਣੇ ਆਖਦੇ ਹਨ ਕਿ ਦਾਨ ਘਰ ਤੋਂ ਸ਼ੁਰੂ ਹੋਣਾ ਚਾਹੀਦਾ ਹੈ। ਅਰਥਾਤ ਘਰ ਦੇ ਜੀਆਂ ਦੀਆਂ ਜ਼ਰੂਰਤਾਂ ਅਧੂਰੀਆਂ ਛੱਡ ਕੇ ਮੱਦਦ ਕਰਨਾ ਬਹੁਤਾ ਠੀਕ ਨਹੀਂ ਹੈ। ਮੱਦਦ ਉਤਨੀ ਹੀ ਕੀਤੀ ਜਾਵੇ ਜਿਤਨੀ ਮੱਦਦ ਅਸੀਂ ਕਰਨ ਦੇ ਯੋਗ ਹਾਂ। ਮੱਦਦ ਕਰਕੇ ਅਗਰ ਅਸੀਂ ਪਛਤਾਉਂਦੇ ਹਾਂ ਤਾਂ ਅਸੀਂ ਜੈਸੀ ਮੱਦਦ ਕੀਤੀ ਜੈਸੀ ਨਾ ਕੀਤੀ। ਇਸ ਲਈ ਆਪਣਾ ਵਜੂਦ ਦੇਖ ਕੇ ਦੂਜਿਆਂ ਦੀ ਮੱਦਦ ਕਰਨ ਦਾ ਸਿਲਸਿਲਾ ਵੀ ਜਾਰੀ ਕਰਨਾ ਚਾਹੀਦਾ ਹੈ। ਕੁਝ ਲੋਕੀਂ ਐਸੇ ਹੁੰਦੇ ਹਨ ਜਿਨ੍ਹਾਂ ਦੀ ਥੋੜ੍ਹੀ ਜਿਹੀ ਮੱਦਦ ਕਰ ਦਿੱਤੀ ਜਾਵੇ ਤਾਂ ਉਹ ਪੈਰਾਂ ਉੱਤੇ ਖੜ੍ਹੇ ਹੋ ਸਕਦੇ ਹਨ। ਅਸੀਂ ਅਗਰ ਕਿਸੇ ਨੂੰ ਆਪ ਕਮਾ ਕੇ ਖਾਣ ਜੋਗਾ ਬਣਾ ਦਿੰਦੇ ਹਾਂ, ਤਾਂ ਇਹ ਵੱਡੀ ਮੱਦਦ ਹੈ। ਮੱਦਦ ਸਿਰਫ਼ ਪੈਸੇ ਨਾਲ ਹੀ ਨਹੀਂ ਕੀਤੀ ਜਾਂਦੀ। ਅਸੀਂ ਕਿਸੇ ਦੀ ਸੋਚ ਵਧੀਆ ਬਣਾ ਸਕਦੇ ਹਾਂ। ਅਸੀਂ ਕਿਸੇ ਨੂੰ ਵਧੀਆ ਸਲਾਹ ਦੇ ਸਕਦੇ ਹਾਂ। ਅਸੀਂ ਕਿਸੇ ਨੂੰ ਦਵਾਈ ਦੇ ਸਕਦੇ ਹਾਂ, ਅਸੀਂ ਕਿਸੇ ਭੁੱਲੇ ਨੂੰ ਰਾਹ ਦੱਸ ਸਕਦੇ ਹਾਂ। ਅਸੀਂ ਅਗਰ ਇਕ ਅੱਧਾ ਕੰਮ ਰੋਜ਼ਾਨਾ ਲੋਕ-ਭਲਾਈ ਦਾ ਕਰਨ ਦੀ ਆਦਤ ਪਾ ਲਈਏ ਤਾਂ ਸਾਨੂੰ ਕੋਈ ਨਾ ਕੋਈ ਕੰਮ ਲੱਭ ਹੀ ਪਵੇਗਾ। ਕਿਸੇ ਦੀ ਮੱਦਦ ਕਰਕੇ ਜੋ ਖ਼ੁਸ਼ੀ ਪ੍ਰਾਪਤ ਹੁੰਦੀ ਹੈ ਉਹ ਕਈ ਵਾਰੀ ਆਪਣਾ ਕੰਮ ਕਰਕੇ ਨਹੀਂ ਹੁੰਦੀ। ਕਿਸੇ ਦੀ ਮੱਦਦ ਕਰਨਾ ਵੀ ਇਕ ਭਗਤੀ ਹੈ, ਸਗੋਂ ਮੱਦਦਗਾਰ ਬਣਨਾ ਸਭ ਤੋਂ ਵੱਡੀ ਭਗਤੀ ਹੈ।

## ਮਨੁੱਖ ਦੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਨਹੀਂ ਹੁੰਦੀਆਂ

ਅਸੀਂ ਮਨੁੱਖ ਹਾਂ, ਸਾਡੀਆਂ ਕਾਮਨਾਵਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਅਸੀਂ ਬਹੁਤ ਕੁਝ ਦੇਖਦੇ ਹਾਂ। ਜੋ ਕੁਝ ਵੀ ਸਾਨੂੰ ਚੰਗਾ ਲੱਗਦਾ ਹੈ ਉਸ ਉੱਤੇ ਕਬਜ਼ਾ ਕਰਨ ਲਈ ਸਾਡਾ ਦਿਲ ਕਰ ਪੈਂਦਾ ਹੈ। ਇਹ ਕਬਜ਼ੇ ਦੀ ਭਾਵਨਾ ਸਾਡੇ ਅੰਦਰ ਪ੍ਰਬਲ ਹੈ। ਅਸੀਂ ਬਹੁਤ ਕੁਝ ਕਬਜ਼ੇ ਵਿੱਚ ਕਰ ਰੱਖਿਆ ਹੈ। ਕੁਝ ਐਸੀਆਂ ਵੀ ਚੀਜ਼ਾਂ ਹਨ ਜੋ ਸਾਡੇ ਹਿੱਸੇ ਦੀਆਂ ਸਾਨੂੰ ਮਿਲ ਚੁੱਕੀਆਂ ਹਨ ਪਰ ਸਾਡੀ ਭੁੱਖ ਮਿੱਟਦੀ ਨਹੀਂ ਹੈ। ਐਸੀ ਵੈਸੀਆਂ ਚੀਜ਼ਾਂ ਉੱਤੇ ਹੋਰ ਵੀ ਕਬਜ਼ਾ ਕਰਨਾ ਚਾਹੁੰਦੇ ਹਾਂ। ਸਾਡੀਆਂ ਕਾਮਨਾਵਾਂ ਅਮੁੱਕ ਹਨ, ਇਹੀ ਕਾਰਨ ਹੈ ਆਦਮੀ ਦੀਆਂ ਕਾਮਨਾਵਾਂ ਕਦੀ ਵੀ ਤ੍ਰਿਪਤ ਨਹੀਂ ਹੁੰਦੀਆਂ। ਸਾਡੇ ਸਾਰੇ ਧਾਰਮਿਕ ਗਰੰਥ ਸਾਨੂੰ ਇਹੀ ਸਲਾਹ ਦੇ ਰਹੇ ਹਨ ਕਿ ਅਸੀਂ ਤ੍ਰਿਪਤ ਹੋ ਜਾਈਏ, ਸ਼ਾਂਤ ਹੋ ਜਾਈਏ, ਭਟਕਣ ਖ਼ਤਮ ਕਰ ਦੇਈਏ ਪਰ ਅਸੀਂ ਐਸਾ ਆਖਦੇ ਜ਼ਰੂਰ ਹਾਂ ਪਰ ਆਪ ਨਹੀਂ ਮੰਨਦੇ। ਇਹੀ ਕਾਰਨ ਹੈ ਅਸੀਂ ਆਖਦੇ ਹਾਂ ਕਿ ਆਦਮੀ ਦੀਆਂ ਮਨੋ-ਕਾਮਨਾਵਾਂ ਕਦੀ ਵੀ ਖ਼ਤਮ ਨਹੀਂ ਹੁੰਦੀਆਂ। ਇਹ ਕਾਮਨਾਵਾਂ ਵਧਦੀਆਂ ਹੀ ਰਹਿੰਦੀਆਂ ਹਨ। ਇਹੀ ਕਾਰਨ ਹੈ ਕਿ ਇਹ ਮਨੁੱਖ ਅਸ਼ਾਂਤ ਹੈ, ਇਹ ਕਦੀ ਵੀ ਰਜਦਾ ਨਹੀਂ, ਕਦੀ ਵੀ ਤ੍ਰਿਪਤ ਨਹੀਂ ਹੁੰਦਾ। ਮਨੁੱਖ ਸਾਰੀ ਉਮਰ ਆਪਣੀਆਂ ਕਾਮਨਾਵਾਂ ਦੀ ਪੂਰਤੀ ਲਈ

ਸੰਘਰਸ਼ ਕਰਦਾ ਰਹਿੰਦਾ ਹੈ ਅਤੇ ਇਸ ਸੰਘਰਸ਼ ਵਿੱਚ ਹੀ ਸਾਰਾ ਜੀਵਨ ਬਸਰ ਕਰ ਜਾਂਦਾ ਹੈ। ਅਗਰ ਆਦਮੀ ਦੀਆਂ ਕਾਮਨਾਵਾਂ ਦਾ ਅੰਤ ਹੋ ਜਾਵੇ ਤਾਂ ਇਹ ਜੀਵਨ ਖਲੋਅ ਜਾਵੇਗਾ, ਚੱਲਦੀ ਜ਼ਿੰਦਗੀ ਹੀ ਚੰਗੀ ਲੱਗਦੀ ਹੈ।

## ਮਨ ਦੀ ਮੈਲ

ਅਸੀਂ ਕਿਤਨਾ ਹੀ ਪਾਠ-ਪੂਜਾ ਕਰ ਲਈਏ, ਦੁਨੀਆਂ ਭਰ ਦੇ ਤੀਰਥਾਂ ਉੱਤੇ ਜਾ ਕੇ ਇਸ਼ਨਾਨ ਕਰ ਆਈਏ, ਜਦ ਤੱਕ ਸਾਡੇ ਮਨ ਦੀ ਮੈਲ ਨਹੀਂ ਧੁਲਦੀ ਅਸੀਂ ਸਾਰੀ ਇਹ ਭਟਕਣਾ ਫ਼ਜ਼ੂਲ ਦੀ ਕਰਦੇ ਰਹੇ ਹਾਂ। ਮਨ ਦੀ ਮੈਲ ਉਤਾਰਨ ਲਈ ਅਸੀਂ ਆਪ ਯਤਨ ਕਰਨਾ ਹੈ। ਇਸ ਯਤਨ ਲਈ ਸਾਨੂੰ ਕਿੱਧਰੇ ਦੂਰ ਜਾਣ ਦੀ ਜ਼ਰੂਰਤ ਨਹੀਂ ਹੈ। ਇਹ ਮੈਲ ਅਸੀਂ ਆਪਣੀਆਂ ਸੋਚਾਂ ਅਤੇ ਕਰਨੀਆਂ ਦੀ ਸੁਧਾਈ ਕਰਕੇ ਦੂਰ ਕਰ ਸਕਦੇ ਹਾਂ ਅਤੇ ਐਸਾ ਕੁਝ ਕਰਨ ਲਈ ਕਿਸੇ ਕਰਮ ਕਾਂਡ ਦੀ ਜ਼ਰੂਰਤ ਨਹੀਂ ਪੈਂਦੀ। ਸਾਨੂੰ ਪਤਾ ਹੀ ਹੈ ਕਿ ਅਸੀਂ ਕੀ-ਕੀ ਮਾੜੀਆਂ ਸੋਚਾਂ ਲਈ ਫਿਰਦੇ ਹਾਂ। ਸਾਨੂੰ ਪਤਾ ਹੈ ਕਿ ਅਸੀਂ ਅੱਜ ਤੱਕ ਕਿਹੜੇ-ਕਿਹੜੇ ਮਾੜੇ ਕੰਮ ਕਰ ਚੁੱਕੇ ਹਾਂ, ਸਾਨੂੰ ਇਹ ਵੀ ਪਤਾ ਹੈ ਕਿ ਅਸੀਂ ਹੋਰ ਕਿਹੜੇ-ਕਿਹੜੇ ਮਾੜੇ ਕੰਮ ਕਰਨ ਦੀਆਂ ਇੱਛਾਵਾਂ ਰੱਖਦੇ ਹਾਂ ਅਤੇ ਕਦੀ-ਕਦੀ ਤਿਆਰੀ ਵੀ ਕਰ ਰਹੇ ਹੁੰਦੇ ਹਾਂ। ਅਸੀਂ ਜੋ ਸੋਚਾਂ ਅਤੇ ਇੱਛਾਵਾਂ ਲਈ ਫਿਰਦੇ ਹਾਂ ਹੋ ਸਕਦਾ ਹੈ ਇਨ੍ਹਾਂ ਦੀ ਜਾਣਕਾਰੀ ਹੋਰ ਕਿਸੇ ਨੂੰ ਹੋਵੇ ਹੀ ਨਾ। ਇਸ ਕਰਕੇ ਇਹ ਸੋਚਾਂ ਬਦਲਣ ਦੀ ਹੋਰ ਕੋਈ ਮੱਦਦ ਨਹੀਂ ਕਰ ਸਕਦਾ। ਇਹ ਕੰਮ ਅਸੀਂ ਆਪ ਕਰਨਾ ਹੈ। ਸਾਡੇ ਅੰਦਰੋਂ ਕਈ ਵਾਰੀ ਆਵਾਜ਼ ਉੱਠਦੀ ਰਹੀ ਹੈ ਕਿ ਅਸੀਂ ਜੋ ਕੁਝ ਚਾਹ ਰਹੇ ਹਾਂ, ਉਹ ਠੀਕ-ਠਾਕ ਨਹੀਂ ਹੈ। ਉਸ ਦੇ ਮਾੜੇ ਨਤੀਜੇ ਨਿਕਲ ਸਕਦੇ ਹਨ ਪਰ ਫਿਰ ਵੀ ਅਸੀਂ ਆਪਣੀਆਂ ਇੱਛਾਵਾਂ ਅਤੇ ਭਾਵਨਾਵਾਂ ਉੱਤੇ ਕਾਬੂ ਨਹੀਂ ਪਾਉਂਦੇ ਬਲਕਿ ਉਹ ਲੁਕਵੀਆਂ ਪ੍ਰਸਥਿਤੀਆਂ ਦੀ ਖੋਜ ਕਰਦੇ ਰਹਿੰਦੇ ਹਾਂ ਜਿੱਥੇ ਅਸੀਂ ਆਪਣੀਆਂ ਮਨਚਾਹੀਆਂ ਕਾਮਨਾਵਾਂ ਦੀ ਪੂਰਤੀ ਕਰ ਸਕੀਏ। ਅਸੀਂ ਮਨੁੱਖ ਹਾਂ, ਅਸੀਂ ਆਪਣੀਆਂ ਕਾਮਨਾਵਾਂ ਬਿਲਕੁਲ ਖ਼ਤਮ ਨਹੀਂ ਕਰ ਸਕਦੇ। ਅਸੀਂ ਮਨੁੱਖ ਹਾਂ, ਸਾਡੇ ਉੱਤੇ ਜਿੱਥੇ ਭਗਵਾਨ ਦਾ ਹੱਥ ਹੈ, ਉੱਥੇ ਸਾਡੇ ਉੱਤੇ ਸ਼ੈਤਾਨ ਦਾ ਸਾਇਆ ਵੀ ਹੈ ਸੋ ਮਨੁੱਖੀ ਮਨ ਅੰਦਰ ਇਹ ਸੰਘਰਸ਼ ਚੱਲਦਾ ਹੀ ਰਹਿਣਾ ਹੈ।

## ਰੱਬ ਦਾ ਭਾਣਾ ਸਵੀਕਾਰ ਕਰੋ

ਰੱਬ ਨੇ ਸਾਡੇ ਜੀਵਨ ਦੀ ਕਹਾਣੀ ਪਹਿਲਾਂ ਹੀ ਲਿਖ ਰੱਖੀ ਹੈ। ਅਸੀਂ ਅਗਿਆਨੀ ਹਾਂ। ਸਾਨੂੰ ਨਹੀਂ ਪਤਾ ਕੱਲ੍ਹ ਸਾਡੇ ਨਾਲ ਕੀ ਹੋਣ ਵਾਲਾ ਹੈ। ਜੋ-ਜੋ ਕੁਝ ਵੀ ਸਾਡੇ ਲਈ ਲਿਖਿਆ ਗਿਆ ਹੈ ਉਹ ਸਾਰਾ ਕੁਝ ਸਾਡੇ ਨਾਲ ਬੀਤਣਾ ਹੈ। ਅਸੀਂ ਆਪਣੇ ਆਪ ਨੂੰ ਰੱਬ ਦੀਆਂ ਲਿਖੀਆਂ ਘਟਨਾਵਾਂ ਤੋਂ ਬਚਾ ਨਹੀਂ ਸਕਦੇ। ਹੋ ਸਕਦਾ ਹੈ ਸਾਡੇ ਲਈ ਬਹੁਤ ਕੁਝ ਵਧੀਆ ਵਾਪਰਨ ਵਾਲਾ ਹੋਵੇ। ਹੋ ਸਕਦਾ ਹੈ ਅੱਜ ਤੋਂ ਬਾਅਦ ਸਾਡੀ ਕਿਸਮਤ ਵਿੱਚ ਜੋ ਕੁਝ ਵੀ ਲਿਖਿਆ ਹੋਇਆ ਹੈ ਉਹ ਸਾਰਾ ਕੁਝ ਮਾੜਾ ਹੀ ਹੋਵੇ। ਜਿੱਥੇ ਅਸੀਂ ਰੱਬ ਵੱਲੋਂ ਭੇਜੇ ਚੰਗੇ ਵਕਤਾਂ ਦਾ ਆਨੰਦ ਮਾਨਣਾ ਹੈ ਉੱਥੇ ਹੀ ਅਸੀਂ ਰੱਬ ਦੇ ਭਾਣੇ ਨੂੰ ਸਵੀਕਾਰ ਵੀ ਕਰਨਾ ਹੈ। ਅਗਰ ਸਾਡੇ ਨਾਲ ਉਹ ਘਟਨਾਵਾਂ ਵੀ ਵਾਪਰਦੀਆਂ ਹਨ ਜੋ ਸਾਨੂੰ ਪਸੰਦ ਨਹੀਂ ਤਾਂ ਅਸੀਂ ਘਬਰਾਉਣਾ ਨਹੀਂ ਹੈ। ਅਸੀਂ ਇਹ ਸਾਰਾ ਕੁਝ ਰੱਬ ਦਾ

ਭਾਣਾ ਮੰਨ ਕੇ ਭੁਗਤਣਾ ਹੈ। ਅਸੀਂ ਹਮੇਸ਼ਾਂ ਇਹੀ ਸੋਚਣਾ ਹੈ ਕਿ ਰੱਬ ਸਾਡੇ ਨਾਲ ਜੋ ਕੁੱਝ ਵੀ ਕਰ ਰਿਹਾ ਹੈ ਸਾਰਾ ਕੁਝ ਸਾਡੇ ਭਲੇ ਲਈ ਕਰ ਰਿਹਾ ਹੈ। ਸ਼ਾਇਦ ਕੱਲ੍ਹ ਸਾਨੂੰ ਹੋਰ ਪੀੜਾ ਕਰ ਰਿਹਾ ਹੋਵੇ। ਹੋ ਸਕਦਾ ਹੈ ਰੱਬ ਸਾਨੂੰ ਸਬਕ ਸਿਖਾ ਰਿਹਾ ਹੋਵੇ। ਹੋ ਸਕਦਾ ਹੈ ਰੱਬ ਸਾਨੂੰ ਇਸ ਕਾਬਲ ਬਣਾ ਰਿਹਾ ਹੋਵੇ ਕਿ ਅਸੀਂ ਇਸ ਤੋਂ ਵੀ ਵੱਡੀਆਂ ਮੁਸੀਬਤਾਂ ਦਾ ਸਾਹਮਣਾ ਕਰਨ ਦੇ ਕਾਬਲ ਬਣ ਜਾਈਏ। ਹਰ ਮੁਸੀਬਤ ਇਕ ਨਵਾਂ ਤਜਰਬਾ ਹੁੰਦਾ ਹੈ। ਹਰ ਮੁਸੀਬਤ ਸਾਨੂੰ ਬਹੁਤ ਕੁਝ ਸਿਖਾ ਜਾਂਦੀ ਹੈ। ਅਸੀਂ ਜਦ ਤੱਕ ਇਹ ਨਹੀਂ ਸੋਚਦੇ ਕਿ ਰੱਬ ਨੇ ਇਹ ਮੁਸੀਬਤ ਸਾਡੇ ਲਈ ਖ਼ਾਸ ਕਰਕੇ ਭੇਜੀ ਹੈ ਤਾਂ ਕਿ ਅਸੀਂ ਇਸ ਮੁਸੀਬਤ ਪਾਸੋਂ ਕੁਝ ਸਿੱਖ ਲਈਏ, ਤੱਦ ਤੱਕ ਅਸੀਂ ਭਾਣਾ ਸਵੀਕਾਰ ਕਰਨ ਦੇ ਕਾਬਲ ਨਹੀਂ ਬਣਦੇ। ਜੋ ਆਦਮੀ ਹਰ ਮੁਸੀਬਤ ਵਕਤ ਰੱਬ ਦਾ ਸ਼ੁਕਰ ਕਰਨ ਦੀ ਬਜਾਏ ਰੱਬ ਨੂੰ ਉਲਾਂਭੇ ਦਿੰਦਾ ਹੈ, ਉਹ ਮੁਸੀਬਤਾਂ ਵਿੱਚੋਂ ਕੁਝ ਵੀ ਸਿੱਖ ਨਹੀਂ ਸਕਦਾ, ਸਗੋਂ ਨਿਰਾਸ਼ ਹੋ ਉੱਠਦਾ ਹੈ ਅਤੇ ਨਿਰਾਸ਼ ਆਦਮੀ ਸੰਪੂਰਨ ਮਨੁੱਖ ਨਹੀਂ ਰਹਿੰਦਾ। ਉਹ ਆਪ ਹੀ ਘਟੀਆਪਣ ਦਾ ਸ਼ਿਕਾਰ ਹੋ ਜਾਂਦਾ ਹੈ ਅਤੇ ਇਕ ਵਾਰੀ ਜੋ ਆਦਮੀ ਘਟੀਆਪਣ ਦੇ ਅਹਿਸਾਸ ਹੇਠ ਦਬ ਜਾਵੇ ਤਾਂ ਉਹ ਆਦਮੀ ਨਕਾਰਾ ਹੋ ਜਾਂਦਾ ਹੈ। ਇਸ ਕਰਕੇ ਅਸੀਂ ਮੁਸੀਬਤਾਂ ਦਾ ਟਾਕਰਾ ਕਰਨ ਵਕਤ ਇਹੀ ਸਵੀਕਾਰ ਕਰਨਾ ਹੈ ਕਿ ਰੱਬ ਦਾ ਭਾਣਾ ਹੀ ਐਸਾ ਸੀ ਅਤੇ ਰੱਬ ਸਾਡਾ ਮਾਤਾ-ਪਿਤਾ ਹੈ, ਜੋ ਵੀ ਸਜ਼ਾ ਦੇ ਰਿਹਾ ਹੈ ਉਹ ਸਾਡੀ ਸੁਧਾਈ ਲਈ ਹੀ ਦੇ ਰਿਹਾ ਹੈ। ਰੱਬ ਸਾਥੋਂ ਬਦਲਾ ਲੈਣ ਲਈ ਸਾਡੇ ਲਈ ਮੁਸੀਬਤਾਂ ਨਹੀਂ ਲਿਆਉਂਦਾ। ਮਾਤਾ-ਪਿਤਾ ਕਦੀ ਵੀ ਆਪਣੇ ਬੱਚਿਆਂ ਪਾਸੋਂ ਬਦਲਾ ਨਹੀਂ ਲਿਆ ਕਰਦੇ। ਮਾਤਾ-ਪਿਤਾ ਤਾਂ ਹਮੇਸ਼ਾਂ ਆਪਣੇ ਬੱਚਿਆਂ ਉੱਤੇ ਮਿਹਰਬਾਨ ਰਹਿੰਦੇ ਹਨ। ਇਸੇ ਤਰ੍ਹਾਂ ਰੱਬ ਵੀ ਹਮੇਸ਼ਾਂ ਆਪਣੇ ਬੰਦਿਆਂ ਉੱਤੇ ਮਿਹਰਬਾਨ ਰਹਿੰਦਾ ਹੈ।

## ਆਤਮਾ ਦੀ ਅਗਵਾਈ ਲਵੋ

ਰੱਬ ਆਤਮਾ ਦੇ ਰੂਪ ਵਿੱਚ, ਸਾਡੇ ਅੰਦਰ ਹਾਜ਼ਰ ਹੈ ਅਤੇ ਉਸ ਦੀ ਅਗਵਾਈ ਹਰ ਵਕਤ, ਹਰ ਥਾਂ 'ਤੇ ਸਾਨੂੰ ਮਿਲਦੀ ਰਹਿੰਦੀ ਹੈ। ਰੱਬ ਦੀ ਅਗਵਾਈ ਪ੍ਰਾਪਤ ਕਰਨ ਲਈ ਵੱਡਾ ਗਿਆਨੀ ਜਾਂ ਧਿਆਨੀ ਬਣਨ ਦੀ ਜ਼ਰੂਰਤ ਨਹੀਂ ਹੈ ਅਤੇ ਨਾ ਹੀ ਤੀਰਥਾਂ ਉੱਤੇ ਭਟਕਣ ਦੀ ਜ਼ਰੂਰਤ ਹੈ। ਰੱਬ ਸਾਡੇ ਵੱਲੋਂ ਆਪਣੀਆਂ ਤਾਰੀਫ਼ਾਂ ਵੀ ਸੁਣਨ ਦਾ ਚਾਹਵਾਨ ਨਹੀਂ ਹੈ। ਅਸੀਂ ਰੱਬ ਦੀਆਂ ਦਿੱਤੀਆਂ ਨਿਆਮਤਾਂ ਦੀ ਗਿਣਤੀ-ਮਿਣਤੀ ਹੀ ਨਹੀਂ ਕਰ ਸਕਦੇ। ਇਸ ਕਰਕੇ ਅਗਰ ਅਸੀਂ ਰੱਬ ਦੀਆਂ ਦਾਤਾਂ ਦੀ ਗਿਣਤੀ ਹੀ ਕਰਨ ਲੱਗ ਜਾਈਏ ਤਾਂ ਸਾਨੂੰ ਕਈ ਵਾਰੀ ਇਸ ਦੁਨੀਆਂ ਵਿੱਚ ਆਉਣਾ ਪਵੇਗਾ। ਫਿਰ ਵੀ ਸ਼ਾਇਦ ਇਹ ਗਿਣਤੀਆਂ ਪੂਰੀਆਂ ਨਾ ਕੀਤੀਆਂ ਜਾ ਸਕਣ। ਇਸ ਕਰਕੇ ਅਸੀਂ ਇਸ ਲੰਬੇ ਚੱਕਰ ਵਿੱਚ ਪੈਣ ਦੀ ਬਜਾਏ ਆਪਣੇ ਅੰਦਰ ਬੈਠੇ ਰੱਬ ਦੀ ਪਛਾਣ ਕਰਨੀ ਹੈ। ਅਸੀਂ ਇਹ ਸਵੀਕਾਰ ਕਰ ਲੈਣਾ ਹੈ ਕਿ ਅਸੀਂ ਜੋ ਕੁਝ ਵੀ ਕਰਨਾ ਹੈ ਰੱਬ ਦੀ ਰਜ਼ਾ ਮੁਤਾਬਿਕ ਕਰਨਾ ਹੈ। ਹਰ ਕੰਮ ਤੋਂ ਪਹਿਲਾਂ ਆਪਣੀ ਆਤਮਾ ਨਾਲ ਗੱਲ ਕਰਨੀ ਹੈ। ਅਸੀਂ ਆਤਮਾ ਨਾਲ ਗੱਲ ਨਾ ਵੀ ਪਏ ਕਰੀਏ, ਤਾਂ ਵੀ ਹਰ ਵਾਰੀ ਆਤਮਾ ਤਾਂ ਅੰਦਰੋਂ ਬੋਲਦੀ ਹੀ ਹੈ। ਸਾਨੂੰ ਆਗਾਹ ਕਰਦੀ ਹੈ। ਸਾਡੀ ਅਗਵਾਈ ਕਰਦੀ ਹੈ। ਅਸੀਂ ਉਨ੍ਹਾਂ ਲੋਕਾਂ ਨੂੰ ਰੱਬ ਦੇ ਸੱਚੇ ਭਗਤ ਸਵੀਕਾਰ ਕਰ ਸਕਦੇ ਹਾਂ ਜੋ ਨਾ ਤਾਂ ਪਾਠ ਪੂਜਾ ਕਰਦੇ ਹਨ, ਨਾ ਹੀ ਕੋਈ ਭੇਖ ਕਰਦੇ ਹਨ, ਨਾ ਹੀ ਤੀਰਥਾਂ ਉੱਤੇ ਜਾਂਦੇ ਹਨ ਅਤੇ ਨਾ ਹੀ

ਸਮਾਧੀਆਂ ਲਗਾਉਂਦੇ ਹਨ। ਦੁਨੀਆਂ ਵਿੱਚ ਭਗਤ ਉਹੀ ਹਨ ਜੋ ਕਾਰਜਸ਼ੀਲ ਹਨ ਅਤੇ ਉਨ੍ਹਾਂ ਦੇ ਹਰ ਕਾਰਜ ਤੋਂ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਅੰਦਰ ਬੈਠੇ ਰੱਬ ਦੀ ਅਗਵਾਈ ਪ੍ਰਾਪਤ ਕਰਕੇ ਕਾਰਜ ਕਰ ਰਹੇ ਹਨ। ਰੱਬ ਦੀ ਅਗਵਾਈ ਪ੍ਰਾਪਤ ਕਰਕੇ ਅਸੀਂ ਜੋ ਵੀ ਕਾਰਜ ਕਰਦੇ ਹਾਂ ਉਸ ਵਿੱਚੋਂ ਭਗਤੀ ਦੀ ਖ਼ੁਸ਼ਬੂ ਆਉਂਦੀ ਹੈ ਅਤੇ ਐਸਾ ਆਦਮੀ ਦੁਨੀਆਂ ਭਰ ਵਿੱਚ ਸ਼ਨਾਖ਼ਤ ਹੋ ਜਾਂਦਾ ਹੈ। ਅਸੀਂ ਵੀ ਆਤਮਾ ਦੀ ਅਗਵਾਈ ਪ੍ਰਾਪਤ ਕਰਕੇ ਕਾਰਜਸ਼ੀਲ ਹੋਣਾ ਹੈ ਅਤੇ ਦੁਨੀਆਂ ਦੇ ਵਧੀਆ ਲੋਕਾਂ ਦੀ ਸੂਚੀ ਵਿੱਚ ਆਪਣਾ ਨਾਮ ਦਰਜ ਕਰਵਾਉਣਾ ਹੈ।

## ਪਿਆਰ ਹੀ ਪਿਆਰ

ਜਿੱਥੇ ਅਸੀਂ ਆਪਣੇ ਆਪ ਨੂੰ ਪਿਆਰ ਕਰਦੇ ਹਾਂ ਉੱਥੇ ਅਸੀਂ ਦੁਨੀਆਂ ਦੇ ਹਰ ਜੀਵ ਨੂੰ ਪਿਆਰ ਕਰਨਾ ਹੈ। ਪਿਆਰ ਕਰਾਂਗੇ ਤਾਂ ਹੀ ਸਾਨੂੰ ਪਿਆਰ ਮਿਲੇਗਾ। ਪਿਆਰ ਦਾ ਜਜ਼ਬਾ ਸਾਡੇ ਲਈ ਨਿਆਮਤ ਹੈ। ਅਸੀਂ ਜੋ ਵੀ ਕੰਮ ਪਿਆਰ ਦੀ ਭਾਵਨਾ ਨਾਲ ਕਰਦੇ ਹਾਂ, ਉਹ ਕੰਮ ਕਦੀ ਗ਼ਲਤ ਨਹੀਂ ਹੋ ਸਕਦਾ। ਉਸ ਦਾ ਪ੍ਰਤੀਕਰਮ ਕਦੀ ਮਾੜਾ ਨਹੀਂ ਹੋ ਸਕਦਾ। ਦੁਨੀਆਂ ਦਾ ਹਰ ਆਦਮੀ ਅਤੇ ਹਰ ਜੀਵ ਪਿਆਰ ਦੀ ਭਾਵਨਾ ਦੀ ਸ਼ਨਾਖ਼ਤ ਰੱਖਦਾ ਹੈ। ਇੱਥੋ ਤੱਕ ਕਿ ਜੰਗਲੀ ਜੀਵ ਵੀ ਪਿਆਰ ਦੀ ਭਾਵਨਾ ਨਾਲ ਵਸ ਕੀਤੇ ਜਾ ਸਕਦੇ ਹਨ। ਪਿਆਰ ਕਰਨ ਵਾਲੇ ਬੰਦੇ ਵੱਲ ਹਰ ਆਦਮੀ ਵੱਧਦਾ ਹੈ। ਨਫ਼ਰਤ ਕਰਨ ਵਾਲੇ ਬੰਦੇ ਤੋਂ ਹਰ ਆਦਮੀ ਪਰ੍ਹਾਂ ਭਜਦਾ ਹੈ। ਅਸੀਂ ਲੋਕਾਂ ਦੇ ਨੇੜੇ ਹੋਣਾ ਹੈ। ਅਗਰ ਸਾਡੇ ਮਨ ਅੰਦਰ ਐਸੀਆਂ ਉਮੰਗਾਂ ਹਨ ਤਾਂ ਅਸੀਂ ਆਪਣੇ ਅੰਦਰੋਂ ਨਫ਼ਰਤ ਦੀਆਂ ਭਾਵਨਾਵਾਂ ਬਿਲਕੁਲ ਖ਼ਤਮ ਕਰ ਦੇਣੀਆਂ ਹਨ ਅਤੇ ਪਿਆਰ ਦੀਆਂ ਭਾਵਨਾਵਾਂ ਪੈਦਾ ਕਰਨੀਆਂ ਹਨ। ਬਸ ਫਿਰ ਕੀ ਹੈ ? ਹਰ ਕਾਰਜ ਸੌਖਾ ਹੋ ਜਾਵੇਗਾ, ਕੋਈ ਓਪਰਾ ਨਹੀਂ ਰਵੇਗਾ। ਕੋਈ ਦੁਸ਼ਮਣ ਨਹੀਂ ਹੋਵੇਗਾ। ਹਰ ਆਦਮੀ ਦੇ ਅਸੀਂ ਹਿਤੈਸ਼ੀ ਹੋ ਜਾਵਾਂਗੇ। ਹਰ ਆਦਮੀ ਸਾਡੀ ਭਲਾਈ ਦੀ ਗੱਲ ਸੋਚਣ ਲੱਗ ਪਵੇਗਾ। ਪਿਆਰ ਪਾਉਣ ਲਈ ਅਸੀਂ ਇਹ ਧਰਮਾਂ, ਜਾਤੀਆਂ, ਅਮੀਰੀਆਂ, ਗ਼ਰੀਬੀਆਂ ਅਤੇ ਵਰਗਾਂ ਦੇ ਬੰਧਨਾਂ ਨੂੰ ਪਾਰ ਕਰਨਾ ਹੈ, ਕਿਉਂਕਿ ਪਿਆਰ ਐਸੇ ਬੰਧਨਾਂ ਨੂੰ ਸਵੀਕਾਰ ਨਹੀਂ ਕਰਦਾ। ਪਿਆਰ ਬੰਧਨਾਂ ਵਿੱਚ ਰਹਿ ਹੀ ਨਹੀਂ ਸਕਦਾ। ਪਿਆਰ ਦੀਆਂ ਕੋਈ ਹੱਦਾਂ ਨਹੀਂ ਹੋਇਆ ਕਰਦੀਆਂ। ਪਿਆਰ ਦਾ ਕੋਈ ਲਿੰਗ ਨਹੀਂ ਹੁੰਦਾ। ਪਿਆਰ ਪੈਣ ਬਾਅਦ ਦੂਰੀਆਂ ਖ਼ਤਮ ਹੋ ਜਾਂਦੀਆਂ ਹਨ। ਡਰ ਦੀਆਂ ਭਾਵਨਾਵਾਂ ਖ਼ਤਮ ਹੋ ਜਾਂਦੀਆਂ ਹਨ। ਓਪਰਾਪਣ ਖ਼ਤਮ ਹੋ ਜਾਂਦਾ ਹੈ ਅਤੇ ਫਿਰ ਮੌਜਾਂ ਹੀ ਮੌਜਾਂ ਹਨ। ਨਫ਼ਰਤ ਸਾਡੀਆਂ ਸਾਰੀਆਂ ਮੁਸੀਬਤਾਂ ਦੀ ਜੜ੍ਹ ਹੈ। ਪਿਆਰ ਸਾਰੀਆਂ ਮੁਸੀਬਤਾਂ ਦਾ ਇਲਾਜ ਹੈ। ਫਿਰ ਅਸੀਂ ਨਫ਼ਰਤਾਂ ਅਤੇ ਦੂਰੀਆਂ ਦਾ ਇਹ ਜਾਲ ਕਿਉਂ ਬੁਣ ਰਹੇ ਹਾਂ, ਇਹ ਤਾਂ ਇਕ ਐਸਾ ਜਾਲ ਹੈ ਜਿਸ ਵਿੱਚ ਅਸੀਂ ਲੋਕਾਂ ਨੂੰ ਫ਼ਸਾ ਦਿਆਂਗੇ। ਆਪ ਵੀ ਇਸ ਜਾਲ ਵਿੱਚ ਫਸ ਜਾਵਾਂਗੇ ਅਤੇ ਜਿਵੇਂ ਅੱਜ ਦੀ ਇਸ ਦੁਨੀਆਂ ਵਿੱਚ ਨਫ਼ਰਤਾਂ ਨੇ ਸਾਡੇ ਲਈ ਐਸੀਆਂ ਮੁਸੀਬਤਾਂ ਘੜ ਦਿੱਤੀਆਂ ਹਨ, ਅਸੀਂ ਅਗਰ ਪਿਆਰ ਦੀਆਂ ਭਾਵਨਾਵਾਂ ਵੱਲ ਨਹੀਂ ਵਧਾਂਗੇ ਤਾਂ ਇਹ ਦੁੱਖਾਂ ਦਾ ਜਾਲ ਹੋਰ ਪੀਢਾ ਹੋ ਜਾਵੇਗਾ ਅਤੇ ਸਾਰੀ ਮਨੁੱਖ ਜਾਤੀ ਇਸ ਜਾਲ ਦੇ ਘੇਰੇ ਵਿੱਚ ਆ ਜਾਵੇਗੀ ਅਤੇ ਕੋਈ ਵੀ ਸੁੱਖੀ ਨਹੀਂ ਰਵੇਗਾ।

## ਸੱਚ ਹਮੇਸ਼ਾਂ ਨਵਾਂ ਨਕੋਰ ਰਹਿੰਦਾ ਹੈ

ਸੱਚ ਕਦੀ ਪੁਰਾਣਾ ਨਹੀਂ ਹੁੰਦਾ, ਸੱਚ ਹਮੇਸ਼ਾਂ ਹੀ ਨਵਾਂ ਨਕੋਰ ਰਹਿੰਦਾ ਹੈ, ਝੂਠ ਦੀ ਉਮਰ ਘੱਟ ਹੁੰਦੀ ਹੈ। ਅਸੀਂ ਅਗਰ ਦੁਨੀਆਂ ਦੇ ਧਾਰਮਿਕ ਗਰੰਥਾਂ ਉੱਤੇ ਹੀ ਨਜ਼ਰ ਮਾਰੀਏ ਤਾਂ ਸਮੇਂ ਦੀ ਮਾਰ ਸਿਰਫ਼ ਉਹੀ ਗਰੰਥ ਬਰਦਾਸ਼ਤ ਕਰ ਪਾਏ ਹਨ ਜੋ ਸੱਚ ਆਖਦੇ ਹਨ, ਸੱਚ ਦੀ ਵਿਆਖਿਆ ਕਰਦੇ ਹਨ ਅਤੇ ਸੱਚ ਸਥਾਪਿਤ ਕਰਦੇ ਹਨ। ਬਾਕੀ ਪਤਾ ਨਹੀਂ ਕਿਤਨਾ ਕੁਝ ਹੀ ਆਖਿਆ ਜਾ ਚੁੱਕਾ ਹੈ, ਕਿਤਨਾ ਕੁਝ ਹੀ ਲਿਖਿਆ ਜਾ ਚੁੱਕਾ ਹੈ। ਆਪਣੇ ਸਮਿਆਂ ਵਿੱਚ ਉਸ ਦੀ ਵੀ ਚੜ੍ਹਤ ਸੀ ਪਰ ਅੱਜ ਉਸ ਦਾ ਨਾਮ ਅਤੇ ਨਿਸ਼ਾਨ ਬਾਕੀ ਨਹੀਂ ਹੈ। ਸੋ ਸਾਨੂੰ ਇਹ ਵਿਸ਼ਵਾਸ ਕਰ ਲੈਣਾ ਚਾਹੀਦਾ ਹੈ ਕਿ ਸੱਚ ਹੀ ਅਮਰ ਹੈ, ਸੱਚ ਕਦੀ ਮਰਦਾ ਨਹੀਂ, ਸੱਚ ਦੀ ਉਮਰ ਵੀ ਵੱਡੀ ਨਹੀਂ ਹੁੰਦੀ। ਉਹ ਕਦੀ ਬੁੱਢਾ ਨਹੀਂ ਹੁੰਦਾ। ਇਸ ਕਰਕੇ ਅਸੀਂ ਆਪ ਵੀ ਆਤਮਾ ਨਾਲ ਰਲ ਕੇ ਜੋ ਗੱਲ ਆਖਦੇ ਹਾਂ ਉਹ ਧੁਰ ਦੀ ਬਾਣੀ ਆਈ ਦਾ ਮੁਕਾਬਲਾ ਕਰਦੀ ਹੈ ਅਤੇ ਉਹ ਅਮਰ ਹੋ ਜਾਂਦੀ ਹੈ। ਅਸੀਂ ਸਾਰੇ ਸੱਚ ਦਾ ਪੱਲੂ ਪਕੜ ਸਕਦੇ ਹਾਂ। ਅਸੀਂ ਆਪ ਵੀ ਆਤਮਾ ਨਾਲ ਇਕਮਿਕ ਹੋਣਾ ਹੈ। ਬਸ ਫਿਰ ਸੱਚ ਦੀ ਸਥਾਪਨਾ ਕਰਨ ਲਈ ਕਿਸੇ ਵੱਡੇ ਤਰੱਦਦ ਦੀ ਜ਼ਰੂਰਤ ਨਹੀਂ ਪੈਂਦੀ। ਅਸੀਂ ਆਪ ਸੱਚ ਹਾਂ, ਸਾਡੀ ਹੋਂਦ ਸੱਚ ਹੈ, ਅਸੀਂ ਸੱਚ ਪਾਸੋਂ ਆਏ ਹਾਂ, ਅਸੀਂ ਸੱਚ ਦੇ ਹੁਕਮਾਂ ਦੇ ਪਾਬੰਦ ਹਾਂ ਅਤੇ ਅਸੀਂ ਇਕ ਦਿਨ ਸੱਚ ਵਿੱਚ ਸਮਾ ਜਾਣਾ ਹੈ। ਸੱਚ ਦਾ ਹਿੱਸਾ ਬਣ ਜਾਣਾ ਹੈ। ਇਸ ਕਰਕੇ ਸਾਡੀਆਂ ਕਹਿਣੀਆਂ ਅਤੇ ਕਰਨੀਆਂ ਵਿੱਚੋਂ ਸੱਚ ਦੀ ਖ਼ੁਸ਼ਬੂ ਆਉਣੀ ਚਾਹੀਦੀ ਹੈ ਅਤੇ ਅਸੀਂ ਵੀ ਦੁਨੀਆਂ ਦੇ ਮਹਾਨ ਫ਼ਿਲਾਸਫ਼ਰਾਂ ਵਿੱਚ ਆਪਣਾ ਨਾਮ ਲਿਖਵਾ ਸਕਦੇ ਹਾਂ। ਸਾਡੇ ਅੰਦਰੋਂ ਜੋ ਸੱਚ ਜਨਮ ਲੈ ਰਿਹਾ ਹੈ ਉਸ ਨੂੰ ਬਾਹਰ ਆਉਣ ਦੀ ਆਗਿਆ ਦੇਣੀ ਚਾਹੀਦੀ ਹੈ।

## ਅਸੀਂ ਦਿਲ ਦੇ ਸਚਿਆਰੇ ਬਣਨਾ ਹੈ

ਅਸੀਂ ਕਿਤਨੀਆਂ ਹੀ ਬਨਾਵਟਾਂ ਕਰਦੇ ਰਹੀਏ ਆਖ਼ਰ ਇਕ ਦਿਨ ਸੱਚਾਈ ਬਾਹਰ ਆ ਜਾਣੀ ਹੈ, ਝੂਠ ਦਾ ਸੰਸਾਰ ਉਸਾਰਨਾ ਮੁਸ਼ਕਿਲ ਹੁੰਦਾ ਹੈ। ਝੂਠ ਬੋਲਣਾ ਤਾਂ ਬਹੁਤ ਸੌਖਾ ਹੈ ਪਰ ਝੂਠ ਉੱਤੇ ਪਰਦਾ ਪਾਉਣਾ ਬਹੁਤ ਮੁਸ਼ਕਿਲ ਹੁੰਦਾ ਹੈ। ਸਾਰੀ ਉਮਰ ਹੀ ਤਰੱਦਦ ਕਰਦੇ ਰਹਿਣਾ ਪੈਂਦਾ ਹੈ। ਇਸ ਦੇ ਉਲਟ ਅਗਰ ਅਸੀਂ ਸਚਿਆਰੇ ਬਣ ਜਾਈਏ ਤਾਂ ਇਕ ਦੋ ਦਿਨ ਹੀ ਕੋਈ ਮੂੰਹ ਮੋਟਾ ਕਰੇਗਾ, ਅਸਲੀਅਤ ਉਸ ਨੂੰ ਵੀ ਪਤਾ ਲੱਗ ਜਾਵੇਗੀ ਅਤੇ ਉਹ ਆਦਮੀ ਜੋ ਕੱਲ੍ਹ ਮੂੰਹ ਮੋਟਾ ਕਰੀ ਫਿਰਦਾ ਸੀ ਸਾਡੇ ਨੇੜੇ ਹੋ ਜਾਵੇਗਾ। ਸਚਿਆਰਾ ਆਦਮੀ ਕੁਝ ਹੀ ਅਰਸੇ ਅੰਦਰ ਆਪਣੀ ਖ਼ਾਸ ਹੋਂਦ ਕਾਇਮ ਕਰ ਲੈਂਦਾ ਹੈ ਅਤੇ ਉਸ ਦੇ ਆਲੇ-ਦੁਆਲੇ ਰਹਿੰਦੇ ਸਾਰੇ ਲੋਕਾਂ ਨੂੰ ਉਸ ਦੀ ਸੱਚਿਆਈ ਦਾ ਪਤਾ ਲੱਗ ਜਾਂਦਾ ਹੈ। ਸੱਚੇ ਆਦਮੀ ਉੱਤੇ ਹਰ ਕੋਈ ਵਿਸ਼ਵਾਸ ਕਰਦਾ ਹੈ ਅਤੇ ਝੂਠਾ ਆਦਮੀ ਅਗਰ ਕਦੀ ਭੁੱਲ-ਭੁਲੇਖੇ ਨਾਲ ਸੱਚ ਬੋਲ ਵੀ ਦੇਵੇ ਤਾਂ ਵੀ ਲੋਕੀਂ ਇਹੀ ਸਮਝਦੇ ਹਨ ਕਿ ਉਸ ਨੇ ਜੋ ਕੁਝ ਵੀ ਬੋਲਿਆ ਹੈ, ਸਾਰਾ ਕੁਝ ਝੂਠ ਹੈ। ਇਸ ਦੁਨੀਆਂ ਦੇ ਲੋਕਾਂ ਨੂੰ ਕਦੀ ਵੀ ਮੂਰਖ ਨਹੀਂ ਸਮਝਣਾ ਚਾਹੀਦਾ। ਇਹ ਬਹੁਤ ਸਿਆਣੇ ਹਨ। ਝੂਠੇ ਅਤੇ ਸੱਚੇ ਦੀ ਇਨ੍ਹਾਂ ਨੂੰ ਪਛਾਣ ਹੈ। ਅਸੀਂ ਉਹੀ ਕੁਝ ਹਾਂ ਜੋ ਸਾਡੇ ਆਲੇ-ਦੁਆਲੇ ਵਸਦੇ ਲੋਕੀਂ ਸਾਡੇ ਬਾਰੇ ਵਿਚਾਰ ਬਣਾਉਂਦੇ ਹਨ। ਅਸੀਂ ਆਪਣੇ ਬਾਰੇ ਕੀ ਵਿਚਾਰ ਰੱਖਦੇ ਹਾਂ,

ਇਹ ਸਾਡੀ ਆਪਣੀ ਮਰਜ਼ੀ ਹੈ ਅਤੇ ਸੱਚਿਆਰੇ ਹੋ ਕੇ ਅਗਰ ਸਾਡਾ ਨਾਮ ਜਮ ਜਾਂਦਾ ਹੈ ਤਾਂ ਇਸ ਤੋਂ ਵੱਡੀ ਨਿਆਮਤ ਹੋਰ ਕੀ ਹੈ ? ਜੋ ਆਦਮੀ ਆਪਣੀ ਚੰਗੀ ਹੋਂਦ ਕਾਇਮ ਨਹੀਂ ਕਰ ਸਕਦਾ, ਉਹ ਇਸ ਦੁਨੀਆਂ ਉੱਤੇ ਜੈਸਾ ਆਇਆ ਜੈਸਾ ਨਾ ਆਇਆ। ਅਸੀਂ ਰੱਬ ਪਾਸੋਂ ਆਏ ਹਾਂ ਅਤੇ ਇਕ ਦਿਨ ਰੱਬ ਪਾਸ ਜਾ ਕੇ ਅਸੀਂ ਹਿਸਾਬ ਵੀ ਦੇਣਾ ਹੈ। ਉੱਥੇ ਕੂੜ ਨਹੀਂ ਚੱਲਣਾ। ਇਸ ਕਰਕੇ ਅੱਜ ਤੋਂ ਹੀ ਅਸੀਂ ਸਚਿਆਰਾ ਬਣਨ ਦੀ ਕੋਸ਼ਿਸ਼ ਸ਼ੁਰੂ ਕਰ ਦੇਣੀ ਹੈ।

## ਰੱਬ ਦਾ ਪਿਆਰ ਹਰ ਕੋਈ ਪਾ ਸਕਦਾ ਹੈ

ਰੱਬ ਦਾ ਪਿਆਰ਼ ਪਾਉਣ ਲਈ ਕੋਈ ਵੱਡਾ ਗੁਣੀ ਗਿਆਨੀ ਹੋਣ ਦੀ ਜ਼ਰੂਰਤ ਨਹੀਂ ਹੁੰਦੀ। ਰੱਬ ਨੇ ਇਸ ਇਨਸਾਨ ਨੂੰ ਬਹੁਤ ਹੀ ਸਿੱਧਾ-ਸਾਦਾ ਜੀਵਨ ਦਿੱਤਾ ਹੈ। ਬਾਕੀ ਇਹ ਕੂੜਾ ਕਬਾੜ ਅਸੀਂ ਆਪ ਇਕੱਠਾ ਕੀਤਾ ਹੈ, ਅਸੀਂ ਹਰ ਜੀਵਨ ਫ਼ਲਸਫ਼ੇ ਉੱਤੇ ਕਰਮ ਕਾਂਡਾਂ ਦੀਆਂ ਪਰਤਾਂ ਚੜ੍ਹਾਉਣ ਲੱਗ ਪੈਂਦੇ ਹਾਂ ਅਤੇ ਫਿਰ ਇਕ ਦਿਨ ਐਸਾ ਆ ਜਾਂਦਾ ਹੈ ਜਦੋਂ ਸਾਡੇ ਪੱਲੇ ਸਿਰਫ਼ ਕਰਮ ਕਾਂਡ ਹੀ ਰਹਿ ਜਾਂਦਾ ਹੈ ਅਤੇ ਅਸੀਂ ਅਸਲੀਅਤ ਤੋਂ ਕੋਸਾਂ ਦੂਰ ਚਲੇ ਜਾਂਦੇ ਹਾਂ। ਸਾਡੇ ਜੀਵਨ ਦਾ ਦੁਖਾਂਤ ਹੀ ਇਹੀ ਹੈ। ਸਾਨੂੰ ਰਸਤਾ ਦਿਖਾਉਣ ਵਾਲੇ ਘੱਟ ਹੁੰਦੇ ਹਨ, ਸਾਨੂੰ ਗੁੰਮਰਾਹ ਕਰਨ ਵਾਲਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਹਰ ਮੋੜ ਉੱਤੇ ਖਲੋਤੇ ਲੋਕੀਂ ਸਾਨੂੰ ਗੁੰਮਰਾਹ ਕਰਦੇ ਹਨ। ਇਹ ਗੁੰਮਰਾਹ ਕਰਨ ਦਾ ਸਿਲਸਿਲਾ ਸਾਡੇ ਘਰ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਹਰ ਕੋਈ ਸਾਨੂੰ ਐਸੀ ਸਿੱਖਿਆ ਦਿੰਦਾ ਹੈ ਜਿਸ ਨਾਲ ਅਸੀਂ ਸਵਾਰਥੀ ਬਣ ਜਾਂਦੇ ਹਾਂ, ਕਿਸੇ ਦੀ ਭਲਾਈ ਦਾ ਕੰਮ ਸਾਡੇ ਲਈ ਓਪਰਾ ਹੋ ਜਾਂਦਾ ਹੈ। ਅਗਰ ਭੁੱਲ-ਭੁਲੇਖੇ ਵਿੱਚ ਅਸੀਂ ਕਿਸੇ ਦੇ ਕੰਮ ਆ ਜਾਂਦੇ ਹਾਂ ਤਾਂ ਉਸੇ ਦੀਆਂ ਫੜ੍ਹਾਂ ਮਾਰੀ ਜਾਂਦੇ ਹਾਂ। ਸਾਡੇ ਹਰ ਕੰਮ ਅੰਦਰ ਸਵਾਰਥ ਭਰ ਜਾਂਦਾ ਹੈ ਅਤੇ ਸਵਾਰਥੀ ਆਦਮੀ ਰੱਬ ਦਾ ਪਿਆਰਾ ਆਦਮੀ ਨਹੀਂ ਬਣ ਸਕਦਾ। ਇਸ ਕਰਕੇ ਰੱਬ ਦਾ ਪਿਆਰ ਪਾਉਣ ਲਈ ਸਾਨੂੰ ਇਸ ਸਾਰੇ ਸੰਸਾਰ ਨੂੰ ਆਪਣਾ ਟੱਬਰ ਸਮਝਣਾ ਪਵੇਗਾ ਅਤੇ ਐਸਾ ਕਰਨਾ ਮੁਸ਼ਕਿਲ ਨਹੀਂ ਹੈ। ਅਸੀਂ ਸ਼ੰਕੇ ਦੀ ਦੁਨੀਆਂ ਤੋਂ ਆਜ਼ਾਦ ਹੋਣਾ ਹੈ। ਜਿੱਥੇ ਕਿਧਰੇ ਵੀ ਸ਼ੰਕਾ ਹੈ, ਉੱਥੇ ਪਿਆਰ ਨਹੀਂ ਪੈ ਸਕਦਾ। ਰੱਬ ਅੰਦਰ ਵੀ ਅਤੁੱਟ ਵਿਸ਼ਵਾਸ ਰੱਖ ਕੇ ਹੀ ਰੱਬ ਅਤੇ ਉਸ ਦੇ ਬੰਦਿਆਂ ਨਾਲ ਪਿਆਰ ਪੈ ਸਕਦਾ ਹੈ।

## ਮਾਇਆ ਗੁਜ਼ਰਾਨ ਹੈ

ਮਾਇਆ ਬਗ਼ੈਰ ਅਸੀਂ ਜਿਊਂਦੇ ਨਹੀਂ ਰਹਿ ਸਕਦੇ। ਅੱਜ ਹਰ ਸ਼ੈਅ ਮੁੱਲ ਵਿਕਦੀ ਹੈ, ਹਵਾ ਅਤੇ ਪਾਣੀ ਤੱਕ ਮੁੱਲ ਵਿਕਦੇ ਹਨ। ਅਸੀਂ ਆਪਣੀਆਂ ਅਤੇ ਆਪਣੇ ਟੱਬਰ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਕਿਰਤ ਕਰਨੀ ਹੈ, ਸਾਡੀ ਕਮਾਈ 'ਚੋਂ ਸਾਡੇ ਪਸੀਨੇ ਦੀ ਖ਼ੁਸ਼ਬੂ ਆਉਣੀ ਚਾਹੀਦੀ ਹੈ, ਅਰਥਾਤ ਮਾਇਆ ਲਈ ਅਸੀਂ ਠੱਗੀਆਂ ਨਹੀਂ ਮਾਰਨੀਆਂ, ਗ਼ਲਤ ਢੰਗ-ਤਰੀਕੇ ਨਹੀਂ ਅਪਨਾਉਣੇ। ਸਾਡੇ ਘਰ ਹਰਾਮ ਦੀ ਕਮਾਈ ਨਹੀਂ ਆਉਣੀ ਚਾਹੀਦੀ। ਅਸੀਂ ਕਿਰਤੀ ਬਣਨਾ ਹੈ, ਆਪਣਾ ਗੁਜ਼ਾਰਾ ਆਪ ਕਰਨਾ ਹੈ। ਅਸੀਂ ਕਿਸੇ ਹੋਰ ਲੋੜਵੰਦ ਦੀ ਮੱਦਦ ਵੀ ਕਰਨੀ ਹੈ। ਅਸੀਂ ਮੰਗਤੇ ਨਹੀਂ ਬਣਨਾ, ਮੰਗਣ ਨਾਲੋਂ ਮਰਨਾ ਬਿਹਤਰ ਹੁੰਦਾ ਹੈ। ਆਪਣੀਆਂ ਲੋੜਾਂ ਅਸੀਂ ਆਪ ਪੂਰੀਆਂ ਕਰਨੀਆਂ

ਹਨ, ਕਿਸੇ ਉੱਤੇ ਨਿਰਭਰ ਨਹੀਂ ਹੋਣਾ। ਜੋ ਆਦਮੀ ਆਪਣੇ ਪੈਰਾਂ ਉੱਤੇ ਨਹੀਂ ਖਲੋਂਦਾ ਉਹ ਆਦਮੀ ਆਪਣੀ ਹੋਂਦ ਨਹੀਂ ਬਣਾ ਸਕਦਾ, ਸਗੋਂ ਘਟੀਆ ਆਦਮੀ ਬਣ ਜਾਂਦਾ ਹੈ ਅਤੇ ਘਟੀਆਪਣ ਦਾ ਸ਼ਿਕਾਰ ਵੀ ਹੋ ਜਾਂਦਾ ਹੈ। ਪੈਸੇ ਦੀ ਲਾਲਚ ਕਰਨਾ ਹੋਰ ਗੱਲ ਹੈ, ਪੈਸਾ ਕਮਾ ਕੇ ਆਪਣਾ ਗੁਜ਼ਰਾਨ ਕਰਨਾ ਹੋਰ ਗੱਲ ਹੈ। ਅਸੀਂ ਆਪ ਵੀ ਆਪਣਾ ਘਰ ਚਲਾਉਣਾ ਹੈ, ਅਸੀਂ ਕਿਸੇ ਲੋੜਵੰਦ ਦੀ ਮੱਦਦ ਵੀ ਕਰਨੀ ਹੈ। ਇਸ ਕਰਕੇ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਅਗਰ ਅਸੀਂ ਧਨ ਕਮਾਉਂਦੇ ਹਾਂ ਤਾਂ ਇਸ ਦਾ ਇਹ ਮਤਲਬ ਕਦੀ ਨਹੀਂ ਨਿਕਲਦਾ ਕਿ ਅਸੀਂ ਮਾਇਆ ਜਾਲ ਵਿੱਚ ਫਸ ਗਏ ਹਾਂ। ਅਗਰ ਕੋਈ ਆਦਮੀ ਸਾਨੂੰ ਨਕਾਰਾ ਕਰਦਾ ਹੈ ਤਾਂ ਉਹ ਗ਼ਲਤ ਹੈ, ਉਸ ਤੋਂ ਦੂਰ ਹੀ ਰਹਿਣਾ ਚਾਹੀਦਾ ਹੈ।

## ਮੁਕਤੀ ਪ੍ਰਾਪਤ ਕਰਨਾ

ਸਾਰੇ ਧਰਮਾਂ ਨੇ ਇਹ ਸਿਧਾਂਤ ਸਵੀਕਾਰ ਕਰ ਲਿਆ ਹੈ ਕਿ ਆਦਮੀ ਪ੍ਰਮਾਤਮਾ ਪਾਸੋਂ ਆਉਂਦਾ ਹੈ, ਪ੍ਰਮਾਤਮਾ ਦੇ ਭਾਣੇ ਵਿੱਚ ਉਸ ਨੂੰ ਆਪਣੀ ਜ਼ਿੰਦਗੀ ਬਸਰ ਕਰਨੀ ਪੈਂਦੀ ਹੈ ਅਤੇ ਇਕ ਦਿਨ ਉਹ ਮੁੜ ਪ੍ਰਮਾਤਮਾ ਪਾਸ ਜਾ ਕੇ ਅਗਲੇ ਹੁਕਮਾਂ ਦੀ ਉਡੀਕ ਕਰਦਾ ਹੈ। ਹਰ ਮੌਤ ਬਾਅਦ ਹਿਸਾਬ-ਕਿਤਾਬ ਕੀਤਾ ਜਾਂਦਾ ਹੈ ਪਰ ਕਿਉਂਕਿ ਜੀਵਨ ਦੀ ਸੋਝੀ ਸਿਰਫ਼ ਆਦਮ ਜਾਤੀ ਨੂੰ ਹੈ, ਇਸ ਕਰਕੇ ਨਿਬੇੜਾ ਇਸ ਦੇ ਕੀਤੇ ਕਰਮਾਂ ਉੱਤੇ ਹੁੰਦਾ ਹੈ। ਸਿਆਣਿਆਂ ਨੇ ਕੁਲ ਜੂਨਾਂ ਦੀ ਗਿਣਤੀ 84 ਲੱਖ ਕੀਤੀ ਹੈ। ਇਹ ਗਿਣਤੀ ਵੱਧ ਵੀ ਹੋ ਸਕਦੀ ਹੈ, ਘੱਟ ਵੀ ਹੋ ਸਕਦੀ ਹੈ ਪਰ ਜੂਨਾਂ ਬਹੁਤ ਜ਼ਿਆਦਾ ਹਨ। ਆਖਿਆ ਜਾਂਦਾ ਹੈ ਕਿ ਜੈਸਾ ਕੁਝ ਅਸੀਂ ਇਸ ਜੀਵਨ ਵਿੱਚ ਕਰਦੇ ਹਾਂ, ਉਸ ਦੇ ਹਿਸਾਬ ਨਾਲ ਅਗਲੀ ਜੂਨੀ ਦਾ ਫ਼ੈਸਲਾ ਕੀਤਾ ਜਾਂਦਾ ਹੈ। ਇਹ ਵੀ ਆਖਿਆ ਜਾਂਦਾ ਹੈ ਕਿ ਕੁਝ ਲੋਕਾਂ ਦੀਆਂ ਕਰਨੀਆਂ ਇਤਨੀਆਂ ਵਧੀਆ ਹੁੰਦੀਆਂ ਹਨ ਜੋ ਮੁੜ-ਮੁੜ ਜੂਨੀਆਂ ਵਿੱਚ ਨਹੀਂ ਆਉਂਦੇ ਬਲਕਿ ਉਨ੍ਹਾਂ ਨੂੰ ਸਦਾ ਹੀ ਰੱਬ ਨਾਲ ਰਹਿਣ ਦਾ ਮੌਕਾ ਮਿਲਦਾ ਹੈ। ਇਨ੍ਹਾਂ ਜੂਨੀਆਂ ਦੇ ਚੱਕਰ 'ਚੋਂ ਜਿਸ ਨੂੰ ਆਜ਼ਾਦੀ ਮਿਲ ਜਾਂਦੀ ਹੈ, ਉਹ ਮੁਕਤੀ ਪ੍ਰਾਪਤ ਕਰਦਾ ਹੈ ਅਤੇ ਇਹ ਮੁਕਤੀ ਪ੍ਰਾਪਤ ਕਰਨ ਦਾ ਯਤਨ ਅਸੀਂ ਵੀ ਕਰ ਸਕਦੇ ਹਾਂ। ਅਸੀਂ ਕਿਸੇ ਪਾਸੋਂ ਪੁੱਛਣ ਨਹੀਂ ਜਾਣਾ, ਸਾਨੂੰ ਵਾਰ-ਵਾਰ ਦੱਸਿਆ ਜਾ ਚੁੱਕਾ ਹੈ ਕਿ ਰੱਬ ਦੇ ਘਰ ਸਾਡੀਆਂ ਕਰਨੀਆਂ ਦੇ ਆਧਾਰ ਉੱਤੇ ਫ਼ੈਸਲਾ ਹੋਣਾ ਹੈ। ਉੱਥੇ ਜ਼ੋਰ ਨਹੀਂ ਚੱਲਦਾ, ਉੱਥੇ ਪੈਸਾ ਨਹੀਂ ਚੱਲਦਾ, ਉੱਥੇ ਸਿਫ਼ਾਰਿਸ਼ ਨਹੀਂ ਚੱਲਦੀ, ਉੱਥੇ ਅਸੀਂ ਬਨਾਵਟੀ ਅਤੇ ਝੂਠੀਆਂ ਗਵਾਹੀਆਂ ਪੇਸ਼ ਨਹੀਂ ਕਰ ਸਕਦੇ। ਉੱਥੇ ਇਹ ਵੀ ਲਾਜ਼ਮੀ ਨਹੀਂ ਕਿ ਅਸੀਂ ਕਿਸ ਖ਼ਾਨਦਾਨ, ਕਿਸ ਧਰਮ, ਕਿਸ ਜਾਤੀ ਜਾਂ ਕਿਸ ਵਰਗ ਨਾਲ ਸੰਬੰਧ ਰੱਖਦੇ ਸਾਂ। ਉੱਥੇ ਤਾਂ ਸਾਡੀਆਂ ਕਰਨੀਆਂ ਦਾ ਹਿਸਾਬ-ਕਿਤਾਬ ਕੀਤਾ ਜਾਣਾ ਹੈ। ਰੱਬ ਨੇ ਜੋ ਵੀ ਖੇਤਰ ਸਾਡੇ ਲਈ ਨਿਸ਼ਚਿਤ ਕਰ ਰੱਖਿਆ ਹੈ, ਉਸ ਮੁਤਾਬਿਕ ਹੀ ਸਾਡੀਆਂ ਕਰਨੀਆਂ ਹੋਣਗੀਆਂ ਅਤੇ ਅਸੀਂ ਉਸ ਮੁਤਾਬਿਕ ਹੀ ਜਵਾਬਦੇਹ ਹਾਂ। ਇਸ ਕਰਕੇ ਰੱਬ ਵੱਲੋਂ ਪ੍ਰਦਾਨ ਕੀਤੇ ਗਏ ਖੇਤਰ ਅੰਦਰ ਹੀ ਅਸੀਂ ਆਪਣੀਆਂ ਕਰਨੀਆਂ ਦੇ ਜੌਹਰ ਦਿਖਾਉਣੇ ਹਨ ਅਤੇ ਉਸੇ ਖੇਤਰ ਅੰਦਰ ਆਪਣਾ ਨਾਮ ਪੈਦਾ ਕਰਨਾ ਹੈ ਅਤੇ ਐਸੀਆਂ ਪ੍ਰਾਪਤੀਆਂ ਸਿਰਫ਼ ਅਸੀਂ ਆਪ ਕਰਨੀਆਂ ਹਨ, ਕਿਸੇ ਪਾਂਧੇ ਪਾਸੋਂ ਪੁੱਛਣ ਦੀ ਜ਼ਰੂਰਤ ਨਹੀਂ ਹੈ।

## ਅਸੀਂ ਆਪਣੀ ਪਰਖ ਆਪ ਕਰਨੀ ਹੈ

ਅਸੀਂ ਕੀ ਹਾਂ, ਅਸੀਂ ਇਸ ਦੁਨੀਆਂ ਵਿੱਚ ਕਿਉਂ ਆਏ ਹਾਂ, ਅਸੀਂ ਮਕਸਦ ਕੀ ਲੈ ਕੇ ਆਏ ਹਾਂ, ਵਿਧਾਤਾ ਨੇ ਸਾਡੇ ਜ਼ਿੰਮੇਂ ਕੀ ਕੰਮ ਲਗਾਇਆ ਹੈ, ਵਿਧਾਤਾ ਨੇ ਸਾਡੇ ਆਲੇ-ਦੁਆਲੇ ਕੀ ਮੁਸ਼ਕਿਲਾਂ ਖੜ੍ਹੀਆਂ ਕੀਤੀਆਂ ਹਨ, ਸਾਡਾ ਖੇਤਰ ਕਿਹੜਾ ਨਿਸ਼ਚਿਤ ਕੀਤਾ ਹੈ, ਸਾਨੂੰ ਉਹ ਕੀ-ਕੀ ਸਹੂਲਤਾਂ ਪ੍ਰਦਾਨ ਹਨ ਜਿਨ੍ਹਾਂ ਨਾਲ ਅਸੀਂ ਉਸ ਮਕਸਦ ਦੀ ਪੂਰਤੀ ਕਰ ਸਕਦੇ ਹਾਂ ਜਿਸ ਲਈ ਰੱਬ ਨੇ ਸਾਡੀ ਹੋਂਦ ਕਾਇਮ ਕੀਤੀ ਹੈ। ਸਾਡੇ ਅੰਦਰੋਂ ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਮਿਲ ਜਾਂਦਾ ਹੈ। ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਅਸੀਂ ਆਪ ਹੀ ਦੇ ਸਕਦੇ ਹਾਂ, ਕੋਈ ਹੋਰ ਨਹੀਂ ਦੇ ਸਕਦਾ। ਅਸੀਂ ਇਕ ਵੱਖਰੀ ਕਿਤਾਬ ਹਾਂ, ਇਹ ਕਿਤਾਬ ਸਿਰਫ਼ ਅਸੀਂ ਆਪ ਹੀ ਪੜ੍ਹੀ ਹੈ, ਇਸ ਪੁਸਤਕ ਦੀ ਇਕ-ਇਕ ਸਤਰ ਅਸੀਂ ਆਪ ਪੜ੍ਹੀ ਹੈ, ਇਸ ਜੀਵਨ-ਪੁਸਤਕ ਦੀ ਸਮਝ ਸਿਰਫ਼ ਸਾਨੂੰ ਆਈ ਹੈ ਅਤੇ ਇਸ ਜੀਵਨ-ਪੁਸਤਕ ਦੇ ਸਹੀ ਅਰਥ ਕੱਢਣ ਦੇ ਯਤਨ ਅਸੀਂ ਆਪ ਕਰਨੇ ਹਨ। ਬਾਕੀ ਲੋਕ ਸਵਾਰਥੀ ਹਨ। ਹਰ ਕੋਈ ਆਪਣੇ ਆਪ ਨੂੰ ਸਮਝਣ ਦਾ ਯਤਨ ਪਿਆ ਕਰਦਾ ਹੈ। ਉਸ ਦੀਆਂ ਆਪਣੀਆਂ ਸੀਮਾਵਾਂ ਅਤੇ ਮਜਬੂਰੀਆਂ ਹਨ। ਉਹ ਤਾਂ ਆਪਣੇ ਲਈ ਹਾਲਾਂ ਸਹੀ ਰਸਤਾ ਢੂੰਡ ਨਹੀਂ ਪਾਇਆ, ਉਹ ਸਾਡਾ ਰਾਹ-ਦਸੇਰਾ ਨਹੀਂ ਬਣ ਸਕਦਾ। ਅਸੀਂ ਆਪਣਾ ਰਾਹ-ਦਸੇਰਾ ਆਪ ਬਣਨਾ ਹੈ। ਅਸੀਂ ਇਕ ਵੱਖਰੀ ਮਿੱਟੀ ਦੇ ਬਣੇ ਹੋਏ ਹਾਂ। ਰੱਬ ਨੇ ਸਾਡੀ ਹਸਤੀ ਕਾਇਮ ਕਰਨ ਲੱਗਿਆਂ ਸਾਡੇ ਲਈ ਸਾਰਾ ਕੁਝ ਵੱਖਰਾ ਨਿਸ਼ਚਿਤ ਕੀਤਾ ਹੈ, ਫਿਰ ਕੋਈ ਦੂਜਾ ਸਾਡੀ ਮੱਦਦ ਕਿਉਂ ਕਰੇਗਾ? ਅਸੀਂ ਆਪ ਕਿਹੜਾ ਕਿਸੇ ਤੋਂ ਘੱਟ ਹਾਂ? ਅਸੀਂ ਵੀ ਉਸੇ ਰੱਬ ਦੇ ਬਣਾਏ ਹੋਏ ਹਾਂ ਜਿਸ ਤੋਂ ਹੋਰ ਲੋਕੀਂ ਆਏ ਹਨ। ਰੱਬ ਸਾਡਾ ਵੀ ਮਾਤਾ-ਪਿਤਾ ਹੈ। ਅਸੀਂ ਬਰਾਬਰ ਨਹੀਂ ਹਾਂ, ਪਰ ਕੋਈ ਆਖੇ ਕਿ ਅਸੀਂ ਕਿਸੇ ਤੋਂ ਘੱਟ ਹਾਂ ਤਾਂ ਐਸੀ ਸੋਚ ਵੀ ਗ਼ਲਤ ਹੈ। ਅਸੀਂ ਵਿਲੱਖਣ ਹਾਂ, ਇਸ ਕਰਕੇ ਅਸੀਂ ਆਪਣੀ ਵੱਖਰੀ ਹੋਂਦ ਕਾਇਮ ਕਰਨੀ ਹੈ, ਲਾਈ-ਲੱਗ ਅਤੇ ਲਕੀਰ ਦਾ ਫ਼ਕੀਰ ਨਹੀਂ ਬਣਨਾ। ਇਹੀ ਸਾਡੀ ਪਛਾਣ ਹੈ।

## ਆਪਹੁਦਰਾ ਹੋਣਾ

ਅਸੀਂ ਵੱਖਰੀ ਹੋਂਦ ਹਾਂ ਅਤੇ ਅਗਰ ਅਸੀਂ ਇਹ ਵਿਲੱਖਣਤਾ ਕਾਇਮ ਕਰ ਲੈਂਦੇ ਹਾਂ ਤਾਂ ਇਹ ਮਾੜੀ ਗੱਲ ਨਹੀਂ ਹੈ ਪਰ ਜਦੋਂ ਅਸੀਂ ਆਪਣੇ ਅੰਦਰ ਸਥਾਪਿਤ ਰੱਬ ਦੀ ਗੱਲ ਸਵੀਕਾਰ ਕਰਦੇ ਅਤੇ ਉਹ ਕੁਝ ਕਰਦੇ ਹਾਂ ਜੋ ਸਾਡਾ ਮਨ ਆਖਦਾ ਹੈ ਤਾਂ ਅਸੀਂ ਸ਼ੈਤਾਨ ਵਸ ਹੋ ਜਾਂਦੇ ਹਾਂ। ਐਸੇ ਆਦਮੀ ਸ਼ੈਤਾਨ ਤਾਂ ਹੋ ਸਕਦੇ ਹਨ ਪਰ ਇਨਸਾਨ ਨਹੀਂ ਬਣ ਸਕਦੇ। ਅਸੀਂ ਰੱਬ ਦਾ ਹਿੱਸਾ ਹਾਂ। ਸ਼ੈਤਾਨ ਹਰ ਮੋੜ ਉੱਤੇ ਖਲੋਤਾ ਸਾਨੂੰ ਗ਼ਲਤ ਰਸਤੇ ਪਾਉਣ ਦੀ ਕੋਸ਼ਿਸ਼ ਕਰਦਾ ਹੈ ਪਰ ਅਸੀਂ ਅਗਰ ਆਪਣੀ ਆਤਮਾ ਨਾਲ ਗੱਲ ਕਰਨ ਦਾ ਸਿਲਸਿਲਾ ਸ਼ੁਰੂ ਕਰਦੇ ਹਾਂ ਤਾਂ ਅਸੀਂ ਸ਼ੈਤਾਨ ਦੇ ਪ੍ਰਭਾਵ ਤੋਂ ਬਾਹਰ ਨਿਕਲ ਸਕਦੇ ਹਾਂ। ਸਾਡੀ ਆਤਮਾ ਬਲਵਾਨ ਹੈ। ਸ਼ੈਤਾਨ ਸਾਨੂੰ ਆਪਣੇ ਵੱਲ ਖਿੱਚਦਾ ਹੈ। ਸ਼ੈਤਾਨ ਦੀਆਂ ਹਰਕਤਾਂ ਚਮਕੀਲੀਆਂ ਹਨ ਪਰ ਜੋ ਲੋਕੀਂ ਆਤਮਾ ਦੀ ਆਵਾਜ਼ ਸੁਣਨ ਦੀ ਆਦਤ ਬਣਾ ਲੈਂਦੇ ਹਨ, ਉਹ ਸ਼ੈਤਾਨ ਦੇ ਪ੍ਰਭਾਵ 'ਚੋਂ ਮੁਕਤੀ ਪ੍ਰਾਪਤ ਕਰ ਲੈਂਦੇ ਹਨ ਅਤੇ ਐਸਾ ਕਰਨਾ ਮੁਸ਼ਕਿਲ ਨਹੀਂ ਹੈ। ਕੁਝ ਹੀ ਦਿਨਾਂ ਦਾ ਅਭਿਆਸ ਸਾਡੀ ਸੋਚ ਹੀ ਬਦਲ ਕੇ ਰੱਖ

ਦਿੰਦਾ ਹੈ। ਬਹੁਤ ਸਾਰੇ ਲੋਕਾਂ ਨੇ ਆਤਮਾ ਨਾਲ ਗੱਲਾਂ ਕਰਨ ਦਾ ਸਿਲਸਿਲਾ ਸ਼ੁਰੂ ਕੀਤਾ ਹੋਇਆ ਹੈ। ਆਤਮਾ ਸਾਡੇ ਅੰਦਰ ਬਿਰਾਜਮਾਨ ਹੈ, ਕਿਧਰੇ ਭਟਕਣ ਦੀ ਜ਼ਰੂਰਤ ਨਹੀਂ ਹੈ। ਅਸੀਂ ਆਪ ਇਕ ਕਿਤਾਬ ਹਾਂ ਅਤੇ ਅਸੀਂ ਆਪਣੀ ਕਿਤਾਬ ਆਪ ਹੀ ਖੋਲ੍ਹ ਕੇ ਪੜ੍ਹ ਸਕਦੇ ਹਾਂ। ਅਸੀਂ ਆਪ ਹੀ ਇਸ ਪੁਸਤਕ ਦੇ ਨਵੇਂ ਸਫ਼ੇ ਵੀ ਲਿਖਣੇ ਹਨ ਅਤੇ ਇਹ ਨਵੇਂ ਅਤੇ ਵਧੀਆ ਸਫ਼ੇ ਜੋੜਨ ਦਾ ਸਿਲਸਿਲਾ ਸਾਨੂੰ ਅੱਜ ਹੀ ਸ਼ੁਰੂ ਕਰ ਦੇਣਾ ਚਾਹੀਦਾ ਹੈ, ਦੇਰੀ ਨਹੀਂ ਕਰਨੀ ਚਾਹੀਦੀ। ਇਸ ਉਮਰ ਦਾ ਕੋਈ ਪਤਾ ਨਹੀਂ ਕਦੋਂ ਮੁਕ ਜਾਵੇ ?

## ਸਾਨੂੰ ਬਿਪਤਾ ਵੀ ਆਉਂਦੀ ਰਹਿਣੀ ਹੈ

ਇਸ ਮਨੁੱਖੀ ਜੀਵਨ ਵਿੱਚ ਬਹੁਤ ਸਾਰੇ ਉਤਰਾਅ ਅਤੇ ਚੜ੍ਹਾਉ ਆਉਂਦੇ ਹਨ, ਮੁਸ਼ਕਿਲਾਂ ਵੀ ਆਉਂਦੀਆਂ ਹਨ। ਅਸੀਂ ਮੁਸ਼ਕਿਲਾਂ ਦਾ ਹੱਲ ਵੀ ਲੱਭਣਾ ਹੈ, ਅਸੀਂ ਮੁਸ਼ਕਿਲਾਂ ਦਾ ਮੁਕਾਬਲਾ ਵੀ ਕਰਨਾ ਹੈ। ਅਸੀਂ ਇਹ ਸੋਚ ਸਥਾਪਿਤ ਕਰਨੀ ਹੈ ਕਿ ਇਹ ਮੁਸ਼ਕਿਲਾਂ ਨਹੀਂ ਹਨ, ਇਹ ਤਾਂ ਪ੍ਰੀਖਿਆ ਦੀਆਂ ਘੜੀਆਂ ਹਨ। ਅਸੀਂ ਅੱਜ ਤੱਕ ਕਾਹਦੀ ਤਿਆਰੀ ਕਰਦੇ ਰਹੇ ਹਾਂ। ਸਾਡੀ ਤਿਆਰੀ ਕੈਸੀ ਸੀ? ਅਗਰ ਸਾਡੀ ਤਿਆਰੀ ਠੀਕ ਸੀ ਤਾਂ ਅਸੀਂ ਇਸ ਪ੍ਰੀਖਿਆ 'ਚੋਂ ਪਾਸ ਹੋ ਜਾਵਾਂਗੇ। ਅਗਰ ਅਸੀਂ ਸਹੀ ਢੰਗ ਨਾਲ ਤਿਆਰੀ ਨਹੀਂ ਕੀਤੀ ਤਾਂ ਅਸੀਂ ਅਸਫ਼ਲ ਹੋ ਜਾਵਾਂਗੇ। ਸਾਨੂੰ ਪਤਾ ਹੈ ਕਿ ਮੁਸ਼ਕਿਲਾਂ 'ਚੋਂ ਕਾਮਯਾਬੀ ਨਾਲ ਬਾਹਰ ਨਿਕਲਣ ਉੱਤੇ ਖ਼ੁਸ਼ੀ ਮਿਲਦੀ ਹੈ ਅਤੇ ਮੁਸੀਬਤਾਂ ਵਿੱਚ ਅਸੀਂ ਕਾਮਯਾਬ ਹੋ ਕੇ ਬਾਹਰ ਨਾ ਨਿਕਲੀਏ ਤਾਂ ਸਾਡੇ ਦੁੱਖਾਂ ਦੀਆਂ ਘੜੀਆਂ ਹੋਰ ਲੰਮੀਆਂ ਹੋ ਜਾਂਦੀਆਂ ਹਨ। ਜਿਸ ਆਦਮੀ ਦੇ ਜੀਵਨ ਅੰਦਰ ਬਿਪਤਾ ਨਹੀਂ ਆਉਂਦੀ, ਉਹ ਰੱਬ ਦਾ ਪਿਆਰਾ ਬੰਦਾ ਨਹੀਂ ਹੈ। ਜੋ ਆਦਮੀ ਵਾਰ-ਵਾਰ ਪ੍ਰੀਖਿਆ ਦਿੰਦਾ ਹੈ ਅਤੇ ਕਾਮਯਾਬ ਹੋ ਕੇ ਬਾਹਰ ਆਉਂਦਾ ਹੈ ਉਸ ਦੀਆਂ ਪ੍ਰਾਪਤੀਆਂ ਉਸ ਆਦਮੀ ਤੋਂ ਕਿਧਰੇ ਜ਼ਿਆਦਾ ਹੁੰਦੀਆਂ ਹਨ ਜਿਸ ਦੇ ਜੀਵਨ ਅੰਦਰ ਕਦੀ ਪ੍ਰੀਖਿਆ ਦੀ ਘੜੀ ਆਈ ਹੀ ਨਹੀਂ ਅਤੇ ਉਹ ਆਪਣੇ ਜੌਹਰ ਨਹੀਂ ਦਿਖਾ ਸਕਿਆ। ਮਨੁੱਖੀ ਜੀਵਨ ਤਾਂ ਸੰਘਰਸ਼ ਦਾ ਨਾਮ ਹੈ ਅਤੇ ਜਦ ਤੱਕ ਮੁਸ਼ਕਿਲ ਘੜੀਆਂ ਸਾਡੇ ਸਾਹਮਣੇ ਨਾ ਆਉਣ, ਸਾਡੇ ਅੰਦਰ ਜੋ ਮਹਾਨ ਗੁਣ ਅਤੇ ਸ਼ਕਤੀਆਂ ਪਰਮ ਪਿਤਾ ਪ੍ਰਮਾਤਮਾ ਨੇ ਦੇ ਰੱਖੀਆਂ ਹਨ, ਉਨ੍ਹਾਂ ਦੀ ਵਰਤੋਂ ਨਹੀਂ ਹੁੰਦੀ ਅਤੇ ਅਸੀਂ ਰੱਬ ਦੀਆਂ ਦਿੱਤੀਆਂ ਦਾਤਾਂ ਦੀ ਵਰਤੋਂ ਨਹੀਂ ਕਰ ਸਕਦੇ। ਇਸ ਲਈ ਮੁਸ਼ਕਿਲ ਘੜੀਆਂ ਨੂੰ ਅਸੀਂ ਐਸੇ ਢੰਗ ਨਾਲ ਲੈਣਾ ਹੈ, ਰੱਬ ਪਾਸ ਉਲਾਂਭਾ ਨਹੀਂ ਦੇਣਾ, ਬਲਕਿ ਇਨ੍ਹਾਂ ਪ੍ਰੀਖਿਆਵਾਂ ਅਤੇ ਕਾਮਯਾਬੀ ਲਈ ਰੱਬ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ।

## ਔਗੁਣਾਂ ਦਾ ਤਿਆਗ ਕਰੋ

ਅਸੀਂ ਅਗਰ ਆਪਣੇ-ਆਪ ਉੱਤੇ ਕੁਝ ਅਰਸਾ ਹੀ ਨਜ਼ਰ ਟਿਕਾ ਕੇ ਰੱਖੀਏ ਤਾਂ ਸਾਨੂੰ ਆਪਣੇ ਔਗੁਣਾਂ ਦਾ ਪਤਾ ਲੱਗ ਜਾਂਦਾ ਹੈ। ਬਹੁਤ ਸਾਰੇ ਐਸੇ ਔਗੁਣ ਵੀ ਸਾਡੀ ਨਜ਼ਰੇ ਚੜ੍ਹ ਜਾਂਦੇ ਹਨ ਜਿਨ੍ਹਾਂ ਬਾਰੇ ਸਿਰਫ਼ ਸਾਨੂੰ ਸਮਝ ਆਈ ਹੁੰਦੀ ਹੈ। ਅਰਥਾਤ ਅਸੀਂ ਛੁਪ ਕੇ ਔਗੁਣ ਕਰਦੇ ਰਹੇ ਹਾਂ। ਆਪਣੀਆਂ ਕੀਤੀਆਂ ਉੱਤੇ ਪਰਦਾ ਪਾਉਂਦੇ ਰਹੇ ਹਾਂ, ਕਿਸੇ ਹੋਰ ਨੂੰ ਪਤਾ ਹੀ ਨਹੀਂ ਲੱਗਿਆ। ਅਗਰ ਸਾਡੇ ਔਗੁਣਾਂ ਦਾ ਕਿਸੇ ਨੂੰ ਪਤਾ ਵੀ ਲੱਗਾ ਹੈ ਤਾਂ ਉਸ ਨੇ ਵੀ ਸਾਡੇ ਨਾਲ ਆ ਕੇ ਗੱਲ ਨਹੀਂ ਕੀਤੀ। ਇਸ ਕਰਕੇ ਅਗਰ ਅਸੀਂ ਇਹ ਫ਼ੈਸਲਾ ਕਰ ਲਈਏ ਕਿ ਅਸੀਂ ਆਪਣੇ ਆਪ ਦੀ ਸੁਧਾਈ

ਕਰਨੀ ਹੈ ਤਾਂ ਇਹ ਕੰਮ ਸਾਡੇ ਲਈ ਮੁਸ਼ਕਿਲ ਨਹੀਂ ਹੈ। ਬਸ ਅਸੀਂ ਅੱਜ ਤੋਂ ਬਾਅਦ ਉਹ ਕੰਮ ਨਹੀਂ ਕਰਨੇ ਜੋ ਅਸੀਂ ਆਪ ਹੀ ਬੁਰੇ ਗਰਦਾਨ ਲਏ ਹਨ। ਇਹ ਗੱਲਾਂ ਕਿਸੇ ਨਾਲ ਸਾਂਝੀਆਂ ਕਰਨ ਦੀ ਜ਼ਰੂਰਤ ਵੀ ਨਹੀਂ ਹੈ। ਅਸੀਂ ਆਪ ਹੀ ਆਪਣੇ ਗੁਰੂ ਹਾਂ ਅਤੇ ਸਾਰੇ ਦਿਸ਼ਾ ਨਿਰਦੇਸ਼ ਅਸੀਂ ਆਪ ਹੀ ਦੇਣੇ ਹਨ। ਅਸੀਂ ਅਗਰ ਆਪਣੀ ਸੁਧਾਈ ਕਰਨ ਦਾ ਸਿਲਸਿਲਾ ਜਾਰੀ ਕਰ ਹੀ ਬੈਠੇ ਹਾਂ ਤਾਂ ਇਹ ਸਾਰੀਆਂ ਗੱਲਾਂ ਦਾ ਰੌਲਾ ਪਾਉਣ ਦੀ ਜ਼ਰੂਰਤ ਨਹੀਂ ਹੈ। ਆਪਣੀ ਸੁਧਾਈ ਦਾ ਸਿਲਸਿਲਾ ਆਪਣੇ ਤੱਕ ਹੀ ਸੀਮਿਤ ਰੱਖੋ। ਇਕ ਅਜੀਬ ਕਿਸਮ ਦੀ ਖ਼ੁਸ਼ੀ ਅਤੇ ਸੰਤੁਸ਼ਟੀ ਮਿਲੇਗੀ, ਆਨੰਦ ਆ ਜਾਵੇਗਾ। ਸਾਨੂੰ ਪਹਿਲੀ ਵਾਰੀ ਪਤਾ ਲੱਗੇਗਾ ਕਿ ਅਸੀਂ ਗ਼ਲਤ ਗੱਲਾਂ ਨੂੰ ਆਧਾਰ ਬਣਾ ਕੇ ਆਨੰਦ ਮਾਣਨ ਦੀ ਕੋਸ਼ਿਸ਼ ਕਰਦੇ ਰਹੇ ਹਾਂ। ਅਸਲ ਆਨੰਦ ਤਾਂ ਸਿੱਧੇ ਰਸਤੇ ਚੱਲ ਕੇ ਹੈ ਜਿੱਥੇ ਕਿਸੇ ਪਾਸੋਂ ਕੁਝ ਵੀ ਲੁਕਾਉਣ ਜੋਗਾ ਨਹੀਂ ਰਹਿੰਦਾ। ਇਹ ਸਾਰੀ ਲੋਕਾਈ ਆਪਣੀ-ਆਪਣੀ ਲੱਗਣ ਲੱਗ ਪੈਂਦੀ ਹੈ। ਕੋਈ ਵੀ ਓਪਰਾ ਨਹੀਂ ਰਹਿੰਦਾ। ਸੋ ਅਸੀਂ ਅੱਜ ਤੋਂ ਹੀ ਆਪਣੀ ਸੁਧਾਈ ਦਾ ਕੰਮ ਸ਼ੁਰੂ ਕਰ ਦੇਣਾ ਹੈ।

## ਪਾਪ ਪੱਥਰਾਂ ਵਰਗਾ ਬੋਝ ਹਨ

ਪਾਪ ਕਰ ਲੈਣਾ ਆਸਾਨ ਹੈ ਪਰ ਪਾਪ ਪੱਥਰ ਵਰਗਾ ਬੋਝ ਹੈ ਅਤੇ ਇਕ ਵਾਰੀ ਇਹ ਪੱਥਰ ਸਾਡੇ ਸਿਰ ਉੱਤੇ ਸਵਾਰ ਹੋ ਜਾਵੇ ਫਿਰ ਇਹ ਪੱਥਰ ਸਾਰੀ ਉਮਰ ਚੁੱਕਣਾ ਪੈਂਦਾ ਹੈ। ਅਗਰ ਧਰਮ ਰਾਜ ਦਾ ਦਰਬਾਰ ਸੱਚ ਹੈ ਤਾਂ ਉੱਥੇ ਤੱਕ ਇਸ ਪਾਪ ਦੇ ਬੋਝ ਨੇ ਸਾਡੇ ਸਿਰ ਉੱਤੇ ਰਹਿਣਾ ਹੈ ਅਤੇ ਉੱਥੇ ਵੀ ਸਜ਼ਾ ਮਿਲਣੀ ਹੈ। ਸਾਰੇ ਅਵਤਾਰ, ਪੈਗੰਬਰ, ਗੁਰੂ ਪੀਰ ਉੱਥੇ ਹਾਜ਼ਰ ਹੋਣਗੇ ਅਤੇ ਜਦੋਂ ਸਾਡੇ ਪਾਪਾਂ ਦਾ ਚਿੱਠਾ ਪੜ੍ਹ ਕੇ ਸੁਣਾਇਆ ਜਾਵੇਗਾ ਤਾਂ ਸਾਨੂੰ ਜੋ ਸ਼ਰਮਿੰਦਗੀ ਬਰਦਾਸ਼ਤ ਕਰਨੀ ਪਵੇਗੀ, ਉਸ ਬਾਰੇ ਸਾਨੂੰ ਅੱਜ ਤੋਂ ਹੀ ਸੋਚਣਾ ਸ਼ੁਰੂ ਕਰ ਲੈਣਾ ਚਾਹੀਦਾ ਹੈ। ਇਹ ਕਦੀ ਨਾ ਸੋਚੋ ਕਿ ਬੁਢਾਪੇ ਵਿੱਚ ਜਾ ਕੇ ਅਸੀਂ ਪਾਪ ਕਰਨਾ ਛੱਡ ਦੇਵਾਂਗੇ। ਅਸੀਂ ਇਹ ਕਦੀ ਨਹੀਂ ਸੋਚਿਆ ਕਿ ਪਾਪਾਂ ਦੇ ਬੋਝ ਜੋ ਅਸੀਂ ਅੱਜ ਆਪਣੇ ਸਿਰ ਉੱਤੇ ਰੱਖਦੇ ਆ ਰਹੇ ਹਾਂ, ਇਹ ਬੋਝ ਹੀ ਇਤਨਾ ਵੱਧ ਜਾਵੇਗਾ ਕਿ ਬੁਢਾਪਾ ਕੱਟਣਾ ਹੀ ਸਾਡੇ ਲਈ ਮੁਸ਼ਕਿਲ ਹੋ ਜਾਵੇਗਾ। ਬੁਢਾਪਾ ਅੱਗੇ ਹੀ ਪਛਤਾਵੇ ਦਾ ਸਮਾਂ ਹੁੰਦਾ ਹੈ। ਬੁਢਾਪੇ ਵਿੱਚ ਬੰਦਾ ਕਰ ਕੁਝ ਨਹੀਂ ਸਕਦਾ, ਬਸ ਪਛਤਾਵਿਆਂ ਦਾ ਸ਼ਿਕਾਰ ਹੁੰਦਾ ਹੈ। ਮੈਂ ਇਹੀ ਕਰ ਲੈਂਦਾ, ਮੈਂ ਉਂਞ ਕਰ ਲੈਂਦਾ, ਮੈਂ ਇਹ ਕਿਉਂ ਨਹੀਂ ਕੀਤਾ, ਮੈਂ ਉਂਞ ਕਿਉਂ ਕਰ ਬੈਠਾ। ਐਸੇ ਪਛਤਾਵੇ ਹੁਣ ਵੀ ਬਹੁਤ ਹਨ ਪਰ ਬੁਢਾਪੇ ਅੰਦਰ ਇਹ ਪਛਤਾਵੇ ਸਾਡੇ ਉੱਤੇ ਬੋਝ ਵੀ ਪਾਉਂਦੇ ਹਨ ਅਤੇ ਸਾਨੂੰ ਨਿਰਾਸ਼ ਵੀ ਕਰਦੇ ਹਨ, ਅਸੀਂ ਇਸ ਬਾਰੇ ਅੱਜ ਹੀ ਸੋਚਣਾ ਸ਼ੁਰੂ ਕਰਨਾ ਹੈ। ਅਸੀਂ ਉਹ ਢੰਗ-ਤਰੀਕੇ ਸੋਚਣੇ ਹਨ ਜਿਸ ਕਾਰਨ ਸਾਡਾ ਬੁਢਾਪਾ ਵਧੀਆ ਢੰਗ ਨਾਲ ਗੁਜ਼ਰੇ, ਕੋਈ ਪਛਤਾਵਾ ਨਾ ਹੋਵੇ। ਅਸੀਂ ਆਪਣੇ ਅਤੀਤ ਨੂੰ ਯਾਦ ਕਰਕੇ ਸੰਤੁਸ਼ਟ ਵੀ ਹੋ ਜਾਈਏ ਅਤੇ ਸਾਨੂੰ ਆਪਣੀਆਂ ਕੀਤੀਆਂ ਉੱਤੇ ਪਛਤਾਵੇ ਦੀ ਥਾਂ ਫ਼ਖ਼ਰ ਹੋਵੇ। ਅਸੀਂ ਆਪਣੇ ਅਤੀਤ ਦੇ ਸਹਾਰੇ ਚਾਰ ਬੰਦਿਆਂ ਦੇ ਸਾਹਮਣੇ ਆਪਣਾ ਸਿਰ ਉੱਚਾ ਕਰਕੇ ਤੁਰ ਸਕਦੇ ਹੋਈਏ। ਬਸ ਇਹ ਗੱਲਾਂ ਸੋਚ ਕੇ ਅਸੀਂ ਆਪਣੇ ਜੀਵਨ ਨੂੰ ਤਰਤੀਬ ਵੀ ਦੇਣੀ ਹੈ ਅਤੇ ਸੇਧ ਵੀ ਦੇਣੀ ਹੈ। ਇਹ ਕੰਮ ਕੱਲ੍ਹ ਨਹੀਂ ਅੱਜ ਤੋਂ ਹੀ ਸ਼ੁਰੂ ਕਰਨਾ ਹੈ।

## ਨੀਂਦਰ ਨਾ ਘੱਟ ਕਰੋ ਨਾ ਵੱਧ ਕਰੋ

ਮਨੁੱਖ ਇਕ ਮਸ਼ੀਨ ਹੈ। ਇਸ ਨੂੰ ਆਰਾਮ ਚਾਹੀਦਾ ਹੈ। ਆਖਦੇ ਹਨ ਕੋਈ ਸ਼ੈਅ ਪਈ ਰਹੇ ਤਾਂ ਉਸ ਨੂੰ ਵੀ ਜ਼ੰਗਾਲ ਲੱਗ ਜਾਂਦਾ ਹੈ। ਅਸੀਂ ਵੀ ਅਗਰ ਆਪਣੇ ਸਰੀਰ ਨੂੰ ਆਰਾਮ ਦੇਣ ਲੱਗ ਪਵਾਂਗੇ ਤਾਂ ਇਹ ਆਰਾਮ ਕਰਨ ਦੀ ਆਦਤ ਬਣਾ ਲਵੇਗਾ। ਅਗਰ ਅਸੀਂ ਸਰੀਰ ਨੂੰ ਹਮੇਸ਼ਾਂ ਕੰਮ ਉੱਤੇ ਲਗਾਈ ਰੱਖਦੇ ਹਾਂ ਤਾਂ ਸਾਡੇ ਸਰੀਰ ਨੂੰ ਕੰਮ ਕਰਨ ਦੀ ਆਦਤ ਪੈ ਜਾਂਦੀ ਹੈ। ਅਸੀਂ ਅਗਰ ਜ਼ਿਆਦਾ ਦੇਰ ਸੁੱਤੇ ਰਹਿੰਦੇ ਹਾਂ ਤਾਂ ਇਕ ਤਾਂ ਅਸੀਂ ਬਾਕੀ ਦੇ ਲੋਕਾਂ ਨਾਲੋਂ ਪਛੜ ਜਾਂਦੇ ਹਾਂ ਅਤੇ ਦੂਜਾ ਹੌਲੀ-ਹੌਲੀ ਸਾਡਾ ਸਰੀਰ ਨਕਾਰਾ ਹੋ ਕੇ ਰਹਿ ਜਾਂਦਾ ਹੈ। ਸੌਣਾ ਬਹੁਤ ਜ਼ਰੂਰੀ ਹੈ, ਸੌਣ ਨਾਲ ਸਾਡੇ ਸਰੀਰ ਨੂੰ ਆਰਾਮ ਮਿਲਦਾ ਹੈ, ਸਾਡੇ ਸਰੀਰ ਦੀ ਭੱਜ-ਟੁੱਟ ਜੋ ਕੰਮ ਕਰਦਿਆਂ ਹੁੰਦੀ ਹੈ, ਉਹ ਵੀ ਮੁਰੰਮਤ ਹੁੰਦੀ ਰਹਿੰਦੀ ਹੈ, ਨੀਂਦਰ ਘੱਟ ਵੀ ਨਹੀਂ ਕਰਨੀ ਚਾਹੀਦੀ। ਜੋ ਲੋਕੀਂ ਪੂਰੀ ਨੀਂਦਰ ਨਹੀਂ ਸੌਂਦੇ ਅਤੇ ਐਸਾ ਲਗਾਤਾਰ ਕਰੀ ਜਾਂਦੇ ਹਨ ਉਹ ਪਹਿਲਾਂ ਨੀਮ ਪਾਗ਼ਲ ਅਤੇ ਫਿਰ ਪੂਰੇ ਪਾਗ਼ਲ ਹੋ ਜਾਂਦੇ ਹਨ। ਸਰੀਰ ਨੂੰ ਚੱਲਦਾ ਰੱਖਣ ਲਈ ਆਰਾਮ ਜ਼ਰੂਰੀ ਹੈ। ਅਸੀਂ ਆਪਣੇ ਆਪ ਦਾ ਨਿਰੀਖਣ ਆਪ ਕਰਨਾ ਹੈ ਅਤੇ ਅਸੀਂ ਆਪ ਹੀ ਆਰਾਮ ਕਰਨ ਦਾ ਵਕਤ ਨਿਸ਼ਚਿਤ ਕਰਨਾ ਹੈ। ਅਸੀਂ ਕਿਸੇ ਹੋਰ ਦੀ ਨਕਲ ਕਰਨ ਦੇ ਮੁਥਾਜ ਨਹੀਂ ਹਾਂ। ਅਗਰ ਆਰਾਮ ਪੂਰਾ ਨਹੀਂ ਹੋਇਆ ਤਾਂ ਸਾਡਾ ਸਰੀਰ ਹੀ ਦੱਸੇਗਾ ਕਿ ਅੱਜ ਅਸੀਂ ਆਰਾਮ ਘੱਟ ਕੀਤਾ ਹੈ, ਆਪਣੇ ਡਾਕਟਰ ਆਪ ਬਣੋ। ਆਪਣੇ ਲਈ ਆਰਾਮ ਕਰਨ ਅਤੇ ਕੰਮ ਕਰਨ ਦਾ ਸਮਾਂ ਨਿਸ਼ਚਿਤ ਕਰੋ। ਐਸਾ ਨਾ ਹੋਵੇ ਕਿ ਤੁਸੀਂ ਪੱਛੜ ਜਾਉ। ਅਸੀਂ ਇਸ ਦੁਨੀਆਂ ਦੇ ਨਾਲ-ਨਾਲ ਤੁਰਨਾ ਹੈ। ਸਾਡੇ ਸਾਰੇ ਸਾਥੀ ਤੁਰ ਰਹੇ ਹਨ, ਕੁਝ ਸਾਥੋਂ ਅੱਗੇ ਲੰਘਦੇ ਜਾ ਰਹੇ ਹਨ, ਕੁਝ ਸਾਥੋਂ ਪਿੱਛੇ ਰਹਿ ਗਏ ਹਨ। ਅਸੀਂ ਆਪ ਫ਼ੈਸਲਾ ਕਰਨਾ ਹੈ ਕਿ ਅਸੀਂ ਪਛੜ ਕੇ ਰਹਿਣਾ ਹੈ ਜਾਂ ਬਾਕੀਆਂ ਨਾਲੋਂ ਵੀ ਅੱਗੇ ਲੰਘ ਕੇ ਦਿਖਾਉਣਾ ਹੈ। ਸਾਡਾ ਆਪਣਾ ਫ਼ੈਸਲਾ ਹੀ ਸਾਡੇ ਜੀਵਨ ਦੇ ਟੀਚੇ ਨਿਸ਼ਚਿਤ ਕਰੇਗਾ।

## ਉਦਾਸੀਆਂ ਤੋਂ ਬਾਹਰ ਨਿਕਲੋ

ਅਸੀਂ ਸਰੀਰਕ ਦੁੱਖ ਬਰਦਾਸ਼ਤ ਕਰ ਲੈਂਦੇ ਹਾਂ ਅਤੇ ਸਰੀਰਕ ਦੁੱਖ ਦੂਰ ਕਰਨ ਦੇ ਉਪਾਓ ਵੀ ਲੱਭ ਪੈਂਦੇ ਹਨ, ਪਰ ਜਦੋਂ ਅਸੀਂ ਉਦਾਸੀ ਦਾ ਸ਼ਿਕਾਰ ਹੁੰਦੇ ਹਾਂ ਤਾਂ ਉਦਾਸੀ 'ਚੋਂ ਬਾਹਰ ਨਿਕਲਣਾ ਮੁਸ਼ਕਿਲ ਹੋ ਜਾਂਦਾ ਹੈ। ਭਾਵੇਂ ਕੋਈ ਕਿਤਨਾ ਹੀ ਜ਼ੋਰ ਲਗਾ ਲਵੇ ਅਸੀਂ ਉਦਾਸੀ 'ਚੋਂ ਬਾਹਰ ਨਹੀਂ ਆ ਸਕਦੇ। ਇਹ ਹੁਣ ਸਾਡੇ ਉੱਤੇ ਨਿਰਭਰ ਕਰਦਾ ਹੈ ਕਿ ਅਸੀਂ ਉਨ੍ਹਾਂ ਗੱਲਾਂ ਤੋਂ ਹੀ ਦੂਰ ਰਹਿਣਾ ਹੈ ਜੋ ਸਾਨੂੰ ਮਾਨਸਿਕ ਪੀੜਾਂ ਦਿੰਦੀਆਂ ਹਨ। ਮਾਨਸਿਕ ਪੀੜਾ ਬਰਦਾਸ਼ਤ ਕਰਨੀ ਵੀ ਮੁਸ਼ਕਿਲ ਹੁੰਦੀ ਹੈ ਅਤੇ ਮਾਨਸਿਕ ਪੀੜਾ ਤੋਂ ਆਜ਼ਾਦੀ ਪ੍ਰਾਪਤ ਕਰਨੀ ਵੀ ਮੁਸ਼ਕਿਲ ਹੁੰਦੀ ਹੈ। ਮਾਨਸਿਕ ਪੀੜਾ ਸਾਡਾ ਸਰੀਰ ਹਿਲਾ ਕੇ ਰੱਖ ਦਿੰਦੀ ਹੈ। ਅਸੀਂ ਸਰੀਰਕ ਤੌਰ 'ਤੇ ਕਮਜ਼ੋਰ ਹੋ ਜਾਂਦੇ ਹਾਂ। ਸਾਡੀ ਸ਼ਕਲ ਸੂਰਤ ਵੀ ਵਿਗੜ ਜਾਂਦੀ ਹੈ। ਅਸੀਂ ਸਿਰਫ਼ ਮਾਨਸਿਕ ਪੀੜਾ ਹੀ ਬਰਦਾਸ਼ਤ ਨਹੀਂ ਕਰਦੇ ਬਲਕਿ ਮਾਨਸਿਕ ਪੀੜਾ ਕਾਰਨ ਸਾਨੂੰ ਹੋਰ ਕਈ ਸਰੀਰਕ ਰੋਗ ਵੀ ਲੱਗ ਜਾਂਦੇ ਹਨ। ਅਸੀਂ ਸਰੀਰਕ ਤੌਰ 'ਤੇ ਕਮਜ਼ੋਰ ਹੋ ਜਾਂਦੇ ਹਾਂ। ਇਸ ਕਰਕੇ ਸਾਨੂੰ ਆਪਣਾ ਮਨ ਮੈਦਾਨ ਕਰਨਾ ਪਵੇਗਾ। ਇਸ ਦੇ ਸਾਰੇ ਟੋਏ-ਟਿੱਬੇ ਢਾਹ ਕੇ ਮਨ ਪੱਧਰਾ ਕਰਨਾ ਪਵੇਗਾ। ਮਨ ਨੂੰ ਸਹੀ

ਸੇਧ ਦੇਣਾ ਇਕ ਸਾਧਨਾ ਹੈ ਅਤੇ ਇਹ ਸਾਧਨਾ ਅਸੀਂ ਆਪ ਕਰਨੀ ਹੈ, ਕੋਈ ਹੋਰ ਸਾਡੀ ਮੱਦਦ ਨਹੀਂ ਕਰ ਸਕਦਾ, ਕੋਈ ਹੋਰ ਸਾਡੇ ਮਨ ਦੀਆਂ ਗੱਲਾਂ ਨਹੀਂ ਜਾਣ ਸਕਦਾ। ਅਸੀਂ ਆਪ ਹੀ ਜਾਣਦੇ ਹਾਂ ਕਿ ਉਹ ਕਿਹੜੀਆਂ ਗੱਲਾਂ ਹਨ ਜੋ ਸਾਡੇ ਮਨ ਉੱਤੇ ਬੋਝ ਬਣੀਆਂ ਖਲੋਤੀਆਂ ਹਨ। ਇਨ੍ਹਾਂ ਦਾ ਇਲਾਜ ਵੀ ਅਸੀਂ ਆਪ ਕਰਨਾ ਹੈ। ਲੋਕਾਂ ਪਾਸ ਜਾ ਕੇ ਝੱਖ ਹੀ ਮਾਰਨੀ ਹੁੰਦੀ ਹੈ, ਗ਼ਮਾਂ ਤੋਂ ਬਚਣ ਲਈ ਲੋਕੀਂ ਨਸ਼ਾ ਕਰਦੇ ਹਨ ਅਤੇ ਜਦੋਂ ਨਸ਼ਾ ਉਤਰ ਜਾਂਦਾ ਹੈ ਤਾਂ ਪਹਿਲਾਂ ਨਾਲੋਂ ਵੀ ਜ਼ਿਆਦਾ ਦੁੱਖੀ ਹੋ ਉੱਠਦੇ ਹਨ। ਇਸ ਕਿਸਮ ਦੇ ਇਲਾਜ ਕਰਨ ਦੀ ਬਜਾਏ ਅਸੀਂ ਆਪ ਹੀ ਸਾਧਨਾ ਕਰੀਏ ਤਾਂ ਬਿਹਤਰ ਹੈ।

## ਮਨੁੱਖ ਅਸਮਰਥ ਹੈ

ਦੁਨੀਆਂ ਭਰ ਦੇ ਧਰਮਾਂ ਨੇ ਇਹ ਵਿਸ਼ਵਾਸ ਸਾਡੇ ਤੱਕ ਪੁਚਾਇਆ ਹੈ ਕਿ ਇਸ ਦੁਨੀਆਂ ਵਿੱਚ ਜੋ ਕੁਝ ਵੀ ਹੋ ਰਿਹਾ ਹੈ ਉਹ ਸਾਰਾ ਕੁਝ ਰੱਬ ਆਪ ਸਾਥੋਂ ਕਰਵਾਉਂਦਾ ਹੈ ਅਰਥਾਤ ਆਦਮੀ ਆਪਣੇ ਆਪ ਵਿੱਚ ਕੁਝ ਵੀ ਕਰਨ ਲਈ ਸਮਰੱਥ ਨਹੀਂ ਹੈ ਪਰ ਇਕ ਗੱਲ ਤਾਂ ਸਵੀਕਾਰ ਕਰਨੀ ਪੈਂਦੀ ਹੈ ਕਿ ਰੱਬ ਨੇ ਜੋ ਕੁਝ ਵੀ ਇਸ ਦੁਨੀਆਂ ਵਿੱਚ ਕਰਨਾ ਹੁੰਦਾ ਹੈ ਉਹ ਕਿਸੇ ਨਾ ਕਿਸੇ ਮਨੁੱਖ ਤੋਂ ਕਰਵਾਉਂਦਾ ਹੈ। ਅਰਥਾਤ ਇਹ ਮਨੁੱਖ ਰੱਬ ਦਾ ਏਲਚੀ ਹੈ। ਆਪਣੇ ਆਪ ਵਿੱਚ ਕੁਝ ਵੀ ਨਾ ਹੁੰਦਾ ਹੋਇਆ ਇਹ ਬਹੁਤ ਕੁਝ ਹੈ। ਰੱਬ ਆਪ ਹਰੇਕ ਆਦਮੀ ਅੰਦਰ ਹਾਜ਼ਰ ਹੈ ਅਤੇ ਜੋ ਕੁਝ ਵੀ ਇਹ ਮਨੁੱਖ ਕਰਦਾ ਹੈ, ਉਸ ਬਾਰੇ ਅਸੀਂ ਇਹ ਵਿਸ਼ਵਾਸ ਕਰੀ ਬੈਠੇ ਹਾਂ ਕਿ ਰੱਬ ਆਪ ਕਰਵਾਉਂਦਾ ਹੈ ਪਰ ਇਹ ਵਿਸ਼ਵਾਸ ਵੀ ਕੀਤਾ ਜਾਂਦਾ ਹੈ ਕਿ ਇਹ ਮਨੁੱਖ ਜਦੋਂ ਕਾਲੀਆਂ ਕਰਤੂਤਾਂ ਕਰਦਾ ਹੈ, ਤਾਂ ਉਹ ਸਾਰਾ ਕੁਝ ਸ਼ੈਤਾਨ ਕਰਾਉਂਦਾ ਹੈ, ਉਹ ਰੱਬ ਨਹੀਂ ਕਰਵਾ ਰਿਹਾ ਹੁੰਦਾ। ਆਖਿਆ ਜਾਂਦਾ ਹੈ ਕਿ ਜੋ ਸੋਚ ਸਭ ਤੋਂ ਪਹਿਲਾਂ ਮਨੁੱਖ ਦੇ ਦਿਲ ਅੰਦਰੋਂ ਉੱਠਦੀ ਹੈ, ਉਹ ਸਾਡੀ ਆਤਮਾ ਦੀ ਆਵਾਜ਼ ਹੈ। ਅਰਥਾਤ ਰੱਬ ਆਪ ਸਾਡੀ ਅਗਵਾਨੀ ਕਰ ਰਿਹਾ ਹੁੰਦਾ ਹੈ ਪਰ ਜਿਉਂ-ਜਿਉਂ ਸੋਚਾਂ ਦਾ ਸਿਲਸਿਲਾ ਜਾਰੀ ਹੁੰਦਾ ਹੈ ਅਸੀਂ ਹੋਰ ਦੀਆਂ ਹੋਰ ਸੋਚਣ ਲੱਗ ਪੈਂਦੇ ਹਾਂ ਅਤੇ ਕਈ ਵਾਰੀ ਕੀ, ਬਹੁਤੀ ਵਾਰੀ ਅਸੀਂ ਉਹ ਕੁਝ ਕਰ ਬੈਠਦੇ ਹਾਂ ਜੋ ਸਾਡੇ ਅੰਦਰ ਉੱਠੇ ਪਹਿਲੇ ਵਿਚਾਰ ਦੇ ਬਿਲਕੁਲ ਉਲਟ ਹੁੰਦੀ ਹੈ। ਅਸੀਂ ਇਹ ਆਖ ਸਕਦੇ ਹਾਂ ਕਿ ਉਦੋਂ ਅਸੀਂ ਰੱਬ ਨਹੀਂ, ਸ਼ੈਤਾਨ ਦੇ ਵੱਸ ਆ ਜਾਂਦੇ ਹਾਂ। ਅਗਰ ਇਹ ਗੱਲ ਸੱਚਾਈ ਹੈ ਤਾਂ ਬਹੁਤ ਵਾਰੀ ਸ਼ੈਤਾਨ ਜ਼ਿਆਦਾ ਸ਼ਕਤੀਸ਼ਾਲੀ ਹੋ ਉੱਠਦਾ ਹੈ। ਅੱਜ ਦਾ ਮਨੁੱਖ ਅਗਰ ਜ਼ਿਆਦਾ ਪਾਪ ਕਰਦਾ ਹੈ ਤਾਂ ਅਸੀਂ ਇਹ ਨਹੀਂ ਆਖ ਸਕਦੇ ਕਿ ਇਹ ਪਾਪ ਵੀ ਰੱਬ ਹੀ ਕਰਵਾਉਂਦਾ ਹੈ। ਪਾਪ ਸ਼ੈਤਾਨ ਕਰਾਉਂਦਾ ਹੈ। ਅੱਜ ਦਾ ਮਨੁੱਖ ਉਲਝ ਗਿਆ ਹੈ। ਉਸ ਦੀਆਂ ਦੁਨਿਆਵੀ ਮਜਬੂਰੀਆਂ ਦਾ ਘੇਰਾ ਪੀਢਾ ਹੋ ਗਿਆ ਹੈ ਅਤੇ ਉਹ ਭਗਵਾਨ ਦਾ ਆਦੇਸ਼ ਸੁਣਨ ਦੀ ਬਜਾਏ ਸ਼ੈਤਾਨ ਵੱਸ ਜ਼ਿਆਦਾ ਹੋ ਉੱਠਦਾ ਹੈ। ਇਸ ਕਰਕੇ ਵੀ ਇਨਸਾਨ ਭਗਵਾਨ ਅਤੇ ਸ਼ੈਤਾਨ ਦੇ ਹੱਥਾਂ ਵਿੱਚ ਖੇਡਦਾ ਪੁਤਲਾ ਹੈ। ਉਸ ਦੀ ਆਪਣੀ ਹੋਂਦ ਉਦੋਂ ਹੀ ਕਾਇਮ ਹੋ ਸਕਦੀ ਹੈ ਜਦੋਂ ਉਹ ਆਪਣੀ ਪਕੜ ਆਤਮਾ ਦੀ ਆਵਾਜ਼ ਵੱਲ ਕੇਂਦਰਿਤ ਕਰਦਾ ਹੈ।

## ਰੱਬ ਦਾ ਸੱਦਾ

ਰੱਬ ਦੇ ਭੇਜੇ ਦੂਤ ਇਸ ਦੁਨੀਆਂ ਵਿੱਚ ਘੁੰਮ ਰਹੇ ਹਨ। ਪਤਾ ਨਹੀਂ ਕਿਸ ਪਾਸ ਸਾਡੇ ਲਈ ਵੀ ਚਿੱਠੀ ਹੈ ਅਤੇ ਪਤਾ ਨਹੀਂ ਕਿਸ ਵਿੱਚ ਸਾਡੇ ਲਈ ਬੁਲਾਵਾ ਲਿਖਿਆ

ਹੋਇਆ ਹੈ। ਅਸੀਂ ਦੁਨੀਆਂ ਦੇ ਆਦਮੀ ਕਿਸ ਕਾਰਨ ਇਸ ਦੁਨੀਆਂ ਵਿੱਚ ਆਏ ਹਾਂ ਅਤੇ ਕਦੋਂ ਅਸੀਂ ਵਾਪਿਸ ਚਲੇ ਜਾਣਾ ਹੈ, ਇਸ ਬਾਰੇ ਅਸੀਂ ਕੁਝ ਵੀ ਨਹੀਂ ਜਾਣਦੇ। ਵੱਡੇ-ਵੱਡੇ ਜੋਤਸ਼ੀ ਵੀ ਵਾਪਸੀ ਬਾਰੇ ਸਹੀ-ਸਹੀ ਨਹੀਂ ਦੱਸ ਸਕਦੇ। ਇਸ ਕਰਕੇ ਸਾਡੇ ਲਈ ਇਹੀ ਵਿਸ਼ਵਾਸ ਕਰ ਲੈਣਾ ਬਿਹਤਰ ਹੈ ਕਿ ਸਾਨੂੰ ਕਦੀ ਵੀ ਵਾਪਸ ਬੁਲਾਇਆ ਜਾ ਸਕਦਾ ਹੈ। ਅਰਥਾਤ ਸਾਡੇ ਪਾਸ ਸਮਾਂ ਬਹੁਤ ਹੀ ਘੱਟ ਹੈ। ਅਸੀਂ ਇਸ ਥੋੜ੍ਹੇ ਜਿਹੇ ਸਮੇਂ ਵਿੱਚ ਹੀ ਆਪਣੇ ਆਪ ਬਾਰੇ ਸੋਚਣਾ ਹੈ। ਫ਼ੈਸਲਾ ਕਰਨਾ ਹੈ, ਪਤਾ ਕਰਨਾ ਹੈ ਕਿ ਰੱਬ ਨੇ ਕਿਸ ਮਕਸਦ ਦੀ ਪੂਰਤੀ ਲਈ ਸਾਨੂੰ ਇਸ ਦੁਨੀਆਂ ਵਿੱਚ ਭੇਜਿਆ ਸੀ ਅਤੇ ਅਸੀਂ ਉਸ ਮਕਸਦ ਦੀ ਪਛਾਣ ਵੀ ਕਰਨੀ ਹੈ ਅਤੇ ਇਸ ਥੋੜ੍ਹੇ ਜਿਹੇ ਸਮੇਂ ਵਿੱਚ ਉਹ ਮਕਸਦ ਪੂਰਾ ਵੀ ਕਰਨਾ ਹੈ। ਵਰਨਾ ਰੱਬ ਪੁੱਛੇਗਾ ਜ਼ਰੂਰ ਅਤੇ ਨਾਲਾਇਕ ਬੱਚੇ ਦੀ ਤਰ੍ਹਾਂ ਸਾਨੂੰ ਰੱਬ ਪਾਸੋਂ ਸਜ਼ਾ ਵੀ ਖਾਣੀ ਪਵੇਗੀ। ਇਸ ਕਰਕੇ ਅਸੀਂ ਆਪਣੇ ਜੀਵਨ ਨੂੰ ਐਸੀ ਸੇਧ ਦੇਣੀ ਹੈ ਕਿ ਨਾ ਤਾਂ ਸਾਨੂੰ ਇੱਥੇ ਰਹਿੰਦਿਆਂ ਸ਼ਰਮਿੰਦਗੀ ਉਠਾਉਣੀ ਪਵੇ ਅਤੇ ਨਾ ਹੀ ਅੱਗੇ ਜਾਂਦੇ ਹੀ ਸ਼ਰਮਿੰਦਗੀ ਉਠਾਉਣੀ ਪਵੇ। ਸਮਾਂ ਘੱਟ ਹੈ, ਅਸੀਂ ਸਮਾਂ ਜ਼ਾਇਆ ਨਹੀਂ ਕਰਨਾ। ਇਹ ਜੀਵਨ ਇਕ ਪ੍ਰੀਖਿਆ ਹੈ, ਕਈ ਜਨਮਾਂ ਦੀ ਮਿਹਨਤ ਦਾ ਇਮਤਿਹਾਨ ਹੈ ਅਤੇ ਇਮਤਿਹਾਨ ਦਾ ਸਮਾਂ ਹਮੇਸ਼ਾਂ ਘੱਟ ਹੋਇਆ ਕਰਦਾ ਹੈ। ਸਾਨੂੰ ਆਪਣੇ ਗਿਆਨ ਨੂੰ ਕੁਝ ਹੀ ਪਲਾਂ ਵਿੱਚ ਸਾਹਮਣੇ ਕਰਨਾ ਹੁੰਦਾ ਹੈ। ਅਸੀਂ ਅਗਰ ਇਸ ਜੀਵਨ ਨੂੰ ਪ੍ਰੀਖਿਆ ਸਮਝ ਕੇ ਤੁਰਦੇ ਹਾਂ ਤਾਂ ਅਸੀਂ ਕੁਝ ਕਰ ਦਿਖਾਵਾਂਗੇ। ਆਪਣੇ ਆਪ ਦੀ ਪਛਾਣ ਵੀ ਹੋ ਜਾਵੇਗੀ ਅਤੇ ਅਸੀਂ ਆਪਣੇ ਬਾਰੇ ਕੋਈ ਨਤੀਜਾ ਵੀ ਕੱਢ ਸਕਾਂਗੇ। ਐਸਾ ਤਾਂ ਹੀ ਹੋ ਸਕਦਾ ਹੈ ਜੇਕਰ ਅਸੀਂ ਇਹ ਸਮਝ ਲਈਏ ਕਿ ਸਾਡੇ ਪਾਸ ਵਕਤ ਬਹੁਤ ਘੱਟ ਹੈ, ਜਦਕਿ ਅਸੀਂ ਤਾਂ ਹਾਲਾਂ ਬਹੁਤ ਕੁਝ ਕਰਨਾ ਹੈ।

## ਲੋਕਾਂ ਦੀ ਮੁਥਾਜੀ ਨਾ ਕਰੋ

ਅਸੀਂ ਰੱਬ ਦੇ ਭੇਜੇ ਹੋਏ ਹਾਂ, ਰੱਬ ਆਪ ਸਾਡਾ ਧਿਆਨ ਰੱਖ ਰਿਹਾ ਹੈ। ਅਸੀਂ ਲੋਕਾਂ ਦਾ ਮੁਥਾਜ ਨਹੀਂ ਹੋਣਾ ਪਰ ਅਸੀਂ ਸਮਾਜੀ ਜੀਵ ਹਾਂ। ਇਸ ਦੁਨੀਆਂ ਦੇ ਲੋਕਾਂ ਦੀ ਮੱਦਦ ਵੀ ਕਰਨੀ ਹੈ ਅਤੇ ਅਸੀਂ ਇਸ ਦੁਨੀਆਂ ਦੇ ਲੋਕਾਂ ਪਾਸੋਂ ਮੱਦਦ ਲੈਣੀ ਵੀ ਹੈ। ਐਸਾ ਹੀ ਇਸ ਦੁਨੀਆਂ ਦਾ ਸਿਲਸਿਲਾ ਹੈ। ਨਾ ਤਾਂ ਇਸ ਸੰਸਾਰ ਦੀ ਹੋਂਦ ਸਾਡੇ ਬਗ਼ੈਰ ਹੈ ਅਤੇ ਨਾ ਹੀ ਸਾਡੀ ਹੋਂਦ ਇਸ ਸੰਸਾਰ ਤੋਂ ਬਗ਼ੈਰ ਕੋਈ ਅਰਥ ਰੱਖਦੀ ਹੈ। ਇਸ ਦੁਨੀਆਂ ਤੋਂ ਭੱਜਣ ਵਾਲੇ ਲੋਕੀਂ ਗ਼ਲਤ ਹਨ। ਸਹੀ ਬੰਦਾ ਉਹ ਹੈ ਜੋ ਦੁਨੀਆਂ ਤੋਂ ਭੱਜਦਾ ਨਹੀਂ ਹੈ ਬਲਕਿ ਹਮੇਸ਼ਾਂ ਇਹੀ ਸੋਚਦਾ ਹੈ ਕਿ ਉਸ ਦਾ ਜੀਵਨ ਲੋਕਾਂ ਵਾਸਤੇ ਹੈ। ਅਸੀਂ ਲੋਕਾਂ ਦੀ ਮੱਦਦ ਕਰਨੀ ਹੈ, ਅਸੀਂ ਲੋਕਾਂ ਪਾਸੋਂ ਮੱਦਦ ਲੈਣੀ ਹੈ। ਆਪ ਕਿਸੇ ਦੇ ਕੰਮ ਨਾ ਆਉਣਾ ਅਤੇ ਲੋਕਾਂ ਨੂੰ ਕੋਸੀ ਜਾਣਾ ਕਿ ਉਹ ਉਸ ਦੇ ਕੰਮ ਨਹੀਂ ਆ ਰਹੇ, ਐਸੀ ਸੋਚ ਗ਼ਲਤ ਹੈ। ਇਕ ਹੱਥ ਦੇ ਕੇ ਦੂਜੇ ਹੱਥ ਨਾਲ ਅਸੀਂ ਕੁਝ ਮੰਗ ਸਕਦੇ ਹਾਂ। ਅਸੀਂ ਦੂਜਿਆਂ ਪਾਸੋਂ ਜੋ ਕੁਝ ਵੀ ਮੰਗਣਾ ਹੈ, ਇਕ ਅਧਿਕਾਰ ਦੇ ਤੌਰ 'ਤੇ ਮੰਗਣਾ ਹੈ, ਦਾਨ ਨਹੀਂ ਮੰਗਣਾ। ਜਦੋਂ ਅਸੀਂ ਆਪ ਬਿਨਾਂ ਕੁਝ ਕੀਤਿਆਂ ਆਦਮੀ ਪਾਸੋਂ ਕੁਝ ਮੰਗਦੇ ਹਾਂ ਤਾਂ ਐਸਾ ਕਰਨਾ ਮੁਥਾਜੀ ਹੈ। ਮੁਥਾਜੀ ਕਰਨਾ ਗ਼ਲਤ ਹੈ। ਅਸੀਂ ਕਿਸੇ ਲਈ ਕੁਝ ਕਰ ਸਕਦੇ ਹਾਂ ਫਿਰ ਉਸ ਪਾਸੋਂ ਅਗਰ ਅਸੀਂ ਕੁਝ ਮੰਗਦੇ ਹਾਂ ਤਾਂ ਇਹ ਦਾਨ ਨਹੀਂ ਹੈ। ਸਾਡਾ ਅਧਿਕਾਰ ਹੈ। ਸੋ

ਜਦੋਂ ਵੀ ਅਸੀਂ ਮੱਦਦ ਲੈਂਦੇ ਹਾਂ ਤਾਂ ਮੁਥਾਜੀ ਦੇ ਤੌਰ 'ਤੇ ਕਦੀ ਮੱਦਦ ਨਾ ਲਵੋ। ਪਹਿਲਾਂ ਆਪਣਾ ਅਧਿਕਾਰ ਸਥਾਪਿਤ ਕਰੋ। ਫਿਰ ਆਪਣਾ ਅਧਿਕਾਰ ਪ੍ਰਾਪਤ ਕਰੋ।

## ਸਾਡੀ ਸਿਆਣਪ ਕਰਨੀ ਰਾਹੀਂ ਪ੍ਰਗਟ ਹੋਈ ਹੈ

ਅਸੀਂ ਸਿਆਣੇ ਹਾਂ ਜਾਂ ਅਸੀਂ ਮੂਰਖ ਹਾਂ ਇਸ ਗੱਲ ਦਾ ਨਾਪ-ਤੋਲ ਸਿਰਫ਼ ਸਾਡੀਆਂ ਕਰਨੀਆਂ ਹਨ। ਅਸੀਂ ਕੀ ਕਰਦੇ ਹਾਂ, ਕਿਵੇਂ ਕਰਦੇ ਹਾਂ। ਜਦ ਕਰਦੇ ਹਾਂ ਇਨ੍ਹਾਂ ਕਰਨੀਆਂ ਨੂੰ ਦੇਖ ਕੇ ਲੋਕਾਂ ਨੇ ਸਾਡੇ ਦਿਲ ਅਤੇ ਦਿਮਾਗ਼ ਦੀ ਬਣਤਰ ਅਤੇ ਉਸ ਦੀ ਪੱਧਰ ਦਾ ਅੰਦਾਜ਼ਾ ਲਗਾਉਣਾ ਹੁੰਦਾ ਹੈ। ਇਸ ਕਰਕੇ ਅਸੀਂ ਉਹੀ ਕੁਝ ਕਰਨਾ ਹੈ ਜਿਸ ਰਾਹੀਂ ਅਸੀਂ ਆਪਣੀ ਇਕ ਵਧੀਆ ਛਾਪ ਕਾਇਮ ਕਰ ਸਕੀਏ। ਇਸ ਦੁਨੀਆਂ ਦੇ ਲੋਕੀਂ ਸਾਡੀ ਰਿਆਇਤ ਨਹੀਂ ਕਰਦੇ। ਸਾਡੇ ਬਾਰੇ ਇਹ ਆਪਣੀ ਰਾਇ ਆਪ ਬਣਾਉਂਦੇ ਹਨ ਅਤੇ ਬਹੁਤਾ ਕਰਕੇ ਇਹ ਲੋਕੀ ਸਵਾਰਥੀ ਹਨ। ਅਸੀਂ ਇਨ੍ਹਾਂ ਲੋਕਾਂ ਵਾਸਤੇ ਕੀ ਕਰਦੇ ਹਾਂ, ਉਸ ਮੁਤਾਬਿਕ ਸਾਡੀ ਸ਼ੋਭਾ ਬਣਨੀ ਹੈ ਜਾਂ ਬਦਨਾਮੀ ਹੋਣੀ ਹੈ। ਸਾਡੇ ਸੰਪਰਕ ਵਿੱਚ ਰੋਜ਼ਾਨਾ ਬਹੁਤ ਸਾਰੇ ਆਦਮੀ ਆਉਂਦੇ ਹਨ। ਕਿਸੇ ਨਾਲ ਸਾਡੀ ਪਹਿਲੀ ਮੁਲਾਕਾਤ ਹੈ। ਕਿਸੇ ਨੂੰ ਅਸੀਂ ਕਈ ਵਾਰੀ ਮਿਲ ਚੁੱਕੇ ਹੁੰਦੇ ਹਾਂ। ਕੋਈ ਸਾਨੂੰ ਪਹਿਲੀ ਅਤੇ ਆਖ਼ਰੀ ਵਾਰੀ ਮਿਲ ਰਿਹਾ ਹੁੰਦਾ ਹੈ। ਕਿਸੇ ਦੇ ਅਸੀਂ ਮਸਾਂ ਵਾਕਿਫ਼ ਹਾਂ, ਕਿਸੇ ਨਾਲ ਸਾਡੀ ਰਿਸ਼ਤੇਦਾਰੀ ਹੈ। ਕਿਸੇ ਨਾਲ ਦੋਸਤੀਆਂ ਪਾ ਰੱਖੀਆਂ ਹਨ, ਕਈਆਂ ਨਾਲ ਅਸੀਂ ਰੁੱਸੇ ਹੋਏ ਹਾਂ ਜਾਂ ਦੁਸ਼ਮਣੀਆਂ ਵੀ ਪਾਲ ਰੱਖੀਆਂ ਹਨ। ਸਾਡੇ ਬਾਰੇ ਲੋਕੀਂ ਉਸੇ ਤਰ੍ਹਾਂ ਦੇ ਵਿਚਾਰ ਬਣਾ ਲੈਂਦੇ ਹਨ ਜੈਸਾ ਸਾਡਾ ਵਤੀਰਾ ਉਨ੍ਹਾਂ ਪ੍ਰਤੀ ਬਣਦਾ ਹੈ। ਸੋ ਇਹ ਹੁਣ ਸਾਡੇ ਉੱਤੇ ਨਿਰਭਰ ਕਰਦਾ ਹੈ ਕਿ ਅਸੀਂ ਕਿਸੇ ਆਦਮੀ ਨਾਲ ਕੈਸਾ ਵਤੀਰਾ ਕਾਇਮ ਕਰਦੇ ਹਾਂ। ਉਹ ਆਦਮੀ ਜੋ ਮਹਿਸੂਸ ਕਰੇਗਾ, ਉਸੇ ਮੁਤਾਬਿਕ ਉਹ ਸਾਡੇ ਬਾਰੇ ਹੋਰ ਲੋਕਾਂ ਨੂੰ ਦੱਸੇਗਾ ਅਤੇ ਇਉਂ ਸਾਡੇ ਬਾਰੇ ਜੋ ਰਾਇ ਬਣ ਆਉਂਦੀ ਹੈ ਉਹ ਉਹੀ ਹੋਵੇਗੀ ਜੋ ਲੋਕੀਂ ਆਖਦੇ ਹਨ। ਇਸ ਕਰਕੇ ਹੁਣ ਸਾਡੇ ਉੱਤੇ ਨਿਰਭਰ ਕਰਦਾ ਹੈ ਕਿ ਅਸੀਂ ਕੈਸੀ ਛਾਪ ਪੈਦਾ ਕਰਨਾ ਚਾਹੁੰਦੇ ਹਾਂ। ਇਹ ਕਦੀ ਨਾ ਸੋਚੋ ਕਿ ਉਹ ਸਾਡੇ ਸਾਹਮਣੇ ਖਲੋਤਾ ਆਦਮੀ ਮਾਮੂਲੀ ਜਿਹਾ ਬੰਦਾ ਹੈ। ਐਸੀ ਸੋਚ ਗ਼ਲਤ ਹੈ। ਇਹ ਮਾਮੂਲੀ ਆਦਮੀ ਨਹੀਂ ਹੈ। ਇਸ ਨੇ ਸਾਡੇ ਬਾਰੇ ਕਈ ਆਦਮੀਆਂ ਨਾਲ ਗੱਲਾਂ ਸਾਂਝੀਆਂ ਕਰਨੀਆਂ ਹਨ ਅਤੇ ਗੱਲਾਂ ਇਕ ਵਾਰੀ ਤੁਰ ਪੈਣ ਤਾਂ ਇਹ ਕਿਧਰੇ ਵੀ ਖ਼ਤਮ ਨਹੀਂ ਹੋਇਆ ਕਰਦੀਆਂ। ਸੋ ਜਦੋਂ ਸਾਡੀ ਸਾਖ ਸਾਡੀਆਂ ਕਰਨੀਆਂ ਮੁਤਾਬਿਕ ਬਣਦੀ ਹੈ ਤਾਂ ਫਿਰ ਅਸੀਂ ਆਪਣੀਆਂ ਕਰਨੀਆਂ ਨੂੰ ਸੇਧ ਦੇ ਕੇ ਆਪਣੀ ਵਧੀਆ ਸਾਖ ਮੁਕੱਰਰ ਕਰ ਸਕਦੇ ਹਾਂ।

## ਹਮੇਸ਼ਾਂ ਰੱਬ ਦੇ ਨਾਲ ਰਹੋ

ਜਦੋਂ ਰੱਬ ਹਰ ਥਾਂ ਹਾਜ਼ਰ ਹੈ। ਸਾਡੇ ਆਲੇ-ਦੁਆਲੇ ਵੀ ਰੱਬ ਵਸਦਾ ਹੈ, ਉਹ ਕਦੀ ਵੀ ਸਾਡਾ ਸਾਥ ਨਹੀਂ ਛੱਡਦਾ, ਫਿਰ ਅਸੀਂ ਭੁੱਲ ਕਿਉਂ ਜਾਂਦੇ ਹਾਂ? ਅਸੀਂ ਆਪਣੇ ਆਪ ਨੂੰ ਇਕੱਲਾ ਕਿਉਂ ਮਹਿਸੂਸ ਕਰਦੇ ਹਾਂ? ਉਸ ਦੀ ਹੋਂਦ ਤੋਂ ਮੁਨਕਰ ਹੋਣ ਕਾਰਨ ਹੀ ਅਸੀਂ ਪਾਪ ਕਰ ਬੈਠਦੇ ਹਾਂ। ਫਿਰ ਅਸੀਂ ਆਪਣੇ ਕੀਤੇ ਪਾਪਾਂ ਕਰਕੇ ਹੀ ਰੱਬ ਤੋਂ ਡਰਨ ਲੱਗ ਪੈਂਦੇ ਹਾਂ। ਅਗਰ ਅਸੀਂ ਰੱਬ ਨੂੰ ਸਦਾ ਹਾਜ਼ਰ ਜਾਣਦੇ ਰਹਿੰਦੇ ਤਾਂ ਅਸੀਂ ਮਾੜੇ ਕਰਮ ਕਰਨ ਤੋਂ ਵੀ ਬਚ ਸਕਦੇ ਸਾਂ। ਅੱਜ ਮਾੜੇ ਕਰਮਾਂ ਕਰਕੇ ਅਸੀਂ ਰੱਬ ਪਾਸੋਂ ਲੁਕਦੇ ਫਿਰਦੇ ਹਾਂ।

ਅਸੀਂ ਸਜ਼ਾ ਤੋਂ ਵੀ ਡਰਦੇ ਹਾਂ। ਅਗਰ ਅਸੀਂ ਹਮੇਸ਼ਾਂ ਇਹ ਯਾਦ ਰੱਖਦੇ ਕਿ ਰੱਬ ਸਾਡੇ ਨਾਲ ਹਰ ਵਕਤ ਹਾਜ਼ਰ ਹੈ ਤਾਂ ਅਸੀਂ ਮਾੜੇ ਕੰਮ ਕਰਨੋਂ ਬਚ ਸਕਦੇ ਸਾਂ। ਜੋ ਹੋਇਆ ਉਹ ਹੋ ਗਿਆ, ਅਸੀਂ ਅੱਜ ਤੋਂ ਹੀ ਰੱਬ ਦੀ ਹਾਜ਼ਰੀ ਕਬੂਲ ਕਰਨੀ ਹੈ ਅਤੇ ਕਦੀ ਵੀ ਭੁੱਲਣਾ ਨਹੀਂ। ਅਸੀਂ ਗ਼ਲਤੀਆਂ ਉਦੋਂ ਹੀ ਕਰ ਬੈਠਦੇ ਹਾਂ ਜਦੋਂ ਅਸੀਂ ਸ਼ੈਤਾਨ ਵੱਸ ਹੋ ਜਾਂਦੇ ਹਾਂ ਅਤੇ ਰੱਬ ਨੂੰ ਭੁੱਲ ਹੀ ਜਾਂਦੇ ਹਾਂ। ਰੱਬ ਦੀ ਹਾਜ਼ਰੀ ਪ੍ਰਵਾਨ ਕਰਨ ਵਾਲਾ ਆਦਮੀ ਗ਼ਲਤੀਆਂ ਨਹੀਂ ਕਰਦਾ ਅਤੇ ਵਧੀਆ ਬੰਦਿਆਂ ਵਿੱਚ ਆਪਣਾ ਨਾਮ ਲਿਖਵਾ ਲੈਂਦਾ ਹੈ। ਰੱਬ ਦੀ ਹਾਜ਼ਰੀ ਪ੍ਰਵਾਨ ਕਰਨ ਵਾਲਾ ਆਦਮੀ ਸੁਖੀ ਹੋ ਜਾਂਦਾ ਹੈ ਅਤੇ ਦੁੱਖਾਂ ਤਕਲੀਫ਼ਾਂ ਤੋਂ ਬਚਿਆ ਰਹਿੰਦਾ ਹੈ।

## ਮਨੁੱਖਵਾਦੀ ਬਣੋ

ਅਸੀਂ ਆਪ ਮਨੁੱਖ ਹਾਂ, ਮਨੁੱਖ ਤੋਂ ਹੀ ਸਾਡਾ ਜਨਮ ਹੋਇਆ ਹੈ। ਅਸੀਂ ਸਾਰੀ ਉਮਰ ਮਨੁੱਖਾਂ ਦੇ ਸਹਾਰੇ ਹੀ ਕੱਟਣੀ ਹੈ। ਰੱਬ ਸਾਡੀ ਮੱਦਦ ਜਦ ਵੀ ਕਰਦਾ ਹੈ, ਕੋਈ ਨਾ ਕੋਈ ਬੰਦਾ ਭੇਜਦਾ ਹੈ। ਇਸ ਕਰਕੇ ਅਸੀਂ ਮਨੁੱਖਵਾਦੀ ਬਣਨਾ ਹੈ। ਅਸੀਂ ਮਨੁੱਖ ਬਾਰੇ ਕਦੀ ਮਾੜੇ ਵਿਚਾਰ ਪੈਦਾ ਨਹੀਂ ਕਰਨੇ, ਇਸ ਨੂੰ ਕੋਈ ਦੁੱਖ ਨਹੀਂ ਦੇਣਾ, ਬਲਕਿ ਅਸੀਂ ਇਸ ਦੀ ਮੱਦਦ ਕਰਨੀ ਹੈ। ਅੱਜ ਅਸੀਂ ਇਸ ਮਨੁੱਖ ਦੀ ਮੱਦਦ ਕਰਦੇ ਹਾਂ। ਕੱਲ੍ਹ ਕੋਈ ਮਨੁੱਖ ਆ ਕੇ ਸਾਡੀ ਮੱਦਦ ਕਰ ਜਾਵੇਗਾ। ਇਹੀ ਸਿਲਸਿਲਾ ਚੱਲਦਾ ਆਇਆ ਹੈ। ਅਸੀਂ ਆਪਣੇ ਵਾਸਤੇ ਜਿਊਂਦੇ ਹਾਂ, ਐਸਾ ਸੋਚਣਾ ਵੀ ਸਹੀ ਹੈ। ਅਸੀਂ ਕਿਸੇ ਉੱਤੇ ਨਿਰਭਰ ਨਹੀਂ ਹੋਣੇ ਚਾਹੀਦੇ ਪਰ ਇਸ ਦਾ ਅਰਥ ਇਹ ਵੀ ਨਹੀਂ ਨਿਕਲਦਾ ਕਿ ਅਸੀਂ ਕਿਸੇ ਦੀ ਮੱਦਦ ਨਹੀਂ ਕਰਨੀ। ਲੋੜਵੰਦਾਂ ਦੀ ਸਹਾਇਤਾ ਮਨੁੱਖ ਰਾਹੀਂ ਹੀ ਹੋਣੀ ਹੈ। ਹੋ ਸਕਦਾ ਹੈ ਰੱਬ ਨੇ ਸਾਡੀ ਹੀ ਚੋਣ ਕੀਤੀ ਹੋਵੇ। ਇਹ ਕਿਸੇ ਦੀ ਮੱਦਦ ਕਰਨ ਦਾ ਮੌਕਾ ਕਿਸੇ ਕਿਸਮਤ ਵਾਲੇ ਦੇ ਨਸੀਬ ਹੁੰਦਾ ਹੈ। ਇਹ ਮੌਕਾ ਹੱਥੋਂ ਨਹੀਂ ਜਾਣ ਦੇਣਾ ਚਾਹੀਦਾ। ਸ਼ਾਇਦ ਐਸਾ ਮੌਕਾ ਮੁੜ ਕਦੀ ਨਸੀਬ ਹੀ ਨਾ ਹੋਵੇ। ਲੋੜਵੰਦ ਦੀ ਪਛਾਣ ਅਸੀਂ ਆਪ ਕਰਨੀ ਹੈ। ਕਈ ਚਲਾਕ ਆਦਮੀ ਸਾਡੇ ਤੋਂ ਮੱਦਦ ਲੈ ਜਾਂਦੇ ਹਨ ਅਤੇ ਫਿਰ ਲੋਕਾਂ ਨੂੰ ਕਹਿੰਦੇ ਫਿਰਦੇ ਹਨ ਕਿ ਉਹ ਸਾਡਾ ਉੱਲੂ ਬਣਾ ਗਏ ਸਨ। ਅਸੀਂ ਐਸੇ ਲੋਕਾਂ ਦੀ ਪਛਾਣ ਕਰਨੀ ਹੈ। ਅਸੀਂ ਦਿਲੋਂ ਮਦਦ ਕਰਨੀ ਹੈ ਅਤੇ ਸਿਰਫ਼ ਉਸ ਆਦਮੀ ਦੀ ਕਰਨੀ ਹੈ ਜਿਸ ਨੂੰ ਅਸਲ ਵਿੱਚ ਮੱਦਦ ਦੀ ਜ਼ਰੂਰਤ ਹੈ। ਸਾਡੇ ਬਗ਼ੈਰ ਉਸ ਦੀ ਮੱਦਦ ਕਰਨ ਵਾਲਾ ਹੋਰ ਕੋਈ ਨਹੀਂ ਹੈ। ਇਹ ਸਾਰਾ ਕੁਝ ਸੋਚ ਕੇ ਉਹ ਸਾਡੇ ਦੁਆਰੇ ਉੱਤੇ ਆ ਖਲੋਤਾ ਹੈ। ਅਸੀਂ ਹਰ ਮਨੁੱਖ ਨੂੰ ਖ਼ੁਸ਼ੀਆਂ ਦੇਣੀਆਂ ਹਨ। ਕਿਸੇ ਲਈ ਦੁੱਖਾਂ ਦਾ ਕਾਰਨ ਨਹੀਂ ਬਣਨਾ ਅਤੇ ਅਸੀਂ ਜਦੋਂ ਸੁੱਖ ਵੰਡਣ ਲਈ ਮੈਦਾਨ ਵਿੱਚ ਨਿਤਰ ਹੀ ਆਏ ਹਾਂ ਤਾਂ ਸਾਡੇ ਸਾਹਮਣੇ ਇਹ ਧਰਮਾਂ ਦੀਆਂ ਦੀਵਾਰਾਂ, ਇਹ ਮੁਲਕਾਂ ਦੀਆਂ ਦੀਵਾਰਾਂ, ਇਹ ਰੰਗ ਅਤੇ ਨਸਲ ਦੀਆਂ ਦੀਵਾਰਾਂ, ਜਾਤੀਆਂ ਅਤੇ ਵਰਗਾਂ ਦੀਆਂ ਦੀਵਾਰਾਂ ਨਿਰਮੂਲ ਹੋ ਜਾਂਦੀਆਂ ਹਨ। ਦੁਨੀਆਂ ਭਰ ਦੇ ਲੋਕੀ ਸਾਡੇ ਆਪਣੇ ਹੋ ਆਉਂਦੇ ਹਨ। ਕੋਈ ਵੀ ਪਰਾਇਆ ਨਹੀਂ ਰਹਿੰਦਾ। ਸਾਡੀਆਂ ਬਾਹਾਂ ਦਾ ਕਲਾਵਾ ਇਤਨਾ ਵੱਡਾ ਹੋ ਆਉਂਦਾ ਹੈ ਕਿ ਦੁਨੀਆਂ ਭਰ ਦੇ ਲੋਕੀਂ ਸਾਡੇ ਕਲਾਵੇ ਵਿੱਚ ਆ ਕੇ ਸਾਡੇ ਪਿਆਰ ਦਾ ਨਿੱਘ ਮਾਣਨ ਲੱਗ ਪੈਂਦੇ ਹਨ। ਐਸੀ ਅਵਸਥਾ ਬਣ ਆਵੇ ਤਾਂ ਆਨੰਦ ਪ੍ਰਾਪਤ ਹੋ ਆਉਂਦਾ ਹੈ।

## ਜਦੋਂ ਅਸੀਂ ਕਿਸੇ ਦਾ ਦਿਲ ਦੁਖਾਉਂਦੇ ਹਾਂ

ਅਸੀਂ ਜਦੋਂ ਕਿਸੇ ਦਾ ਦਿਲ ਦੁਖਾਉਂਦੇ ਹਾਂ ਤਾਂ ਉਹ ਸਾਡੇ ਪਾਸੋਂ ਬਦਲਾ ਲੈਣ ਦੀ ਸੋਚਦਾ ਹੈ। ਅਗਰ ਉਹ ਸਾਡੇ ਤੋਂ ਕਮਜ਼ੋਰ ਹੈ ਅਤੇ ਬਦਲਾ ਨਹੀਂ ਲੈ ਸਕਦਾ ਤਾਂ ਉਸ ਦੀ ਬਦਦੁਆ ਕਦੀ ਵਿਅਰਥ ਨਹੀਂ ਜਾਂਦੀ। ਸਾਡੇ ਲਈ ਲਾਜ਼ਮੀ ਹੈ ਕਿ ਰੱਬ ਦੇ ਸਜ਼ਾ ਦੇਣ ਦੇ ਸਿਧਾਂਤ ਨੂੰ ਅਸੀਂ ਕਦੀ ਨਹੀਂ ਭੁੱਲਣਾ। ਰੱਬ ਸਾਡੇ ਸੌ ਪਾਪ ਮੁਆਫ਼ ਕਰ ਸਕਦਾ ਹੈ ਪਰ ਰੱਬ ਜਦੋਂ ਕਿਸੇ ਮਜ਼ਲੂਮ ਦੀ ਪੁਕਾਰ ਸੁਣਦਾ ਹੈ ਤਾਂ ਸਮਝੋ ਸਾਡੇ ਉੱਤੇ ਰੱਬ ਦਾ ਕਹਿਰ ਵਰਸਣ ਵਾਲਾ ਹੈ। ਅਸੀਂ ਤਬਾਹ ਹੋਣ ਵਾਲੇ ਹਾਂ, ਸਾਡਾ ਕੱਖ ਨਹੀਂ ਰਹਿਣਾ। ਰੱਬ ਹੋਰ ਕਿਸੇ ਦੀ ਸੁਣੇ ਜਾਂ ਨਾ ਸੁਣੇ ਪਰ ਜਦੋਂ ਗ਼ਰੀਬ ਮਜ਼ਲੂਮ ਆਦਮੀ ਸਾਡੇ ਵੱਲੋਂ ਦਿੱਤੇ ਦੁੱਖਾਂ ਕਾਰਨ ਕੁਰਲਾ ਉੱਠਦਾ ਹੈ ਤਾਂ ਸਾਰੀ ਧਰਤੀ ਕੰਬਣ ਲੱਗ ਪੈਂਦੀ ਹੈ। ਸਾਰੇ ਬ੍ਰਹਿਮੰਡ ਅੰਦਰ ਹਿਲਜੁਲ ਮਚ ਜਾਂਦੀ ਹੈ। ਪਤਾ ਨਹੀਂ ਕੀ ਵਾਪਰਨ ਵਾਲਾ ਹੁੰਦਾ ਹੈ। ਪਾਪ ਕਰਨ ਵਾਲੇ ਦਾ ਨਾਸ਼ ਹੁੰਦਾ ਹੈ, ਉਹ ਲੋਕੀਂ ਵੀ ਸਜ਼ਾ ਪਾਉਂਦੇ ਹਨ ਜੋ ਜ਼ਾਲਮ ਦਾ ਟਾਕਰਾ ਨਹੀਂ ਕਰ ਸਕੇ। ਉਨ੍ਹਾਂ ਦੀਆਂ ਅੱਖਾਂ ਸਾਹਮਣੇ ਜ਼ੁਲਮ ਹੁੰਦਾ ਰਿਹਾ ਅਤੇ ਉਹ ਚੁੱਪ ਕਰਕੇ ਦੇਖਦੇ ਰਹੇ। ਇਹੀ ਸੋਚਦੇ ਰਹੇ ਮੈਨੂੰ ਕੀ, ਪਰ ਐਸੀ ਸੋਚ ਗ਼ਲਤ ਹੈ। ਅਸੀਂ ਜ਼ੁਲਮ ਕਰਨਾ ਨਹੀਂ। ਅਸੀਂ ਜ਼ੁਲਮ ਬਰਦਾਸ਼ਤ ਵੀ ਨਹੀਂ ਕਰਨਾ ਅਤੇ ਅਸੀਂ ਜ਼ਾਲਮ ਨੂੰ ਜ਼ੁਲਮ ਕਰਨ ਦੀ ਖੁੱਲ੍ਹ ਵੀ ਨਹੀਂ ਦੇਣੀ। ਅੱਜ ਉਹ ਕਿਸੇ ਹੋਰ ਉੱਤੇ ਜ਼ੁਲਮ ਕਰਦਾ ਹੈ, ਕੱਲ੍ਹ ਨੂੰ ਉਹੀ ਜ਼ਾਲਮ ਸਾਡੇ ਉੱਤੇ ਵੀ ਜ਼ੁਲਮ ਕਰੇਗਾ। ਜ਼ਾਲਿਮ ਕਦੀ ਰੁਕਦਾ ਨਹੀਂ, ਉਸ ਦਾ ਹੌਂਸਲਾ ਵੱਧਦਾ ਰਹਿੰਦਾ ਹੈ। ਅਸੀਂ ਜ਼ਾਲਮਾਂ ਉੱਤੇ ਰੋਕ ਲਗਾਉਣੀ ਹੈ।

## ਅਸੀਂ ਗੁਰੂਆਂ, ਪੀਰਾਂ ਨੂੰ ਵੀ ਸ਼ਰਮਿੰਦਾ ਕਰ ਰਹੇ ਹਾਂ

ਅਸੀਂ ਮਨੁੱਖ ਜੋ ਕੁਝ ਵੀ ਕਰ ਰਹੇ ਹਾਂ ਉਹ ਸਾਰਾ ਕੁਝ ਗ਼ਲਤ ਹੈ। ਅੱਜ ਤੱਕ ਜਿਤਨੇ ਵੀ ਅਵਤਾਰ, ਰਿਸ਼ੀ, ਮੁਨੀ, ਗੁਰੂ, ਫ਼ਕੀਰ ਤੇ ਪੈਗੰਬਰ ਆਏ ਹਨ, ਉਹ ਐਸਾ ਕੁਝ ਕਰਨ ਲਈ ਨਹੀਂ ਸਨ ਆਖ ਗਏ। ਉਨ੍ਹਾਂ ਸਾਰਿਆਂ ਨੇ ਸਾਨੂੰ ਬਹੁਤ ਹੀ ਵਧੀਆ-ਵਧੀਆ ਗੱਲਾਂ ਦੱਸੀਆਂ ਸਨ, ਸਾਨੂੰ ਉਦੋਂ ਚੰਗੀਆਂ ਵੀ ਬਹੁਤ ਲੱਗੀਆਂ ਸਨ। ਅਸੀਂ ਅਪਣਾ ਵੀ ਲਈਆਂ ਸਨ ਪਰ ਕੁਝ ਹੀ ਅਰਸੇ ਬਾਅਦ ਅਸੀਂ ਸਾਰਾ ਕੁਝ ਭੁੱਲ ਗਏ। ਅੱਜ ਅਸੀਂ ਆਪਣੀਆਂ ਕਰਨੀਆਂ ਉੱਤੇ ਆਪ ਸ਼ਰਮਿੰਦਾ ਹਾਂ। ਜਦੋਂ ਕਦੀ ਧਰਮ ਰਾਜ ਦੀ ਕਚਹਿਰੀ ਵਿੱਚ ਸਾਡਾ ਹਿਸਾਬ-ਕਿਤਾਬ ਹੋਵੇਗਾ, ਅਸੀਂ ਸਜ਼ਾ ਤਾਂ ਪਾਵਾਂਗੇ ਹੀ, ਸਾਡੇ ਥਾਪਣ ਵਾਲਿਆਂ ਨੂੰ ਵੀ ਨਮੋਸ਼ੀ ਦਾ ਸਾਹਮਣਾ ਕਰਨਾ ਪਵੇਗਾ। ਉਹ ਵੀ ਰੱਬ ਦੇ ਦਰਬਾਰ ਵਿੱਚ ਸ਼ਰਮਿੰਦਾ ਹੋ ਉੱਠਣਗੇ। ਜਿਵੇਂ ਵਿਦਿਆਰਥੀ ਦੀਆਂ ਮਾੜੀਆਂ ਕਰਤੂਤਾਂ ਕਾਰਨ ਅਧਿਆਪਕ ਨੂੰ ਫਿਟਕਾਰ ਪਾਈ ਜਾਂਦੀ ਹੈ, ਬੱਚਿਆਂ ਦੀਆਂ ਗ਼ਲਤੀਆਂ ਕਾਰਨ ਮਾਪਿਆਂ ਨੂੰ ਕੋਸਿਆ ਜਾਂਦਾ ਹੈ, ਇਸੇ ਤਰ੍ਹਾਂ ਸਾਡੀਆਂ ਕਰਤੂਤਾਂ ਕਾਰਨ ਅਵਤਾਰਾਂ, ਪੈਗ਼ੰਬਰਾਂ ਅਤੇ ਗੁਰੂਆਂ ਨੂੰ ਵੀ ਸ਼ਰਮਿੰਦਗੀ ਉਠਾਉਣੀ ਪੈਂਦੀ ਹੈ। ਅਸੀਂ ਐਸੇ ਕੰਮ ਕਰਨੇ ਹਨ ਕਿ ਹਰ ਕਿਸੇ ਦਾ ਸਿਰ ਫ਼ਖ਼ਰ ਨਾਲ ਉੱਚਾ ਹੋ ਉੱਠੇ ਅਤੇ ਐਸੀਆਂ ਪ੍ਰਸਥਿਤੀਆਂ ਸਥਾਪਿਤ ਕਰਨ ਲਈ ਅਸੀਂ ਅੱਜ ਤੋਂ ਹੀ ਯਤਨ ਸ਼ੁਰੂ ਕਰ ਦੇਣੇ ਹਨ। ਕੱਲ੍ਹ ਤੱਕ ਕੁਝ ਨਹੀਂ ਛੱਡਣਾ।

## ਰੱਬ ਖ਼ੁਸ਼ ਹੋ ਜਾਏ ਸਮਝੋ ਰੱਬ ਦੀ ਪੂਜਾ ਹੋ ਗਈ

ਅਸੀਂ ਰੱਬ ਦੀ ਪੂਜਾ ਕਰਨ ਲਈ ਜੋ ਢੰਗ ਤਰੀਕੇ ਅਪਣਾਏ ਹਨ, ਇਹ ਸਿਵਾਏ ਕਰਮ ਕਾਂਡਾਂ ਦੇ ਹੋਰ ਕੁਝ ਵੀ ਨਹੀਂ ਹੈ। ਰੱਬ ਆਪਣੀ ਵਡਿਆਈ ਨਹੀਂ ਚਾਹੁੰਦਾ, ਰੱਬ ਐਸਾ ਵੀ ਨਹੀਂ ਚਾਹੁੰਦਾ ਕਿ ਅਸੀਂ ਉਸ ਦੇ ਸਾਹਮਣੇ ਖੜ੍ਹੇ ਹੋ ਕੇ ਉਸ ਦਾ ਸ਼ੁਕਰਾਨਾ ਹੀ ਕਰਦੇ ਰਹੀਏ। ਰੱਬ ਨੇ ਸਾਨੂੰ ਸੰਪੂਰਨ ਮਨੁੱਖ ਬਣਾ ਕੇ ਭੇਜਿਆ ਹੈ ਅਤੇ ਹਮੇਸ਼ਾਂ ਸਾਡੀਆਂ ਕਰਨੀਆਂ ਉੱਤੇ ਨਜ਼ਰ ਰੱਖੀ ਬੈਠਾ ਹੈ। ਅਗਰ ਅਸੀਂ ਸਾਰੇ ਥਾਪੇ ਹੋਏ ਕਰਮ ਕਾਂਡ ਤਾਂ ਪੂਰੇ ਕਰਦੇ ਆ ਰਹੇ ਹਾਂ ਪਰ ਅਸੀਂ ਆਪਣੀਆਂ ਕਰਨੀਆਂ ਸਹੀ ਨਹੀਂ ਕਰ ਸਕੇ, ਲੋਕਾਂ ਪ੍ਰਤੀ ਸਾਡੇ ਮਨ ਅੰਦਰ ਨਫ਼ਰਤ ਹੈ, ਲੋਕਾਂ ਨੂੰ ਅਸੀਂ ਦੁਸ਼ਮਣ ਬਣਾਈ ਫਿਰਦੇ ਹਾਂ, ਰੱਬ ਦੇ ਬਣਾਏ ਲੋਕਾਂ ਨੂੰ ਅਸੀਂ ਡਰਾਉਂਦੇ ਫਿਰਦੇ ਹਾਂ ਅਤੇ ਤੁਕੜਿਆਂ ਪਾਸੋਂ ਆਪ ਵੀ ਡਰਦੇ ਫਿਰਦੇ ਹਾਂ, ਤਾਂ ਅਸੀਂ ਰੱਬ ਤੋਂ ਦੂਰ ਜਾ ਰਹੇ ਹਾਂ। ਇਹ ਸਾਡੇ ਆਲੇ-ਦੁਆਲੇ ਵਸਦੇ ਲੋਕੀਂ ਸਾਡੇ ਲਈ ਪ੍ਰਾਰਥਨਾ ਕਰਨ ਤਾਂ ਰੱਬ ਸਾਨੂੰ ਉਹ ਕੁਝ ਦੇ ਦੇਵੇਗਾ ਜਿਸ ਬਾਰੇ ਅਸੀਂ ਅੱਜ ਤੱਕ ਕਦੀ ਸੋਚਿਆ ਵੀ ਨਹੀਂ ਹੁੰਦਾ। ਸਾਡੀ ਆਪਣੀ ਪ੍ਰਾਰਥਨਾ ਪਤਾ ਨਹੀਂ ਪੂਰੀ ਹੋਣੀ ਹੈ ਜਾਂ ਨਹੀਂ ਹੋਣੀ ਪਰ ਜਦੋਂ ਅਸੀਂ ਕਿਸੇ ਦਾ ਭਲਾ ਕਰ ਬੈਠਦੇ ਹਾਂ ਅਤੇ ਉਹ ਸਾਡੇ ਬਾਰੇ ਪ੍ਰਾਰਥਨਾ ਕਰਦਾ ਹੈ ਤਾਂ ਰੱਬ ਨੂੰ ਵੀ ਉਸ ਦੀ ਪ੍ਰਾਰਥਨਾ ਵੱਲ ਧਿਆਨ ਦੇਣਾ ਪੈਂਦਾ ਹੈ। ਅਸੀਂ ਆਪ ਪ੍ਰਾਰਥਨਾ ਉੱਤੇ ਬਹੁਤਾ ਸਮਾਂ ਨਸ਼ਟ ਕਰਨ ਦੀ ਬਜਾਏ ਕਿਸੇ ਲਈ ਕੋਈ ਐਸਾ ਕੰਮ ਕਰ ਦਿਖਾਈਏ ਕਿ ਉਹ ਸਾਡੇ ਲਈ ਪ੍ਰਾਰਥਨਾ ਕਰੇ। ਸਾਡੇ ਪਾਸ ਬਹੁਤ ਸਾਰਾ ਵਕਤ ਹੈ ਅਤੇ ਵਸੀਲੇ ਵੀ ਹਨ ਜਦੋਂ ਅਸੀਂ ਕਿਸੇ ਲਈ ਕੁਝ ਕਰਕੇ ਉਸ ਦੀਆਂ ਪ੍ਰਾਰਥਨਾਵਾਂ ਪ੍ਰਾਪਤ ਕਰਦੇ ਹਾਂ। ਐਸੀਆਂ ਪ੍ਰਸਥਿਤੀਆਂ ਪੈਦਾ ਕਰਨ ਦੀ ਜ਼ਰੂਰਤ ਨਹੀਂ ਹੁੰਦੀ। ਬਹੁਤ ਹੀ ਲੋੜਵੰਦ ਦੀ ਮੱਦਦ ਹੋ ਜਾਵੇ ਤਾਂ ਇਕ ਵਾਰੀ ਉਹ ਅੰਦਰੋਂ-ਬਾਹਰੋਂ ਸਾਡੇ ਲਈ ਰੱਬ ਅੱਗੇ ਅਰਦਾਸ ਕਰਨ ਲਈ ਮਜਬੂਰ ਹੋ ਜਾਂਦਾ ਹੈ।

## ਮਿਠਾਸ ਕਾਇਮ ਰੱਖੋ

ਰੱਬ ਨੇ ਮਨੁੱਖ ਨੂੰ ਬਹੁਤ ਹੀ ਮਿਹਨਤ ਨਾਲ ਬਣਾਇਆ ਲੱਗਦਾ ਹੈ। ਮਨੁੱਖ ਆਪਣੀਆਂ ਕਰਨੀਆਂ, ਆਪਣੇ ਵਤੀਰੇ ਨਾਲ ਅਤੇ ਆਪਣੇ ਬੋਲਾਂ ਰਾਹੀਂ ਆਪਣੀ ਹੋਂਦ ਕਾਇਮ ਕਰ ਸਕਦਾ ਹੈ। ਪਾਲਤੂ ਜਾਨਵਰ ਵੀ ਸਾਨੂੰ ਉਹੀ ਚੰਗਾ ਲੱਗਦਾ ਹੈ ਜੋ ਸਾਡੀ ਮਿਠਾਸ ਕਬੂਲਦਾ ਹੈ। ਅਸੀਂ ਅਗਰ ਜਾਨਵਰਾਂ ਪਾਸੋਂ ਵੀ ਮਿੱਠੇ ਵਤੀਰੇ ਦੀ ਆਸ ਰੱਖਦੇ ਹਾਂ ਤਾਂ ਆਦਮੀ, ਆਦਮੀ ਪਾਸੋਂ ਵੀ ਮਿੱਠੇ ਬੋਲਾਂ, ਮਿੱਠੇ ਵਤੀਰੇ ਅਤੇ ਮਿੱਠੀਆਂ ਕਰਨੀਆਂ ਦੀ ਆਸ ਰੱਖਦਾ ਹੈ। ਅਸੀਂ ਅਗਰ ਆਪਣੇ ਆਲੇ-ਦੁਆਲੇ ਦੇ ਲੋਕਾਂ ਵਿੱਚ ਆਪਣੀ ਹੋਂਦ ਕਾਇਮ ਕਰਨਾ ਚਾਹੁੰਦੇ ਹਾਂ, ਅਗਰ ਅਸੀਂ ਚਾਹੁੰਦੇ ਹਾਂ ਕਿ ਹਰ ਕੋਈ ਸਾਨੂੰ ਪਿਆਰ ਕਰੇ, ਹਰ ਕੋਈ ਸਾਡਾ ਸਤਿਕਾਰ ਕਰੇ ਤਾਂ ਐਸੀ ਸ਼ੁਰੂਆਤ ਸਾਨੂੰ ਆਪਣੇ ਆਪ ਤੋਂ ਕਰਨੀ ਪਵੇਗੀ। ਇਹ ਦੁਨੀਆਂ ਤਾਂ ਉਹੀ ਕੁਝ ਪ੍ਰਤੀਕਰਮ ਵਜੋਂ ਸਾਡੇ ਨਾਲ ਕਰਦੀ ਹੈ ਜੈਸਾ ਅਸੀਂ ਉਨ੍ਹਾਂ ਨਾਲ ਕਰਦੇ ਹਾਂ। ਜਿਸ ਕਿਸੇ ਪਾਸੋਂ ਅਸੀਂ ਪਿਆਰ, ਸਤਿਕਾਰ ਦੀ ਆਸ ਰੱਖਦੇ ਹਾਂ, ਉਸ ਨੂੰ ਪਿਆਰ ਕਰਨ ਅਤੇ ਉਸ ਦਾ ਸਤਿਕਾਰ ਕਰਨ ਦਾ ਸਿਲਸਿਲਾ ਅਸੀਂ ਆਪ ਜਾਰੀ ਕਰਨਾ ਹੈ। ਅਗਰ ਅਸੀਂ ਚਾਹੁੰਦੇ ਹਾਂ ਕਿ ਹਰ ਕੋਈ ਸਾਡੇ ਨਾਲ ਮਿੱਠਾ ਬੋਲੇ, ਉੱਚੇ ਸ਼ਬਦਾਂ ਦੀ ਵਰਤੋਂ ਨਾ ਕਰੇ, ਕੁਰੱਖ਼ਤ ਹੋ ਕੇ ਸਾਡੇ ਨਾਲ ਗੱਲ ਨਾ ਕਰੇ ਤਾਂ

ਇਹ ਸਿਲਸਿਲਾ ਵੀ ਅਸੀਂ ਆਪ ਜਾਰੀ ਕਰਨਾ ਹੈ। ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਮਾੜੇ ਸ਼ਬਦਾਂ ਦਾ ਪ੍ਰਤੀਕਰਮ ਵੀ ਮਾੜੇ ਸ਼ਬਦ ਹੀ ਹੋਣਗੇ। ਅਗਰ ਅਸੀਂ ਕਿਸੇ ਆਦਮੀ ਨਾਲ ਕੁਰੱਖ਼ਤ ਹੋ ਕੇ ਬੋਲਦੇ ਹਾਂ ਤਾਂ ਉਦੋਂ ਉਹ ਡਰਦਾ ਅਗਰ ਚੁੱਪ ਰਹਿੰਦਾ ਹੈ ਤਾਂ ਇਸ ਦਾ ਮਤਲਬ ਕਦੀ ਵੀ ਇਹ ਨਹੀਂ ਸਮਝ ਲੈਣਾ ਚਾਹੀਦਾ ਹੈ ਕਿ ਉਸ ਆਦਮੀ ਨੇ ਸਾਡੇ ਕੁਰੱਖਤ ਸ਼ਬਦਾਂ ਨੂੰ ਸਵੀਕਾਰ ਕਰ ਲਿਆ ਹੈ। ਉਸ ਦੇ ਮਨ ਅੰਦਰ ਸਾਡੇ ਲਈ ਨਫ਼ਰਤ ਬਣ ਆਵੇਗੀ ਅਤੇ ਉਹ ਆਪ ਕੋਸ਼ਿਸ਼ ਕਰਕੇ ਵੀ ਆਪਣੇ ਮਨ ਅੰਦਰ ਬਣ ਆਈ ਨਫ਼ਰਤ ਨੂੰ ਨਹੀਂ ਕੱਢ ਸਕਦਾ। ਇਹ ਸਾਡੇ ਤੱਕ ਨਿਰਭਰ ਕਰਦਾ ਹੈ ਕਿ ਅਸੀਂ ਹਰਮਨ ਪਿਆਰੇ ਬਣ ਕੇ ਪ੍ਰਗਟ ਹੋਣਾ ਹੈ ਕਿ ਅਸੀਂ ਆਪਣੇ ਆਲੇ-ਦੁਆਲੇ ਐਸੇ ਬੰਦਿਆਂ ਦੀ ਭੀੜ ਇਕੱਠੀ ਕਰਨੀ ਹੈ ਜੋ ਸਾਨੂੰ ਨਫ਼ਰਤ ਕਰਦੇ ਹੋਣ। ਸਭ ਤੋਂ ਪਹਿਲਾਂ ਅਸੀਂ ਹਰੇਕ ਨਾਲ ਮਿੱਠਾ ਵਿਉਹਾਰ ਕਰਨਾ ਸ਼ੁਰੂ ਕਰਨਾ ਹੈ ਅਤੇ ਇਹ ਮਿੱਠੇ ਬੋਲਾਂ ਨਾਲ ਪੈਦਾ ਕੀਤਾ ਜਾ ਸਕਦਾ ਹੈ।

## ਅਸੀਂ ਅਧਿਆਤਮਕਵਾਦੀ ਬਣਨਾ ਹੈ

ਅਸੀਂ ਆਪਣੇ ਅੰਦਰ ਸਬਰ, ਦੂਜਿਆਂ ਦੀਆਂ ਭਾਵਨਾਵਾਂ ਸਮਝਣ, ਆਪਣੇ ਆਪ ਉੱਤੇ ਕਾਬੂ ਪਾਉਣ, ਰੱਬ ਦੇ ਬੰਦਿਆਂ ਨਾਲ ਪਿਆਰ, ਰੱਬ ਦੀਆਂ ਕਰਨੀਆਂ ਉੱਤੇ ਵਿਸ਼ਵਾਸ, ਰੱਬ ਦਾ ਹੁਕਮ ਸਵੀਕਾਰ ਕਰਨਾ ਅਤੇ ਡੋਲਣਾ ਨਾ, ਕਿਸੇ ਦਾ ਹੱਕ ਨਾ ਮਾਰਨਾ, ਹਰ ਕਿਸੇ ਨੂੰ ਰੱਬ ਦਾ ਬੰਦਾ ਸਮਝ ਕੇ ਪਿਆਰ ਕਰਨਾ, ਪਾਪਾਂ ਤੋਂ ਬਚਣਾ ਆਦਿ ਕੁਝ ਗੁਣ ਹਨ ਜੋ ਹਰ ਆਦਮੀ ਅਪਣਾ ਸਕਦਾ ਹੈ। ਅਸੀਂ ਅਗਰ ਆਖੀਏ ਕਿ ਹਜ਼ਾਰ ਕਸੂਰ ਹੋਣ ਦੇ ਬਾਵਜੂਦ ਇਹ ਸਾਰੇ ਗੁਣ ਸਾਡੇ ਅੰਦਰ ਮੌਜੂਦ ਹਨ ਤਾਂ ਐਸਾ ਆਖਣਾ ਅਤਿਕਥਨੀ ਨਹੀਂ ਹੈ। ਅਸੀਂ ਹਰੇਕ ਅਧਿਆਤਮਕਵਾਦੀ ਹਾਂ, ਰੱਬ ਸਾਡੇ ਅੰਦਰ ਮੌਜੂਦ ਹੈ ਅਤੇ ਸਾਡੀ ਅਗਵਾਈ ਕਰ ਰਿਹਾ ਹੈ। ਅਸੀਂ ਹਰ ਪਾਪ ਕਰਨ ਤੋਂ ਪਹਿਲਾਂ ਜ਼ਰੂਰ ਸੋਚਦੇ ਹਾਂ ਕਿ ਪਾਪ ਨਾ ਕੀਤਾ ਜਾਵੇ ਪਰ ਅਗਰ ਸ਼ੈਤਾਨ ਵਸ ਹੋ ਕੇ ਅਸੀਂ ਪਾਪ ਕਰ ਵੀ ਲੈਂਦੇ ਹਾਂ ਤਾਂ ਅਸੀਂ ਪਛਤਾਉਂਦੇ ਹਾਂ ਅਤੇ ਕੀਤੇ ਪਾਪ ਨੂੰ ਛੁਪਾਉਂਦੇ ਫਿਰਦੇ ਹਾਂ। ਅਸੀਂ ਅੰਦਰੋਂ ਕੁਝ ਵੀ ਪਏ ਹੋਈਏ ਅਸੀਂ ਕੋਸ਼ਿਸ਼ ਕਰ ਰਹੇ ਹੁੰਦੇ ਹਾਂ ਕਿ ਸਾਡੀਆਂ ਬਾਹਰੀ ਹਰਕਤਾਂ ਐਸੇ ਢੰਗ ਨਾਲ ਚਲਾਈਆਂ ਜਾਣ ਜਿਸ ਕਾਰਨ ਸਾਡੀ ਵਧੀਆ ਸ਼ੋਭਾ ਬਣ ਆਵੇ। ਮਾੜਾ ਕਰਮ ਕਰਕੇ ਜਦੋਂ ਅਸੀਂ ਪਛਤਾਉਂਦੇ ਹਾਂ ਤਾਂ ਇਸ ਦਾ ਸਾਫ਼ ਮਤਲਬ ਇਹੀ ਨਿਕਲਦਾ ਹੈ ਕਿ ਅਸੀਂ ਮੂਲ ਰੂਪ ਵਿੱਚ ਅਧਿਆਤਮਕਵਾਦੀ ਹਾਂ। ਸਾਨੂੰ ਕਿਸੇ ਪਾਸ ਜਾ ਕੇ ਅਧਿਆਤਮਕਵਾਦ ਸਿੱਖਣ ਦੀ ਜ਼ਰੂਰਤ ਨਹੀਂ ਹੈ। ਸਾਡੇ ਅੰਦਰ ਰੱਬ ਆਪ ਆਤਮਾ ਦੇ ਰੂਪ ਵਿੱਚ ਹਾਜ਼ਰ ਹੈ ਅਤੇ ਆਤਮਾ ਦੀ ਆਵਾਜ਼ ਸੁਣ ਕੇ ਅਸੀਂ ਜੋ ਕੁਝ ਵੀ ਕਰਦੇ ਹਾਂ ਉਹ ਸਾਰਾ ਕੁਝ ਹੀ ਅਧਿਆਤਮਕਵਾਦ ਹੈ। ਅਸੀਂ ਸਾਰੇ ਅਧਿਆਤਮਕਵਾਦੀ ਹਾਂ। ਅਗਰ ਕੋਈ ਬਹੁਤਾ ਦਿਖਾਵਾ ਕਰਕੇ ਸਾਨੂੰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਪਿਆ ਕਰਦਾ ਹੈ ਤਾਂ ਉਹ ਸਵਾਰਥੀ ਹੈ। ਉਸ ਦਾ ਉਦੇਸ਼ ਕੁਝ ਹੋਰ ਹੈ। ਅਗਰ ਅਸੀਂ ਅਗਿਆਨੀ ਬਣ ਕੇ ਕਿਸੇ ਮਗਰ ਤੁਰ ਪੈਂਦੇ ਹਾਂ ਤਾਂ ਅਸੀਂ ਅਧਿਆਤਮਕਵਾਦ ਤੋਂ ਦੂਰ ਤਾਂ ਜਾ ਸਕਦੇ ਹਾਂ ਪਰ ਅਧਿਆਤਮਕਵਾਦੀ ਨਹੀਂ ਬਣ ਸਕਦੇ। ਹਰ ਚੰਗਾ ਕਰਮ, ਹਰ ਚੰਗੀ ਸੋਚ ਅਧਿਆਤਮਕਵਾਦ ਕੋਈ ਮੁਸ਼ਕਿਲ ਸਮੱਸਿਆ ਨਹੀਂ ਹੈ।

## ਅਸੀਂ ਆਪਣਾ ਮਕਸਦ ਪੂਰਾ ਕਰਨਾ ਹੈ

ਅਸੀਂ ਆਪਣੇ ਆਪ ਬਾਰੇ ਸੋਚਣਾ ਹੈ। ਅਸੀਂ ਐਵੇਂ ਹੀ ਇਸ ਦੁਨੀਆਂ ਵਿੱਚ ਨਹੀਂ ਆਏ ਹਾਂ। ਐਸਾ ਕਦੀ ਹੋ ਹੀ ਨਹੀਂ ਸਕਦਾ ਕਿ ਰੱਬ ਫ਼ਜ਼ੂਲ ਦੀਆਂ ਹੋਂਦਾਂ ਕਾਇਮ ਕਰਦਾ ਹੋਵੇ। ਰੱਬ ਦੇ ਕਾਰਖ਼ਾਨੇ ਵਿੱਚੋਂ ਕਬਾੜ ਪੈਦਾ ਨਹੀਂ ਹੁੰਦਾ, ਹਰ ਸ਼ੈਅ ਅਸਲੀ ਹੈ, ਹਰ ਸ਼ੈਅ ਦਾ ਕੋਈ ਮਕਸਦ ਹੈ ਅਤੇ ਫਿਰ ਅਸੀਂ ਆਦਮੀ ਹਾਂ, ਸਾਡੀ ਹੋਂਦ ਫ਼ਜ਼ੂਲ ਨਹੀਂ ਹੈ। ਅਸੀਂ ਕਿਸੇ ਨਾ ਕਿਸੇ ਮਕਸਦ ਦੀ ਪੂਰਤੀ ਲਈ ਇਸ ਦੁਨੀਆਂ ਵਿੱਚ ਭੇਜੇ ਗਏ ਹਾਂ। ਸਾਡੇ ਵਿੱਚੋਂ ਬਹੁਤ ਹੀ ਘੱਟ ਐਸੇ ਲੋਕੀਂ ਹਨ ਜੋ ਸਵੈ-ਪੜਚੋਲ ਕਰਕੇ ਆਪਣੇ ਉਸ ਮਕਸਦ ਦੀ ਸ਼ਨਾਖ਼ਤ ਕਰ ਲੈਂਦੇ ਹਨ ਜਿਸ ਮਕਸਦ ਦੀ ਪੂਰਤੀ ਲਈ ਪਰਮ ਪਿਤਾ ਪ੍ਰਮਾਤਮਾ ਨੇ ਉਨ੍ਹਾਂ ਨੂੰ ਇਸ ਦੁਨੀਆਂ ਵਿੱਚ ਭੇਜਿਆ ਹੈ। ਬਹੁਤ ਹੀ ਘੱਟ ਲੋਕੀਂ ਹਨ ਜੋ ਆਪਣੇ ਲਈ ਨਿਰਧਾਰਤ ਟੀਚੇ ਦੀ ਪਛਾਣ ਕਰਨ ਬਾਅਦ ਵੀ ਅਗਰ ਆਪਣਾ ਟੀਚਾ ਪੂਰਾ ਕਰਨ ਲਈ ਨਾ ਤਾਂ ਯਤਨ ਕਰਦੇ ਹਨ ਅਤੇ ਨਾ ਹੀ ਸੰਘਰਸ਼ ਕਰਦੇ ਹਨ ਤਾਂ ਉਹ ਇਸ ਦੁਨੀਆਂ ਅੰਦਰ ਵੀ ਸ਼ਰਮਿੰਦਾ ਹਨ ਅਤੇ ਮਰਨ ਬਾਅਦ ਰੱਬ ਦੇ ਦਰਬਾਰ ਵਿੱਚ ਵੀ ਉਹਨਾਂ ਨੂੰ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪਵੇਗਾ। ਸਾਡੇ ਜੀਵਨ ਦਾ ਪਹਿਲਾ ਕੰਮ ਇਹ ਹੋਣਾ ਚਾਹੀਦਾ ਹੈ ਕਿ ਅਸੀਂ ਆਪਣੇ ਜੀਵਨ, ਉਦੇਸ਼ ਦੀ ਸ਼ਨਾਖਤ ਕਰੀਏ। ਉਦੇਸ਼ ਬਗ਼ੈਰ ਜਿਊਣ ਵਾਲੇ ਲੋਕੀਂ ਸਦਾ ਹੀ ਭਟਕਦੇ ਫਿਰਦੇ ਹਨ, ਉਹ ਆਪਣੇ ਆਪ ਨੂੰ ਸਹੀ ਸੇਧ ਨਹੀਂ ਦੇ ਪਾਉਂਦੇ। ਆਪ ਵੀ ਦੁੱਖੀ ਹੁੰਦੇ ਹਨ ਅਤੇ ਉਨ੍ਹਾਂ ਨਾਲ ਜੁੜੇ ਬਾਕੀ ਆਦਮੀਆਂ ਨੂੰ ਵੀ ਦੁੱਖ ਉਠਾਉਣਾ ਪੈਂਦਾ ਹੈ।

## ਰੱਬ ਉੱਤੇ ਓਟ ਰੱਖੋ

ਵੈਸੇ ਰੱਬ ਹੀ ਸਾਡਾ ਅੰਤਿਮ ਸਹਾਰਾ ਹੈ। ਅਸੀਂ ਜੋ ਕੁਝ ਵੀ ਮੰਗਣਾ ਹੈ, ਰੱਬ ਪਾਸੋਂ ਮੰਗਣਾ ਹੈ ਅਤੇ ਸਾਨੂੰ ਇਹ ਵੀ ਸਮਝ ਆ ਜਾਣੀ ਚਾਹੀਦੀ ਹੈ ਕਿ ਰੱਬ ਨੇ ਇਸ ਦੁਨੀਆਂ ਵਿੱਚ ਜਿਤਨੇ ਵੀ ਬੰਦੇ ਭੇਜੇ ਹਨ ਉਹ ਸਾਰੇ ਰੱਬ ਦੇ ਏਜੰਟ ਹਨ। ਰੱਬ ਨੇ ਜੋ ਕੁਝ ਵੀ ਕਰਨਾ ਜਾਂ ਕਰਾਉਣਾ ਹੁੰਦਾ ਹੈ ਉਹ ਬੰਦਿਆਂ ਰਾਹੀਂ ਕਰਾਉਂਦਾ ਹੈ। ਸਾਨੂੰ ਜਦ ਵੀ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਅਸੀਂ ਉਨ੍ਹਾਂ ਆਦਮੀਆਂ ਦੀ ਸ਼ਨਾਖ਼ਤ ਕਰਦੇ ਹਾਂ ਜੋ ਸਾਡੀ ਸਮੱਸਿਆ ਹੱਲ ਕਰਨ ਵਿੱਚ ਸਾਡੀ ਸਹਾਇਤਾ ਕਰ ਸਕਦੇ ਹਨ ਅਤੇ ਅਸੀਂ ਜਦੋਂ ਉਨ੍ਹਾਂ ਪਾਸ ਜਾਂਦੇ ਹਾਂ ਤਾਂ ਸਾਡੀ ਸਮੱਸਿਆ ਕਾਫ਼ੀ ਹੱਦ ਤੱਕ ਹੱਲ ਵੀ ਹੋ ਜਾਂਦੀ ਹੈ। ਇਕ ਆਦਮੀ ਪਾਸੋਂ ਹੱਲ ਨਹੀਂ ਹੁੰਦੀ ਤਾਂ ਅਸੀਂ ਦੂਜੇ ਆਦਮੀ ਦੀ ਭਾਲ ਕਰਦੇ ਹਾਂ, ਫਿਰ ਕਿਸੇ ਹੋਰ ਦੀ ਭਾਲ ਕਰਦੇ ਹਾਂ ਅਤੇ ਕਈ ਵਾਰ ਕੋਈ ਐਸਾ ਆਦਮੀ ਹੀ ਸਾਡੀ ਮੱਦਦ ਕਰ ਦਿੰਦਾ ਹੈ ਜਿਸ ਪਾਸ ਅਸੀਂ ਮੱਦਦ ਪ੍ਰਾਪਤ ਕਰਨ ਲਈ ਆਏ ਹੀ ਨਹੀਂ ਹੁੰਦੇ। ਉਸ ਪਾਸੋਂ ਵੀ ਸਾਡੀ ਮੱਦਦ ਰੱਬ ਆਪ ਕਰਾਉਂਦਾ ਹੈ। ਇਹ ਨਵਾਂ ਆਦਮੀ ਵੀ ਸਾਡੇ ਜਾਣੇ-ਪਛਾਣੇ ਲੋਕਾਂ ਦੀ ਸੂਚੀ ਵਿੱਚ ਸ਼ਾਮਲ ਹੋ ਜਾਂਦਾ ਹੈ ਅਤੇ ਅੱਗੋਂ ਲਈ ਅਸੀਂ ਇਸ ਆਦਮੀ ਦਾ ਵੀ ਸਤਿਕਾਰ ਕਰਨ ਲੱਗ ਪੈਂਦੇ ਹਾਂ। ਰੱਬ ਕਰਤਾ ਧਰਤਾ ਹੈ ਪਰ ਜੋ ਕੁਝ ਵੀ ਕਰਾਉਂਦਾ ਹੈ ਬੰਦਿਆਂ ਰਾਹੀਂ ਕਰਾਉਂਦਾ ਹੈ। ਅਸੀਂ ਵੀ ਜਦੋਂ ਕਿਸੇ ਆਦਮੀ ਦੀ ਮੱਦਦ ਕਰਦੇ ਹਾਂ ਤਾਂ ਇਹ ਵੀ ਅਸੀਂ ਕਿਸੇ ਉੱਤੇ ਅਹਿਸਾਨ ਨਹੀਂ ਕਰਦੇ, ਬਲਕਿ ਰੱਬ ਦਾ ਹੁਕਮ ਹੀ ਐਸਾ ਸੀ ਅਤੇ ਅਸੀਂ ਰੱਬ ਦਾ ਹੁਕਮ ਬਜਾ ਲੈਂਦੇ ਹਾਂ। ਅਸੀਂ ਸਾਰਿਆਂ ਨੇ ਇਹ ਸਮਾਜ

ਬਣਾ ਰੱਖਿਆ ਹੈ ਅਤੇ ਕਿੱਧਰੇ ਦੋਸਤੀਆਂ ਅਤੇ ਕਿੱਧਰੇ ਵਾਕਫ਼ੀਆਂ ਰਾਹੀਂ ਅਸੀਂ ਇਕ ਦੂਜੇ ਨਾਲ ਜੁੜੇ ਹੋਏ ਹਾਂ। ਅਸੀਂ ਸਾਰੇ ਇਕ ਦੂਜੇ ਲਈ ਬਹੁਤ ਕੁਝ ਕਰ ਰਹੇ ਹਾਂ ਅਤੇ ਅਸੀਂ ਅੱਜ ਜਿਨ੍ਹਾਂ ਕਾਢਾਂ, ਜਿਨ੍ਹਾਂ ਖੋਜਾਂ ਅਤੇ ਜਿਨ੍ਹਾਂ ਆਵਿਸ਼ਕਾਰਾਂ ਦਾ ਆਨੰਦ ਮਾਣ ਰਹੇ ਹਾਂ, ਇਹ ਸਾਰਾ ਕੁਝ ਵੀ ਰੱਬ ਨੇ ਆਪਣੇ ਬੰਦਿਆਂ ਰਾਹੀਂ ਕਰਵਾਇਆ ਹੈ ਅਤੇ ਇਹ ਸਿਲਸਿਲਾ ਜਾਰੀ ਹੈ।

## ਜੋ ਇੱਛਾ ਕਰਦੇ ਹੋ ਉਸ ਦੇ ਕਾਬਲ ਬਣੋ

ਰੱਬ ਪਾਸੋਂ ਵੀ ਅਗਰ ਅਸੀਂ ਕੁੱਝ ਮੰਗਦੇ ਹਾਂ ਤਾਂ ਪਹਿਲਾਂ ਇਹ ਜ਼ਰੂਰੀ ਹੈ ਕਿ ਅਸੀਂ ਉਸ ਦੇ ਕਾਬਲ ਬਣੀਏ। ਹਰੇਕ ਸ਼ੈਅ ਦੀ ਇੱਛਾ ਕਰਨ ਤੋਂ ਪਹਿਲਾਂ ਉਸ ਸ਼ੈਅ ਦੇ ਯੋਗ ਬਣਨਾ ਚਾਹੀਦਾ ਹੈ। ਰੱਬ ਪਾਸੋਂ ਵੀ ਦਾਨ ਨਹੀਂ ਮੰਗਣਾ ਚਾਹੀਦਾ ਬਲਕਿ ਆਪਣਾ ਹੱਕ ਮੰਗਣਾ ਚਾਹੀਦਾ ਹੈ। ਅਗਰ ਅਸੀਂ ਆਪਣੇ ਆਪ ਅੰਦਰ ਐਸਾ ਵਿਸ਼ਵਾਸ ਪੈਦਾ ਕਰ ਲੈਂਦੇ ਹਾਂ ਕਿ ਰੱਬ ਵੀ ਦਾਨ ਨਹੀਂ ਦਿੰਦਾ ਬਲਕਿ ਹੱਕ ਦਿੰਦਾ ਹੈ ਤਾਂ ਸਾਡੀਆਂ ਮੰਗਾਂ ਦੀ ਸੂਚੀ ਵੀ ਘੱਟ ਜਾਵੇਗੀ ਅਤੇ ਸਾਨੂੰ ਨਿਰਾਸ਼ਾ ਵੀ ਨਹੀਂ ਹੋਵੇਗੀ। ਨਿਰਾਸ਼ਾ ਉਦੋਂ ਹੀ ਹੁੰਦੀ ਹੈ ਜਦੋਂ ਸਾਡੀਆਂ ਮੰਗਾਂ ਦੀ ਸੂਚੀ ਵੱਡੀ ਹੁੰਦੀ ਜਾਵੇ ਅਤੇ ਉਹ ਮੰਗਾਂ ਪੂਰੀਆਂ ਨਾ ਹੋ ਰਹੀਆਂ ਹੋਣ। ਵੈਸੇ ਤਾਂ ਸਾਡਾ ਕੰਮ ਹੈ ਆਪਣੇ ਆਪ ਨੂੰ ਹਰ ਸ਼ੈਅ ਦੇ ਕਾਬਲ ਬਣਾਉਣਾ ਅਤੇ ਫਿਰ ਵੀ ਅਗਰ ਸਾਨੂੰ ਉਹ ਸ਼ੈਅ ਜਾਂ ਪਦਵੀ ਪ੍ਰਾਪਤ ਨਹੀਂ ਹੁੰਦੀ ਤਾਂ ਐਸੀ ਗੱਲ ਨੂੰ ਰੱਬ ਦਾ ਭਾਣਾ, ਰੱਬ ਦੀ ਰਜ਼ਾ ਸਮਝ ਕੇ ਬਰਦਾਸ਼ਤ ਕਰ ਲੈਣਾ ਚਾਹੀਦਾ ਹੈ। ਨਿਰਾਸ਼ ਫਿਰ ਵੀ ਨਹੀਂ ਹੋਣਾ ਚਾਹੀਦਾ, ਸਾਨੂੰ ਇਹ ਸੋਚ ਲੈਣਾ ਚਾਹੀਦਾ ਹੈ ਕਿ ਸਾਡੇ ਨਾਲ ਹੋਰ ਵੀ ਬਹੁਤ ਸਾਰੇ ਲੋਕੀਂ ਉਸ ਸ਼ੈਅ ਅਤੇ ਪਦਵੀ ਦੀ ਪ੍ਰਾਪਤੀ ਲਈ ਸੰਘਰਸ਼ ਕਰ ਰਹੇ ਸਨ। ਜਿਸ ਕਿਸੇ ਨੇ ਜ਼ਿਆਦਾ ਮਿਹਨਤ ਕੀਤੀ ਹੈ, ਉਸ ਨੇ ਉਹ ਸ਼ੈਅ ਅਤੇ ਪਦਵੀ ਪ੍ਰਾਪਤ ਕਰ ਲਈ ਹੈ। ਸਾਡੀ ਮਿਹਨਤ ਵਿੱਚ ਕਿੱਧਰੇ ਨਾ ਕਿੱਧਰੇ ਕੋਈ ਕਮਜ਼ੋਰੀ ਰਹਿ ਗਈ ਹੈ।

ਇਸ ਕਰਕੇ ਅਸੀਂ ਪਛੜ ਗਏ ਹਾਂ, ਨਿਰਾਸ਼ ਹੋਣ ਦੀ ਬਜਾਏ ਸਾਨੂੰ ਉਨ੍ਹਾਂ ਨੁਕਤਿਆਂ ਉੱਤੇ ਵਿਚਾਰ ਕਰਨੀ ਬਣਦੀ ਹੈ ਜੋ ਅਸੀਂ ਪੂਰੇ ਨਹੀਂ ਸਾਂ ਕਰ ਪਾਏ ਅਤੇ ਸਾਨੂੰ ਨਾਕਾਮਯਾਬੀ ਦਾ ਮੂੰਹ ਦੇਖਣਾ ਪਿਆ ਹੈ। ਅਗਰ ਅਸੀਂ ਐਸਾ ਸੋਚਦੇ ਹਾਂ ਤਾਂ ਸਾਡੀਆਂ ਕਮਜ਼ੋਰੀਆਂ ਸਾਡੇ ਸਾਹਮਣੇ ਆ ਜਾਣਗੀਆਂ ਅਤੇ ਨਿਰਾਸ਼ ਹੋਣ ਦੀ ਬਜਾਏ ਸਾਨੂੰ ਇਨ੍ਹਾਂ ਕਮਜ਼ੋਰੀਆਂ ਤੋਂ ਵੱਡਾ ਸਬਕ ਮਿਲੇਗਾ। ਅਗਲੀ ਵਾਰੀ ਅਸੀਂ ਜਦੋਂ ਵੀ ਹਮਲਾਵਾਰ, ਅੱਗੇ ਨਾਲੋਂ ਬਿਹਤਰ ਹੋ ਕੇ ਪ੍ਰਗਟ ਹੋਵਾਂਗੇ ਅਤੇ ਕਾਮਯਾਬੀ ਦੇ ਹੋਰ ਨੇੜੇ ਹੋ ਆਵਾਂਗੇ। ਅਗਰ ਅਸੀਂ ਐਸਾ ਸਿਲਸਿਲਾ ਜਾਰੀ ਕਰਦੇ ਹਾਂ ਤਾਂ ਅਸੀਂ ਪ੍ਰਾਰਥਨਾ ਕਰਨ ਦੀ ਬਜਾਏ ਰੱਬ ਪਾਸੋਂ ਹੱਕ ਮੰਗਣ ਲੱਗ ਪਵਾਂਗੇ ਅਤੇ ਇਹੀ ਬਿਹਤਰ ਤਰੀਕਾ ਹੈ।

## ਮਿੱਠੇ ਬੋਲਾਂ ਤੋਂ ਪਿਆਰ ਪੈਦਾ ਹੁੰਦਾ ਹੈ

ਸਾਡੀ ਸ਼ਕਲ ਸੂਰਤ ਕਿਤਨੀ ਵੀ ਮਨਮੋਹਣੀ ਕਿਉਂ ਨਾ ਹੋਵੇ, ਅਗਰ ਅਸੀਂ ਵਧੀਆ ਢੰਗ ਨਾਲ ਆਪਣੇ ਪਿਆਰ ਦਾ ਪ੍ਰਗਟਾਵਾ ਨਹੀਂ ਕਰ ਸਕਦੇ ਤਾਂ ਸਾਡੀ ਸੁੰਦਰਤਾ ਵੀ ਧਰੀ-ਧਰਾਈ ਰਹਿ ਜਾਂਦੀ ਹੈ। ਪਿਆਰ ਤਾਂ ਪੈਦਾ ਹੀ ਸ਼ਬਦਾਂ ਰਾਹੀਂ ਹੁੰਦਾ ਹੈ। ਅਸੀਂ ਪਿਆਰ ਦੇ ਇਸ ਮੁੱਢ ਦੀ ਸਮਝ ਰੱਖਣੀ ਹੈ। ਜਦੋਂ ਤੱਕ ਅਸੀਂ ਸ਼ਬਦਾਂ ਰਾਹੀਂ ਦੂਜੇ ਦੇ ਮਨ ਅੰਦਰ ਨਹੀਂ ਵੜਦੇ, ਉਦੋਂ ਤੱਕ ਅਸੀਂ ਉਸ ਆਦਮੀ ਦੇ ਪਿਆਰ ਦੇ ਪਾਤਰ

ਨਹੀਂ ਬਣਦੇ। ਅਸੀਂ ਆਪਣੇ ਸ਼ਬਦਾਂ ਅੰਦਰ ਮਿਠਾਸ ਭਰਨੀ ਹੈ। ਸਾਡਾ ਕੋਈ ਹੱਕ ਨਹੀਂ ਬਣਦਾ ਕਿ ਅਸੀਂ ਕਿਸੇ ਨੂੰ ਕੌੜਾ ਬੋਲੀਏ। ਉਸ ਨੇ ਅਗਰ ਸਾਡੀ ਗੱਲ ਨਹੀਂ ਮੰਨੀ ਤਾਂ ਇਸ ਦਾ ਹਮੇਸ਼ਾਂ ਇਹੀ ਮਤਲਬ ਨਹੀਂ ਨਿਕਲਦਾ ਕਿ ਉਹ ਸਾਡੀ ਗੱਲ ਮੰਨਣ ਲਈ ਤਿਆਰ ਹੀ ਨਹੀਂ ਸੀ, ਬਲਕਿ ਸੱਚੀ ਗੱਲ ਤਾਂ ਇਹ ਸੀ ਕਿ ਅਸੀਂ ਉਸ ਨੂੰ ਪਿਆਰ ਨਾਲ ਗੱਲ ਸਮਝਾ ਹੀ ਨਹੀਂ ਸਾਂ ਪਾਏ। ਜਦੋਂ ਅਸੀਂ ਪੂਰੇ ਪਿਆਰ ਨਾਲ ਕਿਸੇ ਦੇ ਜ਼ਿੰਮੇਂ ਕੋਈ ਕੰਮ ਲਗਾਉਂਦੇ ਹਾਂ ਤਾਂ ਉਹ ਕੰਮ ਕਰਨਾ ਫ਼ਖ਼ਰ ਸਮਝਦਾ ਹੈ ਅਤੇ ਆਪਣੀਆਂ ਪ੍ਰਾਪਤੀਆਂ ਵਿੱਚ ਗਿਣਦਾ ਹੈ। ਉਸ ਨੂੰ ਸਾਡੇ ਪਿਆਰ ਭਰੇ ਸ਼ਬਦ ਯਾਦ ਰਹਿੰਦੇ ਹਨ ਅਤੇ ਉਹ ਇਹੀ ਚਾਹੁੰਦਾ ਹੈ ਕਿ ਜੋ ਪਿਆਰ ਭਰੇ ਸ਼ਬਦ ਉਸ ਦੇ ਕੰਨਾਂ ਵਿੱਚ ਇਕ ਵਾਰੀ ਪੁੱਜੇ ਹਨ, ਉਹ ਸਦਾ ਹੀ ਉਸ ਦੇ ਕੰਨਾਂ ਵਿੱਚ ਗੂੰਜਦੇ ਰਹਿਣ। ਕੋਈ ਵੀ ਨਹੀਂ ਚਾਹੁੰਦਾ ਕਿ ਅੱਜ ਜੋ ਪਿਆਰ ਬਣ ਆਇਆ ਹੈ ਉਹ ਕੱਲ੍ਹ ਨਫ਼ਰਤ ਵਿੱਚ ਬਦਲ ਆਵੇ। ਪਿਆਰ ਤਾਂ ਹਰ ਕੋਈ ਚਾਹੁੰਦਾ ਹੈ ਅਤੇ ਪਿਆਰ ਪੱਕਾ ਵੀ ਕਰਨਾ ਚਾਹੀਦਾ ਹੈ। ਸੋ ਆਪਣੇ ਪਿੱਛੇ ਸ਼ਬਦਾਂ ਰਾਹੀਂ ਹਰੇਕ ਦਾ ਪਿਆਰ ਜਿੱਤਣ ਦੀ ਕੋਸ਼ਿਸ਼ ਜਾਰੀ ਰੱਖਣੀ ਚਾਹੀਦੀ ਹੈ ਅਤੇ ਹਰ ਕੋਈ ਆਪਣੀ ਤਾਰੀਫ਼ ਚਾਹੁੰਦਾ ਹੈ। ਪਿਆਰ ਕਰਨ ਦੀ ਪਹਿਲੀ ਪੌੜੀ ਹੈ ਤਾਰੀਫ਼ ਕਰਨਾ ਅਤੇ ਇਹ ਕੰਮ ਬਹੁਤ ਹੀ ਸੌਖਾ ਹੈ। ਅਸੀਂ ਐਸਾ ਪ੍ਰਗਟ ਨਹੀਂ ਹੋਣ ਦੇਣਾ ਕਿ ਅਸੀਂ ਐਵੇਂ ਹੀ ਤਾਰੀਫ਼ਾਂ ਕਰਕੇ ਅਗਲੇ ਦਾ ਉੱਲੂ ਬਣਾ ਰਹੇ ਹਾਂ। ਜਿਸ ਬੰਦੇ ਨੂੰ ਐਸਾ ਸ਼ੱਕ ਪੈ ਜਾਵੇ ਉਹ ਪਿਆਰ ਦੀ ਥਾਂ ਸਾਡੇ ਨਾਲ ਨਫ਼ਰਤ ਕਰਨ ਲੱਗ ਪਵੇਗਾ।

## ਇੱਥੇ ਦੁੱਖ ਬਹੁਤ ਹਨ

ਦੁਨੀਆਂ ਦਾ ਹਰ ਬੰਦਾ ਦੁਖੀ ਹੈ, ਇਸ ਦਾ ਮਤਲਬ ਇਹ ਵੀ ਨਹੀਂ ਹੈ ਕਿ ਦੁਨੀਆਂ ਭਰ ਦੇ ਦੁੱਖ ਉਸ ਨੂੰ ਆ ਲੱਗੇ ਹਨ। ਦੁਨੀਆਂ ਦੇ ਹੋਰ ਲੋਕਾਂ ਦੇ ਦੁੱਖ ਵੀ ਹਨ, ਕਿਸੇ ਨੂੰ ਕੋਈ ਦੁੱਖ ਹੈ ਅਤੇ ਕਿਸੇ ਨੂੰ ਕੋਈ ਦੁੱਖ ਲੱਗਿਆ ਹੋਇਆ ਹੈ। ਹਰ ਕੋਈ ਆਪਣੇ ਦੁੱਖਾਂ ਨੂੰ ਵੱਡਾ ਸਮਝ ਰਿਹਾ ਹੈ। ਦੁੱਖਾਂ ਨੂੰ ਮਹਿਸੂਸ ਕਰਕੇ ਅਸੀਂ ਆਪਣਾ ਜੀਵਨ ਨਰਕ ਬਣਾ ਸਕਦੇ ਹਾਂ। ਅਸੀਂ ਦੁੱਖਾਂ ਦੀਆਂ ਘੜੀਆਂ ਬਰਦਾਸ਼ਤ ਕਰਨੀਆਂ ਹਨ। ਸਾਡੇ ਅੰਦਰ ਇਹ ਆਸ ਬੱਝੀ ਰਹਿਣੀ ਚਾਹੀਦੀ ਹੈ ਕਿ ਅੱਜ ਜੋ ਸਾਡੇ ਸਾਹਮਣੇ ਦੁੱਖ ਹੈ ਇਸ ਦੀ ਮਿਆਦ ਕੋਈ ਜ਼ਿਆਦਾ ਨਹੀਂ ਹੈ। ਕੋਈ ਨਾ ਕੋਈ ਸੁੱਖ ਸਾਡੀ ਦਹਿਲੀਜ਼ ਉੱਤੇ ਖਲੋਣਾ ਹੈ। ਹੋ ਸਕਦਾ ਹੈ ਇਹੀ ਦੁੱਖ ਸਾਡੇ ਕੱਲ੍ਹ ਦੇ ਸੁੱਖ ਦਾ ਆਧਾਰ ਬਣ ਜਾਵੇ। ਹੋ ਸਕਦਾ ਹੈ ਅੱਜ ਜੋ ਦੁੱਖ ਦੀਆਂ ਘੜੀਆਂ ਹਨ ਸਾਨੂੰ ਕੋਈ ਸਬਕ ਸਿਖਾ ਜਾਣ। ਹੋ ਸਕਦਾ ਹੈ, ਇਹ ਦੁੱਖ ਸਾਨੂੰ ਮਜਬੂਤ ਕਰਕੇ ਰੱਖ ਦੇਵੇ। ਹੋ ਸਕਦਾ ਹੈ ਅਸੀਂ ਬਹੁਤ ਸਾਰੇ ਲੋਕਾਂ ਦੀ ਸ਼ਨਾਖਤ ਕਰ ਲਈਏ ਜੋ ਕੱਲ੍ਹ ਸਾਡੇ ਦੋਸਤ ਬਣੇ ਫਿਰਦੇ ਸਨ ਪਰ ਦੁੱਖਾਂ ਦੀਆਂ ਘੜੀਆਂ ਵਿੱਚ ਸਾਡਾ ਸਾਥ ਛੱਡ ਗਏ ਹਨ। ਸੋ ਦੁੱਖਾਂ ਦੀਆਂ ਘੜੀਆਂ ਵਕਤ ਨਿਰਾਸ਼ ਹੋਣ ਦੀ ਬਜਾਏ, ਸਾਨੂੰ ਇਸ ਪਾਸੇ ਵੱਲ ਧਿਆਨ ਦੇਣਾ ਚਾਹੀਦਾ ਹੈ। ਦੁੱਖਾਂ ਦੀਆਂ ਘੜੀਆਂ ਵੀ ਲੰਘ ਜਾਣਗੀਆਂ ਅਤੇ ਇਹ ਵੀ ਸੰਭਵ ਹੈ ਕਿ ਅਸੀਂ ਅੱਗੇ ਨਾਲੋਂ ਬਿਹਤਰ ਇਨਸਾਨ ਬਣ ਕੇ ਨਿਤਰ ਆਈਏ।

## ਰੱਬ ਪਾਸ ਪੁੱਜਣ ਲਈ ਤਿਆਰੀ ਕਰਨੀ ਹੈ

ਇਹ ਆਖਿਆ ਜਾਂਦਾ ਹੈ ਕਿ ਅਸੀਂ ਸਾਰਿਆਂ ਨੇ ਇਕ ਦਿਨ ਮਰ ਜਾਣਾ ਹੈ। ਮਰਨ ਬਾਅਦ ਇਸ ਆਦਮੀ ਦੀ ਰੂਹ ਨੂੰ ਰੱਬ ਪਾਸ ਪੇਸ਼ ਕੀਤਾ ਜਾਂਦਾ ਹੈ। ਹਿੰਦੂ ਸ਼ਾਸਤਰਾਂ

ਮੁਤਾਬਿਕ ਧਰਮ ਰਾਜ ਹਿਸਾਬ-ਕਿਤਾਬ ਦੇਖਦਾ ਹੈ। ਅਸੀਂ ਰੱਬ ਦੀ ਅਦਾਲਤ ਵਿੱਚ ਪੇਸ਼ ਹੋਣਾ ਹੈ। ਇਹ ਦੁਨੀਆਂ ਸਾਨੂੰ ਕਰਮ ਖੇਤਰ ਬਣ ਕੇ ਮਿਲੀ ਹੈ। ਅਸੀਂ ਇੱਥੇ ਜੋ ਕੁਝ ਵੀ ਕਰ ਬੈਠਦੇ ਹਾਂ ਇਹੀ ਧਰਮ ਰਾਜ ਪਾਸ ਪੜ੍ਹ ਕੇ ਸੁਣਾਇਆ ਜਾਂਦਾ ਹੈ। ਅਸੀਂ ਆਪ ਵੀ ਹੱਕ ਵਿੱਚ ਜਾਂ ਆਪਣੇ ਖ਼ਿਲਾਫ਼ ਗਵਾਈਆਂ ਆਪ ਲਿਖ ਰਹੇ ਹਾਂ। ਅਸੀਂ ਦੇਖਣਾ ਹੈ ਕਿ ਧਰਮ ਰਾਜ ਦੇ ਦਰਬਾਰ ਵਿੱਚ ਹਾਜ਼ਰ ਹੋ ਕੇ ਅਸੀਂ ਮੁਕੱਦਮਾ ਜਿੱਤਣਾ ਹੈ ਜਾਂ ਹਾਰਨਾ ਹੈ। ਸਾਡੀਆਂ ਆਪਣੀਆਂ ਲਿਖੀਆਂ ਗਵਾਹੀਆਂ ਉੱਤੇ ਫ਼ੈਸਲਾ ਹੋਣਾ ਹੈ। ਉਹ ਲੋਕੀਂ ਜੋ ਸਾਡੇ ਲਈ ਰਾਹ-ਦਸੇਰਾ ਬਣ ਕੇ ਆਏ ਸਨ ਉਹ ਵੀ ਸਾਡੇ ਭੈੜੇ ਰਿਕਾਰਡ ਨੂੰ ਖ਼ਤਮ ਨਹੀਂ ਕਰ ਸਕਦੇ ਅਤੇ ਇਤਨਾ ਕੁਝ ਮਾੜਾ ਹੋਣ ਦੇ ਬਾਵਜੂਦ ਇਹ ਨਹੀਂ ਆਖ ਸਕਦੇ ਕਿ ਸਾਨੂੰ ਮੁਆਫ਼ ਕਰ ਦਿੱਤਾ ਜਾਵੇ।

ਅਸੀਂ ਐਸਾ ਰਿਕਾਰਡ ਤਿਆਰ ਕਰਨਾ ਹੈ ਕਿ ਸਾਡੇ ਰਾਹ-ਦਸੇਰਿਆਂ ਨੂੰ ਸਾਡੇ ਉੱਤੇ ਮਾਣ ਹੋ ਆਵੇ, ਫ਼ਖ਼ਰ ਹੋ ਆਵੇ। ਸਾਡੇ ਮਾੜੇ ਰਿਕਾਰਡ ਕਾਰਨ ਉਨ੍ਹਾਂ ਨੂੰ ਸ਼ਰਮਿੰਦਗੀ ਵੀ ਹੋ ਸਕਦੀ ਹੈ। ਧਰਮ ਰਾਜ ਉਨ੍ਹਾਂ ਨੂੰ ਵੀ ਝਿੜਕੀ ਦੇ ਕੇ ਆਖ ਸਕਦਾ ਹੈ ਕਿ ਉਹ ਕੈਸਾ ਪ੍ਰਚਾਰ ਕਰਕੇ ਆਏ ਸਨ। ਅਸੀਂ ਨਾ ਤਾਂ ਆਪ ਸ਼ਰਮਿੰਦਾ ਹੋਣਾ ਹੈ ਅਤੇ ਨਾ ਹੀ ਅਵਤਾਰਾਂ, ਪੈਗ਼ੰਬਰਾਂ, ਗੁਰੂਆਂ ਨੂੰ ਸ਼ਰਮਿੰਦਾ ਕਰਨਾ ਹੈ। ਅਸੀਂ ਸਾਫ਼ ਸੁਥਰਾ ਰਿਕਾਰਡ ਤਿਆਰ ਕਰਨਾ ਹੈ। ਇਹੀ ਸਾਡਾ ਨਿਸ਼ਾਨਾ ਹੋਣਾ ਚਾਹੀਦਾ ਹੈ।

## ਝੂਠ ਜੂਠਾ ਹੈ

ਕੋਈ ਵੀ ਆਦਮੀ ਸੁੱਚਾ ਅਤੇ ਪਵਿੱਤਰ ਨਹੀਂ ਬਣ ਸਕਦਾ ਜਦ ਤੱਕ ਉਸ ਅੰਦਰ ਝੂਠ ਵਸਿਆ ਹੋਇਆ ਹੈ। ਝੂਠ ਬੰਦੇ ਨੂੰ ਅਪਵਿੱਤਰ ਕਰਕੇ ਰੱਖ ਦਿੰਦਾ ਹੈ। ਅਸੀਂ ਝੂਠ ਬੋਲ ਤਾਂ ਲੈਂਦੇ ਹਾਂ ਪਰ ਅਸੀਂ ਆਪ ਆਪਣੇ ਆਪ ਨੂੰ ਕੋਸਣ ਲੱਗ ਪੈਂਦੇ ਹਾਂ। ਅਸੀਂ ਕਿਸੇ ਬਾਰੇ ਕੀ ਆਖੀਏ, ਸਾਡੀ ਆਪਣੀ ਆਤਮਾ ਝੂਠ ਬਰਦਾਸ਼ਤ ਨਹੀਂ ਕਰਦੀ। ਅਸੀਂ ਆਪ ਸੋਚਣ ਲੱਗ ਪੈਂਦੇ ਹਾਂ ਕਿ ਝੂਠ ਬੋਲ ਕੇ ਅਸੀਂ ਵੱਡੀ ਗ਼ਲਤੀ ਕਰ ਬੈਠੇ ਹਾਂ। ਅਸੀਂ ਡਰ ਉੱਠਦੇ ਹਾਂ ਅਗਰ ਸਾਡੇ ਝੂਠ ਦੀ ਪੋਲ ਖੁੱਲ੍ਹ ਗਈ ਤਾਂ ਚਾਰ ਬੰਦਿਆਂ ਸਾਹਮਣੇ ਸਾਨੂੰ ਕਿਤਨੀ ਵੱਡੀ ਸ਼ਰਮਿੰਦਗੀ ਉਠਾਉਣੀ ਪਵੇਗੀ। ਕਈ ਵਾਰੀ ਤਾਂ ਐਸਾ ਮਹਿਸੂਸ ਹੋਣ ਲੱਗਦਾ ਹੈ ਕਿ ਇਸ ਤੋਂ ਪਹਿਲਾਂ ਕਿ ਸਾਡਾ ਝੂਠ ਲੋਕਾਂ ਸਾਹਮਣੇ ਪ੍ਰਗਟ ਹੋ ਜਾਵੇ, ਦਿਲ ਕਰਦਾ ਹੈ ਅਸੀਂ ਆਤਮਘਾਤ ਕਰ ਲਈਏ ਜਾਂ ਕਿੱਧਰੇ ਨਸ ਜਾਈਏ। ਝੂਠ ਨਾ ਤਾਂ ਬੋਲਣ ਵਾਲੇ ਨੂੰ ਰਾਸ ਆਉਂਦਾ ਹੈ ਅਤੇ ਨਾ ਹੀ ਉਸ ਆਦਮੀ ਦੇ ਕੰਮ ਆਉਂਦਾ ਹੈ ਜਿਸ ਦੀ ਬਿਹਤਰੀ ਸੋਚ ਕੇ ਅਸੀਂ ਝੂਠ ਬੋਲਿਆ ਸੀ। ਅਸੀਂ ਅਗਰ ਝੂਠ ਬੋਲਣ ਦਾ ਸਿਲਸਿਲਾ ਸ਼ੁਰੂ ਕਰ ਬੈਠਦੇ ਹਾਂ ਤਾਂ ਕੁਝ ਹੀ ਦਿਨਾਂ ਅੰਦਰ ਸਾਡੀ ਮਸ਼ਹੂਰੀ ਬਣ ਆਵੇਗੀ। ਅਸੀਂ ਮਸ਼ਹੂਰ ਹੋ ਜਾਵਾਂਗੇ ਕਿ ਅਸੀਂ ਝੂਠ ਬੋਲਦੇ ਹਾਂ। ਇਕ ਵਾਰੀ ਲੋਕਾਂ ਦੇ ਮਨਾਂ ਅੰਦਰ ਐਸੀ ਧਾਰਨਾ ਬਣ ਆਵੇ ਫਿਰ ਲੋਕਾਂ ਦੇ ਮਨਾਂ 'ਚੋਂ ਇਹ ਧਾਰਨਾ ਕੱਢਣੀ ਮੁਸ਼ਕਿਲ ਹੋ ਜਾਂਦੀ ਹੈ। ਫਿਰ ਤਾਂ ਅਸੀਂ ਹਜ਼ਾਰ ਕਸਮਾਂ ਖਾ ਕੇ ਵੀ ਲੋਕਾਂ ਸਾਹਮਣੇ ਸੱਚ ਆਖਣ ਦੀ ਗੱਲ ਤੋਰੀਏ ਤਾਂ ਵੀ ਲੋਕੀਂ ਇਹੀ ਆਖਣਗੇ ਕਿ ਇਹ ਆਦਮੀ ਝੂਠਾ ਹੈ। ਇਸ ਆਦਮੀ ਉੱਤੇ ਵਿਸ਼ਵਾਸ ਨਹੀਂ ਕੀਤਾ ਜਾਣਾ ਚਾਹੀਦਾ। ਅਗਰ ਝੂਠ ਬੋਲਣ ਦੇ ਇਤਨੇ ਭਿਆਨਕ ਨਤੀਜੇ ਨਿਕਲਦੇ ਹਨ ਤਾਂ ਇਹ ਝੂਠ ਬੋਲਣ ਦਾ ਸਿਲਸਿਲਾ ਸ਼ੁਰੂ ਹੀ ਨਹੀਂ ਕਰਨਾ ਚਾਹੀਦਾ। ਝੂਠ ਦੀ ਬਜਾਏ ਸਚਿਆਰਾ ਬਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਹ ਰਸਤਾ ਸੌਖਾ ਵੀ ਹੈ ਅਤੇ ਚੰਗੀ ਸ਼ੋਭਾ ਵੀ ਪ੍ਰਦਾਨ ਕਰਨਾ ਹੈ।

## ਆਪਣਾ ਹੱਕ ਪਛਾਣੋ

ਅਸੀਂ ਇਸ ਦੁਨੀਆਂ ਵਿੱਚ ਜੋ ਕੁਝ ਵੀ ਪ੍ਰਾਪਤ ਕਰਨਾ ਚਾਹੁੰਦੇ ਹਾਂ ਉਸ ਬਾਰੇ ਸਾਨੂੰ ਪਹਿਲਾਂ ਫ਼ੈਸਲਾ ਕਰਨਾ ਚਾਹੀਦਾ ਹੈ। ਅਗਰ ਅਸੀਂ ਉਸ ਪ੍ਰਾਪਤੀ ਦੇ ਹੱਕਦਾਰ ਹੀ ਨਹੀਂ ਹਾਂ ਤਾਂ ਫਿਰ ਪ੍ਰਾਪਤੀ ਲਈ ਸੰਘਰਸ਼ ਕਾਹਦਾ। ਅਗਰ ਅਸੀਂ ਇਸ ਨਤੀਜੇ ਉੱਤੇ ਪੁੱਜਦੇ ਹਾਂ ਕਿ ਇਸ ਦਾ ਹੱਕਦਾਰ ਕੋਈ ਹੋਰ ਹੈ ਤਾਂ ਵੀ ਸਾਡਾ ਸੰਘਰਸ਼ ਗ਼ਲਤ ਹੈ। ਅਸੀਂ ਇਸ ਦੁਨੀਆਂ ਅੰਦਰ ਆਪਣੇ ਹਿੱਸੇ ਆਈਆਂ ਵਸਤਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰਨਾ ਹੈ। ਲੋਕਾਂ ਦੇ ਹੱਕ ਮਾਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਇਹ ਦੁਨੀਆਂ ਇਕ ਮੁਕਾਬਲਾ ਹੈ। ਇਸ ਮੁਕਾਬਲੇ ਅੰਦਰ ਅਸੀਂ ਸਾਰੇ ਸ਼ਾਮਲ ਹਾਂ। ਹਰ ਕੋਈ ਆਪਣੀ ਸ਼ਕਤੀ ਮੁਤਾਬਿਕ ਹੱਥ ਪੈਰ ਮਾਰ ਰਿਹਾ ਹੈ। ਕਈ ਵਾਰੀ ਇਹ ਨਿਰਣਾ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਕਿ ਅਸੀਂ ਜਿਸ ਸ਼ੈਅ ਦੀ ਪ੍ਰਾਪਤੀ ਲਈ ਸੰਘਰਸ਼ ਕਰ ਰਹੇ ਹਾਂ ਉਹ ਸਾਡੇ ਹਿੱਸੇ ਆਉਂਦੀ ਹੈ ਜਾਂ ਉਹ ਕਿਸੇ ਹੋਰ ਦਾ ਹਿੱਸਾ ਹੈ। ਅਗਰ ਰੱਬ ਨੇ ਸਾਡੇ ਸੰਘਰਸ਼ ਕਰਨ ਦੇ ਬਾਵਜੂਦ ਉਹ ਪ੍ਰਾਪਤੀ ਸਾਡੇ ਹਿੱਸੇ ਨਹੀਂ ਲਿਆਂਦੀ ਅਤੇ ਕਿਸੇ ਹੋਰ ਨੂੰ ਪ੍ਰਦਾਨ ਕਰ ਦਿੱਤੀ ਹੈ ਤਾਂ ਨਿਰਾਸ਼ ਹੋਣ ਦੀ ਜ਼ਰੂਰਤ ਨਹੀਂ ਹੈ। ਇਹ ਵੀ ਤਾਂ ਸੋਚਿਆ ਜਾ ਸਕਦਾ ਹੈ ਕਿ ਇੱਥੇ ਇਹ ਹਿੱਸਾ ਉਸ ਆਦਮੀ ਦਾ ਹੀ ਬਣਦਾ ਹੈ ਜਿਸ ਆਦਮੀ ਦੇ ਹਿੱਸੇ ਇਹ ਪ੍ਰਾਪਤੀ ਆਈ ਹੈ। ਇਸੇ ਕਰਕੇ ਇਹ ਸਵੀਕਾਰ ਕੀਤਾ ਜਾ ਚੁੱਕਾ ਹੈ ਕਿ ਅਸੀਂ ਮਿਹਨਤ ਕਰਨੀ ਹੈ। ਸੰਘਰਸ਼ ਕਰਨਾ ਹੈ ਪਰ ਫ਼ੈਸਲਾ ਰੱਬ ਨੇ ਆਪ ਕਰਨਾ ਹੈ। ਇਸ ਰੱਬ ਦੇ ਫ਼ੈਸਲੇ ਨੂੰ ਸਵੀਕਾਰ ਕਰਨ ਦਾ ਸਿਲਸਿਲਾ ਅਗਰ ਅਸੀਂ ਸ਼ੁਰੂ ਕਰਦੇ ਹਾਂ ਤਾਂ ਸਾਨੂੰ ਨਿਰਾਸ਼ਾ ਨਹੀਂ ਹੁੰਦੀ, ਖ਼ੁਸ਼ੀ ਹੁੰਦੀ ਹੈ। ਅਸੀਂ ਜੋ ਕੁਝ ਕਰ ਸਕਦੇ ਸਾਂ ਅਸੀਂ ਕਰ ਦਿਖਾਇਆ ਹੈ। ਰੱਬ ਕਰੇਗਾ ਅੱਜ ਨਹੀਂ ਤਾਂ ਕੱਲ੍ਹ ਉਹ ਸਾਡੀ ਮਿਹਨਤ ਅਤੇ ਸੰਘਰਸ਼ ਦੀ ਕੀਮਤ ਪਾਵੇਗਾ ਅਤੇ ਅਸੀਂ ਉਹ ਮੰਜ਼ਿਲਾਂ ਤੈਅ ਕਰ ਪਾਵਾਂਗੇ ਜੋ ਅਸੀਂ ਕਦੀ ਕਿਆਸੀਆਂ ਵੀ ਨਹੀਂ ਸਨ। ਇਸ ਕਰਕੇ ਸਾਡਾ ਫ਼ਰਜ਼ ਬਣਦਾ ਹੈ ਅਸੀਂ ਹਰ ਪ੍ਰਾਪਤੀ ਲਈ ਸੰਘਰਸ਼ ਕਰਦੇ ਰਹੀਏ। ਸਾਡਾ ਫਰਜ਼ ਬਸ ਇਤਨਾ ਹੀ ਬਣਦਾ ਹੈ। ਨਤੀਜਾ ਕੱਢਣ ਦੀ ਗੱਲ ਰੱਬ ਉੱਤੇ ਛੱਡ ਦੇਣੀ ਚਾਹੀਦੀ ਹੈ ਅਤੇ ਉਹ ਜੋ ਵੀ ਨਤੀਜਾ ਕੱਢਦਾ ਹੈ ਉਹ ਸਿਰ ਮੱਥੇ ਉੱਤੇ ਪ੍ਰਵਾਨ ਕਰ ਲੈਣਾ ਚਾਹੀਦਾ ਹੈ। ਨਿਰਾਸ਼ਾ ਖ਼ਤਮ ਹੋ ਜਾਂਦੀ ਹੈ।

## ਉਜਾੜਾਂ ਵਿੱਚ ਭ੍ਰਮਣ ਕਰਨਾ ਬੰਦ ਕਰੋ

ਅਸੀਂ ਇਸ ਦੁਨੀਆਂ ਵਿੱਚ ਜਿਊਣ ਆਏ ਹਾਂ। ਇਹ ਦੁਨੀਆਂ ਸਾਰੀ ਦੀ ਸਾਰੀ ਰੱਬ ਨੇ ਆਪ ਸਾਜੀ ਹੈ। ਇਹ ਦੁਨੀਆਂ ਰੱਬ ਨੇ ਸਾਡੇ ਲਈ ਸਾਜੀ ਹੈ। ਇਸ ਦੁਨੀਆਂ ਵਿੱਚ ਅਸੀਂ ਰਹਿਣਾ ਹੈ। ਇਸ ਦੁਨੀਆਂ ਤੋਂ ਦੂਰ ਭੱਜਣਾ ਗ਼ਲਤ ਹੈ। ਮਨੁੱਖ ਜਿੱਥੇ ਰਹਿੰਦਾ ਹੈ, ਅਸੀਂ ਉਸ ਨਾਲ ਰਹਿਣਾ ਹੈ। ਇਹ ਸਾਰੇ ਮਨੁੱਖ ਰੱਬ ਦੇ ਆਪ ਸਾਜੇ ਹੋਏ ਹਨ। ਸਾਡੇ ਸਾਰਿਆਂ ਦਾ ਮੁੱਲ ਇਕ ਹੀ ਹੈ। ਅਸੀਂ ਸਾਰੇ ਆਪੋ ਵਿੱਚ ਸੰਬੰਧੀ ਹਾਂ। ਅਸੀਂ ਇਕ ਦੂਜੇ ਦੇ ਸਾਂਝੀਦਾਰ ਹਾਂ, ਅਸੀਂ ਇਕ ਦੂਜੇ ਦੇ ਕੰਮ ਆਉਣਾ ਹੈ। ਅਸੀਂ ਕਿਸੇ ਦੇ ਕੰਮ ਤਾਂ ਹੀ ਆ ਸਕਦੇ ਹਾਂ, ਜੇਕਰ ਅਸੀਂ ਇਨ੍ਹਾਂ ਲੋਕਾਂ ਦੇ ਨੇੜੇ ਰਵਾਂਗੇ ਅਤੇ ਇਨ੍ਹਾਂ ਦੇ ਦੁੱਖਾਂ-ਤਕਲੀਫ਼ਾਂ ਤੋਂ ਵਾਕਿਫ਼ ਹੋਵਾਂਗੇ। ਅਗਰ ਅਸੀਂ ਇਨ੍ਹਾਂ ਦਾ ਸਾਥ ਛੱਡ ਕੇ ਜੰਗਲਾਂ ਵੱਲ ਭੱਜਦੇ ਹਾਂ ਤਾਂ ਗ਼ਲਤ ਹੈ। ਸਾਡੇ ਨਾਲ ਪੇਟ ਲੱਗਿਆ ਹੋਇਆ ਹੈ। ਇਸ ਨੂੰ ਦਿਹਾੜੀ ਵਿੱਚ ਕਈ ਵਾਰੀ

ਭੁੱਖ ਲੱਗਦੀ ਹੈ, ਖਾਣ-ਪੀਣ ਅਤੇ ਹੰਢਾਉਣ ਦੀਆਂ ਸਾਰੀਆਂ ਵਸਤਾਂ ਇਹ ਗ੍ਰਹਿਸਥੀ ਲੋਕੀਂ ਪੈਦਾ ਕਰਦੇ ਹਨ। ਅਸੀਂ ਦੇਖਦੇ ਹਾਂ ਕਿ ਜੋ ਲੋਕੀਂ ਇਸ ਸੰਸਾਰ ਨੂੰ ਛੱਡ ਕੇ ਜੰਗਲਾਂ ਵਿੱਚ ਭਟਕਦੇ ਫਿਰਦੇ ਹਨ, ਉਹ ਵੀ ਇਸ ਸੰਸਾਰੀ ਆਦਮੀ ਦਾ ਬੂਹਾ ਖੜਕਾ ਕੇ ਭੀਖ ਮੰਗਦੇ ਹਨ। ਅਗਰ ਪੇਟ ਪੂਜਾ ਕਰਨ ਲਈ ਫਿਰ ਗ੍ਰਹਿਸਥੀ ਦਾ ਬੂਹਾ ਹੀ ਖੜਕਾਉਣਾ ਹੈ ਤਾਂ ਫਿਰ ਅਸੀਂ ਆਪ ਵੀ ਇਸ ਦੁਨੀਆਂ ਵਿੱਚ ਰਹਿ ਕੇ ਕਿਰਤੀ ਅਤੇ ਕਮਾਊ ਬਣ ਸਕਦੇ ਹਾਂ ਅਤੇ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਆਪ ਉਪਰਾਲਾ ਕਰ ਸਕਦੇ ਹਾਂ। ਇਸ ਦੁਨੀਆਂ ਤੋਂ ਨੱਸ ਕੇ ਗੁਜ਼ਾਰਾ ਨਹੀਂ ਹੈ। ਜੋ ਮਜ਼ਾ ਘਰ ਵਿੱਚ ਰਹਿੰਦੇ ਆਉਂਦਾ ਹੈ ਉਹ ਮਜ਼ਾ ਜੰਗਲਾਂ ਵਿੱਚ ਭਟਕ ਕੇ ਨਹੀਂ ਆਉਂਦਾ। ਇਸ ਕਰਕੇ ਰੱਬ ਦੀ ਖੋਜ ਅੰਦਰ ਘਰ-ਬਾਰ ਛੱਡ ਕੇ ਜੋ ਜੰਗਲਾਂ ਵਿੱਚੋਂ ਰੱਬ ਨੂੰ ਭਾਲਣ ਦੀ ਕੋਸ਼ਿਸ਼ ਪਿਆ ਕਰਦਾ ਹੈ, ਉਹ ਭਟਕਿਆ ਹੋਇਆ ਆਦਮੀ ਹੈ। ਰੱਬ ਤਾਂ ਸਾਡੇ ਅੰਦਰ ਵਸਦਾ ਹੈ। ਇਹ ਰੱਬ ਹਰ ਵਕਤ ਸਾਡੇ ਨਾਲ ਹੈ। ਉਹ ਕਿਹੜਾ ਹੋਰ ਰੱਬ ਹੈ ਜਿਸ ਦੀ ਭਾਲ ਅੰਦਰ ਲੋਕੀਂ ਭਟਕਦੇ ਫਿਰਦੇ ਹਨ। ਕੋਈ ਸਾਧ ਬਣ ਜਾਂਦਾ ਹੈ। ਕੋਈ ਮੰਗਦਾ ਫਿਰਦਾ ਹੈ। ਕੋਈ ਘਰ-ਬਾਰ ਦਾ ਤਿਆਗ ਕਰ ਦਿੰਦਾ ਹੈ, ਐਸੇ ਆਦਮੀ ਇਤਨੇ ਭਟਕ ਜਾਂਦੇ ਹਨ ਕਿ ਉਹ ਰੱਬ ਦੀ ਪਛਾਣ ਕਰਨ ਦੇ ਕਾਬਲ ਵੀ ਨਹੀਂ ਰਹਿੰਦੇ।

## ਆਪਣੀ ਸਮਝ ਨੂੰ ਸੁਧਾਰੋ

ਅਸੀਂ ਕਿਤਨੀਆਂ ਹੀ ਪੁਸਤਕਾਂ ਪੜ੍ਹ ਲਈਏ, ਅਸੀਂ ਕਿਤਨੇ ਹੀ ਭਾਸ਼ਣ ਅਤੇ ਪ੍ਰਵਚਨ ਸੁਣ ਲਈਏ ਸਭ ਬੇਅਰਥ ਹਨ। ਅਗਰ ਸਾਡੀ ਸਮਝ ਵਿੱਚ ਕੁਝ ਨਹੀਂ ਆਇਆ ਅਤੇ ਸਾਡੇ ਜੀਵਨ ਦਾ ਹਿੱਸਾ ਹੀ ਨਹੀਂ ਬਣਿਆ ਤਾਂ ਸਮਝੋ ਅਸੀਂ ਸਮਾਂ ਨਸ਼ਟ ਕੀਤਾ ਹੈ। ਅਸੀਂ ਆਪਣੀ ਸਮਝ ਨੂੰ ਨਿਖਾਰਨਾ ਹੈ। ਇਹ ਸੰਘਰਸ਼ ਅਸੀਂ ਆਪ ਕਰਨਾ ਹੈ। ਗੱਲ ਨੂੰ ਸਮਝਣਾ ਇਕ ਆਦਤ ਹੈ। ਜੋ ਆਦਮੀ ਆਖਦੇ ਹਨ, ਚਲੋ ਫਿਰ ਕਦੀ ਸਿੱਖ ਲਵਾਂਗੇ, ਉਹ ਆਦਮੀ ਗ਼ਲਤ ਹਨ। ਗੱਲ ਸਿੱਖਣ ਅਤੇ ਸਮਝਣ ਦਾ ਮੌਕਾ ਆਇਆ ਹੈ। ਇਹ ਮੌਕਾ ਹੱਥੋਂ ਨਹੀਂ ਜਾਣ ਦੇਣਾ ਚਾਹੀਦਾ। ਅਸੀਂ ਇਹ ਵੀ ਸਮਝ ਸਕਦੇ ਹਾਂ ਕਿ ਇਹ ਨਾਦਰ ਮੌਕਾ ਰੱਬ ਨੇ ਸਿਰਫ਼ ਸਾਡੇ ਲਈ ਪ੍ਰਦਾਨ ਕੀਤਾ ਹੈ। ਅਸੀਂ ਜਿਉਂ-ਜਿਉਂ ਗੱਲ ਸਮਝਣ ਦਾ ਯਤਨ ਕਰਾਂਗੇ, ਤਿਉਂ-ਤਿਉਂ ਸਾਡੀ ਸਮਝ-ਸ਼ਕਤੀ ਹੋਰ ਨਿਖਰਨ ਲੱਗ ਪੈਂਦੀ ਹੈ। ਇਹ ਦਿਮਾਗ਼ ਐਸੀ ਮਸ਼ੀਨ ਹੈ ਕਿ ਅਗਰ ਅਸੀਂ ਇਸ ਦੀ ਵਰਤੋਂ ਕਰਨ ਦਾ ਸਿਲਸਿਲਾ ਸ਼ੁਰੂ ਕਰ ਲੈਂਦੇ ਹਾਂ ਤਾਂ ਇਹ ਹੋਰ ਤਿੱਖਾ ਹੋ ਉੱਠਦਾ ਹੈ। ਅਰਥਾਤ ਸਾਡੇ ਦਿਮਾਗ਼ ਦੀ ਸਮਝ ਸਕਣ ਦੀ ਸ਼ਕਤੀ ਹੋਰ ਨਿਖਰਦੀ ਹੈ। ਸਾਡੇ ਮਨ ਅੰਦਰ ਹੋਰ ਬਹੁਤ ਕੁਝ ਜਾਣਨ ਦੀ ਭੁੱਖ ਪੈਦਾ ਹੁੰਦੀ ਹੈ। ਅਸੀਂ ਜਦੋਂ ਇਸ ਰਾਹ ਉੱਤੇ ਤੁਰਨਾ ਸ਼ੁਰੂ ਕਰਦੇ ਹਾਂ ਤਾਂ ਸਾਡਾ ਗਿਆਨ ਵੱਧਦਾ ਹੈ। ਅਸੀਂ ਅੱਜ ਹੋਰ, ਕੱਲ੍ਹ ਹੋਰ ਅਤੇ ਪਰਸੋਂ ਹੋਰ ਦੇ ਹੋਰ ਹੋ ਜਾਂਦੇ ਹਾਂ। ਸਾਨੂੰ ਪਤਾ ਲੱਗ ਜਾਂਦਾ ਹੈ ਕਿ ਗਿਆਨ ਦੀਆਂ ਕੋਈ ਵੀ ਹੱਦਾਂ ਮੁਕੱਰਰ ਨਹੀਂ ਕੀਤੀਆਂ ਗਈਆਂ। ਹਰ ਨਵਾਂ ਗਿਆਨ ਪ੍ਰਾਪਤ ਕਰਨ ਤੋਂ ਬਾਅਦ ਬੰਦਾ ਮਹਿਸੂਸ ਕਰਦਾ ਹੈ ਕਿ ਉਹ ਕਿਤਨਾ ਮੂਰਖ ਸੀ। ਇੰਨਾ ਅਧੂਰਾ ਹੋਣ ਦੇ ਬਾਵਜੂਦ ਉਹ ਆਪਣੇ ਆਪ ਨੂੰ ਕੀ ਸਮਝਦਾ ਰਿਹਾ ਹੈ। ਗਿਆਨ ਸਾਡੇ ਲਈ ਨਿੱਤ ਨਵੇਂ ਰਾਹ ਖੋਲ੍ਹਦਾ ਹੈ। ਗਿਆਨ ਪ੍ਰਾਪਤੀ ਦੀ ਭੁੱਖ ਇਕ ਵਾਰੀ ਸ਼ੁਰੂ ਹੋ ਜਾਵੇ ਫਿਰ ਆਦਮੀ ਅਗਾਂਹ ਹੀ ਅਗਾਂਹ ਵੱਧਦਾ ਜਾਂਦਾ ਹੈ। ਸੋ ਐਸਾ ਸਿਲਸਿਲਾ ਅਸੀਂ ਵੀ ਸ਼ੁਰੂ ਕਰਨਾ ਹੈ।

## ਛੂਤ-ਛਾਤ

ਕੌਣ ਉੱਚੀ ਜਾਤੀ ਦਾ ਹੈ, ਕੌਣ ਨੀਵੀਂ ਜਾਤੀ ਅੰਦਰ ਪੈਦਾ ਹੋਇਆ ਹੈ, ਇਹ ਸਾਰੀਆਂ ਰੇਖਾਵਾਂ ਅਸੀਂ ਆਪ ਖਿੱਚ ਲਈਆਂ ਹਨ, ਅਰਥਾਤ ਅਗਰ ਅਸੀਂ ਡੂੰਘਾਈ ਤੱਕ ਜਾ ਕੇ ਦੇਖੀਏ ਤਾਂ ਕਦੀ ਤਕੜੇ ਰਹੇ ਲੋਕਾਂ ਨੇ ਆਪਣੇ ਆਪ ਨੂੰ ਉੱਚੀਆਂ ਜਾਤੀਆਂ ਨਾਲ ਸੰਬੰਧ ਰੱਖਦੇ ਗਿਣ ਲਿਆ ਹੋਵੇਗਾ। ਜੋ ਵਿਚਾਰੇ ਗ਼ਰੀਬ ਅਤੇ ਕਮਜ਼ੋਰ ਸਨ ਉਨ੍ਹਾਂ ਨੂੰ ਨੀਵੀਆਂ ਜਾਤੀਆਂ ਵਾਲਾ ਗਰਦਾਨ ਲਿਆ ਹੋਵੇਗਾ ਅਤੇ ਫਿਰ ਉਹ ਢੰਗ-ਤਰੀਕੇ ਅਪਣਾਏ ਜਾਂਦੇ ਰਹੇ ਜਿਸ ਕਾਰਨ ਜ਼ੋਰ ਵਾਲੇ ਉੱਚੇ ਬਣੇ ਰਹਿਣ ਅਤੇ ਕਮਜ਼ੋਰ ਨੀਵੇਂ ਹੋ ਜਾਣ। ਅਸੀਂ ਦੂਰ ਨਾ ਜਾਈਏ, ਸਾਡੇ ਸਮਾਜ ਅੰਦਰ ਕੰਮਾਂ-ਕਾਜਾਂ ਦੀ ਵੀ ਵੰਡ ਕੀਤੀ ਹੋਈ ਹੈ। ਅਖੌਤੀ ਉੱਚੀਆਂ ਜਾਤੀਆਂ ਵਾਲਿਆਂ ਨੇ ਸਾਰੇ ਵਧੀਆ ਕੰਮਾਂ ਉੱਤੇ ਆਪ ਕਬਜ਼ਾ ਕਰ ਲਿਆ ਅਤੇ ਨਿੱਕੇ ਕੰਮ ਅਖੌਤੀ ਨੀਵੀਆਂ ਜਾਤੀਆਂ ਵਾਸਤੇ ਰੱਖ ਦਿੱਤੇ। ਵੱਖਰੀਆਂ ਬਸਤੀਆਂ ਕਾਇਮ ਕੀਤੀਆਂ ਗਈਆਂ। ਇਨ੍ਹਾਂ ਗ਼ੁਰਬਤ ਮਾਰੇ ਲੋਕਾਂ ਨੂੰ ਅਨਪੜ੍ਹ ਰੱਖਿਆ ਗਿਆ। ਕਿਸੇ ਕੰਮ ਦੀ ਸਿਖਲਾਈ ਨਾ ਕਿੱਤੇ, ਬਸ ਜਾਨਵਰਾਂ ਦੀ ਤਰ੍ਹਾਂ ਇਨ੍ਹਾਂ ਦੀ ਭਾੜੇ ਉੱਤੇ ਵਰਤੋਂ ਕੀਤੀ ਜਾਂਦੀ ਰਹੀ ਹੈ ਅਤੇ ਅੱਜ ਇਹ ਗ਼ਰੀਬ ਵਰਗ ਬਿਲਕੁਲ ਵੱਖਰਾ ਕਰਕੇ ਰੱਖ ਦਿੱਤਾ ਗਿਆ ਹੈ। ਸ਼ਾਦੀਆਂ ਵਗ਼ੈਰਾ ਤਾਂ ਕੀ ਕਰਨੀਆਂ, ਇਨ੍ਹਾਂ ਨੂੰ ਛੂਹਣ ਨਾਲ ਵੀ ਨੀਵਾਂ ਹੋ ਜਾਣ ਦਾ ਖ਼ਤਰਾ ਬਣ ਆਇਆ ਅਤੇ ਇਹੀ ਕਾਰਨ ਹੈ ਅਸੀਂ ਹਜ਼ਾਰ ਕੋਸ਼ਿਸ਼ ਕਰਨ ਦੇ ਬਾਵਜੂਦ ਬਰਾਬਰਤਾ ਦਾ ਸੰਕਲਪ ਲਾਗੂ ਨਹੀਂ ਕਰ ਸਕੇ। ਅਸੀਂ ਧਾਰਮਿਕ ਪੁਸਤਕਾਂ ਪੜ੍ਹਨ ਬਾਅਦ ਇਸ ਵਿਚਾਰ ਦੇ ਹੋ ਗਏ ਹਾਂ ਕਿ ਰੱਬ ਨੇ ਸਾਰਿਆਂ ਨੂੰ ਬਰਾਬਰ ਬਣਾਇਆ ਹੈ ਪਰ ਅਸੀਂ ਇਨ੍ਹਾਂ ਗ਼ਰੀਬਾਂ ਦਾ ਜੋ ਸਮਾਜਿਕ ਅਸਥਾਨ ਸਥਾਪਿਤ ਕਰ ਬੈਠੇ ਹਾਂ, ਇਹ ਲੋਕੀਂ ਸਾਡੇ ਸਮਾਜ ਦੇ ਸੰਪੂਰਨ ਪਾਤਰ ਕਦੀ ਵੀ ਨਹੀਂ ਬਣ ਸਕਣਗੇ ਅਤੇ ਇਉਂ ਅਸੀਂ ਹਮੇਸ਼ਾਂ ਹੀ ਪਛੜੇ ਹੋਏ ਦੇਸ਼ਾਂ ਵਿੱਚ ਗਿਣੇ ਜਾਵਾਂਗੇ। ਉਹ ਦੇਸ਼ ਜਿਸ ਦੀ ਵੱਡੀ ਸਾਰੀ ਗਿਣਤੀ ਨੂੰ ਮਨੁੱਖ ਦਾ ਦਰਜਾ ਹੀ ਪ੍ਰਾਪਤ ਨਾ ਹੋਇਆ ਹੋਵੇ, ਉਹ ਦੇਸ਼ ਅਧੂਰਾ ਹੁੰਦਾ ਹੈ। ਸਾਡਾ ਦੇਸ਼ ਉਦੋਂ ਤੱਕ ਅਧੂਰਾ ਰਵੇਗਾ ਜਦੋਂ ਤੱਕ ਸਾਡੇ ਦੇਸ਼ ਵਿੱਚ ਇਹ ਵੰਡੀਆਂ ਪਈਆਂ ਰਹਿਣਗੀਆਂ।

## ਕਿਰਦਾਰ ਉੱਚਾ ਚੁੱਕੋ

ਜਦੋਂ ਤੱਕ ਅਸੀਂ ਝੂਠ ਬੋਲਦੇ ਰਹਾਂਗੇ, ਜਦੋਂ ਤੱਕ ਅਸੀਂ ਲਾਲਚ ਨਹੀਂ ਛੱਡਦੇ, ਜਦੋਂ ਤੱਕ ਅਸੀਂ ਮਾੜੇ ਕੰਮਾਂ ਅਤੇ ਮਾੜੀਆਂ ਸੋਚਣੀਆਂ ਦਾ ਤਿਆਗ ਨਹੀਂ ਕਰਦੇ, ਅਸੀਂ ਸੁੱਖੀ ਨਹੀਂ ਹੋ ਸਕਦੇ। ਅਸੀਂ ਦੁੱਖੀ ਇਸੇ ਕਰਕੇ ਹਾਂ ਕਿ ਅਸੀਂ ਆਪਣਾ ਕਿਰਦਾਰ ਉੱਚਾ ਚੁੱਕਣ ਦੀ ਬਜਾਏ ਮਾੜੇ ਕੰਮਾਂ ਦੀ ਦਲਦਲ ਵਿੱਚ ਫਸ ਗਏ ਹਾਂ। ਮਾੜੇ ਕੰਮ ਕਰ ਵਕਤੀਆ ਮਜ਼ਾ ਜ਼ਰੂਰ ਲੈ ਆਉਂਦੇ ਹਨ, ਪਰ ਕੁਲ ਮਿਲਾ ਕੇ ਮਾੜੇ ਕੰਮਾਂ ਦੇ ਮਾੜੇ ਨਤੀਜੇ ਨਿਕਲਦੇ ਹਨ ਅਤੇ ਬਾਕੀ ਦੀ ਉਮਰ ਅਸੀਂ ਉਸ ਗ਼ਮਾਂ ਦੀ ਜ਼ਿੰਦਗੀ ਤੋਂ ਛੁਟਕਾਰਾ ਨਹੀਂ ਪਾ ਸਕਦੇ। ਸਾਡਾ ਕਿਰਦਾਰ ਲੋਕਾਂ ਨੇ ਮਾਪਣਾ ਹੈ। ਅਸੀਂ ਆਪਣੇ ਆਲੇ-ਦੁਆਲੇ ਵਸਦੇ ਲੋਕਾਂ ਨਾਲ ਕਿਸ ਤਰ੍ਹਾਂ ਵਰਤਦੇ ਹਾਂ, ਉਹੀ ਸਾਡੀ ਮਸ਼ਹੂਰੀ ਕਰਨਗੇ। ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਦੁਨੀਆਂ ਵਾਲੇ ਲੋਕੀਂ ਸਾਡਾ ਜਬਰ ਸਹਿ ਸਕਦੇ ਹਨ ਪਰ ਉਨ੍ਹਾਂ ਦੇ ਦਿਲ ਅੰਦਰ ਜੋ ਜ਼ਖ਼ਮ ਹੋ ਜਾਂਦੇ ਹਨ, ਉਹ ਮੁੜ ਕੇ ਕਦੀ ਵੀ ਭਰਦੇ ਨਹੀਂ ਹਨ। ਆਪਣਾ

ਕਿਰਦਾਰ ਬਣਾਉਣ ਲਈ ਸਦਾ ਚੇਤੰਨ ਰਹਿਣਾ ਪੈਂਦਾ ਹੈ। ਕੋਈ ਐਸੀ ਹਰਕਤ ਨਹੀਂ ਕਰਨੀ ਜੋ ਦੂਜਿਆਂ ਉੱਤੇ ਮਾੜਾ ਪ੍ਰਭਾਵ ਛੱਡ ਜਾਵੇ। ਅਸੀਂ ਹਰ ਵਕਤ ਲੋਕਾਂ ਦੇ ਚਿਹਰਿਆਂ ਉੱਤੇ ਨਜ਼ਰ ਰੱਖਣੀ ਹੈ। ਅਸੀਂ ਕੀ ਪਏ ਕਰਦੇ ਹਾਂ ਅਤੇ ਉਸ ਦਾ ਲੋਕਾਂ ਉੱਤੇ ਹੀ ਪ੍ਰਭਾਵ ਪੈ ਰਿਹਾ ਹੈ ? ਲੋਕਾਂ ਦੇ ਮਨ ਐਸੀਆਂ ਪੁਸਤਕਾਂ ਹਨ ਕਿ ਜੋ ਕੁਝ ਵੀ ਉੱਥੇ ਇਕ ਵਾਰੀ ਲਿਖਿਆ ਜਾਵੇ ਉਹ ਪੱਕਾ ਰਿਕਾਰਡ ਬਣ ਜਾਂਦਾ ਹੈ। ਸੋ ਆਪਣਾ ਕਿਰਦਾਰ ਕਾਇਮ ਕਰਨ ਲਈ ਅੰਦਰੋਂ-ਬਾਹਰੋਂ ਇਕ ਹੋਣਾ ਪੈਂਦਾ ਹੈ। ਕਦੀ ਵੀ ਕਿਸੇ ਦੇ ਮਨ ਅੰਦਰ ਸ਼ੰਕਾ ਪੈਦਾ ਨਹੀਂ ਹੋਣਾ ਚਾਹੀਦਾ ਕਿ ਅਸੀਂ ਬਨਾਵਟੀ ਐਕਟਿੰਗ ਪਏ ਕਰਦੇ ਸਾਂ। ਲੋਕਾਂ ਦੀਆਂ ਅੱਖਾਂ ਦੂਰਬੀਨ ਵਾਂਗ ਹੁੰਦੀਆਂ ਹਨ ਅਤੇ ਉਹ ਸਾਡੇ ਅੰਦਰ ਦੀਆਂ ਡੂੰਘਾਈਆਂ ਤੱਕ ਝਾਤ ਮਾਰਨ ਦੀ ਸਮਰੱਥਾ ਰੱਖਦੇ ਹਨ। ਸੋ ਵਧੀਆ ਕਿਰਦਾਰ ਕਾਇਮ ਕਰਨ ਲਈ ਸਾਨੂੰ ਸਾਧਨਾ ਕਰਨੀ ਪਵੇਗੀ ਅਤੇ ਅਸੀਂ ਇਹ ਅੱਜ ਤੋਂ ਹੀ ਸ਼ੁਰੂ ਕਰ ਸਕਦੇ ਹਾਂ।

## ਸਾਡਾ ਧੰਦਾ ਕੀ ਹੈ?

ਕੋਈ ਆਖੇ ਕਿ ਉਸ ਨੂੰ ਕੋਈ ਕੰਮ ਹੀ ਨਹੀਂ ਮਿਲ ਰਿਹਾ ਤਾਂ ਉਹ ਗ਼ਲਤ ਹੈ। ਜਿਸ ਰੱਬ ਨੇ ਇਹ ਦੁਨੀਆਂ ਸਾਜੀ ਹੈ, ਉਸ ਨੇ ਕੰਮਾਂ-ਕਾਜਾਂ ਦੀ ਸੂਚੀ ਵੀ ਬੜੀ ਲੰਬੀ ਬਣਾਈ ਹੈ। ਅਸੀਂ ਦੂਰ ਨਾ ਪਏ ਜਾਈਏ, ਸਾਡੇ ਮੁਲਕ ਅੰਦਰ ਹੀ ਹਜ਼ਾਰਾਂ ਕੰਮ-ਕਾਜ ਹਨ। ਅਸੀਂ ਆਪ ਆਪਣੀਆਂ ਅੱਖਾਂ ਨਾਲ ਪਏ ਦੇਖਦੇ ਹਾਂ ਕਿ ਹਰ ਕੋਈ ਕੰਮ ਲੱਗਾ ਹੋਇਆ ਹੈ। ਅਸੀਂ ਪੜ੍ਹਾਈ ਕਰਦੇ ਹਾਂ, ਸਿਖਲਾਈ ਲੈਂਦੇ ਹਾਂ। ਸਿਰਫ਼ ਇਸ ਲਈ ਕਿ ਜ਼ਿੰਦਗੀ ਵਿੱਚ ਕਿਸੇ ਨਾ ਕਿਸੇ ਕੰਮ ਉੱਤੇ ਲੱਗ ਜਾਈਏ। ਇਸ ਮਨੁੱਖ ਦੀਆਂ ਲੋੜਾਂ ਦਾ ਕੋਈ ਅੰਤ ਨਹੀਂ ਹੈ। ਅਸੀਂ ਆਦਮੀ ਨੂੰ ਜੰਗਲਾਂ ਵਿੱਚ ਰਹਿੰਦਾ ਵੀ ਦੇਖਿਆ ਹੈ। ਉਦੋਂ ਉਸ ਦੀਆਂ ਲੋੜਾਂ ਬਹੁਤ ਘੱਟ ਸਨ। ਅਸੀਂ ਅੱਜ ਮਨੁੱਖ ਨੂੰ ਆਸਮਾਨਾਂ ਵਿੱਚ ਉੱਡਦਾ ਦੇਖ ਰਹੇ ਹਾਂ। ਕਿਤਨੇ ਹੀ ਆਵਿਸ਼ਕਾਰ ਹੋ ਚੁੱਕੇ ਹਨ, ਕਿਤਨਾ ਕੁਝ ਨਵਾਂ ਲੱਭਿਆ ਜਾ ਰਿਹਾ ਹੈ। ਇਨ੍ਹਾਂ ਸਾਰੀਆਂ ਚੀਜ਼ਾਂ ਨੇ ਕੰਮਾਂ-ਕਾਜਾਂ ਦੀ ਦੁਨੀਆਂ ਦਾ ਘੇਰਾ ਬਹੁਤ ਹੀ ਵਿਸ਼ਾਲ ਕਰ ਦਿੱਤਾ ਹੈ। ਰੱਬ ਨੇ ਮਨੁੱਖ ਨੂੰ ਅੰਗ ਦਿੱਤੇ ਹਨ ਅਤੇ ਇਹ ਅੰਗ ਅਸੀਂ ਵਰਤਣੇ ਵੀ ਹਨ। ਸਾਡੇ ਜ਼ਿੰਮੇਂ ਰੱਬ ਨੇ ਕੋਈ ਨਾ ਕੋਈ ਕੰਮ ਜ਼ਰੂਰ ਲਗਾਇਆ ਹੈ। ਉਸ ਕੰਮ ਦੀ ਸ਼ਨਾਖ਼ਤ ਅਸੀਂ ਆਪ ਕਰਨੀ ਹੈ। ਅਸੀਂ ਕਿਰਤ ਕਰਨੀ ਹੈ, ਕਿਸੇ ਉੱਤੇ ਨਿਰਭਰ ਨਹੀਂ ਹੋਣਾ। ਜੋ ਆਦਮੀ ਕਿਸੇ ਉੱਤੇ ਨਿਰਭਰ ਹੁੰਦਾ ਹੈ, ਉਸ ਦਾ ਰੁਤਬਾ ਮੰਗਤੇ ਵਰਗਾ ਹੋ ਜਾਂਦਾ ਹੈ। ਅਸੀਂ ਵਕਤ ਸਿਰ ਆਪਣਾ ਕੰਮ ਲੱਭ ਕੇ ਉਸ ਉੱਤੇ ਲੱਗ ਜਾਣਾ ਹੈ ਤਾਂ ਕਿ ਅਸੀਂ ਵੀ ਇਕ ਪਰਿਵਾਰ ਦੀ ਸਥਾਪਨਾ ਕਰਨ ਜੋਗੇ ਹੋ ਜਾਈਏ। ਅਸੀਂ ਵਿਹਲੇ ਨਹੀਂ ਰਹਿਣਾ, ਵਿਹਲਾ ਆਦਮੀ ਇਕ ਬੋਝ ਹੈ ਜੋ ਘਰ ਵਾਲਿਆਂ ਨੂੰ ਵੀ ਉਠਾਉਣ ਵਿੱਚ ਮੁਸ਼ਕਿਲ ਪੇਸ਼ ਆਉਂਦੀ ਹੈ।

## ਰੱਬ ਦੁਨੀਆਂ ਨੂੰ ਪ੍ਰੇਮ ਕਰਕੇ ਪਾਇਆ ਜਾਂਦਾ ਹੈ

ਇਹ ਦੁਨੀਆਂ ਰੱਬ ਨੇ ਆਪ ਸਾਜੀ ਹੈ, ਅਸੀਂ ਵੀ ਇਸ ਦੁਨੀਆਂ ਦੇ ਇਕ ਪਾਤਰ ਹਾਂ। ਇਸ ਦੁਨੀਆਂ ਤੋਂ ਵੱਖਰੀ ਸਾਡੀ ਕੋਈ ਹੋਂਦ ਨਹੀਂ ਹੈ। ਅਸੀਂ ਲੋਕਾਂ ਵਾਸਤੇ ਹਾਂ ਅਤੇ ਲੋਕੀਂ ਸਾਡੇ ਵਾਸਤੇ ਹਨ। ਅਸੀਂ ਲੋਕਾਂ ਦੇ ਕੰਮ ਆਉਣਾ ਹੈ। ਅਸੀਂ ਲੋਕਾਂ ਨੂੰ ਆਪਣਾ ਸਮਝਣਾ ਹੈ, ਕਿਸੇ ਨੂੰ ਪਰਾਇਆ ਨਹੀਂ ਸਮਝਣਾ। ਰੱਬ ਨੇ ਇਸ ਦੁਨੀਆਂ ਦੀ ਸਥਾਪਨਾ ਇਕ ਟੱਬਰ ਦੀ ਭਾਂਤੀ ਕੀਤੀ ਹੈ। ਜਦੋਂ ਟੱਬਰ ਅੰਦਰ ਮੇਰੀ-ਤੇਰੀ ਦੀ ਭਾਵਨਾ ਪੈਦਾ ਹੋ

ਜਾਵੇ ਤਾਂ ਟੱਬਰ ਕਾਇਮ ਨਹੀਂ ਰਹਿੰਦਾ। ਇਸੇ ਤਰ੍ਹਾਂ ਇਹ ਦੁਨੀਆਂ ਹੈ। ਅਸੀਂ ਮੇਰੀ-ਤੇਰੀ ਦੀ ਭਾਵਨਾ ਦੇ ਸ਼ਿਕਾਰ ਹਾਂ ਅਤੇ ਸਾਡਾ ਟੱਬਰ ਟੁੱਟ ਗਿਆ ਹੈ, ਟੁਕੜੇ-ਟੁਕੜੇ ਹੋ ਗਿਆ ਹੈ, ਬਖੇਟੀਆਂ ਪੈ ਗਈਆਂ ਹਨ। ਅੱਜ ਜਦੋਂ ਸਦੀਆਂ ਦਾ ਸਫ਼ਰ ਤੈਅ ਕਰਨ ਤੋਂ ਬਾਅਦ ਆਪਣੇ ਆਪ ਬਾਰੇ ਸੋਚਦੇ ਹਾਂ ਤਾਂ ਅਸੀਂ ਇਹੀ ਨਤੀਜਾ ਕੱਢਦੇ ਹਾਂ ਕਿ ਅਸੀਂ ਵੰਡੇ ਜਾ ਚੁੱਕੇ ਹਾਂ। ਸਾਡਾ ਟੱਬਰ ਟੁੱਟ ਚੁੱਕਾ ਹੈ ਅਤੇ ਅਸੀਂ ਹੁਣ ਮੁੜ ਕਦੀ ਇਕ ਟੱਬਰ ਨਹੀਂ ਬਣ ਸਕਦੇ। ਇਹ ਵੰਡੀਆਂ ਸਦੀਵੀਂ ਹੋ ਗਈਆਂ ਹਨ, ਰੱਬ ਨਾਰਾਜ਼ ਹੋ ਗਿਆ ਹੈ। ਇਹ ਦੁੱਖ ਸਾਨੂੰ ਸਜ਼ਾ ਦੇ ਤੌਰ 'ਤੇ ਮਿਲ ਰਹੇ ਹਨ। ਹੁਣ ਅਸੀਂ ਮੁੜ ਕੇ ਇਕ ਟੱਬਰ ਹੋ ਨਹੀਂ ਸਕਣਾ ਅਤੇ ਇਸ ਕਰਕੇ ਸਾਨੂੰ ਮਿਲਦੀ ਸਜ਼ਾ ਦੀ ਜੋ ਲੜੀ ਚਾਲੂ ਹੋ ਚੁੱਕੀ ਹੈ, ਇਸ ਵਿੱਚ ਵਾਧਾ ਤਾਂ ਹੋ ਸਕਦਾ ਹੈ ਪਰ ਇਹ ਲੜੀ ਛੇਤੀ ਖ਼ਤਮ ਹੋਣ ਦੀ ਸੰਭਾਵਨਾ ਨਹੀਂ ਹੈ।

## ਸ਼ਰਾਬੀ ਗ਼ਲਤੀਆਂ ਦਾ ਪੁਤਲਾ ਬਣ ਜਾਂਦਾ ਹੈ

ਸ਼ਰਾਬੀ ਆਦਮੀ ਆਪਣੀਆਂ ਕਮਜ਼ੋਰੀਆਂ ਦੂਰ ਕਰਨ ਲਈ ਸ਼ਰਾਬ ਪੀਂਦਾ ਹੈ ਪਰ ਕਮਜ਼ੋਰੀਆਂ ਸ਼ਰਾਬ ਨਾਲ ਦੂਰ ਨਹੀਂ ਹੁੰਦੀਆਂ, ਸ਼ਰਾਬ ਸਾਡੇ ਅੰਦਰ ਹੋਰ ਵਿਕਾਰ ਛੇੜਦੀ ਹੈ। ਅਸੀਂ ਸ਼ਰਾਬ ਪੀ ਕੇ ਗ਼ਲਤੀਆਂ ਕਰਦੇ ਹਾਂ, ਸ਼ਰਾਬ ਇਕ ਆਦਤ ਬਣ ਜਾਂਦੀ ਹੈ। ਇਕ ਵਾਰੀ ਸ਼ਰਾਬ ਪੀਣ ਦੀ ਆਦਤ ਬਣ ਜਾਵੇ ਤਾਂ ਇਹ ਆਦਤ ਜਾਂਦੀ ਨਹੀਂ। ਅਸੀਂ ਗ਼ਲਤੀਆਂ ਉੱਤੇ ਗ਼ਲਤੀਆਂ ਕਰਨ ਲੱਗ ਜਾਂਦੇ ਹਾਂ। ਸ਼ਰਾਬੀ ਲੋਕਾਂ ਦਾ ਇਕ ਵੱਖਰਾ ਸਮਾਜ ਉਸਰ ਆਉਂਦਾ ਹੈ। ਇਸ ਵੱਖਰੇ ਸਮਾਜ ਨੂੰ ਆਮ ਸਮਾਜ ਵਾਲੇ ਲੋਕੀਂ ਪਸੰਦ ਨਹੀਂ ਕਰਦੇ। ਸ਼ਰਾਬੀ ਆਦਮੀ ਆਮ ਸਮਾਜ ਦਾ ਪਾਤਰ ਹੀ ਨਹੀਂ ਰਹਿੰਦਾ, ਉਸ ਉੱਤੇ ਕੋਈ ਵਿਸ਼ਵਾਸ ਨਹੀਂ ਕਰਦਾ। ਹਰ ਕੋਈ ਸਮਝਦਾ ਹੈ ਕਿ ਸ਼ਰਾਬੀ ਜੋ ਵੀ ਵਚਨ ਕਰ ਰਿਹਾ ਹੈ, ਉਹ ਕੁਝ ਪਲਾਂ ਬਾਅਦ ਹੀ ਭੁੱਲ ਜਾਵੇਗਾ। ਕੱਲ੍ਹ ਤੱਕ ਇਸ ਨੂੰ ਕੋਈ ਗੱਲ ਯਾਦ ਹੀ ਨਹੀਂ ਰਹਿਣੀ। ਸ਼ਰਾਬੀ ਲੋਕੀਂ ਸ਼ਰਾਬ ਪੀ ਕੇ ਕੁਝ-ਕੁਝ ਸੱਚ ਬੋਲ ਪੈਂਦੇ ਹਨ ਪਰ ਸ਼ਰਾਬ ਦੀ ਜ਼ਰੂਰਤ ਵਕਤ ਉਹ ਦੁਨੀਆਂ ਭਰ ਦੇ ਝੂਠ ਬੋਲ ਕੇ ਤੁਹਾਡੇ ਪਾਸੋਂ ਪੈਸੇ ਮੰਗ ਸਕਦੇ ਹਨ। ਇਹੀ ਕਾਰਨ ਹੈ ਸ਼ਰਾਬੀਆਂ ਉੱਤੇ ਕੋਈ ਵੀ ਵਿਸ਼ਵਾਸ ਨਹੀਂ ਕਰਦਾ। ਸ਼ਰਾਬੀ ਸਮਾਜ ਦਾ ਸੰਪੂਰਨ ਪਾਤਰ ਨਹੀਂ ਬਣ ਸਕਦਾ। ਇਹ ਹੁਣ ਅਸੀਂ ਫ਼ੈਸਲਾ ਕਰਨਾ ਹੈ ਕਿ ਅਸੀਂ ਸ਼ਰਾਬੀ ਬਣਨ ਤੋਂ ਬਚ ਕਿਵੇਂ ਸਕਦੇ ਹਾਂ ?

## ਸਾਰੀ ਕਮਾਈ ਆਪ ਹੀ ਨਾ ਖਾ ਜਾਉ

ਕਿਰਤ ਕਰਕੇ ਕਮਾਈ ਕਰਨਾ ਸਾਡਾ ਸਾਰਿਆਂ ਦਾ ਮੁੱਢਲਾ ਫ਼ਰਜ਼ ਬਣਦਾ ਹੈ। ਅਸੀਂ ਜੋ ਕਮਾਈ ਕਰਦੇ ਹਾਂ, ਆਪਣੀ ਅਤੇ ਆਪਣੇ ਟੱਬਰ ਦੀ ਪਾਲਣਾ-ਪੋਸ਼ਣਾ ਲਈ ਕਰਦੇ ਹਾਂ। ਬਹੁਤ ਸਾਰੇ ਐਸੇ ਲੋਕ ਵੀ ਹਨ ਜੋ ਆਪਣੀ ਕਮਾਈ ਸਾਰੀ ਦੀ ਸਾਰੀ ਆਪ ਹੀ ਨਿਗਲ ਜਾਂਦੇ ਹਨ। ਅਰਥਾਤ ਉਹ ਆਪਣੇ ਟੱਬਰ ਦਾ ਖ਼ਿਆਲ ਵੀ ਨਹੀਂ ਰੱਖਦੇ। ਕੁਝ ਲੋਕੀਂ ਐਸੇ ਹਨ ਜੋ ਆਪਣੀ ਕਮਾਈ ਨਾਲ ਆਪਣਾ ਘਰ-ਬਾਰ ਚਲਾਉਂਦੇ ਹਨ ਅਤੇ ਕਦੀ-ਕਦੀ ਕਿਸੇ ਲੋੜਵੰਦ ਦੀ ਮੱਦਦ ਵੀ ਕਰ ਦਿੰਦੇ ਹਨ। ਇਹ ਲੋਕੀਂ ਜੋ ਲੋੜਵੰਦ ਦੀ ਮੱਦਦ ਕਰਦੇ ਹਨ, ਇਹ ਸਭ ਤੋਂ ਵਧੀਆ ਲੋਕੀਂ ਹਨ। ਇਹ ਸੰਸਾਰ ਸਾਰੇ ਦਾ ਸਾਰਾ ਇਕ ਟੱਬਰ ਹੈ, ਇਕ ਦੂਜੇ ਦੀ ਮੱਦਦ ਨਾਲ ਚੱਲਦਾ ਹੈ। ਰੱਬ ਨੇ ਇਸ ਦੀ ਬਣਤਰ ਹੀ ਐਸੀ ਸਾਜੀ ਹੈ। ਕੋਈ ਵੀ ਆਦਮੀ ਇਹ ਨਹੀਂ ਆਖ ਸਕਦਾ ਕਿ ਉਹ ਸਵੈ-ਨਿਰਭਰ ਹੈ। ਅਸੀਂ

ਥੋੜ੍ਹਾ-ਬਹੁਤਾ ਹੀ ਸਹੀ ਇਕ ਦੂਜੇ ਉੱਤੇ ਨਿਰਭਰ ਕਰਦੇ ਹਾਂ। ਅਗਰ ਐਸਾ ਹੈ ਤਾਂ ਜਦੋਂ ਕਦੀ ਵੀ ਸਾਨੂੰ ਮੌਕਾ ਲੱਗੇ ਲੋੜਵੰਦ ਅਤੇ ਸੰਕਟ ਵਿੱਚ ਫਸੇ ਆਦਮੀ ਦੀ ਮੱਦਦ ਕਰ ਦੇਣੀ ਚਾਹੀਦੀ ਹੈ। ਜਦੋਂ ਲੋੜਵੰਦ ਦੀ ਅਸੀਂ ਮੱਦਦ ਕਰਦੇ ਹਾਂ ਤਾਂ ਸਮਝੋ ਅਸੀਂ ਸੈਂਕੜੇ ਤੀਰਥਾਂ ਦਾ ਇਸ਼ਨਾਨ ਕਰ ਲਿਆ। ਅਸੀਂ ਜਨਮ-ਜਨਮਾਂਤਰਾਂ ਦੀ ਪਾਠ-ਪੂਜਾ ਕਰ ਲਈ। ਇਹ ਲੋੜਵੰਦ ਲੋੜ ਪੂਰੀ ਹੋਣ ਕਰਕੇ ਜੋ ਅਸੀਸ ਦਿੰਦਾ ਹੈ ਉਸ ਨਾਲ ਹਜ਼ਾਰਾਂ ਸਮਾਧੀਆਂ ਦਾ ਫਲ ਮਿਲ ਜਾਂਦਾ ਹੈ। ਸੋ ਐਸੇ ਅਸ਼ੀਰਵਾਦ ਅਤੇ ਚੰਗੀਆਂ ਕਾਮਨਾਵਾਂ ਭਰੀਆਂ ਅਰਦਾਸਾਂ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ। ਬਹੁਤਾ ਨਾ ਸਹੀ ਪਰ ਸਰਦੀ ਪੁਜਦੀ ਮੱਦਦ ਕਰਕੇ ਰੱਬ ਦੀਆਂ ਖ਼ੁਸ਼ੀਆਂ ਪ੍ਰਾਪਤ ਕਰ ਲੈਣੀਆਂ ਚਾਹੀਦੀਆਂ ਹਨ ਪਰ ਇਕ ਗੱਲ ਦਾ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਦਾਨ ਉਹੀ ਲੱਗਦਾ ਹੈ ਜੋ ਸਾਡੀ ਆਪਣੀ ਨੇਕ ਕਮਾਈ ਦਾ ਇਕ ਹਿੱਸਾ ਹੋਵੇ। ਠੱਗੀਆਂ ਮਾਰ ਕੇ, ਹਰਾਮ ਦਾ ਪੈਸਾ ਕਮਾ ਕੇ ਅਗਰ ਅਸੀਂ ਦਾਨ ਕਰਦੇ ਹਾਂ ਤਾਂ ਇਹ ਕਦੀ ਨਹੀਂ ਸਮਝ ਲੈਣਾ ਚਾਹੀਦਾ ਕਿ ਅਸੀਂ ਜੋ ਪਾਪ ਕਰ ਬੈਠੇ ਹਾਂ ਉਸ ਦਾ ਅਸਰ ਖ਼ਤਮ ਹੋ ਗਿਆ, ਐਸਾ ਦਾਨ ਲੱਗਦਾ ਨਹੀਂ ਹੈ। ਅਸੀਂ ਤਾਂ ਰੱਬ ਪਾਸ ਸਜ਼ਾ ਪਾਤਰ ਬਣੇ ਖਲੋਤੇ ਹਾਂ, ਅਪਰਾਧੀ ਅਤੇ ਪਾਪੀ ਜਦੋਂ ਪਾਪ ਦੀ ਕਮਾਈ 'ਚੋਂ ਦਾਨ ਕਰਦਾ ਹੈ ਤਾਂ ਉਹ ਵਿਅਰਥ ਹੈ, ਉਸ ਦਾ ਉਲਟਾ ਅਸਰ ਹੋ ਸਕਦਾ ਹੈ।

## ਜਦੋਂ ਕੁਝ ਵੀ ਸੁੱਝਦਾ ਨਾ ਪਿਆ ਹੋਵੇ

ਸਾਡੇ ਜੀਵਨ ਵਿੱਚ ਐਸੇ ਮੌਕੇ ਕਈ ਵਾਰੀ ਆ ਖਲੋਂਦੇ ਹਨ ਜਦੋਂ ਸਾਨੂੰ ਕੁਝ ਵੀ ਨਹੀਂ ਸੁੱਝਦਾ, ਉਦੋਂ ਜੋ ਲੋਕੀਂ ਵੀ ਸਾਡਾ ਰਾਹ-ਦਸੇਰਾ ਬਣ-ਬਣ ਆਉਂਦੇ ਹਨ, ਉਨ੍ਹਾਂ ਦੀ ਗੱਲ ਵੀ ਸਾਨੂੰ ਭਾਉਂਦੀ ਨਹੀਂ। ਇਉਂ ਲੱਗਦਾ ਹੈ, ਹਰ ਕੋਈ ਸਾਨੂੰ ਗ਼ਲਤ ਰਸਤੇ ਪਾ ਰਿਹਾ ਹੈ। ਐਸੇ ਮੁਸ਼ਕਿਲ ਸਮਿਆਂ ਵਿੱਚ ਸਾਡੇ ਅੰਦਰ ਹਾਜ਼ਰ ਰੱਬ ਨਾਲ ਗੱਲ ਕਰਨੀ ਚਾਹੀਦੀ ਹੈ, ਉਹ ਸਾਡੀ ਸਮੱਸਿਆ ਦਾ ਸਹੀ ਰਸਤਾ ਦਿਖਾਵੇਗਾ। ਇਹ ਇਨਸਾਨ ਸਾਰੀ ਭਟਕਣਾ ਛੱਡ ਕੇ ਅਗਰ ਆਪਣੇ ਦਿਲਾਂ ਵਿੱਚੋਂ ਉੱਠੀ ਆਵਾਜ਼ ਹੀ ਸੁਣਦਾ ਰਹੇ ਤਾਂ ਇਸ ਨੂੰ ਕਿਸੇ ਰਾਹ-ਦਸੇਰੇ ਦੀ ਜ਼ਰੂਰਤ ਨਹੀਂ ਪੈਂਦੀ। ਉਸ ਦੇ ਅੰਦਰੋਂ ਜੋ ਆਵਾਜ਼ ਉੱਠਦੀ ਹੈ ਉਹ ਆਵਾਜ਼ ਕਦੀ ਗ਼ਲਤ ਨਹੀਂ ਹੁੰਦੀ। ਇਹ ਆਵਾਜ਼ ਸਾਡੀ ਆਪਣੀ ਹੈ, ਕਦੀ ਗ਼ਲਤ ਨਹੀਂ ਹੁੰਦੀ ਅਤੇ ਨਾ ਹੀ ਇਸ ਅੰਦਰਲੀ ਆਵਾਜ਼ ਨੇ ਅੱਜ ਤੱਕ ਕਿਸੇ ਨੂੰ ਗ਼ਲਤ ਰਸਤਾ ਹੀ ਦਿਖਾਇਆ ਹੈ। ਅਸੀਂ ਜਦੋਂ ਅੰਦਰਲੀ ਆਵਾਜ਼ ਸੁਣਨ ਦੀ ਬਜਾਏ ਹੋਰ ਪਾਸਿਆਂ ਵੱਲ ਭਟਕਦੇ ਹਾਂ ਤਾਂ ਗ਼ਲਤੀਆਂ ਕਰੀ ਜਾਂਦੇ ਹਾਂ ਅਤੇ ਫਿਰ ਆਪਣੀਆਂ ਹੀ ਗ਼ਲਤੀਆਂ ਦੇ ਜਾਲ ਵਿੱਚ ਐਸੇ ਜਾ ਫਸਦੇ ਹਾਂ ਜਿੱਥੋਂ ਬਾਹਰ ਨਿਕਲਣਾ ਮੁਸ਼ਕਿਲ ਹੋ ਜਾਂਦਾ ਹੈ।

## ਰੱਬ ਅਹੰਕਾਰੀਆਂ ਨੂੰ ਨਹੀਂ ਮਿਲਦਾ

ਅਹੰਕਾਰ ਦਾ ਸਿੱਧਾ ਸਾਦਾ ਮਤਲਬ ਇਹ ਹੁੰਦਾ ਹੈ ਕਿ ਅਸੀਂ ਰੱਬ ਦੀਆਂ ਬਖ਼ਸ਼ੀਆਂ ਦਾਤਾਂ ਨੂੰ ਆਪਣੀਆਂ ਕੀਤੀਆਂ ਪ੍ਰਾਪਤੀਆਂ ਸਮਝਣ ਲੱਗ ਪੈਂਦੇ ਹਾਂ। ਅਸੀਂ ਭੁੱਲ ਹੀ ਜਾਂਦੇ ਹਾਂ ਕਿ ਅਸੀਂ ਤਾਂ ਨਾਚੀਜ਼ ਹਾਂ। ਇਹ ਪ੍ਰਾਪਤੀਆਂ ਸਾਡੀਆਂ ਨਹੀਂ ਹਨ, ਇਹ ਤਾਂ ਰੱਬ ਦੀਆਂ ਨਿਆਮਤਾਂ ਹਨ ਅਤੇ ਉਸ ਨੇ ਸਾਡੇ ਹਿੱਸੇ ਲਿਖ ਦਿੱਤੀਆਂ ਸਨ। ਅਸੀਂ

ਆਪਣੀਆਂ ਪ੍ਰਾਪਤੀਆਂ ਉੱਤੇ ਮਾਣ ਕਰ ਸਕਦੇ ਹਾਂ। ਮਾਣ ਕਰਨਾ ਹੋਰ ਗੱਲ ਹੈ, ਅਹੰਕਾਰ ਕਰਨਾ ਹੋਰ ਗੱਲ ਹੈ। ਆਦਮੀ ਮਿਹਨਤ ਕਰਦਾ ਹੈ, ਉਹ ਕੁਝ ਪ੍ਰਾਪਤ ਕਰਦਾ ਹੈ, ਉਸ ਨੂੰ ਖ਼ੁਸ਼ੀ ਹੁੰਦੀ ਹੈ, ਫ਼ਖ਼ਰ ਨਾਲ ਉਸ ਦਾ ਸਿਰ ਉੱਚਾ ਹੋ ਉੱਠਦਾ ਹੈ। ਐਸਾ ਹੋਣਾ ਇਨਸਾਨੀ ਫਿਤਰਤ ਹੈ ਅਤੇ ਇਹ ਖ਼ੁਸ਼ੀਆਂ ਹੀ ਮਨੁੱਖ ਨੂੰ ਹੋਰ ਮਿਹਨਤ ਕਰਨ ਅਤੇ ਹੋਰ ਪ੍ਰਾਪਤੀਆਂ ਕਰਨ ਲਈ ਉਤਸ਼ਾਹ ਦਿੰਦੀਆਂ ਹਨ, ਪਰ ਜਦੋਂ ਅਸੀਂ ਅਹੰਕਾਰੇ ਜਾਂਦੇ ਹਾਂ ਤਾਂ ਉਦੋਂ ਇਹ ਪ੍ਰਾਪਤੀਆਂ ਸਾਡੀ ਮਿਹਨਤ ਸਦਕਾ ਨਹੀਂ ਹੁੰਦੀਆਂ। ਅਸੀਂ ਇਨ੍ਹਾਂ ਪ੍ਰਾਪਤੀਆਂ ਦੇ ਕਾਬਲ ਹੀ ਨਹੀਂ ਸਾਂ। ਰੱਬ ਨੇ ਆਪ ਐਸੀਆਂ ਪ੍ਰਾਪਤੀਆਂ ਦੇ ਕੇ ਸਾਡਾ ਇਮਤਿਹਾਨ ਲਿਆ ਹੈ ਅਤੇ ਅਹੰਕਾਰ ਦਾ ਸਿੱਧਾ-ਸਾਦਾ ਅਰਥ ਇਹੀ ਨਿਕਲਦਾ ਹੈ ਕਿ ਜੋ ਪ੍ਰੀਖਿਆ ਰੱਬ ਨੇ ਸਾਡੀ ਲਈ ਹੈ ਅਸੀਂ ਉਸ ਪ੍ਰੀਖਿਆ ਵਿੱਚ ਫ਼ੇਲ੍ਹ ਹੋ ਗਏ ਹਾਂ। ਅਹੰਕਾਰੀ ਆਦਮੀ ਕਦੀ ਵੀ ਆਪਣੇ ਆਪ ਨੂੰ ਜਿੱਤਿਆ ਨਾ ਸਮਝੇ, ਉਹ ਤਾਂ ਨਾ-ਕਾਮਯਾਬ ਇਨਸਾਨ ਹੈ, ਫੋਕਾ ਹੈ।

## ਰੱਬ ਦੀ ਪ੍ਰਾਪਤੀ

ਰੱਬ ਨੂੰ ਉਹ ਇਨਸਾਨ ਪ੍ਰਾਪਤ ਕਰ ਲੈਂਦੇ ਹਨ ਜਿਨ੍ਹਾਂ ਨੇ ਕਦੀ ਵੀ ਰੱਬ ਤੋਂ ਦੂਰੀਆਂ ਕਾਇਮ ਨਹੀਂ ਕੀਤੀਆਂ। ਰੱਬ ਨੂੰ ਉਨ੍ਹਾਂ ਹਮੇਸ਼ਾਂ ਆਪਣੇ ਅੰਦਰ ਹਾਜ਼ਰ ਮਹਿਸੂਸ ਕੀਤਾ ਹੈ ਅਤੇ ਆਪਣੀਆਂ ਕਰਨੀਆਂ ਅਤੇ ਸੋਚਣੀਆਂ, ਐਸੀਆਂ ਉੱਚੀਆਂ ਕਰ ਲਈਆਂ ਹਨ ਕਿ ਰੱਬ ਨੂੰ ਇਹ ਥਾਂ ਪਸੰਦ ਆਈ ਹੈ। ਉਹ ਇਹ ਥਾਂ ਛੱਡ ਕੇ ਜਾਣ ਲਈ ਤਿਆਰ ਹੀ ਨਹੀਂ ਹੈ। ਅਸੀਂ ਜਦੋਂ ਆਪਣੇ ਆਪ ਨੂੰ ਰੱਬ ਦਾ ਘਰ ਬਣਾ ਲੈਂਦੇ ਹਾਂ ਤਾਂ ਰੱਬ ਵੀ ਆਪਣਾ ਘਰ ਛੱਡ ਕੇ ਜਾਣ ਲਈ ਤਿਆਰ ਨਹੀਂ ਹੁੰਦਾ। ਰੱਬ ਦੀ ਪ੍ਰਾਪਤੀ ਲਈ ਭਟਕਦਾ ਉਹ ਆਦਮੀ ਫਿਰਦਾ ਹੈ ਜਿਸ ਨੂੰ ਇਹ ਸੋਝੀ ਹੀ ਨਹੀਂ ਹੈ ਕਿ ਰੱਬ ਤਾਂ ਆਤਮਾ ਦੇ ਰੂਪ ਵਿੱਚ ਹਰ ਵਕਤ ਸਾਡੇ ਅੰਦਰ ਹਾਜ਼ਰ ਹੈ। ਅਸੀਂ ਆਪਣੀਆਂ ਗ਼ਲਤੀਆਂ ਅਤੇ ਅਗਿਆਨਤਾ ਕਾਰਨ ਅਗਰ ਰੱਬ ਦੀ ਗ਼ੈਰ-ਹਾਜ਼ਰੀ ਲਗਾਈ ਜਾ ਰਹੇ ਹਾਂ ਤਾਂ ਗ਼ਲਤ ਅਸੀਂ ਆਪ ਹੀ ਹਾਂ। ਜਦੋਂ ਅਸੀਂ ਆਪਣੇ ਅੰਦਰ ਹਾਜ਼ਰ ਰੱਬ ਨਾਲ ਗੱਲਾਂ ਕਰਨ ਦੀ ਬਜਾਏ ਬਾਹਰ ਵਸਦੇ ਕਿਸੇ ਰੱਬ ਦੀ ਭਾਲ ਵਿੱਚ ਭਟਕਣਾ ਸ਼ੁਰੂ ਕਰਦੇ ਹਾਂ ਤਾਂ ਰੱਬ ਤੋਂ ਦੂਰੀਆਂ ਵੱਧਦੀਆਂ ਜਾਂਦੀਆਂ ਹਨ, ਨਜ਼ਦੀਕੀਆਂ ਖ਼ਤਮ ਹੋ ਜਾਂਦੀਆਂ ਹਨ। ਰੱਬ ਦਾ ਇਕ ਹਿੱਸਾ ਹਾਂ ਅਸੀਂ ਅਤੇ ਅਸੀਂ ਰੱਬ ਦੀ ਭਾਲ ਲਈ ਬਾਹਰ ਤੁਰ ਪਏ ਹਾਂ। ਅਸੀਂ ਮੂਰਖ ਹਾਂ ਅਤੇ ਸਾਡੀ ਮੂਰਖਤਾ ਦਾ ਖ਼ਮਿਆਜ਼ਾ ਸਾਨੂੰ ਆਪ ਭੁਗਤਣਾ ਪਵੇਗਾ।

## ਜਦੋਂ ਔਰਤ ਪਿਆਰ ਦੀ ਭਾਵਨਾ ਨਹੀਂ ਰੱਖਦੀ

ਔਰਤ ਕਿਤਨੀ ਵੀ ਖ਼ੂਬਸੂਰਤ ਕਿਉਂ ਨਾ ਹੋਵੇ, ਉਹ ਸਾਡੇ ਕਿਸ ਕੰਮ ਦੀ ਜੇਕਰ ਉਸ ਦੇ ਮਨ ਅੰਦਰ ਸਾਡੇ ਲਈ ਪਿਆਰ ਨਹੀਂ ਹੈ। ਇਹ ਸ਼ਕਲਾਂ-ਸੂਰਤਾਂ ਬੇਅਰਥ ਹਨ। ਪਿਆਰ ਕਰੋ-ਪਿਆਰ ਪਾਓ ਅਤੇ ਪਿਆਰ ਰਾਹੀਂ ਹੀ ਪਿਆਰ ਮਿਲਦਾ ਹੈ। ਔਰਤ ਅਤੇ ਮਰਦ ਦਾ ਆਪਸੀ ਪਿਆਰ ਅਗਰ ਸੁੰਦਰਤਾ ਉੱਤੇ ਹੀ ਨਿਰਭਰ ਹੈ ਤਾਂ ਐਸਾ ਪਿਆਰ ਚਿਰ ਰਹਿਣਾ ਨਹੀਂ ਹੁੰਦਾ। ਕੁਝ ਸਮੇਂ ਬਾਅਦ ਜਦੋਂ ਬੁਢਾਪਾ ਆ ਜਾਂਦਾ ਹੈ, ਸੁੰਦਰਤਾ ਜਾਂਦੀ ਰਹਿੰਦੀ ਹੈ ਤਾਂ ਪਿਆਰ ਵੀ ਖ਼ਤਮ ਹੋ ਜਾਂਦਾ ਹੈ। ਪਿਆਰ ਤਾਂ ਦੋ ਦਿਲਾਂ ਦੀ ਸਾਂਝ ਹੈ। ਇਹ ਸਾਰੀ ਸਰੀਰਕ ਸੁੰਦਰਤਾ ਉੱਤੇ ਨਿਰਭਰ ਨਹੀਂ ਕਰਦਾ। ਇਹ ਤਾਂ ਦਿਲਾਂ ਦੀ

ਸਾਂਝ ਬਣ ਕੇ ਦੋ ਰੂਹਾਂ ਵਿਚ ਸਮਾ ਜਾਂਦਾ ਹੈ। ਹੀਰ ਅਤੇ ਰਾਂਝੇ ਵਿੱਚ ਕੋਈ ਫ਼ਰਕ ਨਹੀਂ ਰਹਿੰਦਾ। ਇਹੀ ਪਤਾ ਨਹੀਂ ਲੱਗਦਾ ਕਿ ਹੀਰ ਕੌਣ ਹੈ ਅਤੇ ਰਾਂਝਾ ਕੌਣ ਹੈ ? ਐਸੀ ਅਵਸਥਾ ਕਿਸੇ ਵਿਰਲੇ ਦੇ ਨਸੀਬ ਹੁੰਦੀ ਹੈ ਅਤੇ ਫਿਰ ਇਹ ਪਿਆਰ-ਕਹਾਣੀਆਂ ਸਦੀਆਂ ਦਾ ਸਫ਼ਰ ਤੈਅ ਕਰਨ ਤੋਂ ਬਾਅਦ ਵੀ ਨਵੀਆਂ ਨਕੋਰ ਅਤੇ ਤਾਜ਼ਾ ਰਹਿੰਦੀਆਂ ਹਨ। ਸਰੀਰਾਂ ਦਾ ਕੀ ਹੈ, ਇਹ ਸਮਾਂ ਪਾ ਕੇ ਬੁੱਢੇ ਹੋ ਜਾਂਦੇ ਹਨ, ਕਮਜ਼ੋਰ ਹੋ ਜਾਂਦੇ ਹਨ, ਬਦਸੂਰਤ ਹੋ ਜਾਂਦੇ ਹਨ ਪਰ ਦਿਲ ਦੀਆਂ ਸਾਂਝਾਂ ਸਦਾ ਕਾਇਮ ਰਹਿੰਦੀਆਂ ਹਨ। ਅਸੀਂ ਵੀ ਐਸੀਆਂ ਪਿਆਰ-ਸਾਂਝਾਂ ਕਾਇਮ ਕਰਨੀਆਂ ਹਨ ਤਾਂ ਹੀ ਅਸੀਂ ਮਾਣ ਨਾਲ ਆਖ ਸਕਾਂਗੇ ਕਿ ਅਸੀਂ ਵੀ ਕਦੀ ਪਿਆਰ ਕੀਤਾ ਸੀ ?

## ਰੱਬ ਦੀਆਂ ਭਾਵਨਾਵਾਂ ਦੀ ਅਸੀਂ ਪਛਾਣ ਕਰਦੇ ਆ ਰਹੇ ਹਾਂ

ਅਜੇ ਬਹੁਤ ਕੁਝ ਖੋਜਣਾ ਬਾਕੀ ਹੈ। ਇਕੋ ਅਸਮਾਨ ਵਿੱਚ ਚੰਦਰਮਾ ਹੈ, ਸੂਰਜ ਹੈ ਅਤੇ ਤਾਰੇ ਵੀ ਹਨ। ਚੰਦਰਮਾ ਅਤੇ ਤਾਰੇ ਠੰਢੇ ਹਨ, ਸੂਰਜ ਉਸੇ ਆਕਾਸ਼ ਵਿੱਚ ਹਾਜ਼ਰ ਹੈ, ਅੱਗ ਵਰਸਾਉਂਦਾ ਹੈ। ਪਤਾ ਨਹੀਂ ਹੋਰ ਕਿਤਨੇ ਹੀ ਆਕਾਸ਼ ਹਨ ਜਿੱਥੇ ਸੂਰਜ ਵੀ ਹਨ, ਚੰਦਰਮਾ ਵੀ ਹਨ ਅਤੇ ਸਿਤਾਰੇ ਵੀ ਹਨ। ਅਸੀਂ ਮਨੁੱਖ ਖੋਜਾਂ ਕਰਦੇ-ਕਰਦੇ ਖ਼ਲਾਅ ਵਿੱਚ ਕਾਫ਼ੀ ਦੂਰ ਤੱਕ ਚਲੇ ਗਏ ਹਾਂ ਪਰ ਹਾਲਾਂ ਵੀ ਸਾਡੀ ਜਾਣਕਾਰੀ ਪਾਸਕੂ ਵੀ ਨਹੀਂ ਹੈ। ਅਸੀਂ ਸਦੀਆਂ ਦਾ ਸਫ਼ਰ ਤੈਅ ਕਰਨ ਬਾਅਦ ਅਜੇ ਅੱਧ ਵਿੱਚ ਵੀ ਨਹੀਂ ਪੁੱਜੇ ਹਾਂ। ਹੋ ਸਕਦਾ ਹੈ ਇਸ ਬ੍ਰਹਿਮੰਡ ਵਿੱਚ ਸਥਾਪਿਤ ਹੋਰ ਧਰਤੀਆਂ ਉੱਤੇ ਵੀ ਸਾਡੇ ਵਰਗੇ ਜੀਵ ਹੋਣ। ਹੋ ਸਕਦਾ ਹੈ ਉਹ ਵੀ ਸਾਡੇ ਵਾਂਗ ਖੋਜਾਂ ਪਏ ਕਰਦੇ ਹੋਣ। ਬੇਸ਼ੱਕ ਇਹ ਕੁਦਰਤ ਅਥਾਹ ਹੈ, ਪਰ ਇਹ ਇਨਸਾਨ ਵੀ ਰੱਬ ਦਾ ਹੀ ਸਥਾਪਿਤ ਕੀਤਾ ਹੋਇਆ ਜੀਵ ਹੈ। ਇਹ ਖੋਜਾਂ ਦਾ ਸਿਲਸਿਲਾ ਰੁਕੇਗਾ ਨਹੀਂ, ਇਹ ਸਿਲਸਿਲਾ ਚੱਲਦਾ ਹੀ ਰਹੇਗਾ। ਕੁਦਰਤ ਅਥਾਹ ਹੈ, ਪਰ ਇਸ ਦਾ ਮਤਲਬ ਇਹ ਨਹੀਂ ਨਿਕਲਦਾ ਕਿ ਅਸੀਂ ਖੋਜ ਕਰਨਾ ਹੀ ਬੰਦ ਕਰ ਦੇਈਏ। ਅੱਜ ਜੋ ਕੁਝ ਵੀ ਇਸ ਦੁਨੀਆਂ ਵਿੱਚ ਹੈ, ਬਹੁਤ ਕੁਝ ਇਨਸਾਨ ਦੀ ਖੋਜ ਕਰਨ ਦੀ ਮਨੋਵਿਰਤੀ ਕਾਰਨ ਬਣ ਆਇਆ ਹੈ। ਇਹ ਸਿਲਸਿਲਾ ਜਾਰੀ ਰਹਿਣਾ ਚਾਹੀਦਾ ਹੈ, ਇਸੇ ਬਹਾਨੇ ਇਹ ਇਨਸਾਨ ਕੰਮ ਲੱਗਾ ਹੋਇਆ ਹੈ। ਇਸ ਇਨਸਾਨ ਦਾ ਵਿਹਲਾ ਬੈਠਣਾ ਘਾਤਕ ਹੈ।

## ਮੌਤ ਲਾਜ਼ਮੀ ਹੈ

ਅਸੀਂ ਅਗਰ ਇਸ ਦੁਨੀਆਂ ਵਿੱਚ ਆਏ ਹਾਂ ਤਾਂ ਜ਼ਿੰਦਗੀ ਦਾ ਇਕ ਮੁੱਢਲਾ ਅਸੂਲ ਹੈ ਕਿ ਜ਼ਿੰਦਗੀ ਇਕ ਦਿਨ ਖ਼ਤਮ ਹੋ ਜਾਂਦੀ ਹੈ। ਅਸੀਂ ਅਗਰ ਇਤਿਹਾਸ ਅਤੇ ਮਿਥਿਹਾਸ ਉੱਤੇ ਨਜ਼ਰ ਮਾਰਦੇ ਹਾਂ, ਸਾਹਿਤ ਦਾ ਅਧਿਐਨ ਕਰਦੇ ਹਾਂ ਜਾਂ ਦੰਦ ਕਥਾਵਾਂ ਬਾਰੇ ਸੋਚਦੇ ਹਾਂ ਤਾਂ ਇਕ ਗੱਲ ਸਾਡੇ ਸਾਹਮਣੇ ਆਉਂਦੀ ਹੈ ਕਿ ਅਰਬਾਂ-ਖ਼ਰਬਾਂ ਲੋਕੀਂ ਇਸ ਦੁਨੀਆਂ ਵਿੱਚ ਆਏ, ਅਰਬਾਂ-ਖ਼ਰਬਾਂ ਦੁਨੀਆਂ ਮਰ ਖਪ ਗਈ ਪਰ ਮਸਾਂ ਕੁਝ ਕੁ ਗਿਣਤੀ ਦੇ ਬੰਦਿਆਂ ਦੀ ਯਾਦ ਬਾਕੀ ਰਹਿ ਗਈ ਹੈ, ਬਾਕੀਆਂ ਦਾ ਨਾਮ ਨਿਸ਼ਾਨ ਨਹੀਂ ਰਿਹਾ। ਇਹ ਕੌਣ ਹਨ ਜੋ ਲੋਕਾਂ ਦੀ ਯਾਦ ਵਿੱਚ ਜਿਉਂਦੇ ਹਨ ? ਇਹ ਉਹ ਲੋਕ ਹਨ ਜਿਨ੍ਹਾਂ ਨੇ ਲੋਕਾਈ ਲਈ ਕੁਝ ਕਰ ਦਿਖਾਇਆ ਹੈ, ਜ਼ਿੰਦਗੀ ਦਾ ਕੋਈ ਮਕਸਦ ਲੈ ਕੇ ਉਹ ਤੁਰੇ ਸਨ ਅਤੇ ਉਹ ਮਕਸਦ ਪੂਰਾ ਕਰਕੇ ਗਏ ਹਨ। ਉਸ ਮਕਸਦ ਵਿੱਚ ਲੋਕ-

ਭਲਾਈ ਦੇ ਅੰਸ਼ ਸਨ। ਇਸ ਦੁਨੀਆਂ ਦੇ ਲੋਕੀਂ ਸਿਰਫ਼ ਉਸ ਆਦਮੀ ਨੂੰ ਯਾਦ ਕਰਦੇ ਹਨ ਜੋ ਇਨ੍ਹਾਂ ਵਾਸਤੇ ਕੁਝ ਕਰਕੇ ਜਾਂਦਾ ਹੈ, ਬਾਕੀ ਤਾਂ ਇਕ ਭੀੜ ਹੈ। ਇਸ ਭੀੜ ਦਾ ਕਿਸੇ ਨੂੰ ਕੋਈ ਲਾਭ ਨਹੀਂ ਹੈ। ਅਗਰ ਸਦਾ ਲਈ ਜਿਊਣਾ ਹੈ ਤਾਂ ਇਸ ਦੁਨੀਆਂ ਦੇ ਲੋਕੀਂ ਸਾਥੋਂ ਬਹੁਤ ਕੁਝ ਮੰਗਦੇ ਹਨ, ਸਾਡੇ ਤੱਕ ਇਨ੍ਹਾਂ ਦੀਆਂ ਵੱਡੀਆਂ ਆਸਾਂ ਲੱਗੀਆਂ ਹੋਈਆਂ ਹਨ। ਅਸੀਂ ਲੋਕਾਂ ਦੀਆਂ ਇਹ ਆਸਾਂ ਪੂਰੀਆਂ ਕਰਕੇ ਯਾਦਾਂ ਕਾਇਮ ਕਰਨੀਆਂ ਹਨ ਜੋ ਸਾਡਾ ਇਹ ਭੌਤਿਕ ਸਰੀਰ ਖ਼ਤਮ ਹੋਣ ਬਾਅਦ ਵੀ ਲੋਕਾਂ ਦੇ ਦਿਲਾਂ ਵਿੱਚ ਕਾਇਮ ਰਹਿਣਗੀਆਂ।

## ਜਦੋਂ ਅਸੀਂ ਰੱਬ ਨੂੰ ਭੁੱਲ ਜਾਂਦੇ ਹਾਂ

ਅਸੀਂ ਰੱਬ ਦਾ ਹਿੱਸਾ ਹਾਂ, ਫਿਰ ਅਸੀਂ ਆਪਣੇ-ਆਪ ਨੂੰ ਭੁੱਲ ਕਿਉਂ ਜਾਂਦੇ ਹਾਂ। ਇਸ ਦੁਨੀਆਂ ਵਿੱਚ ਬਹੁਤ ਕੁਝ ਐਸਾ ਹੈ, ਬਹੁਤ ਸਾਰੀਆਂ ਪ੍ਰਸਥਿਤੀਆਂ ਐਸੀਆਂ ਬਣ ਆਉਂਦੀਆਂ ਹਨ ਜਦੋਂ ਅਸੀ ਆਪਣੇ ਅੰਦਰ ਰੱਬ ਦੀ ਹਾਜ਼ਰੀ ਦਾ ਲਾਭ ਨਹੀਂ ਉਠਾ ਰਹੇ ਹੁੰਦੇ, ਬਲਕਿ ਸ਼ੈਤਾਨ ਵਸ ਹੋ ਕੇ ਕਰਮ ਕਰਨ ਲੱਗ ਪੈਂਦੇ ਹਾਂ। ਇਹ ਸਾਰੇ ਕਰਮ ਗ਼ਲਤ ਹੁੰਦੇ ਹਨ। ਅਸੀਂ ਇਹ ਮਾੜੇ ਕਰਮ ਕਰਦੇ ਜ਼ਰੂਰ ਹਾਂ ਪਰ ਕੋਈ ਆਖੇ ਉਸ ਨੂੰ ਪਤਾ ਹੀ ਨਹੀਂ ਸੀ ਕਿ ਉਹ ਗ਼ਲਤ ਰਸਤੇ ਜਾ ਰਿਹਾ ਹੈ ਤਾਂ ਐਸਾ ਉੱਤਰ ਵੀ ਗ਼ਲਤ ਲੱਗਦਾ ਹੈ। ਅਗਰ ਸਾਨੂੰ ਆਪਣੇ ਮਾੜੇ ਕਰਮਾਂ ਦਾ ਪਤਾ ਹੀ ਨਹੀਂ ਹੈ ਤਾਂ ਅਸੀਂ ਇਨ੍ਹਾਂ ਕਰਮਾਂ ਨੂੰ ਛੁਪਾਈ ਕਿਉਂ ਫਿਰਦੇ ਹਾਂ ? ਅਸੀਂ ਉਦੋਂ ਵੀ ਜਾਣਦੇ ਸਾਂ ਜਦੋਂ ਅਸੀਂ ਮਾੜਾ ਕਰਮ ਕਰ ਰਹੇ ਸਾਂ। ਅਸੀਂ ਉਦੋਂ ਵੀ ਜਾਣਦੇ ਸਾਂ ਜਦੋਂ ਅਸੀਂ ਮਾੜਾ ਕਰਮ ਮੁਕਾਇਆ ਸੀ। ਅਸੀ ਇਹ ਜਾਣਦੇ ਸਾਂ ਕਿ ਅਸੀਂ ਜੋ ਕੁਝ ਵੀ ਕੀਤਾ ਹੈ, ਗ਼ਲਤ ਕੀਤਾ ਹੈ। ਇਹੀ ਕਾਰਨ ਹੈ ਅਸੀਂ ਉਸ ਮਾੜੇ ਕਰਮ ਉੱਤੇ ਪੜਦਾ ਪਾਉਣ ਵਿੱਚ ਲੱਗੇ ਰਹੇ ਹਾਂ। ਅਸੀਂ ਇਸ ਮਾੜੀ ਘਟਨਾ ਨੂੰ ਉਨ੍ਹਾਂ ਲੋਕਾਂ ਸਾਹਮਣੇ ਵੀ ਨਹੀਂ ਖੋਲ੍ਹਿਆ ਜੋ ਸਾਡੇ ਦੋਸਤ-ਮਿੱਤਰ ਅਤੇ ਨਜ਼ਦੀਕੀ ਸਨ। ਇਸ ਦਾ ਮਤਲਬ ਸਾਫ਼ ਨਿਕਲਦਾ ਹੈ ਕਿ ਸਾਡੇ ਪਾਸੋਂ ਕੁਝ ਵੀ ਛੁਪਿਆ ਹੋਇਆ ਨਹੀਂ ਹੈ। ਸਾਰਾ ਕੁਝ ਅਸੀਂ ਜਾਣ-ਬੁੱਝ ਕੇ ਕਰਦੇ ਰਹੇ ਹਾਂ, ਚੰਗੇ ਕੰਮਾਂ ਬਾਰੇ ਅਸੀਂ ਡੀਂਗਾਂ ਮਾਰਦੇ ਰਹੇ ਹਾਂ ਅਤੇ ਆਪਣੇ ਮਾੜੇ ਕਰਮਾਂ ਨੂੰ ਲੁਕਾਉਂਦੇ ਰਹੇ ਹਾਂ। ਜਦ ਸਾਨੂੰ ਪਤਾ ਹੈ ਕਿ ਇਹ ਛੁਪਾ-ਛੁਪਾਈ ਦਾ ਕੰਮ ਔਖਾ ਹੈ ਤਾਂ ਫਿਰ ਅਸੀਂ ਅਗਰ ਥੋੜ੍ਹੀ ਜਿਹੀ ਕੋਸ਼ਿਸ਼ ਕਰੀਏ, ਥੋੜ੍ਹੀ ਜਿਹੀ ਟਾਲ ਕਰੀਏ ਤਾਂ ਅਸੀਂ ਮਾੜੇ ਕਰਮ ਕਰਨੋਂ ਬਚ ਸਕਦੇ ਹਾਂ ਅਤੇ ਵਧੀਆ ਜੀਵਨ ਬਿਤਾਉਣ ਲਈ ਇੰਨਾ ਕੁ ਤਰੱਦਦ ਕਰ ਲੈਣਾ ਚਾਹੀਦਾ ਹੈ। ਇਹ ਛੁਪਾ-ਛੁਪਾਈ ਅਤੇ ਝੂਠ ਬੋਲਣਾ ਬਹੁਤ ਮੁਸ਼ਕਿਲ ਹੁੰਦਾ ਹੈ ਅਤੇ ਇਹ ਸਾਰੀ ਉਮਰ ਕਾਇਮ ਰੱਖਣਾ ਪੈਂਦਾ ਹੈ। ਅਸੀਂ ਐਸੀਆਂ ਘਟਨਾਵਾਂ ਇਕੱਠੀਆਂ ਕਰਕੇ ਆਪਣੇ ਆਪ ਲਈ ਸਦੀਵੀ ਮੁਸੀਬਤਾਂ ਖ਼ਰੀਦ ਲੈਂਦੇ ਹਾਂ। ਇਨ੍ਹਾਂ ਤੋਂ ਬਚਣਾ ਚਾਹੀਦਾ ਹੈ।

## ਰੱਬ ਯਾਦ ਆਉਂਦਾ ਰਵੇ ਤਾਂ ਸੁਧਾਈ ਸ਼ੁਰੂ ਹੋ ਜਾਂਦੀ ਹੈ

ਅਸੀਂ ਆਪਣੇ ਅੰਦਰ ਹਾਜ਼ਰ ਰੱਬ ਦੀ ਹਾਜ਼ਰੀ ਪ੍ਰਵਾਨ ਕਰਨੀ ਛੱਡ ਦਿੰਦੇ ਹਾਂ ਤਾਂ ਸ਼ੈਤਾਨ ਦੇ ਵਸ ਚੜ੍ਹ ਜਾਂਦੇ ਹਾਂ। ਹੌਲੀ-ਹੌਲੀ ਰੱਬ ਤੋਂ ਅਸੀਂ ਦੂਰ ਹੋ ਜਾਂਦੇ ਹਾਂ ਅਤੇ ਸ਼ੈਤਾਨ ਵਸ ਹੋ ਜਾਂਦੇ ਹਾਂ। ਇਹ ਗ਼ਲਤ ਰੁਝਾਨ ਹੈ, ਕੋਈ ਆਖੇ ਕਿ ਸ਼ੈਤਾਨ ਸ਼ਕਤੀਸ਼ਾਲੀ ਹੈ ਤਾਂ ਐਸਾ ਆਖਣਾ ਗ਼ਲਤ ਹੈ। ਰੱਬ ਜ਼ਿਆਦਾ ਸ਼ਕਤੀਸ਼ਾਲੀ ਹੈ, ਅਸੀਂ ਆਪ ਕਮਜ਼ੋਰ

ਹਾਂ ਜੋ ਸ਼ੈਤਾਨ ਨਾਲ ਦੋਸਤੀ ਗੰਢ ਰਹੇ ਹਾਂ, ਜਦੋਂ ਤੱਕ ਅਸੀਂ ਆਪਣੇ ਅੰਦਰ ਰੱਬ ਦੀ ਹਾਜ਼ਰੀ ਪ੍ਰਵਾਨ ਕਰੀ ਰੱਖਦੇ ਹਾਂ ਅਸੀਂ ਸਹੀ ਕੰਮ ਕਰਦੇ ਹਾਂ। ਕਦੀ-ਕਦੀ ਅਸੀਂ ਰੱਬ ਦੀ ਹਾਜ਼ਰੀ ਭੁੱਲ ਹੀ ਜਾਂਦੇ ਹਾਂ। ਉਦੋਂ ਜੋ ਕੁੱਝ ਕਰਦੇ ਹਾਂ ਉਹ ਸਾਰਾ ਕੁਝ ਹੀ ਗ਼ਲਤ ਹੁੰਦਾ ਹੈ। ਅਸੀਂ ਗ਼ਲਤੀਆਂ 'ਚੋਂ ਬਾਹਰ ਨਿਕਲਣ ਦੀ ਕੋਸ਼ਿਸ਼ ਨਹੀਂ ਕਰਦੇ। ਨਤੀਜਾ ਇਹ ਨਿਕਲਦਾ ਹੈ ਕਿ ਅਸੀਂ ਰੱਬ ਤੋਂ ਦੂਰ ਅਤੇ ਸ਼ੈਤਾਨ ਦੇ ਨੇੜੇ ਹੋਣਾ ਸ਼ੁਰੂ ਕਰ ਦਿੰਦੇ ਹਾਂ। ਇਹ ਦੁਨੀਆਂ ਸਾਰੀ ਦੀ ਸਾਰੀ ਦੋ ਹਿੱਸਿਆਂ ਵਿੱਚ ਵੰਡੀ ਲੱਗਦੀ ਹੈ। ਇਕ ਉਹ ਹਿੱਸਾ ਹੈ ਜੋ ਸ਼ੈਤਾਨ ਵੱਸ ਹੋ ਕੇ ਕੰਮ ਕਰਦਾ ਹੈ, ਇਕ ਉਹ ਹਿੱਸਾ ਹੈ ਜੋ ਭਗਵਾਨ ਵਸ ਹੋ ਕੇ ਕੰਮ ਕਰਦਾ ਹੈ। ਇਹੀ ਕਾਰਨ ਹੈ ਇਸ ਦੁਨੀਆਂ ਦਾ ਇਤਿਹਾਸ-ਮਿਥਿਹਾਸ, ਦੰਦ-ਕਥਾਵਾਂ ਵਿੱਚ ਭਗਵਾਨ ਵਰਗੇ ਲੋਕਾਂ ਦਾ ਜ਼ਿਕਰ ਵੀ ਆਉਂਦਾ ਹੈ ਅਤੇ ਸ਼ੈਤਾਨ ਵਰਗੇ ਲੋਕਾਂ ਦਾ ਜ਼ਿਕਰ ਵੀ ਆਉਂਦਾ ਹੈ ਅਤੇ ਇਹ ਸਿਲਸਿਲਾ ਅੱਜ ਵੀ ਜਾਰੀ ਹੈ। ਇਨਸਾਨਾਂ 'ਚੋਂ ਹੀ ਲੋਕੀਂ ਸ਼ੈਤਾਨੀ ਕੰਮ ਵੀ ਕਰ ਰਹੇ ਹਨ ਅਤੇ ਇਨਸਾਨਾਂ ਵਿੱਚੋਂ ਹੀ ਲੋਕੀ ਭਗਵਾਨ ਵਰਗੇ ਕੰਮ ਕਰ ਰਹੇ ਹਨ। ਅਸੀਂ ਕੋਸ਼ਿਸ਼ ਕਰਕੇ ਆਪਣਾ ਵਰਗ ਸਥਾਪਿਤ ਕਰਨਾ ਹੈ। ਅਸੀਂ ਸ਼ੈਤਾਨਾਂ ਦੀ ਕਤਾਰ 'ਚੋਂ ਨਿਕਲ ਕੇ ਭਗਵਾਨ ਦੀ ਕਤਾਰ ਵਿੱਚ ਖਲੋ ਕੇ ਆਪਣਾ ਨਾਮ ਲਿਖਵਾਉਣਾ ਹੈ।

## ਰੱਬ ਨਾਲ ਯਾਰੀ ਦਾ ਮਜ਼ਾ ਹੀ ਨਿਰਾਲਾ ਹੈ

ਰੱਬ ਸਾਡੇ ਅੰਦਰ ਹਾਜ਼ਰ ਹੈ ਅਤੇ ਇਸ ਨਾਲ ਯਾਰੀ ਲਗਾਉਣ ਲਈ ਬਸ ਇਤਨੀ ਕੁ ਹੀ ਜ਼ਰੂਰਤ ਹੈ ਕਿ ਅਸੀਂ ਇਸ ਦੀ ਹਾਜ਼ਰੀ ਪਰਵਾਨ ਕਰਦੇ ਰਹੀਏ ਅਤੇ ਇਹ ਸਾਡੇ ਅੰਦਰ ਹਾਜ਼ਰ ਰੱਬ ਜੈਸਾ ਵੀ ਦਿਸ਼ਾ ਨਿਰਦੇਸ਼ ਦਿੰਦਾ ਹੈ ਉਸ ਨੂੰ ਸਵੀਕਾਰ ਕਰਦੇ ਰਹੀਏ। ਅਸੀਂ ਜਦ ਕਦੀ ਵੀ ਰੱਬ ਦੀ ਹਾਜ਼ਰੀ ਤੋਂ ਮੂੰਹ ਮੋੜਦੇ ਹਾਂ ਜਾਂ ਉਸ ਦੀ ਗੱਲ ਮੰਨਣੋਂ ਇਨਕਾਰ ਕਰਦੇ ਹਾਂ ਤਾਂ ਉਹ ਨਾਰਾਜ਼ ਹੋ ਜਾਂਦਾ ਹੈ। ਰੱਬ ਅਤੇ ਸਾਡੇ ਦਰਮਿਆਨ ਐਸੀਆਂ ਤਰੇੜਾਂ ਨਹੀਂ ਪੈਣੀਆਂ ਚਾਹੀਦੀਆਂ। ਇਹ ਤਰੇੜਾਂ ਇਕ ਵਾਰੀ ਸ਼ੁਰੂ ਹੋ ਜਾਣ ਤਾਂ ਵਧਦੀਆਂ ਹੀ ਰਹਿੰਦੀਆਂ ਹਨ ਅਤੇ ਇਉਂ ਰੱਬ ਅਤੇ ਸਾਡੇ ਦਰਮਿਆਨ ਦੂਰੀਆਂ ਬਣ ਆਉਂਦੀਆਂ ਹਨ। ਅਸੀਂ ਜਦੋਂ ਐਸੇ ਦੌਰ ਵਿੱਚ ਦਾਖ਼ਲ ਹੋ ਜਾਂਦੇ ਹਾਂ ਤਾਂ ਗ਼ਲਤੀ ਕਰ ਰਹੇ ਹੁੰਦੇ ਹਾਂ। ਰੱਬ ਦੀ ਦੋਸਤੀ ਛੱਡ ਕੇ ਉਸ ਨਾਲ ਦੁਸ਼ਮਣੀ ਮੁੱਲ ਲੈਣਾ ਬਹੁਤ ਵੱਡੀ ਗ਼ਲਤੀ ਹੈ। ਬਿਹਤਰ ਹੈ ਅਸੀਂ ਸ਼ੈਤਾਨ ਦੀ ਦੋਸਤੀ ਜਿਤਨੀ ਜਲਦੀ ਹੋਵੇ ਛੱਡ ਕੇ ਰੱਬ ਨਾਲ ਦੋਸਤੀ ਪਾ ਲਈਏ। ਹਾਲਾਂ ਸਾਡੇ ਪਾਸ ਕਾਫ਼ੀ ਜੀਵਨ ਬਾਕੀ ਪਿਆ ਹੈ, ਜਿੱਥੇ ਅਸੀਂ ਰੱਬ ਨਾਲ ਦੋਸਤੀ ਪਾ ਵੀ ਸਕਦੇ ਹਾਂ ਅਤੇ ਦੋਸਤੀ ਪੁਗਾ ਵੀ ਸਕਦੇ ਹਾਂ।

## ਅਸੀਂ ਅੰਦਰੋਂ ਬਾਹਰੋਂ ਇਕ ਨਹੀਂ ਹਾਂ

ਮਨੁੱਖ ਦਾ ਇਹ ਦੁਖਾਂਤ ਹੈ ਕਿ ਇਹ ਅੰਦਰੋਂ ਬਾਹਰੋਂ ਇਕ ਨਹੀਂ ਹੋ ਸਕਦਾ। ਐਸਾ ਕਰਨਾ ਇਸ ਦੀਆਂ ਮਜਬੂਰੀਆਂ ਹਨ ਅਤੇ ਇਹੀ ਕਾਰਨ ਹੈ ਕਿ ਮਨੁੱਖ ਬਹੁਤਾ ਸਮਾਂ ਬਨਾਵਟੀ ਚਿਹਰਾ ਬਣਾਉਣ ਉੱਤੇ ਹੀ ਖ਼ਰਚ ਕਰਨ ਉੱਤੇ ਮਜਬੂਰ ਹੈ। ਅਸੀਂ ਦੇਖਦੇ ਹਾਂ ਕਿ ਕੋਈ ਸੰਤ ਬਣਿਆ ਫਿਰਦਾ ਹੈ, ਕੋਈ ਮਹੰਤ ਬਣਿਆ ਫਿਰਦਾ ਹੈ, ਕੋਈ ਧਾਰਮਿਕ ਆਦਮੀ ਬਣ-ਬਣ ਪੇਸ਼ ਹੋ ਰਿਹਾ ਹੈ, ਕੋਈ ਫ਼ਕੀਰ ਬਣਿਆ ਫਿਰਦਾ ਹੈ, ਕੋਈ ਆਪਣੀ ਤਾਕਤ ਦਾ ਜਲਾਲ ਦਿਖਾ ਕੇ ਲੋਕਾਂ ਨੂੰ ਡਰਾ ਰਿਹਾ ਹੈ, ਕੋਈ ਆਪਣੀ ਸ਼ਰਾਫ਼ਤ ਦੀ

ਡੌਂਡੀ ਪਿੱਟ ਰਿਹਾ ਹੈ। ਕੋਈ ਆਪਣੇ ਆਪ ਨੂੰ ਜ਼ਾਲਮ ਸਥਾਪਿਤ ਕਰਨ ਦੀ ਕੋਸ਼ਿਸ਼ ਵਿੱਚ ਲੱਗਿਆ ਹੋਇਆ ਹੈ। ਕੋਈ ਦਾਨੀ ਬਣਿਆ ਫਿਰਦਾ ਹੈ, ਕੋਈ ਦਿਆਲੂ ਬਣਿਆ ਫਿਰਦਾ ਹੈ। ਅਸੀਂ ਅਗਰ ਇਨ੍ਹਾਂ ਬਣੇ ਫਿਰਦੇ ਆਦਮੀਆਂ ਦੀ ਘੋਖ ਕਰਕੇ ਦੇਖਦੇ ਹਾਂ ਤਾਂ ਸਹੀ ਘੋਖ ਲਈ ਦੇਰੀ ਨਹੀਂ ਲੱਗਦੀ। ਇਹ ਬਨਾਵਟੀ ਲੋਕੀਂ ਸਾਡੇ ਸਾਹਮਣੇ ਨੰਗੇ ਹੋ ਜਾਂਦੇ ਹਨ। ਅਸਲੀਅਤ ਕੁਝ ਹੋਰ ਹੀ ਨਿਕਲਦੀ ਹੈ ਪਰ ਸਾਡੇ ਪਾਸ ਘੋਖ ਕਰਨ ਦਾ ਨਾ ਤਾਂ ਸਮਾਂ ਹੈ ਅਤੇ ਨਾ ਹੀ ਅਸੀਂ ਇਸ ਪਾਸੇ ਵੱਲ ਕੋਸ਼ਿਸ਼ ਹੀ ਕਰਦੇ ਹਾਂ। ਅਸੀਂ ਹਰੇਕ ਨੂੰ ਵੈਸਾ ਹੀ ਸਵੀਕਾਰ ਕਰ ਲੈਂਦੇ ਹਨ ਜੈਸਾ ਉਹ ਬਣਿਆ ਫਿਰਦਾ ਹੈ। ਇਹ ਸਾਡੀ ਗ਼ਲਤੀ ਹੈ, ਇਹੀ ਕਾਰਨ ਹੈ ਕਿਸੇ ਦੀਆਂ ਆਖੀਆਂ ਗੱਲਾਂ ਦਾ ਸਾਡੇ ਉੱਤੇ ਅਸਰ ਨਹੀਂ ਹੁੰਦਾ। ਸਾਡੀ ਸੁਧਾਈ ਨਹੀਂ ਹੁੰਦੀ। ਜੋ ਆਦਮੀ ਆਪ ਗ਼ਲਤ ਹੈ ਅਤੇ ਬਨਾਵਟੀ ਚਿਹਰਾ ਬਣਾ ਕੇ ਸਾਡੇ ਸਾਹਮਣੇ ਖਲੋਤਾ ਹੈ ਉਹ ਸਾਡਾ ਜੀਵਨ ਕਿਵੇਂ ਬਦਲ ਸਕਦਾ ਹੈ। ਇਹੀ ਕਾਰਨ ਹੈ ਕਿ ਕਿਸੇ ਤਰ੍ਹਾਂ ਇਨ੍ਹਾਂ ਬਨਾਵਟੀ ਲੋਕਾਂ ਪਾਸੋਂ ਆਜ਼ਾਦੀ ਪਾ ਲੈਣੀ ਚਾਹੀਦੀ ਹੈ। ਅਸਲ ਰੱਬ ਤਾਂ ਸਾਡੇ ਅੰਦਰ ਹਾਜ਼ਰ ਹੈ, ਅਸੀਂ ਅਗਰ ਇਹ ਬਾਹਰੀ ਭਟਕਣਾ ਛੱਡ ਕੇ ਇਸ ਅੰਦਰਲੇ ਗੁਰੂ ਦੀ ਗੱਲ ਸਵੀਕਾਰ ਕਰਦੇ ਹਾਂ ਤਾਂ ਸਾਡਾ ਜੀਵਨ ਅੱਜ ਹੋਰ ਤੇ ਕੱਲ੍ਹ ਹੋਰ ਹੋ ਜਾਵੇਗਾ। ਅਸੀਂ ਵਧੀਆ ਜੀਵਨ ਰਾਹ ਅਪਣਾ ਸਕਾਂਗੇ।

## ਰੱਬ ਸਾਡੇ ਜਿਊਣ ਦਾ ਪ੍ਰਬੰਧ ਕਰਦਾ ਹੈ

ਅਸੀਂ ਧਰਤੀ ਵਿੱਚ ਰਹਿੰਦੇ ਹਾਂ, ਅਸੀਂ ਧਰਤੀ ਉੱਤੇ ਰਹਿੰਦੇ ਹਾਂ, ਅਸੀਂ ਬਨਸਪਤੀ ਦੇ ਰੂਪ ਵਿੱਚ ਹਾਂ, ਅਸੀਂ ਹਵਾ ਵਿੱਚ ਰਹਿੰਦੇ ਹਾਂ, ਅਸੀਂ ਆਕਾਸ਼ ਵਿੱਚ ਰਹਿੰਦੇ ਹਾਂ। ਅਸੀਂ ਪਾਣੀ ਦੇ ਵਾਸੀ ਹਾਂ, ਅਸੀਂ ਕਿਸੇ ਵੀ ਢੰਗ ਨਾਲ ਪੈਦਾ ਹੋਏ ਤਾਂ ਸਾਡੀ ਉਮਰ ਮਿੱਥੀ ਗਈ ਹੈ, ਅਸੀਂ ਉਹ ਉਮਰ ਬਿਤਾਉਣੀ ਹੈ, ਰੱਬ ਨੇ ਸਾਡੀ ਉਪਜੀਵਕਾ ਦਾ ਪ੍ਰਬੰਧ ਕਰਨਾ ਹੈ। ਕੋਈ ਵੀ ਭੁੱਖਾ ਨਹੀਂ ਮਰਦਾ। ਉਹ ਵੀ ਰੋਟੀ ਖਾਂਦੇ ਹਨ ਜੋ ਦਿਨ-ਰਾਤ ਮਿਹਨਤ ਕਰਦੇ ਹਨ। ਉਹ ਵੀ ਰੋਟੀ ਖਾਂਦੇ ਹਨ ਜੋ ਆਰਾਮ ਨਾਲ ਪਏ ਰਹਿੰਦੇ ਹਨ। ਉਨ੍ਹਾਂ ਨੂੰ ਵੀ ਰੋਜ਼ੀ ਮਿਲਦੀ ਹੈ। ਸਮੁੰਦਰ ਵਿੱਚ ਲੱਖਾਂ ਹੀ ਜੀਵ ਹਨ, ਉੱਥੇ ਨਾ ਕੋਈ ਖੇਤੀ ਹੈ ਅਤੇ ਨਾ ਕੋਈ ਹੱਟੀ ਹੈ। ਉੱਥੇ ਵੀ ਜੀਵ ਹਨ ਅਤੇ ਆਪਣੀ ਉਮਰ ਭੋਗ ਜਾਂਦੇ ਹਨ, ਇਸ ਕਰਕੇ ਰੋਟੀ-ਰੋਜ਼ੀ ਦਾ ਪ੍ਰਬੰਧ ਰੱਬ ਆਪ ਕਰਦਾ ਹੈ। ਅਸੀਂ ਤਾਂ ਆਪਣੇ ਜੀਵਨ ਦਾ ਮਕਸਦ ਸਮਝਣਾ ਹੈ ਅਤੇ ਉਹ ਹੱਦਾਂ ਪ੍ਰਾਪਤ ਕਰਕੇ, ਪਾਸ ਹੋ ਕੇ ਰੱਬ ਪਾਸ ਵਾਪਸ ਜਾਣਾ ਹੈ। ਅਸੀਂ ਉਹ ਕੁਝ ਕਰ ਜਾਣਾ ਹੈ ਜੋ ਧਰਮ ਰਾਜ ਦੇ ਦਰਬਾਰ ਵਿੱਚ ਛਾਤੀ ਚੌੜੀ ਕਰਕੇ ਅਸੀਂ ਆਖ ਸਕਦੇ ਹਾਂ ਅਤੇ ਐਸੀਆਂ ਪ੍ਰਾਪਤੀਆਂ ਹਰ ਕੋਈ ਕਰ ਸਕਦਾ ਹੈ। ਹਰੇਕ ਦਾ ਵੱਖਰਾ ਖੇਤਰ ਹੁੰਦਾ ਹੈ। ਹਰੇਕ ਦੀਆਂ ਵੱਖਰੀਆਂ ਪ੍ਰਾਪਤੀਆਂ ਹੁੰਦੀਆਂ ਹਨ। ਹਰੇਕ ਨੇ ਰੱਬ ਅੱਗੇ ਉਤਨਾ ਕੁ ਹੀ ਜਵਾਬ ਦੇਣਾ ਹੁੰਦਾ ਹੈ।

## ਰੱਬ ਦੀ ਖੋਜ ਆਤਮਿਕ ਖੋਜ ਹੈ

ਅੱਜ ਤੱਕ ਜਿਤਨੀਆਂ ਵੀ ਗੱਲਾਂ ਰੱਬ ਬਾਰੇ ਕੀਤੀਆਂ ਗਈਆਂ ਹਨ ਇਸ ਨੂੰ ਅਸੀਂ ਅਧਿਆਤਮਕਵਾਦ ਆਖਦੇ ਹਾਂ। ਅਸੀਂ ਰੱਬ ਦੀਆਂ ਗੱਲਾਂ ਕਰਦੇ-ਕਰਦੇ ਬਹੁਤ ਅੱਗੇ ਲੰਘ ਗਏ ਹਾਂ। ਅਸੀਂ ਰੱਬ ਬਾਰੇ ਇਤਨਾ ਕੁ ਆਖਣ ਲੱਗ ਪਏ ਹਾਂ ਜੋ ਸਾਨੂੰ ਆਖਣ ਦੀ ਜ਼ਰੂਰਤ ਨਹੀਂ ਸੀ। ਰੱਬ ਸਾਡੇ ਮਾਤਾ-ਪਿਤਾ ਵਾਂਗ ਹੈ ਅਤੇ ਰੱਬ ਦੀ ਗੱਲ ਕਰਨ ਲਈ

ਵੱਡੇ ਤਰੱਦਦਾਂ ਦੀ ਜ਼ਰੂਰਤ ਨਹੀਂ ਪੈਂਦੀ। ਅਸੀਂ ਰੱਬ ਦਾ ਦਿੱਤਾ ਆਦੇਸ਼ ਸਵੀਕਾਰ ਕਰਨਾ ਹੈ। ਰੱਬ ਦੇ ਦਿੱਤੇ ਆਦੇਸ਼ ਮੁਤਾਬਿਕ ਕਾਰਜ ਕਰਨਾ ਹੈ। ਰੱਬ ਵੱਲੋਂ ਜਾਰੀ ਕੀਤੇ ਹੁਕਮ ਮੁਤਾਬਿਕ ਅਸੀਂ ਦੂਜਿਆਂ ਪ੍ਰਤੀ ਵਿਉਹਾਰ ਸਥਾਪਿਤ ਕਰਨਾ ਹੈ। ਅਸੀਂ ਕੋਸ਼ਿਸ਼ ਕਰਨੀ ਹੈ ਕਿ ਹਰ ਕਿਸੇ ਨੂੰ ਸਾਡਾ ਵਤੀਰਾ ਮਿੱਠਾ-ਮਿੱਠਾ ਲੱਗੇ। ਅਸੀਂ ਹਰ ਕਿਸੇ ਨੂੰ ਪਿਆਰੇ-ਪਿਆਰੇ ਲੱਗੀਏ, ਕੋਈ ਵੀ ਸਾਡੇ ਨਾਲ ਦੁਸ਼ਮਣੀਆਂ ਨਾ ਪਾਵੇ, ਹਰ ਕੋਈ ਸਾਡੀ ਦੋਸਤੀ ਦਾ ਚਾਹਵਾਨ ਬਣ ਜਾਵੇ। ਅਗਰ ਅਸੀਂ ਐਸਾ ਕਰਦੇ ਹਾਂ ਤਾਂ ਸਮਝੋ ਅਸੀਂ ਅਧਿਆਤਮਕਵਾਦ ਦੀਆਂ ਸਿਖਰਾਂ ਪ੍ਰਾਪਤ ਕਰ ਲਈਆਂ ਹਨ। ਅਸੀਂ ਰੱਬ ਦੀਆਂ ਗੱਲਾਂ ਤਾਂ ਕਰਦੇ ਰਹੀਏ ਪਰ ਰੱਬ ਦੇ ਪੈਦਾ ਕੀਤੇ ਜੀਵਾਂ ਪ੍ਰਤੀ ਸਾਡੇ ਵਤੀਰੇ ਵਿੱਚ ਸੁਧਾਰ ਨਾ ਆਵੇ ਤਾਂ ਸਮਝੋ ਅਸੀਂ ਅਧਿਆਤਮਕਵਾਦ ਦੇ ਅਰਥ ਹੀ ਨਹੀਂ ਸਮਝੇ। ਰੱਬ ਦੀ ਵਸਾਈ ਇਸ ਲੋਕਾਈ ਪ੍ਰਤੀ ਸਾਡਾ ਪਿਆਰ ਹੀ ਅਧਿਆਤਮਕਵਾਦ ਹੁੰਦਾ ਹੈ। ਅੱਖਾਂ ਮੀਟ-ਮੀਟ ਕੇ ਰੱਬ ਦੀਆਂ ਗੱਲਾਂ ਕਰੀ ਜਾਣਾ ਅਤੇ ਵਾਲ ਦੀ ਖਲ ਉਤਾਰੀ ਜਾਣਾ ਅਧਿਆਤਮਕਵਾਦ ਨਹੀਂ ਹੈ।

ਅਸੀਂ ਕੀ ਹਾਂ ਅਤੇ ਅਸੀਂ ਕਿਸੇ ਬਾਰੇ ਕੀ ਆਖਦੇ ਹਾਂ। ਲੋਕਾਂ ਨੇ ਸਾਡੇ ਕਿਰਦਾਰ ਮੁਤਾਬਿਕ ਗੱਲ ਨੂੰ ਸਮਝਣਾ ਹੈ। ਮੈਂ ਆਪ ਚੋਰ ਹੋਵਾਂ, ਝੂਠਾ ਹੋਵਾਂ ਅਤੇ ਹੋਰ ਲੋਕਾਂ ਦੀ ਤਾਰੀਫ਼ ਕਰਦਾ ਫਿਰਾਂ ਤਾਂ ਸਾਡੀਆਂ ਗੱਲਾਂ ਉੱਤੇ ਕਿਸੇ ਨੇ ਵਿਸ਼ਵਾਸ ਨਹੀਂ ਕਰਨਾ, ਲੋਕਾਂ ਨੇ ਸਾਡੇ ਬਾਰੇ ਆਪਣੇ ਮਨ ਅੰਦਰ ਵਿਚਾਰ ਬਣਾ ਰੱਖੇ ਹਨ। ਸਾਡੀ ਪੱਧਰ ਮਿੱਥ ਰੱਖੀ ਹੈ। ਸਾਡੀਆਂ ਗੱਲਾਂ ਵੀ ਸਾਡੇ ਕਿਰਦਾਰ ਵਰਗੀ ਕੀਮਤ ਰੱਖਦੀਆਂ ਹਨ, ਸੋ ਕਿਸੇ ਬਾਰੇ ਵਿਚਾਰ ਪ੍ਰਗਟ ਕਰਨ ਤੋਂ ਪਹਿਲਾਂ ਸਾਨੂੰ ਆਪਣੇ ਕਿਰਦਾਰ ਦੀ ਪੱਧਰ ਬਣਾਉਣੀ ਪੈਂਦੀ ਹੈ। ਗੱਲ ਕੀ, ਜਿਸ ਆਦਮੀ ਦਾ ਆਪਣਾ ਕੋਈ ਕਿਰਦਾਰ ਨਹੀਂ ਹੈ ਉਹ ਨਾ ਤਾਂ ਆਪਣੇ ਬਾਰੇ ਕੋਈ ਗੱਲ ਕਰ ਸਕਦਾ ਹੈ ਅਤੇ ਨਾ ਹੀ ਉਸ ਦੇ ਮੂੰਹੋਂ ਨਿਕਲੀ ਕਿਸੇ ਹੋਰ ਬਾਰੇ ਟਿੱਪਣੀ ਉੱਤੇ ਹੀ ਕੋਈ ਵਿਸ਼ਵਾਸ ਕਰਦਾ ਹੈ। ਸੋ ਅਗਰ ਚਾਰ ਆਦਮੀਆਂ ਵਿੱਚ ਅਸੀਂ ਆਪਣੀ ਗੱਲ ਦੀ ਕੀਮਤ ਪਾਉਣੀ ਹੈ ਤਾਂ ਇਹ ਜ਼ਰੂਰੀ ਹੈ ਕਿ ਅਸੀਂ ਆਪਣਾ ਕਿਰਦਾਰ ਉੱਚਾ ਚੁੱਕੀਏ ਅਤੇ ਚੰਗੀ ਸ਼ੋਭਾ ਪ੍ਰਾਪਤ ਕਰੀਏ। ਵਰਨਾ ਆਦਮੀ ਨਾ ਤਿੰਨਾਂ ਵਿੱਚ ਨਾ ਤੇਰਾਂ ਵਿੱਚ ਵਾਲੀ ਗੱਲ ਹੋ ਜਾਂਦੀ ਹੈ।

## ਰੱਬ ਦੀ ਸੱਚੀ ਪੂਜਾ

ਅਸੀਂ ਧਾਰਮਿਕ ਪੁਸਤਕਾਂ ਪੜ੍ਹ ਕੇ, ਦੀਵੇ ਬੱਤੀਆਂ ਜਗਾ ਕੇ, ਸਮਾਧੀਆਂ ਲਗਾ ਕੇ ਰੱਬ ਦੀ ਪੂਜਾ ਕਰਕੇ ਆਖੀਏ ਕਿ ਰੱਬ ਖ਼ੁਸ਼ ਹੋ ਗਿਆ ਹੈ ਤਾਂ ਐਸੀ ਸੋਚ ਸਹੀ ਨਹੀਂ ਹੈ। ਰੱਬ ਤਾਂ ਉਦੋਂ ਖ਼ੁਸ਼ ਹੁੰਦਾ ਹੈ ਜਦੋਂ ਅਸੀਂ ਰੱਬ ਦੇ ਬੰਦਿਆਂ ਨੂੰ ਖ਼ੁਸ਼ ਕਰਦੇ ਹਾਂ। ਆਪਣੇ ਅੰਦਰ ਵਸਦੇ ਰੱਬ ਦਾ ਹੁਕਮ ਮੰਨਦੇ ਹਾਂ, ਉਸ ਦੀ ਦਿੱਤੀ ਸਲਾਹ ਸਵੀਕਾਰ ਕਰਦੇ ਹਾਂ, ਅਰਥਾਤ ਰੱਬ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਲਈ ਇਸ ਕਰਮ ਕਾਂਡ ਦੀ ਦੁਨੀਆਂ 'ਚੋਂ ਬਾਹਰ ਨਿਕਲਣਾ ਪੈਂਦਾ ਹੈ। ਰੱਬ ਇਕ ਅਸਲੀਅਤ ਹੈ, ਰੱਬ ਜਾਣੀ-ਜਾਣ ਹੈ। ਇਸ ਬਨਾਵਟੀ ਕਿਰਿਆ ਕਰਮ ਨਾਲ ਅਸੀਂ ਰੱਬ ਨੂੰ ਗੁੰਮਰਾਹ ਨਹੀਂ ਕਰ ਸਕਦੇ। ਉਹ ਤਾਂ ਧੁਰ ਸਾਡੇ ਅੰਦਰ ਝਾਤੀ ਮਾਰਦਾ ਹੈ, ਉਹ ਸਾਡੇ ਵਤੀਰੇ ਉੱਤੇ ਨਜ਼ਰ ਰੱਖਦਾ ਹੈ, ਫਿਰ ਫ਼ੈਸਲਾ ਕਰਦਾ ਹੈ। ਸੋ ਰੱਬ ਦੀ ਭਗਤੀ ਦਾ ਸਹੀ ਮਾਰਗ ਕਰਮ ਕਾਂਡ ਨਹੀਂ ਹੈ, ਬਲਕਿ ਅਸੀਂ

ਅੰਦਰੋਂ ਕੀ ਸੋਚ ਰਹੇ ਹਾਂ ਅਤੇ ਦੂਜਿਆਂ ਪ੍ਰਤੀ ਅਸੀਂ ਵਤੀਰਾ ਕੀ ਅਪਣਾ ਰੱਖਿਆ ਹੈ, ਦੇ ਆਧਾਰ ਉੱਤੇ ਸਾਡੀ ਪੂਜਾ ਸਵੀਕਾਰ ਕੀਤੀ ਜਾਣੀ ਹੈ। ਰੱਬ ਸਾਡੇ ਮਾਤਾ-ਪਿਤਾ ਵਾਂਗ ਹੈ ਅਤੇ ਮਾਤਾ-ਪਿਤਾ ਝੂਠੀਆਂ ਗੱਲਾਂ ਪ੍ਰਵਾਨ ਨਹੀਂ ਕਰਦੇ ਅਤੇ ਨਾ ਹੀ ਫ਼ਜ਼ੂਲ ਦੀ ਚਾਪਲੂਸੀ ਹੀ ਭਾਲਦੇ ਹਨ। ਅਸੀਂ ਮਾਤਾ-ਪਿਤਾ ਪਾਸੋਂ ਜੋ ਕੁਝ ਵੀ ਮੰਗਦੇ ਹਾਂ, ਹੱਕ ਵਜੋਂ ਮੰਗਦੇ ਹਾਂ ਅਤੇ ਉਹ ਜੋ ਕੁਝ ਵੀ ਸਾਨੂੰ ਦਿੰਦੇ ਹਨ, ਦਾਨ ਵਜੋਂ ਨਹੀਂ ਦਿੰਦੇ ਬਲਕਿ ਸਾਡੀਆਂ ਮੰਗਾਂ ਪੂਰੀਆਂ ਕਰਨੀਆਂ ਉਨ੍ਹਾਂ ਦੀ ਜ਼ਿੰਮੇਂਵਾਰੀ ਹੁੰਦੀ ਹੈ।

## ਰੱਬ ਦੀ ਹਾਜ਼ਰੀ ਸਾਨੂੰ ਸੰਤੁਸ਼ਟ ਕਰ ਦਿੰਦੀ ਹੈ

ਅਸੀਂ ਜਦੋਂ ਆਪਣੇ ਅੰਦਰ ਰੱਬ ਦੀ ਹਾਜ਼ਰੀ ਪ੍ਰਵਾਨ ਕਰ ਲੈਂਦੇ ਹਾਂ ਤਾਂ ਇਕ ਅਜੀਬ ਕਿਸਮ ਦੀ ਸੰਤੁਸ਼ਟੀ ਮਹਿਸੂਸ ਕਰਦੇ ਹਾਂ। ਸਾਡੀਆਂ ਸਾਰੀਆਂ ਭੁੱਖਾਂ ਜਾਂਦੀਆਂ ਰਹਿੰਦੀਆਂ ਹਨ, ਸਾਰੀਆਂ ਮੰਗਾਂ ਦੀ ਸੂਚੀ ਖ਼ਤਮ ਹੋ ਜਾਂਦੀ ਹੈ। ਅਸੀਂ ਸੰਤੁਸ਼ਟ ਹੋ ਜਾਂਦੇ ਹਾਂ। ਸਾਨੂੰ ਇਹ ਵਿਸ਼ਵਾਸ ਹੋ ਉੱਠਦਾ ਹੈ ਕਿ ਅਸੀਂ ਜੋ ਕੁਝ ਵੀ ਚਾਹਵਾਂਗੇ ਜਾਂ ਜੋ ਵੀ ਸਾਡੀ ਮੰਗ ਹੋਵੇਗੀ, ਰੱਬ ਆਪ ਹੀ ਤੁਰੰਤ ਪੂਰੀ ਕਰ ਦੇਵੇਗਾ। ਰੱਬ ਦੀ ਹਾਜ਼ਰੀ ਪ੍ਰਵਾਨ ਕਰਨ ਬਾਅਦ ਆਦਮੀ ਇਹ ਸੋਚਣ ਲੱਗ ਪੈਂਦਾ ਹੈ ਕਿ ਅੱਜ ਤੋਂ ਸਾਰੀਆਂ ਜ਼ਿੰਮੇਂਵਾਰੀਆਂ ਖ਼ਤਮ ਹੋ ਗਈਆਂ ਹਨ। ਹੁਣ ਮੈਨੂੰ ਜੋ ਕੁਝ ਵੀ ਚਾਹੀਦਾ ਹੋਵੇਗਾ ਉਹ ਰੱਬ ਨੇ ਆਪ ਪ੍ਰਦਾਨ ਕਰ ਦੇਣਾ ਹੈ। ਅਗਰ ਉਸ ਚੀਜ਼ ਤੋਂ ਬਗ਼ੈਰ ਵੀ ਚੱਲ ਸਕਦਾ ਹੈ ਤਾਂ ਰੱਬ ਉਸ ਚੀਜ਼ ਤੋਂ ਬਗ਼ੈਰ ਹੀ ਜੀਵਨ ਚੱਲਦਾ ਰੱਖ ਸਕਦਾ ਹੈ। ਸੋ ਸਾਡੇ ਸਾਰਿਆਂ ਲਈ ਲਾਜ਼ਮੀ ਹੋ ਗਿਆ ਹੈ ਕਿ ਅਸੀਂ ਆਪਣੇ ਅੰਦਰ ਹਾਜ਼ਰ ਰੱਬ ਦੀ ਹਾਜ਼ਰੀ ਪ੍ਰਵਾਨ ਕਰਕੇ ਸਾਰਾ ਕੁਝ ਉਸ ਉੱਤੇ ਛੱਡ ਕੇ ਆਪ ਬੇਗ਼ਮ ਹੋ ਜਾਈਏ। ਇਹੀ ਸਭ ਤੋਂ ਵਧੀਆ ਰਸਤਾ ਹੈ। ਸਾਡੀਆਂ ਸਾਰੀਆਂ ਭੁੱਖਾਂ ਮਿਟ ਜਾਣਗੀਆਂ ਅਤੇ ਅਸੀਂ ਰੱਬ ਦਾ ਭਾਣਾ ਮੰਨ ਕੇ ਹਰੇਕ ਮਾੜੀ ਘਟਨਾ ਵੀ ਬਰਦਾਸ਼ਤ ਕਰਨ ਯੋਗ ਹੋ ਜਾਵਾਂਗੇ। ਰੱਬ ਦੇ ਨੇੜੇ ਹੋਏ ਬੰਦਿਆਂ ਦੀ ਰੱਬ ਨਾਲ ਦੋਸਤੀ ਪੈ ਜਾਂਦੀ ਹੈ ਅਤੇ ਰੱਬ ਤੱਕ ਕੋਈ ਸ਼ਿਕਾਇਤ ਵੀ ਨਹੀਂ ਰਹਿੰਦੀ।

## ਦੁਨਿਆਵੀ ਚਮਕ ਦਮਕ ਬਨਾਵਟੀ ਹੁੰਦੀ ਹੈ

ਅਸੀਂ ਚਾਰ ਪੈਸਿਆਂ ਦੀ ਮੱਦਦ ਨਾਲ ਜੋ ਚਮਕ-ਦਮਕ ਬਣਾ ਲੈਂਦੇ ਹਾਂ, ਉਹ ਸਭ ਬਨਾਉਟੀ ਹੁੰਦੀ ਹੈ ਅਤੇ ਅਸੀਂ ਅਸਲੀਅਤ ਛੁਪਾਉਣ ਦਾ ਜੋ ਯਤਨ ਕਰਦੇ ਹਾਂ, ਉਹ ਵੀ ਬਨਾਵਟੀ ਹੁੰਦੀ ਹੈ। ਇਹ ਬਨਾਵਟੀ ਚਮਕ-ਦਮਕ ਸਦੀਵੀ ਵੀ ਨਹੀਂ ਹੁੰਦੀ। ਅੱਜ ਵੀ ਪ੍ਰਤੱਖ ਹੋ ਸਕਦੀ ਹੈ, ਕੱਲ੍ਹ ਵੀ ਪ੍ਰਤੱਖ ਹੋ ਜਾਵੇਗੀ। ਸਾਡੀ ਬਨਾਵਟੀ ਚਮਕ-ਦਮਕ ਜੋ ਕੱਲ੍ਹ ਲੋਕਾਂ ਨੂੰ ਪ੍ਰਭਾਵਿਤ ਕਰ ਰਹੀ ਸੀ, ਉਹ ਚਮਕ ਦਮਕ ਅੱਜ ਸਾਨੂੰ ਉਨ੍ਹਾਂ ਹੀ ਲੋਕਾਂ ਸਾਹਮਣੇ ਸ਼ਰਮਿੰਦਾ ਕਰਕੇ ਰੱਖ ਦਿੰਦੀ ਹੈ। ਅਸਲੀਅਤ ਹਮੇਸ਼ਾਂ ਅਸਲੀਅਤ ਰਹਿੰਦੀ ਹੈ, ਬਨਾਵਟ ਹਮੇਸ਼ਾਂ ਬਨਾਵਟ ਹੀ ਰਹਿੰਦੀ ਹੈ। ਜਦ ਵੀ ਪਾਜ ਖੁੱਲ੍ਹ ਗਿਆ, ਅਸੀਂ ਆਪ ਹੀ ਲੋਕਾਂ ਪਾਸੋਂ ਮੂੰਹ ਛੁਪਾਉਂਦੇ ਫਿਰਦੇ ਹਾਂ।

## ਅਸੀਂ ਮੌਤ ਬਾਅਦ ਆਪਣੇ ਘਰ ਜਾਂਦੇ ਹਾਂ

ਧਾਰਮਿਕ ਲੋਕਾਂ ਨੇ ਇਸ ਜੀਵਨ ਨੂੰ ਇਕ ਸੁਪਨਾ ਦੱਸਿਆ ਹੈ ਅਤੇ ਇਹੀ ਸਲਾਹ ਦਿੱਤੀ ਹੈ ਕਿ ਅਸੀਂ ਵਾਪਸੀ ਦੀ ਤਿਆਰੀ ਕਰਦੇ ਰਹੀਏ। ਉਹ ਦਿਨ ਬਹੁਤ ਨੇੜੇ ਹੈ ਜਦੋਂ

ਅਸੀਂ ਰੱਬ ਪਾਸ ਵਾਪਸ ਚਲੇ ਜਾਣਾ ਹੈ ਪਰ ਨਾਲ ਇਹ ਵੀ ਦੱਸਿਆ ਗਿਆ ਹੈ ਕਿ ਇਹ ਦੁਨੀਆਂ ਵੀ ਇਕ ਸੱਚਾਈ ਹੈ। ਇਹ ਸਾਡੀਆਂ ਪ੍ਰੀਖਿਆਵਾਂ ਦੀ ਰਣਭੂਮੀ ਹੈ। ਅਸੀਂ ਇੱਥੇ ਆ ਕੇ ਜੋ ਕੁਝ ਕਰ ਰਹੇ ਹਾਂ, ਰੱਬ ਨੇ ਉਸ ਦਾ ਹਿਸਾਬ-ਕਿਤਾਬ ਮੰਗਣਾ ਹੈ। ਅਰਥਾਤ ਇਹ ਜੀਵਨ ਇਕ ਸੁਪਨਾ ਨਹੀਂ ਹੈ, ਬਲਕਿ ਇਸ ਜਨਮ ਦੀਆਂ ਕੀਤੀਆਂ ਦਾ ਫ਼ੈਸਲਾ ਕਰਕੇ ਰੱਬ ਨੇ ਸਾਡੇ ਭਵਿੱਖ ਬਾਰੇ ਫ਼ੈਸਲਾ ਕਰਨਾ ਹੈ। ਇਸ ਕਰਕੇ ਅਸੀਂ ਇਸ ਜੀਵਨ ਨੂੰ ਪ੍ਰੀਖਿਆ ਕੇਂਦਰ ਸਮਝ ਕੇ ਪ੍ਰੀਖਿਆ ਦੇਣੀ ਹੈ ਤਾਂ ਕਿ ਸਾਡੇ ਲਈ ਚੰਗੇ ਨਤੀਜੇ ਐਲਾਨੇ ਜਾ ਸਕਣ। ਚੰਗੇ ਨਤੀਜੇ ਤਾਂ ਹੀ ਐਲਾਨੇ ਜਾ ਸਕਦੇ ਹਨ ਜੇਕਰ ਅਸੀਂ ਇਸ ਦੁਨੀਆਂ ਨੂੰ ਇਕ ਸੁਪਨਾ ਨਹੀਂ ਬਲਕਿ ਇਕ ਹਕੀਕਤ ਸਵੀਕਾਰ ਕਰਕੇ ਆਪਣਾ ਕਿਰਦਾਰ ਸਥਾਪਿਤ ਕਰਦੇ ਹਾਂ।

## ਇਹ ਦੁਨੀਆਂ ਇਕ ਸੁਪਨਾ ਹੈ

ਜਿਸ ਕਿਸੇ ਨੇ ਆਪਣੇ ਅੰਦਰ ਰੱਬ ਦੀ ਹਾਜ਼ਰੀ ਪ੍ਰਵਾਨ ਕਰ ਲਈ ਹੈ, ਰੱਬ ਪਾਸੋਂ ਆਪਣੀ ਜ਼ਿੰਦਗੀ ਦਾ ਮਕਸਦ ਜਾਣ ਲਿਆ ਹੈ, ਉਹ ਆਦਮੀ ਇਸ ਦੁਨੀਆਂ ਵਿੱਚ ਜੋ ਕੁਝ ਕਰ ਜਾਂਦਾ ਹੈ, ਉਹ ਸਾਰੀ ਲੋਕਾਈ ਦੇ ਕੰਮ ਆਉਂਦਾ ਹੈ, ਪਰ ਜਿਨ੍ਹਾਂ ਲੋਕਾਂ ਨੇ ਆਪਣੇ ਅੰਦਰ ਰੱਬ ਦੀ ਹਾਜ਼ਰੀ ਪ੍ਰਵਾਨ ਨਹੀਂ ਕੀਤੀ, ਉਸ ਪਾਸੋਂ ਅਗਵਾਈ ਨਹੀਂ ਲਈ ਅਤੇ ਨਾ ਹੀ ਆਪਣੇ ਮਕਸਦ ਦੀ ਪਛਾਣ ਹੀ ਕੀਤੀ ਹੈ, ਉਹ ਆਦਮੀ ਇਸ ਦੁਨੀਆਂ ਵਿੱਚ ਜੈਸਾ ਆਇਆ, ਜੈਸਾ ਨਾ ਆਇਆ। ਇਹ ਆਦਮੀ ਇਸ ਦੁਨੀਆਂ ਨੂੰ ਇਕ ਸੁਪਨਾ ਸਮਝ ਕੇ ਸੁੱਤਿਆਂ-ਸੁੱਤਿਆਂ ਜੀਵਨ ਬਸਰ ਕਰਕੇ ਤੁਰਦਾ ਬਣਦਾ ਹੈ ਪਰ ਐਸੇ ਲੋਕੀਂ ਪਰਮ ਪਿਤਾ ਪ੍ਰਮਾਤਮਾ ਦੀ ਤੌਹੀਨ ਕਰਦੇ ਹਨ।

ਅਸੀਂ ਇਹ ਕਿਵੇਂ ਸੋਚ ਲਿਆ ਕਿ ਅਸੀਂ ਤਾਂ ਰੱਬ ਦੀ ਫ਼ਜ਼ੂਲ ਜਿਹੀ ਕ੍ਰਿਤੀ ਹਾਂ। ਇਹ ਕਿਵੇਂ ਹੋ ਸਕਦਾ ਹੈ ਕਿ ਰੱਬ ਕਿਸੇ ਆਦਮੀ ਦੀ ਰਚਨਾ ਬਿਨਾਂ ਕਿਸੇ ਮਕਸਦ ਦੇ ਕਰ ਸਕਦਾ ਹੈ। ਰੱਬ ਐਸਾ ਨਹੀਂ, ਇਸ ਅਸਲੀਅਤ ਨੂੰ ਜਾਣ ਲੈਂਦੇ ਹਾਂ ਤਾਂ ਅਸੀਂ ਵੀ ਕੁਝ ਕਰ ਦਿਖਾਵਾਂਗੇ ਅਤੇ ਆਪਣਾ ਜੀਵਨ ਸਫ਼ਲ ਬਣਾ ਲਵਾਂਗੇ। ਵਰਨਾ ਇਹ ਜ਼ਿੰਦਗੀ ਖਾ-ਪੀ, ਹੰਢਾ ਕੇ ਖ਼ਤਮ ਹੋ ਜਾਵੇਗੀ ਅਤੇ ਸਾਡੇ ਲਈ ਇਕ ਸੁਪਨੇ ਤੋਂ ਉੱਤੇ ਇਸ ਵਿੱਚ ਕੁਝ ਵੀ ਨਹੀਂ ਵਾਪਰਨ ਲੱਗਾ। ਅਸੀਂ ਧਰਮ ਰਾਜ ਦੇ ਦਰਬਾਰ ਅੰਦਰ ਵੀ ਸ਼ਰਮਿੰਦਾ ਹੋ ਉੱਠਾਂਗੇ ਕਿਉਂਕਿ ਅਸੀਂ ਕੋਈ ਵੀ ਐਸਾ ਕੰਮ ਕਰਕੇ ਰੱਬ ਦੇ ਘਰ ਵਾਪਿਸ ਨਹੀਂ ਪਰਤਾਂਗੇ ਜਿਸ ਦੀ ਚਾਰ ਬੰਦਿਆਂ ਸਾਹਮਣੇ ਚਰਚਾ ਕੀਤੀ ਜਾ ਸਕੇ। ਸੋ ਇਸ ਜੀਵਨ ਨੂੰ ਸਿਰਫ਼ ਉੱਕਾ ਸੁਪਨਾ ਸਮਝ ਕੇ ਬਿਤਾ ਨਹੀਂ ਜਾਣਾ ਚਾਹੀਦਾ, ਬਲਕਿ ਕੁਝ ਕਰ ਦਿਖਾਉਣਾ ਚਾਹੀਦਾ ਹੈ।

## ਕੌਣ ਨਰਕ ਜਾਵੇਗਾ—ਕੌਣ ਸਵਰਗ ਜਾਵੇਗਾ

ਅਸੀਂ ਇਸ ਦੁਨੀਆਂ ਵਾਲਿਆਂ ਨੇ ਅਜੀਬ ਕਿਸਮ ਦੇ ਸਿਧਾਂਤ ਅਪਣਾ ਰੱਖੇ ਹਨ। ਜੋ ਲੋਕੀਂ ਸੰਤ-ਮਹੰਤ ਬਣੇ ਫਿਰਦੇ ਹਨ ਅਤੇ ਕ੍ਰਿਤੀਆਂ ਦੀਆਂ ਦਿੱਤੀਆਂ ਰੋਟੀਆਂ ਉੱਤੇ ਪਲਦੇ ਹਨ, ਅਸੀਂ ਇਹ ਸਮਝੀ ਬੈਠੇ ਹਾਂ ਕਿ ਸੰਤ ਅਤੇ ਮਹੰਤ ਤਾਂ ਸਵਰਗਾਂ ਵਿੱਚ ਜਾਣਗੇ ਅਤੇ ਅਸੀਂ ਕ੍ਰਿਤੀ ਲੋਕੀਂ ਜਿਨ੍ਹਾਂ ਦੇ ਦਾਨ ਉੱਤੇ ਸੰਤ-ਮਹਾਤਮਾ ਪਲਦੇ ਹਨ, ਨਰਕਾਂ ਵਿੱਚ ਜਾਣਗੇ। ਇਕ ਪਾਸੇ ਅਸੀਂ ਆਖਦੇ ਹਾਂ ਕਿ ਦਾਨ ਦੇਣ ਵਾਲਾ ਆਦਮੀ

ਸਵਰਗਾਂ ਵਿੱਚ ਜਾਂਦਾ ਹੈ, ਅਰਥਾਤ ਜੋ ਆਦਮੀ ਐਵੇਂ ਹੀ ਦੂਜਿਆਂ ਉੱਤੇ ਬੋਝ ਬਣੀ ਬੈਠਾ ਹੈ ਅਤੇ ਉਨ੍ਹਾਂ ਦੇ ਦਾਨ ਉੱਤੇ ਪਲਦਾ ਹੈ, ਸਵਰਗਾਂ ਵਿੱਚ ਜਾਵੇਗਾ। ਸੱਚਾਈ ਤਾਂ ਇਹ ਹੈ ਕਿ ਜੋ ਆਦਮੀ ਕ੍ਰਿਤ ਨਹੀਂ ਕਰਦਾ ਅਤੇ ਲੋਕਾਂ ਦੇ ਦਾਨ ਉੱਤੇ ਪਲਦਾ ਹੈ, ਉਹ ਕਿਤਨਾ ਵੱਡਾ ਭਗਤ ਕਿਉਂ ਨਾ ਬਣਿਆ ਫਿਰੇ, ਉਹ ਸਵਰਗਾਂ ਵਿੱਚ ਨਹੀਂ ਜਾ ਸਕਦਾ। ਕ੍ਰਿਤ ਕਰਕੇ ਆਪਣੀ ਉਪ-ਜੀਵਕਾ ਪੈਦਾ ਕਰਨ ਵਾਲਾ ਮਨੁੱਖ ਸ੍ਰੇਸ਼ਟ ਹੈ ਅਤੇ ਇਕੱਲਾ ਇਹੀ ਸਵਰਗਾਂ ਦਾ ਪਾਤਰ ਹੈ। ਬਾਕੀ ਲੋਕਾਂ ਨੂੰ ਆਪਣੇ ਬਾਰੇ ਆਪ ਸੋਚ ਲੈਣਾ ਚਾਹੀਦਾ ਹੈ। ਕਿਸੇ ਦੀ ਕਮਾਈ ਉੱਤੇ ਪਲਣਾ ਗ਼ਲਤ ਹੈ। ਕੋਈ ਭਗਤੀ ਨਹੀਂ ਲੱਗੇਗੀ, ਭਗਤੀ ਦਾ ਪਹਿਲਾ ਪੜਾਅ ਹੈ, ਕ੍ਰਿਤ ਕਰਕੇ ਆਪਣੀ ਉਪਜੀਵਕਾ ਪੈਦਾ ਕਰਨਾ।

ਅਸੀਂ ਕ੍ਰਿਤੀਆਂ ਨੇ ਵੱਡੇ-ਵੱਡੇ ਢਿੱਡਾਂ ਵਾਲੇ ਪਾਲ ਰੱਖੇ ਹਨ ਪਰ ਸਾਨੂੰ ਇਹ ਡਰਾਵਾ ਦਿੱਤਾ ਜਾ ਰਿਹਾ ਹੈ ਕਿ ਅਸੀਂ ਨਰਕਾਂ ਦੇ ਭਾਗੀ ਹਾਂ। ਇਹ ਹੁਣ ਸਾਡੇ ਤੱਕ ਹੈ ਕਿ ਅਸੀਂ ਇਸ ਝੂਠੇ ਪ੍ਰਚਾਰ ਤੋਂ ਕਿਵੇਂ ਬਚਣਾ ਹੈ ਜਿਸ ਸਮਾਜ ਨੇ ਦਾਨ ਉੱਤੇ ਪਲਣ ਵਾਲੇ ਲੋਕੀਂ ਪਾਲ ਰੱਖੇ ਹਨ, ਉਹ ਸਮਾਜ ਹਮੇਸ਼ਾਂ ਪਛੜਿਆ ਰਹੇਗਾ, ਉਹੀ ਸਮਾਜ ਤਰੱਕੀ ਕਰ ਸਕਦਾ ਹੈ ਜਿੱਥੇ ਹਰ ਕਿਸੇ ਨੂੰ ਇਹ ਲਗਨ ਲੱਗੀ ਹੋਈ ਹੈ ਕਿ ਆਪਣੀ ਅਤੇ ਆਪਣੇ ਪਰਿਵਾਰ ਦੀ ਉਪਜੀਵਕਾ ਆਪ ਪੈਦਾ ਕਰਨੀ ਹੈ।

## ਪਾਣੀ

ਪਾਣੀ ਹਰੇਕ ਜ਼ੀਵ ਦੀ ਹੋਂਦ ਕਾਇਮ ਰੱਖਣ ਲਈ ਪਹਿਲਾ ਆਧਾਰ ਹੈ। ਪਾਣੀ ਬਗ਼ੈਰ ਕੋਈ ਪ੍ਰਾਣੀ ਜਿਊਂਦਾ ਨਹੀਂ ਰਹਿ ਸਕਦਾ, ਪਾਣੀ ਬ਼ਗ਼ੈਰ ਬਨਸਪਤੀ ਵੀ ਜਿਊਂਦੀ ਨਹੀਂ ਰਹਿ ਸਕਦੀ, ਪਾਣੀ ਬਗ਼ੈਰ ਸਾਡੀ ਖਾਦ-ਖ਼ੁਰਾਕ ਦੀਆਂ ਚੀਜ਼ਾਂ ਪੈਦਾ ਨਹੀਂ ਕੀਤੀਆਂ ਜਾ ਸਕਦੀਆਂ। ਪਾਣੀ ਬਗ਼ੈਰ ਅਸੀਂ ਸਾਫ਼-ਸੁਥਰੇ ਨਹੀਂ ਰਹਿ ਸਕਦੇ, ਇਸ ਕਰਕੇ ਸਾਡੀ ਇਹ ਜ਼ਿੰਮੇਂਵਾਰੀ ਬਣਦੀ ਹੈ ਕਿ ਅਸੀਂ ਪਾਣੀ ਦੀ ਸਹੀ ਵਰਤੋਂ ਕਰੀਏ। ਇਸ ਦੀ ਸਫ਼ਾਈ ਦਾ ਖ਼ਾਸ ਪ੍ਰਬੰਧ ਕਰੀਏ। ਜਿੱਥੇ ਕਿੱਧਰੇ ਵੀ ਪਾਣੀ ਦੀ ਕਮੀ ਹੈ, ਉੱਥੇ ਲੋਕਾਂ ਦਾ ਜਿਊਣਾ ਹਰਾਮ ਹੋ ਜਾਂਦਾ ਹੈ। ਪਾਣੀ ਬਗ਼ੈਰ ਲੋਕੀ ਮਰ ਜਾਂਦੇ ਹਨ, ਫ਼ਸਲਾਂ ਨਹੀਂ ਹੁੰਦੀਆਂ, ਗੰਦਗੀ ਫੈਲ ਜਾਂਦੀ ਹੈ, ਬਿਮਾਰੀਆਂ ਫੈਲ ਜਾਂਦੀਆਂ ਹਨ, ਹਰ ਪਾਸੇ ਮੌਤ ਹੀ ਮੌਤ ਦਿਖਾਈ ਦਿੰਦੀ ਹੈ, ਇਸੇ ਕਰਕੇ ਪਾਣੀ ਨੂੰ ਸਭ ਤੋਂ ਜ਼ਿਆਦਾ ਜ਼ਰੂਰੀ ਅਤੇ ਪਵਿੱਤਰ ਮੰਨਿਆ ਗਿਆ ਹੈ। ਲੋਕੀਂ ਪਾਣੀ ਨੂੰ ਦੇਵਤਾ ਦੀ ਤਰ੍ਹਾਂ ਪੂਜਦੇ ਵੀ ਹਨ।

## ਸੱਚਾਈ ਕਦੀ ਹਾਰਦੀ ਨਹੀਂ

ਕੁਝ ਲੋਕੀਂ ਝੂਠ ਬੋਲ ਕੇ ਵਕਤ ਲੰਘਾ ਲੈਂਦੇ ਹਨ ਅਤੇ ਇਹ ਸਮਝ ਬੈਠਦੇ ਹਨ, ਸੱਚਾਈ ਹਾਰ ਗਈ ਹੈ ਅਤੇ ਉਨ੍ਹਾਂ ਪਾਸ ਜੋ ਝੂਠ ਹੈ ਸੀ, ਉਹ ਜਿੱਤ ਗਿਆ ਹੈ। ਐਸੀ ਸੋਚ ਗ਼ਲਤ ਹੈ। ਸੱਚਾਈ ਸਦਾ ਲਈ ਖ਼ੁਸ਼ੀਆਂ ਲੈ ਕੇ ਆਉਂਦੀ ਹੈ। ਝੂਠ ਦੀ ਉਮਰ ਬਹੁਤ ਛੋਟੀ ਹੁੰਦੀ ਹੈ, ਇਹ ਵਕਤੀਆ ਖ਼ੁਸ਼ੀ ਗ਼ਮ ਵਿੱਚ ਬਦਲ ਜਾਂਦੀ ਹੈ, ਜਦੋਂ ਸਾਡਾ ਬੋਲਿਆ ਝੂਠ ਪ੍ਰਗਟ ਹੋ ਆਉਂਦਾ ਹੈ ਜਾਂ ਝੂਠ ਨੂੰ ਛੁਪਾਉਣ ਲਈ ਸਾਡੇ ਲਈ ਇਹ ਲਾਜ਼ਮੀ ਹੋ ਜਾਂਦਾ ਹੈ ਕਿ ਅਸੀਂ ਝੂਠ ਦਾ ਜਾਲ ਹੋਰ ਫੈਲਾਉਂਦੇ ਜਾਈਏ। ਝੂਠ ਦੇ ਜਾਲ ਵਿੱਚ ਫਸਣ ਨਾਲੋਂ ਬਿਹਤਰ ਇਹੀ ਹੈ ਕਿ ਅਸੀਂ ਸੱਚ ਦਾ ਸੰਸਾਰ ਉਸਾਰੀਏ। ਸੱਚੇ ਬੰਦੇ ਦੇ ਚਿਹਰੇ ਉੱਤੇ ਇਕ ਅਜੀਬ ਕਿਸਮ ਦਾ ਜਲਾਲ ਆ ਜਾਂਦਾ ਹੈ ਜੋ ਬਦਸੂਰਤ ਹੋਣ ਦੇ ਬਾਵਜੂਦ ਲੋਕਾਂ ਦਾ

ਹਰਮਨ ਪਿਆਰਾ ਬਣ ਜਾਂਦਾ ਹੈ। ਅਸੀਂ ਅਗਰ ਇਸ ਗੱਲ ਉੱਤੇ ਵਿਸ਼ਵਾਸ ਕਰ ਲਈਏ ਕਿ ਸੱਚਾਈ ਦੀ ਆਖ਼ਰਕਾਰ ਜਿੱਤ ਹੁੰਦੀ ਹੈ ਅਤੇ ਝੂਠ ਅੱਜ ਵੀ ਹਾਰਿਆ ਹੋਇਆ ਹੈ ਅਤੇ ਕੱਲ੍ਹ ਵੀ ਹਾਰ ਜਾਵੇਗਾ। ਝੂਠ ਕਦੀ ਵੀ ਸਦੀਵੀ ਜਿੱਤ ਪ੍ਰਾਪਤ ਨਹੀਂ ਕਰ ਸਕਦਾ।

## ਆਖ਼ਰ ਨਿਸਤਾਰਾ ਕਿਵੇਂ ਹੋਣਾ ਹੈ

ਸਾਨੂੰ ਦੱਸਿਆ ਗਿਆ ਹੈ ਕਿ ਕੋਈ ਚੌਰਾਸੀ ਲੱਖ ਜੂਨਾਂ ਹਨ ਅਤੇ ਅਸੀਂ ਵਾਰ-ਵਾਰ ਇਹੀ ਜੂਨਾਂ ਵਿੱਚ ਆਉਂਦੇ ਰਹਿੰਦੇ ਹਾਂ ਅਤੇ ਮਰਦੇ ਰਹਿੰਦੇ ਹਾਂ। ਕੁਝ ਲੋਕੀਂ ਜਿਨ੍ਹਾਂ ਨੂੰ ਇਹ ਪਤਾ ਲੱਗ ਗਿਆ ਹੈ ਕਿ ਰੱਬ ਨੇ ਉਨ੍ਹਾਂ ਦੀ ਰਚਨਾ ਕਿਸ ਮਕਸਦ ਦੀ ਪੂਰਤੀ ਲਈ ਕੀਤੀ ਹੈ, ਉਹ ਲੋਕੀਂ ਇਸ ਦੁਨੀਆਂ ਵਿੱਚ ਲੋਕਾਂ ਲਈ ਕੁਝ ਕਰ ਦਿਖਾਉਂਦੇ ਹਨ। ਉਹ ਸਮਝ ਲੈਂਦੇ ਹਨ ਕਿ ਕੰਮ ਹੀ ਪੂਜਾ ਹੈ ਅਤੇ ਇਉਂ ਉਹ ਕਈ ਲੋਕਾਂ ਦਾ ਕਲਿਆਣ ਕਰ ਜਾਂਦੇ ਹਨ। ਐਸੇ ਲੋਕੀਂ ਜਨਮ-ਜਨਮਾਂਤਰਾਂ ਦੇ ਚੱਕਰ ਤੋਂ ਆਜ਼ਾਦ ਹੋ ਜਾਂਦੇ ਹਨ। ਰੱਬ ਮੁੜ ਕੇ ਸਿਰਫ਼ ਤਾਂ ਹੀ ਭੇਜੇਗਾ ਜੇਕਰ ਉਹ ਆਦਮੀ ਕੋਈ ਕੰਮ ਬਕਾਇਆ ਛੱਡ ਗਿਆ ਹੈ। ਜੋ ਆਦਮੀ ਆਪਣੇ ਜ਼ਿੰਮੇਂ ਲੱਗਾ ਮਕਸਦ ਪੂਰਾ ਕਰ ਜਾਂਦਾ ਹੈ, ਉਹ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਐਸਾ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਐਸਾ ਆਦਮੀ ਚੌਰਾਸੀ ਦੇ ਗੇੜ 'ਚੋਂ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਸੋ ਮੁਕਤੀ ਪ੍ਰਾਪਤ ਕਰਨ ਲਈ ਕੋਈ ਲੰਮਾ-ਚੌੜਾ ਤਰੱਦਦ ਕਰਨ ਦੀ ਜ਼ਰੂਰਤ ਨਹੀਂ ਪੈਂਦੀ। ਬਸ ਅਸੀਂ ਉਸ ਮਕਸਦ ਦੀ ਪਛਾਣ ਕਰਨੀ ਹੈ, ਜਿਸ ਮਕਸਦ ਦੀ ਪੂਰਤੀ ਲਈ ਰੱਬ ਨੇ ਸਾਡੀ ਹਸਤੀ ਕਾਇਮ ਕੀਤੀ ਹੈ। ਜਿਤਨੀ ਛੇਤੀ ਹੋ ਸਕੇ ਆਪਣੇ ਜ਼ਿੰਮੇਂ ਲੱਗੇ ਮਕਸਦ ਦੀ ਪਛਾਣ ਕਰ ਲੈਣੀ ਚਾਹੀਦੀ ਹੈ। ਇਹ ਜੀਵਨ ਬਹੁਤ ਲੰਮਾ ਚੌੜਾ ਨਹੀਂ ਹੁੰਦਾ। ਅਸੀਂ ਇਸ ਮਕਸਦ ਦੀ ਪੂਰਤੀ ਕਰਨੀ ਹੈ ਅਤੇ ਜੋ ਲੋਕੀਂ ਆਪਣੇ ਜ਼ਿੰਮੇਂ ਲੱਗਿਆ ਮਕਸਦ ਪੂਰਾ ਕਰਕੇ ਰੱਬ ਦੇ ਦਰਬਾਰ ਵਿੱਚ ਜਾ ਕੇ ਹਾਜ਼ਰ ਹੁੰਦੇ ਹਨ, ਉਹ ਸ਼ਰਮਿੰਦਾ ਨਹੀਂ ਹੋ ਰਹੇ ਹੁੰਦੇ ਅਤੇ ਨਾ ਹੀ ਉਨ੍ਹਾਂ ਦੇ ਮਨ ਅੰਦਰ ਕੋਈ ਡਰ ਹੀ ਹੁੰਦਾ ਹੈ। ਉਹ ਸਿਰ ਉੱਚਾ ਕਰਕੇ ਰੱਬ ਦੇ ਦਰਬਾਰ ਵਿੱਚ ਹਾਜ਼ਰ ਹੋ ਕੇ ਆਖਦੇ ਹਨ ਮੇਰੇ ਆਕਾ! ਮੈਂ ਆਪਣੀਆਂ ਜ਼ਿੰਮੇਂਵਾਰੀਆਂ ਪੂਰੀਆਂ ਕਰ ਆਇਆ ਹਾਂ ਅਤੇ ਰੱਬ ਬੜੇ ਮਾਣ ਨਾਲ ਉਸ ਰੂਹ ਨੂੰ ਮੁਕਤੀ ਦਿੰਦਾ ਹੈ।

## ਅਸੀਂ ਸਵੈ-ਨਿਰਭਰ ਹਾਂ

ਰੱਬ ਨੇ ਹਰ ਆਦਮੀ ਨੂੰ ਆਪਣੀਆਂ ਲੋੜਾਂ ਆਪ ਪੂਰੀਆਂ ਕਰਨ ਦੇ ਸਮਰਥ ਬਣਾਇਆ ਹੈ। ਅਸੀਂ ਕਾਫ਼ੀ ਹੱਦ ਤੱਕ ਸਵੈ-ਨਿਰਭਰ ਹੋ ਸਕਦੇ ਹਾਂ। ਦੂਜਿਆਂ ਦੀ ਉਤਨੀ ਹੀ ਮੱਦਦ ਲੈਣ ਦੇ ਅਸੀਂ ਹੱਕਦਾਰ ਹਾਂ ਜਿਤਨੀ ਕੁ ਮੱਦਦ ਅਸੀਂ ਆਪ ਦੂਜਿਆਂ ਦੀ ਕਰ ਸਕਦੇ ਹਾਂ। ਜੋ ਆਦਮੀ ਆਪ ਕਦੀ ਵੀ ਕਿਸੇ ਦੀ ਮੱਦਦ ਨਹੀਂ ਕਰਦਾ ਉਸ ਦਾ ਕੋਈ ਹੱਕ ਨਹੀਂ ਬਣਦਾ ਕਿ ਉਹ ਦੂਜਿਆਂ ਪਾਸੋਂ ਮੱਦਦ ਮੰਗਦਾ ਫਿਰੇ। ਵੈਸੇ ਸਿਆਣੇ ਆਖਦੇ ਹਨ ਕਿ ਮੰਗਣ ਗਿਆ ਸੋ ਮਰ ਗਿਆ। ਆਪਣੀ ਜ਼ਮੀਰ ਮਾਰ ਕੇ, ਆਪਣਾ ਆਪ ਖ਼ਤਮ ਕਰਕੇ ਕਿਸੇ ਦੇ ਦੁਆਰੇ ਉੱਤੇ ਮੰਗਣ ਜਾਈਦਾ ਹੈ। ਸੋ ਸਾਡੇ ਜੀਵਨ ਦੇ ਭਾਵੇਂ ਹੋਰ ਕਿਤਨੇ ਹੀ ਮਨੋਰਥ ਕਿਉਂ ਨਾ ਪਏ ਹੋਣ, ਸਾਡੇ ਜੀਵਨ ਦਾ ਪਹਿਲਾ ਉਦੇਸ਼ ਇਹੀ ਹੋਣਾ ਚਾਹੀਦਾ ਹੈ ਕਿ ਅਸੀਂ ਦਿਨ-ਰਾਤ ਮਿਹਨਤ ਕਰਕੇ, ਆਪਣੇ ਦਿਲ ਅਤੇ ਦਿਮਾਗ਼ ਦੀ ਪੂਰੀ ਵਰਤੋਂ ਕਰਕੇ ਆਪਣੀਆਂ ਲੋੜਾਂ ਦੀਆਂ ਹੱਦਾਂ ਮਾਪ ਸਕੀਏ ਅਤੇ ਆਪ ਹੀ ਉਹ ਪੂਰੀਆਂ ਕਰ ਸਕੀਏ।

ਜੋ ਪ੍ਰਾਪਤੀਆਂ ਅਸੀਂ ਨਹੀਂ ਕਰ ਪਾਏ ਉਸ ਵਾਸਤੇ ਸੰਘਰਸ਼ ਜਾਰੀ ਰੱਖਣਾ ਚਾਹੀਦਾ ਹੈ। ਅਗਰ ਅਸੀਂ ਆਪ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਵਿੱਚ ਕਿਸੇ ਦੀ ਸਹਾਇਤਾ ਚਾਹੁੰਦੇ ਹਾਂ ਤਾਂ ਅਸੀਂ ਉਨ੍ਹਾਂ ਬੰਦਿਆਂ ਦੀ ਖੋਜ ਕਰ ਸਕਦੇ ਹਾਂ ਜਿਨ੍ਹਾਂ ਪਾਸੋਂ ਅਸੀਂ ਮੱਦਦ ਦੀ ਉਮੀਦ ਰੱਖਦੇ ਹਾਂ ਪਰ ਅਸਲ ਪ੍ਰਾਪਤੀ ਵਿੱਚ ਸਾਡਾ ਆਪਣਾ ਯੋਗਦਾਨ ਹੋਣਾ ਚਾਹੀਦਾ ਹੈ। ਆਖਦੇ ਹਨ, ਰੱਬ ਵੀ ਸਿਰਫ਼ ਉਸ ਆਦਮੀ ਦੀ ਮੱਦਦ ਕਰਦਾ ਹੈ ਜੋ ਆਦਮੀ ਆਪਣੀ ਮੱਦਦ ਆਪ ਕਰਨ ਦਾ ਬੀੜਾ ਚੁੱਕ ਸਕਦਾ ਹੈ। ਸੋ ਬਿਹਤਰ ਇਹੀ ਹੈ ਕਿ ਅਸੀਂ ਆਪਣੀ ਮੱਦਦ ਆਪ ਕਰੀਏ ਅਰਥਾਤ ਸਾਡੀ ਹਰੇਕ ਪ੍ਰਾਪਤੀ 'ਚੋਂ ਸਾਡੇ ਆਪਣੇ ਪਸੀਨੇ ਦੀ ਖ਼ੁਸ਼ਬੂ ਆਵੇ। ਆਪਣੇ ਲਈ ਆਪ ਪ੍ਰਾਪਤੀਆਂ ਕਰਕੇ ਜੋ ਆਨੰਦ ਮਿਲਦਾ ਹੈ, ਉਹ ਆਨੰਦ ਦੂਜਿਆਂ ਦੇ ਦਰਾਂ ਉੱਤੇ ਭਟਕਣ ਨਾਲ ਨਹੀਂ ਮਿਲਦਾ। ਆਪਣੀ ਪ੍ਰਾਪਤੀ ਛੋਟੀ ਵੀ ਰਹਿ ਜਾਵੇ ਤਾਂ ਵੀ ਮਜ਼ੇਦਾਰ ਹੁੰਦੀ ਹੈ।

## ਰੱਬ ਦੀ ਪਛਾਣ ਹੀ ਰੱਬ ਨਾਲ ਮੇਲ ਹੈ

ਰੱਬ ਸਾਡੇ ਅੰਦਰ ਜ਼ਰੂਰ ਵਸਦਾ ਹੈ ਪਰ ਅਸੀਂ ਹਾਲਾਂ ਤੱਕ ਪੂਰੀ ਤਰ੍ਹਾਂ ਐਸਾ ਵਿਸ਼ਵਾਸ ਨਹੀਂ ਕਰ ਪਾਏ। ਹਾਲਾਂ ਵੀ ਰੱਬ ਦੀ ਖੋਜ ਵਿੱਚ ਅਸੀਂ ਭਟਕਦੇ ਫਿਰਦੇ ਹਾਂ। ਜਿਸ ਕਿਸੇ ਨੇ ਵੀ ਰੱਬ ਦੀ ਹਾਜ਼ਰੀ ਆਪਣੇ ਅੰਦਰ ਪ੍ਰਵਾਨ ਕਰ ਲਈ ਹੈ, ਉਸ ਦੀ ਭਟਕਣ ਖ਼ਤਮ ਹੋ ਜਾਂਦੀ ਹੈ। ਰੱਬ ਅਤੇ ਅਸੀਂ ਦੋ ਹੋਂਦਾਂ ਨਹੀਂ ਹਾਂ। ਅਸੀਂ ਰੱਬ ਹਾਂ ਅਤੇ ਰੱਬ ਹੀ ਸਾਡੀ ਹੋਂਦ ਕਾਇਮ ਰੱਖਦਾ ਹੈ। ਜਿਨ੍ਹਾਂ ਲੋਕਾਂ ਨੇ ਰੱਬ ਦੀ ਪਛਾਣ ਕਰ ਲਈ ਹੈ, ਉਹ ਬਹੁਤੀਆਂ ਅਰਦਾਸਾਂ ਵੀ ਨਹੀਂ ਕਰਦੇ। ਉਨ੍ਹਾਂ ਨੂੰ ਪਤਾ ਲੱਗ ਜਾਂਦਾ ਹੈ ਕਿ ਰੱਬ ਨੇ ਸਾਡੀ ਕਿਸਮਤ ਪਹਿਲਾਂ ਹੀ ਲਿਖ ਦਿੱਤੀ ਹੈ। ਹੁਣ ਤਾਂ ਰੱਬ ਨਾਲ ਵੀ ਕਿੰਤੂ-ਪ੍ਰੰਤੂ ਕਰਨ ਦੀ ਜ਼ਰੂਰਤ ਨਹੀਂ ਹੈ। ਜੋ ਕੁਝ ਰੱਬ ਦੇ ਹੁਕਮ ਅਨੁਸਾਰ ਹੋ ਰਿਹਾ ਹੈ, ਉਹ ਭਾਣਾ ਮੰਨ ਕੇ ਚੱਲਣਾ ਚਾਹੀਦਾ ਹੈ। ਅਗਰ ਅਸੀਂ ਆਪਣਾ ਕਿਰਦਾਰ ਉੱਚਾ ਚੁੱਕਣ ਵਿੱਚ ਕਾਮਯਾਬ ਹੋ ਗਏ ਹਾਂ ਤਾਂ ਅਸੀਂ ਇਹ ਵਿਸ਼ਵਾਸ ਵੀ ਕਰ ਸਕਦੇ ਹਾਂ ਕਿ ਰੱਬ ਭਲੇ ਪੁਰਸ਼ ਦੀ ਪ੍ਰੀਖਿਆ ਤਾਂ ਜ਼ਰੂਰਤ ਲੈ ਸਕਦਾ ਹੈ ਪਰ ਭਲੇ ਪੁਰਸ਼ ਨੇ ਜਦ ਕੋਈ ਪਾਪ ਨਹੀਂ ਕੀਤਾ ਤਾਂ ਫਿਰ ਸਜ਼ਾ ਕਾਹਦੀ। ਰੱਬ ਦੀ ਕਰੋਪੀ ਤੋਂ ਸਿਰਫ਼ ਉਨ੍ਹਾਂ ਲੋਕਾਂ ਨੂੰ ਡਰਨਾ ਚਾਹੀਦਾ ਹੈ ਜੋ ਅੰਦਰ ਦੀ ਆਵਾਜ਼ ਨੂੰ ਅਣਗੌਲਿਆਂ ਕਰਕੇ ਪਾਪ ਕਮਾਉਂਦੇ ਰਹੇ ਹਨ। ਵਰਨਾ ਅਸੀਂ ਆਪਣੇ ਅੰਦਰ ਰੱਬ ਸਮੇਟੀ ਬੈਠੇ ਹਾਂ। ਅਸੀਂ ਰੱਬ ਤੋਂ ਅੱਕੇ ਨਹੀਂ ਹਾਂ ਅਤੇ ਰੱਬ ਨਾਲ ਜੁੜਿਆ ਬੰਦਾ ਰੱਬ ਦਾ ਹੀ ਏਜੰਟ ਹੁੰਦਾ ਹੈ ਅਤੇ ਰੱਬ ਛੇਤੀ ਕੀਤਿਆਂ ਉਸ ਪਾਸੋਂ ਪਾਪ ਕਰਾਉਂਦਾ ਹੀ ਨਹੀਂ ਹੈ। ਉਹ ਆਦਮੀ ਸਦਾ ਭਲੇ ਦੇ ਕੰਮ ਕਰਦਾ ਹੈ ਅਤੇ ਆਪਣਾ ਨਾਮ ਰੌਸ਼ਨ ਕਰ ਲੈਂਦਾ ਹੈ।

## ਰੱਬ ਨਾਲ ਪਿਆਰ ਸਭ ਨਾਲ ਪਿਆਰ

ਅਸੀਂ ਰੱਬ ਨਾਲ ਪਿਆਰ ਕਰਦੇ ਹਾਂ ਤਾਂ ਸਾਡੇ ਮਨ ਅੰਦਰ ਰੱਬ ਦੀ ਸਾਜੀ ਸਾਰੀ ਲੋਕਾਈ ਨਾਲ ਪਿਆਰ ਬਣ ਆਉਂਦਾ ਹੈ। ਇਸੇ ਤਰ੍ਹਾਂ ਜਿਨ੍ਹਾਂ ਲੋਕਾਂ ਨੇ ਰੱਬ ਦੀ ਸਾਜੀ ਇਸ ਲੋਕਾਈ ਨਾਲ ਪਿਆਰ ਪਾ ਲਿਆ ਹੈ, ਉਹ ਰੱਬ ਦੇ ਬਹੁਤ ਹੀ ਨੇੜੇ ਆ ਗਏ ਹਨ। ਰੱਬ ਦੇ ਖ਼ਾਸ ਬੰਦੇ ਬਣ ਗਏ ਹਨ। ਰੱਬ ਦਾ ਪਿਆਰ ਪ੍ਰਾਪਤ ਕਰ ਲੈਂਦੇ ਹਨ। ਅਸੀਂ ਅਗਰ

ਰੱਬ ਦੀ ਸਾਜੀ ਲੋਕਾਈ ਨਾਲ ਪਿਆਰ ਕਰਦੇ ਹਾਂ ਤਾਂ ਰੱਬ ਇਤਨਾ ਖ਼ੁਸ਼ ਹੋ ਜਾਂਦਾ ਹੈ ਕਿ ਰੱਬ ਅਤੇ ਸਾਡੇ ਦਰਮਿਆਨ ਕੋਈ ਫ਼ਰਕ ਨਹੀਂ ਰਹਿੰਦਾ। ਅਸੀਂ ਰੱਬ ਨਾਲ ਇਕ-ਮਿਕ ਹੋ ਜਾਂਦੇ ਹਾਂ। ਰੱਬ ਲੋਕਾਈ ਰਾਹੀਂ ਪ੍ਰਗਟ ਹੁੰਦਾ ਹੈ। ਰੱਬ ਦੀ ਲੋਕਾਈ ਨੂੰ ਪਿਆਰ ਕਰਨ ਦਾ ਸਿੱਧਾ-ਸਾਦਾ ਮਤਲਬ ਇਹੀ ਨਿਕਲਦਾ ਹੈ ਕਿ ਅਸੀਂ ਰੱਬ ਨੂੰ ਪਿਆਰ ਕਰਦੇ ਹਾਂ ਅਤੇ ਜੋ ਆਦਮੀ ਰੱਬ ਨਾਲ ਪਿਆਰ-ਸਾਂਝਾਂ ਪਾ ਲੈਂਦਾ ਹੈ ਉਸ ਨਾਲ ਰੱਬ ਵੀ ਪਿਆਰ ਕਰਦਾ ਹੈ। ਐਸਾ ਵਾਰ-ਵਾਰ ਆਖਿਆ ਜਾ ਚੁੱਕਾ ਹੈ ਕਿ ਪਿਆਰ ਕਰੋ ਅਤੇ ਪਿਆਰ ਪਾਉ। ਰੱਬ ਦਾ ਪਿਆਰ ਪ੍ਰਾਪਤ ਕਰਨਾ ਸਾਡਾ ਅਧਿਕਾਰ ਬਣ ਜਾਂਦਾ ਹੈ, ਜਦੋਂ ਅਸੀਂ ਰੱਬ ਦੀ ਆਪਣੇ ਹੱਥੀਂ ਸਾਜੀ ਇਸ ਲੋਕਾਈ ਨਾਲ ਪਿਆਰ ਪਾ ਲੈਂਦੇ ਹਾਂ। ਜੋ ਆਦਮੀ ਰੱਬ ਦੀ ਸਾਜੀ ਇਸ ਲੋਕਾਈ ਨੂੰ ਪਿਆਰ ਨਹੀਂ ਕਰਦਾ ਉਹ ਰੱਬ ਦੇ ਪਿਆਰ ਦਾ ਪਾਤਰ ਨਹੀਂ ਬਣ ਸਕਦਾ।

## ਅਸੀਂ ਖੋਜ ਕਰਨੀ ਹੈ

ਲੋਕਾਂ ਦੀਆਂ ਆਖੀਆਂ ਗੱਲਾਂ ਸਾਡੀ ਅਗਵਾਨੀ ਤਾਂ ਕਰ ਸਕਦੀਆਂ ਹਨ ਪਰ ਜਦ ਤੱਕ ਖੋਜ ਕਰਕੇ ਅਸੀਂ ਆਪ ਨਤੀਜਾ ਨਹੀਂ ਕੱਢਦੇ ਕਿਸੇ ਦੀ ਆਖੀ ਗੱਲ ਸਾਡੇ ਜੀਵਨ ਦਾ ਅੰਗ ਨਹੀਂ ਬਣ ਸਕਦੀ। ਇਸੇ ਕਰਕੇ ਆਖਿਆ ਜਾਂਦਾ ਹੈ ਕਿ ਸੁਣੋ ਸਭ ਦੀ ਪਰ ਕਰੋ ਮਨ ਦੀ। ਅਸੀਂ ਅਗਰ ਰੱਬ ਬਾਰੇ ਵੀ ਜਾਣਕਾਰੀ ਹਾਸਲ ਕਰਨੀ ਹੈ ਤਾਂ ਅਸੀਂ ਆਪਣੇ ਅੰਦਰ ਉਸ ਨੂੰ ਟਟੋਲਣਾ ਹੈ। ਦੂਜਿਆਂ ਦੀਆਂ ਆਖੀਆਂ ਗੱਲਾਂ ਕਈ ਵਾਰੀ ਸਾਡੀ ਸਮਝ ਵਿੱਚ ਨਹੀਂ ਆਉਂਦੀਆਂ। ਕਈ ਵਾਰੀ ਸਾਡਾ ਵਿਸ਼ਵਾਸ ਹੀ ਨਹੀਂ ਬਣ ਆਉਂਦਾ। ਕਈ ਵਾਰੀ ਅਸੀਂ ਆਪ ਹੀ ਆਖ ਉਠਦੇ ਹਾਂ ਕਿ ਦੱਸਣ ਵਾਲੇ ਨੂੰ ਆਪ ਹੀ ਸਹੀ ਪਤਾ ਨਹੀਂ ਸੀ। ਉਹ ਸਾਡੀ ਅਗਵਾਨੀ ਕਿਵੇਂ ਕਰ ਸਕਦਾ ਸੀ। ਅਸੀਂ ਆਪਣੇ ਗੁਰੂ ਆਪ ਹਾਂ। ਸਾਡੇ ਅੰਦਰ ਸਾਡਾ ਰਾਹ-ਦਸੇਰਾ ਬੈਠਾ ਸਾਡੀ ਅਗਵਾਨੀ ਪਿਆ ਕਰਦਾ ਹੈ। ਅਸੀਂ ਤਾਂ ਰੋਜ਼ਾਨਾ ਆਪਣੇ ਅੰਦਰੋਂ ਉੱਠਦੀ ਆਵਾਜ਼ ਹੀ ਸੁਣਨ ਦਾ ਸਿਲਸਿਲਾ ਜਾਰੀ ਕਰ ਲਈਏ ਤਾਂ ਕੁਝ ਹੀ ਅਰਸੇ ਵਿੱਚ ਰੱਬ ਨਾਲ ਜਾ ਮਿਲਦੇ ਹਾਂ। ਅਸੀਂ ਆਪ ਇਸ ਨਤੀਜੇ ਉੱਤੇ ਆ ਪੁੱਜਦੇ ਹਾਂ ਕਿ ਹੁਣ ਤੱਕ ਅਸੀਂ ਜੋ ਵੀ ਰਸਤਾ ਅਖ਼ਤਿਆਰ ਕਰ ਰੱਖਿਆ ਸੀ, ਗ਼ਲਤ ਸੀ। ਸੋ ਗੁਰੂ ਤੁਹਾਡੇ ਅੰਦਰ ਹਾਜ਼ਰ ਹੈ ਅਤੇ ਹਰ ਸਮੱਸਿਆ ਦਾ ਸਮਾਧਾਨ ਦੱਸਣ ਲਈ ਵੀ ਇਹ ਰੱਬ, ਗੁਰੂ ਤੁਹਾਡੀ ਸਹਾਇਤਾ ਕਰਨ ਲਈ ਤਿਆਰ ਬੈਠਾ ਰਹਿੰਦਾ ਹੈ।

## ਬ੍ਰਹਿਮੰਡ

ਇਸ ਬ੍ਰਹਿਮੰਡ ਬਾਰੇ ਅਸੀਂ ਅੰਦਾਜ਼ੇ ਹੀ ਲਗਾ ਸਕਦੇ ਹਾਂ। ਇਹ ਕਿੱਥੋਂ ਸ਼ੁਰੂ ਹੁੰਦਾ ਹੈ ? ਇਹ ਕਿੱਥੇ ਖ਼ਤਮ ਹੁੰਦਾ ਹੈ ? ਇਸ ਅੰਦਰ ਕਿਤਨੀਆਂ ਧਰਤੀਆਂ ਹਨ, ਕਿਤਨੇ ਗ੍ਰਹਿ ਹਨ, ਕਿਤਨੇ ਸੂਰਜ ਹਨ, ਕਿਤਨੇ ਤਾਰੇ ਹਨ, ਕਿਤਨੇ ਚੰਦਰਮਾ ਹਨ, ਕੈਸੀ ਕੈਸੀ ਕਿਸਮ ਦੇ ਲੋਕੀਂ ਇਸ ਬ੍ਰਹਿਮੰਡ ਵਿੱਚ ਰਹਿ ਰਹੇ ਹਨ ? ਇਹ ਅਸੀਂ ਅੰਦਾਜ਼ਾ ਹੀ ਲਗਾ ਸਕਦੇ ਹਾਂ, ਰੱਬ ਬੇਅੰਤ ਹੈ। ਰੱਬ ਦਾ ਸਾਜਿਆ ਇਹ ਬ੍ਰਹਿਮੰਡ ਵੀ ਬੇਅੰਤ ਹੈ। ਅਸੀਂ ਮਨੁੱਖ ਖੋਜਾਂ ਕਰ ਰਹੇ ਹਾਂ। ਆਪਣੇ ਸੂਰਜ ਮੰਡਲ ਅੰਦਰ ਬਹੁਤ ਸਾਰੇ ਗ੍ਰਹਿਆਂ ਦਾ ਅਸੀਂ ਵੀ ਪਤਾ ਲੱਗਾ ਚੁੱਕੇ ਹਾਂ। ਬਾਕੀ ਕਿਤਨੇ ਕੁ ਗ੍ਰਹਿਆਂ ਦਾ ਅਸੀਂ ਗਿਆਨ ਪ੍ਰਾਪਤ ਕਰ ਸਕਾਂਗੇ, ਇਸ ਬਾਰੇ ਹੁਣੇ ਫ਼ੈਸਲਾ ਕਰ ਲੈਣਾ ਠੀਕ ਨਹੀਂ ਹੈ। ਇਹ ਆਦਮੀ ਖੋਜੀ ਹੈ, ਹਰ

ਰੋਜ਼ ਨਵੇਂ-ਨਵੇਂ ਅਵਿਸ਼ਕਾਰ ਹੋ ਰਹੇ ਹਨ। ਨਵੀਆਂ ਗੱਲਾਂ ਸਾਹਮਣੇ ਆ ਰਹੀਆਂ ਹਨ। ਖੋਜ ਜਾਰੀ ਹੈ, ਪਰ ਕੋਈ ਆਖੇ ਕਿ ਇਹ ਇਨਸਾਨ ਰੱਬ ਦੇ ਬ੍ਰਹਿਮੰਡ ਬਾਰੇ ਸਾਰੀ ਜਾਣਕਾਰੀ ਹਾਸਲ ਕਰ ਲਵੇਗਾ, ਇਹ ਗੱਲ ਵਿਸ਼ਵਾਸ ਨਾਲ ਨਹੀਂ ਆਖੀ ਜਾ ਸਕਦੀ।

ਇਸ ਕਰਕੇ ਇਸ ਬ੍ਰਹਿਮੰਡ ਬਾਰੇ ਇਹੀ ਆਖਿਆ ਜਾ ਚੁੱਕਾ ਹੈ ਕਿ ਇਸ ਦੀਆਂ ਹੱਦਾਂ ਦਾ ਪਤਾ ਨਹੀਂ ਲਗਾਇਆ ਜਾ ਸਕਦਾ ਪਰ ਇਸ ਦਾ ਮਤਲਬ ਇਹ ਨਹੀਂ ਨਿਕਲਦਾ ਕਿ ਇਨਸਾਨ ਇਸ ਬ੍ਰਹਿਮੰਡ ਦੀ ਖੋਜ ਹੀ ਛੱਡ ਦੇਵੇ। ਮਨੁੱਖੀ ਖੋਜ ਜਾਰੀ ਰਹੇਗੀ, ਖੋਜ ਕਰਨਾ ਮਨੁੱਖੀ ਸੁਭਾਓ ਹੈ। ਅਸੀਂ ਇਸ ਉੱਤੇ ਇਹ ਆਖ ਕੇ ਰੋਕ ਨਹੀਂ ਲਗਾ ਸਕਦੇ ਕਿ ਇਹ ਬ੍ਰਹਿਮੰਡ ਵਿਸ਼ਾਲ ਹੈ, ਬਹੁਤ ਵਿਸ਼ਾਲ ਹੈ। ਇਸ ਕਰਕੇ ਇਸ ਦੀ ਖੋਜ ਬੰਦ ਕਰ ਦੇਣੀ ਚਾਹੀਦੀ ਹੈ। ਐਸੀ ਬੰਦਿਸ਼ ਲਗਾਉਣਾ ਵੀ ਗ਼ਲਤ ਹੈ।

## ਹਨ੍ਹੇਰੇ ਤੋਂ ਬਾਹਰ ਆਓ

ਗਿਆਨ ਬਿਨਾਂ ਆਦਮੀ ਹਨ੍ਹੇਰੇ ਵਿੱਚ ਫਸਿਆ ਰਹਿੰਦਾ ਹੈ। ਗਿਆਨ ਪ੍ਰਾਪਤ ਕਰਨ ਬਾਅਦ ਹੀ ਆਦਮੀ ਹਨ੍ਹੇਰੇ 'ਚੋਂ ਬਾਹਰ ਆ ਕੇ ਚਾਨਣ ਦਾ ਆਨੰਦ ਮਾਣਦਾ ਹੈ। ਸੋ ਹਰੇਕ ਇਨਸਾਨ ਲਈ ਇਹ ਲਾਜ਼ਮੀ ਹੈ ਕਿ ਉਹ ਗਿਆਨ ਪ੍ਰਾਪਤ ਕਰੇ ਅਤੇ ਚਾਨਣ ਵਿੱਚ ਆਉਣ ਦਾ ਯਤਨ ਜਾਰੀ ਕਰੇ। ਇਹ ਚਾਨਣ ਵਿੱਚ ਆਉਣ ਦਾ ਯਤਨ ਸਾਰੀ ਉਮਰ ਜਾਰੀ ਰੱਖਣਾ ਹੈ। ਗਿਆਨ ਦਾ ਸਾਗਰ ਕਦੀ ਮੁੱਕਦਾ ਨਹੀਂ। ਗਿਆਨ ਹੋਰ ਅੱਗੇ ਵੱਧਦਾ ਰਹਿੰਦਾ ਹੈ। ਆਦਮੀ ਸਾਰੀ ਉਮਰ ਗਿਆਨ ਦਾ ਪਿੱਛਾ ਕਰਦਾ ਰਹਿੰਦਾ ਹੈ, ਪਰ ਗਿਆਨ ਦਾ ਅੰਤ ਨਹੀਂ ਪਾਇਆ.ਜਾ ਸਕਦਾ। ਅੱਜ ਤੱਕ ਇਨਸਾਨ ਨੇ ਲੱਖਾਂ ਹੀ ਖੋਜਾਂ ਕੀਤੀਆਂ ਹਨ, ਅਵਿਸ਼ਕਾਰ ਕੀਤੇ ਹਨ, ਪਰ ਆਦਮੀ ਆਖੇ ਕਿ ਗਿਆਨ ਦਾ ਅੰਤ ਹੋ ਗਿਆ ਹੈ, ਤਾਂ ਐਸਾ ਨਹੀਂ ਹੈ। ਮਨੁੱਖੀ ਨਸਲ ਦਾ ਇਹ ਸ਼ੁਰੂ ਕੀਤਾ ਸਿਲਸਿਲਾ ਜਾਰੀ ਰੱਖਿਆ ਜਾਣਾ ਚਾਹੀਦਾ ਹੈ। ਅਸੀਂ ਸਾਰਿਆਂ ਨੇ ਇਸ ਖੋਜ ਦੇ ਸਿਲਸਿਲੇ ਵਿੱਚ ਆਪਣਾ ਯੋਗਦਾਨ ਪਾਉਣਾ ਹੈ। ਕੁਝ ਕਰਕੇ ਜਾਣਾ ਹੈ। ਅਗਰ ਅਸੀਂ ਹਨ੍ਹੇਰੇ ਵਿੱਚ ਹੀ ਘੁਲਦੇ-ਘੁਲਾਂਦੇ ਰੱਬ ਦੇ ਦਰਬਾਰ ਵਿੱਚ ਵਾਪਸ ਜਾਵਾਂਗੇ ਤਾਂ ਸਾਡੇ ਪਾਸ ਦੱਸਣ ਲਈ ਕੁਝ ਨਹੀਂ ਹੋਵੇਗਾ। ਅਸੀਂ ਸ਼ਰਮਿੰਦਾ ਹੋ ਉੱਠਾਂਗੇ। ਇਸ ਸ਼ਰਮਿੰਦਗੀ ਤੋਂ ਬਚਣ ਲਈ ਅਸੀਂ ਅੱਜ ਤੋਂ ਹੀ ਕਾਰਵਾਈ ਸ਼ੁਰੂ ਕਰਨੀ ਹੈ। ਜੋ ਆਨੰਦ ਚਾਨਣ ਵਿੱਚ ਹੈ ਉਹ ਹਨ੍ਹੇਰੇ ਵਿੱਚ ਨਹੀਂ ਹੈ।

## ਅਸੀਂ ਬਿਮਾਰੀ 'ਚੋਂ ਬਾਹਰ ਨਿਕਲਣਾ ਹੈ

ਜੋ ਆਦਮੀ ਕ੍ਰਿਤ ਨਹੀਂ ਕਰਦਾ, ਵੰਡ ਨਹੀਂ ਛਕਦਾ, ਰੱਬ ਨੂੰ ਯਾਦ ਨਹੀਂ ਰੱਖਦਾ, ਉਹ ਆਦਮੀ ਬਿਮਾਰ ਹੈ। ਇਹ ਬਿਮਾਰੀ ਅਗਰ ਕਾਇਮ ਰਹਿੰਦੀ ਹੈ, ਤਾਂ ਆਦਮੀ ਵਧੀਆ ਜ਼ਿੰਦਗੀ ਬਸਰ ਨਹੀਂ ਕਰ ਸਕਦਾ ਅਤੇ ਨਾ ਹੀ ਜ਼ਿੰਦਗੀ ਦਾ ਆਨੰਦ ਹੀ ਮਾਣ ਸਕਦਾ ਹੈ। ਜ਼ਿੰਦਗੀ ਦੇ ਇਹ ਪਹਿਲੇ ਸਿਧਾਂਤ ਹਨ। ਅਸੀਂ ਇਨ੍ਹਾਂ ਸਿਧਾਂਤਾਂ ਨੂੰ ਆਪਣੇ ਜੀਵਨ ਉੱਤੇ ਲਾਗੂ ਕਰਨਾ ਹੈ। ਆਪਣੇ ਸਰੀਰ ਦੀ ਅਤੇ ਆਪਣੇ ਦਿਮਾਗ਼ ਦੀ ਵਰਤੋਂ ਕਰਨੀ ਹੈ। ਅਸੀਂ ਕਿਸੇ ਉੱਤੇ ਨਿਰਭਰ ਨਹੀਂ ਹੋਣਾ। ਲੱਖਾਂ ਕਰੋੜਾਂ ਰੁਪਏ ਦੀਆਂ ਜ਼ਮੀਨਾਂ ਜਾਇਦਾਦਾਂ ਅਤੇ ਨਕਦੀ ਕਿਉਂ ਨਾ ਪਈ ਹੋਵੇ ਸਿਰਫ਼ ਇਨ੍ਹਾਂ ਉੱਤੇ ਨਿਰਭਰ ਹੋ ਜਾਣਾ ਵੀ ਠੀਕ ਨਹੀਂ ਹੈ। ਰੱਬ ਨੇ ਬਹੁਤ ਕੁਝ ਦੇ ਕੇ ਸਾਨੂੰ ਇਸ ਦੁਨੀਆਂ ਅੰਦਰ ਕਾਇਮ ਕੀਤਾ ਹੈ ਅਤੇ ਅਸੀਂ ਜਦੋਂ ਤੱਕ ਕੁਦਰਤ ਦੀਆਂ ਨਿਆਮਤਾਂ ਦੀ ਵਰਤੋਂ ਨਹੀਂ ਕਰਦੇ, ਉਦੋਂ ਤੱਕ

ਅਸੀਂ ਜੀਵਨ ਦਾ ਆਨੰਦ ਹੀ ਨਹੀਂ ਮਾਣ ਸਕਦੇ। ਸੋ ਅਸੀਂ ਸਦਾ ਹੀ ਤੰਦਰੁਸਤ ਰਹਿਣਾ ਹੈ। ਇਹ ਸਰੀਰ, ਇਹ ਦਿਮਾਗ਼ ਅਤੇ ਸਰੀਰ ਦੇ ਬਾਕੀ ਸਾਰੇ ਅੰਗ ਜਿਤਨੇ ਵੀ ਵਰਤੋਂ ਵਿੱਚ ਲਿਆਂਦੇ ਜਾਣ, ਇਹ ਹੋਰ ਸ਼ਕਤੀਸ਼ਾਲੀ ਬਣਦੇ ਹਨ ਅਤੇ ਤੰਦਰੁਸਤ ਰਹਿੰਦੇ ਹਨ। ਸੋ ਅਸੀਂ ਬਿਮਾਰ ਅਵਸਥਾ 'ਚੋਂ ਬਾਹਰ ਨਿਕਲ ਕੇ ਤੰਦਰੁਸਤ ਅਵਸਥਾ ਵਿੱਚ ਆਉਣਾ ਹੈ। ਜੋ ਆਨੰਦ ਤੰਦਰੁਸਤ ਆਦਮੀ ਮਾਣਦਾ ਹੈ ਉਹ ਬਿਮਾਰ ਅਤੇ ਪੀੜਾਂ ਭਰੇ ਜੀਵਨ ਵਿੱਚ ਨਹੀਂ ਮਾਣਿਆ ਜਾ ਸਕਦਾ।

## ਗਰਬ ਕਾਹਦਾ ?

ਅਸੀਂ ਰੱਬ ਦੇ ਸਾਜੇ ਹੋਏ ਹਾਂ। ਰੱਬ ਹੀ ਸਾਨੂੰ ਸ਼ਕਤੀ ਦਿੰਦਾ ਹੈ। ਰੱਬ ਹੀ ਸਾਨੂੰ ਗਿਆਨ ਦਿੰਦਾ ਹੈ। ਰੱਬ ਹੀ ਵਧੀਆ ਸਿਹਤ ਅਤੇ ਖ਼ੂਬਸੂਰਤੀ ਬਖ਼ਸ਼ਦਾ ਹੈ। ਇਹ ਧਨ ਦੌਲਤ ਅਤੇ ਜਾਇਦਾਦਾਂ ਵੀ ਰੱਬ ਦੀ ਦੇਣ ਹੈ। ਅਗਰ ਅਸੀਂ ਚਾਰ ਬੰਦਿਆਂ ਵਿੱਚ ਜਾਣੇ ਪਛਾਣੇ ਆਦਮੀ ਬਣ ਪਾਏ ਹਾਂ ਤਾਂ ਇਹ ਵੀ ਰੱਬ ਦੀ ਕ੍ਰਿਪਾ ਨਾਲ ਹੀ ਹੋਇਆ ਹੈ। ਫਿਰ ਅਸੀਂ ਗੁਮਾਨ ਅਤੇ ਗਰਬ ਕਾਹਦਾ ਕਰਦੇ ਹਾਂ ? ਸਾਰੀਆਂ ਸਿਫ਼ਤਾਂ ਰੱਬ ਦੀਆਂ ਦਿੱਤੀਆਂ ਹੋਈਆਂ ਹਨ। ਅਹੰਕਾਰ ਕਰਨ ਦੀ ਬਜਾਏ ਰੱਬ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ ਜਿਸ ਨੇ ਸਾਡੇ ਉੱਤੇ ਇਤਨੀਆਂ ਬਖ਼ਸ਼ਿਸ਼ਾਂ ਕੀਤੀਆਂ ਹਨ। ਅਸੀਂ ਹੁਣੇ ਕਿਉਂ ਆਕੜੇ ਫਿਰਦੇ ਹਾਂ। ਹਾਲਾਂ ਤਾਂ ਅਸੀਂ ਹੋਰ ਵੀ ਬਹੁਤ ਕੁਝ ਰੱਬ ਪਾਸੋਂ ਪ੍ਰਾਪਤ ਕਰਨਾ ਹੈ। ਇਹ ਪ੍ਰਾਪਤੀਆਂ ਦਾ ਸਿਲਸਿਲਾ ਜਾਰੀ ਰੱਖਣਾ ਹੈ। ਜੋ ਆਦਮੀ ਆਪਣੇ-ਆਪ ਨੂੰ ਸੰਪੂਰਨ ਸਮਝਣ ਲੱਗ ਪੈਂਦਾ ਹੈ ਉਸ ਦੀ ਪ੍ਰਗਤੀ ਰੁਕ ਜਾਂਦੀ ਹੈ। ਉਹ ਖੜੋਤ ਦਾ ਸ਼ਿਕਾਰ ਹੋ ਜਾਂਦਾ ਹੈ ਅਤੇ ਜਿਵੇਂ ਪਾਣੀ ਖਲੋਤਾ-ਖਲੋਤਾ ਗੰਧਲਾ ਹੋ ਜਾਂਦਾ ਹੈ ਇਸੇ ਤਰ੍ਹਾਂ ਆਦਮੀ ਵੀ ਗੰਧਲੇਪਣ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਕਰਕੇ ਆਪਣੀਆਂ ਪ੍ਰਾਪਤੀਆਂ ਉੱਤੇ ਮਾਣ ਅਹੰਕਾਰ ਕਰਨ ਦੀ ਬਜਾਏ, ਹਮੇਸ਼ਾਂ ਆਪਣੇ ਆਪ ਨੂੰ ਅਧੂਰਾ ਸਮਝਣਾ ਚਾਹੀਦਾ ਹੈ ਅਤੇ ਪ੍ਰਗਤੀ ਜਾਰੀ ਰੱਖਣੀ ਚਾਹੀਦੀ ਹੈ। ਐਸਾ ਕਰਦੇ ਰਹਿਣਾ ਹੀ ਇਨਸਾਨੀ ਫ਼ਰਜ਼ ਬਣਦਾ ਹੈ।

## ਰੱਬ ਤੱਕ ਪ੍ਰਵਾਨ ਚੜ੍ਹੋ

ਉਹੀ ਆਦਮੀ ਰੱਬ ਦੀ ਦਰਗਾਹ ਵਿੱਚ ਪ੍ਰਵਾਨ ਚੜ੍ਹਦਾ ਹੈ ਜੋ ਆਤਮਾ ਅਰਥਾਤ ਪ੍ਰਮਾਤਮਾ ਦੀ ਆਵਾਜ਼ ਸਮਝਦਾ ਹੈ ਅਤੇ ਉਸ ਮੁਤਾਬਿਕ ਕਾਰਵਾਈ ਕਰਦਾ ਹੈ। ਮਨਮਾਨੀ ਨਹੀਂ ਕਰਦਾ ਅਤੇ ਸ਼ੈਤਾਨ ਵਸ ਚੜ੍ਹਨ ਤੋਂ ਆਪਣੇ ਆਪ ਨੂੰ ਬਚਾਉਂਦਾ ਹੈ। ਅਸੀਂ ਦੁਨੀਆਂ ਦੇ ਲੋਕਾਂ ਦੇ ਪ੍ਰਵਾਨ ਚੜ੍ਹਦੇ ਹਾਂ ਜਾਂ ਨਹੀਂ ਚੜ੍ਹਦੇ, ਇਹ ਇਕ ਵੱਖਰਾ ਮਸਲਾ ਹੈ ਪਰ ਅਸੀਂ ਆਪਣੀਆਂ ਨਜ਼ਰਾਂ ਵਿੱਚ ਗਿਰਨਾ ਨਹੀਂ ਹੈ। ਅਸੀਂ ਹਰ ਰੋਜ਼ ਰਾਤੀਂ ਕੁਝ ਸਮਾਂ ਬੈਠ ਕੇ ਆਪਣੇ ਕੀਤੇ ਕੰਮਾਂ ਉੱਤੇ ਝਾਤ ਮਾਰਨੀ ਹੈ ਅਤੇ ਇਹ ਵੀ ਦੇਖਣਾ ਹੈ ਕਿ ਅਸੀਂ ਆਪ ਉਨ੍ਹਾਂ ਦਾ ਮੁੱਲਾਂਕਣ ਕੀ ਕਰਦੇ ਹਾਂ। ਅਗਰ ਅਸੀਂ ਆਪਣੀਆਂ ਕਰਨੀਆਂ ਉੱਤੇ ਆਪ ਹੀ ਸ਼ਰਮਿੰਦਾ ਹਾਂ ਤਾਂ ਸਮਝੋ ਅਸੀਂ ਇਸ ਦੁਨੀਆਂ ਵਿੱਚ ਆ ਕੇ ਕੁਝ ਵੀ ਖਟਿਆ ਨਹੀਂ ਹੈ। ਜਦੋਂ ਅਸੀਂ ਆਪਣੀਆਂ ਹੀ ਨਜ਼ਰਾਂ ਵਿੱਚ ਗਿਰ ਜਾਂਦੇ ਹਾਂ ਤਾਂ ਇਸ ਦਾ ਮਤਲਬ ਸਪੱਸ਼ਟ ਇਹੀ ਨਿਕਲਦਾ ਹੈ ਕਿ ਸਾਡੇ ਅੰਦਰ ਜੋ ਪ੍ਰਮਾਤਮਾ ਦਾ ਅੰਸ਼ ਆਤਮਾ ਬੈਠੀ ਹੈ ਉਸ ਨੂੰ ਸਾਡੀਆਂ ਨੀਤੀਆਂ ਪਸੰਦ ਨਹੀਂ ਆਈਆਂ। ਅਸੀਂ ਆਪਣੀਆਂ ਕੀਤੀਆਂ ਕਿਤਨੀਆਂ ਹੀ ਛੁਪਾਈ ਫਿਰੀਏ, ਅਸੀਂ ਆਪਣੀ ਆਤਮਾ ਸਾਹਮਣੇ ਝੂਠੇ ਪੈ

ਚੁੱਕੇ ਹਾਂ ਅਤੇ ਜਦੋਂ ਅਸੀਂ ਰੱਬ ਦੇ ਦਰਬਾਰ ਪੇਸ਼ ਹੋਵਾਂਗੇ ਤਾਂ ਉਦੋਂ ਵੀ ਅਸੀਂ ਝੂਠੇ ਹੀ ਪੈਣਾ ਹੈ। ਅਸੀਂ ਆਪਣੀ ਸਫ਼ਾਈ ਪੇਸ਼ ਕਰਨ ਦੇ ਕਾਬਲ ਨਹੀਂ ਹੋ ਸਕਾਂਗੇ ਅਤੇ ਅਸੀਂ ਨਰਕਾਂ ਵਿੱਚ ਹੀ ਜਾਵਾਂਗੇ। ਨਰਕਾਂ ਤੋਂ ਬਚਣ ਦੇ ਉਪਾਅ ਅਸੀਂ ਜਿਊਂਦਿਆਂ ਹੀ ਸੋਚ ਸਕਦੇ ਹਾਂ ਅਤੇ ਆਤਮਾ ਦੀ ਆਵਾਜ਼ ਸੁਣਨ ਦਾ ਸਿਲਸਿਲਾ ਸਾਨੂੰ ਹੁਣ ਤੋਂ ਚਾਲੂ ਕਰ ਲੈਣਾ ਚਾਹੀਦਾ ਹੈ।

## ਰੱਬ ਨੂੰ ਭੁੱਲਣਾ ਨਹੀਂ

ਜਦੋਂ ਅਸੀਂ ਆਪਣੇ ਅੰਦਰ ਹਾਜ਼ਰ ਆਤਮਾ ਦੀ ਆਵਾਜ਼ ਨਹੀਂ ਸੁਣਦੇ ਸਮਝੋ ਉਦੋਂ ਅਸੀਂ ਪਰਮ ਪਿਤਾ ਪਰਮਾਤਮਾ ਨੂੰ ਵੀ ਭੁੱਲ ਜਾਂਦੇ ਹਾਂ। ਰੱਬ ਨੂੰ ਭੁੱਲ ਜਾਣ ਵਾਲਾ ਬੰਦਾ ਮਾਨਸਿਕ ਰੋਗੀਆਂ ਵਰਗਾ ਹੁੰਦਾ ਹੈ। ਉਸ ਨੂੰ ਪਾਗਲ ਆਖਿਆ ਜਾ ਸਕਦਾ ਹੈ। ਉਹ ਭਗਵਾਨ ਦੀ ਬਜਾਏ ਸ਼ੈਤਾਨ ਦੇ ਵਸ ਆਇਆ ਹੁੰਦਾ ਹੈ। ਉਹ ਰੋਗੀ ਆਪ ਵੀ ਤੰਗ ਹੁੰਦਾ ਹੈ ਅਤੇ ਦੂਜਿਆਂ ਲਈ ਵੀ ਦੁੱਖ ਦਾ ਕਾਰਨ ਬਣਦਾ ਹੈ। ਇਸ ਕਰਕੇ ਰੱਬ ਨੂੰ ਹਮੇਸ਼ਾਂ ਆਪਣੇ ਦਿਲ ਵਿੱਚ ਵਸਾ ਕੇ ਰੱਖਣਾ ਹੈ। ਜੋ ਆਦਮੀ ਰੱਬ ਨੂੰ ਸਦਾ ਹੀ ਅਤੇ ਹਰ ਵਕਤ ਯਾਦ ਰੱਖਦਾ ਹੈ ਉਸ ਆਦਮੀ ਦੀ ਸੂਝ-ਬੂਝ ਕਾਇਮ ਰਹਿੰਦੀ ਹੈ। ਉਹ ਭੁੱਲਾਂ ਬਹੁਤ ਹੀ ਘੱਟ ਕਰਦਾ ਹੈ। ਉਸ ਨੂੰ ਰੱਬ ਸੇਧ ਦਿੰਦਾ ਰਹਿੰਦਾ ਹੈ। ਉਹ ਆਪ ਵੀ ਸਹੀ ਰਸਤੇ ਚੱਲਦਾ ਹੈ ਅਤੇ ਹੋਰ ਵੀ ਬਹੁਤ ਸਾਰੇ ਲੋਕਾਂ ਦਾ ਰਾਹ-ਦਸੇਰਾ ਬਣ ਕੇ ਉੱਭਰਦਾ ਹੈ।

## ਪਾਖੰਡੀ ਨਾ ਬਣੋ

ਪਾਖੰਡੀ ਬਣ ਕੇ ਅਸੀਂ ਆਪ ਆਪਣੇ ਨਾਲ ਧੋਖਾ ਕਰਦੇ ਹਾਂ। ਅਸੀਂ ਸਾਰੀ ਦੁਨੀਆਂ ਨਾਲ ਧੋਖਾ ਕਰਦੇ ਹਾਂ। ਅੱਜ ਤੱਕ ਜਿਤਨੇ ਵੀ ਲੋਕੀਂ ਗੁੰਮਰਾਹ ਹੋਏ ਹਨ, ਪਾਖੰਡੀਆਂ ਨੇ ਕੀਤੇ ਹਨ। ਅਸੀਂ ਹੈਰਾਨ ਹਾਂ ਕਿ ਵੱਡੇ-ਵੱਡੇ ਧਾਰਮਿਕ ਬਣੇ ਫਿਰਦੇ ਆਦਮੀ ਵੀ ਗ਼ਲਤੀਆਂ ਕਰਦੇ ਹਨ। ਧਰਮ ਦੇ ਨਾਮ ਉੱਤੇ ਪਾਪ ਕਰਦੇ ਹਨ। ਧਰਮ ਦੇ ਨਾਮ ਉੱਤੇ ਲੋਕਾਂ ਵਿੱਚ ਵੰਡੀਆਂ ਪਾਉਂਦੇ ਹਨ। ਰੱਬ ਦੀ ਗੱਲ ਛੱਡ ਕੇ ਸਾਨੂੰ ਹੋਰ ਹੀ ਗੱਲਾਂ ਵਿੱਚ ਲਗਾ ਰੱਖਦੇ ਹਨ। ਵਹਿਮਾਂ-ਭਰਮਾਂ ਦੀ ਦੁਨੀਆਂ ਸਿਰਜ ਕੇ ਸਾਡੀ ਸੋਚਣੀ ਹੀ ਬੰਦ ਕਰਕੇ ਰੱਖ ਦਿੰਦੇ ਹਨ। ਅਸੀਂ ਪਾਖੰਡੀਆਂ ਤੋਂ ਬਚਣਾ ਹੈ। ਰੱਬ ਦੀ ਗੱਲ ਕਰਨ ਵਾਲੇ ਲੋਕੀਂ ਆਮ ਹੁੰਦੇ ਹਨ। ਉਨ੍ਹਾਂ ਨੂੰ ਕਿਸੇ ਪਾਖੰਡ ਦੀ ਜ਼ਰੂਰਤ ਨਹੀਂ ਪੈਂਦੀ। ਇਹ ਪਾਖੰਡੀ ਲੋਕੀਂ ਅੰਦਰੋਂ ਧਰਮੀ ਆਦਮੀ ਨਹੀਂ ਹੁੰਦੇ। ਇਹ ਤਾਂ ਭਾਂਤ-ਭਾਂਤ ਦੇ ਵਸਤਰ ਪਹਿਨ ਕੇ ਭਾਂਤ-ਭਾਂਤ ਦੇ ਆਡੰਬਰ ਰਚ ਕੇ ਸਾਡੇ ਸਾਹਮਣੇ ਵੱਡੇ ਧਰਮੀ ਬਣ ਕੇ ਪ੍ਰਗਟ ਹੋਣ ਦੀ ਕੋਸ਼ਿਸ਼ ਕਰਦੇ ਹਨ। ਸੱਚੇ ਧਰਮੀ ਆਦਮੀਆਂ ਦੀ ਬਹੁਤ ਹੀ ਕਮੀ ਹੋ ਗਈ ਹੈ। ਇਸ ਦੁਨੀਆਂ ਅੰਦਰ ਜਿਤਨੀਆਂ ਵੀ ਬੁਰਾਈਆਂ ਆਈਆਂ ਹਨ, ਉਹ ਪਾਖੰਡੀਆਂ ਕਾਰਨ ਹੀ ਵਾਪਰਦੀਆਂ ਹਨ। ਆਮ ਲੋਕਾਂ ਦਾ ਗਿਆਨ ਘੱਟ ਹੁੰਦਾ ਹੈ। ਬਹੁਤ ਹੀ ਘੱਟ ਲੋਕੀਂ ਪੜ੍ਹੇ-ਲਿਖੇ ਗਿਆਨੀ ਹੁੰਦੇ ਹਨ। ਇਹ ਪਾਖੰਡੀ ਲੋਕੀਂ ਸਿੱਧੇ-ਸਾਦੇ ਲੋਕਾਂ ਨੂੰ ਆਪਣੇ ਜਾਲ ਵਿੱਚ ਫਸਾ ਕੇ ਇਨ੍ਹਾਂ ਦੀ ਮਤ ਮਾਰ ਦਿੰਦੇ ਹਨ ਅਤੇ ਇਹ ਲੋਕੀਂ ਅੱਗੇ ਨਾਲੋਂ ਵੀ ਅੰਧਕਾਰ ਵਿੱਚ ਜਾ ਡੁੱਬਦੇ ਹਨ। ਅਸੀਂ ਇਨ੍ਹਾਂ ਪਾਖੰਡੀ ਲੋਕਾਂ ਪਾਸੋਂ ਬਚਣ ਦੀ ਕੋਸ਼ਿਸ਼ ਕਰਨੀ ਹੈ। ਇਨ੍ਹਾਂ ਪਾਖੰਡੀਆਂ ਦੇ ਜਾਲ ਵਿੱਚ ਜੋ ਫਸ ਜਾਂਦਾ ਹੈ, ਉਹ ਫਿਰ ਮੁਸ਼ਕਿਲ ਨਾਲ ਹੀ ਇਨ੍ਹਾਂ ਪਾਸੋਂ ਆਜ਼ਾਦੀ ਪ੍ਰਾਪਤ ਕਰ ਸਕਦਾ ਹੈ।

## ਰੱਬ ਦੀ ਹਾਜ਼ਰੀ ਪ੍ਰਵਾਨ ਕਰੋ

ਰੱਬ ਹਰ ਥਾਂ ਹਾਜ਼ਰ ਹੈ। ਰੱਬ ਸਾਡੇ ਅੰਦਰ ਵੀ ਹਾਜ਼ਰ ਹੈ। ਰੱਬ ਕਿਧਰੇ ਵੀ ਗ਼ੈਰ-ਹਾਜ਼ਰ ਨਹੀਂ ਹੈ। ਰੱਬ ਸਾਡੇ ਹਰੇਕ ਕਰਮ ਦਾ ਹਿਸਾਬ ਰੱਖਦਾ ਹੈ। ਅਸੀਂ ਇਹ ਗੱਲ ਸਵੀਕਾਰ ਕਰਨੀ ਹੈ। ਅਸੀਂ ਇਹ ਸੋਚਣਾ ਬੰਦ ਕਰਨਾ ਹੈ ਕਿ ਅਸੀਂ ਜੋ ਕੁਝ ਵੀ ਕਰ ਰਹੇ ਹਾਂ ਸਭ ਕੁਝ ਕਿਸੇ ਨੇ ਦੇਖਿਆ ਨਹੀਂ। ਐਸਾ ਨਹੀਂ ਹੈ। ਅਸੀਂ ਲੋਕਾਂ ਪਾਸੋਂ ਕੁਝ ਲੁਕਾ ਸਕਦੇ ਹਾਂ, ਪਰ ਅਸੀਂ ਰੱਬ ਪਾਸੋਂ ਕੁਝ ਵੀ ਲੁਕਾ ਨਹੀਂ ਸਕਦੇ। ਐਥੇ ਆ ਕੇ ਅਸੀਂ ਗ਼ਲਤ ਹੋ ਜਾਂਦੇ ਹਾਂ। ਜਿਸ ਕਿਸੇ ਨੂੰ ਵੀ ਇਹ ਗਿਆਨ ਹੋ ਗਿਆ ਹੈ ਕਿ ਰੱਬ ਸਭ ਕੁਝ ਦੇਖ ਰਿਹਾ ਹੈ, ਉਹ ਗ਼ਲਤ ਨਹੀਂ ਹੁੰਦਾ। ਉਹ ਗ਼ਲਤੀ ਕਰਦਾ ਹੀ ਨਹੀਂ। ਉਸ ਨੂੰ ਪਤਾ ਹੁੰਦਾ ਹੈ ਰੱਬ ਬਖਸ਼ਦਾ ਨਹੀਂ। ਹਰ ਗ਼ਲਤੀ ਦੀ ਸਜ਼ਾ ਦਿੰਦਾ ਹੈ। ਰੱਬ ਦਾ ਜਾਪ ਕਰਨ ਨਾਲੋਂ ਰੱਬ ਦੀ ਹੋਂਦ ਸਵੀਕਾਰ ਕਰਨੀ ਜ਼ਿਆਦਾਤਰ ਬਿਹਤਰ ਹੈ ਕਿਉਂਕਿ ਰੱਬ ਦੀ ਹੋਂਦ ਸਵੀਕਾਰ ਕਰਨ ਨਾਲ ਅਸੀਂ ਪਾਪ ਕਰਨੋਂ ਹੱਟ ਜਾਂਦੇ ਹਾਂ।

ਰੱਬ ਦੀ ਕਰੋਪੀ ਦਾ ਡਰ ਬਣ ਆਉਂਦਾ ਹੈ। ਮਨੁੱਖ ਅਗਰ ਰੱਬ ਦੀ ਹੋਂਦ ਸਵੀਕਾਰ ਕਰਕੇ ਆਪਣੀ ਸੁਧਾਈ ਦਾ ਸਿਲਸਿਲਾ ਸ਼ੁਰੂ ਕਰ ਦਿੰਦਾ ਹੈ ਤਾਂ ਅੱਜ ਹੋਰ, ਕੱਲ੍ਹ ਹੋਰ ਤੇ ਪਰਸੋਂ ਬੰਦਾ ਹੋਰ ਦਾ ਹੋਰ ਬਣ ਜਾਂਦਾ ਹੈ। ਅਸੀਂ ਰੱਬ ਦੀ ਹੋਂਦ ਸਵੀਕਾਰ ਕਰਕੇ ਹੀ ਆਪਣੀ ਸੁਧਾਈ ਦਾ ਸਿਲਸਿਲਾ ਸ਼ੁਰੂ ਕਰ ਸਕਦੇ ਹਾਂ। ਇਸ ਕਰਕੇ ਇਹਨਾਂ ਧਾਰਮਿਕ ਗ੍ਰੰਥਾਂ 'ਚੋਂ ਅਗਰ ਸਾਨੂੰ ਸਵੈ-ਸੁਧਾਈ ਦਾ ਰਸਤਾ ਮਿਲਦਾ ਹੈ ਅਤੇ ਅਸੀਂ ਅਪਣਾ ਵੀ ਲੈਂਦੇ ਹਾਂ ਤਾਂ ਤੇ ਇਹ ਪਾਠ ਪੂਜਾ ਠੀਕ ਹੈ, ਵਰਨਾ ਅਸੀਂ ਆਪਣਾ ਵਕਤ ਹੀ ਜ਼ਾਇਆ ਕਰਦੇ ਹਾਂ। ਧਾਰਮਿਕ ਪੁਸਤਕਾਂ ਦਾ ਰਟਨ ਕਰਨ ਦਾ ਕੋਈ ਲਾਭ ਨਹੀਂ ਹੁੰਦਾ। ਧਾਰਮਿਕ ਪੁਸਤਕਾਂ ਤਾਂ ਸਿਰਫ਼ ਰਾਹ-ਦਸੇਰਾ ਹਨ। ਜਿਸ ਕਿਸੇ ਨੂੰ ਰੱਬ ਦੀ ਹਾਜ਼ਰੀ ਦੀ ਸਮਝ ਆ ਗਈ ਹੈ ਅਤੇ ਉਹ ਇਸ ਰੱਬ ਦੀ ਹਾਜ਼ਰੀ ਨੂੰ ਪ੍ਰਵਾਨ ਕਰ ਲੈਂਦਾ ਹੈ, ਉਹ ਆਪਣੇ ਕਰਮਾਂ ਨੂੰ ਸਹੀ ਸੇਧ ਦੇਣ ਵਿੱਚ ਕਾਮਯਾਬ ਹੋ ਜਾਂਦਾ ਹੈ ਅਤੇ ਅਸੀਂ ਇਸੇ ਉਦੇਸ਼ ਦੀ ਪੂਰਤੀ ਲਈ ਇਸ ਦੁਨੀਆਂ ਵਿੱਚ ਆਏ ਹਾਂ। ਸਾਡੇ 'ਚ ਹਰੇਕ ਨੇ ਕੁਝ ਐਸੀਆਂ ਗੱਲਾਂ ਕਰ ਦਿਖਾਉਣੀਆਂ ਹਨ ਜਿਨ੍ਹਾਂ ਕਾਰਨ ਇਹ ਦੁਨੀਆਂ ਅੱਗੇ ਨਾਲੋਂ ਕੁਝ ਬਿਹਤਰ ਹੋ ਜਾਵੇ ਅਤੇ ਇਸ ਵਿੱਚ ਵਸਦੇ ਜੀਵ ਜੀਵਨ ਦਾ ਆਨੰਦ ਮਾਣ ਸਕਣ। ਜੋ ਆਦਮੀ ਕੋਈ ਵੀ ਵਧੀਆ ਯਾਦ ਛੱਡ ਕੇ ਨਹੀਂ ਜਾਂਦਾ, ਉਹ ਇਸ ਦੁਨੀਆਂ ਵਿੱਚ ਜੈਸਾ ਆਇਆ, ਜੈਸਾ ਨਾ ਆਇਆ।

## ਰੱਬ ਦੇ ਟੁਕੜੇ ਨਹੀਂ ਕੀਤੇ ਜਾ ਸਕਦੇ

ਕਿਸੇ ਵਿਸ਼ੇਸ਼ ਧਰਮ ਨਾਲ ਸੰਬੰਧ ਰੱਖਦੇ ਲੋਕੀਂ ਅਗਰ ਇਹ ਆਖਦੇ ਹਨ ਕਿ ਉਨ੍ਹਾਂ ਦਾ ਰੱਬ ਵੱਖਰਾ ਹੈ ਤਾਂ ਉਹ ਗ਼ਲਤ ਹਨ। ਰੱਬ ਸਿਰਫ਼ ਇਕ ਹੈ ਅਤੇ ਉਹ ਸਾਰਿਆਂ ਦਾ ਸਾਂਝਾ ਹੈ। ਇਹ ਧਰਮਾਂ ਦੀਆਂ ਗੱਲਾਂ ਅਤੇ ਧਰਮਾਂ ਦੀਆਂ ਵੰਡੀਆਂ ਅਸੀਂ ਆਪ ਪਾਈਆਂ ਹਨ। ਧਰਮਾਂ ਦਾ ਰੱਬ ਨਾਲ ਕੋਈ ਸੰਬੰਧ ਨਹੀਂ ਹੈ। ਇਨ੍ਹਾਂ ਧਰਮਾਂ ਨੇ ਤਾਂ ਮਨੁੱਖ ਦੀਆਂ ਵੰਡੀਆਂ ਪਾਈਆਂ ਹਨ। ਖ਼ੂਨ ਖ਼ਰਾਬਾ ਕੀਤਾ ਹੈ। ਆਪੋ ਵਿੱਚ ਲੋਕੀਂ ਧਰਮਾਂ ਦੇ ਨਾਮ ਉੱਤੇ ਲੜਦੇ ਰਹੇ ਹਨ। ਕਤਲ ਕਰਦੇ ਰਹੇ ਹਨ। ਪੂਜਾ ਅਸਥਾਨ ਬਣਾ ਕੇ ਰੱਬ ਦਾ ਕੇਂਦਰੀ-ਕਰਨ ਕਰਦੇ ਰਹੇ ਹਨ। ਰੱਬ ਦੀ ਹਾਜ਼ਰੀ ਦੀਆਂ ਥਾਵਾਂ ਨਿਸ਼ਚਿਤ ਕਰਦੇ ਰਹੇ ਹਨ। ਧਰਮਾਂ ਨਾਲ ਸੰਬੰਧਤ ਬੰਦਿਆਂ ਨੇ ਹੀ ਰੱਬ ਦੀਆਂ ਵੰਡੀਆਂ ਪਾਈਆਂ ਹਨ। ਅੱਜ

ਇਕ ਰੱਬ ਨਹੀਂ ਰਿਹਾ। ਕੋਈ ਆਖਦਾ ਹੈ ਮੇਰਾ ਰੱਬ ਵਧੀਆ ਹੈ। ਇਸ ਮੁਕਾਬਲੇ ਵਿੱਚ ਹੀ ਜੰਗ ਹੈ। ਰੱਬ ਦੇ ਨਾਮ ਉੱਤੇ ਜਦੋਂ ਜੰਗਾਂ ਹੋਣ ਲੱਗ ਪੈਣ, ਤਾਂ ਉਦੋਂ ਇਹ ਵੱਖ ਧਰਮਾਂ 'ਚੋਂ ਰੱਬ ਉੱਡ ਜਾਂਦਾ ਹੈ। ਗ਼ੈਰ ਹਾਜ਼ਰ ਹੋ ਜਾਂਦਾ ਹੈ। ਜਦੋਂ ਰੱਬ ਦੇ ਨਾਮ ਉੱਤੇ ਇਕ ਬੰਦਾ ਦੂਜੇ ਬੰਦੇ ਦਾ ਕਤਲ ਕਰਦਾ ਹੈ ਤਾਂ ਰੱਬ ਵੀ ਉਸੇ ਤਰ੍ਹਾਂ ਮਹਿਸੂਸ ਕਰਦਾ ਹੈ ਜਿਵੇਂ ਇਕ ਪਿਤਾ ਆਪਣੇ ਹੀ ਦੋ ਪੁੱਤਰਾਂ ਨੂੰ ਆਪੋ ਵਿੱਚ ਲੜਦਾ ਦੇਖ ਕੇ ਦੁੱਖੀ ਹੁੰਦਾ ਹੈ, ਪਰ ਇਨਸਾਨ ਨੂੰ ਰੱਬ ਦੀ ਸਹੀ ਸਮਝ ਹੀ ਨਹੀਂ ਆਈ। ਧਰਮ ਤਾਂ ਚੰਗੇ ਧਰਮਾਂ ਨੂੰ ਜ਼ਰੂਰ ਆਖਿਆ ਜਾ ਸਕਦਾ ਹੈ ਪਰ ਜਦੋਂ ਅਸੀਂ ਧਰਮਾਂ ਨੂੰ ਵੱਖ-ਵੱਖ ਨਾਮ ਦੇ ਕੇ ਲੋਕਾਈ ਦੀਆਂ ਵੰਡੀਆਂ ਪਾ ਲੈਂਦੇ ਹਾਂ ਤਾਂ ਫਿਰ ਇਨ੍ਹਾਂ ਵੱਖ-ਵੱਖ ਧਰਮਾਂ 'ਚੋਂ ਰੱਬ ਗ਼ੈਰ-ਹਾਜ਼ਰ ਹੋ ਜਾਂਦਾ ਹੈ।

## ਧਰਤੀਆਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ

ਇਸ ਬ੍ਰਹਿਮੰਡ ਅੰਦਰ ਸਿਰਫ਼ ਇਹ ਸਾਡੇ ਵਾਲੀ ਧਰਤੀ ਹੀ ਨਹੀਂ ਹੈ। ਧਰਤੀਆਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਇਹ ਜਿਤਨੇ ਵੀ ਸੂਰਜ, ਤਾਰੇ, ਚੰਦਰਮਾ ਨਜ਼ਰ ਆ ਰਹੇ ਹਨ, ਇਨ੍ਹਾਂ ਦੀ ਗਿਣਤੀ ਵੀ ਨਹੀਂ ਕੀਤੀ ਜਾ ਸਕਦੀ। ਅਸੀਂ ਇਸ ਬ੍ਰਹਿਮੰਡ ਦੀਆਂ ਹੱਦਾਂ ਨਹੀਂ ਮਿੱਥ ਸਕਦੇ। ਅਸੀਂ ਅੰਦਾਜ਼ਾ ਹੀ ਨਹੀਂ ਲਗਾ ਸਕਦੇ ਕਿ ਇਹ ਬ੍ਰਹਿਮੰਡ ਕਿੱਥੋਂ ਸ਼ੁਰੂ ਹੁੰਦਾ ਹੈ ਅਤੇ ਨਵੇਂ-ਨਵੇਂ ਗ੍ਰਹਿ ਸਾਨੂੰ ਮਿਲ ਪੈਂਦੇ ਹਨ। ਅਸੀਂ ਇਹ ਅੰਦਾਜ਼ੇ ਵੀ ਲਗਾਉਣ ਲੱਗ ਪਏ ਹਾਂ ਕਿ ਇਹ ਸਾਰੇ ਗ੍ਰਹਿ ਸਾਡੀ ਧਰਤੀ ਵਰਗੇ ਹੀ ਹਨ। ਹੁਣ ਤਾਂ ਆਦਮੀ ਚੰਦਰਮਾ ਤੱਕ ਵੀ ਹੋ ਆਇਆ ਹੈ। ਉਹ ਵੀ ਸਾਡੀ ਧਰਤੀ ਵਰਗਾ ਹੀ ਹੈ। ਅਗਰ ਕਿਧਰੇ ਜੀਵ ਹੈ ਜਾਂ ਨਹੀਂ ਹੈ, ਇਸ ਦੇ ਕਈ ਭੌਤਿਕ ਕਾਰਨ ਹੋ ਸਕਦੇ ਹਨ। ਅਸੀਂ ਖੋਜ ਜਾਰੀ ਰੱਖਣੀ ਹੈ। ਹੋ ਸਕਦਾ ਹੈ ਕਦੀ ਸਾਨੂੰ ਕੋਈ ਐਸੀਆਂ ਧਰਤੀਆਂ ਹੋਰ ਮਿਲ ਪੈਣਗੀਆਂ ਜਿੱਥੇ ਸਾਡੇ ਵਰਗੇ ਜੀਵ ਹੋਣਗੇ। ਖੋਜ ਜਾਰੀ ਹੈ। ਕਦੀ ਨਾ ਕਦੀ ਅਸੀਂ ਇਹ ਦੂਰੀਆਂ ਵੀ ਸਰ ਕਰ ਪਾਵਾਂਗੇ, ਐਸੀਆਂ ਉਮੀਦਾਂ ਕੀਤੀਆਂ ਜਾ ਸਕਦੀਆਂ ਹਨ।

## ਸੰਪੂਰਨ ਮਨੁੱਖ

ਅਸੀਂ ਅਜੇ ਅਧੂਰੇ ਮਨੁੱਖ ਹਾਂ। ਰੱਬ ਨੇ ਸਾਡੀ ਹੋਂਦ ਸਾਜੀ ਹੈ ਅਤੇ ਸਾਡੀਆਂ ਹੱਦਾਂ ਵੀ ਮਿੱਥ ਦਿੱਤੀਆਂ ਹਨ। ਅਸੀਂ ਆਪਣੇ ਲਈ ਮਿੱਥੀਆਂ ਹੱਦਾਂ ਪ੍ਰਾਪਤ ਕਰਨੀਆਂ ਹਨ। ਅਸੀਂ ਅਗਰ ਆਪਣੀਆਂ ਹੱਦਾਂ ਦਾ ਅੰਦਾਜ਼ਾ ਲਗਾਉਣ ਵਿੱਚ ਸਫ਼ਲ ਹੋ ਜਾਂਦੇ ਹਾਂ ਅਤੇ ਹੰਭਲਾ ਮਾਰ ਕੇ ਉਹ ਹੱਦਾਂ ਪ੍ਰਾਪਤ ਕਰ ਲੈਂਦੇ ਹਾਂ ਤਾਂ ਅਸੀਂ ਕੁਝ ਹੱਦ ਤੱਕ ਸੰਪੂਰਨ ਆਦਮੀ ਬਣ ਸਕਦੇ ਹਾਂ। ਰੱਬ ਦੀਆਂ ਕੁਦਰਤਾਂ ਅਤੇ ਖ਼ੂਬੀਆਂ ਦਾ ਕੋਈ ਅੰਤ ਨਹੀਂ ਹੈ ਅਤੇ ਰੱਬ ਨੇ ਇਹ ਖ਼ੂਬੀਆਂ ਦੀ ਵੰਡ ਕਰ ਰੱਖੀ ਹੈ। ਇਹ ਸਾਰੀ ਲੋਕਾਈ ਇਹ ਸੰਪੂਰਨ ਮਨੁੱਖ ਬਣਦੀ ਹੈ। ਅਸੀਂ ਤਾਂ ਬੱਸ ਨਿੱਕੇ-ਨਿੱਕੇ ਉਸ ਸੰਪੂਰਨ ਮਨੁੱਖ ਦੇ ਹਿੱਸੇ ਹਾਂ। ਹਰੇਕ ਹਿੱਸੇ ਦੀਆਂ ਵੱਖਰੀਆਂ ਖ਼ੂਬੀਆਂ ਹਨ ਅਤੇ ਅਸੀਂ ਆਪਣੀਆਂ ਖ਼ੂਬੀਆਂ ਦੀ ਪਛਾਣ ਕਰਕੇ ਉਨ੍ਹਾਂ ਖ਼ੂਬੀਆਂ ਨੂੰ ਨਿਖਾਰਨਾ ਹੈ। ਅਗਰ ਅਸੀਂ ਇਤਨਾ ਕੁ ਕੰਮ ਹੀ ਕਰ ਪਾਉਂਦੇ ਹਾਂ ਤਾਂ ਇਹੀ ਸਾਡੇ ਲਈ ਸੰਪੂਰਨਤਾ ਵੱਲ ਵੱਧਦੇ ਕਦਮ ਹਨ। ਅਸੀਂ ਇਹ ਹੰਭਲਾ ਜਾਰੀ ਰੱਖਣਾ ਹੈ। ਸਾਡਾ ਕਿਸੇ ਹੋਰ ਨਾਲ ਕੋਈ ਮੁਕਾਬਲਾ ਨਹੀਂ ਹੈ। ਖ਼ੂਬੀਆਂ ਦੇ ਲਿਹਾਜ਼ ਨਾਲ ਅਸੀਂ ਹਰੇਕ ਤੋਂ ਵੱਖਰੇ ਹਾਂ। ਕੋਈ ਸਾਡਾ ਮੇਲ ਨਹੀਂ ਹੈ ਅਤੇ ਅਸੀਂ ਕਿਸੇ ਹੋਰ ਦੀ ਨਕਲ ਨਹੀਂ ਹਾਂ।

## ਆਪਣੇ ਆਪ ਉੱਤੇ ਪ੍ਰਸ਼ਨ ਕਰਦੇ ਰਹੋ

ਅਸੀਂ ਬਹੁਤ ਸਾਰੀਆਂ ਸ਼ਿਕਾਇਤਾਂ ਰੱਖਦੇ ਹਾਂ, ਪਰ ਅਸੀਂ ਕਦੀ ਇਹ ਨਹੀਂ ਸੋਚਿਆ ਕਿ ਅਸੀਂ ਆਪ ਵੀ ਕਈਆਂ ਲਈ ਸ਼ਿਕਾਇਤਾਂ ਦੇ ਪਾਤਰ ਹਾਂ। ਲੋਕਾਂ ਨੂੰ ਵੀ ਬਹੁਤ ਸਾਰੀਆਂ ਸ਼ਿਕਾਇਤਾਂ ਹਨ। ਅਸੀਂ ਅਗਰ ਕਿਸੇ ਖ਼ਾਸ ਆਦਮੀ ਨੂੰ ਪਸੰਦ ਨਹੀਂ ਕਰਦੇ ਤਾਂ ਅਸੀਂ ਉਹ ਗੱਲਾਂ ਵੀ ਜਾਣਦੇ ਹਾਂ ਜਿਨ੍ਹਾਂ ਗੱਲਾਂ ਕਰਕੇ ਉਹ ਆਦਮੀ ਸਾਨੂੰ ਪਸੰਦ ਨਹੀਂ ਹੈ। ਅਸੀਂ ਉਹੀ ਗੱਲਾਂ ਅਤੇ ਘਾਟਾਂ ਮੁੱਖ ਰੱਖ ਕੇ ਆਪਣੇ ਆਪ ਲਈ ਪ੍ਰਸ਼ਨ ਖੜ੍ਹੇ ਕਰ ਸਕਦੇ ਹਾਂ ਅਤੇ ਫਿਰ ਇਕ-ਇਕ ਕਰਕੇ ਉਹੀ ਪ੍ਰਸ਼ਨ ਅਸੀਂ ਆਪਣੇ ਆਪ ਉੱਤੇ ਕਰਨੇ ਹਨ ਅਤੇ ਆਪਣੇ ਅੰਦਰੋਂ ਉਨ੍ਹਾਂ ਪ੍ਰਸ਼ਨਾਂ ਦਾ ਜਵਾਬ ਢੂੰਡਣਾ ਹੈ। ਅਗਰ ਅਸੀਂ ਇਹ ਸਿਲਸਿਲਾ ਜਾਰੀ ਕਰਦੇ ਹਾਂ ਤਾਂ ਕੁਝ ਹੀ ਅਰਸੇ ਬਾਅਦ ਅਸੀਂ ਦੂਜਿਆਂ ਪ੍ਰਤੀ ਮਨ ਵਿੱਚ ਆਈਆਂ ਸ਼ਿਕਾਇਤਾਂ ਭੁਲਾਉਣ ਦੀ ਕੋਸ਼ਿਸ਼ ਕਰਾਂਗੇ। ਅਸਲ ਵਿੱਚ ਅਸੀਂ ਜਦੋਂ ਕਿਸੇ ਲਈ ਉਠਾਏ ਗਏ ਪ੍ਰਸ਼ਨਾਂ ਦਾ ਉੱਤਰ ਆਪਣੇ ਦਿਲ ਪਾਸੋਂ ਪੁੱਛਦੇ ਹਾਂ ਤਾਂ ਪਹਿਲੀ ਵਾਰੀ ਸਾਨੂੰ ਪਤਾ ਲੱਗਦਾ ਹੈ ਕਿ ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਤਾਂ ਅਸੀਂ ਆਪ ਵੀ ਸਹੀ-ਸਹੀ ਨਹੀਂ ਦੇ ਸਕਦੇ। ਉਹ ਸਾਰੀਆਂ ਬੁਰਾਈਆਂ ਜੋ ਸਾਨੂੰ ਦੂਜਿਆਂ ਵਿੱਚ ਦਿਖਾਈ ਦਿੰਦੀਆਂ ਹਨ ਉਹ ਸਾਡੇ ਅੰਦਰ ਵੀ ਮੌਜੂਦ ਹੁੰਦੀਆਂ ਹਨ। ਸਾਨੂੰ ਵੀ ਪਤਾ ਲੱਗ ਜਾਂਦਾ ਹੈ ਕਿ ਕੋਈ ਖ਼ਾਸ ਆਦਮੀ ਸਾਨੂੰ ਉਸ ਅੰਦਰ ਵਿਦਮਾਨ ਬੁਰਾਈਆਂ ਕਰਕੇ ਚੰਗਾ ਨਹੀਂ ਲੱਗਦਾ ਤਾਂ ਉਹੀ ਕਮਜ਼ੋਰੀਆਂ ਸਾਡੇ ਵਿੱਚ ਵੀ ਹਨ ਅਤੇ ਅਸੀਂ ਵੀ ਬਹੁਤ ਸਾਰੇ ਲੋਕਾਂ ਦੇ ਨਫ਼ਰਤ ਦੇ ਪਾਤਰ ਹੋਵਾਂਗੇ।

ਇਹੀ ਕਾਰਨ ਹੈ ਕਿ ਦੂਜਿਆਂ ਦੀਆਂ ਬੁਰਾਈਆਂ ਦੇਖ ਕੇ ਜਦੋਂ ਅਸੀਂ ਆਪਣੇ ਆਪ ਵਿੱਚ ਉਹੀ ਬੁਰਾਈਆਂ ਲੱਭਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਅਸੀਂ ਸ਼ਰਮਿੰਦਾ ਹੋ ਉਠਦੇ ਹਾਂ। ਅਸੀਂ ਤਾਂ ਵੈਸੇ ਹੀ ਲੋਕਾਂ ਉੱਤੇ ਗ਼ੁੱਸਾ ਕੱਢਦੇ ਫਿਰਦੇ ਸਾਂ। ਅਸੀਂ ਤਾਂ ਉਨ੍ਹਾਂ ਲੋਕਾਂ ਤੋਂ ਵੀ ਘਟੀਆ ਆਦਮੀ ਹਾਂ ਅਤੇ ਜਦੋਂ ਇਹ ਰਸਤਾ ਅਪਣਾ ਲਿਆ ਜਾਵੇ ਤਾਂ ਬੰਦਾ ਆਪਣੇ ਆਪ ਵਿੱਚ ਸੁਧਾਰ ਲਿਆਉਣ ਦੀ ਕੋਸ਼ਿਸ ਸ਼ੁਰੂ ਕਰ ਦਿੰਦਾ ਹੈ ਅਤੇ ਸਵੈ-ਸੁਧਾਈ ਵਿੱਚ ਪਿਆ ਬੰਦਾ ਸੁਧਰ ਹੀ ਜਾਂਦਾ ਹੈ।

## ਪਹਿਲਾਂ ਆਪਣੀ ਪਛਾਣ ਕਰੋ

ਅਸੀਂ ਫੜ੍ਹਾਂ ਮਾਰਦੇ ਫਿਰਦੇ ਹਾਂ ਕਿ ਬੰਦਾ ਸਾਡੇ ਸਾਹਮਣੇ ਆ ਜਾਵੇ, ਅਸੀਂ ਉਸ ਦੀ ਝਟ ਪਛਾਣ ਕਰ ਸਕਦੇ ਹਾਂ, ਪਰ ਇਹ ਸੱਚਾਈ ਨਹੀਂ ਹੈ। ਹਾਲਾਂ ਤੱਕ ਅਸੀਂ ਸੁਵੈ-ਪੜਚੋਲ ਹੀ ਨਹੀਂ ਕੀਤੀ ਅਤੇ ਸਾਨੂੰ ਇਹ ਪਤਾ ਨਹੀਂ ਹੈ ਕਿ ਅਸੀਂ ਆਪ ਕੀ ਹਾਂ। ਸਭ ਤੋਂ ਪਹਿਲਾਂ ਅਸੀਂ ਆਪਣੇ ਆਪ ਅੰਦਰ ਝਾਤ ਮਾਰ ਕੇ ਆਪਣੀ ਪਛਾਣ ਕਰਨੀ ਹੈ। ਫਿਰ ਅਸੀਂ ਕਿਸੇ ਹੋਰ ਦੀ ਪਛਾਣ ਕਰਨੀ ਹੋਵੇਗੀ। ਸਾਰੇ ਲੋਕੀਂ ਸਾਡੇ ਵਰਗੇ ਹੀ ਹਨ। ਬਸ ਉੱਨੀ-ਇਕੀ ਜਿਤਨਾ ਫ਼ਰਕ ਹੁੰਦਾ ਹੈ। ਅਸੀਂ ਵੀ ਵੈਸੀਆਂ ਹਰਕਤਾਂ ਕਰ ਸਕਦੇ ਹਾਂ ਜੋ ਹਰਕਤਾਂ ਹੋਰ ਕੋਈ ਕਰ ਰਿਹਾ ਹੈ, ਪਰ ਉਹੋ ਜਿਹੀਆਂ ਪ੍ਰਸਥਿਤੀਆਂ ਵਿੱਚ ਸਾਨੂੰ ਖੜ੍ਹਾ ਕਰਨ ਦੀ ਜ਼ਰੂਰਤ ਹੈ। ਅਗਰ ਐਸਾ ਹੈ ਤਾਂ ਕਿਸੇ ਆਦਮੀ ਨੂੰ ਬੁਰਾ ਆਖਣਾ ਠੀਕ ਨਹੀਂ ਹੈ। ਉਸ ਦੀਆਂ ਪ੍ਰਸਥਿਤੀਆਂ ਮਾੜੀਆਂ ਹਨ। ਅਗਰ ਉਹ ਆਦਮੀ ਉਨ੍ਹਾਂ ਮਾੜੀਆਂ ਪ੍ਰਸਥਿਤੀਆਂ 'ਚੋਂ ਬਾਹਰ ਆ ਜਾਵੇ ਤਾਂ ਉਹ ਵੀ ਸਹੀ ਹਰਕਤਾਂ ਕਰਨ ਲੱਗ ਪਵੇਗਾ।

ਇਸ ਕਰਕੇ ਕਿਸੇ ਨੂੰ ਅਗਰ ਅਸੀਂ ਵਧੀਆ ਆਦਮੀ ਬਣਾਉਣਾ ਚਾਹੁੰਦੇ ਹਾਂ ਤਾਂ ਉਸ ਦੇ ਹਾਲਾਤ ਬਦਲਣੇ ਪੈਣਗੇ। ਅਗਰ ਅਸੀਂ ਹਾਲਾਤ ਵੱਲ ਧਿਆਨ ਹੀ ਨਾ ਦੇਈਏ ਅਤੇ ਐਵੇਂ ਹੀ ਲੈਕਚਰ ਝਾੜਦੇ ਰਹੀਏ, ਤਾਂ ਇਸ ਦੁਨੀਆਂ ਵਿੱਚ ਕੁਝ ਵੀ ਬਦਲਣ ਵਾਲਾ ਨਹੀਂ ਹੈ। ਇਸ ਦੁਨੀਆਂ ਦੇ ਲੋਕ ਕਦੀ ਨਹੀਂ ਬਦਲਣਗੇ।

## ਧਾਰਮਿਕ ਅਸਥਾਨਾਂ ਦੀ ਯਾਤਰਾ

ਧਾਰਮਿਕ ਅਸਥਾਨਾਂ ਦੀ ਯਾਤਰਾ ਪਹਿਲਾਂ ਵੀ ਲੋਕੀਂ ਕਰਿਆ ਕਰਦੇ ਸਨ। ਬਹੁਤ ਸਾਰੇ ਭਗਤਾਂ ਨੇ ਆਪਣੀ ਬਾਣੀ ਅੰਦਰ ਇਸ ਕ੍ਰਿਆ ਨੂੰ ਫ਼ਜ਼ੂਲ ਆਖਿਆ ਹੈ, ਪਰ ਲੋਕਾਂ ਉੱਤੇ ਕੋਈ ਅਸਰ ਨਹੀਂ ਹੋਇਆ। ਅੱਜ ਤੀਰਥ ਅਸਥਾਨ ਵਧੀਆ ਬਣ ਗਏ ਹਨ ਅਤੇ ਲੋਕੀਂ ਸੈਰ ਕਰਨ ਜਾਂਦੇ ਹਨ। ਧਾਰਮਿਕ ਅਸਥਾਨਾਂ ਤੋਂ ਬਾਹਰ ਆਏ ਬੰਦਿਆਂ ਨੂੰ ਪੁੱਛੋ ਕਿ ਕੀ ਸੁਣ ਕੇ ਆਏ ਹੋ, ਕੀ ਪੜ੍ਹ ਕੇ ਆਏ ਹੋ, ਤਾਂ ਉਹ ਦੱਸ ਨਹੀਂ ਪਾਉਂਦੇ। ਸਭ ਕੁਝ ਭੁੱਲ ਕੇ ਬਾਹਰ ਆਉਂਦੇ ਹਨ। ਹੋ ਸਕਦਾ ਹੈ ਧਾਰਮਿਕ ਫ਼ਲਸਫ਼ਾ ਬੁੱਢਾ ਹੋ ਗਿਆ ਹੋਵੇ। ਹੋ ਸਕਦਾ ਹੈ ਅਸੀਂ ਸੈਰ ਕਰਨ ਆਏ ਸਾਂ। ਹੋ ਸਕਦਾ ਹੈ ਅਸੀਂ ਬਸ ਲੋਕ-ਦਿਖਾਵਾ ਕਰਨ ਆਏ ਸਾਂ। ਹੋ ਸਕਦਾ ਹੈ ਸਾਡੇ ਮਨ ਅੰਦਰ ਬਹੁਤ ਸਾਰੀਆਂ ਗੱਲਾਂ ਹੋਣ। ਅਸੀਂ ਬਾਣੀ ਸੁਣਨ ਦੀ ਬਜਾਏ ਆਪਣੀਆਂ ਅਰਦਾਸਾਂ ਕਰਨ ਉੱਤੇ ਲੱਗੇ ਰਹਿੰਦੇ ਹਾਂ। ਅਸੀਂ ਸੋਚਦੇ ਹਾਂ ਰੱਬ ਸਾਡੀਆਂ ਅਰਦਾਸਾਂ ਪੂਰੀਆਂ ਕਰ ਦੇਵੇ। ਅਸੀਂ ਇਹ ਕਰ ਦੇਵਾਂਗੇ, ਅਸੀਂ ਉਹ ਕਰ ਦੇਵਾਂਗੇ। ਐਸੇ ਵਾਇਦੇ ਕਰਕੇ ਬਾਹਰ ਆ ਜਾਂਦੇ ਹਾਂ। ਅਸੀਂ ਸਮਝਦੇ ਹਾਂ ਅਸੀਂ ਅਰਦਾਸ ਕਰ ਲਈ ਹੈ। ਇਹੀ ਭਗਤੀ ਹੈ। ਅੱਜ ਦਾ ਮਨੁੱਖ ਬਾਣੀ ਇਸ ਲਈ ਨਹੀਂ ਪੜ੍ਹਦਾ ਕਿ ਉਸ ਦੀ ਸੁਧਾਈ ਹੋ ਜਾਵੇ। ਅੱਜ ਦੇ ਮਨੁੱਖ ਦੀਆਂ ਬਹੁਤ ਸਾਰੀਆਂ ਮੰਗਾਂ ਅਤੇ ਉਮੰਗਾਂ ਹਨ ਅਤੇ ਹਰ ਸਤਰ ਪੜ੍ਹਨ ਵਕਤ ਉਹ ਆਪਣੀਆਂ ਮੰਗਾਂ ਲਈ ਅਰਦਾਸ ਕਰ ਰਿਹਾ ਹੁੰਦਾ ਹੈ। ਬਾਣੀ ਦੇ ਹਰ ਅੱਖਰ 'ਚੋਂ ਆਪਣੀ ਅਰਦਾਸ ਦੀ ਪੂਰਤੀ ਦੇ ਅਰਥ ਕੱਢਦਾ ਹੈ। ਜੋ ਕੁਝ ਧਰਮ ਆਖਦੇ ਹਨ, ਉਹ ਸਾਰਾ ਕੁਝ ਓਪਰਾ-ਓਪਰਾ ਹੋ ਗਿਆ ਹੈ। ਅਗਰ ਮਨੁੱਖ ਧਰਮਾਂ ਦੀਆਂ ਆਖੀਆਂ ਗੱਲਾਂ ਉੱਤੇ ਚੱਲਦਾ-ਚੱਲਦਾ ਇੱਥੇ ਪੁੱਜਦਾ ਤਾਂ ਇਹ ਧਰਤੀ ਸਵਰਗ ਬਣ ਜਾਣੀ ਸੀ, ਪਰ ਐਸਾ ਹੋਇਆ ਨਹੀਂ ਹੈ। ਇਹ ਧਰਤੀ ਸਵਰਗ ਤਾਂ ਨਹੀਂ ਬਣ ਸਕੀ ਬਲਕਿ ਨਰਕ ਬਣ ਗਈ ਹੈ ਅਤੇ ਇਹ ਸਿਲਸਿਲਾ ਅੱਜ ਜ਼ੋਰਾਂ ਉੱਤੇ ਹੈ। ਇਸੇ ਕਰਕੇ ਧਾਰਮਿਕ ਅਸਥਾਨ ਵੀ ਕਮਾਈ ਦਾ ਸਾਧਨ ਬਣ ਗਏ ਹਨ ਅਤੇ ਧਾਰਮਿਕ ਅਸਥਾਨਾਂ ਦੀਆਂ ਸਰਦਾਰੀਆਂ ਸੰਭਾਲਣ ਵਾਸਤੇ ਝਗੜੇ ਸ਼ੁਰੂ ਹੋ ਗਏ ਹਨ। ਰਾਜਸੀ ਲੋਕੀਂ ਵੀ ਧਾਰਮਿਕ ਅਸਥਾਨਾਂ ਵਿੱਚ ਆ ਵੜੇ ਹਨ ਅਤੇ ਜੋ ਮਾੜੀ ਮੋਟੀ ਪਵਿੱਤਰਤਾ ਸੀ, ਉਹ ਵੀ ਜਾਂਦੀ ਰਹੀ ਹੈ।

## ਚੰਗੇ ਕੰਮਾਂ ਬਾਰੇ ਵੀ ਸੋਚੋ

ਅਸੀਂ ਕਿਤਨੇ ਹੀ ਬੁਰੇ ਆਦਮੀ ਕਿਉਂ ਨਾ ਬਣੇ ਹੋਈਏ, ਅਸੀਂ ਹਰ ਰੋਜ਼ ਕੋਈ ਨਾ ਕੋਈ ਚੰਗਾ ਕੰਮ ਵੀ ਕਰ ਜਾਂਦੇ ਹਾਂ। ਇਨ੍ਹਾਂ ਚੰਗੇ ਕੰਮਾਂ ਦੀ ਗਿਣਤੀ ਵੀ ਕਰਦੇ ਰਹਿਣਾ ਚਾਹੀਦਾ ਹੈ ਅਤੇ ਖ਼ੁਸ਼ੀ ਵੀ ਮਹਿਸੂਸ ਕਰਨੀ ਚਾਹੀਦੀ ਹੈ। ਚਾਰ ਬੰਦਿਆਂ ਨਾਲ ਗੱਲ ਸਾਂਝੀ ਵੀ ਕਰਦੇ ਰਹਿਣਾ ਹੈ। ਇਸ ਤਰ੍ਹਾਂ ਦਾ ਅਭਿਆਸ ਕਰਨ ਨਾਲ ਸਾਡੇ ਵਿੱਚ ਹੋਰ ਚੰਗੇ ਕੰਮ ਕਰਨ ਦੀ ਇੱਛਾ ਪੈਦਾ ਹੁੰਦੀ ਹੋਵੇਗੀ। ਚੰਗੇ ਕੰਮ ਕਰਕੇ ਇਕ ਖ਼ਾਸ ਕਿਸਮ ਦੀ

ਖ਼ੁਸ਼ੀ ਦਾ ਅਨੁਭਵ ਹੁੰਦਾ ਹੈ। ਮਾੜਾ ਕੰਮ ਕਰਕੇ ਇਕ ਖ਼ਾਸ ਕਿਸਮ ਦਾ ਭੈਅ ਪੈਦਾ ਹੁੰਦਾ ਹੈ। ਸਾਡਾ ਦਿਲ ਕਰਦਾ ਹੈ ਅਸੀਂ ਚੰਗੇ ਕੰਮਾਂ ਦੀ ਗੱਲ ਹੋਰਾਂ ਨਾਲ ਸਾਂਝੀ ਕਰੀਏ। ਮਾੜੇ ਕੰਮਾਂ ਨੂੰ ਛੁਪਾ ਕੇ ਰੱਖਣਾ ਪੈਂਦਾ ਹੈ, ਪਰ ਲੋਕਾਂ ਦੀਆਂ ਨਜ਼ਰਾਂ ਐਕਸਰੇ ਵਾਂਗ ਕੰਮ ਕਰਦੀਆਂ ਹਨ। ਬਹੁਤ ਘੱਟ ਗੱਲਾਂ ਛੁਪਾ ਕੇ ਰੱਖੀਆਂ ਜਾ ਸਕਦੀਆਂ ਹਨ। ਸੋ ਚੰਗੇ ਕੰਮ ਕਰਨੇ ਵੀ ਚਾਹੀਦੇ ਹਨ ਅਤੇ ਉਨ੍ਹਾਂ ਦੀ ਯਾਦ ਵੀ ਤਾਜ਼ਾ ਕਰਦੇ ਰਹਿਣਾ ਚਾਹੀਦਾ ਹੈ। ਕੁਝ ਸਮਾਂ ਐਸਾ ਅਭਿਆਸ ਕਰਕੇ ਦੇਖੋ। ਅਸੀਂ ਅੱਗੇ ਨਾਲੋਂ ਬਿਹਤਰ ਇਨਸਾਨ ਬਣ ਜਾਵਾਂਗੇ।

## ਕਿਸੇ ਦਾ ਭਲਾ ਕਰੋ

ਕਿਸੇ ਦਾ ਬੁਰਾ ਕਰਕੇ ਸਾਡੀ ਆਤਮਾ ਕਦੀ ਵੀ ਖ਼ੁਸ਼ ਨਹੀਂ ਹੁੰਦੀ। ਕਿਸੇ ਦਾ ਭਲਾ ਕਰੋ। ਬਹੁਤ ਹੀ ਖ਼ੁਸ਼ੀ ਪ੍ਰਾਪਤ ਹੋਵੇਗੀ। ਅਸੀਂ ਜਿਸ ਕਿਸੇ ਦਾ ਭਲਾ ਕਰਦੇ ਹਾਂ ਉਹ ਸਾਨੂੰ ਅਸੀਸ ਦਿੰਦਾ ਹੈ ਅਤੇ ਅਸੀਸ ਕਦੀ ਵੀ ਬਿਰਥਾ ਨਹੀਂ ਜਾਇਆ ਕਰਦੀ। ਅਸੀਂ ਅਗਰ ਇਕ ਹਜ਼ਾਰ ਅਰਦਾਸਾਂ ਕਰਦੇ ਹਾਂ ਤਾਂ ਇਹ ਜ਼ਰੂਰੀ ਨਹੀਂ ਕਿ ਰੱਬ ਨੇ ਮਨਜ਼ੂਰ ਕੀਤੀਆਂ ਹੋਣ, ਪਰ ਅਗਰ ਕਿਸੇ ਇਕ ਨੇ ਅਸੀਸ ਦੇ ਦਿੱਤੀ ਹੈ ਤਾਂ ਸਮਝੋ ਅਸੀਂ ਕਈ ਜਨਮਾਂ ਦੇ ਪਾਪਾਂ ਦੇ ਬੋਝ ਹੇਠੋਂ ਨਿਕਲ ਗਏ ਹਾਂ। ਜ਼ਰੂਰਤ ਸਿਰਫ਼ ਇਸ ਗੱਲ ਦੀ ਹੈ ਕਿ ਅਸੀਂ ਦਿਲੋਂ ਭਲਾ ਕੀਤਾ ਹੋਵੇ ਅਤੇ ਉਸ ਆਦਮੀ ਨੇ ਦਿਲੋਂ ਸਾਨੂੰ ਅਸੀਸ ਦਿੱਤੀ ਹੋਵੇ। ਅਸੀਂ ਜਦੋਂ ਬਹੁਤ ਹੀ ਤਕਲੀਫ਼ ਵਿੱਚ ਫਸੇ ਅਤੇ ਬਹੁਤ ਹੀ ਲੋੜੀਂਦੇ ਬੰਦੇ ਦੇ ਕੰਮ ਅਸੀਂ ਆਏ ਹੋਈਏ ਤਾਂ ਉਹ ਬੰਦਾ ਆਪਣੇਂ ਧੁਰ ਅੰਦਰੋਂ ਸਾਨੂੰ ਅਸੀਸ ਦਿੰਦਾ ਹੈ। ਇਹੋ ਜਿਹੀ ਇਕ ਅੱਧੀ ਅਸੀਸ ਹੀ ਅਸੀਂ ਅਗਰ ਲੈਣ ਦਾ ਪ੍ਰਬੰਧ ਕਰਦੇ ਰਹੀਏ ਤਾਂ ਰੱਬ ਦੇ ਖ਼ਾਸ ਆਦਮੀ ਬਣ ਸਕਦੇ ਹਾਂ। ਇਤਿਹਾਸ ਅਤੇ ਮਿਥਿਹਾਸ ਵਿੱਚ ਐਸੀਆਂ ਕਹਾਣੀਆਂ ਵੀ ਮੌਜੂਦ ਹਨ। ਸਾਡੇ ਅੰਦਰ ਐਸੀ ਸ਼ਕਤੀ ਮੌਜੂਦ ਹੈ ਜਿਸ ਦੀ ਵਰਤੋਂ ਕਰਕੇ ਅਸੀਂ ਕਿਸੇ ਦੀ ਅਸੀਸ ਪ੍ਰਾਪਤ ਕਰ ਸਕਦੇ ਹਾਂ।

## ਇਹ ਜੀਵਨ ਫਿਟਕਾਰਨ ਯੋਗ ਨਹੀਂ ਹੈ

ਖਾਧਾ, ਪੀਤਾ, ਪਾਇਆ, ਹੰਢਾਇਆ ਅਤੇ ਮਰ ਗਿਆ, ਇਹ ਜੀਵਨ ਨਹੀਂ ਹੈ ਅਤੇ ਨਾ ਹੀ ਪਰਮ ਪਿਤਾ ਪ੍ਰਮਾਤਮਾ ਨੇ ਸਾਨੂੰ ਖਾ-ਖਾ ਕੇ ਪੇਟ ਵਧਾਉਣ ਲਈ ਇਸ ਦੁਨੀਆਂ ਵਿੱਚ ਭੇਜਿਆ ਹੈ। ਅਸੀਂ ਜਿਸ ਰੱਬ ਦੀ ਖ਼ਾਸ ਕ੍ਰਿਤੀ ਹਾਂ ਅਤੇ ਇਸ ਲਈ ਸਾਡਾ ਜੀਵਨ ਮਨੋਰਥਹੀਣ ਨਹੀਂ ਹੈ। ਅਸੀਂ ਕਾਰਜ ਦੀ ਪੂਰਤੀ ਲਈ ਇਸ ਦੁਨੀਆਂ ਵਿੱਚ ਭੇਜੇ ਗਏ ਹਾਂ, ਅਸੀਂ ਉਸ ਮਕਸਦ ਦੀ ਖੋਜ ਕਰਨੀ ਹੈ। ਇਹ ਖੋਜ ਅਸੀਂ ਆਪ ਕਰਨੀ ਹੈ। ਸਾਡੇ ਅੰਦਰ ਜੋ-ਜੋ ਵੀ ਸੰਭਾਵਨਾਵਾਂ ਹਨ, ਅਸੀਂ ਉਨ੍ਹਾਂ ਦੀ ਸ਼ਨਾਖ਼ਤ ਕਰਨੀ ਹੈ। ਸਭ ਤੋਂ ਪਹਿਲਾਂ ਤਾਂ ਸਾਨੂੰ ਇਹ ਵਿਸ਼ਵਾਸ ਪੱਕਾ ਕਰਨਾ ਹੈ ਕਿ ਅਸੀਂ ਰੱਬ ਦੇ ਕਿਸੇ ਨਾ ਕਿਸੇ ਮਕਸਦ ਦੀ ਪੂਰਤੀ ਲਈ ਇਸ ਸੰਸਾਰ ਵਿੱਚ ਭੇਜੇ ਗਏ ਹਾਂ। ਉਸ ਮਕਸਦ ਦੀ ਪਛਾਣ ਕਰਨ ਲਈ ਆਪਣੇ ਦਿਲ ਦੀਆਂ ਇੱਛਾਵਾਂ ਪਿੱਛੇ ਹੀ ਕਿੱਧਰੇ ਸਾਡਾ ਜੀਵਨ ਮਨੋਰਥ ਛੁਪਿਆ ਹੋਇਆ ਹੈ। ਸਾਡੇ ਮਨ ਅੰਦਰ ਉਹੀ ਇੱਛਾਵਾਂ ਜਨਮ ਲੈਂਦੀਆਂ ਹਨ ਜਿਨ੍ਹਾਂ ਦੀ ਪੂਰਤੀ ਹੋਣ ਦੀਆਂ ਸੰਭਾਵਨਾਵਾਂ ਸਾਡੇ ਅੰਦਰ ਬਣੀਆਂ ਹੁੰਦੀਆਂ ਹਨ। ਜਿਸ-ਜਿਸ ਆਦਮੀ ਨੇ ਉਸ ਮਕਸਦ ਦੀ ਸ਼ਨਾਖ਼ਤ ਕਰ ਲਈ ਹੈ, ਜਿਸ ਦੀ ਪੂਰਤੀ ਲਈ ਉਸ ਦੀ

ਰਚਨਾ ਕੀਤੀ ਗਈ ਹੈ, ਉਹ ਆਦਮੀ ਫਿਰ ਇਸ ਦੁਨੀਆਂ ਉੱਤੇ ਬੋਝ ਨਹੀਂ ਰਹਿੰਦਾ। ਕੁਝ ਨਾ ਕੁਝ ਕਰ ਦਿਖਾਉਂਦਾ ਹੈ ਅਤੇ ਅੱਜ ਸਾਡੇ ਸਾਹਮਣੇ ਜੋ ਕੁਝ ਵੀ ਖੋਜਾਂ, ਆਵਿਸ਼ਕਾਰ ਅਤੇ ਕਾਢਾਂ ਦਿਖਾਈ ਦੇ ਰਹੀਆਂ ਹਨ ਅਤੇ ਜਿਨ੍ਹਾਂ ਦੀ ਵਰਤੋਂ ਇਹ ਲੋਕਾਈ ਕਰ ਰਹੀ ਹੈ, ਉਨ੍ਹਾਂ ਮਹਾਨ ਹਸਤੀਆਂ ਕਾਰਨ ਹੀ ਹੋ ਪਾਇਆ ਹੈ ਜੋ ਆਪਣੇ ਉਦੇਸ਼ ਦੀ ਪਛਾਣ ਕਰ ਪਾਏ ਸਨ ਅਤੇ ਕੁਝ ਕਰਕੇ ਗਏ ਹਨ। ਅਸੀਂ ਵੀ ਇਸ ਕਤਾਰ ਵਿੱਚ ਖਲੋਣ ਦੀ ਕੋਸ਼ਿਸ਼ ਕਰਨੀ ਹੈ।

## ਅਸੀਂ ਸਾਰੇ ਰੱਬ ਦੀ ਰੌਸ਼ਨੀ ਦਾ ਪ੍ਰਗਟਾਵਾ ਹਾਂ

ਰੱਬ ਕੁਦਰਤ ਦੀ ਹਰ ਸ਼ੈਅ 'ਚੋਂ ਚਮਕਦਾ ਹੈ ਅਤੇ ਸਾਰੇ ਜੀਵਨ ਵਿੱਚ ਅਸੀਂ ਮਨੁੱਖ ਰੱਬ ਦੇ ਬਲਬ ਹਾਂ। ਸਾਡੇ ਅੰਦਰੋਂ ਜੋ ਵੀ ਰੌਸ਼ਨੀ ਪੈਦਾ ਹੋ ਰਹੀ ਹੈ, ਉਹ ਸਾਰੀ ਰੱਬ ਦੀ ਦੇਣ ਹੈ। ਅਸੀਂ ਇਹ ਵੀ ਆਖ ਸਕਦੇ ਹਾਂ ਕਿ ਰੱਬ ਸਾਡੇ ਰਾਹੀਂ ਪ੍ਰਗਟ ਹੋ ਰਿਹਾ ਹੈ, ਰੱਬ ਹਰ ਜੀਵ ਰਾਹੀਂ ਪ੍ਰਗਟ ਹੋ ਰਿਹਾ ਹੈ। ਰੱਬ ਅਸਮਾਨ, ਚੰਨ, ਸੂਰਜ ਅਤੇ ਤਾਰਿਆਂ ਰਾਹੀਂ ਪ੍ਰਗਟ ਹੋ ਰਿਹਾ ਹੈ, ਰੱਬ ਹਰ ਸ਼ੈਅ ਰਾਹੀਂ ਪ੍ਰਗਟ ਹੋ ਰਿਹਾ ਹੈ ਅਤੇ ਇਹ ਸਾਰਾ ਕੁਝ ਸਾਡੇ ਆਲੇ-ਦੁਆਲੇ ਹਾਜ਼ਰ ਹੈ। ਰੱਬ ਦੀ ਖੋਜ ਕਰਨ ਲਈ ਕਿਸੇ ਤਰੱਦਦ ਦੀ ਜ਼ਰੂਰਤ ਨਹੀਂ ਹੈ। ਅਸੀਂ ਰੱਬ ਦੀ ਖੋਜ ਲਈ ਜੋ ਵੀ ਘਾਲਣਾ ਘਾਲਣ ਦਾ ਸਿਲਸਿਲਾ ਜਾਰੀ ਕੀਤਾ ਹੈ, ਸਾਰਾ ਕੁਝ ਫ਼ਜ਼ੂਲ ਹੈ। ਰੱਬ ਤਾਂ ਹਰ ਸ਼ੈਅ ਵਿੱਚ ਹਾਜ਼ਰ ਹੈ, ਹਰ ਜੀਅ ਵਿੱਚ ਹਾਜ਼ਰ ਹੈ। ਕੁਦਰਤ ਦੇ ਹਰ ਨਜ਼ਾਰੇ ਵਿੱਚ ਹਾਜ਼ਰ ਹੈ, ਸਾਡੇ ਅੰਦਰ ਵੀ ਹਾਜ਼ਰ ਹੈ। ਅਸੀਂ ਅਗਰ ਜੀਵਤ ਹਾਂ ਤਾਂ ਆਤਮਾ ਕਰਕੇ ਹੀ ਹਾਂ। ਆਤਮਾ ਪ੍ਰਮਾਤਮਾ ਦਾ ਹਿੱਸਾ ਹੈ ਅਤੇ ਇਸ ਕਰਕੇ ਅਸੀਂ ਵੀ ਰੱਬ ਹਾਂ। ਰੱਬ ਹਰ ਸ਼ੈਅ ਵਿੱਚ ਹਾਜ਼ਰ ਹੋਣ ਕਰਕੇ ਹਰ ਸ਼ੈਅ ਰੱਬ ਦਾ ਰੂਪ ਧਾਰਨ ਕਰ ਗਈ ਹੈ। ਬਸ ਅਸੀਂ ਇਸ ਸੱਚਾਈ ਦੀ ਪਛਾਣ ਕਰਨੀ ਹੈ। ਜਿਸ ਕਿਸੇ ਨੂੰ ਇਸ ਸੱਚਾਈ ਦੀ ਪਛਾਣ ਹੋ ਗਈ ਹੈ, ਉਹ ਰੱਬ ਦੀ ਖੋਜ ਕਰਨ ਲਈ ਭਟਕਣਾ ਛੱਡ ਦਿੰਦਾ ਹੈ।

## ਕੋਈ ਨੀਚ ਨਹੀਂ ਹੈ

ਇਸ ਸਮਾਜ ਦੀਆਂ ਵੰਡੀਆਂ ਅਸੀਂ ਆਪ ਪਾਈਆਂ ਹਨ। ਇਹ ਵੰਡੀਆਂ ਰੱਬ ਨੇ ਨਹੀਂ ਪਾਈਆਂ। ਉਹ ਇੱਕੋ ਤਰ੍ਹਾਂ ਦੇ ਬੰਦਿਆਂ ਨੂੰ ਪੈਦਾ ਕਰਦਾ ਹੈ, ਫਿਰ ਕੋਈ ਕਿਸ ਧਰਮ ਦਾ ਬੰਦਾ ਬਣ ਜਾਂਦਾ ਹੈ, ਕੋਈ ਕਿਸ ਜਾਤੀ ਨਾਲ ਜਾ ਜੁੜਦਾ ਹੈ, ਕੋਈ ਕਿਸ ਦਾ ਹੋ ਜਾਂਦਾ ਹੈ, ਕੋਈ ਅਮੀਰ ਹੋ ਜਾਂਦਾ ਹੈ, ਕੋਈ ਗ਼ਰੀਬ ਹੋ ਜਾਂਦਾ ਹੈ। ਇਹ ਸਾਰੀਆਂ ਵਕਤ ਦੀਆਂ ਗੱਲਾਂ ਹਨ, ਵਧੀਆ ਬੰਦਾ ਉਹ ਹੈ ਜੋ ਇਨ੍ਹਾਂ ਵੰਡੀਆਂ ਤੋਂ ਉੱਤੇ ਹੋ ਖਲੋਂਦਾ ਹੈ। ਇਨਸਾਨ ਨੂੰ ਇਨਸਾਨ ਦੇ ਰੂਪ ਵਿੱਚ ਦੇਖਦਾ ਹੈ, ਵਿਤਕਰਾ ਨਹੀਂ ਕਰਦਾ, ਹਰੇਕ ਅੰਦਰ ਰੱਬ ਦੀ ਹਾਜ਼ਰੀ ਪ੍ਰਵਾਨ ਕਰਦਾ ਹੈ। ਐਸੀ ਸੋਚ ਬਣ ਆਵੇ ਤਾਂ ਬੰਦਾ ਮਹਾਨ ਹੋ ਉੱਠਦਾ ਹੈ। ਜੋ ਕੋਈ ਵੀ ਵੰਡੀਆਂ ਪਾਉਣ ਅਤੇ ਊਚ-ਨੀਚ ਦੀ ਗੱਲ ਕਰਦਾ ਹੈ ਉਹ ਘਟੀਆ ਆਦਮੀ ਹੈ। ਰੱਬ ਦੀਆਂ ਵੰਡੀਆਂ ਨਹੀਂ ਪਾਈਆਂ ਜਾ ਸਕਦੀਆਂ ਅਤੇ ਨਾ ਹੀ ਰੱਬ ਕਿਸੇ ਵਿੱਚ ਕੁਝ ਅਤੇ ਕਿਸੇ ਵਿੱਚ ਕੁਝ ਬਣ ਕੇ ਹਾਜ਼ਰ ਹੈ। ਰੱਬ ਦਾ ਇਕੋ ਸਵਰੂਪ ਹਰੇਕ ਅੰਦਰ ਹਾਜ਼ਰ ਹੈ। ਅਸੀਂ ਇੱਕੋ ਅੱਖ ਨਾਲ ਦੁਨੀਆਂ ਦੇ ਲੋਕਾਂ ਨੂੰ ਦੇਖਣ ਦਾ ਸਿਲਸਿਲਾ ਸ਼ੁਰੂ ਕਰਨਾ ਹੈ। ਅਗਰ ਅਸੀਂ ਐਸੀ ਸੋਚ ਅਪਣਾ ਲੈਂਦੇ ਹਾਂ ਤਾਂ ਅਸੀਂ ਮਹਾਨ ਹਾਂ।

## ਧਾਰਮਿਕ ਰਹਿਣੀ

ਅਸੀਂ ਕਿਤਨਾ ਹੀ ਪਾਠ-ਪੂਜਾ ਪਏ ਕਰੀਏ, ਅਗਰ ਅਸੀਂ ਧਾਰਮਿਕ ਜੀਵਨ ਨਹੀਂ ਅਪਣਾ ਸਕੇ ਤਾਂ ਇਹ ਸਾਰਾ ਕੁਝ ਵਿਅਰਥ ਹੈ। ਧਾਰਮਿਕ ਜੀਵਨ ਦਾ ਭਾਵ ਇਹ ਹੈ ਕਿ ਅਸੀਂ ਰੱਬ ਦੀ ਹੋਂਦ ਵਿੱਚ ਵਿਸ਼ਵਾਸ ਰੱਖੀਏ। ਇਹ ਵਿਸ਼ਵਾਸ ਰੱਖੀਏ ਕਿ ਇਸ ਦੁਨੀਆਂ ਦਾ ਹਰ ਜੀਵ ਰੱਬ ਨੇ ਆਪ ਰਚਿਆ ਹੈ, ਕੋਈ ਪਰਾਇਆ ਨਹੀਂ ਹੈ। ਅਸੀਂ ਕਿਸੇ ਦਾ ਹੱਕ ਨਹੀਂ ਮਾਰਨਾ, ਕਿਸੇ ਨਾਲ ਠੱਗੀ ਨਹੀਂ ਮਾਰਨੀ, ਕਿਸੇ ਨੂੰ ਗੁੰਮਰਾਹ ਨਹੀਂ ਕਰਨਾ, ਕਿਸੇ ਦੀ ਕਮਜ਼ੋਰੀ ਕਾਰਨ ਅਸੀਂ ਉਸ ਦਾ ਸ਼ੋਸ਼ਣ ਨਹੀਂ ਕਰਨਾ, ਬਰਾਬਰਤਾ ਧਿਆਨ ਵਿੱਚ ਰੱਖਣੀ ਹੈ, ਦੂਜਿਆਂ ਦੀ ਮੱਦਦ ਵੀ ਕਰਨੀ ਹੈ, ਮਜ਼ਲੂਮਾਂ ਦੀ ਰੱਖਿਆ ਕਰਨੀ ਹੈ, ਜ਼ਾਲਮ ਦਾ ਅਨਿਆਂ ਬਰਦਾਸ਼ਤ ਨਹੀਂ ਕਰਨਾ। ਸਿਰਫ਼ ਧਾਰਮਿਕ ਚਿੰਨ੍ਹਾਂ ਨੂੰ ਅਪਨਾਉਣ ਨਾਲ ਸਾਡੀ ਇਹ ਤਾਂ ਪਛਾਣ ਹੋ ਸਕਦੀ ਹੈ ਕਿ ਅਸੀਂ ਕਿਸ ਮਜ਼ਹਬ ਨਾਲ ਸੰਬੰਧ ਰੱਖਦੇ ਹਾਂ, ਪਰ ਅਸੀਂ ਅਗਰ ਧਾਰਮਿਕ ਬਣਨਾ ਹੈ ਤਾਂ ਸਿਧਾਂਤ ਅਪਨਾਉਣ ਨਾਲ ਬਣਨਾ ਹੈ। ਸਿਰਫ਼ ਉਹ ਸਿਧਾਂਤ ਅਸੀਂ ਅਪਨਾਉਣੇ ਹਨ ਜੋ ਸਾਰੇ ਧਰਮਾਂ ਦੇ ਸਾਂਝੇ ਹਨ ਅਤੇ ਵਿਤਕਰਾ ਨਹੀਂ ਕਰਦੇ। ਜੋ ਸਿਧਾਂਤ ਮਨੁੱਖ ਦੀਆਂ ਵੰਡੀਆਂ ਪਾਉਂਦੇ ਹਨ, ਉਨ੍ਹਾਂ ਸਿਧਾਂਤਾਂ ਦਾ ਅਸੀਂ ਤਿਆਗ ਕਰਨਾ ਹੈ। ਅਗਰ ਅਸੀਂ ਐਸਾ ਕਰ ਪਾਉਂਦੇ ਹਾਂ ਤਾਂ ਅਸੀਂ ਧਰਮੀ ਹਾਂ, ਵਰਨਾ ਸਾਡੇ ਅਤੇ ਅਧਰਮੀ ਆਦਮੀ ਅੰਦਰ ਕੋਈ ਫ਼ਰਕ ਨਹੀਂ ਰਹਿੰਦਾ।

## ਆਪਣੀ ਕਿਰਤ ਕਮਾਈ ਨਾਲ ਖ਼ਰੀਦਿਆ ਖਾਉ

ਜਦੋਂ ਅਸੀਂ ਇਸ ਸਿਧਾਂਤ ਦੀ ਗੱਲ ਕਰਦੇ ਹਾਂ ਕਿ ਹਰ ਆਦਮੀ ਨੂੰ ਕਿਰਤ ਕਰਨੀ ਚਾਹੀਦੀ ਹੈ ਤਾਂ ਅਸੀਂ ਐਸਾ ਇਸ ਲਈ ਆਖਦੇ ਹਾਂ ਕਿ ਕਿਸੇ ਨੂੰ ਕਿਸੇ ਹੋਰ ਉੱਤੇ ਨਿਰਭਰ ਹੋਣ ਦਾ ਅਧਿਕਾਰ ਸਿਰਫ਼ ਉਦੋਂ ਤੱਕ ਹੀ ਹੁੰਦਾ ਹੈ ਜਦ ਤੱਕ ਉਹ ਆਪ ਕ੍ਰਿਤ ਕਰਕੇ ਕਮਾਈ ਕਰਨ ਜੋਗਾ ਨਹੀਂ ਹੁੰਦਾ, ਪਰ ਜਦੋਂ ਉਹ ਕਿਰਤ ਕਰਨ ਦੇ ਕਾਬਲ ਹੈ ਤਾਂ ਉਸ ਨੂੰ ਕਿਰਤ ਕਰਕੇ ਕਮਾਈ ਕਰਕੇ ਆਪਣਾ ਜਿਊਣ ਨਿਰਬਾਹ ਕਰਨਾ ਚਾਹੀਦਾ ਹੈ। ਜੋ ਆਦਮੀ ਆਪ ਕ੍ਰਿਤ ਨਹੀਂ ਕਰਦਾ ਬਲਕਿ ਦੂਜਿਆਂ ਦੀ ਕ੍ਰਿਤ ਕਮਾਈ ਖਾਂਦਾ ਹੈ, ਉਹ ਆਦਮੀ ਗ਼ਲਤ ਹੈ ਅਤੇ ਸਵੈਮਾਣ ਖੋਹ ਬੈਠਦਾ ਹੈ। ਅਸੀਂ ਜਦੋਂ ਕ੍ਰਿਤ ਕਰਨ ਜੋਗੇ ਹਾਂ ਤਾਂ ਕ੍ਰਿਤ ਕਰਨੀ ਸਾਡਾ ਫ਼ਰਜ਼ ਬਣਦਾ ਹੈ। ਇਹ ਸਰੀਰ ਸ਼ਕਤੀ ਭਰਪੂਰ ਹੈ ਅਤੇ ਰੱਬ ਨੇ ਇਸ ਦੀ ਬਣਤਰ ਸਾਡੀਆਂ ਲੋੜਾਂ ਪੂਰੀਆਂ ਕਰਨ ਲਈ ਬਣਾਈ ਹੈ। ਅਸੀਂ ਇਸ ਸਰੀਰ ਦੀ ਵਰਤੋਂ ਕਰਨੀ ਹੈ। ਕਿਸੇ ਉੱਤੇ ਨਿਰਭਰ ਨਹੀਂ ਹੋਣਾ। ਅਸੀਂ ਆਪਣੀ ਕਮਾਈ ਕਰਨੀ ਹੈ ਅਤੇ ਉਨ੍ਹਾਂ ਦੀ ਮੱਦਦ ਵੀ ਕਰਨੀ ਹੈ ਜੋ ਸਾਡੇ ਉੱਤੇ ਨਿਰਭਰ ਹਨ। ਆਪਣੇ ਆਪ ਉੱਤੇ ਨਿਰਭਰ ਹੋਣ ਵਾਲਾ ਆਦਮੀ ਆਪਣਾ ਸਵੈਮਾਣ ਕਾਇਮ ਰੱਖ ਸਕਦਾ ਹੈ। ਇਸ ਕਰਕੇ ਅਸੀਂ ਕੰਮ ਕਰਨ ਦੀ ਆਦਤ ਪਾਉਣੀ ਹੈ। ਇਹ ਸਰੀਰ ਵੀ ਮਸ਼ੀਨ ਦੀ ਭਾਂਤੀ ਖ਼ਰਾਬ ਹੋ ਜਾਂਦਾ ਹੈ, ਜੇਕਰ ਇਸ ਦੀ ਲੋੜੀਂਦੀ ਵਰਤੋਂ ਨਾ ਕੀਤੀ ਜਾਵੇ। ਸੋ ਅਸੀਂ ਅੱਜ ਤੋਂ ਹੀ ਕ੍ਰਿਤੀ ਬਣਨ ਦੀ ਕੋਸ਼ਿਸ਼ ਕਰਨੀ ਹੈ। ਇਹ ਸਿਲਸਿਲਾ ਸ਼ੁਰੂ ਕਰਨ ਵਿੱਚ ਦੇਰੀ ਨਹੀਂ ਕਰਨੀ ਚਾਹੀਦੀ।

## ਰੱਬ ਦਾ ਸ਼ੁਕਰਾਨਾ ਕਰੋ

ਮਨੁੱਖ ਨੂੰ ਨਾਸ਼ੁਕਰਾ ਨਹੀਂ ਹੋਣਾ ਚਾਹੀਦਾ। ਅਸੀਂ ਅਗਰ ਰੱਬ ਦੀਆਂ ਦਿੱਤੀਆਂ ਦਾਤਾਂ ਦੀ ਗਿਣਤੀ ਕਰੀਏ ਤਾਂ ਸਾਲਾਂ ਬੱਧੀ ਦਾ ਸਮਾਂ ਲਗਾਉਣ ਬਾਅਦ ਵੀ ਅਸੀਂ ਇਸ ਨਤੀਜੇ ਉੱਤੇ ਪੁੱਜਾਂਗੇ ਕਿ ਅਸੀਂ ਰੱਬ ਦੀਆਂ ਬਖ਼ਸ਼ਿਸ਼ਾਂ ਦੀ ਗਿਣਤੀ ਨਹੀਂ ਕਰ ਪਾਏ। ਸਦੀਆਂ ਤੋਂ ਮਨੁੱਖ ਰੱਬ ਦੀਆਂ ਸ਼ਕਤੀਆਂ, ਰੱਬ ਦੀਆਂ ਮਿਹਰਾਂ ਅਤੇ ਰੱਬ ਦੀਆਂ ਬਖ਼ਸ਼ੀਆਂ ਨਿਆਮਤਾਂ ਦੀ ਗਿਣਤੀ ਕਰਦਾ ਆ ਰਿਹਾ ਹੈ। ਸ਼ੁਕਰਾਨੇ ਕਰਦਾ ਆ ਰਿਹਾ ਹੈ ਪਰ ਕੋਈ ਆਖੇ ਕਿ ਰੱਬ ਦੀਆਂ ਕੀਤੀਆਂ ਗਈਆਂ ਬਖ਼ਸ਼ਿਸ਼ਾਂ ਦੀ ਗਿਣਤੀ ਕੀਤੀ ਜਾ ਚੁੱਕੀ ਹੈ ਜਾਂ ਅਸੀਂ ਰੱਬ ਦੀਆਂ ਬਖ਼ਸ਼ੀਆਂ ਨਿਆਮਤਾਂ ਦਾ ਅੰਤ ਪਾ ਚੁੱਕੇ ਹਾਂ ਤਾਂ ਐਸੀ ਸੋਚ ਗ਼ਲਤ ਹੈ। ਅਸੀਂ ਤਾਂ ਬਸ ਰੱਬ ਦਾ ਸ਼ੁਕਰਾਨਾ ਹੀ ਕਰ ਸਕਦੇ ਹਾਂ ਜਿਸ ਨੇ ਇਸ ਦੁਨੀਆਂ ਦੇ ਲੋਕਾਂ ਦੇ ਹਿੱਸੇ ਇਤਨੀਆਂ ਬਖ਼ਸ਼ਿਸ਼ਾਂ ਲਿਖ ਦਿੱਤੀਆਂ ਹਨ। ਅਸੀਂ ਰੱਬ ਪਾਸ ਕੀ ਉਲਾਂਭਾ ਲੈ ਕੇ ਜਾ ਸਕਦੇ ਹਾਂ ?

ਉਸ ਦੀਆਂ ਸਾਡੇ ਉੱਤੇ ਬਖ਼ਸ਼ਿਸ਼ਾਂ ਹੀ ਇਤਨੀਆਂ ਹਨ ਕਿ ਅਸੀਂ ਸਦੀਆਂ ਤੱਕ ਸ਼ੁਕਰਾਨਾ ਕਰਦੇ ਥੱਕ ਸਕਦੇ ਹਾਂ। ਇਸ ਕਰਕੇ ਜਦ ਕਦੀ ਵੀ ਅਸੀਂ ਰੱਬ ਪਾਸ ਉਲਾਂਭਾ ਲੈ ਕੇ ਜਾਂਦੇ ਹਾਂ ਜਾਂ ਆਪਣੀ ਕਿਸਮਤ ਨੂੰ ਕਿਸੇ ਹੋਰ ਨਾਲ ਤੁਲਨਾ ਕਰ ਰਹੇ ਹੁੰਦੇ ਹਾਂ ਤਾਂ ਅਸੀਂ ਕਦੀ ਇਹ ਨਹੀਂ ਸੋਚਿਆ ਕਿ ਰੱਬ ਬੇ-ਇਨਸਾਫ਼ੀ ਨਹੀਂ ਕਰਦਾ। ਅਗਰ ਦੁਨੀਆਂ ਭਰ ਦੇ ਲੋਕੀਂ ਆਪਣੇ-ਆਪਣੇ ਦੁੱਖਾਂ ਅਤੇ ਆਪਣੇ-ਆਪਣੇ ਸੁੱਖਾਂ ਦੀ ਸੂਚੀ ਤਿਆਰ ਕਰਨ ਤਾਂ ਹਰੇਕ ਦੇ ਦੁੱਖਾਂ ਅਤੇ ਸੁੱਖਾਂ ਦੀ ਸੂਚੀ ਬਰਾਬਰ ਨਿਕਲੇਗੀ।

## ਗੁੰਮਰਾਹ ਜੀਵਨ

ਇਸ ਜੀਵਨ ਨੂੰ ਸੋਧਣਾ ਪੈਂਦਾ ਹੈ। ਅਗਰ ਅਸੀਂ ਇਸ ਜੀਵਨ ਦੀ ਸੁਧਾਈ ਦਾ ਸਿਲਸਿਲਾ ਸ਼ੁਰੂ ਨਹੀਂ ਕਰਦੇ ਤਾਂ ਅਸੀਂ ਗੁੰਮਰਾਹ ਹੋ ਸਕਦੇ ਹਾਂ। ਇੱਥੇ ਸਿੱਧਾ ਰਸਤਾ ਦਿਖਾਉਣ ਵਾਲੇ ਬਹੁਤ ਹੀ ਘੱਟ ਹਨ ਅਤੇ ਸਾਨੂੰ ਮਾੜੇ ਰਸਤੇ ਪਾਉਣ ਵਾਲਿਆਂ ਦੀ ਭਰਮਾਰ ਹੈ। ਅਸੀਂ ਜਿਸ ਆਦਮੀ ਬਾਰੇ ਸੋਚ ਰਹੇ ਹਾਂ ਕੀ ਉਹ ਸਾਨੂੰ ਸਹੀ ਰਸਤਾ ਦਿਖਾ ਰਿਹਾ ਹੈ ? ਉਸ ਦੀ ਘੋਖ ਕਰੀਏ ਤਾਂ ਪਤਾ ਲੱਗੇਗਾ ਕਿ ਉਹ ਤਾਂ ਆਪ ਗੁੰਮਰਾਹ ਹੈ ਜਾਂ ਜੋ ਕੁਝ ਉਹ ਸਾਨੂੰ ਆਖ ਰਿਹਾ ਹੈ, ਉਸ ਰਸਤੇ ਉੱਤੇ ਉਹ ਆਪ ਨਹੀਂ ਚੱਲਦਾ। ਇਹ ਸਾਰਾ ਆਡੰਬਰ ਉਸ ਨੇ ਰੋਟੀਆਂ ਕਾਰਣ ਬਣਾ ਰੱਖਿਆ ਹੈ। ਅਸੀਂ ਸਹੀ ਰਸਤੇ ਦੀ ਪਛਾਣ ਕਰਨ ਲਈ ਅਗਰ ਭਟਕਦੇ ਫਿਰਦੇ ਹਾਂ ਤਾਂ ਸਾਨੂੰ ਕੁਝ ਵੀ ਨਹੀਂ ਮਿਲਣਾ। ਸਹੀ ਰਸਤੇ ਦੀ ਪਛਾਣ ਲਈ ਸਾਨੂੰ ਆਪਣੀ ਆਤਮਾ ਦੀ ਆਵਾਜ਼ ਪਛਾਨਣੀ ਪਵੇਗੀ।

ਆਤਮਾ ਹਰ ਵਕਤ ਸਾਡੇ ਅੰਦਰ ਹਾਜ਼ਰ ਹੈ ਅਤੇ ਉਹੀ ਸਾਨੂੰ ਸਹੀ-ਸਹੀ ਦੱਸਦੀ ਹੈ ਕਿ ਕੀ ਕੀ ਸਾਨੂੰ ਕਰਨਾ ਚਾਹੀਦਾ ਹੈ ਅਤੇ ਕੀ-ਕੀ ਸਾਨੂੰ ਨਹੀਂ ਕਰਨਾ ਚਾਹੀਦਾ। ਸਾਡਾ ਸੱਚਾ ਗੁਰੂ ਰੱਬ ਆਪ ਹੈ ਅਤੇ ਰੱਬ ਆਤਮਾ ਦੇ ਰੂਪ ਵਿੱਚ ਸਾਡੇ ਅੰਦਰ ਹਾਜ਼ਰ ਹੈ। ਫਿਰ ਅਸੀਂ ਸਹੀ ਸਿੱਖਿਆ ਲੈਣ ਲਈ ਭਟਕਦੇ ਕਿਉਂ ਫਿਰਦੇ ਹਾਂ ? ਰੱਬ ਦੀਆਂ ਗੱਲਾਂ ਕਰਨ ਵਾਲਿਆਂ ਨੇ ਰੱਬ ਬਾਰੇ ਇਤਨਾ ਕੁਝ ਆਖ ਦਿੱਤਾ ਹੈ ਕਿ ਉਸ ਵਿੱਚ ਰੱਬ ਕਿਧਰੇ ਗੁੰਮ ਹੀ ਹੋ ਗਿਆ ਹੈ। ਅੱਜ ਰੱਬ ਦੀ ਭਾਲ ਕਰਨੀ ਮੁਸ਼ਕਿਲ ਹੋ ਗਈ ਹੈ। ਜੋ ਗੱਲਾਂ ਕਦੀ ਸਿੱਧੇ ਸਾਦੇ ਸ਼ਬਦਾਂ ਵਿੱਚ ਆਖੀਆਂ ਗਈਆਂ ਸਨ, ਉਹੀ ਗੱਲਾਂ ਅੱਜ ਇਤਨੀਆਂ

ਗੁੰਝਲਦਾਰ ਬਣਾ ਕੇ ਸਾਡੇ ਸਾਹਮਣੇ ਪੇਸ਼ ਕਰ ਦਿੱਤੀਆਂ ਗਈਆਂ ਹਨ ਕਿ ਅੱਜ ਅਸੀਂ ਆਮ ਆਦਮੀ ਇਸ ਖੇਤਰ ਵਿੱਚ ਅਨਪੜ੍ਹ ਅਤੇ ਮੂਰਖ ਸਮਝੇ ਜਾਣ ਲੱਗ ਪਏ। ਗੁਣੀ ਗਿਆਨੀ ਬਣੇ ਲੋਕਾਂ ਨੇ ਧਰਮ ਉੱਤੇ ਕਬਜ਼ਾ ਕਰ ਲਿਆ ਹੈ ਅਤੇ ਸੱਚ ਪੁੱਛੋ ਤਾਂ ਅਸਲ ਧਰਮ ਕਿਧਰੇ ਗੁਆਚ ਹੀ ਗਿਆ ਹੈ। ਇਸ ਲਈ ਸਹੀ ਮਾਰਗ ਦਰਸ਼ਨ ਸਿਰਫ਼ ਸਾਡੀ ਆਤਮਾ ਹੀ ਕਰ ਸਕਦੀ ਹੈ ਅਤੇ ਸਾਨੂੰ ਆਤਮਾ ਦੀ ਆਵਾਜ਼ ਸੁਣਨ ਦਾ ਅਭਿਆਸ ਕਰਨਾ ਚਾਹੀਦਾ ਹੈ। ਸਮਾਂ ਪਾ ਕੇ ਅਸੀਂ ਆਪਣੇ ਆਪ ਦੀ ਸੁਧਾਈ ਕਰਨ ਵਿੱਚ ਕਾਮਯਾਬ ਹੋ ਜਾਵਾਂਗੇ।

## ਮੁੱਢਲੀਆਂ ਜ਼ਰੂਰਤਾਂ

ਰੋਟੀ, ਕੱਪੜਾ ਅਤੇ ਮਕਾਨ ਸਾਡੀਆਂ ਮੁੱਢਲੀਆਂ ਜ਼ਰੂਰਤਾਂ ਹਨ। ਅੰਨ, ਪਾਣੀ, ਹਵਾ, ਅੱਗ ਅਤੇ ਲੂਣ ਆਦਿ ਮੁੱਢਲੀਆਂ ਵਸਤਾਂ ਹਨ ਜਿਨ੍ਹਾਂ ਬਗ਼ੈਰ ਅਸੀਂ ਜੀਵਤ ਨਹੀਂ ਰਹਿ ਸਕਦੇ। ਜਦੋਂ ਕਿਰਤ ਕਰਨ ਦੀ ਗੱਲ ਤੁਰਦੀ ਹੈ ਤਾਂ ਸਾਨੂੰ ਇਹ ਸਿੱਖਿਆ ਦਿੱਤੀ ਜਾਂਦੀ ਹੈ ਕਿ ਅਸੀਂ ਆਪਣੀਆਂ ਮੁੱਢਲੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਕ੍ਰਿਤ ਕਰਨੀ ਹੈ। ਇਹ ਵਸਤਾਂ ਦੇਵਤਾ ਸਮਾਨ ਹਨ। ਅਸੀਂ ਇਨ੍ਹਾਂ ਦਾ ਆਦਰ ਸਤਿਕਾਰ ਕਰਨਾ ਹੈ। ਅਰਥਾਤ ਇਹ ਵਸਤਾਂ ਆਪਣੀ ਕ੍ਰਿਤ ਕਮਾਈ ਨਾਲ ਖ਼ਰੀਦ ਕੇ ਲਿਆਉਣੀਆਂ ਹਨ ਅਤੇ ਬੜੇ ਸਤਿਕਾਰ ਨਾਲ ਇਨ੍ਹਾਂ ਦੀ ਵਰਤੋਂ ਕਰਨੀ ਹੈ। ਅਸੀਂ ਆਪ ਅਤੇ ਆਪਣੇ ਟੱਬਰ ਦੀ ਉਪਜੀਵਕਾ ਪੈਦਾ ਕਰਨ ਲਈ ਜ਼ਿੰਮੇਂਵਾਰ ਹਾਂ ਅਤੇ ਕਿਸੇ ਉੱਤੇ ਨਿਰਭਰ ਹੋਣਾ ਠੀਕ ਨਹੀਂ ਹੈ।

ਸਾਨੂੰ ਰੱਬ ਨੇ ਸਾਰੀਆਂ ਸ਼ਕਤੀਆਂ ਦੇ ਰੱਖੀਆਂ ਹਨ ਜਿਨ੍ਹਾਂ ਦੀ ਵਰਤੋਂ ਕਰਕੇ ਅਸੀਂ ਆਪਣੀ ਉਪਜੀਵਕਾ ਪੈਦਾ ਕਰਨ ਦੇ ਸਾਧਨ ਜੁਟਾ ਸਕਦੇ ਹਾਂ। ਕੋਈ ਆਖੇ ਕਿ ਇਹ ਬਹੁਤ ਹੀ ਮੁਸ਼ਕਿਲ ਕੰਮ ਹੈ ਤਾਂ ਉਹ ਗ਼ਲਤ ਹੈ। ਕੁਦਰਤ ਰਾਣੀ ਨੇ ਸਾਰੀਆਂ ਨਿਆਮਤਾਂ ਸਾਡੇ ਸਾਹਮਣੇ ਬਖੇਰ ਰੱਖੀਆਂ ਹਨ। ਅਸੀਂ ਆਪਣੇ ਹਿੱਸੇ ਦੀਆਂ ਨਿਆਮਤਾਂ ਦੀ ਪਛਾਣ ਕਰਨੀ ਹੈ ਅਤੇ ਪ੍ਰਾਪਤ ਕਰਨ ਦੇ ਸਹੀ ਢੰਗ ਤਰੀਕੇ ਵਰਤ ਕੇ ਆਪਣੇ ਹਿੱਸੇ ਦੀਆਂ ਨਿਆਮਤਾਂ ਪ੍ਰਾਪਤ ਕਰਨੀਆਂ ਹਨ। ਅਗਰ ਇਹ ਮੁੱਢਲੀਆਂ ਚੀਜ਼ਾਂ ਦੇਵਤਾ ਸਮਾਨ ਹਨ ਤਾਂ ਸਾਡੀ ਕਮਾਈ ਵੀ ਨੇਕ ਹੋਣੀ ਚਾਹੀਦੀ ਹੈ, ਵਰਨਾ ਇਹੀ ਵਸਤਾਂ ਦੇਵਤਾ ਦੀ ਬਜਾਏ ਸ਼ੈਤਾਨ ਬਣ ਕੇ ਸਾਡਾ ਘਾਣ ਕਰ ਸਕਦੀਆਂ ਹਨ।

## ਰੱਬ ਨਾਲ ਮੇਲ

ਰੱਬ ਸਾਥੋਂ ਦੂਰ ਨਹੀਂ ਹੈ। ਸਾਰੇ ਧਰਮਾਂ ਦੇ ਲੋਕਾਂ ਨੇ ਸਵੀਕਾਰ ਕਰ ਲਿਆ ਹੈ ਕਿ ਆਤਮਾ ਦੇ ਰੂਪ ਵਿੱਚ ਰੱਬ ਸਾਡੇ ਅੰਦਰ ਹਾਜ਼ਰ ਹੈ। ਫਿਰ ਰੱਬ ਪਾਸੋਂ ਦੂਰੀਆਂ ਕਾਹਦੀਆਂ। ਅਸੀਂ ਕਦੀ ਸ਼ੈਤਾਨ ਦੇ ਵਸ ਚੜ੍ਹ ਜਾਂਦੇ ਹਾਂ ਤਾਂ ਰੱਬ ਤੋਂ ਦੂਰ ਹੋ ਜਾਂਦੇ ਹਾਂ। ਕਦੀ ਅਸੀਂ ਆਤਮਾ ਦੀਆਂ ਆਵਾਜ਼ਾਂ ਸੁਣਦੇ ਹਾਂ ਤਾਂ ਰੱਬ ਦੇ ਪਾਸ ਹੋ ਆਉਂਦੇ ਹਾਂ। ਅਸੀਂ ਇਨਸਾਨ ਹਾਂ। ਅਸੀਂ ਹਮੇਸ਼ਾਂ ਆਤਮਾ ਦੀ ਗੱਲ ਨਹੀਂ ਮੰਨਦੇ। ਸਾਡੇ ਅੰਦਰ ਸ਼ੈਤਾਨ ਵੀ ਹਾਜ਼ਰ ਹੈ।

ਕਦੀ ਉਹ ਵੀ ਆਪਣੀ ਸ਼ਕਤੀ ਦਿਖਾ ਦਿੰਦਾ ਹੈ। ਅਸੀਂ ਅਗਰ ਭਗਵਾਨ ਅਤੇ ਸ਼ੈਤਾਨ ਵਿੱਚ ਫ਼ਰਕ ਲੱਭ ਲੈਂਦੇ ਹਾਂ ਤਾਂ ਅਸੀਂ ਆਪਣੀ ਸੁਧਾਈ ਕਰ ਸਕਦੇ ਹਾਂ। ਸ਼ੈਤਾਨੀ ਗੱਲਾਂ ਬੜੀਆਂ ਸਵਾਦੀ ਅਤੇ ਖਿਚਵੀਆਂ ਹੁੰਦੀਆਂ ਹਨ। ਆਦਮੀ ਉਨ੍ਹਾਂ ਵੱਲ ਖਿੱਚਿਆ ਜਾਂਦਾ ਹੈ। ਬਹੁਤ ਬਾਅਦ ਵਿੱਚ ਜਾ ਕੇ ਸਮਝ ਆਉਂਦੀ ਹੈ ਕਿ ਅਸੀਂ ਜੋ ਕੁਝ ਵੀ ਕਰ

ਬੈਠੇ ਹਾਂ, ਸ਼ੈਤਾਨ ਵੱਸ ਹੋ ਕੇ ਕੀਤਾ ਹੈ ਅਤੇ ਇਹ ਸਾਰਾ ਕੁਝ ਗ਼ਲਤ ਸੀ ਪਰ ਪਛਤਾਵੇ ਬਗ਼ੈਰ ਸਾਡੇ ਪੱਲੇ ਕੁਝ ਨਹੀਂ ਪੈਂਦਾ। ਅਸੀਂ ਅਗਰ ਆਪਣੀਆਂ ਗ਼ਲਤੀਆਂ ਦੀ ਪਛਾਣ ਕਰ ਲੈਂਦੇ ਹਾਂ ਅਤੇ ਆਪਣੇ ਆਪ ਨੂੰ ਮਿਲੀਆਂ ਸਜ਼ਾਵਾਂ ਵੀ ਯਾਦ ਰੱਖਦੇ ਹਾਂ ਤਾਂ ਹੋ ਸਕਦਾ ਹੈ ਅਸੀਂ ਮੁੜ ਉਹੀ ਗ਼ਲਤੀਆਂ ਦੋਹਰਾਉਣ ਤੋਂ ਗੁਰੇਜ਼ ਕਰਨ ਲੱਗ ਪਈਏ। ਜਿਉਂ-ਜਿਉਂ ਅਸੀਂ ਸ਼ੈਤਾਨ ਦੀ ਸਲਾਹ ਮੰਨਣੀ ਛੱਡਦੇ ਜਾਵਾਂਗੇ, ਅਸੀਂ ਰੱਬ ਦੇ ਨਜ਼ਦੀਕ ਹੁੰਦੇ ਜਾਵਾਂਗੇ। ਚੰਗੇ ਕਰਮ ਕਰਨ ਵਾਲਾ ਆਦਮੀ ਰੱਬ ਵਰਗਾ ਹੋ ਨਿਬੜਦਾ ਹੈ।

## ਮਨੁੱਖ ਦਾ ਜੀਵਨ ਕਦੀ ਸੰਪੂਰਨ ਨਹੀਂ ਹੁੰਦਾ

ਅਸੀਂ ਰੱਜਕੇ ਜੀਓਂ ਨਹੀਂ ਸਕਦੇ। ਅਧਵਾਟੇ ਵਿੱਚ ਹੀ ਪੁੱਜੇ ਹੁੰਦੇ ਹਾਂ ਜਦੋਂ ਅਸੀਂ ਮਰ ਜਾਂਦੇ ਹਾਂ। ਕਦੀ ਅਸੀਂ ਨਿੱਕੇ ਕਿਤੇ ਬਾਲ ਹੁੰਦੇ ਹਾਂ। ਸੰਪੂਰਨ ਹੀ ਨਹੀਂ ਹੁੰਦੇ। ਫਿਰ ਵਿੱਦਿਆ ਆਦਿ ਅਤੇ ਸਿਖਲਾਈ ਵਿੱਚ ਲੱਗ ਜਾਂਦੇ ਹਾਂ। ਫਿਰ ਕਿਸੇ ਕੰਮ-ਕਾਜ ਉੱਤੇ ਲੱਗ ਕੇ ਜੀਵਨ-ਸੰਘਰਸ਼ ਕਰਦੇ ਹਾਂ। ਫਿਰ ਬੁੱਢੇ ਹੋ ਜਾਂਦੇ ਹਾਂ। ਫਿਰ ਮਰ ਜਾਂਦੇ ਹਾਂ। ਇਸ ਦੁਨੀਆਂ ਵਿੱਚ ਮਨੁੱਖ ਨੇ ਜੋ ਪ੍ਰਾਪਤੀਆਂ ਕਰ ਲਈਆਂ ਹਨ ਉਨ੍ਹਾਂ ਸਾਰੀਆਂ ਦਾ ਗਿਆਨ ਵੀ ਸਾਨੂੰ ਨਹੀਂ ਹੋ ਪਾਉਂਦਾ। ਅਸੀਂ ਕੀ-ਕੀ ਕਰ ਸਕਦੇ ਸਾਂ, ਇਸ ਬਾਰੇ ਸਾਨੂੰ ਗਿਆਨ ਹਾਸਲ ਹੀ ਨਹੀਂ ਹੁੰਦਾ ਜਦੋਂ ਅਸੀਂ ਚਲੇ ਜਾਂਦੇ ਹਾਂ। ਮਨੁੱਖ ਆਉਂਦੇ ਰਹਿੰਦੇ ਹਨ, ਜਾਂਦੇ ਰਹਿੰਦੇ ਹਨ, ਕੁਦਰਤ ਤੁਰੀ ਰਹਿੰਦੀ ਹੈ। ਜੋ ਕੰਮ ਕੋਈ ਇਕ ਛੱਡ ਜਾਂਦਾ ਹੈ ਉਹ ਕੋਈ ਹੋਰ ਅੱਗੇ ਤੋਰਦਾ ਰਹਿੰਦਾ ਹੈ ਅਤੇ ਇਉਂ ਇਸ ਜ਼ਿੰਦਗੀ ਦਾ ਸਿਲਸਿਲਾ ਚੱਲਦਾ ਰਹਿੰਦਾ ਹੈ।

## ਸੁੱਚਾ ਆਚਾਰ

ਸਾਫ਼ ਭਾਂਡੇ ਅੰਦਰ ਹੀ ਪਾ ਕੇ ਰੱਖੀ ਸ਼ੈਅ ਸਾਫ਼-ਸੁਥਰੀ ਰਹਿ ਸਕਦੀ ਹੈ। ਸਾਡੀ ਹੋਂਦ ਇੱਕ ਭਾਂਡੇ ਵਾਂਗ ਹੈ ਅਤੇ ਇਸ ਅੰਦਰ ਜੋ ਵੀ ਸੋਚਾਂ ਨੇ ਜਨਮ ਲੈਣਾ ਹੈ ਉਹ ਤਾਂ ਹੀ ਸਾਫ਼ ਹੋ ਸਕਦੀਆਂ ਹਨ, ਜੇਕਰ ਸਾਡਾ ਭਾਂਡਾ ਸੁੱਚਾ ਹੈ, ਸਾਫ਼ ਹੈ। ਸਾਡਾ ਮਨ ਸਾਫ਼ ਹੋਵੇ, ਸਾਡਾ ਦਿਲ ਸਾਫ਼ ਹੋਵੇ, ਫਿਰ ਅਸੀਂ ਵਧੀਆ ਗੱਲਾਂ ਸੋਚ ਸਕਾਂਗੇ, ਵਧੀਆ ਵਤੀਰਾ ਅਪਣਾ ਸਕਾਂਗੇ। ਅਗਰ ਸਾਡੇ ਮਨ ਅੰਦਰ ਮੈਲ ਭਰੀ ਹੋਈ ਹੈ, ਨਫ਼ਰਤ ਹੈ, ਖ਼ੁਦਗ਼ਰਜ਼ੀ ਹੈ ਤਾਂ ਅਸੀਂ ਕਿਸੇ ਦਾ ਕੀ ਸੰਵਾਰ ਸਕਦੇ ਹਾਂ। ਅਸੀਂ ਕਿਸੇ ਬਾਰੇ ਸੋਚਾਂਗੇ ਹੀ ਨਹੀਂ। ਅਗਰ ਕਦੀ ਸੋਚਾਂਗੇ ਵੀ ਤਾਂ ਸਾਡੇ ਮਨ ਅੰਦਰ ਇਹੀ ਆਵੇਗਾ ਕਿ ਕਿਸੇ ਦਾ ਹੱਕ ਕਿਵੇਂ ਮਾਰਿਆ ਜਾ ਸਕਦਾ ਹੈ, ਕਿਸੇ ਨੂੰ ਲੁੱਟਿਆ ਕਿਵੇਂ ਜਾ ਸਕਦਾ ਹੈ ? ਮਾੜੀਆਂ ਸੋਚਾਂ ਮਾੜੇ ਆਚਾਰ ਨੂੰ ਜਨਮ ਦਿੰਦੀਆਂ ਹਨ ਇਸ ਕਰਕੇ ਅਗਰ ਅਸੀਂ ਆਪਣਾ ਵਧੀਆ ਆਚਾਰ ਬਣਾਉਣਾ ਚਾਹੁੰਦੇ ਹਾਂ, ਚਾਰ ਬੰਦਿਆਂ ਅੰਦਰ ਆਪਣਾ ਨਾਮ ਪੈਦਾ ਕਰਨਾ ਚਾਹੁੰਦੇ ਹਾਂ ਤਾਂ ਸਾਡੇ ਲਈ ਇਹ ਲਾਜ਼ਮੀ ਹੋ ਜਾਂਦਾ ਹੈ ਕਿ ਅਸੀਂ ਅੰਦਰੋਂ ਸਹੀ ਹੋਈਏ ਅਤੇ ਐਸੀ ਸਵੱਛਤਾ ਪੈਦਾ ਕਰਨ ਲਈ ਅਭਿਆਸ ਕਰਨਾ ਪੈਂਦਾ ਹੈ। ਹਰ ਵਕਤ ਆਪਣੀਆਂ ਸੋਚਾਂ ਅਤੇ ਕਰਨੀਆਂ ਉੱਤੇ ਨਜ਼ਰ ਰੱਖਣੀ ਪੈਂਦੀ ਹੈ। ਸਵੈ-ਸੁਧਾਈ ਦਾ ਸਿਲਸਿਲਾ ਜਾਰੀ ਕਰਨਾ ਪੈਂਦਾ ਹੈ ਅਤੇ ਐਸਾ ਉਹੀ ਆਦਮੀ ਕਰ ਸਕਦਾ ਹੈ ਜਿਸ ਨੇ ਸਵੈ-ਪੜਤਾਲ ਕਰਨ ਦਾ ਸਿਲਸਿਲਾ ਅਪਣਾ ਰੱਖਿਆ ਹੈ। ਅਸੀਂ ਆਪਣੀ ਸੁਧਾਈ ਆਪ ਕਰਨੀ ਹੈ। ਬਾਹਰਲੇ ਲੋਕਾਂ ਦੀਆਂ ਗੱਲਾਂ ਵਧਾ-ਚੜ੍ਹਾਅ ਕੇ ਕੀਤੀਆਂ ਜਾਂਦੀਆਂ ਹਨ ਅਤੇ ਬਹੁਤੀ ਵਾਰੀ ਅਸੀਂ ਉਹ ਗੱਲਾਂ ਅਪਨਾਉਣ ਦਾ ਸਿਲਸਿਲਾ ਹੀ ਸ਼ੁਰੂ ਨਹੀਂ ਕਰਦੇ।

## ਤੀਰਥਾਂ ਦਾ ਇਸ਼ਨਾਨ

ਤੀਰਥਾਂ ਦਾ ਇਸ਼ਨਾਨ ਕਰਕੇ ਅਸੀਂ ਆਪਣੇ ਸਰੀਰ ਨੂੰ ਬਾਹਰੋਂ ਸਾਫ਼ ਕਰ ਸਕਦੇ ਹਾਂ, ਪਰ ਸਾਡੀ ਸੋਚ ਬਦਲਦੀ ਹੈ ਜਾਂ ਨਹੀਂ ਬਦਲਦੀ, ਇਸ ਬਾਰੇ ਅਸੀਂ ਬਹੁਤ ਹੀ ਘੱਟ ਸੋਚਦੇ ਹਾਂ। ਅਸੀਂ ਤਾਂ ਲੋਕਾਂ ਨੂੰ ਦੱਸਦੇ ਫਿਰਦੇ ਹਾਂ ਕਿ ਅਸੀਂ ਫਲਾਣੇ-ਫਲਾਣੇ ਤੀਰਥਾਂ ਉੱਤੇ ਹੋ ਆਏ ਹਾਂ। ਅਸੀਂ ਤੀਰਥਾਂ ਉੱਤੇ ਗਮਨ ਕਰਨ ਦਾ ਅਹੰਕਾਰ ਕਰਨ ਲੱਗ ਪੈਂਦੇ ਹਾਂ। ਅਸੀਂ ਸੋਚਣ ਲੱਗ ਪੈਂਦੇ ਹਾਂ ਕਿ ਅਸੀਂ ਪਵਿੱਤਰ ਹੋ ਗਏ, ਸ੍ਰੇਸ਼ਟ ਹੋ ਗਏ ਹਾਂ। ਹੁਣ ਇਹ ਬਾਕੀ ਲੋਕੀਂ ਸਾਡਾ ਮੁਕਾਬਲਾ ਨਹੀਂ ਕਰ ਸਕਦੇ। ਇਸ ਦਾ ਮਤਲਬ ਤਾਂ ਇਹ ਨਿਕਲਦਾ ਹੈ ਕਿ ਅਸੀਂ ਅਹੰਕਾਰੀ ਹੋ ਗਏ ਹਾਂ। ਇਸ ਦਾ ਮਤਲਬ ਇਹ ਵੀ ਨਿਕਲਦਾ ਹੈ ਕਿ ਤੀਰਥਾਂ ਦਾ ਇਸ਼ਨਾਨ ਕਰਕੇ ਅਸੀਂ ਅੱਗੇ ਨਾਲੋਂ ਵੀ ਮਾੜੇ ਆਦਮੀ ਹੋ ਗਏ ਹਾਂ। ਪਹਿਲਾਂ ਸਾਡੇ ਅੰਦਰ ਅਹੰਕਾਰ ਤਾਂ ਨਹੀਂ ਸੀ, ਜੋ ਹੁਣ ਜਨਮ ਲੈ ਬੈਠਾ ਹੈ। ਤੀਰਥਾਂ ਉੱਤੇ ਹੋਰ ਵੀ ਲੋਕੀਂ ਆ ਬੈਠਦੇ ਹਨ ਜੋ ਆਪਣੀਆਂ ਗੱਲਾਂ ਸਾਡੇ ਤੱਕ ਪੁਚਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਕਈ ਵਾਰੀ ਇਹ ਵਾਧੂ ਦੀਆਂ ਗੱਲਾਂ ਸਾਡੀ ਸੋਚ ਪਲੀਤ ਕਰਕੇ ਰੱਖ ਦਿੰਦੀਆਂ ਹਨ। ਦੁਨੀਆਂ ਦੇ ਸਾਰੇ ਧਰਮਾਂ ਨੇ ਇਹ ਗੱਲ ਸਵੀਕਾਰ ਕਰ ਲਈ ਹੈ ਕਿ ਅਸੀਂ ਆਪ ਹੀ ਤੀਰਥ ਹਾਂ। ਅਗਰ ਅਸੀਂ ਆਪਣੀ ਸੁਧਾਈ ਕਰਨ ਦਾ ਸਿਲਸਿਲਾ ਸ਼ੁਰੂ ਕਰਨਾ ਚਾਹੁੰਦੇ ਹਾਂ ਤਾਂ ਅਸੀਂ ਆਪ ਹੀ ਸਵੈ-ਸੁਧਾਈ ਦਾ ਸਿਲਸਿਲਾ ਸ਼ੁਰੂ ਕਰ ਸਕਦੇ ਹਾਂ। ਇਸ ਸਵੈ-ਸੁਧਾਈ ਲਈ ਤੀਰਥਾਂ ਉੱਤੇ ਜਾਣ ਦੀ ਜ਼ਰੂਰਤ ਨਹੀਂ ਪੈਂਦੀ, ਅਸੀਂ ਐਸੀ ਸੋਚ ਅਪਨਾਉਣੀ ਹੈ।

## ਭਰਮਾਂ ਤੋਂ ਬਚੋ

ਅਸੀਂ ਸ਼ੱਕੀ ਮਿਜ਼ਾਜ ਹਾਂ, ਹਰੇਕ ਗੱਲ ਉੱਤੇ ਸ਼ੰਕਾ ਕਰ ਲੈਂਦੇ ਹਾਂ। ਸਾਡੀ ਇਸ ਸ਼ੰਕੇ ਦੀ ਭਾਵਨਾ ਦੇ ਕੁਝ ਲੋਕੀਂ ਲਾਭ ਉਠਾ ਲੈਂਦੇ ਹਨ, ਉਹ ਸਾਨੂੰ ਭਰਮਾਂ ਵਿੱਚ ਪਾ ਦਿੰਦੇ ਹਨ। ਅਸੀਂ ਅਗਰ ਆਪਣੀਆਂ ਧਾਰਮਿਕ ਪੁਸਤਕਾਂ ਅਤੇ ਮਿਥਿਹਾਸ ਉੱਤੇ ਨਜ਼ਰ ਮਾਰੀਏ ਤਾਂ ਬਹੁਤ ਸਾਰੀਆਂ ਗੱਲਾਂ ਸਾਨੂੰ ਆਪ ਹੀ ਸ਼ੱਕੀ ਲੱਗਣ ਲੱਗ ਪੈਂਦੀਆਂ ਹਨ। ਧਰਮ ਸਹੀ ਆਖਦੇ ਹਨ ਪਰ ਧਰਮ ਦਾ ਪ੍ਰਚਾਰ ਕਰਨ ਵਾਲੇ ਸਹੀ ਨਹੀਂ ਹੁੰਦੇ ਅਤੇ ਉਹ ਆਪਣੇ ਮਨ ਦੀਆਂ ਗੱਲਾਂ ਸਾਡੇ ਤੱਕ ਪੁਚਾ ਦਿੰਦੇ ਹਨ। ਸਾਡੇ ਲਈ ਕਈ ਕਿਸਮ ਦੇ ਕਰਮ ਕਾਂਡਾਂ ਦੀ ਸੂਚੀ ਤਿਆਰ ਕਰਦੇ ਰਹਿੰਦੇ ਹਨ। ਫਿਰ ਇਕ ਸਮਾਂ ਆਉਂਦਾ ਹੈ ਅਸੀਂ ਰਸਮੀ ਤੌਰ 'ਤੇ ਕਰਮ ਕਾਂਡ ਹੀ ਨਿਭਾਅ ਕੇ ਇਹ ਸਮਝਣ ਲੱਗ ਪੈਂਦੇ ਹਾਂ ਕਿ ਅਸੀਂ ਧਾਰਮਿਕ ਬਣ ਗਏ ਹਾਂ। ਕਰਮ ਕਾਂਡ ਭਾਰੂ ਹੋ ਜਾਂਦਾ ਹੈ ਅਤੇ ਧਰਮ ਗਾਇਬ ਹੋ ਜਾਂਦਾ ਹੈ। ਅਗਰ ਅਸੀਂ ਧਾਰਮਿਕ ਅਸਥਾਨਾਂ ਉੱਤੇ ਮੁੜ ਕੇ ਆਉਂਦਿਆਂ ਨੂੰ ਪੁੱਛੀਏ ਕਿ ਉਹ ਕੀ ਸੁਣ ਕੇ ਆਏ ਹਨ ਤਾਂ ਬਹੁਤਿਆਂ ਦਾ ਇਹ ਜਵਾਬ ਹੋਵੇਗਾ ਕਿ ਉਹ ਭੁੱਲ ਗਏ ਹਨ। ਇਹ ਸਾਰਾ ਕੁਝ ਰਸਮੀ ਜਿਹਾ ਹੋ ਜਾਂਦਾ ਹੈ। ਅਸੀਂ ਜੋ ਧਾਰਮਿਕ ਪੁਸਤਕਾਂ ਦਾ ਪਾਠ ਕਰਦੇ ਹਾਂ ਉਹ ਵੀ ਰਸਮੀ ਹੋ ਜਾਂਦਾ ਹੈ। ਬਸ ਕਦੋਂ ਜਾਗਣਾ ਹੈ ਅਤੇ ਕਿਤਨਾ ਪਾਠ ਕਰਨਾ ਹੈ, ਇਹੀ ਕੁਝ ਯਾਦ ਰਹਿ ਜਾਂਦਾ ਹੈ ਅਤੇ ਜੋ ਆਦਮੀ ਪੂਜਾ ਪਾਠ ਨਹੀਂ ਕਰਦਾ ਉਸ ਨੂੰ ਇਉਂ ਮਹਿਸੂਸ ਹੋਣ ਲੱਗ ਪੈਂਦਾ ਹੈ ਜਿਵੇਂ ਉਹ ਪੂਰਾ ਧਾਰਮਿਕ ਨਹੀਂ ਰਿਹਾ। ਅਗਰ ਅਸੀਂ ਰਸਮੀ ਹੋਣ ਦੀ ਬਜਾਏ ਸਿਰਫ਼ ਇਕ ਸੁਧਾਈ ਰੋਜ਼ ਕਰਨ ਲੱਗ ਪਈਏ ਤਾਂ ਘੰਟਿਆਂ ਬੱਧੀ ਕਰਮ ਕਾਂਡ ਪੂਰਾ ਕਰਨ ਨਾਲੋਂ ਉਹ ਕਿਧਰੇ ਬਿਹਤਰ ਹੁੰਦਾ ਹੈ।

## ਦੁਬਿਧਾ ਵਿੱਚੋਂ ਬਾਹਰ ਨਿਕਲੋ

ਅਸੀਂ ਮਨੁੱਖ ਹਾਂ ਅਤੇ ਸਾਡੀ ਇਹ ਆਦਤ ਜਿਹੀ ਬਣ ਗਈ ਹੈ ਕਿ ਅਸੀਂ ਹਰ ਵਕਤ ਦੁਬਿਧਾ ਵਿੱਚ ਹੀ ਪਏ ਰਹਿੰਦੇ ਹਾਂ। ਕੀ ਗ਼ਲਤ ਹੈ, ਕੀ ਸਹੀ ਹੈ, ਸਾਨੂੰ ਪਤਾ ਨਹੀਂ ਲੱਗਦਾ। ਮਨੁੱਖੀ ਜੀਵਨ ਵੀ ਪਛਤਾਵਿਆਂ ਨਾਲ ਭਰਿਆ ਪਿਆ ਹੈ। ਅਸੀਂ ਹਰ ਵਕਤ ਇਹੀ ਸੋਚਦੇ ਰਹਿੰਦੇ ਹਾਂ ਇਹ ਕਰੀਏ ਤਾਂ ਚੰਗਾ ਹੈ, ਉਹ ਕਰ ਲੈਂਦੇ ਤਾਂ ਬਿਹਤਰ ਹੁੰਦਾ। ਅਸੀਂ ਇਸ ਦੁਬਿਧਾ 'ਚੋਂ ਬਾਹਰ ਨਹੀਂ ਨਿਕਲ ਪਾ ਰਹੇ। ਅਸੀਂ ਹਰ ਮੋੜ ਉੱਤੇ ਫ਼ੈਸਲਾ ਕਰਨਾ ਹੁੰਦਾ ਹੈ ਅਤੇ ਅਸੀਂ ਹਰ ਵਾਰੀ ਇਹੀ ਸੋਚਦੇ ਰਹਿੰਦੇ ਹਾਂ ਇਉਂ ਕਰ ਲਈਏ, ਇਉਂ ਨਾ ਕਰੀਏ। ਅਸੀਂ ਇਸ ਦੁਬਿਧਾ 'ਚੋਂ ਬਾਹਰ ਨਿਕਲਣਾ ਹੈ, ਕੋਸ਼ਿਸ ਕਰਨੀ ਪਵੇਗੀ। ਇਕ ਹੀ ਫ਼ੈਸਲਾ ਕਰਨ ਦੀ ਆਦਤ ਪਾਉਣੀ ਪਵੇਗੀ। ਦੁਨੀਆਂ ਦੇ ਕਾਮਯਾਬ ਲੋਕਾਂ ਦੀ ਇਹੀ ਖ਼ੂਬੀ ਰਹੀ ਹੈ ਕਿ ਉਹ ਇਕ ਅਤੇ ਅੰਤਿਮ ਫ਼ੈਸਲਾ ਕਰਨ ਦੀ ਸ਼ਕਤੀ ਰੱਖਦੇ ਸਨ, ਉਹ ਡਾਵਾਂਡੋਲ ਨਹੀਂ ਸਨ ਹੁੰਦੇ। ਜੋ ਆਦਮੀ ਕਦੀ ਇੱਧਰ ਤੇ ਕਦੀ ਉੱਧਰ ਦਾ ਪੱਖ ਲੈ ਕੇ ਤੁਰਦਾ ਹੈ, ਉਹ ਕਾਮਯਾਬ ਇਨਸਾਨ ਨਹੀਂ ਬਣ ਸਕਦਾ।

## ਦੂਰ ਅੰਦੇਸ਼ ਬਣੋ

ਅਸੀਂ ਜੋਤਿਸ਼ੀ ਨਹੀਂ ਹਾਂ। ਅਸੀਂ ਇਹ ਨਹੀਂ ਜਾਣਦੇ ਕਿ ਕੱਲ੍ਹ ਕੀ ਹੋਣ ਵਾਲਾ ਹੈ ਪਰ ਸਾਨੂੰ ਇਹ ਜ਼ਰੂਰ ਪਤਾ ਹੋਣਾ ਚਾਹੀਦਾ ਹੈ ਕਿ ਸਾਡੇ ਕੱਲ੍ਹ ਨੇ ਅੱਜ ਵਿੱਚੋਂ ਹੀ ਜਨਮ ਲੈਣਾ ਹੈ। ਜੋ ਕੁਝ ਵੀ ਕੱਲ੍ਹ ਹੋਣ ਵਾਲਾ ਹੈ, ਉਹ ਮਹਿਜ਼ ਇਕ ਹਾਦਸਾ ਨਹੀਂ ਹੋਵੇਗਾ, ਬਲਕਿ ਉਸ ਘਟਨਾ ਦੀਆਂ ਬੁਨਿਆਦਾਂ ਅੱਜ ਸਾਡੇ ਸਾਹਮਣੇ ਹਾਜ਼ਰ ਹਨ। ਅਸੀਂ ਆਪਣੇ ਭਵਿੱਖ ਬਾਰੇ ਅੱਜ ਹੀ ਸੋਚਣਾ ਹੈ। ਅਸੀਂ ਮਨੁੱਖ ਹਾਂ, ਅਗਰ ਅਸੀਂ ਹੀ ਆਪਣੇ ਭਵਿੱਖ ਬਾਰੇ ਨਹੀਂ ਸੋਚਾਂਗੇ ਤਾਂ ਫਿਰ ਕੌਣ ਸੋਚੇਗਾ। ਅਸੀਂ ਅਗਰ ਆਪਣੇ ਭਵਿੱਖ ਦੀ ਚਿੰਤਾ ਕਰਦੇ ਹਾਂ ਤਾਂ ਹੋ ਸਕਦਾ ਹੈ ਅੱਜ ਤੋਂ ਹੀ ਅਸੀਂ ਉਹ ਪ੍ਰਸਥਿਤੀਆਂ ਕਾਇਮ ਕਰਨ ਦਾ ਸਿਲਸਿਲਾ ਜਾਰੀ ਕਰ ਸਕੀਏ ਜਿਸ ਉੱਤੇ ਸਾਡਾ ਭਵਿੱਖ ਸ਼ਾਨਦਾਰ ਹੋ ਕੇ ਪ੍ਰਗਟ ਹੋ ਸਕਦਾ ਹੈ। ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਜੋ ਕੁਝ ਵੀ ਅਸੀਂ ਕਰਦੇ ਪਏ ਹਾਂ, ਉਸ ਦੇ ਨਤੀਜੇ ਉਸੇ ਤਰ੍ਹਾਂ ਦੇ ਹੋਣਗੇ, ਜੈਸੀਆਂ ਸਾਡੀਆਂ ਕਾਰਵਾਈਆਂ ਹਨ। ਜੋ ਅਸੀਂ ਕਰਦੇ ਹਾਂ, ਵੈਸਾ ਹੀ ਫ਼ਲ ਮਿਲਦਾ ਹੈ। ਇਹ ਸਿਧਾਂਤ ਉਦੋਂ ਦਾ ਹੈ ਜਦੋਂ ਇਸ ਮਨੁੱਖ ਨੇ ਪਹਿਲੀ ਵਾਰੀ ਸੁਰਤ ਸੰਭਾਲੀ ਸੀ। ਅੱਜ ਸਦੀਆਂ ਦਾ ਸਫ਼ਰ ਤੈਅ ਕਰਨ ਬਾਅਦ ਮਨੁੱਖ ਅੱਗੇ ਨਾਲੋਂ ਜ਼ਿਆਦਾ ਸਿਆਣਾ ਹੋ ਗਿਆ ਹੈ ਅਤੇ ਅੱਜ ਚੰਗੀਆਂ ਸਲਾਹਾਂ ਦੇਣ ਵਾਲੇ ਵੀ ਆਮ ਹੋ ਗਏ ਹਨ। ਇਸ ਕਰਕੇ ਦੂਰ-ਅੰਦੇਸ਼ ਬਣਨਾ ਬਹੁਤ ਹੀ ਲਾਜ਼ਮੀ ਹੈ।

## ਦੁੱਖ ਦਾ ਸਮਾਂ

ਇਨਸਾਨ ਦੇ ਜੀਵਨ ਵਿੱਚ ਦੁੱਖ ਦੀਆਂ ਘੜੀਆਂ ਆਉਂਦੀਆਂ ਹਨ। ਅਸੀਂ ਦੁੱਖ ਦੀਆਂ ਘੜੀਆਂ ਬਰਦਾਸ਼ਤ ਵੀ ਕਰਨੀਆਂ ਹਨ ਅਤੇ ਦੁੱਖ ਦੀਆਂ ਘੜੀਆਂ 'ਚੋਂ ਬਾਹਰ ਨਿਕਲਣ ਦੀ ਕੋਸ਼ਿਸ਼ ਵੀ ਕਰਨੀ ਹੈ। ਅਸੀਂ ਦੁੱਖਾਂ-ਦਰਦਾਂ ਵਿੱਚ ਦੁੱਖੀ ਹੁੰਦੇ ਹਾਂ ਅਤੇ ਸੁਖਾਂਤ ਘਟਨਾਵਾਂ ਸਾਨੂੰ ਚੰਗੀਆਂ ਲੱਗਦੀਆਂ ਹਨ। ਇਹ ਹੁਣ ਅਸੀਂ ਵੇਖਣਾ ਹੈ ਕਿ ਅਸੀਂ ਉਹ ਕੀ-ਕੀ ਉਪਾਅ ਕਰ ਸਕਦੇ ਹਾਂ ਜਿਨ੍ਹਾਂ ਕਰਕੇ ਦੁੱਖ-ਤਕਲੀਫ਼ਾਂ ਨੂੰ ਟਾਲਿਆ ਜਾ ਸਕਦਾ ਹੈ। ਉਪਰਾਲਾ ਅਸੀਂ ਕਰਨਾ ਹੈ, ਮੱਦਦ ਰੱਬ ਕਰੇਗਾ ਪਰ ਅਸੀਂ ਆਖੀਏ ਅਸੀਂ

ਉਪਰਾਲਾ ਕਰਨਾ ਹੀ ਨਹੀਂ ਤਾਂ ਐਸੀ ਸੋਚ ਗ਼ਲਤ ਹੈ। ਮਨੁੱਖੀ ਜੀਵਨ ਦਾ ਇਹੀ ਇਕ ਮੁੱਢਲਾ ਸਿਧਾਂਤ ਹੈ ਕਿ ਸੁੱਖਾਂ ਦੀ ਪ੍ਰਾਪਤੀ ਲਈ ਅਸੀਂ ਹਮੇਸ਼ਾਂ ਹੀ ਯਤਨਸ਼ੀਲ ਰਹਿਣਾ ਹੈ ਅਤੇ ਅਗਰ ਸਾਡੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਅਗਰ ਅਸੀਂ ਦੁੱਖਾਂ ਨੂੰ ਟਾਲ ਨਹੀਂ ਪਾਉਂਦੇ ਤਾਂ ਕਿਸੇ ਦਾ ਕਸੂਰ ਕੱਢਣ ਦੀ ਬਜਾਏ ਅਸੀਂ ਇਹੀ ਸੋਚਣਾ ਹੈ ਕਿ ਸਾਡੇ ਸੰਘਰਸ਼ ਵਿੱਚ ਕਿੱਧਰੇ ਘਾਟ ਰਹਿ ਗਈ ਹੈ, ਅੱਗੇ ਤੋਂ ਅਸੀਂ ਉਹ ਘਾਟਾਂ ਦੂਰ ਕਰਕੇ ਅੱਗੇ ਤੁਰਨਾ ਹੈ।

## ਅਗੇਤੀ ਸੋਚ ਅਪਣਾਉ

ਅਸੀਂ ਜਿਨ੍ਹਾਂ ਪ੍ਰਸਥਿਤੀਆਂ ਵਿੱਚ ਖਲੋਤੇ ਹਾਂ ਇਨ੍ਹਾਂ ਹਾਲਤਾਂ ਵਿੱਚੋਂ ਹੀ ਸਾਡੇ ਭਵਿੱਖ ਨੇ ਜਨਮ ਲੈਣਾ ਹੈ। ਹਰ ਆਦਮੀ ਆਪਣੇ ਕੱਲ੍ਹ ਬਾਰੇ ਅੱਜ ਦੀਆਂ ਪ੍ਰਸਥਿਤੀਆਂ 'ਚੋਂ ਅੰਦਾਜ਼ਾ ਲਗਾ ਸਕਦਾ ਹੈ ਅਤੇ ਹਰ ਆਦਮੀ ਨੂੰ ਕੱਲ੍ਹ ਦੀਆਂ ਪ੍ਰਸਥਿਤੀਆਂ ਵਾਸਤੇ ਅੰਦਾਜ਼ਾ ਲਗਾ ਵੀ ਲੈਣਾ ਚਾਹੀਦਾ ਹੈ। ਐਸਾ ਕਰਨਾ ਅਭਿਆਸ ਹੈ, ਇਸ ਵਿੱਚ ਜੋਤਿਸ਼ ਗਿਆਨ ਦੀ ਜ਼ਰੂਰਤ ਨਹੀਂ ਹੈ। ਸਾਡਾ ਭਵਿੱਖ ਸਾਡੇ ਭੂਤ ਕਾਲ ਉੱਤੇ ਨਿਰਭਰ ਹੁੰਦਾ ਹੈ। ਅਸੀਂ ਕਿਸੇ ਮਕਸਦ ਦੀ ਪ੍ਰਾਪਤੀ ਲਈ ਅੱਜ ਕਰ ਕੀ ਰਹੇ ਹਾਂ, ਇਸ ਦਾ ਸਾਨੂੰ ਪੂਰਾ ਗਿਆਨ ਹੈ ਅਤੇ ਅਸੀਂ ਇਹ ਵੀ ਅੰਦਾਜ਼ਾ ਲਗਾ ਸਕਦੇ ਹਾਂ ਕਿ ਅਸੀਂ ਜੋ ਉਦਮ ਸੰਘਰਸ਼ ਅਤੇ ਮਿਹਨਤ ਕਰ ਰਹੇ ਹਾਂ, ਅਸੀਂ ਕਾਮਯਾਬੀ ਵੱਲ ਜਾ ਰਹੇ ਹਾਂ ਜਾਂ ਨਹੀਂ ਜਾ ਰਹੇ। ਜੋ ਲੋਕੀਂ ਆਪਣੇ ਵਰਤਮਾਨ ਵਿੱਚ ਆਪਣੇ ਭਵਿੱਖ ਦੀਆਂ ਜਨਮ ਪੀੜਾਂ ਮਹਿਸੂਸ ਕਰਨ ਦਾ ਸਿਲਸਿਲਾ ਸ਼ੁਰੂ ਕਰ ਲੈਂਦੇ ਹਨ, ਉਹ ਕਾਮਯਾਬ ਇਨਸਾਨ ਬਣ ਜਾਂਦੇ ਹਨ ਅਤੇ ਜੋ ਲੋਕੀਂ ਇਹ ਸੋਚਣ ਲੱਗ ਪੈਂਦੇ ਹਨ ਕਿ ਜੋ ਹੋਵੇਗਾ ਦੇਖਿਆ ਜਾਵੇਗਾ ਅਤੇ ਆਪਣੇ ਭਵਿੱਖ ਲਈ ਨਾ ਕੋਸ਼ਿਸ਼ ਕਰਦੇ ਹਨ, ਨਾ ਸੰਘਰਸ਼ ਕਰਦੇ ਹਨ ਅਤੇ ਨਾ ਹੀ ਉਸ ਨੂੰ ਕੋਈ ਤਰਤੀਬ ਹੀ ਦਿੰਦੇ ਹਨ, ਉਨ੍ਹਾਂ ਦਾ ਭਵਿੱਖ ਕੋਈ ਵਧੀਆ ਹੋਣ ਦੀਆਂ ਸੰਭਾਵਨਾਵਾਂ ਨਹੀਂ ਹਨ। ਸਾਡਾ ਭਵਿੱਖ ਸਾਡੇ ਉੱਦਮਾਂ ਉੱਤੇ ਨਿਰਭਰ ਹੈ।

## ਮੁਆਫ਼ ਕਰਨ ਦਾ ਸਿਲਸਿਲਾ ਸ਼ੁਰੂ ਕਰੋ

ਇਹ ਜੋ ਲੋਕੀਂ ਸਾਡੇ ਆਲੇ-ਦੁਆਲੇ ਘੁੰਮ ਰਹੇ ਹਨ, ਕਈ ਵਾਰੀ ਗ਼ਲਤੀਆਂ ਵੀ ਕਰਦੇ ਹਨ ਅਤੇ ਕਈ ਵਾਰੀ ਜਾਣ-ਬੁਝ ਕੇ ਸਾਡਾ ਨੁਕਸਾਨ ਵੀ ਕਰ ਜਾਂਦੇ ਹਨ। ਇਹ ਸਾਰਾ ਕੁਝ ਦੇਖ ਕੇ ਕ੍ਰੋਧ ਬਹੁਤ ਆਉਂਦਾ ਹੈ ਪਰ ਅਸੀਂ ਹਰੇਕ ਦੀਆਂ ਕਰਨੀਆਂ ਦੀ ਸੁਧਾਈ ਨਹੀਂ ਕਰ ਸਕਦੇ। ਹਰੇਕ ਆਦਮੀ ਸਾਡਾ ਆਖਾ ਮੰਨਣ ਲਈ ਤਿਆਰ ਵੀ ਨਹੀਂ ਹੁੰਦਾ। ਹਰੇਕ ਆਦਮੀ ਆਪਣੇ ਆਪ ਨੂੰ ਬਹੁਤ ਸਿਆਣਾ ਅਤੇ ਗੁਣੀ ਗਿਆਨੀ ਸਮਝਦਾ ਹੈ, ਸਾਡੇ ਵਾਂਗ ਇਸ ਦੁਨੀਆਂ ਦੇ ਲੋਕੀਂ ਵੀ ਸਵਾਰਥੀ ਹਨ ਅਤੇ ਸਵਾਰਥ ਦੀ ਪੂਰਤੀ ਕਰਨ ਲੱਗਿਆਂ ਕਿਸੇ ਨਾ ਕਿਸੇ ਨਾਲ ਜ਼ਿਆਦਤੀ ਹੋ ਜਾਂਦੀ ਹੈ। ਅਸੀਂ ਕੀ, ਦੁਨੀਆਂ ਦਾ ਕੋਈ ਵੀ ਆਦਮੀ ਦੂਜਿਆਂ ਦੇ ਹਿੱਤ ਦਾ ਖ਼ਿਆਲ ਨਹੀਂ ਰੱਖ ਸਕਦਾ। ਅਸੀਂ ਵੀ ਬਹੁਤ ਵਾਰੀ ਦੂਜਿਆਂ ਨਾਲ ਜ਼ਿਆਦਤੀਆਂ ਕਰ ਬੈਠੇ ਹਾਂ ਪਰ ਦੂਜਿਆਂ ਨੇ ਸਾਨੂੰ ਮੁਆਫ਼ ਕਰ ਦਿੱਤਾ ਹੈ, ਬਦਲਾ ਨਹੀਂ ਲਿਆ। ਇਹ ਮੁਆਫ਼ ਕਰਨ ਦਾ ਸਿਲਸਿਲਾ ਅਸੀਂ ਵੀ ਜਾਰੀ ਕਰਨਾ ਹੈ। ਸਾਡੇ ਨਾਲ ਜੋ ਜ਼ਿਆਦਤੀਆਂ ਹੁੰਦੀਆਂ ਹਨ, ਅਸੀਂ ਹਰੇਕ ਜ਼ਿਆਦਤੀ ਦਾ ਬਦਲਾ ਨਹੀਂ ਲੈ ਸਕਦੇ। ਐਸਾ ਕਰਨਾ ਬਹੁਤ ਔਖਾ ਹੈ ਅਤੇ ਅਸੀਂ ਅਗਰ ਬਦਲਾ ਲੈਣ ਦਾ ਸਿਲਸਿਲਾ ਸ਼ੁਰੂ ਕਰਦੇ ਹਾਂ ਤਾਂ ਫਿਰ ਅਸੀਂ ਹਰ ਵਕਤ ਮਾਨਸਿਕ ਤਣਾਓ ਵਿੱਚ ਚਲੇ

ਜਾਵਾਂਗੇ, ਦੁਸ਼ਮਣੀਆਂ ਵਧਾ ਲਵਾਂਗੇ। ਆਪਣੇ ਜੀਵਨ ਨੂੰ ਖ਼ਤਰਿਆਂ ਵਿੱਚ ਘੇਰ ਲਵਾਂਗੇ। ਬਿਹਤਰ ਇਹੀ ਹੈ ਕਿ ਅਸੀਂ ਆਪਣੇ ਨਾਲ ਹੁੰਦੀਆਂ ਜ਼ਿਆਦਤੀਆਂ ਨੂੰ ਮੁਆਫ਼ ਕਰਨ ਦੀ ਗੱਲ ਸੋਚੀਏ, ਨਜ਼ਰ-ਅੰਦਾਜ਼ ਕਰ ਦੇਈਏ। ਬਿਹਤਰ ਇਹੀ ਹੈ ਕਿ ਜੋ ਕੁਝ ਸਾਨੂੰ ਚੰਗਾ ਨਹੀਂ ਲੱਗ ਰਿਹਾ, ਅਸੀਂ ਆਪ ਐਸਾ ਕਿਸੇ ਹੋਰ ਨਾਲ ਨਾ ਕਰੀਏ। ਦੂਜਿਆਂ ਦੀਆਂ ਜ਼ਿਆਦਤੀਆਂ ਤੋਂ ਆਪ ਸਬਕ ਸਿੱਖਣਾ ਅਤੇ ਆਪਣੇ ਆਪ ਦੀ ਸੁਧਾਈ ਸ਼ੁਰੂ ਕਰਨਾ ਬਿਹਤਰ ਰਸਤਾ ਹੈ।

## ਚੰਗਿਆਈ ਦੀ ਖ਼ੁਸ਼ਬੂ

ਕੋਈ ਆਖੇ ਕਿ ਚੰਗਿਆਈਆਂ ਕਰਨ ਉੱਤੇ ਵਕਤ ਜ਼ਾਇਆ ਨਹੀਂ ਕਰਨਾ ਚਾਹੀਦਾ ਤਾਂ ਐਸੀ ਸੋਚ ਵਾਲਾ ਆਦਮੀ ਗ਼ਲਤ ਹੈ। ਚੰਗਿਆਈਆਂ ਦੀ ਆਪਣੀ ਖ਼ੁਸ਼ਬੂ ਹੁੰਦੀ ਹੈ ਅਤੇ ਬਿਨਾਂ ਕੋਈ ਤਰੱਦਦ ਕੀਤੇ ਇਹ ਖ਼ੁਸ਼ਬੂ ਹਰ ਪਾਸੇ ਫੈਲ ਜਾਂਦੀ ਹੈ। ਅਸੀਂ ਵੀ ਐਸੀ ਹੀ ਖ਼ੁਸ਼ਬੂ ਦੇ ਮਾਲਕ ਹਾਂ ਪਰ ਅਸੀਂ ਇਸ ਖ਼ੁਸ਼ਬੂ ਨੂੰ ਡੱਬੀ ਵਿੱਚ ਬੰਦ ਕਰ ਰੱਖਿਆ ਹੈ। ਅਸੀਂ ਇਹ ਸੋਚੀ ਬੈਠੇ ਹਾਂ ਕਿ ਉਹ ਚੰਗਿਆਈਆਂ ਸਾਡੇ ਅੰਦਰ ਮੌਜੂਦ ਹਨ ਪਰ ਐਸਾ ਹੋ ਨਹੀਂ ਸਕਣਾ। ਅਸੀਂ ਆਪਣੇ ਅੰਦਰ ਵਿਦਮਾਨ ਚੰਗਿਆਈਆਂ ਦੀ ਵਰਤੋਂ ਕਰਨੀ ਹੈ। ਇਸ ਦੁਨੀਆਂ ਦੇ ਲੋਕੀਂ ਉਸ ਆਦਮੀ ਨੂੰ ਚੰਗਾ ਸਮਝਦੇ ਹਨ ਜੋ ਲੋਕਾਂ ਵਾਸਤੇ ਕੁਝ ਕਰਦਾ ਹੈ। ਸਿਰਫ਼ ਆਪਣਾ ਪੱਖ ਪੂਰਨ ਵਾਲਾ ਬੰਦਾ ਸਵਾਰਥੀ ਅਖਵਾਉਂਦਾ ਹੈ ਅਤੇ ਸਵਾਰਥੀ ਆਦਮੀ ਨੂੰ ਕੋਈ ਪਸੰਦ ਨਹੀਂ ਕਰਦਾ। ਅਗਰ ਅਸੀਂ ਚਾਹੁੰਦੇ ਹਾਂ ਕਿ ਸਾਡੀ ਮਸ਼ਹੂਰੀ ਹੋਵੇ ਤਾਂ ਅਸੀਂ ਅੱਜ ਤੋਂ ਹੀ ਆਪਣੇ ਅੰਦਰ ਵਿਦਮਾਨ ਚੰਗਿਆਈਆਂ ਦੀ ਸ਼ਨਾਖ਼ਤ ਕਰਨੀ ਹੈ ਅਤੇ ਇਨ੍ਹਾਂ ਚੰਗਿਆਈਆਂ ਨੂੰ ਲੋਕ-ਹਿੱਤ ਵਿੱਚ ਵਰਤਣ ਦਾ ਸਿਲਸਿਲਾ ਜਾਰੀ ਕਰਨਾ ਹੈ। ਫਿਰ ਦੇਖੋ ਅਸੀਂ ਹਰਮਨ ਪਿਆਰੇ ਆਦਮੀ ਬਣ ਜਾਵਾਂਗੇ। ਅਸੀਂ ਜਿਸ ਕਿਸੇ ਦੇ ਕੰਮ ਆਵਾਂਗੇ, ਉਹ ਸਾਡੀ ਚਰਚਾ ਕਈ ਆਦਮੀਆਂ ਨਾਲ ਕਰੇਗਾ ਅਤੇ ਇਉਂ ਅਸੀਂ ਜ਼ਿੰਦਗੀ ਦਾ ਸਹੀ ਮਾਰਗ ਅਪਣਾ ਲਵਾਂਗੇ।

## ਅਗਾਮੀ ਸਮਾਂ

ਅਸੀਂ ਅੱਜ ਜੋ ਵੀ ਗ਼ਲਤੀਆਂ ਕਰਦੇ ਹਾਂ, ਕੱਲ੍ਹ ਨੂੰ ਇਨ੍ਹਾਂ ਭੁੱਲਾਂ ਦਾ ਖ਼ਮਿਆਜ਼ਾ ਵੀ ਅਸੀਂ ਭੁਗਤਣਾ ਹੈ। ਸਾਡਾ ਕੱਲ੍ਹ ਅੱਜ ਦੀਆਂ ਗੱਲਾਂ ਉੱਤੇ ਨਿਰਭਰ ਹੈ। ਅਸੀਂ ਅਗਰ ਵਧੀਆ ਭਵਿੱਖ ਦੇ ਚਾਹਵਾਨ ਹਾਂ ਤਾਂ ਸਾਨੂੰ ਅੱਜ ਹੀ ਆਪਣੀ ਸੁਧਾਈ ਕਰ ਲੈਣੀ ਚਾਹੀਦੀ ਹੈ। ਸਾਨੂੰ ਇਹ ਗੱਲ ਹਮੇਸ਼ਾਂ ਯਾਦ ਰੱਖਣੀ ਚਾਹੀਦੀ ਹੈ ਕਿ ਕਿਸੇ ਵੀ ਮਾੜੇ ਕੰਮ ਦਾ ਵਧੀਆ ਨਤੀਜਾ ਨਹੀਂ ਨਿਕਲ ਸਕਦਾ। ਅਸੀਂ ਰੱਬ ਪਾਸੋਂ ਕੁਝ ਵੀ ਛੁਪਾ ਕੇ ਨਹੀਂ ਰੱਖ ਸਕਦੇ, ਰੱਬ ਹਰ ਗੱਲ ਦੇਖਦਾ ਹੈ। ਅਸੀਂ ਵਧੀਆ ਕੰਮ ਕਰੀਏ ਤਾਂ ਇਨਾਮ ਦਿੰਦਾ ਹੈ ਅਤੇ ਸਾਡੇ ਮਾੜੇ ਕੰਮਾਂ ਦੀ ਅੱਜ ਨਾ ਸਹੀ ਕੱਲ੍ਹ ਸਹੀ, ਸਜ਼ਾ ਜ਼ਰੂਰ ਦਿੰਦਾ ਹੈ। ਇਹ ਗੱਲ ਯਾਦ ਰੱਖੋ ਕਿ ਜਾਣ-ਬੁਝ ਕੇ ਕੀਤੀਆਂ ਗ਼ਲਤੀਆਂ ਮੁਆਫ਼ ਨਹੀਂ ਹੋਇਆ ਕਰਦੀਆਂ। ਜਾਣ-ਬੁਝ ਕੇ ਕੀਤੀਆਂ ਗ਼ਲਤੀਆਂ ਕਰਕੇ ਸਜ਼ਾ ਵੀ ਵਡੇਰੀ ਮਿਲਦੀ ਹੈ।

## ਰੱਬ ਦੀ ਦਰਗਾਹ ਨੂੰ ਯਾਦ ਰੱਖੋ

ਸਾਰੇ ਧਰਮਾਂ ਦਾ ਵਿਸ਼ਵਾਸ ਹੈ ਕਿ ਰੱਬ ਕੁਝ ਪਾਪਾਂ ਦੀ ਸਜ਼ਾ ਇੱਥੇ ਹੀ ਦੇ ਦਿੰਦਾ ਹੈ ਅਤੇ ਕੁਝ ਪਾਪਾਂ ਦਾ ਹਿਸਾਬ ਆਪ ਮੰਗਦਾ ਹੈ। ਨਰਕਾਂ, ਸਵਰਗਾਂ ਦੀਆਂ ਗੱਲਾਂ ਤੁਰੀਆਂ ਹਨ। ਆਖਦੇ ਹਨ ਪਾਪੀਆਂ ਨੂੰ ਵਾਰ-ਵਾਰ ਇਸ ਦੁਨੀਆਂ ਵਿੱਚ ਜਨਮ ਲੈ ਕੇ ਆਪਣੇ ਕੀਤੇ ਪਾਪਾਂ ਦੀ ਸਜ਼ਾ ਭੁਗਤਣੀ ਪੈਂਦੀ ਹੈ। ਜੋ ਲੋਕੀਂ ਪਾਪ ਨਹੀਂ ਕਰਦੇ ਉਨ੍ਹਾਂ ਦਾ ਇਹ

ਜੀਵਨ ਵਧੀਆ ਨਿਕਲ ਜਾਂਦਾ ਹੈ ਅਤੇ ਮੌਤ ਬਾਅਦ ਉਸ ਨੂੰ ਜਮ ਤੰਗ ਨਹੀਂ ਕਰਦੇ ਅਤੇ ਨਾ ਹੀ ਹਿਸਾਬ-ਕਿਤਾਬ ਹੀ ਦੇਣਾ ਪੈਂਦਾ ਹੈ। ਨਰਕਾਂ ਸਵਰਗਾਂ ਲਈ ਬੇਨਤੀਆਂ ਨਹੀਂ ਕਰਨੀਆਂ ਪੈਂਦੀਆਂ, ਰੱਬ ਆਪ ਫ਼ੈਸਲਾ ਕਰਕੇ ਐਸੀਆਂ ਰੂਹਾਂ ਨੂੰ ਮੁਕਤੀ ਦੇ ਦਿੰਦਾ ਹੈ ਅਤੇ ਜਨਮ-ਮਰਨ ਦਾ ਚੱਕਰ ਖ਼ਤਮ ਹੋ ਜਾਂਦਾ ਹੈ।

## ਗਿਆਨ

ਗਿਆਨ ਉਨ੍ਹਾਂ ਲੋਕਾਂ ਪਾਸੋਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਜੋ ਉੱਤੋਂ-ਉੱਤੋਂ ਗਿਆਨੀ ਹਨ। ਬਹੁਤੇ ਲੋਕਾਂ ਪਾਸ ਫੋਕੀਆਂ ਗੱਲਾਂ ਹਨ, ਜਿਨ੍ਹਾਂ ਨਾਲ ਉਹ ਲੋਕਾਂ ਨੂੰ ਭਰਮਾ ਰਹੇ ਹਨ ਅਤੇ ਆਪਣੀ ਰੋਟੀ-ਰੋਜ਼ੀ ਦਾ ਸਾਧਨ ਬਣਾਈ ਫਿਰਦੇ ਹਨ। ਗਿਆਨ ਅਸੀਂ ਉਨ੍ਹਾਂ ਲੋਕਾਂ ਪਾਸੋਂ ਪ੍ਰਾਪਤ ਕਰ ਸਕਦੇ ਹਾਂ ਜਿਨ੍ਹਾਂ ਨੇ ਆਪਣੇ ਜੀਵਨ ਨੂੰ ਪਹਿਲਾਂ ਸੇਧ ਦਿੱਤੀ ਹੈ ਅਤੇ ਫਿਰ ਤਜਰਬੇ ਦੇ ਆਧਾਰ ਉੱਤੇ ਮੂੰਹੋਂ ਸ਼ਬਦ ਬੋਲਿਆ ਹੈ। ਐਸੇ ਲੋਕਾਂ ਦੀ ਹਰ ਯੁੱਗ ਅੰਦਰ ਘਾਟ ਰਹੀ ਹੈ। ਅੱਜ ਵੀ ਹੈ, ਸਗੋਂ ਅੱਜ ਆਪਣੇ ਝੂਠੇ ਸੱਚੇ ਵਿਚਾਰਾਂ ਦਾ ਪ੍ਰਸਾਰ ਕਰਨ ਲਈ ਕਈ ਸਾਧਨ ਆ ਗਏ ਹਨ। ਅੱਜ ਚੰਗੀਆਂ-ਮੰਦੀਆਂ ਗੱਲਾਂ ਦਾ ਨਿਖੇੜਾ ਕਰਨਾ ਹੀ ਮੁਸ਼ਕਿਲ ਹੋ ਗਿਆ ਹੈ। ਸੱਚੇ ਗਿਆਨੀ ਦੀ ਪਛਾਣ ਕਰਨ ਲਈ ਬਹੁਤ ਮਿਹਨਤ ਦੀ ਜ਼ਰੂਰਤ ਹੈ, ਇਸ ਲਈ ਆਪਣੀ ਆਤਮਾ ਦੀ ਗੱਲ ਸੁਣਨ ਦਾ ਸਿਲਸਿਲਾ ਜਾਰੀ ਕਰਨਾ ਚਾਹੀਦਾ ਹੈ। ਹਰ ਗੱਲ ਦੀ ਪਰਖ ਕਰਨ ਬਾਅਦ ਹੀ ਉਸ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣਾ ਚਾਹੀਦਾ ਹੈ ਨਹੀਂ ਤਾਂ ਇਹ ਲੋਕੀਂ ਸਾਨੂੰ ਗੁੰਮਰਾਹ ਕਰ ਸਕਦੇ ਹਨ।

## ਚੰਗੀ ਕਥਨੀ-ਚੰਗੇ ਕਰਮ

ਅਸੀਂ ਆਪਣੀ ਕਥਨੀ ਬਿਹਤਰ ਬਣਾਉਣੀ ਹੈ। ਅਸੀਂ ਆਪਣੀਆਂ ਕਰਨੀਆਂ ਨੂੰ ਸੇਧ ਦੇਣੀ ਹੈ। ਅਸੀਂ ਜੋ ਕੁਝ ਵੀ ਆਖਦੇ ਹਾਂ ਵੈਸਾ ਕੁਝ ਕਰ ਦਿਖਾਉਣ ਦੇ ਕਾਬਲ ਵੀ ਹੋਣੇ ਚਾਹੀਦੇ ਹਾਂ। ਅਸੀਂ ਆਖਦੇ ਤਾਂ ਕੁਝ ਫਿਰੀਏ, ਲੋਕਾਂ ਵਿੱਚ ਆਪਣੀ ਸਿਆਣਪ ਦੀ ਧਾਂਕ ਜਮਾਉਂਦੇ ਫਿਰੀਏ, ਪਰ ਸਾਡੀਆਂ ਕਰਨੀਆਂ ਬਿਲਕੁਲ ਉਸ ਦੇ ਉਲਟ ਜਾਂਦੀਆਂ ਹੋਣ ਤਾਂ ਸਾਡੀਆਂ ਕਥਨੀਆਂ ਅਤੇ ਸਾਡੀਆਂ ਕਰਨੀਆਂ ਦੇ ਦਰਮਿਆਨ ਇਹ ਜੋ ਫ਼ਰਕ ਬਣ ਆਇਆ ਹੈ ਇਹ ਅਸੀਂ ਜ਼ਿਆਦਾ ਦੇਰ ਛੁਪਾ ਕੇ ਨਹੀਂ ਰੱਖ ਸਕਦੇ। ਸੋ ਅਸੀਂ ਬਚਨ ਵੀ ਵਧੀਆ ਬੋਲਣੇ ਹਨ ਜੋ ਕਿਸੇ ਦੇ ਮਨ ਨੂੰ ਦੁੱਖੀ ਨਾ ਕਰਨ। ਚੁੱਭਵੇਂ ਸ਼ਬਦ ਬੋਲਣ ਵਾਲਾ ਆਦਮੀ ਕਦੀ ਵੀ ਹਰਮਨ ਪਿਆਰਾ ਨਹੀਂ ਬਣ ਸਕਦਾ। ਹਰ ਕੋਈ ਉਸ ਪਾਸੋਂ ਦੂਰ ਭੱਜਦਾ ਫਿਰਦਾ ਹੈ। ਇਸੇ ਤਰ੍ਹਾਂ ਉਹ ਆਦਮੀ ਜੋ ਕਦੀ ਵੀ ਕਿਸੇ ਦਾ ਭਲਾ ਕਰਕੇ ਰਾਜ਼ੀ ਨਹੀਂ ਹੈ, ਉਸ ਪਾਸੋਂ ਹਰ ਆਦਮੀ ਨੂੰ ਡਰ ਬਣਿਆ ਰਹਿੰਦਾ ਹੈ ਕਿ ਕਿੱਧਰੇ ਉਹ ਉਸ ਦਾ ਨੁਕਸਾਨ ਨਾ ਕਰ ਦੇਵੇ। ਲੋਕੀਂ ਉਸ ਆਦਮੀ ਤੋਂ ਵੀ ਦੂਰ ਭੱਜਦੇ ਹਨ ਜੋ ਆਖਦਾ ਕੁਝ ਹੈ ਅਤੇ ਕਰਦਾ ਕੁਝ ਹੈ। ਐਸੇ ਆਦਮੀ ਦਾ ਕੋਈ ਵਿਸ਼ਵਾਸ ਨਹੀਂ ਕਰਦਾ। ਅਗਰ ਐਸੀ ਗੱਲ ਹੈ ਤਾਂ ਅਸੀਂ ਲੋਕਾਂ ਦੀ ਨਫ਼ਰਤ ਦਾ ਪਾਤਰ ਕਾਹਦੇ ਲਈ ਬਣਨਾ ਹੈ। ਉਹ ਬੰਦਾ ਕਾਹਦਾ ਜੋ ਲੋਕਾਂ ਦਾ ਪਿਆਰ ਪਾਉਣ ਦੀ ਬਜਾਏ, ਲੋਕਾਂ ਦੀ ਨਫ਼ਰਤ ਦਾ ਪਾਤਰ ਬਣ ਜਾਂਦਾ ਹੈ।

## ਪਿਆਰੀ ਤੋਂ ਪਿਆਰੀ ਸ਼ੈਅ ਬੋਲਾਂ ਨਾਲ ਪਿਆਰ ਗਵਾ ਬੈਠਦੀ ਹੈ

ਕੋਈ ਕਿਤਨਾ ਵੀ ਖ਼ੂਬਸੂਰਤ ਕਿਉਂ ਨਾ ਪਿਆ ਹੋਵੇ, ਲੋਕਾਂ ਨੂੰ ਆਪਣੀ ਖ਼ੂਬਸੂਰਤੀ ਕਾਰਨ ਲੁਭਾਉਂਦਾ ਫਿਰੇ, ਉਦੋਂ ਤੱਕ ਹੀ ਪਿਆਰ ਦਾ ਪਾਤਰ ਹੁੰਦਾ ਹੈ ਜਦੋਂ ਤੱਕ ਉਹ

ਬੋਲਦਾ ਨਹੀਂ। ਅਗਰ ਉਸ ਦੀ ਸੁੰਦਰਤਾ ਮੁਤਾਬਿਕ ਉਸ ਦੀ ਬੋਲਬਾਣੀ ਵੀ ਪਿਆਰੀ ਹੈ ਤਾਂ ਉਹ ਹਰੇਕ ਦੇ ਦਿਲ ਵਿੱਚ ਆਪਣੀ ਪਿਆਰ ਭਰੀ ਥਾਂ ਬਣਾ ਲੈਂਦਾ ਹੈ ਜਾਂ ਲੈਂਦੀ ਹੈ ਪਰ ਅਗਰ ਉਸ ਦੇ ਬੋਲ ਪਿਆਰੇ ਨਹੀਂ ਹਨ ਤਾਂ ਉਹ ਹਰ ਆਦਮੀ ਦੀ ਨਫ਼ਰਤ ਦਾ ਪਾਤਰ ਬਣ ਜਾਂਦਾ ਹੈ। ਉਸ ਦੀ ਸੁੰਦਰਤਾ ਦਾ ਮੁੱਲ ਵੀ ਨਹੀਂ ਪੈਂਦਾ। ਅਗਰ ਰੱਬ ਨੇ ਤੁਹਾਨੂੰ ਸੁੰਦਰਤਾ ਦਿੱਤੀ ਹੈ ਤਾਂ ਉਸ ਸੁੰਦਰਤਾ ਨੂੰ ਚਾਰ ਚੰਨ ਲਗਾਉਣ ਲਈ ਇਹ ਲਾਜ਼ਮੀ ਹੁੰਦਾ ਹੈ ਅਸੀਂ ਆਪਣੀ ਬੋਲ ਬਾਣੀ ਵੀ ਮਿੱਠੀ ਅਤੇ ਪਿਆਰੀ ਬਣਾ ਲਈਏ। ਐਸਾ ਕਰਕੇ ਅਸੀਂ ਖੋਂਹਦੇ ਕੁਝ ਨਹੀਂ ਪਰ ਲੋਕਾਂ ਦੇ ਦਿਲਾਂ ਵਿੱਚ ਉਤਰ ਕੇ ਅਸੀਂ ਉਹ ਕੁਝ ਪ੍ਰਾਪਤ ਕਰ ਸਕਦੇ ਹਾਂ ਜੋ ਪੈਸਿਆਂ ਨਾਲ ਖ਼ਰੀਦਿਆ ਨਹੀਂ ਜਾ ਸਕਦਾ।

## ਉੱਚੀ ਜਾਤੀ ਕਰਕੇ ਨਹੀਂ ਬਲਕਿ ਸਾਡੀਆਂ ਕਰਨੀਆਂ ਸਾਡਾ ਸਥਾਨ ਨਿਸ਼ਚਿਤ ਕਰਦੀਆਂ ਹਨ

ਅਸੀਂ ਕਿਸ ਧਰਮ ਨਾਲ ਸੰਬੰਧ ਰੱਖਦੇ ਹਾਂ, ਅਸੀਂ ਕਿਸ ਖ਼ਾਨਦਾਨ ਜਾਂ ਕਿਸ ਜਾਤੀ ਨਾਲ ਸਬੰਧ ਰੱਖਦੇ ਹਾਂ, ਇਹ ਸਾਰੀਆਂ ਗੱਲਾਂ ਰੱਬ ਵੱਲੋਂ ਨਹੀਂ ਹਨ। ਇਹ ਵੰਡੀਆਂ ਅਸੀਂ ਆਪ ਪਾ ਰੱਖੀਆਂ ਹਨ ਅਤੇ ਅਸੀਂ ਅਗਰ ਆਖਦੇ ਹਾਂ ਕਿ ਅਸੀਂ ਕਿਸੇ ਅਖੌਤੀ ਉੱਚੀ ਜਾਤੀ ਨਾਲ ਸਬੰਧ ਰੱਖਦੇ ਹਾਂ ਜਾਂ ਅਸੀਂ ਆਖਦੇ ਹਾਂ ਕਿ ਅਸੀਂ ਬਹੁਤ ਹੀ ਅਮੀਰ ਅਤੇ ਉੱਚੇ ਖ਼ਾਨਦਾਨ ਵਿੱਚ ਪੈਦਾ ਹੋਏ ਹਾਂ ਜਾਂ ਸਾਨੂੰ ਇਹ ਮਾਣ ਹੈ ਕਿ ਅਸੀਂ ਇਕ ਐਸੇ ਧਰਮ ਨਾਲ ਸੰਬੰਧ ਰੱਖਦੇ ਹਾਂ ਜੋ ਸਾਰਿਆਂ ਧਰਮਾਂ ਨਾਲੋਂ ਵਧੀਆ ਹੈ ਤਾਂ ਐਸਾ ਆਖਣ ਨਾਲ ਅਸੀਂ ਉਸ ਦੁਨੀਆਂ ਵਿੱਚ ਉੱਚੇ ਨਹੀਂ ਉੱਠ ਆਉਂਦੇ ਜਿੱਥੇ ਅਸੀਂ ਐਸੀਆਂ ਡੀਂਗਾਂ ਮਾਰ ਰਹੇ ਹੁੰਦੇ ਹਾਂ। ਅਸੀਂ ਤਾਂ ਆਪਣੀ ਪਛਾਣ ਆਪ ਸਥਾਪਿਤ ਕਰਨੀ ਹੈ। ਲੋਕਾਂ ਨੇ ਸਾਨੂੰ ਸਾਡੇ ਧਰਮ, ਸਾਡੇ ਖ਼ਾਨਦਾਨ ਅਤੇ ਸਾਡੀ ਜਾਤੀ ਨਾਲੋਂ ਵੱਖਰਾ ਕਰਕੇ ਪਰਖਣਾ ਹੈ ਅਤੇ ਸਾਡੀ ਸਥਾਪਿਤੀ ਸਵੀਕਾਰ ਕਰਨੀ ਹੈ। ਇਸ ਕਰਕੇ ਹਰੇਕ ਆਦਮੀ ਨੂੰ ਚਾਹੀਦਾ ਹੈ ਕਿ ਉਹ ਧਰਮ ਤੋਂ ਉੱਤੇ ਉੱਠ ਕੇ, ਖ਼ਾਨਦਾਨ ਅਤੇ ਜਾਤੀਆਂ ਦੇ ਚੱਕਰ 'ਚੋਂ ਬਾਹਰ ਨਿਕਲ ਕੇ ਆਪਣੀ ਜਾਣ-ਪਛਾਣ ਕਾਇਮ ਕਰਨ ਦੀ ਕੋਸ਼ਿਸ਼ ਕਰੇ। ਉਸ ਦੀ ਕੈਸੀ ਸੋਚਣੀ ਹੈ, ਉਸ ਦੇ ਲੋਕਾਂ ਪ੍ਰਤੀ ਕੈਸੇ ਵਿਚਾਰ ਹਨ, ਉਹ ਲੋਕਾਂ ਨਾਲ ਕੈਸਾ ਵਿਉਹਾਰ ਕਰਦਾ ਹੈ ਅਤੇ ਉਸ ਦੀ ਬੋਲਬਾਣੀ ਕੈਸੀ ਹੈ, ਇਹ ਗੱਲਾਂ ਹਨ ਜੋ ਸਮਾਜ ਅਤੇ ਸੰਸਾਰ ਵਿੱਚ ਉਸ ਦਾ ਅਸਥਾਨ ਨਿਸ਼ਚਿਤ ਕਰਦੀਆਂ ਹਨ। ਅੱਜ ਵੀ ਅਸੀਂ ਜਦੋਂ ਉਨ੍ਹਾਂ ਲੋਕਾਂ ਬਾਰੇ ਸੋਚਦੇ ਹਾਂ ਜੋ ਅੱਜ ਵੀ ਪਿਆਰ ਅਤੇ ਸਤਿਕਾਰ ਦੇ ਪਾਤਰ ਹਨ, ਤਾਂ ਅਸੀਂ ਘੋਖ ਕਰਕੇ ਇਸ ਨਤੀਜੇ ਉੱਤੇ ਪੁੱਜਦੇ ਹਾਂ ਕਿ ਉਹ ਧਰਮ, ਖ਼ਾਨਦਾਨ ਅਤੇ ਜਾਤੀ ਕਰਕੇ ਜਾਂ ਬਹੁਤੀ ਅਮੀਰੀ ਕਾਰਨ ਮਸ਼ਹੂਰ ਨਹੀਂ ਹੋਏ, ਬਲਕਿ ਉਹ ਵਧੀਆ ਇਨਸਾਨ ਹੋਏ ਹਨ। ਉਹ ਆਪਣੇ ਸਮਿਆਂ ਵਿੱਚ ਹੀ ਹਰਮਨ ਪਿਆਰੇ ਸਨ ਅਤੇ ਅੱਜ ਸਦੀਆਂ ਦਾ ਸਮਾਂ ਲੰਘ ਜਾਣ ਬਾਅਦ ਵੀ ਸਮੇਂ ਦੀਆਂ ਧੂੜਾਂ ਉਨ੍ਹਾਂ ਦੇ ਨਾਮ ਦੀ ਚਮਕ ਨੂੰ ਮੱਧਮ ਨਹੀਂ ਕਰ ਪਾਈਆਂ ਅਤੇ ਅਸੀਂ ਵੀ ਐਸੀ ਸੋਚ ਅਪਣਾ ਕੇ ਵਧੀਆ ਇਨਸਾਨ ਬਣ ਸਕਦੇ ਹਾਂ। ਸਾਨੂੰ ਆਪਣੀ ਸਜਾਵਟ ਲਈ ਕਿਧਰਿਓਂ ਵੀ ਸਾਮਾਨ ਖ਼ਰੀਦਣ ਦੀ ਜ਼ਰੂਰਤ ਨਹੀਂ ਹੈ। ਬਸ ਆਪਣੇ ਆਪ ਦੀ ਸੁਧਾਈ ਕਰਨ ਦਾ ਸਿਲਸਿਲਾ ਸ਼ੁਰੂ ਕਰਨਾ ਹੈ।

## ਇਹ ਸੰਸਾਰ ਧੁੰਦ ਦਾ ਗੁਬਾਰ ਹੈ

ਬੇਸ਼ੱਕ ਇਹ ਸੰਸਾਰ ਧੁੰਦ ਦਾ ਗੁਬਾਰ ਹੈ। ਅਸੀਂ ਕਦੀ ਧੁੰਦ ਦੀ ਤਰ੍ਹਾਂ ਹਰ ਪਾਸੇ ਛਾ ਜਾਂਦੇ ਹਾਂ ਅਤੇ ਫਿਰ ਅਸੀਂ ਐਸੇ ਉੜ-ਪੁੜ ਜਾਂਦੇ ਹਾਂ ਕਿ ਸਾਡੀ ਹੋਂਦ ਹੀ ਖ਼ਤਮ ਹੋ ਜਾਂਦੀ

ਹੈ। ਐਸਾ ਪ੍ਰਤੀਤ ਹੁੰਦਾ ਹੈ ਕਿ ਅਸੀਂ ਕਦੀ ਇੱਥੇ ਹਾਂ ਹੀ ਨਹੀਂ ਸਾਂ। ਰੱਬ ਸਦਾ ਹੀ ਹਾਜ਼ਰ ਰਹਿੰਦਾ ਹੈ, ਸਾਡੇ ਅੰਦਰ ਵੀ ਰੱਬ ਮੌਜੂਦ ਸੀ ਪਰ ਅਸੀਂ ਸਾਰੀ ਜ਼ਿੰਦਗੀ ਉਸ ਦੀ ਪਛਾਣ ਨਹੀਂ ਕੀਤੀ ਅਤੇ ਸਾਡੇ ਸਰੀਰ ਦੀ ਸਮਾਪਤੀ ਨਾਲ ਸਾਡੇ ਅੰਦਰੋਂ ਆਤਮਾ ਵੀ ਨਿਕਲ ਗਈ ਹੈ। ਅਸੀਂ ਆਪਣੇ ਸਮਿਆਂ ਵਿੱਚ ਵੀ ਮੁਰਦਾ ਸਾਂ ਅਤੇ ਸਾਡੀ ਮੌਤ ਬਾਅਦ ਅਸੀਂ ਕੀ ਜਿਊਣਾ ਸੀ। ਅਸੀਂ ਅਗਰ ਆਪਣੀ ਅਸਲੀਅਤ ਨੂੰ ਸਮਝ ਲਈਏ ਤਾਂ ਅਸੀਂ ਆਪਣੇ ਸਮਿਆਂ ਅੰਦਰ ਵੀ ਲੋਕਾਂ ਦੇ ਦਿਲਾਂ ਵਿੱਚ ਅਸਥਾਨ ਬਣਾ ਸਕਦੇ ਹਾਂ ਅਤੇ ਜਦੋਂ ਅਸੀਂ ਇਸ ਦੁਨੀਆਂ ਵਿੱਚ ਨਹੀਂ ਵੀ ਹਾਂ ਤਾਂ ਵੀ ਸਦੀਆਂ ਤੱਕ ਸਾਡੀ ਯਾਦ ਬਾਕੀ ਰਹਿ ਸਕਦੀ ਹੈ। ਕੁਝ ਲੋਕਾਂ ਨੇ ਐਸੀਆਂ ਕਮਾਈਆਂ ਕੀਤੀਆਂ ਹਨ, ਉਹ ਧੂੰਦ ਦੀ ਤਰ੍ਹਾਂ ਉਡ-ਪੁਡ ਨਹੀਂ ਗਏ, ਬਲਕਿ ਅੱਜ ਵੀ ਇਹ ਦੁਨੀਆਂ ਉਨ੍ਹਾਂ ਦੀ ਯਾਦ ਸਦਕਾ ਜਿਊਂਦੀ ਹੈ। ਅੱਜ ਸਦੀਆਂ ਬਾਅਦ ਵੀ ਲੋਕੀਂ ਉਨ੍ਹਾਂ ਦੀਆਂ ਕਰਨੀਆਂ ਅਤੇ ਕਥਨੀਆਂ ਦੀ ਮਿਸਾਲ ਲੈ ਕੇ ਜੀਵਨ ਨੂੰ ਸੇਧ ਦਿੰਦੇ ਰਹਿੰਦੇ ਹਨ। ਅਸੀਂ ਹਰੇਕ ਨੇ ਐਸੀ ਕੋਸ਼ਿਸ਼ ਕਰਨੀ ਹੈ, ਅਸੀਂ ਹਰ ਕੋਈ ਐਸੀਆਂ ਬੁਲੰਦੀਆਂ ਹਾਸਲ ਕਰ ਸਕਦੇ ਹਾਂ। ਅਸੀਂ ਜਦੋਂ ਦੁਨੀਆਂ ਦੇ ਮਹਾਨ ਲੋਕਾਂ ਦੀਆਂ ਜੀਵਨੀਆਂ ਪੜ੍ਹਦੇ ਹਾਂ ਤਾਂ ਇਹ ਗੱਲ ਸਪੱਸ਼ਟ ਹੋ ਆਉਂਦੀ ਹੈ ਕਿ ਪੈਸਾ, ਸ਼ਕਤੀ, ਧਰਮ, ਖ਼ਾਨਦਾਨ ਜਾਂ ਜਾਤੀ ਨੇ ਉਨ੍ਹਾਂ ਦੀ ਮੱਦਦ ਨਹੀਂ ਸੀ ਕੀਤੀ, ਬਲਕਿ ਉਨ੍ਹਾਂ ਦੀ ਵਡਿੱਤਣ ਦੇ ਆਧਾਰ ਹੋਰ ਹੀ ਸਨ। ਅਸੀਂ ਵੀ ਵੈਸੇ ਹੀ ਪਾਤਰ ਬਣ ਸਕਦੇ ਹਾਂ।

## ਨਿਰਲੇਪਤਾ

ਕਮਲ ਦਾ ਫੁੱਲ ਗੰਦੇ ਪਾਣੀ ਅੰਦਰ ਵੀ ਚਮਕਦਾ ਹੈ। ਇਹ ਦੁਨੀਆਂ ਦੀਆਂ ਚੀਜ਼ਾਂ ਸਾਨੂੰ ਆਪਣੇ ਵੱਲ ਖਿੱਚਦੀਆਂ ਰਹਿੰਦੀਆਂ ਹਨ। ਇਹ ਸਾਰਾ ਕੁਝ ਬਹੁਤ ਹੀ ਖਿੱਚਵਾਂ ਹੈ। ਅਸੀਂ ਅਗਰ ਸ਼ਕਤੀ, ਪੈਸਾ, ਰੁਤਬਾ ਪ੍ਰਾਪਤ ਕਰਨ ਲਈ ਯਤਨ ਕਰਦੇ ਹਾਂ ਤਾਂ ਵਾਜਬ ਤਰੀਕਿਆਂ ਨਾਲ ਇਹ ਸਾਰਾ ਕੁਝ ਪ੍ਰਾਪਤ ਕੀਤਾ ਜਾ ਸਕਦਾ ਹੈ, ਪਰ ਜਦੋਂ ਅਸੀਂ ਹੱਦਾਂ ਬੰਨੇ ਟੱਪ ਕੇ ਨਾਵਾਜਬ ਢੰਗ ਤਰੀਕੇ ਅਪਣਾ ਕੇ ਇਹ ਸਾਰਾ ਕੁਝ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਸਾਡੀਆਂ ਹਰਕਤਾਂ ਗੰਧਲੀਆਂ ਹੋ ਜਾਂਦੀਆਂ ਹਨ। ਅਸੀਂ ਨਿਰਲੇਪ ਨਹੀਂ ਰਹਿੰਦੇ। ਅਸੀਂ ਕਮਲ ਦੇ ਫੁੱਲ ਵਾਂਗ ਗੰਦ ਵਿੱਚ ਰਹਿ ਕੇ ਗੰਦਾ ਨਹੀਂ ਬਣਨਾ, ਬਲਕਿ ਉਸ ਗੰਦ ਵਿੱਚੋਂ ਵੀ ਵਧੀਆ ਗੱਲਾਂ ਬਾਹਰ ਕੱਢ ਕੇ ਉੱਚਾ ਉੱਠਣਾ ਹੈ। ਕਈ ਸਿਆਣੇ ਇਹ ਆਖ ਗਏ ਹਨ ਕਿ ਅਸੀਂ ਸਿਆਣਿਆਂ ਤੋਂ ਵੀ ਬਹੁਤ ਕੁੱਝ ਸਿੱਖ ਸਕਦੇ ਹਾਂ, ਪਰ ਕੋਈ ਆਖੇ ਕਿ ਅਸੀਂ ਮਾੜੇ ਬੰਦਿਆਂ ਪਾਸੋਂ ਕੁਝ ਨਹੀਂ ਸਿੱਖਦੇ ਤਾਂ ਉਹ ਵੀ ਗ਼ਲਤ ਹੈ। ਅਸੀਂ ਮਾੜੇ ਲੋਕਾਂ ਪਾਸੋਂ ਵੀ ਸਿੱਖ ਸਕਦੇ ਹਾਂ ਕਿ ਜੋ ਕਾਰਨਾਂ ਕਰਕੇ ਉਹ ਬਦਨਾਮ ਹਨ, ਅਸੀਂ ਉਹ ਕੰਮ ਨਹੀਂ ਕਰਨੇ ਅਤੇ ਇਉਂ ਮਾੜਾ ਆਦਮੀ ਵੀ ਸਾਨੂੰ ਬਹੁਤ ਕੁਝ ਸਿਖਾ ਜਾਂਦਾ ਹੈ। ਜ਼ਰੂਰਤ ਸਿਰਫ਼ ਇਸ ਗੱਲ ਦੀ ਹੈ ਕਿ ਅਸੀਂ ਆਪਣੇ ਆਪ ਦੀ ਸੁਧਾਈ ਦਾ ਸਿਲਸਿਲਾ ਜਾਰੀ ਕਰੀਏ। ਇਸ ਵਾਸਤੇ ਉਡੀਕ ਕਰਨ ਦੀ ਜ਼ਰੂਰਤ ਨਹੀਂ ਹੈ, ਕੋਈ ਮਹੂਰਤ ਕਢਾਉਣ ਦੀ ਜ਼ਰੂਰਤ ਨਹੀਂ ਹੈ, ਕਿਸੇ ਸਿਆਣੇ ਨੂੰ ਬੁਲਾਉਣ ਦੀ ਜ਼ਰੂਰਤ ਨਹੀਂ ਹੈ। ਅਸੀਂ ਆਪ ਹੀ ਆਪਣੇ ਆਪ ਨੂੰ ਸੇਧ ਦੇਣੀ ਹੈ, ਫਿਰ ਦੇਰ ਕਾਹਦੀ ? ਉਡੀਕ ਕਾਹਦੀ ?

## ਸਰੇਸ਼ਟ ਕਰਨੀ

ਜਦੋਂ ਤੱਕ ਅਸੀਂ ਕੁਦਰਤ ਦੀ ਸਾਜੀ ਹਰ ਸ਼ੈਅ ਅੰਦਰ ਉਸ ਪਰਮ ਪਿਤਾ ਪ੍ਰਮਾਤਮਾ ਦੀ ਝਲਕ ਪਛਾਣਦੇ ਨਹੀਂ, ਸਮਝੋ ਅਸੀਂ ਅਧੂਰੇ ਹਾਂ, ਸਾਡੀਆਂ ਸਾਰੀਆਂ ਪ੍ਰਾਪਤੀਆਂ

ਅਧੂਰੀਆਂ ਹਨ। ਰੱਬ ਦੀ ਪਛਾਣ ਕੀਤੇ ਬਗ਼ੈਰ ਅਸੀਂ ਸਹੀ-ਸਹੀ ਰਸਤਾ ਨਹੀਂ ਅਪਣਾ ਸਕਦੇ ਅਤੇ ਨਾ ਹੀ ਆਪਣੀਆਂ ਗਤੀਵਿਧੀਆਂ ਨੂੰ ਸਹੀ ਸੇਧ ਹੀ ਦੇ ਸਕਦੇ ਹਾਂ। ਅਸੀਂ ਹਰ ਜੀਵ ਅਤੇ ਕੁਦਰਤ ਦੀ ਸਾਜੀ ਹਰ ਸ਼ੈਅ ਅੰਦਰ ਜਦੋਂ ਪਰਮ ਪਿਤਾ ਨੂੰ ਹਾਜ਼ਰ ਪਾਉਂਦੇ ਹਾਂ, ਉਦੋਂ ਸਾਡੀਆਂ ਕਰਨੀਆਂ ਹੋਰ ਦੀਆਂ ਹੋਰ ਹੋ ਜਾਂਦੀਆਂ ਹਨ। ਅਸੀਂ ਇਹ ਵੀ ਭੁੱਲ ਜਾਂਦੇ ਹਾਂ ਕਿ ਪਰਮ ਪਿਤਾ ਪ੍ਰਮਾਤਮਾ ਸਾਡੇ ਅੰਦਰ ਆਤਮਾ ਦੇ ਰੂਪ ਵਿੱਚ ਹਾਜ਼ਰ ਹੈ ਅਤੇ ਸਾਨੂੰ ਸਹੀ ਰਸਤਾ ਦਿਖਾ ਰਿਹਾ ਹੈ। ਅਸੀਂ ਸ਼ੈਤਾਨ ਵਸ ਹੋ ਕੇ ਆਪਣੇ ਅੰਦਰੋਂ ਉੱਠੀ ਆਵਾਜ਼ ਦੀ ਪਛਾਣ ਹੀ ਨਹੀਂ ਕਰ ਪਾਉਂਦੇ ਅਤੇ ਨਾ ਹੀ ਸਾਨੂੰ ਇਹ ਪਤਾ ਰਹਿੰਦਾ ਹੈ ਕਿ ਕਣ-ਕਣ ਅੰਦਰ ਰੱਬ ਹਾਜ਼ਰ ਹੈ। ਸੋ ਜਦੋਂ ਤੱਕ ਅਸੀਂ ਰੱਬ ਦੀ ਪਛਾਣ ਨਹੀਂ ਕਰਦੇ, ਸਾਡੀਆਂ ਕਰਨੀਆਂ ਵੀ ਗ਼ਲਤ ਹੀ ਰਹਿੰਦੀਆਂ ਹਨ। ਉਨ੍ਹਾਂ ਨੂੰ ਸਹੀ ਸੇਧ ਮਿਲਦੀ ਹੀ ਨਹੀਂ।

## ਅਲਗਰਜ਼ ਨਾ ਹੋਵੋ

ਇਸ ਦੁਨੀਆਂ ਵਿੱਚ ਜੋ ਵੀ ਜੀਵ ਆਏ ਹਨ ਉਨ੍ਹਾਂ ਸਾਰਿਆਂ ਦਾ ਸਰੋਤ ਇਕ ਹੀ ਹੈ ਅਤੇ ਇਸ ਕਰਕੇ ਇੱਥੇ ਕੁਝ ਵੀ ਪਰਾਇਆ ਨਹੀਂ ਹੈ। ਅਸੀਂ ਆਖਦੇ ਹਾਂ ਮੈਂ ਕੀ ਲੈਣੈ, ਐਸਾ ਆਖਣਾ ਗ਼ਲਤ ਹੈ। ਦੁਨੀਆਂ ਭਰ ਅੰਦਰ ਜੋ ਵੀ ਘਟਨਾਵਾਂ ਵਾਪਰ ਰਹੀਆਂ ਹਨ, ਅਸੀਂ ਸਿੱਧੇ ਜਾਂ ਅਸਿੱਧੇ ਉਨ੍ਹਾਂ ਘਟਨਾਵਾਂ ਵਿੱਚ ਸ਼ਾਮਲ ਹਾਂ ਅਤੇ ਇਸੇ ਤਰ੍ਹਾਂ ਹਰੇਕ ਘਟਨਾ ਦਾ ਸਿੱਧਾ ਜਾਂ ਅਸਿੱਧਾ ਸਾਡੇ ਉੱਤੇ ਅਸਰ ਵੀ ਪੈਂਦਾ ਹੈ। ਦੁੱਖ ਭਰੀਆਂ ਘਟਨਾਵਾਂ ਪੜ੍ਹ ਕੇ ਅਤੇ ਸੁਣ ਕੇ ਸਾਡੇ ਮਨ ਅੰਦਰ ਦੁੱਖ ਬਣ ਆਉਂਦਾ ਹੈ ਅਤੇ ਅਸੀਂ ਕਈ ਵਾਰੀ ਰੋ ਵੀ ਪੈਂਦੇ ਹਾਂ। ਜਦੋਂ ਸੁੱਖ ਭਰੀਆਂ ਘਟਨਾਵਾਂ ਵਾਪਰਦੀਆਂ ਹਨ ਤਾਂ ਅਸੀਂ ਖ਼ੁਸ਼ੀ ਵੀ ਮਹਿਸੂਸ ਕਰਦੇ ਹਾਂ। ਇਹ ਦੁਨੀਆਂ ਭਰ ਦੇ ਲੋਕੀਂ ਸਾਡਾ ਪਰਿਵਾਰ ਹਨ ਅਤੇ ਸਾਡੇ ਦੁਸ਼ਮਣ ਨਹੀਂ ਹਨ। ਅਸੀਂ ਤਾਂ ਬਸ ਐਵੇਂ ਹੀ ਇਨ੍ਹਾਂ ਤੋਂ ਡਰਦੇ ਫਿਰਦੇ ਹਾਂ ਅਤੇ ਅੱਖਾਂ ਮੀਟਣ ਦੀ ਕੋਸ਼ਿਸ਼ ਕਰਦੇ ਹਾਂ। ਅੱਜ ਦੁਨੀਆਂ ਭਰ ਦੇ ਲੋਕੀਂ ਕੁਝ ਕੁ ਲੋਕਾਂ ਦੀਆਂ ਕੱਢੀਆਂ ਕਾਢਾਂ ਅਤੇ ਖੋਜਾਂ ਦਾ ਆਨੰਦ ਮਾਣ ਰਹੇ ਹਨ। ਅਗਰ ਉਹ ਲੋਕੀਂ ਵੀ ਇਹੀ ਸੋਚਦੇ ਕਿ ਮੈਂ ਕੀ ਲੈਣੈ ਤਾਂ ਅੱਜ ਮਨੁੱਖ ਪੱਥਰ ਯੁੱਗ ਵਿੱਚ ਹੀ ਵਿਚਰ ਰਿਹਾ ਹੁੰਦਾ ਅਤੇ ਅੱਜ ਅਸੀਂ ਜੋ ਅਸਮਾਨਾਂ ਦੀ ਖੋਜ ਕਰ ਰਹੇ ਹਾਂ, ਇਹ ਸਿਲਸਿਲਾ ਕਦੀ ਜਾਰੀ ਹੀ ਨਾ ਹੁੰਦਾ। ਮਨੁੱਖ ਨੇ ਹਾਲਾਂ ਹੋਰ ਅੱਗੇ ਜਾਣਾ ਹੈ ਅਤੇ ਉਹੀ ਮਨੁੱਖ ਦੁਨੀਆਂ ਨੂੰ ਅਗਾਂਹ ਤੋਰਦੇ ਹਨ ਜੋ ਇਸ ਦੁਨੀਆਂ ਤੋਂ ਵੱਖ ਹੋ ਕੇ ਨਹੀਂ ਭੱਜਦੇ ਬਲਕਿ ਇਸ ਦੁਨੀਆਂ ਨੂੰ ਰੱਬ ਦੇ ਸਾਜੇ ਇਸ ਬ੍ਰਹਿਮੰਡ ਨੂੰ ਆਪਣਾ ਸਮਝਦੇ ਹਨ ਅਤੇ ਆਪਣੇ ਆਪ ਨੂੰ ਇਸ ਬ੍ਰਹਿਮੰਡ ਦਾ ਇਕ ਉਮਦਾ ਭਾਗ ਸਮਝਦੇ ਹਨ।

## ਮਿੱਤਰਤਾ

ਅਗਰ ਅਸੀਂ ਚਾਹੁੰਦੇ ਹਾਂ ਕਿ ਸਾਨੂੰ ਵਧੀਆ ਮਿੱਤਰ ਦੋਸਤ ਮਿਲਦੇ ਰਹਿਣ ਤਾਂ ਸਾਡੇ ਲਈ ਵੀ ਇਹ ਲਾਜ਼ਮੀ ਹੈ ਕਿ ਅਸੀਂ ਆਪ ਵੀ ਵਧੀਆ ਮਿੱਤਰ ਸਾਬਤ ਹੋਈਏ। ਆਖਿਆ ਜਾਂਦਾ ਹੈ ਕਿ ਪਿਆਰ ਕਰੋ ਅਤੇ ਪਿਆਰ ਪਾਓ। ਅਸੀਂ ਵੀ ਇਸ ਸਿਧਾਂਤ ਵਿੱਚ ਵਿਸ਼ਵਾਸ ਰੱਖਣਾ ਹੈ। ਅਸੀਂ ਬਣੇ ਮਿੱਤਰਾਂ ਦੀ ਪਰਖ ਨਹੀਂ ਕਰਨੀ ਬਲਕਿ ਅਸੀਂ ਆਪਣੇ ਅੰਦਰ ਝਾਤੀ ਮਾਰ ਕੇ ਆਪ ਅੰਦਾਜ਼ਾ ਲਗਾਉਣਾ ਹੈ ਕਿ ਅਸੀਂ ਕਿਸ ਪਾਏ ਦੇ ਦੋਸਤ ਹਾਂ। ਸਾਡੀਆਂ ਆਪਣੀਆਂ ਕਮਜ਼ੋਰੀਆਂ ਹੀ ਹਨ ਜੋ ਸਾਨੂੰ ਦੂਜਿਆਂ ਉੱਤੇ

ਵਿਸ਼ਵਾਸ ਕਰਨੋਂ ਰੋਕਦੀਆਂ ਹਨ। ਅਸੀਂ ਆਪ ਹੀ ਵਧੀਆ ਇਨਸਾਨ ਬਣਨਾ ਹੈ। ਜਦੋਂ ਅਸੀਂ ਆਪ ਵਧੀਆ ਇਨਸਾਨ ਬਣ ਜਾਂਦੇ ਹਾਂ ਤਾਂ ਸਾਨੂੰ ਵਧੀਆ ਦੋਸਤ-ਮਿੱਤਰ ਵੀ ਮਿਲ ਜਾਂਦੇ ਹਨ। ਅਸੀਂ ਦੇਖਦੇ ਹਾਂ ਕਿ ਵਧੀਆ ਬੰਦਿਆਂ ਦੇ ਵਧੀਆ ਦੋਸਤ ਹੁੰਦੇ ਹਨ ਅਤੇ ਮਾੜੇ ਬੰਦਿਆਂ ਨੂੰ ਮਾੜੇ ਦੋਸਤ ਮਿਲ ਜਾਂਦੇ ਹਨ। ਅਸੀਂ ਅਗਰ ਵਧੀਆ ਆਦਮੀ ਹਾਂ ਤਾਂ ਸਾਡੇ ਨੇੜੇ ਆਉਂਦਾ ਹਰੇਕ ਆਦਮੀ ਵਧੀਆ ਇਨਸਾਨ ਬਣਦਾ ਜਾਵੇਗਾ। ਇਹ ਕੁਦਰਤ ਦਾ ਨਿਯਮ ਹੈ ਜੋ ਆਦਮੀ ਸਾਡੇ ਵਰਗਾ ਨਹੀਂ ਬਣ ਸਕਦਾ, ਉਹ ਸਾਡੀ ਮਿੱਤਰਤਾ ਦੇ ਘੇਰੇ 'ਚੋਂ ਬਾਹਰ ਨਿਕਲ ਜਾਵੇਗਾ। ਕਦੀ ਵੀ ਦੋ ਕਿਸਮ ਦੇ ਲੋਕੀਂ ਦੋਸਤ ਨਹੀਂ ਬਣ ਸਕਦੇ। ਇਸ ਕਰਕੇ ਅਗਰ ਅਸੀਂ ਆਪਣੇ ਆਪ ਬਾਰੇ ਜਾਣਨਾ ਹੈ ਤਾਂ ਅਸੀਂ ਆਪਣੇ ਦੋਸਤਾਂ ਦੀ ਸ਼ਨਾਖ਼ਤ ਕਰਕੇ ਆਪਣੀ ਪਛਾਣ ਕਰ ਸਕਦੇ ਹਾਂ। ਅਗਰ ਸਾਡੇ ਦੋਸਤ ਮਿੱਤਰ ਵਧੀਆ ਕਿਸਮ ਦੇ ਆਦਮੀ ਨਹੀਂ ਹਨ ਤਾਂ ਅਸੀਂ ਵੀ ਇਹ ਨਹੀਂ ਆਖ ਸਕਦੇ ਕਿ ਅਸੀਂ ਵਧੀਆ ਕਿਸਮ ਦੇ ਆਦਮੀ ਹਾਂ। ਅਗਰ ਸਾਡੇ ਦੋਸਤ-ਮਿੱਤਰ ਵਧੀਆ ਕਿਸਮ ਦੇ ਆਦਮੀ ਹਨ ਤਾਂ ਅਸੀਂ ਮਾਣ ਨਾਲ ਐਸਾ ਸੋਚ ਸਕਦੇ ਹਾਂ ਕਿ ਅਸੀਂ ਵਧੀਆ ਆਦਮੀ ਬਣ ਸਕਦੇ ਹਾਂ।

## ਭਲੇ ਲੋਕ

ਭਲੇ ਲੋਕ ਉਹ ਨਹੀਂ ਹਨ ਜੋ ਬਣ-ਠਣ ਕੇ ਤੁਰੇ ਫਿਰਦੇ ਹਨ। ਭਲੇ ਲੋਕ ਉਹ ਹਨ ਜੋ ਅੰਦਰੋਂ ਭਲੇ ਹਨ। ਇਹ ਬਾਹਰੀ ਸਜਾਵਟ ਤਾਂ ਬਸ ਆਪਣੇ ਆਪ ਨੂੰ ਧੋਖਾ ਦੇਣ ਵਾਸਤੇ ਹੈ, ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਵਾਸਤੇ ਹੈ। ਕੁਝ ਹੀ ਦਿਨਾਂ ਬਾਅਦ ਸਾਡੀ ਅਸਲੀ ਪਛਾਣ ਬਾਹਰ ਆ ਜਾਂਦੀ ਹੈ। ਅਸੀਂ ਕੀ ਹਾਂ, ਇਸ ਦਾ ਉੱਤਰ ਅਸੀਂ ਆਪਣੇ ਅੰਦਰੋਂ ਭਾਲਣਾ ਹੈ। ਅਸੀਂ ਜੋ ਕੁਝ ਅੰਦਰੋਂ ਹਾਂ, ਉਹ ਅਸਲੀਅਤ ਹੈ ਅਤੇ ਜੋ ਕੁਝ ਬਾਹਰੋਂ ਸਜੇ ਫਿਰਦੇ ਹਾਂ ਜਾਂ ਬਣੇ ਫਿਰਦੇ ਹਾਂ ਇਹ ਸਾਰੀ ਬਨਾਵਟ ਹੈ, ਦੂਜਿਆਂ ਦੀਆਂ ਅੱਖਾਂ ਵਿੱਚ ਮਿੱਟੀ ਪਾਉਣ ਦੇ ਬਰਾਬਰ ਹੈ। ਬਾਹਰੀ ਦਿੱਖ ਦੇਖ ਕੇ ਹੀ ਫ਼ੈਸਲਾ ਨਹੀਂ ਕਰਨਾ ਚਾਹੀਦਾ। ਜਦੋਂ ਤੱਕ ਅਸੀਂ ਕਿਸੇ ਨਾਲ ਵਾਹ ਨਹੀਂ ਪਾਉਂਦੇ, ਜਦੋਂ ਤੱਕ ਅਸੀਂ ਕਿਸੇ ਨਾਲ ਚਾਰ ਕਦਮ ਤੁਰਦੇ ਨਹੀਂ, ਉਦੋਂ ਤੱਕ ਉਸ ਦੀ ਅਸਲੀਅਤ ਦਾ ਪਤਾ ਨਹੀਂ ਲੱਗਦਾ। ਅਸੀਂ ਆਪ ਵੀ ਅੰਦਰੋਂ ਸਹੀ ਹੋਣਾ ਹੈ ਅਤੇ ਇਹ ਵਿਸ਼ਵਾਸ ਵੀ ਕਰਨਾ ਹੈ ਕਿ ਬਾਹਰੀ ਬਨਾਵਟ ਸਾਡਾ ਜ਼ਿਆਦਾ ਦੇਰ ਸਾਥ ਨਹੀਂ ਦੇ ਸਕਦੀ। ਅਸੀਂ ਕੁਝ ਹੀ ਦਿਨਾਂ ਅੰਦਰ ਲੋਕਾਂ ਸਾਹਮਣੇ ਨੰਗੇ ਹੋ ਜਾਵਾਂਗੇ। ਅਗਰ ਅਸੀਂ ਆਪਣੇ ਅੰਦਰ ਦੀ ਸੁਧਾਈ ਦਾ ਸਿਲਸਿਲਾ ਜਾਰੀ ਕਰਦੇ ਹਾਂ ਅਤੇ ਬਾਹਰੀ ਦਿਖਾਵੇ ਨੂੰ ਘਟਾਉਂਦੇ ਹਾਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਸਾਡੀ ਹਰ ਪਾਸੇ ਸ਼ੋਭਾ ਹੋਣ ਲੱਗ ਪਵੇਗੀ।

## ਅਸੀਂ ਆਪਣੀ ਸੁਧਾਈ ਕਰਨੀ ਹੈ

ਸਾਡੇ ਮਨ ਅੰਦਰ ਬਹੁਤ ਸਾਰੇ ਪਾਪ ਜਨਮ ਲੈ ਰਹੇ ਹਨ। ਅਸੀਂ ਉਹ ਪਾਪ ਕਰ ਨਹੀਂ ਪਾ ਰਹੇ। ਸਾਡੇ ਅੰਦਰ ਆਤਮਾ ਹਾਜ਼ਰ ਹੈ ਉਹ ਸਾਨੂੰ ਰੋਕਦੀ ਹੈ। ਅਸੀਂ ਸਮਾਜ ਤੋਂ ਡਰਦੇ ਹਾਂ, ਵਕਤ ਦੀਆਂ ਸਰਕਾਰਾਂ ਵੀ ਸਾਨੂੰ ਸਜ਼ਾ ਦੇ ਸਕਦੀਆਂ ਹਨ। ਜੋ ਕੁਝ ਵੀ ਸਾਡੇ ਮਨ ਅੰਦਰ ਬਣਦਾ ਹੈ, ਅਗਰ ਅਸੀਂ ਉਹ ਸਾਰਾ ਕੁਝ ਕਰਨ ਵਿੱਚ ਕਾਮਯਾਬ ਹੋ ਜਾਈਏ ਤਾਂ ਦੁਨੀਆਂ ਦਾ ਉਹ ਕੋਈ ਪਾਪ ਜਾਂ ਅਪਰਾਧ ਨਹੀਂ ਹੈ ਜੋ ਅਸੀਂ ਨਾ ਕਰ ਬੈਠੀਏ। ਅਸੀਂ ਆਪਣੇ ਪਰਿਵਾਰ, ਆਲੇ-ਦੁਆਲੇ ਵਸਦੇ ਸਮਾਜ ਅਤੇ ਮੁਲਕ ਦੀਆਂ ਸਰਕਾਰਾਂ ਦੀ

ਜਕੜ ਵਿੱਚ ਆ ਸਕਦੇ ਹਾਂ ਅਤੇ ਸਜ਼ਾਵਾਂ ਭੁਗਤ ਸਕਦੇ ਹਾਂ। ਅਸੀਂ ਆਪਣੇ ਮਨ ਦੀ ਸੁਧਾਈ ਕਰਨ ਦਾ ਸਿਲਸਿਲਾ ਜਾਰੀ ਕਰਨਾ ਹੈ। ਅਗਰ ਅਸੀਂ ਐਸਾ ਨਹੀਂ ਕਰਦੇ ਤਾਂ ਅਸੀਂ ਕਦੀ ਨਾ ਕਦੀ ਭਾਵੇਂ ਲੁਕ ਕੇ ਹੀ ਸਹੀ, ਮਨ ਵਿੱਚ ਆਈਆਂ ਗੱਲਾਂ ਕਰ ਬੈਠਾਂਗੇ ਅਤੇ ਫਿਰ ਸਾਰੀ ਉਮਰ ਉਸ ਘਟਨਾ ਉੱਤੇ ਪਰਦਾ ਪਾਉਂਦੇ ਫਿਰਾਂਗੇ। ਮਾੜੀਆਂ ਗੱਲਾਂ ਨਾ ਕੀਤੀਆਂ ਜਾਣ ਤਾਂ ਬਿਹਤਰ ਹੈ, ਕਿਉਂਕਿ ਮਾੜੀਆਂ ਗੱਲਾਂ ਕਰਕੇ ਫਿਰ ਉਨ੍ਹਾਂ ਨੂੰ ਛੁਪਾਉਣਾ ਬਹੁਤ ਹੀ ਮੁਸ਼ਕਿਲ ਹੁੰਦਾ ਹੈ। ਅਸੀਂ ਇਸ ਮੁਸ਼ਕਿਲ ਤੋਂ ਬਚਣਾ ਹੈ, ਅਸੀਂ ਆਪਣੇ ਲਈ ਆਪ ਹੀ ਮੁਸ਼ਕਿਲਾਂ ਨਹੀਂ ਸਹੇੜਨੀਆਂ।

## ਅੱਜ ਜੋ ਸਾਨੂੰ ਮਿਲੇ

ਅਸੀਂ ਸਮਾਜੀ ਪ੍ਰਾਣੀ ਹਾਂ। ਅਸੀਂ ਹਰ ਰਾਤ ਸੌਣ ਤੋਂ ਪਹਿਲਾਂ ਇਹ ਸੋਚਣਾ ਹੈ ਕਿ ਅੱਜ ਸਾਡੇ ਨਾਲ ਕਿਸ-ਕਿਸ ਆਦਮੀ ਦੀ ਮੁਲਾਕਾਤ ਹੋਈ ਹੈ। ਕੌਣ-ਕੌਣ ਸਾਨੂੰ ਪਹਿਲੀ ਵਾਰੀ ਮਿਲਿਆ ਹੈ। ਅਸੀਂ ਉਸ ਨਾਲ ਕੀ ਗੱਲਾਂ ਕੀਤੀਆਂ ਹਨ ? ਅਸੀਂ ਆਪ ਹੀ ਅੰਦਾਜ਼ਾ ਲਗਾਉਣਾ ਹੈ ਕਿ ਉਹ ਕੀ ਪ੍ਰਭਾਵ ਲੈ ਕੇ ਗਿਆ ਹੋਵੇਗਾ ? ਅਸੀਂ ਉਨ੍ਹਾਂ ਲੋਕਾਂ ਬਾਰੇ ਵੀ ਸੋਚਣਾ ਹੈ ਜਿਨ੍ਹਾਂ ਨਾਲ ਅਸੀਂ ਅੱਗੋਂ ਵੀ ਮੁਲਾਕਾਤਾਂ ਕਰ ਬੈਠੇ ਹਾਂ ਅਤੇ ਅੱਜ ਵੀ ਉਹ ਮਿਲੇ ਸਨ। ਅਸੀਂ ਆਪ ਹੀ ਅੰਦਾਜ਼ਾ ਲਗਾ ਕੇ ਦੇਖਣਾ ਹੈ ਕਿ ਉਹ ਪਹਿਲਾਂ ਸਾਡੇ ਬਾਰੇ ਕੀ ਸੋਚਦੇ ਸਨ ਅਤੇ ਅੱਜ ਦੀ ਮੁਲਾਕਾਤ ਬਾਅਦ ਉਨ੍ਹਾਂ ਦੀ ਕੈਸੀ ਸੋਚਣੀ ਹੋਵੇਗੀ। ਅਸੀਂ ਅਗਰ ਐਸਾ ਅਭਿਆਸ ਰੋਜ਼ਾਨਾ ਕਰਦੇ ਹਾਂ ਤਾਂ ਅਸੀਂ ਆਪਣੇ ਵਤੀਰੇ ਵਿੱਚ ਆਪ ਹੀ ਸੁਧਾਈ ਕਰਨ ਲੱਗ ਪਵਾਂਗੇ। ਅਸੀਂ ਆਪਣੇ ਆਪ ਨੂੰ ਕੈਸਾ ਹੀ ਵਧੀਆ ਆਦਮੀ ਕਿਉਂ ਨਾ ਸਮਝਦੇ ਹੋਈਏ ਸਾਡੇ ਅੰਦਰ ਬਹੁਤ ਸਾਰੇ ਨੁਕਸ ਹਨ। ਅਸੀਂ ਅਗਰ ਆਪਣਾ ਮੁੱਲਾਂਕਣ ਕਰਨ ਦਾ ਅਭਿਆਸ ਕਰਦੇ ਰਹਿੰਦੇ ਹਾਂ ਤਾਂ ਅਸੀਂ ਅੱਗੇ ਨਾਲੋਂ ਬਿਹਤਰ ਇਨਸਾਨ ਬਣ ਜਾਵਾਂਗੇ। ਐਸਾ ਮੇਰਾ ਵਿਸ਼ਵਾਸ ਹੈ।

## ਸਾਡਾ ਦਿਮਾਗ਼

ਸਾਡੇ ਪਾਸ ਰੋਟੀ, ਕੱਪੜਾ ਅਤੇ ਮਕਾਨ ਹੈ ਅਤੇ ਅਸੀਂ ਖਾਂਦੇ ਪੀਂਦੇ ਬੰਦਿਆਂ ਵਿੱਚ ਗਿਣੇ ਜਾਂਦੇ ਹਾਂ। ਲੋਕਾਂ ਭਾਣੇ ਅਸੀਂ ਮੌਜਾਂ ਪਏ ਕਰਦੇ ਹਾਂ, ਪਰ ਅਸੀਂ ਆਪਣੇ ਦਿਮਾਗ਼ ਦੇ ਬੋਝ ਹੇਠ ਦੱਬੇ ਹੋਏ ਹਾਂ। ਰੋਟੀ, ਕੱਪੜਾ ਅਤੇ ਮਕਾਨ ਤੋਂ ਇਲਾਵਾ ਸਾਡੀਆਂ ਕਈ ਮੰਗਾਂ ਹਨ, ਕਈ ਉਮੰਗਾਂ ਹਨ, ਕਈ ਸੁਪਨੇ ਹਨ। ਇਹ ਸਾਰੇ ਪੂਰੇ ਨਹੀਂ ਹੁੰਦੇ। ਇਨ੍ਹਾਂ ਦੀਆਂ ਹੱਦਾਂ ਅਸੀਂ ਮਿਥ ਨਹੀਂ ਸਕਦੇ। ਇਨ੍ਹਾਂ ਦੀ ਪੂਰਤੀ ਨਹੀਂ ਹੁੰਦੀ। ਅਸੀਂ ਇਕ ਉਮੰਗ ਪੂਰੀ ਕਰ ਬੈਠਦੇ ਹਾਂ ਤਾਂ ਦੂਜੀ ਉਮੰਗ ਜਨਮ ਲੈ ਕੇ ਸਾਡੇ ਸਾਹਮਣੇ ਆ ਖਲੋਂਦੀ ਹੈ। ਅਸੀਂ ਕਿਤਨੀਆਂ ਹੀ ਪ੍ਰਾਰਥਨਾਵਾਂ ਕਿਉਂ ਨਾ ਪਏ ਕਰੀਏ, ਸਾਡੇ ਦਿਮਾਗ਼ ਅੰਦਰ ਸੰਤੁਸ਼ਟੀ ਨਹੀਂ ਬਣਦੀ। ਸਾਨੂੰ ਇਹੀ ਅਹਿਸਾਸ ਹੁੰਦਾ ਰਹਿੰਦਾ ਹੈ ਕਿ ਅਸੀਂ ਹਾਲਾਂ ਵੀ ਪਿੱਛੇ ਹਾਂ। ਹਾਲਾਂ ਵੀ ਅਧੂਰੇ ਹਾਂ। ਮੁਕੰਮਲ ਨਹੀਂ ਹਾਂ ਅਤੇ ਐਸਾ ਹੋਣਾ ਵਾਜਬ ਵੀ ਹੈ। ਅਗਰ ਮਨੁੱਖ ਸੰਤੁਸ਼ਟ ਹੋ ਗਿਆ ਹੁੰਦਾ ਤਾਂ ਇਸ ਦੁਨੀਆਂ ਉੱਤੇ ਜੋ ਵੀ ਤਬਦੀਲੀਆਂ ਮਨੁੱਖ ਨੇ ਲਿਆਂਦੀਆਂ ਹਨ, ਉਹ ਨਹੀਂ ਸਨ ਵਾਪਰਨੀਆਂ। ਮਨੁੱਖ ਦੇ ਦਿਮਾਗ਼ ਉੱਤੇ ਜੋ ਵੀ ਅਧੂਰੀਆਂ ਖ਼ਾਹਿਸ਼ਾਂ ਹਨ, ਉਨ੍ਹਾਂ ਕਾਰਨ ਹੀ ਇਹ ਮਨੁੱਖ ਸੰਘਰਸ਼ ਕਰਦਾ ਹੈ ਅਤੇ ਉਨ੍ਹਾਂ ਕਾਰਨ ਹੀ ਇਹ ਤਬਦੀਲੀਆਂ ਆਈਆਂ ਹਨ। ਸਾਨੂੰ ਆਪਣੇ ਸੁਪਨਿਆਂ ਨੂੰ

ਦਬਾਅ ਕੇ ਖ਼ਤਮ ਨਹੀਂ ਕਰਨਾ ਚਾਹੀਦਾ, ਬਲਕਿ ਇਨ੍ਹਾਂ ਸੁਪਨਿਆਂ ਦਾ ਅਧਿਐਨ ਕਰਕੇ ਇਨ੍ਹਾਂ ਦੀ ਪੂਰਤੀ ਲਈ ਯਤਨ ਕਰਨੇ ਚਾਹੀਦੇ ਹਨ। ਬਹੁਤਾ ਸਮਾਂ ਕੰਮ ਕਰਨ ਵਿੱਚ ਬਿਤਾਉਣਾ ਚਾਹੀਦਾ ਹੈ। ਉਹ ਕਾਰਵਾਈਆਂ ਘਟਾਉਣੀਆਂ ਚਾਹੀਦੀਆਂ ਹਨ ਜੋ ਸਹਿਜ ਸਮਾਂ ਨਸ਼ਟ ਕਰਦੀਆਂ ਹਨ ਅਤੇ ਸਾਡੀਆਂ ਖ਼ਾਹਿਸ਼ਾਂ ਦਬਾਉਣ ਦਾ ਯਤਨ ਕਰਦੀਆਂ ਹਨ। ਅਸੀਂ ਮਨੁੱਖ ਹਾਂ ਅਤੇ ਅਗਰ ਅਸੀਂ ਆਪ ਵੀ ਕੁਝ ਪ੍ਰਾਪਤ ਨਹੀਂ ਕੀਤਾ ਅਤੇ ਨਾ ਹੀ ਦੁਨੀਆਂ ਲਈ ਕੁਝ ਕਰਕੇ ਗਏ ਹਾਂ ਤਾਂ ਅਸੀਂ ਫ਼ਜ਼ੂਲ ਹੀ ਇਸ ਦੁਨੀਆਂ ਵਿੱਚ ਆਏ ਸਾਂ ਅਤੇ ਫ਼ਜ਼ੂਲ ਦਾ ਬੋਝ ਪਾ ਕੇ ਚਲੇ ਗਏ ਹਾਂ।

## ਆਪਣੇ ਦਿਲ ਦੀ ਗੱਲ ਉੱਤੇ ਨਿਸ਼ਚਾ ਰੱਖੋ

ਸਾਡਾ ਦਿਲ ਦਿਮਾਗ਼ ਜੋ ਪਹਿਲੀ ਸੋਚ ਰੱਖਦਾ ਹੈ ਉਹ ਸਾਡੇ ਅੰਦਰ ਹਾਜ਼ਰ ਆਤਮਾ ਦੀ ਆਵਾਜ਼ ਹੁੰਦੀ ਹੈ ਅਤੇ ਅਗਰ ਅਸੀਂ ਇਸ ਆਤਮਾ ਦੀ ਆਵਾਜ਼ ਮੁਤਾਬਿਕ ਕਾਰਜ ਕਰਦੇ ਹਾਂ ਜਾਂ ਆਪਣੇ ਜੀਵਨ ਨੂੰ ਤਰਤੀਬ ਦਿੰਦੇ ਹਾਂ ਤਾਂ ਸਮਝੋ ਅਸੀਂ ਆਪਣੇ ਗੁਰੂ ਆਪ ਹੀ ਬਣ ਗਏ ਹਾਂ। ਸਾਨੂੰ ਹੋਰ ਲੋਕੀਂ ਕੁਝ ਵੀ ਸਮਝਾਉਂਦੇ ਹਨ, ਉਹ ਕਈ ਵਾਰੀ ਸਾਡੇ ਜੀਵਨ ਦਾ ਹਿੱਸਾ ਨਹੀਂ ਬਣਦਾ। ਹੋਰ ਲੋਕੀਂ ਇਕੋ ਵਾਰੀ ਕਿਤਨੀਆਂ ਗੱਲਾਂ ਆਖ ਜਾਂਦੇ ਹਨ। ਉਹ ਲੋਕੀਂ ਉਹ ਗੱਲਾਂ ਵੀ ਆਖ ਜਾਂਦੇ ਹਨ ਜੋ ਹਾਲਾਂ ਉਨ੍ਹਾਂ ਨੇ ਆਪ ਨਹੀਂ ਅਪਨਾਈਆਂ ਹੁੰਦੀਆਂ ਅਤੇ ਨਾ ਹੀ ਉਹ ਦਿਲੋਂ ਹੀ ਆਖ ਰਹੇ ਹੁੰਦੇ ਹਨ। ਇਹੀ ਕਾਰਨ ਹੈ ਕਿ ਅਸੀਂ ਜਦੋਂ ਕਿਸੇ ਦੇ ਪ੍ਰਵਚਨ ਸੁਣ ਕੇ ਉਸ ਥਾਂ ਤੋਂ ਬਾਹਰ ਆਉਂਦੇ ਹਾਂ ਤਾਂ ਸਾਰਾ ਕੁਝ ਭੁੱਲ ਜਾਂਦੇ ਹਾਂ। ਕੁਝ ਵੀ ਯਾਦ ਨਹੀਂ ਰਹਿੰਦਾ ਅਤੇ ਨਾ ਹੀ ਉਹ ਸਾਰਾ ਕੁਝ ਸਾਡੇ ਜੀਵਨ ਦਾ ਹਿੱਸਾ ਹੀ ਬਣਦਾ ਹੈ।

ਬੱਸ ਅਸੀਂ ਉੱਥੇ ਜਾਣ ਦੀ ਅਤੇ ਪ੍ਰਵਚਨ ਸੁਣਨ ਦੀ ਰਸਮੀ ਕਾਰਵਾਈ ਹੀ ਪੂਰੀ ਕਰਦੇ ਹਾਂ ਅਤੇ ਲੋਕਾਂ ਨੂੰ ਵੀ ਆਖਦੇ ਫਿਰਦੇ ਹਾਂ ਕਿ ਅਸੀਂ ਰੋਜ਼ਾਨਾ ਧਾਰਮਿਕ ਅਸਥਾਨ ਉੱਤੇ ਵੀ ਜਾਂਦੇ ਹਾਂ ਅਤੇ ਪ੍ਰਵਚਨ ਵੀ ਸੁਣਦੇ ਹਾਂ ਪਰ ਸਾਨੂੰ ਇਸ ਰਸਮੀ ਕਾਰਵਾਈ ਬਾਰੇ ਜ਼ਰੂਰ ਸੋਚਣਾ ਚਾਹੀਦਾ ਹੈ। ਅਗਰ ਉੱਥੇ ਆਖਿਆ ਸੁਣਿਆ ਸਾਡੇ ਜੀਵਨ ਦਾ ਹਿੱਸਾ ਨਹੀਂ ਬਣਦਾ ਅਤੇ ਅਸੀਂ ਆਪਣੀਆਂ ਸੋਚਾਂ ਅਤੇ ਕਰਨੀਆਂ ਨੂੰ ਸੇਧ ਦੇ ਪਾ ਰਹੇ ਹਾਂ ਤਾਂ ਐਸੀਆਂ ਗੱਲਾਂ ਉੱਤੇ ਵਿਚਾਰ ਕਰਨ ਲਈ ਅਸੀਂ ਆਪਣੇ ਆਪ ਨਾਲ ਗੱਲਾਂ ਕਰਨੀਆਂ ਹਨ। ਅਸੀਂ ਆਪਣੇ ਅੰਦਰ ਬੈਠੀ ਆਤਮਾ ਦੀ ਆਵਾਜ਼ ਸੁਣਨ ਦਾ ਸਿਲਸਿਲਾ ਜਾਰੀ ਕਰੀਏ ਤਾਂ ਸਾਰੀਆਂ ਭਟਕਣਾਂ ਮੁੱਕ ਜਾਣਗੀਆਂ। ਅਸੀਂ ਆਪਣੇ ਗੁਰੂ ਆਪ ਬਣ ਜਾਵਾਂਗੇ ਅਤੇ ਅਸੀਂ ਆਪ ਹੀ ਆਪਣੇ ਆਪ ਨੂੰ ਜੋ ਸੇਧ ਦੇਵਾਂਗੇ, ਉਹ ਗੱਲਾਂ ਸਾਡੇ ਜੀਵਨ ਦਾ ਹਿੱਸਾ ਬਣ ਜਾਣਗੀਆਂ ਅਤੇ ਅਸੀਂ ਆਪਣੇ ਆਪ ਪਾਸੋਂ ਹੀ ਜੀਵਨ ਸੇਧ ਪ੍ਰਾਪਤ ਕਰ ਲਵਾਂਗੇ। ਐਸਾ ਅਭਿਆਸ ਸਾਨੂੰ ਸ਼ੁਰੂ ਕਰਨਾ ਚਾਹੀਦਾ ਹੈ।

## ਆਪਣੇ ਅੰਦਰ ਬੈਠੇ ਰੱਬ ਨੂੰ ਕਦੀ ਭੁੱਲੋ ਨਾ

ਇਹ ਦੂਜੀਆਂ ਵੀ ਚੀਜ਼ਾਂ ਸਾਨੂੰ ਆਪਣੇ ਵੱਲ ਖਿਚਦੀਆਂ ਰਹਿੰਦੀਆਂ ਹਨ। ਸਾਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਹਮੇਸ਼ਾਂ ਜਾਰੀ ਰਹਿੰਦੀ ਹੈ। ਅਸੀਂ ਇਨਸਾਨ ਹਾਂ। ਭੁੱਲਣਹਾਰ ਹਾਂ। ਅਸੀਂ ਇਨ੍ਹਾਂ ਦੁਨਿਆਵੀ ਚੀਜ਼ਾਂ ਵੱਲ ਖਿੱਚੇ ਜਾਂਦੇ ਹਾਂ। ਦੁਨੀਆਂ ਦਾ ਆਨੰਦ ਮਾਣਨਾ ਸਾਡਾ ਅਧਿਕਾਰ ਹੈ ਪਰ ਅਸੀਂ ਇਹ ਦੇਖਣਾ ਹੈ ਕਿ ਅਸੀਂ ਕਿਸੇ ਹੋਰ ਦੇ ਹੱਕਾਂ

ਉੱਤੇ ਛਾਪਾ ਤਾਂ ਨਹੀਂ ਮਾਰ ਰਹੇ। ਅਸੀਂ ਜਦੋਂ ਕਿਸੇ ਨੂੰ ਦੁੱਖੀ ਕਰਕੇ ਆਨੰਦ ਮਾਣਦੇ ਹਾਂ ਤਾਂ ਐਸਾ ਆਨੰਦ ਸਦੀਵੀ ਨਹੀਂ ਹੁੰਦਾ ਅਤੇ ਨਾ ਹੀ ਸਾਡੇ ਜੀਵਨ ਦਾ ਹਿੱਸਾ ਹੀ ਬਣਦਾ ਹੈ। ਅਸੀਂ ਆਪਣੇ ਅੰਦਰ ਬੈਠੇ ਰੱਬ ਦੀ ਸਲਾਹ ਲੈ ਕੇ ਤੁਰਨਾ ਹੈ।

ਅਸੀਂ ਦੁਨੀਆਂ ਦੀਆਂ ਨਿਆਮਤਾਂ ਪਾ ਕੇ ਅੰਦਰ ਵਸਦੇ ਰੱਬ ਨੂੰ ਭੁੱਲ ਜਾਂਦੇ ਹਾਂ, ਤਾਂ ਅਸੀਂ ਗ਼ਲਤ ਹਾਂ। ਅਸੀਂ ਸਦਾ ਹੀ ਰੱਬ ਨੂੰ ਯਾਦ ਰੱਖਣਾ ਹੈ ਅਤੇ ਹਮੇਸ਼ਾਂ ਹੀ ਐਸੀਆਂ ਕਾਰਵਾਈਆਂ ਕਰਨੀਆਂ ਹਨ ਜੋ ਰੱਬ ਨੂੰ ਭਾਉਂਦੀਆਂ ਹਨ। ਰੱਬ ਭਾਉਂਦੀਆਂ ਕਾਰਵਾਈਆਂ ਸਾਨੂੰ ਆਨੰਦ ਦਿੰਦੀਆਂ ਹਨ ਅਤੇ ਕਿਸੇ ਲਈ ਦੁੱਖ ਦਾ ਕਾਰਨ ਵੀ ਨਹੀਂ ਬਣਦੀਆਂ। ਅਸੀਂ ਭਲੀ-ਭਾਂਤ ਜਾਣਦੇ ਹਾਂ ਕਿ ਅਸੀਂ ਜੋ ਕੁਝ ਵੀ ਕਰ ਰਹੇ ਹਾਂ ਇਹ ਕਿਸ ਲਈ ਦੁੱਖ ਦਾ ਕਾਰਨ ਬਣ ਗਿਆ ਹੈ। ਕੋਈ ਆਖੇ ਕਿ ਮੈਂ ਐਸੇ ਭੇਤ ਨਹੀਂ ਜਾਣਦਾ ਤਾਂ ਉਹ ਗ਼ਲਤ ਹੈ। ਹਰੇਕ ਆਦਮੀ ਨੂੰ ਸਮਝ ਹੈ ਕਿ ਮੈਂ ਕਿਸ ਦੇ ਦੁੱਖਾਂ ਉੱਤੇ ਆਪਣੇ ਮਹਿਲ ਉਸਾਰ ਰਿਹਾ ਹਾਂ। ਅਗਰ ਅਸੀਂ ਆਪਣੇ ਅੰਦਰੋਂ ਉੱਠੀ ਇਸ ਆਵਾਜ਼ ਨੂੰ ਸੁਣ ਲੈਂਦੇ ਹਾਂ ਅਤੇ ਆਪਣੀਆਂ ਗਤੀਵਿਧੀਆਂ ਨੂੰ ਨਵੀਂ ਸੇਧ ਦੇਣ ਦਾ ਕੰਮ ਸ਼ੁਰੂ ਕਰੀਏ ਤਾਂ ਅਸੀਂ ਸਦਾ ਹੀ ਆਨੰਦਮਈ ਜੀਵਨ ਬਸਰ ਕਰ ਸਕਦੇ ਹਾਂ। ਸਾਡੀ ਭਟਕਣ ਖ਼ਤਮ ਹੋ ਸਕਦੀ ਹੈ।

## ਰੱਬ ਹੀ ਭੇਜਦਾ ਹੈ ਅਤੇ ਰੱਬ ਹੀ ਬੁਲਾਉਂਦਾ ਹੈ

ਦੁਨੀਆਂ ਭਰ ਦੇ ਲੋਕਾਂ ਨੇ ਇਹ ਗੱਲ ਸਵੀਕਾਰ ਕਰ ਲਈ ਹੈ ਕਿ ਅਸੀਂ ਰੱਬ ਦੇ ਹੁਕਮ ਨਾਲ ਇਸ ਦੁਨੀਆਂ ਵਿੱਚ ਆਉਂਦੇ ਹਾਂ ਅਤੇ ਜਦੋਂ ਰੱਬ ਚਾਹੁੰਦਾ ਹੈ, ਉਹ ਸਾਨੂੰ ਵਾਪਸ ਬੁਲਾ ਲੈਂਦਾ ਹੈ ਅਤੇ ਅਸੀਂ ਇਸ ਵਾਪਸ ਬੁਲਾਵੇ ਨੂੰ ਮੌਤ ਆਖਦੇ ਹਾਂ। ਮੌਤ ਯਕੀਨੀ ਸਵੀਕਾਰ ਕਰ ਲਈ ਗਈ ਹੈ। ਕੁਝ ਲੋਕੀਂ ਐਸਾ ਵਿਸ਼ਵਾਸ ਨਹੀਂ ਕਰਦੇ। ਐਸੇ ਲੋਕੀਂ ਆਪਣੇ ਆਪ ਨੂੰ ਨਾਸਤਿਕ ਆਖਦੇ ਹਨ। ਕੋਈ ਆਸਤਿਕ ਹੋਵੇ ਅਤੇ ਭਾਵੇਂ ਨਾਸਤਿਕ ਹੋਵੇ, ਉਹ ਆਪਣੀ ਮਰਜ਼ੀ ਨਾਲ ਇਸ ਦੁਨੀਆਂ ਵਿੱਚ ਨਹੀਂ ਆਉਂਦਾ ਅਤੇ ਨਾ ਹੀ ਉਹ ਆਪਣੀ ਮਰਜ਼ੀ ਨਾਲ ਇਸ ਦੁਨੀਆਂ 'ਚੋਂ ਵਾਪਸ ਜਾਂਦਾ ਹੈ। ਹਰ ਕੋਈ ਆਤਮਘਾਤ ਵੀ ਨਹੀਂ ਕਰਦਾ। ਆਤਮਘਾਤ ਕਰਨ ਵਾਲਿਆਂ ਨੂੰ ਵੀ ਉਤੋਂ ਹੀ ਹੁਕਮ ਆਉਂਦਾ ਹੋਵੇਗਾ।

ਸਾਨੂੰ ਕਿਸੇ ਨੂੰ ਵੀ ਇਹ ਪਤਾ ਨਹੀਂ ਹੈ ਕਿ ਸਾਡੀ ਮੌਤ ਦਾ ਕਾਰਨ ਕੀ ਬਣੇਗਾ ਅਤੇ ਸਾਡੀ ਮੌਤ ਕਿਵੇਂ ਹੋਵੇਗੀ। ਕੋਈ ਬਿਮਾਰ ਹੋ ਕੇ ਮਰ ਜਾਂਦਾ ਹੈ। ਕਿਸੇ ਦਾ ਦਿਲ ਫ਼ੇਲ੍ਹ ਹੋ ਜਾਂਦਾ ਹੈ। ਕੋਈ ਹਾਦਸੇ ਵਿੱਚ ਮਰ ਜਾਂਦਾ ਹੈ। ਕਿਸੇ ਦਾ ਕਤਲ ਕਰ ਦਿੱਤਾ ਜਾਂਦਾ ਹੈ। ਕਿਸੇ ਨੂੰ ਫਾਂਸੀ ਦੀ ਸਜ਼ਾ ਹੋ ਜਾਂਦੀ ਹੈ ਅਤੇ ਅਸੀਂ ਦੇਖਦੇ ਹਾਂ ਕੋਈ ਆਤਮਘਾਤ ਕਰਕੇ ਮਰ ਜਾਂਦੇ ਹਨ। ਅਸੀਂ ਐਸੇ ਬੰਦੇ ਵੀ ਦੇਖੇ ਹਨ ਜੋ ਬੇਹੋਸ਼ੀ ਦੀ ਹਾਲਤ ਵਿੱਚ ਸਾਲਾਂ ਬੱਧੀ ਮੰਜੇ ਉੱਤੇ ਪਏ ਰਹਿੰਦੇ ਹਨ। ਸੋ ਮਰਨਾ ਸਭ ਨੇ ਹੈ। ਮੌਤ ਦਾ ਕਾਰਨ ਵੱਖਰਾ ਹੋ ਸਕਦਾ ਹੈ। ਇਸ ਲਈ ਅਸੀਂ ਮੌਤ ਨੂੰ ਯਾਦ ਰੱਖ ਕੇ ਆਪਣੇ ਜੀਵਨ ਨੂੰ ਸੇਧ ਦੇਣੀ ਹੈ। ਅਗਰ ਅਸੀਂ ਇਹ ਵਿਸ਼ਵਾਸ ਕਰ ਲੈਂਦੇ ਹਾਂ ਕਿ ਅੱਗੇ ਜਾ ਕੇ ਰੱਬ ਸਾਡੇ ਪਾਸੋਂ ਸਾਡੇ ਕੀਤੇ ਕਰਮਾਂ ਦਾ ਹਿਸਾਬ ਮੰਗੇਗਾ, ਤਾਂ ਇਸ ਡਰ ਸਦਕਾ ਅਸੀਂ ਮਾੜੇ ਕੰਮ ਕਰਨ ਤੋਂ ਗੁਰੇਜ਼ ਕਰ ਸਕਦੇ ਹਾਂ ਅਤੇ ਐਸੀ ਸੋਚ ਅਪਨਾਉਣ ਦਾ ਲਾਭ ਹੀ ਲਾਭ ਹੋਵੇਗਾ ? ਐਸੀ ਸੋਚ ਅਪਨਾਉਣ ਵਾਲਾ ਆਦਮੀ ਬਿਹਤਰ ਇਨਸਾਨ ਬਣ ਸਕਦਾ ਹੈ।

## ਮਿਲਾਪ ਅਤੇ ਵਿਛੋੜਾ

ਅਸੀਂ ਬਹੁਤ ਸਾਰੇ ਲੋਕਾਂ ਨੂੰ ਮਿਲਦੇ ਹਾਂ। ਬਹੁਤ ਸਾਰੇ ਲੋਕੀਂ ਵਿਛੜ ਜਾਂਦੇ ਹਨ। ਇਹ ਸੰਸਾਰ ਬਹੁਤ ਵੱਡਾ ਹੈ। ਕੁਝ ਲੋਕੀਂ ਮਰ ਜਾਂਦੇ ਹਨ। ਅਸੀਂ ਉਨ੍ਹਾਂ ਨੂੰ ਮੁੜ ਕੇ ਨਹੀਂ ਮਿਲਦੇ। ਕਈ ਲੋਕੀਂ ਸਾਡੇ ਨਾਲੋਂ ਰੁੱਸ ਜਾਂਦੇ ਹਨ, ਮੁੜ ਕੇ ਸਾਡੇ ਵੱਲ ਦੇਖਦੇ ਹੀ ਨਹੀਂ। ਕੁਝ ਲੋਕੀਂ ਸਾਡੇ ਦੁਸ਼ਮਣ ਬਣ ਜਾਂਦੇ ਹਨ। ਕੁਝ ਲੋਕੀਂ ਐਸੇ ਵੀ ਹਨ ਜਿਨ੍ਹਾਂ ਨਾਲ ਸਾਡੀ ਮੁਲਾਕਾਤ ਬਹੁਤ ਹੀ ਥੋੜ੍ਹਾ ਸਮਾਂ ਹੁੰਦੀ ਹੈ। ਮੁੜ ਕੇ ਨਾ ਉਹ ਸਾਨੂੰ ਕਦੀ ਮਿਲਦੇ ਹਨ ਅਤੇ ਨਾ ਹੀ ਅਸੀਂ ਐਸਾ ਮੌਕਾ ਹਾਸਲ ਕਰ ਸਕਦੇ ਹਾਂ।

ਅਸੀਂ ਜਿਸ ਕਿਸੇ ਨੂੰ ਵੀ ਮਿਲਦੇ ਹਾਂ, ਦੋ ਚਾਰ ਗੱਲਾਂ ਕਰਦੇ ਹਾਂ ਤਾਂ ਅਸੀਂ ਇਕ ਪ੍ਰਭਾਵ ਛੱਡ ਜਾਂਦੇ ਹਾਂ। ਇਹ ਸਾਡੇ ਵਤੀਰੇ ਤੱਕ ਹੈ ਕਿ ਉਹ ਬੰਦਾ ਸਾਨੂੰ ਕੈਸੀਆਂ ਭਾਵਨਾਵਾਂ ਨਾਲ ਯਾਦ ਕਰਿਆ ਕਰੇਗਾ। ਅਸੀਂ ਅਗਰ ਵਧੀਆ ਢੰਗ ਨਾਲ ਪੇਸ਼ ਆਉਂਦੇ ਹਾਂ ਤਾਂ ਬੇਸ਼ੱਕ ਉਹ ਸਾਨੂੰ ਕਦੀ ਵੀ ਨਾ ਮਿਲੇ, ਸਾਡੇ ਲਈ ਵਧੀਆ ਭਾਵਨਾਵਾਂ ਰੱਖਦਾ ਰਵੇਗਾ ਅਤੇ ਸਾਡੇ ਬਾਰੇ ਕਈਆਂ ਨਾਲ ਗੱਲ ਕਰੇਗਾ। ਹਰ ਕਿਸੇ ਨਾਲ ਸਾਡੀ ਮਿਲਣੀ ਵਧੀਆ ਹੋਣੀ ਚਾਹੀਦੀ ਹੈ ਭਾਵੇਂ ਉਹ ਕਿਤਨਾ ਹੀ ਅਜਨਬੀ ਕਿਉਂ ਨਾ ਹੋਵੇ ? ਅਸੀਂ ਇਕ ਵਧੀਆ ਯਾਦ ਛੱਡ ਕੇ ਜਾਣੀ ਹੈ।

## ਅਸੀਂ ਵਧੀਆ ਕੰਮਾਂ ਦੀ ਪੂੰਜੀ ਇਕੱਠੀ ਕਰਨੀ ਹੈ

ਅਸੀਂ ਅਗਰ ਸੰਸਾਰ ਦੇ ਅੱਜ ਤੱਕ ਬੀਤੇ ਇਤਿਹਾਸ ਉੱਤੇ ਨਜ਼ਰ ਮਾਰਦੇ ਹਾਂ ਤਾਂ ਅਸੀਂ ਉਨ੍ਹਾਂ ਲੋਕਾਂ ਨੂੰ ਬਹੁਤ ਹੀ ਪਿਆਰ ਅਤੇ ਸਤਿਕਾਰ ਦੀਆਂ ਭਾਵਨਾਵਾਂ ਨਾਲ ਯਾਦ ਕਰਦੇ ਹਾਂ ਜੋ ਵਧੀਆ ਕੰਮ ਕਰ ਗਏ ਹਨ ਅਤੇ ਸਦੀਆਂ ਬੀਤ ਜਾਣ ਬਾਅਦ ਵੀ ਅਸੀਂ ਉਨ੍ਹਾਂ ਦੀਆਂ ਆਖੀਆਂ ਗੱਲਾਂ ਪਸੰਦ ਕਰਦੇ ਹਾਂ ਅਤੇ ਉਹ ਜੋ ਖੋਜਾਂ ਕਰਕੇ ਇਸ ਦੁਨੀਆਂ ਲਈ ਛੱਡ ਗਏ ਹਨ, ਉਨ੍ਹਾਂ ਦਾ ਆਨੰਦ ਅਸੀਂ ਅਤੇ ਬਾਕੀ ਦੁਨੀਆਂ ਵਾਲੇ ਮਾਣ ਰਹੇ ਹਾਂ। ਜੋ ਲੋਕੀਂ ਪੈਸਾ ਇਕੱਠਾ ਕਰਦੇ ਰਹੇ ਹਨ, ਲੋਕਾਂ ਲਈ ਦੁੱਖ ਦਾ ਕਾਰਨ ਬਣਦੇ ਰਹੇ ਹਨ, ਉਹ ਇਤਿਹਾਸ ਦੇ ਪੰਨਿਆਂ ਉੱਤੇ ਪਹਿਲਾਂ ਤਾਂ ਚੜ੍ਹੇ ਹੀ ਨਹੀਂ ਹਨ ਅਤੇ ਅਗਰ ਕਿਧਰੇ ਉਨ੍ਹਾਂ ਦਾ ਨਾਮ ਆਉਂਦਾ ਵੀ ਹੈ ਤਾਂ ਅਸੀਂ ਬਹੁਤ ਹੀ ਨਫ਼ਰਤ ਭਰੇ ਦਿਲ ਨਾਲ ਉਨ੍ਹਾਂ ਨੂੰ ਯਾਦ ਕਰਦੇ ਹਾਂ।

ਅਸੀਂ ਵੀ ਵਧੀਆ ਕੰਮ ਦੀ ਪੂੰਜੀ ਇਕੱਠੀ ਕਰਨੀ ਹੈ ਅਤੇ ਬਾਹਰੀ ਪੈਸਾ ਕਮਾਉਣਾ ਔਖਾ ਹੈ। ਚੰਗੇ ਕੰਮਾਂ ਦੀ ਪੂੰਜੀ ਇਕੱਠੀ ਕਰਨਾ ਸਾਡੇ ਵੱਸ ਦੀ ਗੱਲ ਹੈ ਅਤੇ ਅਸੀਂ ਚੰਗੇ ਕੰਮਾਂ ਦੀ ਪੂੰਜੀ ਇਕੱਠੀ ਕਰਨ ਦਾ ਸਿਲਸਿਲਾ ਜਾਰੀ ਕਰਨਾ ਹੈ ਅਤੇ ਇਸ ਪੂੰਜੀ ਨੂੰ ਇਕੱਠਾ ਕਰਨ ਲਈ ਸਾਨੂੰ ਕਿਸੇ ਬਾਹਰੀ ਮੱਦਦ ਦੀ ਜ਼ਰੂਰਤ ਵੀ ਨਹੀਂ ਪੈਂਦੀ। ਬੱਸ ਅਸੀਂ ਆਪਣੇ ਆਪ ਨੂੰ ਹੁਕਮ ਦੇਣਾ ਹੈ। ਇਹ ਕੰਮ ਅੱਜ ਹੀ ਸ਼ੁਰੂ ਕੀਤਾ ਜਾ ਸਕਦਾ ਹੈ।

## ਲੋਕਾਂ ਲਈ ਰਾਹ-ਦਸੇਰਾ ਬਣੋ

ਅਗਰ ਸਾਨੂੰ ਸਹੀ ਮਾਰਗ ਦਾ ਗਿਆਨ ਹੋ ਆਇਆ ਹੈ ਅਤੇ ਸਾਨੂੰ ਵਿਸ਼ਵਾਸ ਵੀ ਬਣ ਆਇਆ ਹੈ ਕਿ ਅਸੀਂ ਸਹੀ ਹਾਂ, ਤਾਂ ਸਾਡਾ ਇਹ ਫ਼ਰਜ਼ ਬਣਦਾ ਹੈ ਕਿ ਜੋ ਗਿਆਨ ਸਾਨੂੰ ਹੋ ਆਇਆ ਹੈ ਉਹ ਗਿਆਨ ਸਾਡੇ ਤੱਕ ਹੀ ਸੀਮਤ ਹੋ ਕੇ ਨਾ ਰਹਿ ਜਾਵੇ। ਅਸੀਂ ਉਹ ਗਿਆਨ ਆਪਣੇ ਆਲੇ-ਦੁਆਲੇ ਵਸਦੇ ਸਾਰੇ ਲੋਕਾਂ ਤੱਕ ਪੁਚਾਉਣਾ ਹੈ। ਅਗਰ

ਸਾਡੇ ਪਾਸ ਵਸੀਲੇ ਮੌਜੂਦ ਹਨ ਤਾਂ ਅਸੀਂ ਉਹ ਗਿਆਨ ਦੁਨੀਆਂ ਭਰ ਦੇ ਲੋਕਾਂ ਤੱਕ ਪੁਚਾਉਣਾ ਹੈ। ਇਹ ਕੁਦਰਤ ਦੀ ਬਖ਼ਸ਼ਿਸ਼ ਹੋਈ ਹੈ ਕਿ ਸਾਨੂੰ ਗਿਆਨ ਪ੍ਰਾਪਤ ਹੋਇਆ ਹੈ। ਅਸੀਂ ਇਹ ਗਿਆਨ ਆਪਣੇ ਆਪ ਤੱਕ ਹੀ ਸੀਮਤ ਨਹੀਂ ਰੱਖਣਾ।

ਇਹ ਸਿਰਫ਼ ਸਾਡੇ ਲਈ ਹੀ ਸਾਡੇ ਅੰਦਰ ਪੈਦਾ ਨਹੀਂ ਹੋਇਆ ਹੈ। ਇਸ ਗਿਆਨ ਨੂੰ ਪ੍ਰਾਪਤ ਕਰਨ ਲਈ ਦੁਨੀਆਂ ਭਰ ਦੇ ਲੋਕੀਂ ਹੱਕਦਾਰ ਹਨ। ਅੱਜ ਦੁਨੀਆਂ ਅੰਦਰ ਜੋ ਵੀ ਕਾਢਾਂ ਹਨ, ਖੋਜਾਂ ਹਨ ਜਾਂ ਅਵਿਸ਼ਕਾਰ ਹਨ, ਇਹ ਰੱਬ ਵੱਲੋਂ ਦਿੱਤੇ ਗਏ ਗਿਆਨ ਦਾ ਕ੍ਰਿਸ਼ਮਾ ਹਨ ਅਤੇ ਜਿਨ੍ਹਾਂ ਵੀ ਬੰਦਿਆਂ ਨੂੰ ਰੱਬ ਨੇ ਇਹ ਗਿਆਨ ਦਿੱਤਾ ਸੀ, ਉਨ੍ਹਾਂ ਨੇ ਆਪਣੇ ਆਪ ਤੱਕ ਸੀਮਤ ਨਹੀਂ ਰੱਖਿਆ, ਬਲਕਿ ਆਪਣਾ ਗਿਆਨ ਉਹ ਦੁਨੀਆਂ ਦੇ ਲੋਕਾਂ ਨਾਲ ਸਾਂਝਾ ਕਰਦੇ ਰਹੇ ਹਨ ਅਤੇ ਅੱਜ ਅਸੀਂ ਦੁਨੀਆਂ ਭਰ ਦੇ ਲੋਕੀਂ ਉਨ੍ਹਾਂ ਲੋਕਾਂ ਦੀਆਂ ਘਾਲੀਆਂ ਘਾਲਣਾਂ ਸਦਕਾ ਆਨੰਦ ਮਾਣ ਰਹੇ ਹਾਂ।

ਅਗਰ ਤੁਹਾਨੂੰ ਪਰਮ ਪਿਤਾ ਪ੍ਰਮਾਤਮਾ ਅਤੇ ਆਤਮਾ ਦਾ ਗਿਆਨ ਹੋ ਗਿਆ ਹੈ ਤਾਂ ਇਹ ਗੱਲਾਂ ਵੀ ਅਸੀਂ ਸਾਰੀ ਮਨੁੱਖਤਾ ਨਾਲ ਸਾਂਝੀਆਂ ਕਰਨੀਆਂ ਹਨ।

## ਝੂਠ ਸੱਚ ਨੂੰ ਜਨਮ ਨਹੀਂ ਦਿੰਦਾ

ਹਜ਼ਾਰਾਂ-ਲੱਖਾਂ ਵਾਰੀ ਝੂਠ ਬੋਲ ਕੇ ਵੀ ਅਸੀਂ ਝੂਠ ਨੂੰ ਸੱਚ ਵਿੱਚ ਬਦਲ ਨਹੀਂ ਸਕਦੇ। ਇਸੇ ਤਰ੍ਹਾਂ ਸੱਚ ਨੂੰ ਛੁਪਾਉਣ ਲਈ ਅਸੀਂ ਹਜ਼ਾਰਾਂ ਵਾਰੀ ਝੂਠ ਪਏ ਬੋਲੀਏ, ਸੱਚ ਅਟਲ ਰਹਿੰਦਾ ਹੈ, ਬਦਲਿਆ ਨਹੀਂ ਜਾ ਸਕਦਾ ਅਤੇ ਸੱਚ ਨੂੰ ਕਿਤਨਾ ਹੀ ਛੁਪਾਉਂਦੇ ਫਿਰੋ, ਸੱਚ ਇਕ ਨਾ ਇਕ ਦਿਨ ਪ੍ਰਗਟ ਹੋ ਆਉਂਦਾ ਹੈ। ਅਸੀਂ ਸੱਚ ਬੋਲਣ ਦਾ ਅਭਿਆਸ ਕਰਨਾ ਹੈ। ਜਦੋਂ ਅਸੀਂ ਸੱਚ ਬੋਲਣ ਦਾ ਅਭਿਆਸ ਕਰਨਾ ਹੈ ਤਾਂ ਅਸੀਂ ਆਪ ਝੂਠ ਤੋਂ ਦੂਰ ਹੁੰਦੇ ਜਾਵਾਂਗੇ। ਸਾਨੂੰ ਇਹੀ ਖ਼ਤਰਾ ਬਣਿਆ ਰਵੇਗਾ ਕਿ ਅਸੀਂ ਸੱਚ ਨੂੰ ਝੂਠ ਵਿੱਚ ਕਿਵੇਂ ਬਦਲਾਂਗੇ ?

ਇਹ ਡਰ ਹੀ ਸਾਡੇ ਜੀਵਨ ਨੂੰ ਨਵੀਂ ਸੇਧ ਦੇਣ ਲੱਗ ਪਵੇਗਾ। ਸੱਚ ਬੋਲਣ ਵਾਲਾ ਆਦਮੀ ਦਲੇਰ ਹੋ ਜਾਂਦਾ ਹੈ, ਉਹ ਡਰਦਾ ਨਹੀਂ ਹੈ। ਝੂਠ ਦਾ ਜਨਮ ਹਮੇਸ਼ਾਂ ਡਰ ਵਿੱਚ ਹੁੰਦਾ ਹੈ। ਸੱਚ ਦਲੇਰੀ ਨੂੰ ਜਨਮ ਦਿੰਦਾ ਹੈ ਅਤੇ ਝੂਠ ਨਾਲ ਬੰਦਾ ਕਮਜ਼ੋਰ ਹੋ ਜਾਂਦਾ ਹੈ, ਡਰਾਕਲ ਹੋ ਜਾਂਦਾ ਹੈ ਅਤੇ ਸਵੈ-ਵਿਸ਼ਵਾਸ ਵੀ ਖੋਹ ਬੈਠਦਾ ਹੈ। ਸੱਚਾਈ ਨੂੰ ਛੁਪਾਉਣ ਲਈ ਵਿਉਂਤਾਂ ਬਣਾਉਂਦਾ ਆਪਣਾ ਸਮਾਂ ਨਸ਼ਟ ਕਰਨ ਲੱਗ ਪੈਂਦਾ ਹੈ। ਅਸੀਂ ਇਸ ਝੂਠ ਦੇ ਚੱਕਰ ਤੋਂ ਬਚਣਾ ਹੈ।

## ਮਾਸ ਖਾਣਾ ਛੱਡ ਦਿਓ

ਅਸੀਂ ਮਾਸ ਤੋਂ ਹੀ ਪੈਦਾ ਹੋਏ ਹਾਂ, ਫਿਰ ਅਸੀਂ ਮਾਸ ਕਿਉਂ ਖਾਂਦੇ ਹਾਂ ? ਮਾਸ ਖਾਣਾ ਸਾਡੇ ਲਈ ਕਿਸੇ ਤਰ੍ਹਾਂ ਜਾਇਜ਼ ਨਹੀਂ ਹੈ। ਹਰ ਕੋਈ ਜਾਣਦਾ ਹੈ ਕਿ ਸਾਡਾ ਪੇਟ ਮਾਸ ਹਜ਼ਮ ਕਰਨ ਲਈ ਨਹੀਂ ਬਣਿਆ ਹੋਇਆ। ਮਾਸ ਹਜ਼ਮ ਕਰਨ ਲਈ ਸਾਨੂੰ ਕਈ ਉਪਰਾਲੇ ਕਰਨੇ ਪੈਂਦੇ ਹਨ, ਫਿਰ ਵੀ ਮਾਸ ਪੂਰੇ ਦਾ ਪੂਰਾ ਹਜ਼ਮ ਨਹੀਂ ਹੁੰਦਾ। ਮਾਸ ਸਾਡੇ ਪੇਟ ਦੀਆਂ ਅੰਤੜੀਆਂ ਉੱਤੇ ਬੋਝ ਪਾਉਂਦਾ ਹੈ, ਅੰਤੜੀਆਂ ਕਮਜ਼ੋਰ ਕਰਦਾ ਹੈ ਅਤੇ ਅਸੀਂ ਹਲਕੇ ਫੁਲਕੇ ਨਹੀਂ ਰਹਿੰਦੇ। ਮਾਸ ਖਾਣੇ ਲੋਕਾਂ ਦੀ ਉਮਰ ਵੀ ਘੱਟ ਜਾਂਦੀ ਹੈ। ਮਾਸ ਖਾਣੇ ਲੋਕਾਂ ਦੀ ਬਿਰਤੀ ਵੀ ਖ਼ਰਾਬ ਹੋ ਜਾਂਦੀ ਹੈ। ਜੀਵ ਦਾ ਕਤਲ ਕਰਨਾ ਸਾਡੀ ਸੋਚ

ਬਦਲ ਦਿੰਦਾ ਹੈ। ਅਸੀਂ ਦਇਆ ਤੋਂ ਮੁਕਤ ਹੋ ਜਾਂਦੇ ਹਾਂ। ਅਸੀਂ ਜ਼ਾਲਮ ਬਣ ਜਾਂਦੇ ਹਾਂ। ਜਿਸ ਆਦਮੀ ਅੰਦਰ ਦਇਆ ਨਹੀਂ ਹੈ ਉਹ ਕਿਸੇ ਨਾਲ ਪਿਆਰ ਨਹੀਂ ਕਰ ਸਕਦਾ, ਕਿਸੇ ਦੀ ਮੱਦਦ ਨਹੀਂ ਕਰ ਸਕਦਾ, ਕਿਸੇ ਨਾਲ ਸਾਂਝ ਨਹੀਂ ਪਾ ਸਕਦਾ, ਉਸ ਦੀਆਂ ਬਿਰਤੀਆਂ ਜਾਨਵਰਾਂ ਵਰਗੀਆਂ ਹੋ ਸਕਦੀਆਂ ਹਨ ਅਤੇ ਸੱਚ ਤਾਂ ਇਹ ਹੈ ਕਿ ਮਾਸ ਖਾਣ ਵਾਲੇ ਬੰਦੇ ਨੂੰ ਇਨਸਾਨ ਬਣਨ ਲਈ ਸੌ ਉਪਰਾਲੇ ਕਰਨੇ ਪੈਂਦੇ ਹਨ। ਫਿਰ ਵੀ ਉਹ ਇਨਸਾਨ ਬਣ ਜਾਵੇਗਾ, ਇਹ ਗੱਲ ਸ਼ਕੀ ਹੈ।

## ਪਾਪ ਦੀ ਜੰਗ

ਜਦੋਂ ਅਸੀਂ ਕਿਸੇ ਕਮਜ਼ੋਰ ਉੱਤੇ ਹਮਲਾ ਕਰਕੇ ਉਸ ਉੱਤੇ ਜਿੱਤ ਪ੍ਰਾਪਤ ਕਰਕੇ ਉਸ ਨੂੰ ਆਪਣਾ ਗ਼ੁਲਾਮ ਬਣਾਉਂਦੇ ਹਾਂ ਤਾਂ ਅਸੀਂ ਪਾਪੀ ਹਾਂ। ਸਾਨੂੰ ਰੱਬ ਨੇ ਐਸਾ ਅਧਿਕਾਰ ਨਹੀਂ ਦਿੱਤਾ ਹੈ। ਅਸੀਂ ਤਾਂ ਇਸ ਪਰਿਵਾਰ ਦੇ ਮੈਂਬਰ ਹਾਂ ਅਤੇ ਦੁਨੀਆਂ ਦਾ ਹਰੇਕ ਆਦਮੀ ਸਾਡਾ ਰਿਸ਼ਤੇਦਾਰ ਹੈ। ਅਸੀਂ ਉਸ ਨਾਲ ਦੋਸਤੀ ਪਾਉਣੀ ਹੈ, ਉਸ ਦਾ ਪਿਆਰ ਪ੍ਰਾਪਤ ਕਰਨਾ ਹੈ ਅਤੇ ਜਦੋਂ ਸਾਡੀਆਂ ਕਾਰਵਾਈਆਂ ਆਮ ਆਦਮੀ ਲਈ ਦੁੱਖ ਅਤੇ ਦਰਦ ਪੈਦਾ ਕਰਦੀਆਂ ਹਨ ਤਾਂ ਸਮਝੋ ਅਸੀਂ ਪਾਪੀ ਹਾਂ ਅਤੇ ਅਸੀਂ ਉਸ ਧਰਮ ਦੀ ਵੀ ਤੌਹੀਨ ਕਰ ਰਹੇ ਹਾਂ ਜਿਸ ਧਰਮ ਵਿੱਚ ਅਸੀਂ ਵਿਸ਼ਵਾਸ ਰੱਖਦੇ ਹਾਂ। ਕਿਸੇ ਧਰਮ ਨੇ ਅੱਜ ਤੱਕ ਇਹ ਨਹੀਂ ਆਖਿਆ ਕਿ ਕਿਸੇ ਹੋਰ ਬੰਦੇ ਉੱਤੇ ਜ਼ੁਲਮ ਕਰੋ, ਉਸ ਦਾ ਜਿਊਣਾ ਹਰਾਮ ਕਰ ਦਿਉ ਅਤੇ ਸੁੱਖੀ ਸਾਂਦੀ ਵਸਦੇ ਆਦਮੀ ਦਾ ਜੀਵਨ ਨਰਕੀ ਬਣਾ ਕੇ ਰੱਖ ਦਿਓ।

## ਰੱਬ ਸਰੇਸ਼ਟ ਹੈ

ਅਸੀਂ ਦੁਨੀਆਂ ਭਰ ਦੇ ਲੋਕੀਂ, ਸਾਰੀ ਕੁਦਰਤ ਤੇ ਇਹ ਸਾਰਾ ਬ੍ਰਹਿਮੰਡ ਰੱਬ ਦੇ ਸਾਜੇ ਹੋਏ ਹਾਂ। ਉਹ ਆਪ ਸਾਡੇ ਵਿੱਚ ਵਸਦਾ ਹੈ, ਅਸੀਂ ਸਾਰੇ ਉਸ ਦੇ ਹਿੱਸੇ ਹਾਂ। ਅਗਰ ਅਸੀਂ ਸਾਰੀ ਦੁਨੀਆਂ ਦੇ ਜੀਵ, ਕੁਦਰਤ ਅਤੇ ਇਹ ਬ੍ਰਹਿਮੰਡ ਵੀ ਮਿਲ ਜਾਈਏ ਤਾਂ ਉਸ ਕਰਤਾ ਦੀ ਬਰਾਬਰਤਾ ਨਹੀਂ ਕਰ ਸਕਦੇ। ਅਸੀਂ ਤਾਂ ਉਸ ਦੇ ਹਿੱਸੇ ਹਾਂ। ਇਕ ਹਿੱਸਾ ਰੱਬ ਵਰਗਾ ਤਾਂ ਹੋ ਸਕਦਾ ਹੈ ਪਰ ਸੰਪੂਰਨ ਰੱਬ ਨਹੀਂ ਬਣ ਸਕਦਾ। ਅਸੀਂ ਰੱਬ ਦੀ ਸਰੇਸ਼ਟਤਾ ਨੂੰ ਕਬੂਲਣਾ ਹੈ।

## ਜੋ ਕੁਝ ਮੰਗਣਾ ਹੈ ਰੱਬ ਤੋਂ ਮੰਗੋ

ਰੱਬ ਸਾਥੋਂ ਦੂਰ ਨਹੀਂ ਹੈ। ਦੁਨੀਆਂ ਭਰ ਦੇ ਲੋਕਾਂ ਨੇ ਸਵੀਕਾਰ ਕਰ ਲਿਆ ਹੈ ਕਿ ਰੱਬ ਸਾਡੇ ਅੰਦਰ ਵਸਦਾ ਹੈ। ਅਸੀਂ ਜਦ ਵੀ ਚਾਹੀਏ ਰੱਬ ਨਾਲ ਗੱਲਾਂ ਕਰ ਸਕਦੇ ਹਾਂ, ਆਪਣੀਆਂ ਤਕਲੀਫ਼ਾਂ ਉਸ ਨਾਲ ਸਾਂਝੀਆਂ ਕਰ ਸਕਦੇ ਹਾਂ। ਆਪਣੀਆਂ ਮੰਗਾਂ ਉਸ ਸਾਹਮਣੇ ਰੱਖ ਸਕਦੇ ਹਾਂ। ਉਹ ਉਦੋਂ ਹੀ ਦੱਸ ਵੀ ਦਿੰਦਾ ਹੈ ਕਿ ਸਾਡੀਆਂ ਮੰਗਾਂ ਜਾਇਜ਼ ਹਨ ਜਾਂ ਅਸੀਂ ਐਵੇਂ ਹੀ ਵਧਾ ਚੜ੍ਹਾ ਕੇ ਉਸ ਪਾਸੋਂ ਮੰਗ ਰਹੇ ਹਾਂ। ਰੱਬ ਨੇ ਸਾਡਾ ਇਕ ਵਜੂਦ ਸਿਰਜਿਆ ਹੈ ਅਤੇ ਸਾਡੀਆਂ ਮੰਗਾਂ ਇਸ ਵਜੂਦ ਦੇ ਅੰਦਰ-ਅੰਦਰ ਹੋਣ ਤਾਂ ਰੱਬ ਪ੍ਰਵਾਨ ਕਰਦਾ ਹੈ। ਜਦੋਂ ਅਸੀਂ ਚਾਦਰ ਦੇਖ ਕੇ ਪੈਰ ਨਹੀਂ ਪਸਾਰਦੇ ਤਾਂ ਰੱਬ ਸਾਡੀਆਂ ਉਮੰਗਾਂ ਪੂਰੀਆਂ ਨਹੀਂ ਕਰਦਾ।

ਅਸੀਂ ਜਦੋਂ ਰੱਬ ਨਾਲ ਗੱਲਾਂ ਕਰਦੇ ਹਾਂ ਤਾਂ ਇਹ ਸਾਰਾ ਕੁਝ ਸਪੱਸ਼ਟ ਹੋ ਆਉਂਦਾ

ਹੈ। ਸਾਨੂੰ ਆਪਣੀ ਹੋਂਦ ਦਾ ਅਹਿਸਾਸ ਹੋ ਆਉਂਦਾ ਹੈ। ਸਾਨੂੰ ਪਤਾ ਲੱਗ ਜਾਂਦਾ ਹੈ ਕਿ ਜੋ ਕੁਝ ਵੀ ਅਸੀਂ ਰੱਬ ਪਾਸੋਂ ਮੰਗ ਰਹੇ ਹਾਂ ਉਸ ਦੇ ਅਸੀਂ ਹੱਕਦਾਰ ਵੀ ਹਾਂ ਜਾਂ ਨਹੀਂ ਹਾਂ। ਰੱਬ ਤਾਂ ਸਾਡੀ ਮੱਦਦ ਕਰਦਾ ਹੈ। ਅਸੀਂ ਆਪਣੇ ਨਿਸ਼ਾਨੇ ਪ੍ਰਾਪਤ ਕਰਨ ਲਈ ਕੋਸ਼ਿਸ਼ ਆਪ ਕਰਨੀ ਹੈ। ਅਗਰ ਅਸੀਂ ਕੋਸ਼ਿਸ਼ ਨਹੀਂ ਕਰਦੇ ਤਾਂ ਰੱਬ ਵੀ ਸਾਡੀ ਮੱਦਦ ਨਹੀਂ ਕਰਦਾ।

## ਸਿਰਫ਼ ਖਾਹਿਸ਼ਾਂ ਨਹੀਂ, ਕਰਮ ਵੀ ਕਰੋ

ਮਨੁੱਖ ਅੰਦਰ ਬਹੁਤ ਸਾਰੀਆਂ ਖ਼ਾਹਿਸ਼ਾਂ ਜਨਮ ਲੈਂਦੀਆਂ ਰਹਿੰਦੀਆਂ ਹਨ। ਕੁਝ ਲੋਕੀਂ ਹਨ ਜੋ ਆਪਣੀਆਂ ਖ਼ਾਹਿਸ਼ਾਂ ਦੀ ਪੂਰਤੀ ਲਈ ਸਿਰਫ਼ ਰੱਬ ਅੱਗੇ ਅਰਦਾਸ ਕਰਨ ਦਾ ਸਿਲਸਿਲਾ ਜਾਰੀ ਕਰਦੇ ਹਨ। ਉਨ੍ਹਾਂ ਦੀਆਂ ਖ਼ਾਹਿਸ਼ਾਂ ਪੂਰੀਆਂ ਨਹੀਂ ਹੁੰਦੀਆਂ ਤਾਂ ਉਹ ਨਿਰਾਸ਼ ਹੋ ਉੱਠਦੇ ਹਨ। ਕੁਝ ਲੋਕੀਂ ਐਸੇ ਹਨ ਜੋ ਖ਼ਾਹਿਸ਼ਾਂ ਨੂੰ ਸੇਧ ਦਿੰਦੇ ਹਨ। ਖ਼ਾਹਿਸ਼ਾਂ ਪੂਰੀਆਂ ਕਰਨ ਲਈ ਯੋਜਨਾ ਬਣਾਉਂਦੇ ਹਨ, ਉਨ੍ਹਾਂ ਯੋਜਨਾਵਾਂ ਉੱਤੇ ਕੰਮ ਕਰਦੇ ਹਨ, ਮਿਹਨਤ ਕਰਦੇ ਹਨ, ਹੋਰ ਲੋਕਾਂ ਦੀ ਮੱਦਦ ਜੁਟਾਂਦੇ ਹਨ ਅਤੇ ਐਸੇ ਆਦਮੀ ਨਿਰਾਸ਼ ਨਹੀਂ ਹੁੰਦੇ। ਆਖਦੇ ਹਨ ਰੱਬ ਸਿਰਫ਼ ਉਨ੍ਹਾਂ ਲੋਕਾਂ ਦੀ ਮੱਦਦ ਕਰਦਾ ਹੈ ਜੋ ਆਪਣੀ ਮੱਦਦ ਆਪ ਕਰਦੇ ਹਨ। ਅਸੀਂ ਆਪਣੀਆਂ ਖ਼ਾਹਿਸ਼ਾਂ ਦੀ ਪੂਰਤੀ ਲਈ ਕੋਸ਼ਿਸ਼ ਕਰਨ ਦਾ ਸਿਲਸਿਲਾ ਆਪ ਜਾਰੀ ਕਰਨਾ ਹੈ। ਰੱਬ ਦੀ ਮੱਦਦ ਮੰਗਣੀ ਹੈ। ਰੱਬ ਪਾਸੋਂ ਹਿੰਮਤ ਅਤੇ ਦਲੇਰੀ ਮੰਗਣੀ ਹੈ। ਰੱਬ ਪਾਸੋਂ ਉਤਸ਼ਾਹ ਪ੍ਰਾਪਤ ਕਰਨਾ ਪੈਂਦਾ ਹੈ। ਜੋ ਲੋਕੀਂ ਆਪ ਕੁਝ ਕਰ ਦਿਖਾਉਣ ਦਾ ਸਿਲਸਿਲਾ ਜਾਰੀ ਕਰਦੇ ਹਨ ਉਹ ਕਿਧਰੇ ਨਾ ਕਿਧਰੇ ਪੁੱਜ ਜਾਂਦੇ ਹਨ। ਅਗਰ ਅਸੀਂ ਦੁਨੀਆਂ ਦੇ ਕਾਮਯਾਬ ਬੰਦਿਆਂ ਦੀਆਂ ਜੀਵਨ ਕਹਾਣੀਆਂ ਪੜ੍ਹ ਕੇ ਦੇਖਦੇ ਹਾਂ ਤਾਂ ਸਾਨੂੰ ਇਹੀ ਸਬਕ ਮਿਲਦਾ ਹੈ ਕਿ ਅਸੀਂ ਸੁਪਨੇ ਜ਼ਰੂਰ ਸਿਰਜੀਏ। ਸੁਪਨੇ ਲੈਣਾ ਮਨੁੱਖ ਦੀ ਖ਼ੁਸ਼ਕਿਸਮਤੀ ਹੈ। ਅਸੀਂ ਸੁਪਨੇ ਲੈ ਸਕਦੇ ਹਾਂ ਅਤੇ ਪਰਮ ਪਿਤਾ ਪ੍ਰਮਾਤਮਾ ਨੇ ਸਾਨੂੰ ਸ਼ਕਤੀ ਵੀ ਦੇ ਰੱਖੀ ਹੈ। ਅਸੀਂ ਰੱਬ਼ ਦੀ ਦਿੱਤੀ ਸ਼ਕਤੀ ਦੀ ਪਛਾਣ ਕਰਨੀ ਹੈ, ਉਸ ਦੀ ਸਹੀ ਵਰਤੋਂ ਕਰਨੀ ਹੈ ਅਤੇ ਨਿਰਾਸ਼ ਹੋਣ ਦੀ ਬਜਾਏ ਅਸੀਂ ਆਪਣੇ ਸੁਪਨਿਆਂ ਨੂੰ ਸਾਕਾਰ ਕਰਕੇ ਦਿਖਾਉਣਾ ਹੈ। ਹਰ ਮਨੁੱਖ ਲਈ ਇਹੀ ਸਹੀ ਮਾਰਗ ਹੈ ਅਤੇ ਹਰ ਆਦਮੀ ਆਪਣੇ ਸੁਪਨਿਆਂ ਨੂੰ ਸਾਕਾਰ ਕਰਕੇ ਕਾਮਯਾਬ ਬੰਦਿਆਂ ਵਿੱਚ ਆਪਣਾ ਨਾਮ ਦਰਜ ਕਰਵਾ ਸਕਦਾ ਹੈ।

## ਜੇਕਰ ਤੂੰ ਸੁੰਦਰ ਨਾਰੀ ਹੈਂ

ਸਿਰਫ਼ ਉਹ ਸੁੰਦਰ ਨਾਰੀ ਹੈ ਜਿਸ ਅੰਦਰ ਪਿਆਰ ਵੀ ਵਸਦਾ ਹੈ। ਔਰਤ ਪਿਆਰ ਦੀ ਪ੍ਰਤੀਕ ਹੈ। ਮਾਂ ਦਾ ਪਿਆਰ, ਭੈਣ ਦਾ ਪਿਆਰ, ਪੁੱਤਰੀ ਦਾ ਪਿਆਰ, ਪਤਨੀ ਦਾ ਪਿਆਰ, ਇਹ ਸਾਰੇ ਪਿਆਰ ਦੇ ਸੋਮੇ ਔਰਤ ਅੰਦਰ ਮੌਜੂਦ ਹਨ। ਜੋ ਔਰਤ ਇਹ ਪਿਆਰ ਨਿਭਾਉਂਦੀ ਹੈ ਉਹ ਸੁੰਦਰ ਔਰਤ ਹੈ। ਸ਼ਕਲਾਂ ਸੂਰਤਾਂ ਆਪਣੀ ਥਾਂਵੇਂ ਹਨ। ਅਗਰ ਔਰਤ, ਔਰਤ ਜ਼ਿੰਮੇਂ ਆਇਆ ਪਿਆਰ ਨਿਭਾਉਣ ਦੇ ਕਾਬਲ ਨਹੀਂ ਹੈ ਤਾਂ ਸਮਝੋ ਉਸ ਦੀ ਸੁੰਦਰਤਾ ਬੇਅਰਥ਼ ਹੈ। ਹਰ ਔਰਤ ਨੇ ਆਪਣੀਆਂ ਜ਼ਿੰਮੇਂਵਾਰੀਆਂ ਸਮਝਣੀਆਂ ਹਨ ਅਤੇ ਉਹ ਜ਼ਿੰਮੇਂਵਾਰੀਆਂ ਨਿਭਾਉਣੀਆਂ ਵੀ ਹਨ, ਜਿਸ ਮਰਦ ਦੀ ਮਾਂ ਨਹੀਂ ਹੈ, ਭੈਣ ਨਹੀਂ ਹੈ, ਧੀ ਨਹੀਂ ਹੈ, ਉਸ ਦੀ ਪਤਨੀ ਇਹ ਸਾਰੀਆਂ ਜ਼ਿੰਮੇਂਵਾਰੀਆਂ ਨਿਭਾਉਂਦੀ ਹੈ।

ਇਸੇ ਕਰਕੇ ਔਰਤ ਨੂੰ ਮਰਦ ਦੀ ਸਭ ਤੋਂ ਵਧੀਆ ਸਾਥਣ ਸਵੀਕਾਰ ਕੀਤਾ ਗਿਆ ਹੈ। ਪੱਛਮੀ ਦੇਸ਼ਾਂ ਦੇ ਲੋਕੀਂ ਤਾਂ ਇਹ ਵੀ ਸਵੀਕਾਰ ਕਰਦੇ ਹਨ ਕਿ ਜੇਕਰ ਮਰਦ ਅਤੇ ਔਰਤ ਇਕ ਇਕਾਈ ਹੈ ਤਾਂ ਔਰਤ ਨੂੰ ਅੱਧ ਤੋਂ ਜ਼ਿਆਦਾ ਮਾਨਤਾ ਪ੍ਰਾਪਤ ਹੈ। ਮਰਦ ਦੇ ਜੀਵਨ ਦੀ ਪੂਰਤੀ ਔਰਤ ਬਗ਼ੈਰ ਨਹੀਂ ਹੈ। ਮਰਦ ਔਰਤ ਬਗ਼ੈਰ ਵਧੀਆ ਘਰ ਹੀ ਨਹੀਂ ਵਸਾ ਸਕਦਾ। ਔਰਤ ਬਗ਼ੈਰ ਮਰਦ ਸਮਾਜ ਅੰਦਰ ਆਪਣਾ ਅਸਥਾਨ ਨਹੀਂ ਬਣਾ ਸਕਦਾ ਪਰ ਇਹ ਸਾਰਾ ਕੁਝ ਉਦੋਂ ਹੀ ਸੰਭਵ ਹੈ ਜੇ ਉਸ ਪੱਲੇ ਪਈ ਔਰਤ ਸਿਰਫ਼ ਖ਼ੂਬਸੂਰਤ ਹੀ ਨਾ ਹੋਵੇ ਬਲਕਿ ਉਹ ਪਿਆਰ ਨਾਲ ਭਰੀ ਹੋਈ ਹੋਵੇ। ਔਰਤ ਅਗਰ ਪਿਆਰ ਦਾ ਨਾਮ ਹੈ ਤਾਂ ਉਸ ਵਿੱਚੋਂ ਪਿਆਰ ਟਪਕ-ਟਪਕ ਕੇ ਪੈਣਾ ਚਾਹੀਦਾ ਹੈ।

## ਮਨੁੱਖ ਕੋਸ਼ਿਸ਼ ਕਰੇ ਤਾਂ ਕਿ ਪਸ਼ੂ ਤੋਂ ਅੱਗੇ ਨਿਕਲ ਸਕੇ

ਅਸੀਂ ਦੇਖਦੇ ਹਾਂ ਕਿ ਪਸ਼ੂ ਵਿਚਾਰੇ ਘਾਸ-ਫੂਸ ਖਾ ਕੇ ਸਾਨੂੰ ਵਧੀਆ ਮਿੱਠਾ ਦੁੱਧ ਦਿੰਦੇ ਹਨ। ਅਸੀਂ ਅਗਰ ਦੁਨੀਆਂ ਭਰ ਦੇ ਵਧੀਆ ਪਕਵਾਨ ਖਾ ਕੇ ਵੀ ਚੰਗਿਆਈ ਨਹੀਂ ਦਿੰਦੇ ਤਾਂ ਅਸੀਂ ਪਸ਼ੂਆਂ ਨਾਲੋਂ ਕਿੱਧਰੇ ਪਿੱਛੇ ਹਾਂ, ਸਾਨੂੰ ਪਸ਼ੂਆਂ ਪਾਸੋਂ ਸਬਕ ਸਿੱਖਣਾ ਚਾਹੀਦਾ ਹੈ। ਅਸੀਂ ਕੁਦਰਤ ਰਾਣੀ ਦੀਆਂ ਦਿੱਤੀਆਂ ਹਜ਼ਾਰਾਂ ਹੀ ਨਿਆਮਤਾਂ ਦੀ ਵਰਤੋਂ ਕਰਦੇ ਹਾਂ। ਅਗਰ ਅਸੀਂ ਇਹ ਕਰਜ਼ਾ ਨਹੀਂ ਉਤਾਰਦੇ ਤਾਂ ਅਸੀਂ ਕਾਹਦੇ ਲਈ ਮਨੁੱਖ ਬਣਾਏ ਗਏ ਹਾਂ। ਅਸੀਂ ਸਮਾਜੀ ਪ੍ਰਾਣੀ ਹਾਂ, ਸਮਾਜ ਦੇ ਲੋਕਾਂ ਕਾਰਨ ਹੀ ਸਾਡੀ ਹੋਂਦ ਕਾਇਮ ਹੈ। ਅਗਰ ਅਸੀਂ ਸਮਾਜ ਪਾਸੋਂ ਸਿਰਫ਼ ਕੁਝ ਲੈਣ ਦਾ ਸਿਲਸਿਲਾ ਹੀ ਜਾਰੀ ਕੀਤਾ ਹੈ ਅਤੇ ਸਮਾਜ ਲਈ ਕੁਝ ਕਰਦੇ ਨਹੀਂ ਤਾਂ ਅਸੀਂ ਜਾਨਵਰਾਂ ਨਾਲੋਂ ਵੀ ਪਛੜੇ ਹੋਏ ਹਾਂ। ਅਸੀਂ ਦੇਖ ਰਹੇ ਹਾਂ ਕਿ ਜਿਤਨੇ ਵੀ ਜਾਨਵਰ ਹਨ, ਸਾਰੇ ਹੀ ਉਪਯੋਗੀ ਹਨ। ਸਾਰੇ ਜਾਨਵਰ ਆਦਮੀ ਦੇ ਕੰਮ ਆਉਂਦੇ ਹਨ। ਆਦਮੀ ਦਾ ਫ਼ਰਜ਼ ਬਣਦਾ ਹੈ ਕਿ ਉਹ ਵੀ ਆਦਮੀਆਂ ਦੇ ਕੰਮ ਆਵੇ। ਆਪਣੇ ਦੇਸ਼ ਦੇ ਕੰਮ ਆਵੇ, ਦੁਨੀਆਂ ਭਰ ਦੇ ਲੋਕਾਂ ਦੇ ਕੰਮ ਆਵੇ। ਆਦਮੀ ਅੰਦਰ ਜਾਨਵਰਾਂ ਨਾਲੋਂ ਜ਼ਿਆਦਾ ਗੁਣ ਹਨ ਫਿਰ ਉਹ ਪਸ਼ੂਆਂ ਤੋਂ ਪਿੱਛੇ ਕਿਉਂ ਹੈ ? ਆਦਮੀ ਸਵਾਰਥੀ ਹੈ ਅਤੇ ਇਸ ਸਵਾਰਥੀਪਣ ਤੋਂ ਆਜ਼ਾਦੀ ਪ੍ਰਾਪਤ ਨਹੀਂ ਕਰ ਪਾ ਰਿਹਾ। ਇਹੀ ਆਦਮੀ ਦੀ ਮੁਸ਼ਕਿਲ ਹੈ ਪਰ ਫਿਰ ਵੀ ਅਸੀਂ ਕੋਸ਼ਿਸ਼ ਕਰਕੇ ਸਵਾਰਥਪਣ 'ਚੋਂ ਬਾਹਰ ਨਿਕਲਣਾ ਹੈ ਅਤੇ ਕਲਿਆਣਕਾਰੀ ਬਣਨ ਦੀ ਕੋਸ਼ਿਸ਼ ਕਰਨੀ ਹੈ। ਅਸੀਂ ਕੋਸ਼ਿਸ਼ ਕਰਕੇ ਪਸ਼ੂਆਂ ਤੋਂ ਬਿਹਤਰ ਬਣਨਾ ਹੈ। ਅਗਰ ਅਸੀਂ ਐਸਾ ਨਹੀਂ ਕਰ ਪਾਉਂਦੇ ਤਾਂ ਸਾਡੇ ਨਾਲੋਂ ਪਸ਼ੂ ਜ਼ਿਆਦਾ ਬਿਹਤਰ ਅਸਥਾਨ ਪ੍ਰਾਪਤ ਕਰ ਲੈਂਦੇ ਹਨ। ਰੱਬ ਨੇ ਅਗਰ ਇਨਸਾਨ ਨੂੰ ਜਾਨਵਰਾਂ ਨਾਲੋਂ ਬਿਹਤਰ ਬਣਾਇਆ ਹੈ ਤਾਂ ਉਹ ਆਪਣੇ ਕਰਮਾਂ ਰਾਹੀਂ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰਦਾ ਰਹੇ ਤਾਂ ਕਿ ਜਾਨਵਰਾਂ ਨਾਲੋਂ ਬਿਹਤਰ ਪ੍ਰਗਟ ਹੋ ਆਵੇ। ਵਿਗਿਆਨੀਆਂ ਨੇ ਵੀ ਇਨਸਾਨ ਨੂੰ ਜਾਨਵਰ ਹੀ ਮੰਨਿਆ ਹੈ। ਬਸ ਇਕ ਗੱਲ ਹੋਰ ਨਾਲ ਜੋੜ ਦਿੱਤੀ ਹੈ ਕਿ ਇਨਸਾਨ ਸਮਾਜੀ ਪ੍ਰਾਣੀ ਹੈ, ਪਰ ਅਗਰ ਉਹ ਸਮਾਜੀ ਜ਼ਿੰਮੇਂਵਾਰੀਆਂ ਨਿਭਾਅ ਨਹੀਂ ਪਾ ਰਿਹਾ ਤਾਂ ਉਹ ਇਨਸਾਨ ਕਾਹਦਾ ? ਅਸੀਂ ਸਮਾਜ ਦੀਆਂ ਮੰਗਾਂ ਅਤੇ ਉਮੰਗਾਂ ਉੱਤੇ ਪੂਰਾ ਉਤਰਨਾ ਹੈ ਤਾਂ ਹੀ ਕਿੱਧਰੇ ਜਾ ਕੇ ਅਸੀਂ ਪਸ਼ੂਆਂ ਦੀ ਜੂਨ 'ਚੋਂ ਬਾਹਰ ਨਿਕਲ ਕੇ ਇਨਸਾਨ ਅਖਵਾਉਣ ਦੇ ਕਾਬਲ ਹੋ ਸਕਾਂਗੇ।

## ਅਸੰਤੁਸ਼ਟੀ ਤੋਂ ਆਜ਼ਾਦੀ ਪ੍ਰਾਪਤ ਕਰੋ

ਵੈਸੇ ਤਾਂ ਅੱਜ ਤੱਕ ਜਿਤਨੀ ਵੀ ਪ੍ਰਗਤੀ ਹੋਈ ਹੈ, ਉਹ ਇਨਸਾਨ ਦੇ ਅਸੰਤੁਸ਼ਟ ਰਹਿਣ ਦਾ ਨਤੀਜਾ ਹੈ। ਆਦਮੀ ਸੁਪਨੇ ਲੈਂਦਾ ਰਿਹਾ ਹੈ ਅਤੇ ਉਹੀ ਸੁਪਨੇ ਸਾਕਾਰ ਕਰਨ ਦੀ ਕੋਸ਼ਿਸ਼ ਕਰਦਾ ਰਿਹਾ ਹੈ ਅਤੇ ਅੱਜ ਦੁਨੀਆਂ ਹੋਰ ਦੀ ਹੋਰ ਬਣ ਕੇ ਸਾਡੇ ਸਾਹਮਣੇ ਪ੍ਰਗਟ ਹੋ ਆਈ ਹੈ, ਪਰ ਜਦੋਂ ਅਸੀਂ ਸੁਪਨੇ ਹੀ ਲੈਂਦੇ ਹਾਂ ਅਤੇ ਆਪਣੇ ਸੁਪਨੇ ਪੂਰੇ ਕਰਨ ਲਈ ਕੁਝ ਵੀ ਨਹੀਂ ਕਰਦੇ ਤਾਂ ਸਾਡੇ ਸਾਹਮਣੇ ਨਿਰਾਸ਼ਾ ਆ ਖਲੋਂਦੀ ਹੈ। ਜੋ ਆਦਮੀ ਆਪਣੀ ਹਿੰਮਤ ਨਾਲ ਸੁਪਨਿਆਂ ਦਾ ਸੰਸਾਰ ਸਿਰਜਦਾ ਹੈ, ਉਹ ਅਸੰਤੁਸ਼ਟ ਨਹੀਂ ਹੁੰਦਾ। ਉਸ ਦੇ ਸੁਪਨੇ ਉਸ ਦੀਆਂ ਕੋਸ਼ਿਸ਼ਾਂ ਤੱਕ ਹੀ ਸੀਮਤ ਹੁੰਦੇ ਹਨ। ਉਸ ਨੂੰ ਪਤਾ ਹੁੰਦਾ ਹੈ ਕਿ ਜੋ ਹਿੰਮਤ ਅਤੇ ਸੰਘਰਸ਼ ਉਸ ਕੀਤਾ ਹੈ ਉਸ ਦਾ ਫਲ ਮਿਲ ਗਿਆ ਹੈ ਪਰ ਜੋ ਲੋਕੀਂ ਸਿਰਫ਼ ਸੁਪਨੇ ਲੈਂਦੇ ਹਨ ਉਹ ਅਸੰਤੁਸ਼ਟ ਰਹਿ ਜਾਂਦੇ ਹਨ। ਉਨ੍ਹਾਂ ਅੰਦਰ ਹੋਰ ਦੀਆਂ ਹੋਰ ਮੰਗਾਂ ਪੈਦਾ ਹੁੰਦੀਆਂ ਰਹਿੰਦੀਆਂ ਹਨ ਅਤੇ ਇਹ ਉਮੰਗਾਂ ਉਸ ਨੂੰ ਨਿਰਾਸ਼ ਕਰਦੀਆਂ ਰਹਿੰਦੀਆਂ ਹਨ। ਮਿਹਨਤ ਕਰਨ ਵਾਲੇ ਲੋਕਾਂ ਦੀਆਂ ਮੰਗਾਂ ਉਨ੍ਹਾਂ ਦੀ ਮਿਹਨਤ ਤੱਕ ਸੀਮਤ ਹੋ ਜਾਂਦੀਆਂ ਹਨ ਅਤੇ ਸਿਰਫ਼ ਮੰਗਾਂ ਦੀ ਸੂਚੀ ਬਣਾਈ ਜਾਣਾ ਅਤੇ ਕਰਨਾ ਕੁਝ ਨਾ, ਐਸੇ ਲੋਕੀਂ ਕਦੀ ਰੱਜਦੇ ਨਹੀਂ ਹਨ। ਭੁੱਖ ਦੀ ਉਨ੍ਹਾਂ ਦੀ ਸੂਚੀ ਲੰਮੀ ਹੁੰਦੀ ਰਹਿੰਦੀ ਹੈ। ਅਸੀਂ ਇਸ ਦੌਰ 'ਚੋਂ ਬਾਹਰ ਨਿਕਲਣਾ ਹੈ।

## ਸਾਡਾ ਪ੍ਰਮੁੱਖ ਕਰਤੱਵ

ਅਸੀਂ ਆਪਣੇ ਅੰਦਰ ਝਾਤੀ ਮਾਰ ਕੇ ਉਸ ਮੰਤਵ ਦੀ ਖੋਜ ਕਰਨੀ ਹੈ ਜਿਸ ਮੰਤਵ ਦੀ ਪੂਰਤੀ ਲਈ ਰੱਬ ਨੇ ਸਾਨੂੰ ਸਾਜਿਆ ਹੈ। ਕੋਈ ਆਖੇ ਕਿ ਰੱਬ ਨੇ ਉਸ ਦੀ ਸਾਜਨਾ ਫ਼ਜ਼ੂਲ ਵਿੱਚ ਕਰ ਦਿੱਤੀ ਹੈ ਤਾਂ ਉਹ ਗ਼ਲਤ ਹੈ। ਰੱਬ ਕਦੇ ਵੀ ਫ਼ਜ਼ੂਲ ਦੀ ਸ਼ੈਅ ਨਹੀਂ ਬਣਾਉਂਦਾ। ਅਸੀਂ ਤਾਂ ਰੱਬ ਦੇ ਖਾਸ ਬਣਾਏ ਜੀਵ ਹਾਂ ਅਤੇ ਸਾਡੇ ਜ਼ਿੰਮੇਂ ਰੱਬ ਨੇ ਖ਼ਾਸ ਕਿਸਮ ਦਾ ਕਾਰਜ ਕਰਨਾ ਨਿਸ਼ਚਿਤ ਕੀਤਾ ਹੈ। ਅਸੀਂ ਅਗਰ ਆਪੇ ਦੀ ਪਛਾਣ ਨਹੀਂ ਕਰ ਪਾ ਰਹੇ ਤਾਂ ਇਹ ਸਾਡੀ ਗ਼ਲਤੀ ਹੈ। ਰੱਬ ਨੇ ਸਾਨੂੰ ਐਵੇਂ ਹੀ ਇਸ ਦੁਨੀਆਂ ਵਿੱਚ ਨਹੀਂ ਭੇਜ ਛੱਡਿਆ। ਇਸ ਕਰਕੇ ਅਗਰ ਅਸੀਂ ਆਪਣੀ ਪਛਾਣ ਆਪ ਹੀ ਕਰਨ ਦਾ ਸਿਲਸਿਲਾ ਸ਼ੁਰੂ ਕਰਦੇ ਹਾਂ ਤਾਂ ਸਾਨੂੰ ਉਹ ਢੰਗ ਤਰੀਕੇ ਵੀ ਲੱਭ ਪੈਣਗੇ ਜਿਨ੍ਹਾਂ ਦੀ ਵਰਤੋਂ ਕਰਕੇ ਅਸੀਂ ਰੱਬ ਵੱਲੋਂ ਸਾਡੇ ਲਈ ਮਿੱਥੇ ਟੀਚੇ ਪੂਰੇ ਕਰ ਸਕਦੇ ਹਾਂ। ਸੋ ਕਾਮਯਾਬੀ ਦਾ ਪਹਿਲਾ ਰਾਜ਼ ਹੈ ਆਪਣੀ ਪਛਾਣ ਕਰਨਾ। ਢੰਗ ਤਰੀਕੇ ਅਸੀਂ ਬਾਅਦ ਵਿੱਚ ਲੱਭ ਸਕਦੇ ਹਾਂ। ਦੁਨੀਆਂ ਦੇ ਕਾਮਯਾਬ ਆਦਮੀ ਉਹੀ ਹਨ ਜਿਨ੍ਹਾਂ ਨੇ ਉਸ ਟੀਚੇ ਦੀ ਪਛਾਣ ਕਰ ਲਈ ਹੈ ਜਿਸ ਦੀ ਪੂਰਤੀ ਲਈ ਰੱਬ ਨੇ ਉਨ੍ਹਾਂ ਦੀ ਰਚਨਾ ਕੀਤੀ ਸੀ।

## ਲੋਕਾਂ ਨੂੰ ਭਟਕਾਉ ਨਾ

ਅਸੀਂ ਅਗਰ ਆਪ ਸਹੀ ਰਸਤੇ ਉੱਤੇ ਨਹੀਂ ਚੱਲ ਰਹੇ ਤਾਂ ਇਹ ਸਾਡੀ ਪਹਿਲੀ ਗ਼ਲਤੀ ਹੈ ਅਤੇ ਜਦੋਂ ਅਸੀਂ ਦੂਜੇ ਲੋਕਾਂ ਨੂੰ ਵੀ ਗੁੰਮਰਾਹ ਕਰਦੇ ਹਾਂ ਤਾਂ ਇਹ ਇਕ ਵੱਡਾ ਪਾਪ ਹੈ। ਅਸੀਂ ਆਪ ਵੀ ਸਹੀ ਰਸਤਾ ਅਪਨਾਉਣਾ ਹੈ ਅਤੇ ਦੂਜਿਆਂ ਨੂੰ ਵੀ ਸਹੀ ਰਸਤਾ ਦੱਸਣਾ ਹੈ ਅਤੇ ਜਦੋਂ ਕੋਈ ਬੰਦਾ ਸਾਡੀ ਸਲਾਹ ਲੈਣ ਆ ਜਾਂਦਾ ਹੈ ਤਾਂ ਸਾਡੀ

ਜ਼ਿੰਮੇਂਵਾਰੀ ਹੋਰ ਵੀ ਵੱਧ ਜਾਂਦੀ ਹੈ। ਜੋ ਲੋਕੀ ਪ੍ਰਚਾਰ ਕਰਨ ਲਈ ਬੈਠੇ ਹਨ ਉਨ੍ਹਾਂ ਲਈ ਇਹ ਲਾਜ਼ਮੀ ਹੁੰਦਾ ਹੈ ਕਿ ਪਹਿਲਾਂ ਆਪਣਾ ਜੀਵਨ ਸੁਧਾਰਨ। ਆਪਣੀ ਸੋਚ ਨੂੰ ਸਹੀ ਕਰਨ, ਫਿਰ ਦੂਜਿਆਂ ਨੂੰ ਨਸੀਅਤ ਦੇਣ ਦਾ ਸਿਲਸਿਲਾ ਜਾਰੀ ਕਰਨ। ਜਦੋਂ ਤੱਕ ਸਾਡੇ ਉਚੇਰੇ ਸ਼ਬਦ ਅਤੇ ਸਾਡੇ ਕੀਤੇ ਕੰਮ ਵਿੱਚ ਸਾਡਾ ਸਾਰਾ ਵਜੂਦ ਇਕ ਹੋ ਕੇ ਸ਼ਾਮਿਲ ਨਹੀਂ ਹੁੰਦਾ, ਸਾਡੀ ਕਹਿਣੀ ਅਤੇ ਕਰਨੀ ਅਧੂਰੀ ਹੈ। ਅਸੀਂ ਦੇਖ ਰਹੇ ਹਾਂ ਕਿ ਅੱਜ ਸਿਆਣੇ ਬਣ ਬੈਠੇ ਲੋਕੀਂ ਜੋ ਕੁਝ ਵੀ ਆਖਦੇ ਹਨ ਅਸੀਂ ਸੁਣ ਛੱਡਦੇ ਹਾਂ। ਬਸ ਸਿਰਫ਼ ਸੁਣਦੇ ਹੀ ਨਹੀਂ ਹਾਂ, ਸਗੋਂ ਉਨ੍ਹਾਂ ਲੋਕਾਂ ਦੀਆਂ ਹਾਜ਼ਰੀਆਂ ਭਰਦੇ ਰਹਿੰਦੇ ਹਾਂ, ਆਪਣਾ ਘਰ ਲੁਟਾਂਦੇ ਰਹਿੰਦੇ ਹਾਂ ਪਰ ਉਨ੍ਹਾਂ ਦੀਆਂ ਆਖੀਆਂ ਗੱਲਾਂ ਸਾਡੇ ਜੀਵਨ ਦਾ ਆਧਾਰ ਨਹੀਂ ਬਣਦੀਆਂ। ਅਸੀਂ ਜੈਸੇ ਪਹਿਲਾਂ ਸਾਂ, ਵੈਸੇ ਹੀ ਰਹਿੰਦੇ ਹਾਂ। ਇਹੀ ਕਾਰਨ ਹੈ ਕਿ ਇਹ ਪ੍ਰਚਾਰਕ ਮਹਿਜ਼ ਰੋਟੀਆਂ ਕਾਰਨ ਪੂਰੇ ਤਾਲ ਵਾਲੀ ਗੱਲ ਹੈ। ਇਹ ਪ੍ਰੋਫੈਸ਼ਨਲ ਹਨ ਜੋ ਪੁਸਤਕਾਂ ਪੜ੍ਹ ਕੇ ਸਾਨੂੰ ਸੁਣਾ ਦਿੰਦੇ ਹਨ। ਜੋ ਕੁਝ ਇਹ ਸਾਨੂੰ ਸਿਖਾ ਰਹੇ ਹਨ ਉਹ ਸਾਰਾ ਕੁਝ ਉਨ੍ਹਾਂ ਦੇ ਆਪਣੇ ਜੀਵਨ ਦਾ ਹਿੱਸਾ ਨਹੀਂ ਹੈ। ਅਸੀਂ ਅਗਰ ਆਖੀਏ ਕਿ ਇਹ ਲੋਕ ਸਾਨੂੰ ਗੁੰਮਰਾਹ ਕਰ ਰਹੇ ਹਨ ਤਾਂ ਇਹ ਗੱਲ ਗ਼ਲਤ ਨਹੀਂ ਹੈ। ਅੱਜ ਐਸਾ ਕੋਈ ਮਾਈ ਕਾ ਲਾਲ ਨਹੀਂ ਮਿਲਦਾ ਜਿਸ ਦੀ ਕਹਿਣੀ, ਕਰਨੀ ਅਤੇ ਭਾਵਨਾਵਾਂ ਇੱਕ ਹੋਣ। ਇਹ ਲੋਕੀ ਸਾਨੂੰ ਸੇਧ ਨਹੀਂ ਦੇ ਰਹੇ ਬਲਕਿ ਗੁੰਮਰਾਹ ਕਰ ਰਹੇ ਹਨ। ਅਸੀਂ ਲੋਕਾਂ ਨੂੰ ਗੁੰਮਰਾਹ ਕਰਨ ਵਾਲਿਆਂ ਵਿੱਚ ਸ਼ਾਮਿਲ ਨਹੀਂ ਹੋਣਾ। ਅਸੀਂ ਤਾਂ ਆਪ ਵੀ ਸਹੀ ਹੋਣਾ ਹੈ ਅਤੇ ਦੂਜਿਆਂ ਲਈ ਮਿਸਾਲ ਬਣ ਕੇ ਚਮਕਣਾ ਹੈ।

## ਇਹ ਕੁਦਰਤ ਅਥਾਹ ਹੈ

ਮਨੁੱਖ ਖੋਜਾਂ ਕਰਦਾ ਆ ਰਿਹਾ ਹੈ, ਖੋਜਾਂ ਜਾਰੀ ਹਨ। ਇਸ ਕੁਦਰਤ ਦਾ ਕੋਈ ਅੰਤ ਨਹੀਂ ਹੈ। ਅਸੀਂ ਅਗਰ ਆਖੀਏ ਕਿ ਜਿਸ ਰੱਬ ਨੇ ਇਹ ਕੁਦਰਤ ਸਾਜੀ ਹੈ ਅਸੀਂ ਉਸ ਦਾ ਅੰਤ ਪਾ ਲਈਏ ਪਰ ਹਜ਼ਾਰ ਕੋਸ਼ਿਸ ਕਰਨ ਦੇ ਬਾਵਜੂਦ ਉਸ ਦਾ ਅੰਤ ਨਹੀਂ ਪਾ ਸਕਦੇ, ਤਾਂ ਐਸਾ ਆਖਣਾ ਵੀ ਠੀਕ ਹੈ। ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਅਸੀਂ ਆਪਣੀ ਖੋਜ ਬੰਦ ਕਰ ਦੇਣੀ ਹੈ। ਅੱਜ ਤੱਕ ਕੁਦਰਤ ਰਾਣੀ ਨੇ ਖੋਜ ਬੰਦ ਕਰਨ ਦੀ ਗੱਲ ਨਹੀਂ ਕੀਤੀ, ਬਲਕਿ ਜੋ ਕੋਈ ਵੀ ਖੋਜ ਵਿੱਚ ਲੱਗਾ ਹੈ, ਉਸ ਦੀ ਮਿਹਨਤ ਅਜਾਈਂ ਨਹੀਂ ਗਈ, ਬਲਕਿ ਕੁਝ ਨਾ ਕੁਝ ਉਸ ਨੇ ਖੋਜ ਹੀ ਕੱਢਿਆ ਹੈ। ਅਗਰ ਅਸੀਂ ਅੱਜ ਤੱਕ ਕੀਤੀਆਂ ਗਈਆਂ ਖੋਜਾਂ ਅਤੇ ਅਵਿਸ਼ਕਾਰਾਂ ਦੀ ਸੂਚੀ ਬਣਾਈਏ ਤਾਂ ਉਹ ਸਾਥੋਂ ਬਣਨ ਨਹੀਂ ਲੱਗੀ। ਇਹ ਗੱਲ ਅਸੀਂ ਸਾਰੇ ਸਵੀਕਾਰ ਕਰਦੇ ਹਾਂ ਇਸ ਕਰਕੇ ਅਸੀਂ ਵੀ ਇਸ ਖੋਜ ਅੰਦਰ ਸ਼ਰੀਕ ਹੋਣਾ ਹੈ।

## ਮੁੜ ਕੇ ਮਿਲ ਵੀ ਸਕਦੇ ਹਾਂ

ਅਸੀਂ ਜਦ ਵੀ ਕਿਸੇ ਅਜਨਬੀ ਨਾਲ ਮਿਲਦੇ ਹਾਂ ਤਾਂ ਸਾਨੂੰ ਇਹ ਜ਼ਰੂਰ ਸੋਚ ਲੈਣਾ ਚਾਹੀਦਾ ਹੈ ਕਿ ਇਹ ਮੁਲਾਕਾਤ ਸ਼ਾਡੀ ਆਖ਼ਰੀ ਹੋ ਸਕਦੀ ਹੈ। ਸੰਜੋਗਾਂ ਨਾਲ ਹੀ ਮੁੜ ਕੇ ਕਦੀ ਮੇਲ ਹੋ ਸਕਦਾ ਹੈ। ਇਸ ਕਰਕੇ ਕਿਸੇ ਅਜਨਬੀ ਨਾਲ ਮੁਲਾਕਾਤ ਵਕਤ ਅਸੀਂ ਇਸ ਗੱਲ ਦਾ ਧਿਆਨ ਰੱਖਣਾ ਹੈ ਅਤੇ ਐਸਾ ਪ੍ਰਭਾਵ ਛੱਡਣ ਦੀ ਕੋਸ਼ਿਸ਼ ਕਰਨੀ ਹੈ ਕਿ

ਉਹ ਬੰਦਾ ਸਾਨੂੰ ਹਮੇਸ਼ਾਂ ਲਈ ਯਾਦ ਕਰਦਾ ਰਹੇ ਅਤੇ ਸਾਡੀ ਮਿਸਾਲ ਦੇ ਕੇ ਆਪਣੇ ਜੀਵਨ ਨੂੰ ਸੇਧ ਦਿੰਦਾ ਰਹੇ ਅਤੇ ਦੂਜਿਆਂ ਨੂੰ ਵੀ ਵੈਸਾ ਹੀ ਬਣਨ ਦੀ ਪ੍ਰੇਰਨਾ ਦਿੰਦਾ ਰਹੇ। ਅਗਰ ਅਸੀਂ ਮਾੜਾ ਪ੍ਰਭਾਵ ਛੱਡ ਜਾਂਦੇ ਹਾਂ ਤਾਂ ਸਾਡਾ ਕਈ ਵਾਰੀ ਜ਼ਿਕਰ ਆਵੇਗਾ ਅਤੇ ਯਾਦ ਕਰਨ ਵਾਲਾ ਇਹੀ ਆਖੇਗਾ ਕਿ ਐਸਾ ਮਾੜਾ ਆਦਮੀ ਰੱਬ ਨੇ ਪੈਦਾ ਹੀ ਕਿਉਂ ਕੀਤਾ ਹੈ ? ਵੈਸੇ ਤਾਂ ਹਰ ਕਿਸੇ ਨਾਲ ਸਾਡੀ ਅੱਜ ਵਾਲੀ ਮੁਲਾਕਾਤ ਆਖ਼ਰੀ ਹੋ ਸਕਦੀ ਹੈ, ਪਰ ਫਿਰ ਵੀ ਅਜਨਬੀ ਨਾਲ ਮੁੜ ਮੁਲਾਕਾਤ ਦੀਆਂ ਸੰਭਾਵਨਾਵਾਂ ਘੱਟ ਹੁੰਦੀਆਂ ਹਨ। ਆਪਣੇ ਰੋਜ਼-ਰੋਜ਼ ਮਿਲਣ ਵਾਲੇ ਦੇ ਮਨ ਵਿੱਚ ਬੈਠੇ ਸਾਡੇ ਪ੍ਰਤੀ ਪ੍ਰਭਾਵ ਅਸੀਂ ਕੁਝ ਹੱਦ ਤੱਕ ਬਦਲ ਸਕਦੇ ਹਾਂ ਪਰ ਕਈ ਵਾਰੀ ਪਹਿਲਾ ਪ੍ਰਭਾਵ ਹੀ ਆਖ਼ਰ ਤੱਕ ਰਹਿਣ ਵਾਲਾ ਪ੍ਰਭਾਵ ਬਣ ਜਾਂਦਾ ਹੈ। ਅਸੀਂ ਅਗਰ ਵਧੀਆ ਪ੍ਰਭਾਵ ਛੱਡਣ ਦਾ ਸਿਲਸਿਲਾ ਜਾਰੀ ਕਰਦੇ ਹਾਂ ਤਾਂ ਸਾਡੇ ਅੰਦਰ ਬਹੁਤ ਸਾਰੇ ਸੁਧਾਰ ਆ ਸਕਦੇ ਹਨ। ਆਦਮੀ ਤਾਂ ਸਾਰੀ ਉਮਰ ਕੁਝ ਨਾ ਕੁਝ ਸਿੱਖਦਾ ਹੀ ਰਹਿੰਦਾ ਹੈ। ਸਿੱਖਣ ਦਾ ਸਿਲਸਿਲਾ ਕਦੀ ਵੀ ਬੰਦ ਨਹੀਂ ਕਰਨਾ ਚਾਹੀਦਾ।

## ਸਫ਼ਰ ਦਾ ਮੰਤਵ ਹੋਣਾ ਚਾਹੀਦਾ ਹੈ

ਅਗਰ ਤੁਸੀਂ ਕੋਈ ਗਿਆਨ ਹਾਸਲ ਕਰਨਾ ਚਾਹੁੰਦੇ ਹੋ ਜਾਂ ਤੁਹਾਡੇ ਪਾਸ ਰੱਬ ਦਾ ਦਿੱਤਾ ਕੋਈ ਸੰਦੇਸ਼ ਹੈ ਤਾਂ ਸਫ਼ਰ ਕਰਕੇ ਉੱਥੇ ਤੱਕ ਆਪਣਾ ਸੰਦੇਸ਼ ਪੁਚਾਉਣਾ ਅਤੇ ਉੱਥੋਂ ਦਾ ਸੰਦੇਸ਼ ਗ੍ਰਹਿਣ ਕਰਨਾ ਠੀਕ ਹੈ। ਅਗਰ ਅਸੀਂ ਐਵੇਂ ਹੀ ਘੁੰਮਦੇ-ਫਿਰਦੇ ਹਾਂ, ਅਰਥਾਤ ਨਾ ਤਾਂ ਸਾਡੇ ਪਾਸ ਕੋਈ ਸੰਦੇਸ਼ ਹੈ ਅਤੇ ਨਾ ਹੀ ਅਸੀਂ ਕਿਸੇ ਗਿਆਨ ਦੀ ਪ੍ਰਾਪਤੀ ਲਈ ਘੁੰਮ ਰਹੇ ਹਾਂ ਤਾਂ ਐਸਾ ਘੁੰਮਣਾ ਮਹਿਜ਼ ਭਟਕਣਾ ਹੈ ਅਤੇ ਇਸ ਤੋਂ ਸਿਵਾ ਹੋਰ ਕੁਝ ਨਹੀਂ ਹੈ। ਨਾ ਤਾਂ ਸਾਡੇ ਪੱਲੇ ਕੁਝ ਪੈਂਦਾ ਹੈ ਅਤੇ ਨਾ ਹੀ ਅਸੀਂ ਕਿਸੇ ਹੋਰ ਦੇ ਪੱਲੇ ਕੁੱਝ ਪਾ ਸਕਦੇ ਹਾਂ।

## ਰੱਬ ਦਾ ਗਿਆਨ

ਰੱਬ ਨੇ ਜੋ ਕੁਝ ਵੀ ਇਸ ਦੁਨੀਆਂ ਵਿੱਚ ਸਾਜਿਆ ਹੈ, ਰੱਬ ਉਨ੍ਹਾਂ ਨਿਆਮਤਾਂ ਰਾਹੀਂ ਹੀ ਪ੍ਰਗਟ ਹੋ ਰਿਹਾ ਹੈ। ਇਸ ਤੋਂ ਇਲਾਵਾ ਰੱਬ ਹੋਰ ਕਿਧਰੇ ਨਹੀਂ ਰਹਿੰਦਾ, ਕੋਈ ਆਖੇ ਕਿ ਰੱਬ ਇਨਸਾਨ ਵਿੱਚ ਨਹੀਂ ਰਹਿੰਦਾ ਅਤੇ ਰੱਬ ਦੀ ਭਾਲ ਬਾਹਰ ਕਰਨ ਦਾ ਯਤਨ ਕਰਨਾ ਚਾਹੀਦਾ ਹੈ ਤਾਂ ਉਹ ਆਦਮੀ ਗਲਤ ਆਖ ਰਿਹਾ ਹੈ। ਜੋ ਲੋਕੀਂ ਰੱਬ ਬਾਰੇ ਜਾਣਨਾ ਚਾਹੁੰਦੇ ਹਨ ਉਨ੍ਹਾਂ ਲਈ ਇਹ ਜ਼ਰੂਰੀ ਹੈ ਕਿ ਉਹ ਕੁਦਰਤ ਵਿੱਚ ਸਾਜੀ ਹਰ ਸ਼ੈਅ ਅੰਦਰ ਰੱਬ ਦੀ ਝਲਕ ਮਹਿਸੂਸ ਕਰਨ ਦੀ ਕੋਸ਼ਿਸ਼ ਕਰਨ।

ਰੱਬ ਦਾ ਗਿਆਨ ਪ੍ਰਾਪਤ ਕਰਨ ਲਈ ਸਭ ਤੋਂ ਸੌਖਾ, ਸਭ ਤੋਂ ਸਾਰਥਕ ਅਤੇ ਸਭ ਤੋਂ ਸਹੀ ਇਹੀ ਰਸਤਾ ਹੈ। ਰੱਬ ਆਪਣੀ ਬਣਾਈ ਹਰ ਸ਼ੈਅ ਵਿੱਚ ਸਮਾਇਆ ਹੋਇਆ ਹੈ ਅਤੇ ਇਸ ਤੋਂ ਬਾਹਰ ਉਹ ਕਿੱਧਰੇ ਵੱਖਰੇ ਤੌਰ 'ਤੇ ਨਹੀਂ ਰਹਿੰਦਾ। ਅਸੀਂ ਅਗਰ ਰੱਬ ਨੂੰ ਪ੍ਰਾਪਤ ਕਰਨਾ ਹੈ ਤਾਂ ਸਾਨੂੰ ਇਸ ਸੱਚਾਈ ਵਿੱਚ ਵਿਸ਼ਵਾਸ ਰੱਖ ਕੇ ਤੁਰਨਾ ਪਵੇਗਾ। ਸਾਡੀ ਸਾਰੀ ਭਟਕਣ ਮਿਟ ਜਾਵੇਗੀ। ਅਸੀਂ ਹਰ ਵਕਤ ਰੱਬ ਦੇ ਦਰਸ਼ਨ ਕਰਦੇ ਰਵਾਂਗੇ। ਕਦੀ ਵੀ ਰੱਬ ਤੋਂ ਦੂਰ ਨਹੀਂ ਹੋਵਾਂਗੇ।

## ਰੱਬ ਦੀ ਵਡਿਆਈ ਅਸੀਂ ਨਹੀਂ ਕਰ ਸਕਦੇ

ਰੱਬ ਇਤਨਾ ਵੱਡਾ ਹੈ ਕਿ ਅਸੀਂ ਉਸ ਦੀ ਵਡਿਆਈ ਜਾਣ ਹੀ ਨਹੀਂ ਸਕਦੇ। ਅੱਜ ਤੱਕ ਰੱਬ ਦੀ ਵਡਿਆਈ ਵਿੱਚ ਜੋ ਕੁਝ ਵੀ ਆਖਿਆ ਗਿਆ ਹੈ, ਅਧੂਰਾ ਹੈ। ਆਦਮੀ ਨੂੰ ਤਾਂ ਬਸ ਉਤਨਾ ਹੀ ਗਿਆਨ ਹੈ ਜੋ ਉਸ ਨੇ ਦੇਖਿਆ ਹੈ ਜਾਂ ਸੁਣਿਆ ਹੈ। ਰੱਬ ਤਾਂ ਇਨ੍ਹਾਂ ਸਾਰੀਆਂ ਚੀਜ਼ਾਂ ਦਾ ਸਾਜਣ ਵਾਲਾ ਹੈ। ਉਸ ਦੇ ਗੁਣਾਂ ਦਾ ਅੰਦਾਜ਼ਾ ਲਗਾਉਣਾ ਸਾਡੇ ਵੱਸ ਦੀ ਗੱਲ ਨਹੀਂ ਹੈ। ਅੱਜ ਤੱਕ ਰੱਬ ਬਾਰੇ ਜੋ ਵੀ ਅੰਦਾਜ਼ੇ ਲਗਾਏ ਗਏ ਹਨ, ਅਧੂਰੇ ਹਨ। ਇਸ ਕੁਦਰਤ ਵਿੱਚ ਜੋ ਕੁਝ ਵੀ ਹੈ, ਜੋ ਕੁਝ ਅਸੀਂ ਲੱਭ ਲਿਆ ਹੈ ਅਤੇ ਜੋ ਕੁਝ ਹਾਲਾਂ ਤੱਕ ਵੀ ਗੁੱਝਾ ਪਿਆ ਹੈ, ਇਹ ਸਾਰਾ ਕੁਝ ਜਾਣਨ ਬਾਅਦ ਵੀ ਅਸੀਂ ਰੱਬ ਦਾ ਸੰਪੂਰਨ ਗਿਆਨ ਪ੍ਰਾਪਤ ਨਹੀਂ ਕਰ ਸਕਦੇ ਪਰ ਇਸ ਦੇ ਬਾਵਜੂਦ ਅਸੀਂ ਕੁਦਰਤ ਵਿੱਚ ਰੱਬ ਦੀ ਖੋਜ ਜਾਰੀ ਰੱਖਣੀ ਹੈ।

## ਰਿਜ਼ਕ ਰੱਬ ਦਿੰਦਾ ਹੈ

ਰਿਜ਼ਕ ਰੱਬ ਦਿੰਦਾ ਹੈ ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਅਸੀਂ ਕੁਝ ਕਰਨਾ ਹੀ ਨਹੀਂ ਹੈ। ਰੱਬ ਸਾਡੀ ਮੱਦਦ ਕਰਦਾ ਹੈ। ਸਿਆਣੇ ਆਖਦੇ ਹਨ ਕਿ ਰੱਬ ਉਨ੍ਹਾਂ ਦੀ ਮੱਦਦ ਕਰਦਾ ਹੈ ਜੋ ਆਪਣੀ ਮੱਦਦ ਆਪ ਕਰਦੇ ਹਨ। ਅਸੀਂ ਜੋ ਵੀ ਸੁਪਨੇ ਲੈ ਰਹੇ ਹਾਂ, ਉਹ ਰੱਬ ਨੇ ਹੀ ਸਾਡੇ ਵਿੱਚ ਖੜ੍ਹੇ ਕੀਤੇ ਹਨ, ਅਸੀਂ ਅਗਰ ਇਹ ਆਖੀਏ ਕਿ ਰੱਬ ਸਾਨੂੰ ਉਹੀ ਸੁਪਨੇ ਭੇਜਦਾ ਹੈ ਜੋ ਰੱਬ ਨੇ ਸਾਡੇ ਨਿਸ਼ਾਨੇ ਮੁਕੱਰਰ ਕੀਤੇ ਹਨ। ਅਗਰ ਕੋਈ ਆਦਮੀ ਹਿੰਮਤ ਕਰਕੇ ਆਪਣੀ ਰੋਟੀ-ਰੋਜ਼ੀ ਵੀ ਪੈਦਾ ਨਹੀਂ ਕਰ ਸਕਦਾ ਤਾਂ ਉਹ ਰੱਬ ਦਾ ਪਿਆਰਾ ਬੰਦਾ ਨਹੀਂ ਹੈ। ਰੱਬ ਨੇ ਸਾਨੂੰ ਇਸ ਦੁਨੀਆਂ ਵਿੱਚ ਭੁੱਖਾ ਮਰਨ ਲਈ ਨਹੀਂ ਭੇਜਿਆ। ਰੱਬ ਨੇ ਸਾਨੂੰ ਸੁੱਖੀ-ਸਾਂਦੀ ਜੀਵਨ ਬਸਰ ਕਰਨ ਲਈ ਭੇਜਿਆ ਹੈ। ਅਸੀਂ ਸਭ ਤੋਂ ਪਹਿਲਾਂ ਕ੍ਰਿਤ ਕਰਨ ਦਾ ਸਿਲਸਿਲਾ ਸ਼ੁਰੂ ਕਰਨਾ ਹੈ ਤਾਂ ਕਿ ਅਸੀਂ ਆਪਣੇ ਲਈ ਰਿਜ਼ਕ ਦਾ ਪ੍ਰਬੰਧ ਕਰ ਸਕੀਏ। ਅਸੀਂ ਆਪ ਵੀ ਰੱਜ ਕੇ ਖਾਣਾ ਹੈ ਅਤੇ ਅਸੀਂ ਉਨ੍ਹਾਂ ਹੋਰ ਬੰਦਿਆਂ ਲਈ ਵੀ ਪ੍ਰਬੰਧ ਕਰਨਾ ਹੈ ਜੋ ਸਾਡੇ ਨਾਲ ਜੁੜੇ ਹੋਏ ਹਨ ਅਤੇ ਸਾਡੇ ਉੱਤੇ ਨਿਰਭਰ ਹਨ।

## ਝੂਠ ਸ਼ਰਮਿੰਦਾ ਕਰਦਾ ਹੈ

ਝੂਠ ਬੋਲਣਾ ਬਹੁਤ ਸੌਖਾ ਹੈ ਪਰ ਝੂਠ ਨੂੰ ਛੁਪਾਉਣਾ ਬਹੁਤ ਔਖਾ ਹੈ। ਸੱਚ ਬੋਲਣਾ ਸਾਨੂੰ ਮੁਸ਼ਕਲ ਜ਼ਰੂਰ ਲੱਗਦਾ ਹੈ ਪਰ ਸੱਚ ਨੂੰ ਛੁਪਾਉਣ ਲਈ ਕੋਈ ਤਰੱਦਦ ਨਹੀਂ ਕਰਨਾ ਪੈਂਦਾ। ਸੱਚ ਬੋਲ ਕੇ ਸ਼ਰਮਿੰਦਗੀ ਨਹੀਂ ਸਹਿਣੀ ਪੈਂਦੀ। ਕੋਈ ਬਹਾਨੇਬਾਜ਼ੀ ਨਹੀਂ ਕਰਨੀ ਪੈਂਦੀ ਪਰ ਝੂਠ ਦਾ ਪਰਦਾ ਜਦੋਂ ਫਾਸ਼ ਹੁੰਦਾ ਹੈ ਤਾਂ ਅਸੀਂ ਕਈ ਵਾਰੀ ਇਤਨੇ ਸ਼ਰਮਿੰਦਾ ਹੋ ਉੱਠਦੇ ਹਾਂ ਕਿ ਆਤਮਘਾਤ ਕਰਨ ਨੂੰ ਦਿਲ ਕਰ ਆਉਂਦਾ ਹੈ। ਅਸੀਂ ਦੁਨੀਆਂ ਨੂੰ ਮੂੰਹ ਦਿਖਾਉਣ ਦੇ ਕਾਬਲ ਨਹੀਂ ਰਹਿੰਦੇ ਅਤੇ ਨਸਦੇ ਫਿਰਦੇ ਹਾਂ। ਸੱਚ ਬੋਲਣ ਦੀ ਅਗਰ ਅਸੀਂ ਆਦਤ ਪਾ ਲੈਂਦੇ ਹਾਂ ਤਾਂ ਅਸੀਂ ਬਹੁਤ ਸਾਰੀਆਂ ਬੁਰਾਈਆਂ ਤੋਂ ਵੀ ਬਚ ਜਾਂਦੇ ਹਾਂ। ਸਾਨੂੰ ਪਤਾ ਹੁੰਦਾ ਹੈ ਕਿ ਆਖ਼ਰ ਹਰ ਗੱਲ ਅੱਜ ਨਾ ਸਹੀ ਤਾਂ ਕੱਲ੍ਹ ਨੂੰ ਲੋਕਾਂ ਦੇ ਸਾਹਮਣੇ ਆ ਜਾਣੀ ਹੈ, ਫਿਰ ਸ਼ਰਮਿੰਦਗੀ ਸਹਿਣੀ ਪਵੇਗੀ। ਇਸ ਕਰਕੇ ਸੱਚ ਬੋਲਣ ਦੀ ਆਦਤ ਬਣਾ ਲੈਣੀ ਚਾਹੀਦੀ ਹੈ। ਜੋ ਕੁਝ ਵੀ ਹੋਣਾ ਹੈ ਹੁਣੇ ਹੀ ਹੋ ਜਾਵੇਗਾ। ਸਾਨੂੰ ਇਸ ਸੱਚ ਨੂੰ

ਛੁਪਾਉਣ ਲਈ ਕੋਈ ਤਰੱਦਦ ਨਹੀਂ ਕਰਨਾ ਪਵੇਗਾ। ਸੱਚ ਬੋਲਣ ਦਾ ਸਿਲਸਿਲਾ ਅਸੀਂ ਆਪ ਸ਼ੁਰੂ ਕਰਨਾ ਹੈ ਕਿਉਂਕਿ ਸਿਰਫ਼ ਸਾਨੂੰ ਪਤਾ ਹੈ ਕਿ ਅਸੀਂ ਜੋ ਕੁਝ ਬੋਲ ਰਹੇ ਹਾਂ ਉਹ ਸੱਚ ਹੈ ਜਾਂ ਝੂਠ ਹੈ। ਹੋਰ ਕਿਸੇ ਨੇ ਅਸਲੀਅਤ ਪਤਾ ਨਹੀਂ ਕਦੋਂ ਜਾਣਨੀ ਹੈ। ਹੋ ਸਕਦਾ ਹੈ ਉਸ ਨੂੰ ਕਦੀ ਵੀ ਪਤਾ ਨਾ ਲੱਗੇ, ਅਸੀਂ ਸੱਚ ਬੋਲ ਰਹੇ ਹਾਂ ਜਾਂ ਝੂਠ ਬੋਲ ਰਹੇ ਹਾਂ। ਇਸ ਲਈ ਅਸੀਂ ਆਪਣੇ ਆਪ ਨੂੰ ਸੇਧ ਆਪ ਹੀ ਦੇਣੀ ਹੈ। ਹੋਰ ਕੋਈ ਵੀ ਸਾਨੂੰ ਸਹੀ ਢੰਗ ਦੀ ਸੇਧ ਨਹੀਂ ਦੇ ਸਕਦਾ।

## ਅਸੀਂ ਪਤਵੰਤੇ ਬਣ ਸਕਦੇ ਹਾਂ

ਲੋਕਾਂ ਦਾ ਪਿਆਰ ਜਿੱਤੇ ਬਗ਼ੈਰ ਅਗਰ ਕੋਈ ਆਪਣੇ ਆਪ ਨੂੰ ਬਹੁਤ ਹੀ ਵੱਡਾ ਪਤਵੰਤਾ ਅਖਵਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ ਗ਼ਲਤ ਹੈ। ਤੁਹਾਡੇ ਪਾਸ ਸ਼ਕਤੀ ਹੋਵੇ, ਚਾਰ ਪੈਸੇ ਹੋਣ ਤਾਂ ਤੁਹਾਨੂੰ ਕਈ ਚਮਚੇ ਮਿਲ ਜਾਣਗੇ ਅਤੇ ਹਰ ਪਾਸੇ ਤੁਹਾਡੀ ਮਸ਼ਹੂਰੀ ਵੀ ਕਰਦੇ ਫਿਰਨਗੇ ਪਰ ਇਹ ਮਸ਼ਹੂਰੀ ਤੁਹਾਨੂੰ ਲੋਕਾਂ ਦੇ ਦਿਲਾਂ ਵਿੱਚ ਪਤਵੰਤਾ ਨਹੀਂ ਬਣਾ ਸਕਦੀ। ਜੋ ਕੋਈ ਵੀ ਤੁਹਾਡੇ ਨਾਲ ਸੰਪਰਕ ਕਰੇਗਾ, ਉਸ ਨੂੰ ਝੱਟ ਪਤਾ ਲੱਗ ਜਾਵੇਗਾ, ਕਿ ਤੁਸੀਂ ਕਿਤਨੇ ਕੁ ਪਾਣੀ ਵਿੱਚ ਹੋ। ਲੋਕੀਂ ਬਹੁਤ ਹੀ ਪਾਰਖੂ ਹਨ। ਲੋਕਾਂ ਦੀਆਂ ਅੱਖਾਂ ਵਿੱਚ ਘਟਾ ਨਹੀਂ ਪਾਇਆ ਜਾ ਸਕਦਾ। ਅਸੀਂ ਜਦੋਂ ਤੱਕ ਆਪਣੇ ਆਪ ਦੀ ਸੁਧਾਈ ਕਰਕੇ ਪਤਵੰਤੇ ਸੱਜਣ ਨਹੀਂ ਬਣਦੇ, ਉਦੋਂ ਤੱਕ ਇਹ ਬਾਹਰੀ ਅਡੰਬਰ ਸਾਰੇ ਹੀ ਬਨਾਵਟੀ ਹਨ। ਮਹਿਜ਼ ਵਕਤੀ ਹਨ ਅਤੇ ਸਦਾ ਹੀ ਰਹਿਣ ਵਾਲੇ ਨਹੀਂ ਹਨ। ਅਸੀਂ ਪਤਵੰਤੇ ਬਣਨ ਲਈ ਆਪ ਕੋਸ਼ਿਸ਼ ਕਰਨੀ ਹੈ ਅਤੇ ਅਸੀਂ ਸਿਰਫ ਉਹ ਗੱਲਾਂ ਕਰਨੀਆਂ ਹਨ ਜੋ ਦੂਜਿਆਂ ਨੂੰ ਚੰਗੀਆਂ ਲੱਗਦੀਆਂ ਹੋਣ, ਸਾਨੂੰ ਆਪ ਚੰਗੀਆਂ ਲੱਗਦੀਆਂ ਹੋਣ। ਸਾਡੇ ਅੰਦਰ ਹਾਜ਼ਰ ਸਾਡੀ ਆਤਮਾ ਇਹ ਆਖਦੀ ਹੋਵੇ ਕਿ ਅਸੀਂ ਠੀਕ-ਠਾਕ ਹਾਂ। ਅਸੀਂ ਅਗਰ ਸਵੈ-ਸੁਧਾਈ ਦਾ ਸਿਲਸਿਲਾ ਅੱਜ ਹੀ ਸ਼ੁਰੂ ਕਰਦੇ ਹਾਂ ਤਾਂ ਇਹ ਗੱਲ ਸੰਭਵ ਨਹੀਂ ਹੈ ਕਿ ਅਸੀਂ ਲੋਕਾਂ ਵਿੱਚ ਪਤਵੰਤੇ ਆਦਮੀ ਬਣ ਕੇ ਸਥਾਪਿਤ ਹੋ ਜਾਈਏ। ਪਤਵੰਤੇ ਬਣਨ ਲਈ ਨਾ ਤਾਂ ਕਿਸੇ ਅਹੁਦੇ ਦੀ ਜ਼ਰੂਰਤ ਹੁੰਦੀ ਹੈ ਨਾ ਹੀ ਪੈਸਿਆਂ ਦੀ ਜ਼ਰੂਰਤ ਹੁੰਦੀ ਹੈ ਅਤੇ ਨਾ ਹੀ ਚਮਚਿਆਂ ਦੀ ਜ਼ਰੂਰਤ ਹੁੰਦੀ ਹੈ। ਪਤਵੰਤੇ ਬਣਨ ਲਈ ਵਧੀਆ ਗੁਣ ਅਪਨਾਉਣੇ ਹੁੰਦੇ ਹਨ ਅਤੇ ਇਨ੍ਹਾਂ ਗੁਣਾਂ ਦੀ ਖ਼ੁਸ਼ਬੂ ਹਰ ਪਾਸੇ ਆਪ ਹੀ ਫੈਲ ਜਾਂਦੀ ਹੈ, ਮਸ਼ਹੂਰੀ ਕਰਵਾਉਣ ਦੀ ਜ਼ਰੂਰਤ ਨਹੀਂ ਪੈਂਦੀ। ਸਾਡੇ ਆਲੇ-ਦੁਆਲੇ ਵਸਦੇ ਲੋਕੀਂ ਤਾਂ ਆਪ ਪਤਵੰਤੇ ਆਦਮੀ ਦੀ ਖੋਜ ਕਰਦੇ ਰਹਿੰਦੇ ਹਨ। ਉਹ ਆਪ ਲੱਭ ਲੈਂਦੇ ਹਨ। ਮਾੜੇ ਆਦਮੀ ਦੀ ਨਾ ਤੇ ਕੋਈ ਖੋਜ ਕਰਦਾ ਹੈ ਤੇ ਨਾ ਹੀ ਉਸ ਪਾਸ ਬੈਠਕੇ ਹੀ ਕੋਈ ਰਾਜ਼ੀ ਹੁੰਦਾ ਹੈ।

## ਸੂਝਵਾਨ ਬਣੋ

ਸੂਝਵਾਨ ਬਣੇ ਬਗੈਰ ਸਾਨੂੰ ਰੱਬ ਦੀਆਂ ਨਿਆਮਤਾਂ ਦਾ ਪਤਾ ਹੀ ਨਹੀਂ ਲੱਗਦਾ। ਅਸੀਂ ਨਾ ਤਾਂ ਆਪਣੇ ਹਿੱਸੇ ਦੀਆਂ ਨਿਆਮਤਾਂ ਦਾ ਪਤਾ ਲਗਾ ਸਕਦੇ ਹਾਂ ਅਤੇ ਨਾ ਹੀ ਸਾਨੂੰ ਇਹ ਹੀ ਪਤਾ ਲੱਗਦਾ ਹੈ ਕਿ ਅਸੀਂ ਦੁਨੀਆਂ ਦੇ ਹੋਰ ਲੋਕਾਂ ਲਈ ਕੀ ਕਰ ਸਕਦੇ ਹਾਂ। ਸਿਰਫ ਸੂਝਵਾਨ ਲੋਕੀਂ ਹੀ ਸੁੱਧ-ਬੁੱਧ ਵਾਲੇ ਹੁੰਦੇ ਹਨ ਅਤੇ ਉਹ ਆਪਣੇ ਅੰਦਰ ਝਾਤੀ ਮਾਰ ਕੇ ਪਹਿਲਾਂ ਆਪਣੀ ਕੀਮਤ ਪਾਉਂਦੇ ਹਨ। ਅਸੀਂ ਦੁਨੀਆਂ ਦੇ ਲੋਕਾਂ ਪਾਸੋਂ

ਆਪਣੇ ਬਾਰੇ ਅਗਰ ਕੁਝ ਜਾਣਨਾ ਚਾਹੁੰਦੇ ਹਾਂ ਤਾਂ ਪਹਿਲਾਂ ਸਾਨੂੰ ਆਪ, ਆਪਣੇ ਆਪ ਉੱਤੇ ਝਾਤੀ ਮਾਰਨੀ ਪਵੇਗੀ। ਸਾਨੂੰ ਆਪਣੇ ਆਲੇ ਦੁਆਲੇ ਵਸਦੇ ਲੋਕਾਂ ਦੀਆਂ ਗੱਲਾਂ ਅਤੇ ਮੰਗਾਂ ਜਾਣਨੀਆਂ ਪੈਣਗੀਆਂ। ਸਾਨੂੰ ਹਰ ਕਦਮ ਉੱਤੇ ਸੋਚਣਾ ਪਵੇਗਾ। ਅਸੀਂ ਜੋ ਮਰਜ਼ੀ ਹੈ ਕਰ ਲਈਏ ਅੰਤ ਫਿਰ ਲੋਕਾਂ ਪਾਸੋਂ ਮੁਆਫ਼ੀਆਂ ਮੰਗਦੇ ਫਿਰੀਏ, ਇਹ ਕਿਥੋਂ ਦੀ ਸਿਆਣਪ ਹੈ। ਸੂਝਵਾਨ ਵਿਅਕਤੀ ਹਰ ਗੱਲ ਦਾ ਭਵਿੱਖ ਮਾਪਣ ਦੀ ਕੋਸ਼ਿਸ਼ ਕਰਦਾ ਹੈ। ਹਰੇਕ ਗੱਲ ਦਾ ਇਕ ਭਵਿੱਖ ਹੁੰਦਾ ਹੈ। ਸਿਆਣੇ ਆਖਦੇ ਹਨ ਜੈਸਾ ਬੀਜ ਬੀਜੋਗੇ ਵੈਸਾ ਹੀ ਪੌਦਾ ਪੈਦਾ ਹੋਵੇਗਾ ਅਤੇ ਉਸ ਪੌਦੇ ਮੁਤਾਬਿਕ ਹੀ ਫਲ ਵੀ ਲੱਗੇਗਾ। ਇਸੇ ਤਰ੍ਹਾਂ ਅਸੀਂ ਅੱਜ ਜੋ ਵੀ ਕਰਦੇ ਹਾਂ, ਉਸ ਮੁਤਾਬਿਕ ਹੀ ਕੱਲ੍ਹ ਨੂੰ ਉਸ ਕਾਰਜ ਦਾ ਪ੍ਰਤੀਕਰਮ ਸਾਡੇ ਸਾਹਮਣੇ ਆਵੇਗਾ। ਅਸੀਂ ਅੱਜ ਕਾਰਜ ਕਰਨ ਤੋਂ ਪਹਿਲਾਂ ਕੱਲ੍ਹ ਦੇ ਉਸ ਪ੍ਰਤੀਕਰਮ ਦੀ ਗੱਲ ਕਰਨੀ ਹੈ ਅਤੇ ਐਸਾ ਕਰਨ ਵਾਲਾ ਆਦਮੀ ਹੀ ਸੂਝ-ਬੂਝ ਵਾਲਾ ਵਿਅਕਤੀ ਅਖਵਾਉਂਦਾ ਹੈ।

## ਮੁਨਾਫ਼ੇ ਵਾਲਾ ਵਿਉਪਾਰ ਕਰੋ

ਜਿਵੇਂ ਅਸੀਂ ਵਧੀਆ ਵਿਉਪਾਰੀ ਅਖਵਾਉਣ ਲਈ ਸਿਰਫ ਉਸ ਵਿਉਪਾਰ ਵਿੱਚ ਹੱਥ ਪਾਉਂਦੇ ਹਾਂ ਜੋ ਸਾਨੂੰ ਮੁਨਾਫ਼ਾ ਦਿੰਦਾ ਹੈ ਤਾਂ ਅਸੀਂ ਕਾਮਯਾਬ ਵਿਉਪਾਰੀ ਅਖਵਾਉਂਦੇ ਹਾਂ। ਅਗਰ ਅਸੀਂ ਘਾਟਾ ਖਾ ਜਾਂਦੇ ਹਾਂ ਤਾਂ ਲੋਕੀਂ ਆਖਦੇ ਹਨ ਅਸੀਂ ਵਧੀਆ ਕਿਸਮ ਦੇ ਵਿਉਪਾਰੀ ਨਹੀਂ ਹਾਂ। ਇਹ ਜੀਵਨ ਵੀ ਇਕ ਸੌਦਾ ਹੈ। ਇਕ ਵਿਉਪਾਰ ਹੈ। ਜੋ ਖਟ ਗਿਆ ਉਹ ਕਾਮਯਾਬ। ਜੋ ਹਾਰ ਗਿਆ ਉਸ ਨੂੰ ਅਸੀਂ ਵਧੀਆ ਆਦਮੀ ਨਹੀਂ ਗਰਦਾਨਦੇ। ਇਸ ਜੀਵਨ ਦੀਆਂ ਯੋਜਨਾਵਾਂ ਅਸੀਂ ਆਪ ਬਣਾਉਣੀਆਂ ਹਨ। ਅਸੀਂ ਆਪ ਹਰੇਕ ਕੰਮ ਦਾ ਬੁਰਾ ਭਲਾ ਸੋਚਣਾ ਹੈ। ਅਸੀਂ ਤਾਂ ਹੀ ਕਾਮਯਾਬ ਇਨਸਾਨ ਹੋਵਾਂਗੇ ਜੇਕਰ ਅਸੀਂ ਇਸ ਜੀਵਨ ਵਿੱਚ ਵੀ ਵਧੀਆ ਆਦਮੀ ਦੇ ਤੌਰ 'ਤੇ ਆਪਣੀ ਸਾਖ ਬਣਾਈ ਹੈ ਅਤੇ ਅਸੀਂ ਆਪਣੇ ਅੰਦਰੋਂ ਵੀ ਸੁਰਖ਼ਰੂ ਹੋ ਆਏ ਹਾਂ ਕਿ ਕੱਲ੍ਹ ਮਰਨ ਬਾਅਦ ਜਦੋਂ ਅਸੀਂ ਰੱਬ ਦੀ ਕਚਿਹਰੀ ਵਿੱਚ ਪੇਸ਼ ਕੀਤੇ ਜਾਵਾਂਗੇ ਤਾਂ ਧਰਮ ਰਾਜ ਵੀ ਆਖੇਗਾ, ਸੁਣਾ ਭਾਈ ਕਾਕਾ ਸਵਰਗ ਜਾਣਾ ਈ ਜਾਂ ਬੈਕੁੰਠ ਵਿੱਚ ਜਾਣਾ ਈ। ਜੋ ਲੋਕੀਂ ਇਸ ਦੁਨੀਆਂ ਵਿੱਚ ਵਧੀਆ ਬੰਦੇ ਬਣ ਕੇ ਨਿਤਰੇ ਹਨ, ਉਹ ਲੋਕ ਸੁਖੀਏ ਅਤੇ ਪ੍ਰਲੋਕ ਸੁਹੇਲੇ ਹੋ ਜਾਂਦੇ ਹਨ। ਚਿੰਤਾ ਰਹਿਤ, ਡਰ ਰਹਿਤ ਹੋ ਜਾਂਦੇ ਹਨ। ਉਹ ਡਰ ਮੁਕਤ ਹੋ ਜਾਂਦੇ ਹਨ। ਕਦੀ ਘਾਟਾ ਨਹੀਂ ਖਾਂਦੇ।

## ਰੱਬ ਪ੍ਰਾਪਤ ਕਰਨਾ

ਅਸੀਂ ਹਰੇਕ ਨੂੰ ਰੱਬ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਜਾਰੀ ਰੱਖਣੀ ਹੈ। ਰੱਬ ਸਾਡੇ ਅੰਦਰ ਹੈ। ਅਸੀਂ ਰੱਬ ਦੀ ਅੰਦਰ ਹਾਜ਼ਰੀ ਦਾ ਵਿਸ਼ਵਾਸ ਪੈਦਾ ਕਰਨਾ ਹੈ। ਜਿਸ ਕਿਸੇ ਨੂੰ ਇਹ ਪੱਕਾ ਵਿਸ਼ਵਾਸ ਹੋ ਜਾਵੇ ਕਿ ਰੱਬ ਉਸ ਅੰਦਰ ਹੈ, ਉਸ ਨੇ ਰੱਬ ਪ੍ਰਾਪਤ ਕਰ ਲਿਆ। ਰੱਬ ਕਿੱਧਰੇ ਬਾਹਰ ਨਹੀਂ ਹੈ ਅਤੇ ਨਾ ਹੀ ਅਸੀਂ ਭਟਕਦੇ ਰੱਬ ਦੀ ਪ੍ਰਾਪਤੀ ਕਰ ਸਕਦੇ ਹਾਂ। ਅਸੀਂ ਆਪਣੇ ਅੰਦਰ ਰੱਬ ਦੀ ਹਾਜ਼ਰੀ ਪ੍ਰਵਾਨ ਕਰਕੇ ਹੀ ਆਖ ਸਕਦੇ ਹਾਂ ਕਿ ਅਸੀਂ ਰੱਬ ਪ੍ਰਾਪਤ ਕਰ ਲਿਆ ਹੈ। ਕੋਈ ਆਖੇ ਕਿ ਉਹ ਰੋਜ਼ ਧਾਰਮਿਕ ਪੁਸਤਕਾਂ ਦਾ ਪਾਠ ਕਰਦਾ ਹੈ, ਤੀਰਥਾਂ ਉੱਤੇ ਜਾਂਦਾ ਹੈ, ਰੋਜ਼ਾਨਾ ਪੂਜਾ ਅਸਥਾਨ ਉੱਤੇ ਜਾਂਦੇ ਸੰਤਾਂ ਸਾਧਾਂ ਦਾ

ਪ੍ਰਵਚਨ ਸੁਣਦਾ ਹੈ। ਇਸ ਲਈ ਉਸ ਨੇ ਭਗਵਾਨ ਪ੍ਰਾਪਤ ਕਰ ਲਿਆ ਹੈ। ਐਸੀ ਸੋਚ ਗ਼ਲਤ ਹੈ ਰੱਬ ਸਾਡੇ ਅੰਦਰ ਹੈ ਅਤੇ ਅਸੀਂ ਜਦੋਂ ਰੱਬ ਦੀ ਪਛਾਣ ਕਰ ਲੈਂਦੇ ਹਾਂ ਤਾਂ ਸਾਰੀ ਭਟਕਣ ਮਿਟ ਜਾਂਦੀ ਹੈ। ਅਸੀਂ ਸਿੱਧੇ ਤੀਰ ਹੋ ਜਾਂਦੇ ਹਾਂ ਅਤੇ ਸਾਡੇ ਪਾਸੋਂ ਹਰ ਉਹ ਕੰਮ ਹੋਣ ਲੱਗ ਪੈਂਦਾ ਹੈ ਜੋ ਸਾਡੇ ਆਲੇ-ਦੁਆਲੇ ਵਸਦੇ ਲੋਕਾਂ ਨੂੰ ਚੰਗਾ ਲੱਗਦਾ ਹੈ। ਇਹੀ ਰੱਬ ਦੀ ਪ੍ਰਾਪਤੀ ਹੈ।

## ਰੱਬ ਅਤੇ ਅਸੀਂ ਮਨੁੱਖ

ਇਹ ਗੱਲ ਅਸੀਂ ਸਾਰੇ ਸਵੀਕਾਰ ਕਰ ਬੈਠੇ ਹਾਂ ਕਿ ਇਸ ਦੁਨੀਆਂ ਵਿੱਚ ਜਿਤਨੇ ਵੀ ਜੀਵ ਹਨ ਉਹ ਪਰਮ ਪਿਤਾ ਨੇ ਆਪ ਬਣਾਏ ਹਨ ਅਤੇ ਹਰੇਕ ਵਿੱਚ ਆਤਮਾ ਦੇ ਰੂਪ ਵਿੱਚ ਰੱਬ ਆਪ ਹਾਜ਼ਰ ਹੈ। ਉਹੀ ਸਾਨੂੰ ਬਣਾਉਂਦਾ ਹੈ, ਉਹੀ ਸਾਡੀ ਹੋਂਦ ਸਥਾਪਿਤ ਕਰਦਾ ਹੈ ਅਤੇ ਉਹ ਆਪ ਹੀ ਸਾਡੇ ਗੁਜ਼ਰਾਨ ਦਾ ਪ੍ਰਬੰਧ ਕਰਦਾ ਹੈ। ਐਸਾ ਵਿਸ਼ਵਾਸ ਕਰਕੇ ਤੁਰਨਾ ਚਾਹੀਦਾ ਹੈ। ਅਸੀਂ ਜਦੋਂ ਉਸੇ ਹੀ ਰੱਬ ਦੇ ਬਣਾਏ ਹੋਏ ਹਾਂ ਤਾਂ ਅਗਰ ਕੋਈ ਆਪਣੇ ਆਪ ਨੂੰ ਸਾਥੋਂ ਵਧੀਆ ਅਖਵਾਉਂਦਾ ਹੈ ਤਾਂ ਅਸੀਂ ਇਹ ਗੱਲ ਸਵੀਕਾਰ ਨਹੀਂ ਕਰਨੀ। ਰੱਬ ਕਿਸੇ ਨਾਲ ਵਿਤਕਰਾ ਨਹੀਂ ਕਰਦਾ। ਰੱਬ ਨੇ ਸਾਨੂੰ ਕਿਸੇ ਨਾਲੋਂ ਘਟੀਆ ਨਹੀਂ ਬਣਾਇਆ। ਉਸ ਨੇ ਸਾਡੀ ਕਿਸਮਤ ਵੀ ਮਾੜੀ ਨਹੀਂ ਲਿਖੀ। ਅਸਲ ਵਿੱਚ ਅਸੀਂ ਇਹ ਭੁੱਲ ਹੀ ਜਾਂਦੇ ਹਾਂ ਕਿ ਅਸੀਂ ਵੀ ਰੱਬ ਦੀ ਰਚਨਾ ਹਾਂ। ਅਗਰ ਅਸੀਂ ਐਸਾ ਸੋਚਣ ਲੱਗ ਪਈਏ ਤਾਂ ਸਾਨੂੰ ਵੀ ਉਨ੍ਹਾਂ ਗੁਣਾਂ ਦਾ ਪਤਾ ਲੱਗ ਜਾਵੇਗਾ ਜੋ ਗੁਣ ਸਾਡੇ ਅੰਦਰ ਪਹਿਲਾਂ ਹੀ ਸਥਾਪਿਤ ਹਨ। ਸਾਡਾ ਕੰਮ ਤਾਂ ਬਸ ਇਤਨਾ ਹੀ ਹੈ ਕਿ ਅਸੀਂ ਆਪਣੇ ਅੰਦਰ ਰੱਬ ਵਲੋਂ ਸਥਾਪਿਤ ਕੀਤੇ ਗਏ ਗੁਣਾਂ ਦੀ ਪਛਾਣ ਕਰਕੇ ਉਨ੍ਹਾਂ ਦੀ ਵਰਤੋਂ ਕਰਨ ਦਾ ਸਿਲਸਿਲਾ ਜਾਰੀ ਕਰੀਏ। ਅਗਰ ਅਸੀਂ ਇਹ ਸਵੈ-ਨਿਰੀਖਣ ਦਾ ਸਿਲਸਿਲਾ ਜਾਰੀ ਕਰਦੇ ਹਾਂ ਅਤੇ ਜੋ ਵੀ ਸਥਾਪਿਤ ਗੁਣ ਦੀ ਅਸੀਂ ਵਰਤੋਂ ਕਰਦੇ ਹਾਂ ਤਾਂ ਦਿਨਾਂ ਵਿੱਚ ਹੀ ਅਸੀਂ ਆਪ ਹੀ ਇਹ ਗੱਲ ਮਹਿਸੂਸ ਕਰਨ ਲੱਗ ਪਵਾਂਗੇ ਕਿ ਅਸੀਂ ਵੀ ਦੁਨੀਆਂ ਅੰਦਰ ਆਏ ਖ਼ੁਸ਼ਨਸੀਬਾਂ ਵਿੱਚੋਂ ਇਕ ਹਾਂ ਅਤੇ ਇਹ ਸਵੈ-ਨਿਰੀਖਣ ਦਾ ਸਿਲਸਿਲਾ ਜਿਤਨਾ ਜਲਦੀ ਹੋਵੇ ਸ਼ੁਰੂ ਕਰ ਦੇਣਾ ਚਾਹੀਦਾ ਹੈ। ਇਹ ਉਮਰ ਬਹੁਤ ਵੱਡੀ ਨਹੀਂ ਹੈ। ਸਾਡੇ ਪਾਸ ਸਮਾਂ ਬਹੁਤ ਘੱਟ ਹੈ। ਸਾਡੇ ਕਰਨ ਯੋਗ ਕਾਰਜਾਂ ਦੀ ਸੂਚੀ ਬਹੁਤ ਲੰਮੀ ਹੈ। ਅਸੀਂ ਆਪਣੇ ਜ਼ਿੰਮੇ ਲੱਗੀਆਂ ਜ਼ਿੰਮੇਂਵਾਰੀਆਂ ਨਿਭਾਅ ਕੇ ਵਾਪਸ ਪ੍ਰਮਾਤਮਾ ਪਾਸ ਪੁੱਜਣਾ ਹੈ। ਜੋ ਆਦਮੀ ਇਹ ਸੋਚਦਾ ਹੈ ਕਿ ਰੱਬ ਨੇ ਉਸ ਨਾਲ ਵਿਤਕਰਾ ਕੀਤਾ ਹੈ, ਉਹ ਰੱਬ ਦੀ ਤੌਹੀਨ ਕਰਦਾ ਹੈ ਅਤੇ ਐਸਾ ਸੋਚਣਾ ਹੀ ਗ਼ਲਤ ਹੈ। ਰੱਬ ਵਿਤਕਰਾ ਨਹੀਂ ਕਰਦਾ।

## ਸਿਸ਼ਟੀ ਦੀ ਰਚਨਾ ਕਦੋਂ ਹੋਈ ?

ਇਸ ਸ੍ਰਿਸ਼ਟੀ ਦੀ ਰਚਨਾ ਰੱਬ ਨੇ ਆਪ ਕੀਤੀ ਹੈ। ਕਦੋਂ ਕੀਤੀ ਹੈ ਅਤੇ ਕਿਤਨੀ ਵਾਰੀ ਰੱਬ ਇਸ ਸ੍ਰਿਸ਼ਟੀ ਦੀ ਰਚਨਾ ਕਰ ਚੁੱਕਾ ਹੈ, ਇਹ ਵੀ ਰੱਬ ਆਪ ਹੀ ਜਾਣਦਾ ਹੈ। ਅਸੀਂ ਮਨੁੱਖ ਰੱਬ ਦੀਆਂ ਕੀਤੀਆਂ ਦੇ ਅੰਦਾਜ਼ੇ ਤਾਂ ਲਗਾ ਸਕਦੇ ਹਾਂ ਪਰ ਪੂਰੇ ਵਿਸ਼ਵਾਸ ਨਾਲ ਅਸੀਂ ਸਮਾਂ ਨਹੀਂ ਨਿਸ਼ਚਿਤ ਕਰ ਸਕਦੇ। ਰੱਬ ਹੀ ਜਾਣਦਾ ਹੈ ਕਿ ਉਸ ਨੇ ਇਸ ਸ੍ਰਿਸ਼ਟੀ ਦੀ ਰਚਨਾ ਕਿਸ ਮਕਸਦ ਦੀ ਪੂਰਤੀ ਲਈ ਕੀਤੀ ਹੈ। ਰਚਨਾ ਕਿਵੇਂ ਕੀਤੀ ਹੈ ? ਪਹਿਲਾਂ ਕੀ ਸਥਾਪਿਤ ਕੀਤਾ ਹੈ ਅਤੇ ਬਾਅਦ ਵਿੱਚ ਕੀ ਕੀਤਾ ਹੈ ? ਅਸੀਂ ਇਹ ਵੀ

ਨਹੀਂ ਦੱਸ ਸਕਦੇ ਕਿ ਇਹ ਸਾਰੀ ਵਿਚਿੱਤਰ ਲੀਲਾ ਦਾ ਭੇਤ ਕੀ ਹੈ ? ਮਨੁੱਖ ਦੀ ਹੋਂਦ ਕਾਇਮ ਕਰਨ ਦਾ ਕੀ ਕਾਰਨ ਹੈ ? ਹੋਰ ਜਾਨਵਰ, ਪੰਛੀ ਅਤੇ ਕੀੜੇ ਮਕੌੜੇ ਕਾਹਦੇ ਲਈ ਪੈਦਾ ਕੀਤੇ ਹਨ ? ਅਸੀਂ ਇਹ ਵੀ ਨਹੀਂ ਜਾਣਦੇ ਕਿ ਦੁਨੀਆਂ ਵਿੱਚ ਵਸਦੇ ਪ੍ਰਾਣੀਆਂ ਤੋਂ ਇਲਾਵਾ ਪਾਣੀ ਅਤੇ ਹਵਾ ਵਿੱਚ ਜੋ ਜੀਵ ਹਨ ਉਹ ਕਿਉਂ ਪੈਦਾ ਕੀਤੇ ਹਨ ? ਅਸੀਂ ਤਾਂ ਬਸ ਹੈਰਾਨ ਪ੍ਰੇਸ਼ਾਨ ਹਾਂ। ਇਸ ਬ੍ਰਹਿਮੰਡ ਬਾਰੇ ਵੀ ਹਾਲਾਂ ਸਾਡੀ ਖੋਜ ਬਹੁਤ ਅਧੂਰੀ ਹੈ। ਕਿਤਨੇ ਸੂਰਜ ਹਨ ਅਤੇ ਕਿਤਨੇ ਸੂਰਜ ਮੰਡਲ ਹਨ, ਅਸੀਂ ਦੱਸ ਨਹੀਂ ਸਕਦੇ। ਅਸੀਂ ਇਹ ਵੀ ਨਹੀਂ ਦੱਸ ਸਕਦੇ ਕਿ ਜਦੋਂ ਸਾਰੇ ਸੂਰਜ ਮੰਡਲ ਖ਼ਤਮ ਹੋ ਜਾਂਦੇ ਹੋਣਗੇ ਤਾਂ ਉਸ ਤੋਂ ਅੱਗੇ ਕੀ ਹੈ ? ਇਹ ਮਨੁੱਖ ਸੋਚਦਾ ਰਵੇਗਾ, ਅੰਦਾਜ਼ੇ ਲਗਾਉਂਦਾ ਰਵੇਗਾ। ਫਿਰ ਵੀ ਇਹ ਮਨੁੱਖ ਸਾਰੀਆਂ ਗੱਲਾਂ ਦਾ ਪਤਾ ਨਹੀਂ ਕਰ ਸਕੇਗਾ। ਇਸ ਪ੍ਰਸ਼ਨ ਦਾ ਉੱਤਰ ਹਾਲਾਂ ਤੱਕ ਸਾਡੇ ਸਾਹਮਣੇ ਨਹੀਂ ਆਇਆ। ਇਹ ਤਾਂ ਰੱਬ ਆਪ ਹੀ ਜਾਣਦਾ ਹੈ ਜਿਸ ਨੇ ਇਹ ਸਾਰੀ ਕਾਇਨਾਤ ਦੀ ਰਚਨਾ ਕੀਤੀ ਹੈ ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਖੋਜ ਦਾ ਸਿਲਸਿਲਾ ਬੰਦ ਕਰ ਦਿੱਤਾ ਜਾਣਾ ਚਾਹੀਦਾ ਹੈ। ਖੋਜ ਦਾ ਸਿਲਸਿਲਾ ਜਾਰੀ ਰੱਖਿਆ ਜਾਣਾ ਚਾਹੀਦਾ ਹੈ। ਇਹ ਖੋਜਾਂ ਰੱਬ ਦੀ ਵਿਲੱਖਣਤਾ ਵਿੱਚ ਸਾਡਾ ਵਿਸ਼ਵਾਸ ਪੱਕਾ ਕਰਦੀਆਂ ਹਨ।

## ਵਧੀਆ ਆਚਾਰ

ਜਦੋਂ ਤੱਕ ਅਸੀਂ ਰੱਬ ਦੀ ਹਾਜ਼ਰੀ ਆਪਣੇ ਅੰਦਰ ਮਹਿਸੂਸ ਨਹੀਂ ਕਰਦੇ ਅਤੇ ਚੰਗੇ ਮੰਦੇ ਕੰਮਾਂ ਦੀ ਸ਼ਨਾਖ਼ਤ ਨਹੀਂ ਕਰਦੇ ਉਦੋਂ ਤੱਕ ਸਾਡਾ ਆਚਾਰ ਸਹੀ ਨਹੀਂ ਹੋ ਸਕਦਾ। ਦੁਨੀਆਂ ਵਾਲਿਆਂ ਨੇ ਸਾਡੇ ਲਈ ਜੋ ਬੰਧਨ ਅਤੇ ਜ਼ਾਬਤੇ ਨਿਸ਼ਚਿਤ ਕੀਤੇ ਹਨ ਅਸੀਂ ਸਵੀਕਾਰ ਕਰਨ ਲਈ ਮਜਬੂਰ ਹਾਂ ਪਰ ਅਸੀਂ ਸਾਰੇ ਜਾਣਦੇ ਹਾਂ ਕਿ ਬਹੁਤੀ ਵਾਰੀ ਅਸੀਂ ਚੋਰੀ-ਚੋਰੀ ਆਪਣੇ ਕਸੂਰ ਦੂਜਿਆਂ ਦੀਆਂ ਨਜ਼ਰਾਂ ਤੋਂ ਬਚਾ ਲੈਂਦੇ ਹਾਂ, ਪਰ ਰੱਬ ਸਾਰਾ ਕੁਝ ਦੇਖ ਰਿਹਾ ਹੈ। ਉਹ ਤਾਂ ਸਾਡੀ ਸੋਚਣੀ ਉੱਤੇ ਵੀ ਨਜ਼ਰ ਰੱਖੀ ਬੈਠਾ ਹੈ। ਅਸੀਂ ਚੰਗਾ ਸੋਚ ਰਹੇ ਹਾਂ ਜਾਂ ਮੰਦਾ ਸੋਚ ਰਹੇ ਹਾਂ, ਇਹ ਵੀ ਸਾਡੇ ਆਚਾਰ ਦਾ ਇਕ ਹਿੱਸਾ ਹੈ। ਆਦਮੀ ਕਿਤਨਾ ਕੁਝ ਛੁਪਾਈ ਫਿਰੇ ਪਰ ਇਹ ਗੱਲ ਵੀ ਸਵੀਕਾਰ ਕੀਤੀ ਜਾ ਚੁੱਕੀ ਹੈ ਕਿ ਗੱਲਾਂ ਬਹੁਤ ਚਿਰ ਛੁਪਾਈਆਂ ਨਹੀਂ ਜਾ ਸਕਦੀਆਂ। ਸਾਡਾ ਚਿਹਰਾ ਹੀ ਦੱਸ ਦਿੰਦਾ ਹੈ ਕਿ ਅਸੀਂ ਕੈਸੀ ਸੋਚ ਦੇ ਮਾਲਕ ਹਾਂ ਅਤੇ ਇਹੀ ਕਾਰਨ ਹੈ ਜੋ ਆਦਮੀ ਆਪਣੇ ਅੰਦਰ ਅਤੇ ਕੋਲ ਰੱਬ ਦੀ ਹਾਜ਼ਰੀ ਪ੍ਰਵਾਨ ਕਰ ਲੈਂਦਾ ਹੈ, ਉਸ ਦੀ ਸੋਚ ਅਤੇ ਕਰਨੀ ਬਿਹਤਰ ਹੋ ਜਾਂਦੀ ਹੈ। ਸਾਡੀਆਂ ਸੋਚਾਂ ਅਤੇ ਸਾਡੀਆਂ ਕਰਨੀਆਂ ਸਾਡੀ ਪਛਾਣ ਨਿਸ਼ਚਿਤ ਕਰਦੀਆਂ ਹਨ। ਇਹੀ ਸਾਡਾ ਆਚਾਰ ਸਥਾਪਿਤ ਕਰਦੀਆਂ ਹਨ। ਇਨ੍ਹਾਂ ਕਾਰਨ ਹੀ ਅਸੀਂ ਮਸ਼ਹੂਰ ਹੁੰਦੇ ਹਾਂ। ਇਨ੍ਹਾਂ ਸੋਚਾਂ ਅਤੇ ਕਰਨੀਆਂ ਮੁਤਾਬਿਕ ਹੀ ਅਸੀਂ ਬਦਨਾਮ ਹੁੰਦੇ ਹਾਂ। ਇਹ ਜੀਵਨ ਇਕ ਲਗਾਤਾਰ ਸਾਧਨਾ ਹੈ। ਅਸੀਂ ਰੋਜ਼ਾਨਾ ਆਪਣੇ ਆਪ ਨੂੰ ਸੇਧ ਦੇਣੀ ਹੈ। ਲਗਾਤਾਰ ਆਪਣੇ ਉੱਤੇ ਨਜ਼ਰ ਰੱਖਣੀ ਪੈਂਦੀ ਹੈ, ਵਰਨਾ ਅਸੀਂ ਕਿਸੇ ਵਕਤ ਵੀ ਰੱਬ ਨੂੰ ਭੁੱਲ ਸਕਦੇ ਹਾਂ ਅਤੇ ਆਪਣੇ ਆਚਾਰ ਨੂੰ ਗੰਧਲਾ ਕਰ ਸਕਦੇ ਹਾਂ। ਸਾਨੂੰ ਇਹ ਖ਼ਿਆਲ ਰੱਖਣਾ ਹੈ ਕਿ ਸਾਡੀ ਹੋਂਦ ਸਾਡੇ ਬਣੇ ਆਚਾਰ ਉੱਤੇ ਅਧਾਰਿਤ ਹੈ ਅਤੇ ਅਸੀਂ ਆਪਣੀ ਵਧੀਆ ਹੋਂਦ ਕਾਇਮ ਕਰਨੀ ਹੈ।

## ਆਪਣੇ ਕੀਤੇ ਦੇ ਆਪ ਉੱਤਰਦਾਈ ਹਾਂ

ਜੋ ਕੁੱਝ ਵੀ ਅਸੀਂ ਕਰਦੇ ਹਾਂ ਜਾਂ ਸੋਚਦੇ ਹਾਂ ਉਸ ਸਾਡੇ ਜ਼ਿਮੇਂ ਹੈ। ਅਸੀਂ ਹੀ ਆਪਣੀਆਂ ਸੋਚਾਂ ਅਤੇ ਕਰਨੀਆਂ ਦਾ ਫਲ ਭੋਗਣਾ ਹੈ। ਰੱਬ ਚੰਗੇ ਕਰਮਾਂ ਦਾ ਇਨਾਮ ਦਿੰਦਾ ਹੈ, ਰੱਬ ਮਾੜੇ ਕਰਮਾਂ ਦੀ ਸਜ਼ਾ ਦਿੰਦਾ ਹੈ, ਰੱਬ ਦੇ ਘਰ ਮੁਆਫ਼ੀ ਦਾ ਕੰਮ ਨਹੀਂ ਹੈ। ਇਹ ਕਦੀ ਨਹੀਂ ਸੋਚਣਾ ਚਾਹੀਦਾ ਕਿ ਅਸੀਂ ਮਾੜਾ ਕੰਮ ਕਰ ਲੈਂਦੇ ਹਾਂ। ਫਿਰ ਕਦੀ ਵਿਹਲ ਮਿਲੇਗੀ ਤਾਂ ਰੱਬ ਪਾਸੋਂ ਮੁਆਫ਼ੀ ਮੰਗ ਲਵਾਂਗੇ। ਗਿਆਨੀ ਲੋਕਾਂ ਨੇ ਤਾਂ ਇਹ ਨਤੀਜਾ ਵੀ ਕੱਢ ਦਿੱਤਾ ਹੈ ਕਿ ਅਗਰ ਅਸੀਂ ਪਾਪਾਂ ਦੀ ਗਿਣਤੀ ਵਧਾ ਲੈਂਦੇ ਹਾਂ ਤਾਂ ਉਸ ਬਦਲੇ ਸਜ਼ਾ ਭੁਗਤਣੀ ਪੈਂਦੀ ਹੈ ਅਤੇ ਅਗਰ ਉਸੇ ਜਨਮ ਅੰਦਰ ਸਾਰੀ ਸਜ਼ਾ ਨਾ ਭੁਗਤੀ ਜਾ ਸਕੇ ਤਾਂ ਅਸੀਂ ਕਈ ਵਾਰੀ ਜਨਮ ਲੈਂਦੇ ਹਾਂ ਅਤੇ ਰੱਬ ਦੀ ਮੁਕੱਰਰ ਕੀਤੀ ਸਜ਼ਾ ਭੁਗਤਦੇ ਹਾਂ। ਜਦੋਂ ਕੋਈ ਆਖਦਾ ਹੈ ਕਿ ਇਸ ਬੰਦੇ ਨੇ ਤਾਂ ਕੋਈ ਗ਼ਲਤ ਗੱਲ ਕੀਤੀ ਹੀ ਨਹੀਂ ਹੈ, ਸਜ਼ਾ ਕਾਸਦੀ ਭੁਗਤ ਰਿਹਾ ਹੈ ? ਤਾਂ ਸਿਆਣਾ ਬੰਦਾ ਆਖਦਾ ਹੈ ਕਿ ਇਸ ਬੰਦੇ ਨੇ ਕਿਸੇ ਪਿਛਲੇ ਜਨਮ ਅੰਦਰ ਗ਼ਲਤੀ ਕੀਤੀ ਹੋਵੇਗੀ। ਅਰਥਾਤ ਆਦਮੀ ਆਪਣੀਆਂ ਗ਼ਲਤ ਕਾਰਵਾਈਆਂ ਕਰਕੇ ਕਈ ਜਨਮਾਂ ਤੱਕ ਸਜ਼ਾ ਭੁਗਤ ਸਕਦਾ ਹੈ। ਇਹ ਗੱਲ ਵੀ ਆਈ ਹੈ ਕਿ ਇਸ ਦੁਨੀਆਂ ਅੰਦਰ 84 ਲੱਖ ਦੇ ਕਰੀਬ ਜੀਵ ਹਨ। ਸਾਡੇ ਕੀਤੇ ਗਏ ਕੰਮਾਂ ਮੁਤਾਬਿਕ ਸਾਡੀ ਅਗਲੀ ਜੂਨੀ ਨਿਸ਼ਚਿਤ ਕੀਤੀ ਜਾਂਦੀ ਹੈ। ਇਸ ਦਾ ਭਾਵ ਸਪੱਸ਼ਟ ਨਿਕਲਦਾ ਹੈ ਕਿ ਮੁਆਫ਼ੀ ਨਹੀਂ ਹੈ। ਸੋ ਰੱਬ ਪਾਸੋਂ ਮੁਆਫ਼ੀਆਂ ਮੰਗਣ ਦੀ ਬਜਾਏ ਅਸੀਂ ਆਪਣੀਆਂ ਗ਼ਲਤ ਕਾਰਵਾਈਆਂ ਉੱਤੇ ਰੋਕ ਲਗਾ ਲਈਏ ਤਾਂ ਬਿਹਤਰ ਹੈ। ਫਿਰ ਸਾਨੂੰ ਕਿਸੇ ਸਾਹਮਣੇ ਨਮੋਸ਼ੀ ਨਹੀਂ ਸਹਿਣੀ ਪਵੇਗੀ ਅਤੇ ਰੱਬ ਦੇ ਦਰਬਾਰ ਵਿੱਚ ਵੀ ਅਸੀਂ ਸੁਰਖ਼ਰੂ ਹੋ ਕੇ ਪੇਸ਼ ਹੋਵਾਂਗੇ ਅਤੇ ਰੱਬ ਸਾਨੂੰ ਪੁੱਛੇਗਾ ਦੱਸ ਬਈ ਤੇਰੀ ਹੁਣ ਮਨਸ਼ਾ ਕੀ ਹੈ ?

## ਦੂਜਿਆਂ ਉੱਤੇ ਹੁਕਮ ਚਲਾਉਣਾ

ਵਾਜਬ ਗੱਲਾਂ ਜਾਇਜ਼ ਹਨ। ਵਾਜਬ ਹੁਕਮ ਵੀ ਚਲਾਉਣਾ ਪੈਂਦਾ ਹੈ ਪਰ ਹੁਕਮ ਚਲਾਉਣਾ ਉਦੋਂ ਤੱਕ ਹੀ ਜਾਇਜ਼ ਹੈ ਜਦੋਂ ਤੱਕ ਅਸੀਂ ਆਪਣੇ ਅਧਿਕਾਰ ਖੇਤਰ ਵਿੱਚ ਰਹਿੰਦੇ ਹਾਂ। ਆਪਣੇ ਅਧਿਕਾਰ ਵਿੱਚ ਰਹਿਣ ਦੇ ਅਰਥ ਹਨ ਕਿ ਅਸੀਂ ਕਿਸੇ ਨਾਲ ਜ਼ਿਆਦਤੀ ਨਹੀਂ ਕਰ ਰਹੇ। ਜਦੋਂ ਅਸੀਂ ਆਪਣੇ ਅਧਿਕਾਰ ਖੇਤਰ ਵਿੱਚੋਂ ਬਾਹਰ ਨਿਕਲ ਜਾਂਦੇ ਹਾਂ ਤਾਂ ਅਸੀਂ ਗ਼ਲਤ ਹੁੰਦੇ ਹਾਂ। ਸਾਨੂੰ ਆਪਣੇ ਅਧਿਕਾਰ ਖੇਤਰ ਦੀਆਂ ਹੱਦਾਂ ਦਾ ਗਿਆਨ ਹੋਣਾ ਚਾਹੀਦਾ ਹੈ। ਜਦੋਂ ਤੱਕ ਅਸੀਂ ਆਪਣੇ ਅਧਿਕਾਰ ਖੇਤਰ ਵਿੱਚ ਰਹਿੰਦੇ ਹਾਂ ਲੋਕੀਂ ਸਾਡਾ ਹੁਕਮ ਸਵੀਕਾਰ ਕਰਦੇ ਹਨ। ਹੁਕਮ ਦੀ ਪਾਲਣਾ ਕਰਨਾ ਆਪਣਾ ਫ਼ਰਜ਼ ਸਮਝਦੇ ਹਨ ਪਰ ਜਦੋਂ ਅਸੀਂ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਹੋ ਕੇ ਲੋਕਾਂ ਉੱਤੇ ਮਨਮਾਨੀ ਕਰਦੇ ਹਾਂ ਤਾਂ ਉਹ ਕੁਝ ਚਿਰ ਸਾਡੀਆਂ ਇਹ ਜ਼ਿਆਦਤੀਆਂ ਬਰਦਾਸ਼ਤ ਵੀ ਕਰ ਲੈਂਦੇ ਹਨ ਪਰ ਇਸ ਦਾ ਮਤਲਬ ਇਹ ਕਦੀ ਨਹੀਂ ਹੁੰਦਾ ਕਿ ਉਹ ਸਾਡਾ ਹੁਕਮ ਸਵੀਕਾਰ ਕਰਨ ਲੱਗ ਪਏ ਹਨ ਕਿ ਉਹ ਲੋਕੀਂ ਸਾਡੇ ਵਿਰੁੱਧ ਹੋ ਰਹੇ ਹਨ ਅਤੇ ਇਕ ਦਿਨ ਐਸਾ ਵੀ ਆ ਸਕਦਾ ਹੈ ਕਿ ਉਹ ਖੁੱਲ੍ਹ ਕੇ ਸਾਡੀ ਵਿਰੋਧਤਾ ਕਰਨ ਲੱਗ ਪੈਣ। ਦੁਨੀਆਂ ਭਰ ਦੀਆਂ ਭਗਤੀਆਂ ਦਾ ਮੁੱਢ ਉਦੋਂ ਹੀ ਬੱਝਦਾ ਰਿਹਾ ਹੈ ਜਦੋਂ ਗ਼ਲਤ ਹੁਕਮ

ਜਾਰੀ ਕੀਤੇ ਜਾਂਦੇ ਰਹੇ ਹਨ ਅਤੇ ਲੋਕਾਂ ਉੱਤੇ ਦਬਾਓ ਪਾ ਕੇ ਅਸੀਂ ਜਬਰਨ ਹੁਕਮ ਮਨਾਉਣ ਦੀ ਕੋਸ਼ਿਸ਼ ਕਰਦੇ ਰਹੇ ਹਾਂ। ਇਹ ਸਿਧਾਂਤ ਹਰ ਉਸ ਸੰਸਥਾ ਉੱਤੇ ਲਾਗੂ ਹੈ ਜਿਸ ਦਾ ਕਰਤਾ-ਧਰਤਾ ਗ਼ਲਤ ਹੁਕਮ ਲਾਗੂ ਕਰਨ ਦੀ ਕੋਸ਼ਿਸ਼ ਕਰਦਾ ਹੈ। ਕਿਹੜਾ ਹੁਕਮ ਵਾਜਬ ਹੈ ਅਤੇ ਕਿਹੜਾ ਹੁਕਮ ਵਾਜਬ ਨਹੀਂ ਹੈ, ਇਸ ਦਾ ਫ਼ੈਸਲਾ ਹਰ ਉਹ ਆਦਮੀ ਕਰ ਸਕਦਾ ਹੈ ਜਿਸ ਹੱਥ ਹੁਕਮ ਪਾਸ ਕਰਨ ਦੀ ਸ਼ਕਤੀ ਹੈ।

## ਅੰਤਰ ਭੇਦਤਾ ਦਾ ਸਿਧਾਂਤ

ਜਿਵੇਂ ਰਾਤ 'ਚੋਂ ਦਿਨ ਜਨਮ ਲੈਂਦਾ ਹੈ, ਦਿਨ 'ਚੋਂ ਰਾਤ ਜਨਮ ਲੈਂਦੀ ਹੈ, ਜ਼ਿੰਦਗੀ ਵਿੱਚ ਮੌਤ ਲੁਕੀ ਹੁੰਦੀ ਹੈ ਪਰ ਦੁੱਖ 'ਚੋਂ ਸੁੱਖ ਨੇ ਜਨਮ ਲੈਣਾ ਹੁੰਦਾ ਹੈ। ਅਸੀਂ ਰੱਬ ਪਾਸੋਂ ਆਏ ਹਾਂ ਅਤੇ ਫਿਰ ਰੱਬ ਪਾਸ ਜਾਣਾ ਹੈ। ਇਹ ਜ਼ਿੰਦਗੀ ਅੰਤਰ ਭੇਦ ਹੈ। ਅਸੀਂ ਇਸ ਸਿਧਾਂਤ ਨੂੰ ਸਵੀਕਾਰ ਕਰਨਾ ਹੈ ਕਿ ਸੁੱਖ ਮਿਲ ਜਾਵੇ ਤਾਂ ਐਵੇਂ ਉਛਲਦੇ ਨਹੀਂ ਫਿਰਨਾ, ਦੁੱਖ ਆ ਜਾਵੇ ਤਾਂ ਸ਼ਿਕਾਇਤ ਨਹੀਂ ਕਰਨੀ। ਪਤਾ ਨਹੀਂ ਕਦੋਂ ਸਾਡਾ ਦੁੱਖ, ਸੁੱਖ ਵਿੱਚ ਤਬਦੀਲ ਹੋਣ ਵਾਲਾ ਹੈ। ਪਤਾ ਨਹੀਂ ਕਦੋਂ ਸਾਡੇ ਸੁੱਖਾਂ ਵਿੱਚੋਂ ਦੁੱਖ ਜਨਮ ਲੈ ਸਕਦੇ ਹਨ, ਅਸੀਂ ਰੱਬ ਪਾਸੋਂ ਵਿਛੜ ਕੇ ਆਏ ਹਾਂ, ਪਤਾ ਨਹੀਂ ਕਦੋਂ ਅਸੀਂ ਫਿਰ ਰੱਬ ਦੀ ਹਜ਼ੂਰੀ ਵਿੱਚ ਖਲੋਤੇ ਹੋਏ ਹੋਵਾਂਗੇ। ਇਹ ਸਿਧਾਂਤ ਅਸੀਂ ਸਮਝਦੇ ਹਾਂ, ਸਾਡੇ ਜੀਵਨ ਵਿੱਚ ਐਸੀਆਂ ਘਟਨਾਵਾਂ ਕਈ ਵਾਰੀ ਵਾਪਰ ਚੁੱਕੀਆਂ ਹਨ। ਕਈ ਵਾਰੀ ਅਸੀਂ ਦੁੱਖੀ ਹੋ ਚੁੱਕੇ ਹਾਂ, ਇਤਨੇ ਦੁੱਖੀ ਹੋ ਚੁੱਕੇ ਹਾਂ ਕਿ ਆਤਮਘਾਤ ਕਰਨ ਨੂੰ ਦਿਲ ਕਰ ਆਇਆ ਸੀ ਪਰ ਅੱਜ ਅਸੀਂ ਸੋਚਦੇ ਹਾਂ ਕਿ ਅਸੀਂ ਮੂਰਖਤਾ ਕਰ ਰਹੇ ਸਾਂ। ਉਨ੍ਹਾਂ ਤਕਲੀਫ਼ ਦੀਆਂ ਘੜੀਆਂ ਨੇ ਸਾਡੇ ਜੀਵਨ ਵਿੱਚ ਕਈ ਸੁੱਖ ਲੈ ਆਂਦੇ ਹਨ। ਅਸੀਂ ਬਸ ਸਬਰ ਕਰਨਾ ਹੈ, ਵਕਤ ਦੀ ਉਡੀਕ ਕਰਨੀ ਹੈ। ਹਰ ਦੁੱਖ ਦੀ ਦਹਿਲੀਜ਼ ਉੱਤੇ ਸੁੱਖ ਖਲੋਤਾ ਕੁੰਡਾ ਖੜਕਾ ਰਿਹਾ ਹੁੰਦਾ ਹੈ। ਜਿਸ ਕਿਸੇ ਨੇ ਵੀ ਐਸੀ ਸੋਚਣੀ ਅਪਣਾ ਲਈ ਹੈ ਉਹ ਬੇਫ਼ਿਕਰ ਹੋ ਜਾਂਦਾ ਹੈ ਅਤੇ ਐਸੇ ਆਦਮੀ ਰੱਬ ਨੂੰ ਪਿਆਰੇ ਲੱਗਦੇ ਹਨ ਅਤੇ ਆਲੇ-ਦੁਆਲੇ ਦੇ ਲੋਕੀਂ ਵੀ ਐਸੇ ਬੰਦਿਆਂ ਪਾਸੋਂ ਸਬਕ ਸਿੱਖਦੇ ਹਨ। ਅਸੀਂ ਵੀ ਐਸੀ ਸੋਚ ਅਪਨਾਉਣ ਦਾ ਯਤਨ ਕਰਨਾ ਹੈ। ਰੱਬ ਨੇ ਸਾਰੀਆਂ ਸ਼ਕਤੀਆਂ ਸਾਨੂੰ ਪ੍ਰਦਾਨ ਕਰ ਰੱਖੀਆਂ ਹਨ। ਅਸੀਂ ਕਿਸੇ ਪਾਸੋਂ ਘੱਟ ਨਹੀਂ ਹਾਂ।

## ਹਰੀ ਨਾਮ ਦੀ ਤਾਸੀਰ

ਜਦੋਂ ਅਸੀਂ ਰੱਬ ਨਾਲ ਇਕ-ਮਿਕ ਹੋ ਜਾਂਦੇ ਹਾਂ ਤਾਂ ਅਸੀਂ ਆਪਣੀਆਂ ਸਾਰੀਆਂ ਗੱਲਾਂ ਰੱਬ ਨਾਲ ਸਾਂਝੀਆਂ ਕਰ ਸਕਦੇ ਹਾਂ ਅਤੇ ਫਿਰ ਸਾਡੇ ਮਨ ਅੰਦਰ ਵਿਸ਼ਵਾਸ ਪੈਦਾ ਹੋ ਉਠਦਾ ਹੈ ਕਿ ਹੁਣ ਸਾਡੇ ਨਾਲ ਜੋ ਕੁੱਝ ਵੀ ਹੋਵੇਗਾ, ਜਾਇਜ਼ ਹੋਵੇਗਾ। ਅਰਥਾਤ ਰੱਬ ਕਿਸੇ ਵੀ ਬੰਦੇ ਨੂੰ ਐਸੀ ਆਗਿਆ ਨਹੀਂ ਦੇਵੇਗਾ ਕਿ ਕੋਈ ਸਾਡੇ ਨਾਲ ਜ਼ਿਆਦਤੀ ਕਰੇ। ਸਾਨੂੰ ਇਉਂ ਮਹਿਸੂਸ ਹੋਣ ਲੱਗ ਪਵੇਗਾ ਜਿਵੇਂ ਅਸੀਂ ਰੱਬ ਦੇ ਖ਼ਾਸ ਪੁੱਤਰ ਹਾਂ ਅਤੇ ਉਹ ਸਾਰਿਆਂ ਨੂੰ ਹਿਦਾਇਤ ਕਰ ਰਿਹਾ ਹੋਵੇਗਾ ਕਿ ਇਸ ਪੁੱਤਰ ਨਾਲ ਜ਼ਿਆਦਤੀ ਨਹੀਂ ਕਰਨੀ। ਰੱਬ ਦੇ ਨੇੜੇ ਰਹਿਣ ਵਾਲੇ ਬੰਦਿਆਂ ਦੇ ਮਨਾਂ ਅੰਦਰੋਂ ਡਰ ਜਾਂਦਾ ਰਹਿੰਦਾ ਹੈ। ਉਨ੍ਹਾਂ ਦੇ ਮਨ ਅੰਦਰ ਇਕ ਵਿਸ਼ਵਾਸ ਬਣ ਆਉਂਦਾ ਹੈ ਕਿ ਹੁਣ ਹਰ ਕੋਈ ਉਨ੍ਹਾਂ ਦਾ ਖ਼ਿਆਲ ਰੱਖੇਗਾ। ਇਸ ਕਰਕੇ ਅਸੀਂ ਰੱਬ ਦੀ ਹਾਜ਼ਰੀ ਕਬੂਲ ਕਰਨੀ ਹੈ। ਉਸ ਪਾਸੋਂ

ਡਰਨਾ ਨਹੀਂ, ਆਪਣੇ ਮਾਤਾ-ਪਿਤਾ ਸਮਝ ਕੇ ਉਸ ਨਾਲ ਸਿੱਧੀਆਂ ਗੱਲਾਂ ਕਰਨੀਆਂ ਹਨ ਅਤੇ ਅਸੀਂ ਐਸਾ ਕਰ ਵੀ ਸਕਦੇ ਹਾਂ। ਇਹ ਸਾਡੇ ਵਸ ਦੀ ਗੱਲ ਹੈ। ਐਸਾ ਕੁਝ ਕਰਨ ਲਈ ਸਾਨੂੰ ਕਿਸੇ ਦੀ ਮੱਦਦ ਦੀ ਜ਼ਰੂਰਤ ਨਹੀਂ ਹੈ। ਆਪਣੇ ਮਾਤਾ-ਪਿਤਾ ਨਾਲ ਗੱਲਬਾਤ ਕਰਨ ਲਈ ਸਾਨੂੰ ਵਿਚੋਲਿਆਂ ਦੀ ਜ਼ਰੂਰਤ ਨਹੀਂ ਹੈ। ਅਸੀਂ ਆਪ ਹੀ ਰੱਬ ਨਾਲ ਗੱਲਾਂ ਸਾਂਝੀਆਂ ਕਰਨ ਦਾ ਸਿਲਸਿਲਾ ਜਾਰੀ ਕਰਨਾ ਹੈ ਅਤੇ ਐਸਾ ਕਰਨ ਲਈ ਉਡੀਕ ਕਰਨ ਦੀ ਜ਼ਰੂਰਤ ਨਹੀਂ ਹੈ। ਅਸੀਂ ਅੱਜ ਤੋਂ ਹੀ ਰੱਬ ਨਾਲ ਗੱਲਾਂ ਕਰਨ ਦਾ ਸਿਲਸਿਲਾ ਜਾਰੀ ਕਰਨਾ ਹੈ।

## ਮਨਮਤੀਆ ਨਾ ਬਣੋ

ਸਾਡਾ ਮਨ ਚੰਚਲ ਹੈ ਅਤੇ ਬਹੁਤ ਵਾਰੀ ਸ਼ੈਤਾਨ ਵਸ ਹੋ ਜਾਂਦਾ ਹੈ। ਸਾਡੀ ਮਿੱਟੀ ਹੀ ਐਸੀ ਹੈ ਕਿ ਮਾੜੀਆਂ ਕਰਨੀਆਂ ਵਿੱਚ ਸਾਨੂੰ ਸਵਾਦ ਆਉਂਦਾ ਹੈ। ਅਸੀਂ ਸ਼ੈਤਾਨ ਵਸ ਚੜ੍ਹੇ ਹੁੰਦੇ ਹਾਂ। ਜੋ ਬੰਦੇ ਆਪਣੇ ਮਨ ਦੀ ਸੁਧਾਈ ਕਰ ਲੈਂਦੇ ਹਨ, ਉਨ੍ਹਾਂ ਦੀ ਗੱਲ ਹੋਰ ਹੈ ਪਰ ਜਿਨ੍ਹਾਂ ਲੋਕਾਂ ਨੇ ਮਨ ਦੀ ਸੁਧਾਈ ਕਰਨ ਦਾ ਹਾਲਾਂ ਹੀਲਾ ਹੀ ਨਹੀਂ ਕੀਤਾ, ਉਨ੍ਹਾਂ ਦਾ ਮਨ ਵੱਸ ਹੋਣਾ ਸਹੀ ਨਹੀਂ ਹੈ। ਵੈਸੇ ਤਾਂ ਹਰ ਗੱਲ ਕਰਨ ਤੋਂ ਪਹਿਲਾਂ ਅਸੀਂ ਆਪ ਸੋਚਣਾ ਹੈ। ਸਾਡੇ ਅੰਦਰ ਬੈਠੀ ਆਤਮਾ ਕੀ ਆਖ ਰਹੀ ਹੈ, ਜਦੋਂ ਸਾਡੀ ਆਤਮਾ ਦੀ ਆਵਾਜ਼ ਸਾਨੂੰ ਪਿਆਰੀ ਨਹੀਂ ਲੱਗਦੀ ਤਾਂ ਸਮਝੋ ਅਸੀਂ ਮਨਮਤੀਏ ਹੋ ਗਏ ਹਾਂ। ਸ਼ੈਤਾਨ ਦੇ ਵਸ ਹੋ ਗਏ ਹਾਂ ਅਤੇ ਅਸੀਂ ਜੋ ਕੁਝ ਵੀ ਕਰਨ ਜਾ ਰਹੇ ਹਾਂ ਗ਼ਲਤ ਹੈ ਅਤੇ ਸਾਡੀ ਕਾਰਵਾਈ ਦਾ ਨਤੀਜਾ ਵੀ ਗ਼ਲਤ ਨਿਕਲਣਾ ਹੈ। ਅੱਜ ਨਿਕਲੇ ਜਾਂ ਕੱਲ੍ਹ ਨਿਕਲੇ ਅਸੀਂ ਮਨਮਤੀਆ ਹੋਣ ਦੀ ਸਜ਼ਾ ਜ਼ਰੂਰ ਭੁਗਤਣੀ ਹੈ। ਇਸ ਸਜ਼ਾ ਤੋਂ ਸਾਨੂੰ ਕੋਈ ਵੀ ਬਚਾਅ ਨਹੀਂ ਸਕਦਾ। ਅਸੀਂ ਅਗਰ ਆਤਮਾ ਦੀ ਆਵਾਜ਼ ਉੱਤੇ ਮਨ ਦੀ ਆਵਾਜ਼ ਭਾਰੂ ਨਹੀਂ ਹੋਣ ਦਿੰਦੇ ਤਾਂ ਅਸੀਂ ਸਹੀ ਹਾਂ। ਬਿਹਤਰ ਇਹੀ ਹੈ ਕਿ ਅਸੀਂ ਸਹੀ ਰਸਤਾ ਅਪਣਾ ਲਈਏ। ਹੌਲੀ-ਹੌਲੀ ਅਸੀਂ ਆਪਣੇ ਮਨ ਦੀ ਸੁਧਾਈ ਵੀ ਕਰ ਪਾਵਾਂਗੇ ਅਤੇ ਸਾਡਾ ਮਨ ਅਤੇ ਆਤਮਾ ਇਕ ਹੋ ਜਾਣਗੇ।

## ਰੱਬ ਨਾਲ ਗੱਲਾਂ ਕਰਨ ਲਈ ਬਹੁਤੇ ਤਰੱਦਦ ਦੀ ਜ਼ਰੂਰਤ ਨਹੀਂ ਹੈ

ਰੱਬ ਸਾਡੇ ਮਾਤਾ-ਪਿਤਾ ਵਾਂਗ ਹੈ ਅਤੇ ਰੱਬ ਨਾਲ ਗੱਲਾਂ ਕਰਨ ਲਈ ਬਹੁਤੇ ਤਰੱਦਦ ਦੀ ਜ਼ਰੂਰਤ ਨਹੀਂ ਹੈ। ਦੁਨੀਆਂ ਵਾਲਿਆਂ ਨੇ ਰੱਬ ਦੀ ਪ੍ਰਾਪਤੀ ਲਈ ਕਈ ਸਾਧਨਾਂ ਦਾ ਅਵਿਸ਼ਕਾਰ ਕੀਤਾ ਹੈ ਪਰ ਸਮਾਂ ਪਾ ਕੇ ਇਹ ਸਾਰੀਆਂ ਗੱਲਾਂ ਕਰਮ ਕਾਂਡ ਬਣ ਗਈਆਂ ਹਨ। ਹੁਣ ਸਿਰਫ਼ ਅਸੀਂ ਰਸਮੀ ਤੌਰ 'ਤੇ ਕਰਮ ਕਾਂਡ ਹੀ ਪੂਰਾ ਕਰਦੇ ਹਾਂ, ਰੱਬ ਨਾਲ ਗੱਲਾਂ ਕਰਨ ਲਈ ਉਸ ਤੱਕ ਸਾਡੀ ਪਹੁੰਚ ਹੀ ਨਹੀਂ ਹੁੰਦੀ। ਸਾਨੂੰ ਇਹੀ ਡਰ ਬਣਿਆ ਰਹਿੰਦਾ ਹੈ ਕਿ ਮਿਥਿਆ ਕਰਮ ਕਾਂਡ ਅਸੀਂ ਪੂਰਾ ਵੀ ਕਰ ਲਿਆ ਹੈ ਜਾਂ ਹਾਲਾਂ ਕੋਈ ਕਮੀ ਰਹਿ ਗਈ ਹੈ। ਕਦੀ ਅਸੀਂ ਰੱਬ ਦੀਆਂ ਤਾਰੀਫ਼ਾਂ ਕਰਦੇ ਹਾਂ, ਕਦੀ ਰੱਬ ਦਾ ਸ਼ੁਕਰਾਨਾ ਕਰਦੇ ਹਾਂ, ਕਦੀ ਰੱਬ ਪਾਸ ਆਪਣੀਆਂ ਮੰਗਾਂ ਦੀ ਸੂਚੀ ਪੇਸ਼ ਕਰਦੇ ਹਾਂ। ਇਹੀ ਕਰਮ ਕਾਂਡ ਅਸੀਂ ਰੋਜ਼ ਨਿਭਾਉਂਦੇ ਹਾਂ। ਅਸੀਂ ਸਮਾਂ ਮਿੱਥ ਰੱਖਿਆ ਹੈ। ਇਹ ਸਾਰੀਆਂ ਗੱਲਾਂ ਨਿਭਾਉਣ ਦੇ ਢੰਗ-ਤਰੀਕੇ ਮਿਥ ਰੱਖੇ ਹਨ। ਅਸੀਂ ਤਾਂ ਰੱਬ ਨੂੰ ਭੁਲੱਕੜ ਸਮਝਣ ਲੱਗ ਪਏ ਹਾਂ। ਇਕੋ ਹੀ ਮੰਗ ਵਾਰ-ਵਾਰ ਰੱਬ ਅੱਗੇ ਰੱਖਦੇ ਹਾਂ, ਸੋਚਦੇ ਹਾਂ ਪਹਿਲੀ ਵਾਰੀ

ਦੀ ਆਖੀ ਗੱਲ ਰੱਬ ਭੁੱਲ ਗਿਆ ਹੋਵੇਗਾ। ਇਕੋ ਤਰ੍ਹਾਂ ਦੀਆਂ ਗੱਲਾਂ ਸੁਣ-ਸੁਣ ਕੇ ਰੱਬ ਵੀ ਉਕਤਾ ਗਿਆ ਲੱਗਦਾ ਹੈ। ਅਸੀਂ ਕਰਮ ਕਾਂਡ ਕਰਕੇ ਰੱਬ ਨੂੰ ਪਸਮਾਉਣ ਦੀ ਕੋਸ਼ਿਸ਼ ਨਹੀਂ ਕਰਨੀ। ਇਹ ਰਸਤਾ ਗ਼ਲਤ ਹੈ, ਰੱਬ ਨਾਲ ਸਿੱਧੀਆਂ-ਸਾਦੀਆਂ ਗੱਲਾਂ ਕਰਨੀਆਂ ਚਾਹੀਦੀਆਂ ਹਨ।

## ਆਤਮਾ ਵਿੱਚ ਪ੍ਰਮਾਤਮਾ

ਰੱਬ ਹਰੇਕ ਜੀਵ ਅੰਦਰ ਹੈ। ਹਰੇਕ ਇਨਸਾਨ ਅੰਦਰ ਆਤਮਾ ਮੌਜੂਦ ਹੈ। ਆਤਮਾ ਪ੍ਰਮਾਤਮਾ ਦਾ ਹੀ ਹਿੱਸਾ ਹੈ, ਅਰਥਾਤ ਹਰੇਕ ਆਦਮੀ ਅੰਦਰ ਰੱਬ ਆਪ ਮੌਜੂਦ ਹੈ। ਇਸੇ ਕਰਕੇ ਆਖਿਆ ਜਾਂਦਾ ਹੈ ਕਿ ਪ੍ਰਮਾਤਮਾ ਦੀ ਖੋਜ ਕਰਨ ਲਈ ਇਨਸਾਨ ਨੂੰ ਕਿਸੇ ਭਟਕਣਾ ਦੀ ਜ਼ਰੂਰਤ ਨਹੀਂ ਹੈ। ਅਸੀਂ ਆਪਣੇ ਅੰਦਰ ਝਾਤੀ ਮਾਰਨ ਦਾ ਸਿਲਸਿਲਾ ਸ਼ੁਰੂ ਕਰਨਾ ਹੈ। ਇਸ ਆਤਮਾ ਦੀ ਮੌਜੂਦਗੀ ਦਾ ਗਿਆਨ ਪ੍ਰਾਪਤ ਕਰਨ ਲਈ ਕਿਸੇ ਦੀ ਸਹਾਇਤਾ ਦੀ ਜ਼ਰੂਰਤ ਨਹੀਂ ਹੈ। ਅਸੀਂ ਸਾਰੇ ਹੀ ਜਾਣਦੇ ਹਾਂ ਕਿ ਅਸੀਂ ਜਦੋਂ ਵੀ ਕੋਈ ਚੰਗਾ ਜਾਂ ਮਾੜਾ ਕੰਮ ਕਰਨ ਲੱਗਦੇ ਹਾਂ ਤਾਂ ਸਾਡੇ ਅੰਦਰ ਨਿਰਣਾ ਆਉਂਦਾ ਹੈ। ਸਾਡੇ ਅੰਦਰ ਰੱਬ ਬੈਠਾ ਸਾਨੂੰ ਇਹ ਸਮਝਾ ਰਿਹਾ ਹੁੰਦਾ ਹੈ ਕਿ ਅਸੀਂ ਜੋ ਕਾਰਜ ਕਰਨ ਜਾ ਰਹੇ ਹਾਂ ਉਹ ਬਹੁਤ ਹੀ ਵਧੀਆ ਹੈ। ਸਾਨੂੰ ਕਈ ਵਾਰੀ ਅੰਦਰੋਂ ਐਸੀ ਆਵਾਜ਼ ਵੀ ਸੁਣਾਈ ਦਿੰਦੀ ਹੈ ਜੋ ਸਾਨੂੰ ਆਖ ਰਹੀ ਹੁੰਦੀ ਹੈ ਕਿ ਅਸੀਂ ਜੋ ਕਾਰਜ ਕਰਨ ਜਾ ਰਹੇ ਹਾਂ ਉਹ ਕਾਰਜ ਮਾੜਾ ਹੈ, ਉਸ ਦੇ ਮਾੜੇ ਨਤੀਜੇ ਨਿਕਲਣਗੇ। ਜੋ ਲੋਕੀਂ ਆਤਮਾ ਦੀ ਆਵਾਜ਼ ਸੁਣ ਕੇ ਆਪਣੇ ਜੀਵਨ ਨੂੰ ਸੇਧ ਦੇਣ ਦਾ ਅਭਿਆਸ ਕਰਦੇ ਹਨ, ਉਨ੍ਹਾਂ ਪਾਸੋਂ ਚੰਗੇ ਕੰਮ ਹੁੰਦੇ ਹਨ ਅਤੇ ਜੋ ਆਦਮੀ ਅੰਦਰੋਂ ਉਠੀ ਆਵਾਜ਼ ਦੀ ਪ੍ਰਵਾਹ ਨਹੀਂ ਕਰਦੇ, ਉਹ ਬਹੁਤ ਸਾਰੇ ਐਸੇ ਕਰਮ ਕਰ ਬੈਠਦੇ ਹਨ ਜੋ ਉਨ੍ਹਾਂ ਲਈ ਵੀ ਦੁੱਖ ਪੈਦਾ ਕਰਦੇ ਹਨ ਅਤੇ ਹੋਰਾਂ ਲਈ ਵੀ ਦੁੱਖ ਦਾ ਕਾਰਨ ਬਣਦੇ ਹਨ। ਆਤਮਾ ਦੀ ਆਵਾਜ ਨੂੰ ਜਦੋਂ ਤੱਕ ਰੱਬ ਦੀ ਆਵਾਜ਼ ਸਵੀਕਾਰਿਆ ਨਹੀਂ ਜਾਂਦਾ, ਅਸੀਂ ਗ਼ਲਤ ਹਾਂ। ਇਸ ਕਰਕੇ ਅਸੀਂ ਆਤਮਾ ਦੀ ਆਵਾਜ਼ ਸੁਣਨ ਦਾ ਅਭਿਆਸ ਕਰਨਾ ਹੈ ਅਤੇ ਐਸਾ ਅਸੀਂ ਆਪ ਹੀ ਕਰ ਸਕਦੇ ਹਾਂ। ਸਾਧਾਂ-ਸੰਤਾਂ ਦੇ ਡੇਰਿਆਂ ਉੱਤੇ ਭਟਕਣ ਦੀ ਜ਼ਰੂਰਤ ਨਹੀਂ ਹੈ। ਸਵੈ-ਸੁਧਾਈ ਦਾ ਸਿਲਸਿਲਾ ਅਸੀਂ ਆਪ ਹੀ ਸ਼ੁਰੂ ਕਰਨਾ ਹੈ ਅਤੇ ਅਸੀਂ ਆਪ ਹੀ ਐਸਾ ਸਿਲਸਿਲਾ ਸ਼ੁਰੂ ਕਰਕੇ ਆਪਣੇ ਮਕਸਦ ਵਿੱਚ ਕਾਮਯਾਬ ਹੋ ਸਕਦੇ ਹਾਂ। ਹਰ ਕੋਈ ਸਵਾਰਥੀ ਹੈ ਅਤੇ ਹਰ ਕਿਸੇ ਨੇ ਆਪਣੇ ਵਾਸਤੇ ਕੁਝ ਕਰਨਾ ਹੈ।

## ਰੱਬ ਨੂੰ ਨਾਰਾਜ਼ ਨਾ ਕਰੋ

ਰੱਬ ਹਰੇਕ ਜੀਵ ਅੰਦਰ ਵਸਦਾ ਹੈ ਅਤੇ ਇਹ ਸਾਰੇ ਜੀਵ ਰੱਬ ਦੇ ਬਣਾਏ ਪਰਿਵਾਰ ਦੇ ਮੈਂਬਰ ਹਨ। ਜਦੋਂ ਕੋਈ ਇਕ ਜੀਵ ਦੂਜੇ ਜੀਵਾਂ ਨਾਲ ਗ਼ਲਤ ਕਾਰਵਾਈ ਕਰਦਾ ਹੈ ਤਾਂ ਰੱਬ ਖ਼ੁਸ਼ ਨਹੀਂ ਹੁੰਦਾ, ਬਲਕਿ ਰੱਬ ਨਾਰਾਜ਼ ਹੁੰਦਾ ਹੈ। ਅਸੀਂ ਸਾਰਿਆਂ ਨੇ ਰਲ ਕੇ ਰਹਿਣਾ ਹੈ, ਕਿਸੇ ਨਾਲ ਠੱਗੀ ਨਹੀਂ ਮਾਰਨੀ, ਕਿਸੇ ਨੂੰ ਗੁੰਮਰਾਹ ਨਹੀਂ ਕਰਨਾ, ਕਿਸੇ ਦਾ ਹੱਕ ਨਹੀਂ ਮਾਰਨਾ, ਕਿਸੇ ਉੱਤੇ ਜ਼ਿਆਦਤੀ ਨਹੀਂ ਕਰਨੀ, ਕਿਸੇ ਨਾਲ ਮੰਦਾ ਵਿਉਹਾਰ ਨਹੀਂ ਕਰਨਾ, ਕਿਸੇ ਨਾਲ ਨਫ਼ਰਤ ਨਹੀਂ ਕਰਨੀ। ਹਰ ਕਿਸੇ ਦਾ ਸਤਿਕਾਰ ਕਰਨਾ ਹੈ, ਹਰ ਕਿਸੇ ਨਾਲ ਪਿਆਰ ਪਾਉਣਾ ਹੈ। ਕਿਸੇ ਨੂੰ ਓਪਰਾ ਨਹੀਂ ਸਮਝਣਾ। ਅਗਰ ਅਸੀਂ

ਐਸੇ ਗੁਣ ਅਪਣਾ ਲੈਂਦੇ ਹਾਂ ਤਾਂ ਅਸੀਂ ਰੱਬ ਦੇ ਪਿਆਰੇ ਬੰਦੇ ਬਣ ਜਾਂਦੇ ਹਾਂ। ਰੱਬ ਲੋਕਾਂ ਵਿੱਚ ਵਸਦਾ ਹੈ, ਰੱਬ ਕੁਦਰਤ ਵਿੱਚ ਵਸਦਾ ਹੈ। ਰੱਬ ਸਾਰੀ ਕਾਇਨਾਤ ਵਿੱਚ ਹਾਜ਼ਰ ਹੈ। ਅਸੀਂ ਹਰੇਕ ਨੂੰ ਰੱਬ ਦਾ ਬਣਾਇਆ ਹੋਇਆ ਸਮਝਣਾ ਹੈ। ਰੱਬ ਉਸ ਬੰਦੇ ਨੂੰ ਪਿਆਰ ਕਰਦਾ ਹੈ ਜੋ ਸਾਰਿਆਂ ਦਾ ਪਿਆਰ ਅਤੇ ਸਤਿਕਾਰ ਕਰਦਾ ਹੈ। ਇਸ ਲਈ ਰੱਬ ਦੀ ਖ਼ੁਸ਼ੀ ਲਈ ਅਸੀਂ ਆਪਣੀ ਸੋਚ ਅਤੇ ਆਪਣੇ ਵਤੀਰੇ ਨੂੰ ਵੀ ਸੇਧ ਦੇਣੀ ਹੈ ਅਤੇ ਆਪਣੇ ਵਤੀਰੇ ਨੂੰ ਸੇਧ ਦੇਣੀ ਹੈ ਅਤੇ ਇਹ ਕੰਮ ਬਹੁਤਾ ਔਖਾ ਨਹੀਂ ਹੈ। ਦੁਸ਼ਮਣੀਆਂ ਪੈਦਾ ਕਰਨ ਨਾਲੋਂ ਪਿਆਰ ਮੁਹੱਬਤਾਂ ਦੀਆਂ ਗੱਲਾਂ ਕਰੋ, ਜ਼ਿਆਦਾ ਸੌਖੀਆਂ ਹਨ ਅਤੇ ਜ਼ਿਆਦਾ ਮਜ਼ੇਦਾਰ ਹਨ।

## ਰੱਬ ਹੀ ਸਾਡਾ ਸਹਾਰਾ ਹੈ

ਵੈਸੇ ਤਾਂ ਆਦਮੀ ਦੀ ਮੱਦਦ ਜਦ ਵੀ ਰੱਬ ਕਰਦਾ ਹੈ ਕਿਸੇ ਨਾ ਕਿਸੇ ਆਦਮੀ ਰਾਹੀਂ ਕਰਦਾ ਹੈ। ਰੱਬ ਹੁਕਮ ਕਰਦਾ ਹੈ ਅਤੇ ਸਾਡੇ ਮੁਸ਼ਕਿਲ ਵਕਤਾਂ ਵਿੱਚ ਰੱਬ ਕਿਸੇ ਰਾਹੀਂ ਸਾਡੀ ਸਹਾਇਤਾ ਕਰ ਜਾਂਦਾ ਹੈ। ਇਸੇ ਕਰਕੇ ਅਸੀਂ ਜਦ ਵੀ ਰੱਬ ਦੀ ਓਟ ਲੈਂਦੇ ਹਾਂ ਤਾਂ ਰੱਬ ਸਾਨੂੰ ਐਸੇ ਮਨੁੱਖਾਂ ਦੀ ਯਾਦ ਦਿਵਾ ਦਿੰਦਾ ਹੈ ਜਿਨ੍ਹਾਂ ਰਾਹੀਂ ਰੱਬ ਨੇ ਸਾਡੀ ਸਹਾਇਤਾ ਕਰਨੀ ਹੁੰਦੀ ਹੈ। ਅਸੀਂ ਉਨ੍ਹਾਂ ਮਨੁੱਖਾਂ ਪਾਸ ਜਾਂਦੇ ਹਾਂ ਅਤੇ ਸਾਡੀ ਸਹਾਇਤਾ ਹੋ ਜਾਂਦੀ ਹੈ, ਰੱਬ ਉੱਤੋਂ ਕੁੱਝ ਨਹੀਂ ਸੁੱਟਦਾ। ਰੱਬ ਨੇ ਸਾਡੀ ਕਿਸਮਤ ਦੀ ਹਰ ਸ਼ੈਅ ਇਸ ਦੁਨੀਆਂ ਵਿੱਚ ਪਹਿਲਾਂ ਹੀ ਭੇਜ ਰੱਖੀ ਹੈ। ਅਸੀਂ ਆਪ ਹੀ ਕੋਸ਼ਿਸ਼ ਕਰਕੇ ਆਪਣੇ ਹਿੱਸੇ ਦੀਆਂ ਨਿਆਮਤਾਂ ਪ੍ਰਾਪਤ ਵੀ ਕਰ ਸਕਦੇ ਹਾਂ ਅਤੇ ਉਨ੍ਹਾਂ ਦਾ ਆਨੰਦ ਵੀ ਮਾਣ ਸਕਦੇ ਹਾਂ। ਇਹ ਰੱਬ ਦੇ ਭੇਜੇ ਬੰਦੇ ਵੀ ਸਾਡੀ ਸਹਾਇਤਾ ਕਰਦੇ ਹਨ, ਇਸੇ ਕਰਕੇ ਆਖਿਆ ਗਿਆ ਹੈ ਕਿ ਰੱਬ ਦੇ ਭੇਜੇ ਹਰੇਕ ਬੰਦੇ ਨੂੰ ਰੱਬ ਦਾ ਦੂਤ ਸਮਝ ਕੇ ਤੁਰਨਾ ਚਾਹੀਦਾ ਹੈ। ਪਤਾ ਨਹੀਂ ਕੌਣ ਕਿੱਥੇ ਅਤੇ ਕਦੋਂ ਆ ਕੇ ਸਾਡੀ ਮੱਦਦ ਕਰ ਜਾਵੇ।

## ਰੱਬ ਸੱਤਯ ਹੈ, ਸ਼ਿਵਮ ਹੈ, ਸੁੰਦਰਤਾ ਹੈ

ਰੱਬ ਦੇ ਤਿੰਨ ਗੁਣ ਦੁਨੀਆਂ ਭਰ ਦੇ ਧਰਮਾਂ ਅਤੇ ਲੋਕਾਂ ਨੇ ਸਵੀਕਾਰ ਕਰ ਲਏ ਹਨ। ਰੱਬ ਇਕ ਸੱਚਾਈ ਹੈ ਅਤੇ ਇਸ ਉੱਤੇ ਕਿੰਤੂ-ਪ੍ਰੰਤੂ ਕਰਕੇ ਆਪਣਾ ਸਮਾਂ ਨਸ਼ਟ ਨਹੀਂ ਕਰਨਾ ਚਾਹੀਦਾ। ਰੱਬ ਇਕ ਸੱਚਾਈ ਹੈ ਅਤੇ ਰੱਬ ਦੀ ਹੋਂਦ ਸਵੀਕਾਰ ਕਰ ਲੈਣੀ ਹੀ ਬਣਦੀ ਹੈ। ਰੱਬ ਸਰਵਸ਼ਕਤੀਮਾਨ ਹੈ, ਅਰਥਾਤ ਰੱਬ ਦੇ ਹੁਕਮ ਬਗ਼ੈਰ ਇਸ ਦੁਨੀਆਂ ਵਿੱਚ ਪੱਤਾ ਵੀ ਨਹੀਂ ਹਿਲ ਸਕਦਾ। ਅੱਜ ਤੱਕ ਜੋ ਕੁਝ ਵੀ ਹੋਇਆ ਹੈ ਉਹ ਰੱਬ ਦੀ ਇੱਛਾ ਨਾਲ ਹੋਇਆ ਹੈ ਅਤੇ ਅੱਜ ਅਤੇ ਅੱਜ ਤੋਂ ਬਾਅਦ ਵੀ ਜੋ ਕੁਝ ਹੋਣਾ ਹੈ, ਉਹ ਰੱਬ ਦੀ ਰਜ਼ਾ ਨਾਲ ਹੀ ਹੋਣਾ ਹੈ, ਅਸੀਂ ਮਨੁੱਖ ਤਾਂ ਰੱਬ ਦੇ ਹੱਥ ਵਿੱਚ ਪੁਤਲੇ ਹਾਂ। ਸਾਡੀ ਹੋਂਦ ਬਸ ਇਤਨੀ ਕੁ ਹੀ ਹੈ ਕਿ ਰੱਬ ਬਹੁਤ ਕੁਝ ਸਾਡੇ ਤੋਂ ਕਰਵਾ ਲੈਂਦਾ ਹੈ ਅਤੇ ਅਸੀਂ ਜਦੋਂ ਦੁੱਖ ਪਾਉਂਦੇ ਹਾਂ ਤਾਂ ਅਸੀਂ ਰੱਬ ਨੂੰ ਨਹੀਂ ਕੋਸ ਸਕਦੇ, ਬਲਕਿ ਕਿਧਰੇ ਨਾ ਕਿਧਰੇ ਸਾਡੀਆਂ ਆਪਣੀਆਂ ਗ਼ਲਤੀਆਂ ਪਿੱਛੇ ਹੀ ਸਾਡਾ ਦੁਖਾਂਤ ਲੁਕਿਆ ਹੁੰਦਾ ਹੈ। ਰੱਬ ਦੀ ਬਣਾਈ ਹਰ ਸ਼ੈਅ ਸੰਪੂਰਨ ਹੈ ਅਤੇ ਉਸ ਦੀ ਇੱਛਾ ਨਾਲ ਸਾਜੀ ਗਈ ਹੈ। ਕਿਸੇ ਵੀ ਸ਼ੈਅ ਅਤੇ ਜੀਵ ਦੀ ਸੁੰਦਰਤਾ ਉੱਤੇ ਕਿੰਤੂ-ਪ੍ਰੰਤੂ ਕਰਨ ਦਾ ਸਾਨੂੰ ਕੋਈ ਹੱਕ ਨਹੀਂ ਹੈ। ਰੱਬ ਕਦੀ ਵੀ ਬਦਸੂਰਤ ਅਤੇ ਅਣਚਾਹੀ ਸ਼ੈਅ ਨਹੀਂ ਬਣਾਉਂਦਾ। ਉਸ ਨੇ ਜਿਸ ਕਿਸੇ ਜੀਵ ਨੂੰ ਅਤੇ ਕੁਦਰਤ ਨੂੰ ਜੋ ਸੂਰਤ ਦਿੱਤੀ ਹੈ, ਉਹ ਸੁੰਦਰ ਹੈ ਅਤੇ ਉਸ ਦੀ ਸੁੰਦਰਤਾ ਅਗਰ ਕਦੀ ਸਾਡੀਆਂ ਅੱਖਾਂ ਨੂੰ ਨਹੀਂ ਭਾਉਂਦੀ ਤਾਂ ਇਹ ਸਾਡੀ ਦੇਖਣੀ ਦਾ ਕਸੂਰ ਹੈ।

## ਸ਼ੁੱਭ ਗੁਣ ਹੀ ਭਗਤੀ ਹੈ

ਆਪਣੇ ਆਪ-ਅੰਦਰ ਰੱਬ ਵਲੋਂ ਭੇਜੇ ਸ਼ੁੱਭ ਗੁਣਾਂ ਦੀ ਖੋਜ ਕਰਨੀ ਅਤੇ ਉਨ੍ਹਾਂ ਗੁਣਾਂ ਦੀ ਲੋਕਾਂ ਵਾਸਤੇ ਵਰਤੋਂ ਕਰਨੀ ਹੀ ਅਸਲੀ ਭਗਤੀ ਹੈ। ਸਿਰਫ਼ ਆਪਣੇ ਆਪ ਲਈ ਕੁਝ ਮੰਗਣਾ ਭਗਤੀ ਨਹੀਂ ਹੈ। ਰੱਬ ਉਨ੍ਹਾਂ ਲੋਕਾਂ ਉੱਤੇ ਖ਼ੁਸ਼ ਹੁੰਦਾ ਹੈ ਜੋ ਆਪਣੇ ਗੁਣਾਂ ਦੀ ਪਛਾਣ ਕਰਦੇ ਹਨ ਅਤੇ ਫਿਰ ਆਪਣੇ ਗੁਣਾਂ ਦੀ ਲੋਕ ਭਲਾਈ ਲਈ ਵਰਤੋਂ ਕਰਦੇ ਹਨ। ਅਸੀਂ ਆਪਣੇ ਗੁਣਾਂ ਦੀ ਸ਼ਨਾਖ਼ਤ ਵੀ ਕਰਨੀ ਹੈ ਅਤੇ ਉਨ੍ਹਾਂ ਦਾ ਪ੍ਰਯੋਗ ਵੀ ਕਰਨਾ ਹੈ। ਆਪਣੇ ਗੁਣ ਆਪਣੇ ਨਾਲ ਲੈ ਕੇ ਹੀ ਮਰ ਜਾਣਾ ਠੀਕ ਨਹੀਂ ਹੈ। ਗੁਣਾਂ ਦੀ ਰੱਜ ਕੇ ਵਰਤੋਂ ਕਰਨੀ ਚਾਹੀਦੀ ਹੈ। ਇਸ ਦੁਨੀਆਂ ਦੇ ਸਾਰੇ ਲੋਕੀਂ ਸਾਡਾ ਪਰਿਵਾਰ ਹਨ ਅਤੇ ਅਸੀਂ ਸਿੱਧੇ ਜਾਂ ਅਸਿੱਧੇ ਇਨ੍ਹਾਂ ਨਾਲ ਜੁੜੇ ਪਏ ਹਾਂ। ਇਸ ਦੁਨੀਆਂ ਵਿੱਚ ਅੱਜ ਤੱਕ ਜੋ ਵੀ ਪ੍ਰਗਤੀ ਹੋਈ ਹੈ, ਇਹ ਉਨ੍ਹਾਂ ਲੋਕਾਂ ਦੀ ਬਦੌਲਤ ਹੋਈ ਹੈ ਜੋ ਆਪਣੇ ਗੁਣਾਂ ਨੂੰ ਲੋਕ-ਭਲਾਈ ਲਈ ਵਰਤਦੇ ਆਏ ਹਨ। ਅਸੀਂ ਵੀ ਇਸੇ ਕਤਾਰ ਵਿੱਚ ਖਲੋਤੇ ਹਾਂ ਅਤੇ ਅਸੀਂ ਦੁਨੀਆਂ ਨੂੰ ਹੋਰ ਬਿਹਤਰ ਬਣਾਉਣ ਲਈ ਆਪਣਾ ਯੋਗਦਾਨ ਪਾਉਣਾ ਹੈ।

## ਮੰਗਣ ਕਦੀ ਨਾ ਜਾਉ

ਅਸੀਂ ਆਪ ਸੰਪੂਰਨ ਹਾਂ, ਰੱਬ ਨੇ ਸਾਨੂੰ ਪੂਰਾ-ਪੂਰਾ ਬਣਾਇਆ ਹੈ, ਕੋਈ ਘਾਟ ਨਹੀਂ ਛੱਡੀ। ਅਸੀਂ ਆਪਣੇ ਜੋਗੇ ਆਪ ਹਾਂ। ਅਸੀਂ ਆਪਣੇ ਪੈਰਾਂ ਉੱਤੇ ਆਪ ਖਲੋਣਾ ਹੈ, ਹਰ ਕੋਈ ਐਸਾ ਹੀ ਯਤਨ ਕਰ ਰਿਹਾ ਹੈ। ਅਸੀਂ ਉਸ ਉੱਤੇ ਜਾ ਕੇ ਬੋਝ ਨਹੀਂ ਪਾਉਣਾ। ਸਾਡੀ ਦੇਖ-ਭਾਲ ਅਸੀਂ ਆਪ ਕਰਨੀ ਹੈ। ਅਸੀਂ ਕਿਸੇ ਦੇ ਮੁਥਾਜ ਕਿਉਂ ਹੋਈਏ ? ਅਸੀਂ ਆਪਣਾ ਅੱਜ ਵੀ ਪਾਲਣਾ ਹੈ, ਅਸੀਂ ਕੱਲ੍ਹ ਲਈ ਵੀ ਯਤਨ ਕਰਨਾ ਹੈ। ਅਸੀਂ ਮਾੜੇ ਦਿਨਾਂ ਲਈ ਵੀ ਬਚਾ ਕੇ ਰੱਖਣਾ ਹੈ। ਮੰਗਿਆਂ ਪੂਰੀਆਂ ਨਹੀਂ ਪੈਂਦੀਆਂ। ਮੰਗਣ ਗਿਆ ਸੋ ਮਰ ਗਿਆ। ਬਹੁਤ ਵੱਡੀ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪੈਂਦਾ ਹੈ। ਸੌ ਸੌ ਬਹਾਨੇ ਲਗਾ ਕੇ ਅਗਲੇ ਦਾ ਦਰਵਾਜ਼ਾ ਖੜਕਾਉਣਾ ਪੈਂਦਾ ਹੈ। ਮੰਗਣੇ ਨੂੰ ਸੌ-ਸੌ ਪਾਖੰਡ ਕਰਨੇ ਪੈਂਦੇ ਹਨ, ਸੌ-ਸੌ ਝੂਠ ਬੋਲਣਾ ਪੈਂਦਾ ਹੈ। ਸੋ ਜਦੋਂ ਤੋਂ ਹੋਸ਼ ਸੰਭਾਲੋ ਇਹੀ ਕੋਸ਼ਿਸ਼ ਜਾਰੀ ਰਖੋ ਕਿ ਤੁਸੀਂ ਕਿਸੇ ਉੱਤੇ ਨਿਰਭਰ ਨਾ ਰਹੋ। ਮਾਤਾ-ਪਿਤਾ ਨੂੰ ਵੀ ਇਹੀ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਬਾਲ ਬੱਚਿਆਂ ਨੂੰ ਬਣਦੀ ਸਿੱਖਿਆ ਦੇਣ, ਬਣਦੀ ਸਿਖਲਾਈ ਦੇਣ ਅਤੇ ਕੋਸ਼ਿਸ਼ ਕਰਨ ਕਿ ਉਨ੍ਹਾਂ ਦੇ ਬੱਚੇ ਐਸੇ ਕੰਮਾਂ-ਕਾਜਾਂ ਉੱਤੇ ਲੱਗ ਜਾਣ ਜਿੱਥੇ ਵਾਜਬ ਪੱਕੀ ਅਤੇ ਲਗਾਤਾਰ ਆਮਦਨ ਆਉਣ ਦੇ ਸਾਧਨ ਬਣ ਜਾਣ।

ਜਦੋਂ ਬੱਚਾ ਆਪਣੇ ਪੈਰਾਂ ਉੱਤੇ ਖਲੋ ਜਾਵੇ, ਤਾਂ ਹੀ ਮਾਤਾ-ਪਿਤਾ ਇਹ ਆਖ ਸਕਣ ਕਿ ਉਨ੍ਹਾਂ ਨੇ ਉਤਨੇ ਹੀ ਬੱਚੇ ਪੈਦਾ ਕੀਤੇ ਹਨ ਜਿਤਨਿਆਂ ਨੂੰ ਉਹ ਯੋਗ ਅਤੇ ਸਮਰੱਥ ਨਾਗਰਿਕ ਬਣਾ ਸਕਦੇ ਹਨ। ਅਗਰ ਐਸਾ ਸਿਲਸਿਲਾ ਚੱਲ ਪਵੇ ਤਾਂ ਕੋਈ ਮੰਗਤਾ ਨਹੀਂ ਰਵੇਗਾ। ਮੰਗਣਾ ਹਰ ਹਾਲਤ ਵਿੱਚ ਮਾੜਾ ਹੈ। ਹਰ ਉਹ ਆਦਮੀ ਮੰਗਤਾ ਹੈ ਜੋ ਕੰਮ ਨਹੀਂ ਕਰਦਾ, ਕਿਰਤ ਨਹੀਂ ਕਰਦਾ ਅਤੇ ਦੂਜਿਆਂ ਉੱਤੇ ਨਿਰਭਰ ਹੈ ਜਾਂ ਦੂਜਿਆਂ ਪਾਸੋਂ ਮੰਗ ਕੇ ਖਾਂਦਾ ਹੈ। ਲੋਕੀਂ ਆਪਣੀ ਕਮਾਈ 'ਚ ਇਨ੍ਹਾਂ ਵਿਹਲੜਾਂ ਦਾ ਪੇਟ ਪਾਲਦੇ ਹਨ। ਕਈ ਥਾਈਂ ਅਸੀਂ ਐਸਾ ਵੀ ਦੇਖਦੇ ਹਾਂ ਕਿ ਮੰਗਣ ਵਾਲੇ ਅਮੀਰ ਹੋ ਜਾਂਦੇ ਹਨ ਅਤੇ ਉਹ ਲੋਕੀਂ ਜੋ ਦਾਨ ਦਿੰਦੇ ਹਨ ਗ਼ਰੀਬ ਹੋ ਜਾਂਦੇ ਹਨ। ਸਾਡੇ ਮੁਲਕ ਅੰਦਰ

ਮੰਗਤਿਆਂ ਨੂੰ ਪਾਲਣ ਦੀ ਇਕ ਪ੍ਰਥਾ ਚੱਲ ਪਈ ਹੈ। ਇਕ ਕਿਸਮ ਦਾ ਇਹ ਇਕ ਟੈਕਸ ਹੈ। ਅੱਜ ਕੱਲ੍ਹ ਅਗਰ ਅਸੀਂ ਨੀਝ ਲਗਾ ਕੇ ਦੇਖੀਏ ਤਾਂ ਮੰਗਤਿਆਂ ਦੀਆਂ ਕਈ ਕਿਸਮਾਂ ਹੋਂਦ ਵਿੱਚ ਆ ਚੁੱਕੀਆਂ ਹਨ ਅਤੇ ਮੰਗਣ ਦੇ ਢੰਗ ਤਰੀਕੇ ਵੀ ਨਵੇਂ-ਨਵੇਂ ਹੋਂਦ ਵਿੱਚ ਆ ਚੁੱਕੇ ਹਨ। ਪਤਾ ਨਹੀਂ ਅਸੀਂ ਮੰਗਤਿਆਂ ਪਾਸੋਂ ਜਾਨ ਕਿਵੇਂ ਛੁਡਾਵਾਂਗੇ ?

## ਕਿਸੇ ਦੇ ਦੁੱਖਾਂ ਦਾ ਕਾਰਨ ਨਾ ਬਣੋ

ਇਸ ਦੁਨੀਆਂ ਵਿੱਚ ਜੋ ਕੋਈ ਵੀ ਆਇਆ ਹੈ, ਸੁੱਖਾਂ ਦੀ ਕਾਮਨਾ ਕਰਦਾ ਹੈ। ਅਸੀਂ ਵੀ ਸੁੱਖਾਂ ਦੀ ਕਾਮਨਾ ਕਰਦੇ ਹਾਂ। ਜੋ ਕੋਈ ਸਾਨੂੰ ਦੁੱਖ ਦਿੰਦਾ ਹੈ ਉਹ ਸਾਨੂੰ ਬਹੁਤ ਹੀ ਮਾੜਾ ਲੱਗਦਾ ਹੈ। ਇਸੇ ਤਰ੍ਹਾਂ ਅਸੀਂ ਵੀ ਅਗਰ ਕਿਸੇ ਲਈ ਦੁੱਖ ਪੈਦਾ ਕਰਦੇ ਹਾਂ ਤਾਂ ਉਹ ਆਦਮੀ ਵੀ ਸਾਨੂੰ ਨਫ਼ਰਤ ਕਰਦਾ ਹੈ। ਸਾਡਾ ਦੁਸ਼ਮਣ ਬਣ ਜਾਂਦਾ ਹੈ, ਸਾਡੇ ਲਈ ਅਰਦਾਸਾਂ ਕਰਦਾ ਹੈ ਅਤੇ ਰੱਬ ਪਾਸੋਂ ਮੰਗ ਕਰਦਾ ਹੈ ਕਿ ਸਾਨੂੰ ਸਜ਼ਾ ਦੇਵੇ। ਅਸੀਂ ਜਿਸ ਆਦਮੀ ਲਈ ਦੁੱਖ ਪੈਦਾ ਕਰਦੇ ਹਾਂ ਉਹ ਆਦਮੀ ਕਦੀ ਵੀ ਸਾਨੂੰ ਪਿਆਰ ਨਹੀਂ ਕਰ ਸਕਦਾ। ਅਸੀਂ ਅੱਜ ਜਦੋਂ ਹਮੇਸ਼ਾਂ ਸੁੱਖਾਂ ਦੀ ਭਾਲ ਵਿੱਚ ਹਾਂ ਤਾਂ ਸਾਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਦੁਨੀਆਂ ਦਾ ਹਰੇਕ ਆਦਮੀ ਸੁੱਖਾਂ ਦੀ ਭਾਲ ਕਰ ਰਿਹਾ ਹੈ। ਅਗਰ ਅਸੀਂ ਵਧੀਆ ਮਨੁੱਖਾਂ ਦੀ ਕਤਾਰ ਵਿੱਚ ਖਲੋਣਾ ਚਾਹੁੰਦੇ ਹਾਂ ਤਾਂ ਸਾਨੂੰ ਉਹ ਕੰਮ ਕਰਨੇ ਚਾਹੀਦੇ ਹਨ ਜੋ ਦੂਜੇ ਲੋਕਾਂ ਲਈ ਸੁੱਖਾਂ ਦਾ ਕਾਰਨ ਬਣ ਸਕਣ। ਸੁੱਖੀ-ਸਾਂਦੀ ਵਸਦੇ ਲੋਕਾਂ ਵਿਚਕਾਰ ਰਹਿਣ ਦਾ ਮਜ਼ਾ ਹੀ ਨਿਆਰਾ ਹੈ। ਅਸੀਂ ਨਾ ਤਾਂ ਆਪ ਦੁੱਖੀ ਹੋਈਏ ਅਤੇ ਨਾ ਹੀ ਕਿਸੇ ਹੋਰ ਲਈ ਦੁੱਖ ਪੈਦਾ ਕਰੀਏ, ਇਹੀ ਸਾਡਾ ਜੀਵਨ ਉਦੇਸ਼ ਹੋਣਾ ਚਾਹੀਦਾ ਹੈ ਅਤੇ ਐਸਾ ਕਰਨਾ ਮੁਸ਼ਕਿਲ ਨਹੀਂ ਹੈ, ਬਹੁਤ ਹੀ ਸੌਖਾ ਹੈ।

## ਪਰਮ ਪਿਤਾ ਪ੍ਰਮਾਤਮਾ ਦੇ ਪਿਆਰੇ ਬਣੋ

ਰੱਬ ਸਾਡੇ ਲਈ ਮਾਤਾ-ਪਿਤਾ ਦੇ ਬਰਾਬਰ ਹੈ। ਜਿਵੇਂ ਹਰ ਬੱਚੇ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਮਾਤਾ-ਪਿਤਾ ਦੀ ਸੇਵਾ ਕਰੇ ਅਤੇ ਉਨ੍ਹਾਂ ਦਾ ਪਿਆਰ ਜਿੱਤਦਾ ਰਵੇ, ਇਸੇ ਤਰ੍ਹਾਂ ਸਾਡਾ ਇਹ ਫ਼ਰਜ਼ ਬਣਦਾ ਹੈ ਕਿ ਅਸੀਂ ਆਪਣੇ ਅੰਦਰ ਵਿਆਪਕ ਪਰਮ ਪਿਤਾ ਪ੍ਰਮਾਤਮਾ ਨੂੰ ਖ਼ੁਸ਼ ਕਰਨ ਦਾ ਯਤਨ ਕਰਦੇ ਰਹੀਏ। ਰੱਬ ਉਨ੍ਹਾਂ ਲੋਕਾਂ ਨੂੰ ਪਿਆਰ ਕਰਦਾ ਹੈ ਜੋ ਉਸ ਦੇ ਬਣਾਏ ਸਾਰੇ ਜੀਵਾਂ ਨੂੰ ਪਿਆਰ ਕਰਦਾ ਹੈ। ਰੱਬ ਨੂੰ ਹਮੇਸ਼ਾਂ ਯਾਦ ਰੱਖਣ ਦਾ ਮਤਲਬ ਵੀ ਇਹੀ ਹੈ ਕਿ ਅਸੀਂ ਕੋਈ ਐਸਾ ਕੰਮ ਨਾ ਕਰੀਏ ਜੋ ਲੋਕਾਂ ਦਾ ਦਿਲ ਦੁਖਾਂਦਾ ਹੋਵੇ। ਲੋਕਾਂ ਨਾਲ ਨਫ਼ਰਤ ਕਰਨ ਵਾਲਾ, ਲੋਕਾਂ ਨਾਲ ਵਿੜਕਰਾ ਕਰਨ ਵਾਲਾ, ਲੋਕਾਂ ਦਾ ਮਜ਼ਾਕ ਉਡਾਉਣ ਵਾਲਾ, ਲੋਕਾਂ ਉੱਤੇ ਜ਼ਿਆਦਤੀਆਂ ਕਰਨ ਵਾਲਾ, ਲੋਕਾਂ ਉੱਤੇ ਤਸ਼ੱਦਦ ਕਰਨ ਵਾਲਾ ਅਤੇ ਲੋਕਾਂ ਦਾ ਹੱਕ ਮਾਰਨ ਵਾਲਾ ਆਦਮੀ ਕਦੀ ਵੀ ਰੱਬ ਦਾ ਪਿਆਰਾ ਨਹੀਂ ਬਣ ਸਕਦਾ। ਇਹ ਨਿੱਕੀਆਂ-ਨਿੱਕੀਆਂ ਗੱਲਾਂ ਹਨ, ਪਰ ਅਸੀਂ ਅਗਰ ਇਨ੍ਹਾਂ ਦਾ ਧਿਆਨ ਰੱਖਦੇ ਰਹੀਏ ਤਾਂ ਅਸੀਂ ਰੱਬ ਦੇ ਪਿਆਰੇ ਬਣ ਸਕਦੇ ਹਾਂ। ਰੱਬ ਦਾ ਪਿਆਰ ਪਾਉਣਾ ਹੀ ਸਾਡਾ ਉਦੇਸ਼ ਹੋਣਾ ਚਾਹੀਦਾ ਹੈ ਅਤੇ ਇਸ ਲਈ ਇਹ ਜ਼ਰੂਰੀ ਹੈ ਕਿ ਅਸੀਂ ਦੁਨੀਆਂ ਭਰ ਦੇ ਲੋਕਾਂ ਦਾ ਪਿਆਰ ਜਿੱਤਣ ਦੀ ਕੋਸ਼ਿਸ ਕਰਦੇ ਰਹੀਏ। ਲੋਕਾਂ ਦਾ ਪਿਆਰ ਜਿੱਤਣਾ ਕੋਈ ਮੁਸ਼ਕਲ ਕੰਮ ਨਹੀਂ ਹੈ। ਸਾਡੇ ਅੰਦਰ ਹਮੇਸ਼ਾਂ ਪਿਆਰ ਦੀ ਭਾਵਨਾ ਜਾਗਦੀ ਰਹਿੰਦੀ ਹੈ। ਅਸੀਂ ਖ਼ੁਦ ਪਿਆਰ ਨੂੰ

ਨਫ਼ਰਤ ਵਿੱਚ ਬਦਲਦੇ ਰਹਿੰਦੇ ਹਾਂ। ਸਾਨੂੰ ਇਕ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਪਿਆਰ ਕਰੋ ਤਾਂ ਹੀ ਅੱਗੋਂ ਪਿਆਰ ਮਿਲਦਾ ਹੈ। ਨਫ਼ਰਤ ਕਰੋ ਤਾਂ ਅੱਗੋਂ ਨਫ਼ਰਤ ਮਿਲਦੀ ਹੈ। ਅਸੀਂ ਆਪ ਨਫ਼ਰਤ ਕਰਦੇ ਰਹੀਏ ਅਤੇ ਦੂਜਿਆਂ ਦਾ ਪਿਆਰ ਪਾਉਣ ਦੀ ਕੋਸ਼ਿਸ ਕਰੀਏ, ਐਸਾ ਸੋਚਣਾ ਗ਼ਲਤ ਹੈ। ਪਿਆਰ ਨਾਲ ਹੀ ਪਿਆਰ ਮਿਲਦਾ ਹੈ। ਰੱਬ ਦਾ ਪਿਆਰ ਵੀ ਉਸ ਆਦਮੀ ਦੇ ਨਸੀਬ ਹੁੰਦਾ ਹੈ ਜੋ ਰੱਬ ਦਾ ਪਿਆਰ ਪ੍ਰਾਪਤ ਕਰਨ ਲਈ ਉਸ ਦੇ ਜੀਵਾਂ ਨਾਲ ਪਿਆਰ ਕਰਦਾ ਹੈ।

## ਮਨੁੱਖਤਾ ਸਾਰੀ ਦੀ ਸਾਰੀ ਦੁਖੀਆ ਹੈ

ਜਿੱਥੇ ਇਸ ਦੁਨੀਆਂ ਵਿੱਚ ਸੁੱਖਾਂ ਦੀ ਘਾਟ ਨਹੀਂ ਹੈ, ਉੱਥੇ ਦੁੱਖਾਂ ਦੀ ਗਿਣਤੀ ਹੀ ਨਹੀਂ ਕੀਤੀ ਜਾ ਸਕਦੀ। ਸਾਡੇ ਅੰਦਰੋਂ ਇਹੀ ਵਿਚਾਰ ਉਠਦਾ ਰਹਿੰਦਾ ਹੈ ਕਿ ਅਸੀਂ ਦੁਨੀਆਂ ਦੇ ਸਭ ਤੋਂ ਦੁੱਖੀ ਆਦਮੀ ਹਾਂ। ਸਾਨੂੰ ਬਾਕੀ ਸਾਰੇ ਲੋਕੀਂ ਸੁੱਖੀ ਲੱਗਦੇ ਹਨ, ਪਰ ਐਸਾ ਨਹੀਂ ਹੈ। ਰੱਬ ਨੇ ਕਾਣੀ ਵੰਡ ਨਹੀਂ ਕੀਤੀ, ਸਿਰਫ਼ ਉਹੀ ਬੰਦਾ ਜਾਣਦਾ ਹੈ ਜਿਸ ਦੀ ਜੁੱਤੀ ਕਿਧਰਿਓਂ ਨਾ ਕਿਧਰਿਓਂ ਉਸ ਨੂੰ ਚੁੱਭ ਰਹੀ ਹੈ ਅਤੇ ਪੀੜਾ ਦਾ ਕਾਰਨ ਬਣੀ ਹੋਈ ਹੈ। ਰੱਬ ਨੇ ਦੁੱਖ ਅਤੇ ਸੁੱਖ ਵੰਡ ਰੱਖੇ ਹਨ। ਕਿਸੇ ਨੂੰ ਕੋਈ ਸੁੱਖ ਦੇ ਰੱਖਿਆ ਹੈ ਅਤੇ ਕੋਈ ਆਦਮੀ ਕਿਸੇ ਪੀੜਾ ਦਾ ਸ਼ਿਕਾਰ ਹੈ। ਸਾਨੂੰ ਜੋ ਲੋਕੀਂ ਸੁੱਖੀ-ਸਾਂਦੀ ਜੀਵਨ ਬਸਰ ਕਰਦੇ ਲੱਗਦੇ ਹਨ, ਉਹ ਸੁੱਖੀ ਨਹੀਂ ਹਨ। ਅਸੀਂ ਅਗਰ ਉਨ੍ਹਾਂ ਦੀ ਦੁਖਦੀ ਰਗ ਉੱਤੇ ਹੱਥ ਰੱਖੀਏ ਤਾਂ ਪਤਾ ਲੱਗੇਗਾ ਕਿ ਉਹ ਵਿਚਾਰਾ ਤਾਂ ਸਾਡੇ ਨਾਲੋਂ ਵੀ ਜ਼ਿਆਦਾ ਦੁੱਖੀ ਹੈ। ਕੋਈ ਆਖੇ ਕਿ ਪੈਸੇ ਵਾਲਾ ਆਦਮੀ ਸੁੱਖੀ ਹੈ। ਕੋਈ ਆਖੇ ਬਾਲ-ਬੱਚੇਦਾਰ ਆਦਮੀ ਸੁੱਖੀ ਹੈ, ਕੋਈ ਆਖੇ ਇਹ ਮਹਿਲਾ ਮਾੜੀਆਂ ਵਾਲੇ ਸੁੱਖੀ ਹਨ, ਕੋਈ ਆਖੇ ਕਿ ਹਕੂਮਤਾਂ ਕਰਦੇ ਲੋਕੀਂ ਸੁੱਖੀ ਹਨ, ਕੋਈ ਆਖੇ ਕਿ ਇਹ ਸਾਧ ਲੋਕੀਂ ਜੋ ਘਰ-ਬਾਰ ਤਿਆਗ ਕੇ ਇੱਧਰ-ਉੱਧਰ ਭਟਕਦੇ ਫਿਰਦੇ ਹਨ ਉਹ ਸੁੱਖੀ ਹਨ, ਕੋਈ ਆਖੇ ਕਿ ਉਹ ਲੋਕੀਂ ਸੁੱਖੀ ਹਨ ਜਿਨ੍ਹਾਂ ਦੀ ਸ਼ੋਭਾ ਬਣੀ ਹੋਈ ਹੈ, ਤਾਂ ਸਾਡੇ ਇਹ ਸਾਰੇ ਕਿਆਸ ਗ਼ਲਤ ਹਨ। ਹਰ ਕੋਈ ਦੁੱਖੀ ਹੈ, ਉਸ ਦਾ ਦੁੱਖ ਵੱਖਰੀ ਕਿਸਮ ਦਾ ਹੈ, ਸਾਡਾ ਦੁੱਖ ਵੱਖਰੀ ਕਿਸਮ ਦਾ ਹੈ, ਇਸ ਕਰਕੇ ਸਾਨੂੰ ਰੱਬ ਪਾਸ ਇਹ ਸ਼ਿਕਾਇਤ ਨਹੀਂ ਕਰਨੀ ਚਾਹੀਦੀ ਕਿ ਰੱਬ ਨੇ ਸਾਡੇ ਨਾਲ ਵਿਤਕਰਾ ਕੀਤਾ ਹੈ, ਸਾਡੇ ਨਾਲ ਬੇਇਨਸਾਫ਼ੀ ਕੀਤੀ ਹੈ। ਰੱਬ ਨੇ ਦੁੱਖ ਅਤੇ ਸੁੱਖ ਵੰਡੇ ਹੋਏ ਹਨ। ਅਸੀਂ ਸਾਰੇ ਸੁੱਖਾਂ ਦੀ ਪ੍ਰਾਪਤੀ ਲਈ ਕੋਸ਼ਿਸ਼ਾਂ ਕਰ ਰਹੇ ਹਾਂ। ਇਹੀ ਮਨੁੱਖੀ ਤਰੱਕੀ ਦਾ ਰਾਜ਼ ਹੈ। ਅਗਰ ਇਸ਼ ਦੁਨੀਆਂ ਵਿੱਚ ਕੇਵਲ ਸੁੱਖ ਹੋ ਜਾਣ ਅਤੇ ਦੁੱਖਾਂ ਦੀਆਂ ਗੱਲਾਂ ਖ਼ਤਮ ਹੋ ਜਾਣ ਤਾਂ ਮਨੁੱਖੀ ਸੰਘਰਸ਼ ਖ਼ਤਮ ਹੋ ਜਾਵੇਗਾ। ਫਿਰ ਮਨੁੱਖੀ ਤਰੱਕੀ ਰੁਕ ਜਾਵੇਗੀ। ਇਹ ਦੁੱਖ ਹੀ ਹਨ ਜਿਨ੍ਹਾਂ ਤੋਂ ਬਚਣ ਲਈ ਅਸੀਂ ਮਨੁੱਖ ਸੰਘਰਸ਼ ਕਰਦੇ ਰਹਿੰਦੇ ਹਾਂ ਅਤੇ ਇਸ ਸੰਘਰਸ਼ ਰਾਹੀਂ ਮਨੁੱਖ ਕੁਝ ਕਦਮ ਹੋਰ ਅੱਗੇ ਤੁਰਦਾ ਹੈ ਅਤੇ ਹੌਲੀ-ਹੌਲੀ ਅਸੀਂ ਉਸ ਮੁਕਾਮ ਵੱਲ ਵਧ ਰਹੇ ਹਾਂ ਜੋ ਪਰਮ ਪਿਤਾ ਪ੍ਰਮਾਤਮਾ ਨੇ ਸਾਨੂੰ ਬਖ਼ਸ਼ਿਆ ਹੈ। ਮਨੁੱਖ ਦਾ ਇਤਿਹਾਸ ਪੜ੍ਹਦੇ ਹਾਂ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਮਨੁੱਖ ਕੈਸੀਆਂ-ਕੈਸੀਆਂ ਮੁਸੀਬਤਾਂ ਨੂੰ ਪਾਰ ਕਰਦਾ ਅੱਜ ਇਸ ਮੁਕਾਮ ਉੱਤੇ ਪੁੱਜਾ ਹੈ ਅਤੇ ਮਨੁੱਖੀ ਸੰਘਰਸ਼ ਰੁੱਕਿਆ ਨਹੀਂ ਹੈ। ਮਨੁੱਖੀ ਸੰਘਰਸ਼ ਹਾਲਾਂ ਵੀ ਜਾਰੀ ਹੈ। ਸੋ ਅਸੀਂ ਦੁੱਖਾਂ ਤੋਂ ਭੱਜਣਾ ਨਹੀਂ ਹੈ। ਅਸੀਂ ਦੁੱਖਾਂ ਨੂੰ ਬਰਦਾਸ਼ਤ ਵੀ ਕਰਨਾ ਹੈ ਅਤੇ ਦੁੱਖਾਂ 'ਚੋਂ ਬਾਹਰ

ਨਿਕਲਣ ਦੀ ਕੋਸ਼ਿਸ਼ ਵੀ ਕਰਦੇ ਰਹਿਣਾ ਹੈ। ਦੁੱਖ ਮਨੁੱਖ ਨੂੰ ਸਿਆਣਾ ਬਣਾਉਂਦੇ ਹਨ ਅਤੇ ਉਸ ਅੰਦਰ ਛੁਪੀਆਂ ਸ਼ਕਤੀਆਂ ਬਾਹਰ ਆਉਂਦੀਆਂ ਹਨ।

## ਕਿਸੇ ਨੂੰ ਜ਼ਿੰਮੇਂਵਾਰ ਨਾ ਸਮਝੋ

ਅਸੀਂ ਅਗਰ ਸੁੱਖ ਪਾ ਰਹੇ ਹਾਂ ਤਾਂ ਉਹ ਸਾਡੇ ਆਪਣੇ ਕਰਮਾਂ ਦਾ ਫ਼ਲ ਹੈ। ਅਸੀਂ ਅਗਰ ਦੁੱਖ ਪਾ ਰਹੇ ਹਾਂ ਤਾਂ ਉਹ ਵੀ ਅਸੀਂ ਆਪਣੇ ਕਰਮਾਂ ਦਾ ਭੋਗਣਾ ਭੋਗ ਰਹੇ ਹਾਂ, ਅਸੀਂ ਅਗਰ ਕਿਸੇ ਹੋਰ ਨੂੰ ਆਪਣੇ ਦੁੱਖਾਂ ਦਾ ਕਾਰਨ ਮੰਨਦੇ ਹਾਂ ਤਾਂ ਐਸੀ ਸੋਚ ਗ਼ਲਤ ਹੈ। ਇਸ ਦੁਨੀਆਂ ਵਿੱਚ ਜੋ ਵੀ ਆਦਮੀ ਜਾਂ ਹੋਰ ਜੀਵ ਆਇਆ ਹੈ, ਉਹ ਆਪਣੇ ਹੀ ਕਰਮਾਂ ਦਾ ਨਤੀਜਾ ਭੁਗਤ ਰਿਹਾ ਹੈ। ਅਗਰ ਇਹ ਸਿਧਾਂਤ ਸੱਚ ਹੈ ਤਾਂ ਅਸੀਂ ਕਿਸੇ ਉੱਤੇ ਇਲਜ਼ਾਮ ਨਹੀਂ ਲਗਾ ਸਕਦੇ। ਜਦੋਂ ਅਸੀਂ ਆਪਣੇ ਹੀ ਮਾੜੇ ਕਰਮਾਂ ਕਰਕੇ ਦੁੱਖ ਭੋਗ ਰਹੇ ਹਾਂ ਤਾਂ ਸਾਨੂੰ ਉਨ੍ਹਾਂ ਮਾੜੇ ਕਰਮਾਂ ਦੀ ਘੋਖ ਕਰਨੀ ਹੈ। ਸਵੈ-ਪੜਚੋਲ ਕਰਨੀ ਹੈ ਅਤੇ ਅਸੀਂ ਕੋਸ਼ਿਸ਼ ਕਰਨੀ ਹੈ, ਅੱਗੇ ਤੋਂ ਮਾੜੇ ਕੰਮ ਨਾ ਕਰੀਏ।

ਰੱਬ ਸਾਡੇ ਹਰੇਕ ਚੰਗੇ ਅਤੇ ਮਾੜੇ ਕਰਮਾਂ ਦਾ ਹਿਸਾਬ-ਕਿਤਾਬ ਰੱਖਦਾ ਹੈ। ਜੈਸੇ-ਜੈਸੇ ਅਸੀਂ ਕਰਮ ਕਰਦੇ ਹਾਂ, ਵੈਸਾ-ਵੈਸਾ ਫ਼ਲ ਸਾਨੂੰ ਨਸੀਬ ਹੁੰਦਾ ਹੈ। ਇਸ ਦੁਨੀਆਂ ਦੇ ਜੀਵ ਤਾਂ ਕੀ, ਅਸੀਂ ਰੱਬ ਨੂੰ ਵੀ ਉਲਾਂਭਾ ਨਹੀਂ ਦੇ ਸਕਦੇ। ਰੱਬ ਤਾਂ ਬਸ ਫ਼ੈਸਲਾ ਕਰਦਾ ਹੈ, ਇਨਸਾਫ਼ ਕਰਦਾ ਹੈ। ਸਾਨੂੰ ਆਪਣੇ ਕਰਮਾਂ ਬਦਲੇ ਸਜ਼ਾ ਵੀ ਮਿਲਦੀ ਹੈ। ਸਾਨੂੰ ਆਪਣੇ ਕਰਮਾਂ ਬਦਲੇ ਇਨਾਮ ਵੀ ਮਿਲਦਾ ਹੈ। ਸੋ ਅਸੀਂ ਹਰ ਵਕਤ ਆਪਣੇ ਉੱਤੇ ਨਜ਼ਰ ਰੱਖਣੀ ਹੈ। ਅਸੀਂ ਕਦੀ ਇਹ ਨਹੀਂ ਸੋਚਣਾ ਕਿ ਅਸੀਂ ਇਹ ਬੁਰਾ ਕੰਮ ਕਰ ਲੈਂਦੇ ਹਾਂ, ਕਿਹੜਾ ਕੋਈ ਦੇਖਦਾ ਹੈ, ਐਸਾ ਨਹੀਂ ਹੈ। ਵੈਸੇ ਤਾਂ ਸਾਡਾ ਕੋਈ ਮਾੜਾ-ਚੰਗਾ ਕੰਮ ਜ਼ਿਆਦਾ ਦੇਰ ਛੁਪਿਆ ਨਹੀਂ ਰਹਿੰਦਾ, ਬਾਹਰ ਆ ਜਾਂਦਾ ਹੈ ਅਤੇ ਸਾਨੂੰ ਖ਼ਮਿਆਜ਼ਾ ਵੀ ਭੁਗਤਣਾ ਪੈਂਦਾ ਹੈ। ਪਰ ਅਸੀਂ ਆਖੀਏ ਕਿ ਅਸੀਂ ਆਪਣੀਆਂ ਕੀਤੀਆਂ ਰੱਬ ਪਾਸੋਂ ਵੀ ਛੁਪਾ ਕੇ ਰੱਖ ਸਕਦੇ ਹਾਂ ਤਾਂ ਐਸੀ ਸੋਚ ਗ਼ਲਤ ਹੈ।

## ਹਉਮੈ ਦਾ ਤਿਆਗ ਕਰੋ

ਮਨੁੱਖ ਦੀ ਮੁਸ਼ਕਿਲ ਇਹ ਹੈ ਕਿ ਉਹ 'ਮੈਂ' ਉੱਤੇ ਅੜਿਆ ਹੋਇਆ ਹੈ। ਇਸ ਦਾ ਤਿਆਗ ਨਹੀਂ ਕਰ ਸਕਦਾ। ਅਸੀਂ ਸਾਰੇ ਜਾਣਦੇ ਹਾਂ ਕਿ ਆਪਣੀ ਹੀ ਤਾਰੀਫ਼ ਕਰੀ ਜਾਣ ਵਾਲੇ ਆਦਮੀ ਨੂੰ ਕੋਈ ਪਸੰਦ ਨਹੀਂ ਕਰਦਾ, ਪਰ ਇਸ ਦੇ ਬਾਵਜੂਦ ਸਾਡੀ ਸਾਰੀ ਸੋਚ 'ਮੈਂ' ਉੱਤੇ ਕੇਂਦ੍ਰਿਤ ਹੈ। ਅਸੀਂ ਸਵਾਰਥੀ ਹਾਂ। ਅਸੀਂ ਇਹ ਸਮਝੀ ਬੈਠੇ ਹਾਂ ਕਿ ਸਾਡੇ ਵਰਗਾ ਬੰਦਾ ਰੱਬ ਨੇ ਨਾ ਤਾਂ ਪੈਦਾ ਕੀਤਾ ਹੈ ਅਤੇ ਨਾ ਹੀ ਰੱਬ ਨੇ ਮੁੜ ਕੇ ਕਰਨਾ ਹੀ ਹੈ। ਅਸੀਂ ਇਹੀ ਸੋਚਦੇ ਹਾਂ ਕਿ ਅਸੀਂ ਜੋ ਕੁੱਝ ਕਰ ਸਕਦੇ ਹਾਂ ਜਾਂ ਅਸੀਂ ਜੋ ਸੋਚ ਰੱਖਦੇ ਹਾਂ, ਉਹ ਹੋਰ ਕਿਸੇ ਪਾਸ ਨਹੀਂ ਹੈ। ਇੱਥੇ ਆ ਕੇ ਅਸੀਂ ਗ਼ਲਤ ਹਾਂ। ਸਵੈ-ਵਿਸ਼ਵਾਸ ਕਰਨਾ ਸਾਡਾ ਹੱਕ ਹੈ, ਪਰ ਇਸ ਦਾ ਅਰਥ ਇਹ ਵੀ ਨਹੀਂ ਨਿਕਲਦਾ ਕਿ ਅਸੀਂ ਬਾਕੀ ਦੁਨੀਆਂ ਨਾਲੋਂ ਬਹੁਤ ਹੀ ਵਧੀਆ ਆਦਮੀ ਹਾਂ। ਬਾਕੀ ਲੋਕੀਂ ਵੀ ਪਰਮ ਪਿਤਾ ਪ੍ਰਮਾਤਮਾ ਨੇ ਆਪ ਬਣਾਏ ਹਨ। ਉਹ ਸਾਥੋਂ ਵੱਖ ਕਿਸਮ ਦੇ ਤਾਂ ਹੋ ਸਕਦੇ ਹਨ ਪਰ ਸਾਥੋਂ ਘਟੀਆ ਨਹੀਂ ਹਨ।

ਵੱਖ-ਵੱਖ ਕਿਸਮ ਦੇ ਆਦਮੀ ਭੇਜ ਕੇ ਰੱਬ ਨੇ ਇਸ ਦੁਨੀਆਂ ਨੂੰ ਭਾਂਤ-ਭਾਂਤ ਦੇ

ਰੰਗਾਂ ਨਾਲ ਭਰ ਦਿੱਤਾ ਹੈ। ਇਹੀ ਇਸ ਦੁਨੀਆਂ ਦੀ ਖ਼ੂਬਸੂਰਤੀ ਹੈ। ਅਗਰ ਸਾਰੀ ਦੁਨੀਆਂ ਦੇ ਲੋਕੀਂ ਇਕ ਹੀ ਕਿਸਮ ਦੇ ਬਣਾ ਕੇ ਰੱਬ ਇਸ ਦੁਨੀਆਂ ਵਿੱਚ ਭੇਜ ਦਿੰਦਾ ਹੈ ਤਾਂ ਉਹ ਅਨੰਦ ਨਹੀਂ ਸੀ ਬੱਝਣਾ ਜੋ ਅੱਜ ਬੱਝਿਆ ਹੋਇਆ ਹੈ। ਅਸੀਂ ਇਨ੍ਹਾਂ ਰੰਗਾਂ ਵਿੱਚ ਆਪਣਾ ਅਸਥਾਨ ਨਿਸ਼ਚਿਤ ਕਰਨਾ ਹੈ। ਅਸੀਂ ਅਗਰ ਬਹੁਤੇ ਵਧੀਆ ਨਹੀਂ ਤਾਂ ਇਸ ਦਾ ਮਤਲਬ ਇਹ ਵੀ ਨਹੀਂ ਹੈ ਕਿ ਅਸੀਂ ਕਿਸੇ ਤੋਂ ਘਟੀਆ ਹਾਂ। ਅਸੀਂ ਸਾਰੇ ਰੱਬ ਦੇ ਬਣਾਏ ਹੋਏ ਹਾਂ ਅਤੇ ਲਗਭਗ ਬਰਾਬਰ ਹੀ ਹਾਂ। ਇਸ ਕਰਕੇ ਹਉਮੈ ਕਰਨ ਦੀ ਜ਼ਰੂਰਤ ਨਹੀਂ ਹੈ।

## ਰੱਬ ਨੂੰ ਜਾਣੋ-ਰੱਬ ਵਰਗੇ ਹੋ ਜਾਉ

ਵੈਸੇ ਤਾਂ ਸਾਡੇ ਅੰਦਰ ਆਤਮਾ ਹੈ। ਅਸੀਂ ਸਾਰੇ ਸਵੀਕਾਰ ਕਰ ਚੁੱਕੇ ਹਾਂ ਕਿ ਇਹ ਆਤਮਾ ਪਰਮ ਪਿਤਾ ਪ੍ਰਮਾਤਮਾ ਦਾ ਹੀ ਇੱਕ ਹਿੱਸਾ ਹੈ। ਫਿਰ ਆਦਮੀ ਅਤੇ ਪ੍ਰਮਾਤਮਾ ਵਿੱਚ ਕੋਈ ਫ਼ਰਕ ਨਹੀਂ ਹੈ। ਜੋ ਆਦਮੀ ਰੱਬ ਦੀ ਹਾਜ਼ਰੀ ਆਤਮਾ ਦੇ ਰੂਪ ਵਿੱਚ ਆਪਣੇ ਅੰਦਰ ਹਾਜ਼ਰ ਮਹਿਸੂਸ ਕਰਨ ਲੱਗ ਪੈਂਦਾ ਹੈ, ਉਹ ਆਪ ਹੀ ਪਰਮਾਤਮਾ ਨਾਲ ਜਾ ਮਿਲਦਾ ਹੈ। ਐਸੇ ਆਦਮੀ ਨੂੰ ਅਸੀਂ ਬ੍ਰਹਮ ਗਿਆਨੀ ਆਖ ਸਕਦੇ ਹਾਂ। ਅਸੀਂ ਸਾਰੇ ਰੱਬ ਦਾ ਹਿੱਸਾ ਹਾਂ।

ਅਸੀਂ ਸਾਰੇ ਬ੍ਰਹਮ ਗਿਆਨੀ ਹਾਂ, ਰੱਬ ਹਰੇਕ ਅੰਦਰ ਆਤਮਾ ਦੇ ਰੂਪ ਵਿੱਚ ਹਾਜ਼ਰ ਹੈ, ਕਿਸੇ ਵਿੱਚੋਂ ਰੱਬ ਗ਼ੈਰ-ਹਾਜ਼ਰ ਨਹੀਂ ਹੈ। ਰੱਬ ਹਰ ਥਾਂ ਹਾਜ਼ਰ ਸਵੀਕਾਰ ਕੀਤਾ ਗਿਆ ਹੈ। ਕਿਧਰਿਓਂ ਵੀ ਗ਼ੈਰ-ਹਾਜ਼ਰ ਨਹੀਂ ਹੈ। ਅਸੀਂ ਬਹੁਤਾ ਤਰੱਦਦ ਨਹੀਂ ਕਰਨਾ, ਰੱਬ ਨੂੰ ਪਾਉਣ ਵਾਸਤੇ ਕਿਸੇ ਤਰੱਦਦ ਦੀ ਜ਼ਰੂਰਤ ਨਹੀਂ ਹੈ। ਉਹ ਤਾਂ ਸਾਡੇ ਅੰਦਰ ਹਾਜ਼ਰ ਹੈ। ਅਸੀਂ ਤਾਂ ਬਸ, ਐਸਾ ਮਹਿਸੂਸ ਕਰਨ ਦਾ ਸਿਲਸਿਲਾ ਜ਼ਰੂਰ ਕਰਨਾ ਹੈ। ਕਿਸੇ ਪਾਸੋਂ ਗਿਆਨ ਪ੍ਰਾਪਤ ਕਰਨ ਦੀ ਜ਼ਰੂਰਤ ਨਹੀਂ ਹੈ। ਅਸੀਂ ਆਪ ਦੇਖ ਰਹੇ ਹਾਂ ਕਿ ਜਦੋਂ ਅਸੀਂ ਕੋਈ ਮਾੜਾ ਕੰਮ ਕਰਨ ਵਾਲੇ ਹੁੰਦੇ ਤਾਂ ਸਾਡੇ ਅੰਦਰੋਂ ਇਕ ਆਵਾਜ਼ ਉਠਦੀ ਹੈ। ਸਾਨੂੰ ਮਾੜਾ ਕੰਮ ਕਰਨ ਤੋਂ ਰੋਕਦੀ ਹੈ, ਇਹੀ ਆਤਮਾ ਹੈ, ਇਹੀ ਪ੍ਰਮਾਤਮਾ ਹੈ। ਅਸੀਂ ਤਾਂ ਕੁਝ ਨਹੀਂ ਕਰਨਾ, ਅੱਜ ਤੋਂ ਆਤਮਾ ਦੀ ਆਵਾਜ਼ ਸੁਣਨੀ ਹੈ। ਐਸਾ ਅਭਿਆਸ ਕਰਨ ਵਾਲਾ ਆਦਮੀ ਖ਼ੁਦ ਹੀ ਰੱਬ ਬਣ ਜਾਂਦਾ ਹੈ, ਜੋ ਸ਼ੈਅ ਅਸੀਂ ਆਪ ਪ੍ਰਾਪਤ ਕਰ ਸਕਦੇ ਹਾਂ ਅਤੇ ਉਹ ਸਾਡੇ ਅੰਦਰ ਮੌਜੂਦ ਹੈ, ਉਸ ਵਾਸਤੇ ਭਟਕਣ ਦੀ ਕੀ ਜ਼ਰੂਰਤ ਹੈ। ਇਸ ਵਾਸਤੇ ਕੋਈ ਵੱਡਾ ਤਰੱਦਦ ਕਰਨ ਦੀ ਵੀ ਜ਼ਰੂਰਤ ਨਹੀਂ ਰਹਿੰਦੀ।

## ਕਮਾਓ ਤੇ ਵੰਡ ਛਕੋ

ਸਾਡੇ ਲਈ ਕ੍ਰਿਤ ਕਰਨੀ ਲਾਜ਼ਮੀ ਹੈ। ਕਿਰਤ ਵਾਲੀ ਕਮਾਈ ਖਾਣ ਵਾਲਾ ਆਦਮੀ ਸਾਰਿਆਂ ਤੋਂ ਉੱਤਮ ਹੈ। ਜੋ ਆਦਮੀ ਆਪ ਕੁਝ ਨਹੀਂ ਕਰਦਾ ਅਤੇ ਗ਼ਲਤ ਢੰਗਾਂ ਨਾਲ ਦੂਜਿਆਂ ਦੀ ਕਮਾਈ ਹੜਪ ਕਰ ਲੈਂਦਾ ਹੈ ਉਹ ਮਹਾਂ ਪਾਪੀ ਹੈ। ਉਹ ਨਾ ਤਾਂ ਇਸ ਦੁਨੀਆਂ ਲਈ ਚੰਗਾ ਬੰਦਾ ਹੈ ਅਤੇ ਨਾ ਹੀ ਉਸ ਦੀ ਅਗਲੇ ਜਹਾਨ ਵਿੱਚ ਹੀ ਢੋਈ ਹੋਣੀ ਹੈ। ਸਾਨੂੰ ਰੱਬ ਨੇ ਸਾਰੀਆਂ ਸ਼ਕਤੀਆਂ ਪ੍ਰਦਾਨ ਕੀਤੀਆਂ ਹਨ। ਅਸੀਂ ਇਨ੍ਹਾਂ ਸ਼ਕਤੀਆਂ ਦਾ ਪ੍ਰਯੋਗ ਕਰਨਾ ਹੈ। ਮਿਹਨਤ ਕਰਕੇ ਆਪਣੀ ਅਤੇ ਆਪਣੇ ਬੱਚਿਆਂ ਦੀ ਰੋਟੀ ਪੈਦਾ ਕਰਨੀ ਹੈ। ਸਿਰਫ਼ ਇਹ ਨਹੀਂ ਕਰਨਾ, ਅਸੀਂ ਉਸ ਆਦਮੀ ਦੀ ਵੀ ਮੱਦਦ

ਕਰਨੀ ਹੈ, ਜੋ ਕਿਸੇ ਕਾਰਨ ਆਪਣੀ ਰੋਟੀ-ਰੋਜ਼ੀ ਨਹੀਂ ਕਮਾ ਪਾ ਰਿਹਾ। ਅਸੀਂ ਲੋਕਾਂ ਨੂੰ ਦਾਨ ਉੱਤੇ ਪਲਣ ਵਾਲੇ ਨਹੀਂ ਬਣਾਉਣਾ। ਅਸੀਂ ਤਾਂ ਲੋੜਵੰਦਾਂ ਦੀ ਐਸੇ ਢੰਗ ਨਾਲ ਮੱਦਦ ਕਰਨੀ ਹੈ ਕਿ ਸਾਡੀ ਮੱਦਦ ਬਾਅਦ ਉਹ ਕਿਸੇ ਦੇ ਮੁਥਾਜ਼ ਨਾ ਰਹਿਣ ਬਲਕਿ ਉਹ ਆਪਣੇ ਪੈਰਾਂ ਉੱਤੇ ਖਲੋਅ ਸਕਣ। ਅਸੀਂ ਲੋਕਾਂ ਨੂੰ ਮੰਗਤਾ ਨਹੀਂ ਬਣਾਉਣਾ ਬਲਕਿ ਉਨ੍ਹਾਂ ਦੀ ਐਸੀ ਮੱਦਦ ਕਰਨੀ ਹੈ ਕਿ ਉਹ ਮੰਗਤਿਆਂ ਦੀ ਕਤਾਰ 'ਚੋਂ ਬਾਹਰ ਨਿਕਲ ਆਉਣ ਅਤੇ ਆਪਣੇ ਲਈ ਕਮਾਈ ਕਰਨ ਦੇ ਯੋਗ ਬਣ ਜਾਣ। ਵੰਡ ਛਕਣ ਤੋਂ ਬਸ ਕੁਝ ਐਸੇ ਹੀ ਅਰਥ ਨਿਕਲਦੇ ਹਨ। ਜੋ ਆਦਮੀ ਕ੍ਰਿਤ ਵਿੱਚ ਵਿਸ਼ਵਾਸ ਰੱਖਦਾ ਹੈ ਉਹ ਸਵੈ-ਵਿਸ਼ਵਾਸੀ ਬਣ ਜਾਂਦਾ ਹੈ। ਉਸ ਅੰਦਰੋਂ ਘਟੀਆਪਣ ਦੀ ਸੋਚ ਦੂਰ ਹੋ ਜਾਂਦੀ ਹੈ।

## ਝੂਠਾ ਆਗੂ

ਅਸੀਂ ਕਿਸੇ ਦੂਜੇ ਵਿੱਚ ਸੁਧਾਰ ਤਾਂ ਹੀ ਲਿਆ ਸਕਦੇ ਹਾਂ ਜੇਕਰ ਅਸੀਂ ਆਪ ਸਹੀ ਹਾਂ, ਅੰਦਰੋਂ-ਬਾਹਰੋਂ ਇੱਕ ਹਾਂ। ਜੋ ਆਦਮੀ ਖ਼ੁਦ ਗ਼ਲਤ ਹੈ ਉਹ ਦੂਜੇ ਕਿਸੇ ਦੀ ਅਗਵਾਈ ਕਿਵੇਂ ਕਰ ਸਕਦਾ ਹੈ। ਇਹ ਜੋ ਲੋਕੀਂ ਆਪਣੇ ਆਪ ਨੂੰ ਆਗੂ ਸਮਝਦੇ ਪਏ ਹਨ ਜਾਂ ਉਨ੍ਹਾਂ ਨੇ ਐਸਾ ਭਰਮ ਪੈਦਾ ਕਰ ਰੱਖਿਆ ਹੈ ਕਿ ਉਹ ਆਗੂ ਹਨ, ਗ਼ਲਤ ਹਨ ਤਾਂ ਲੋਕਾਂ ਵਿਚਾਰਿਆਂ ਦਾ ਕੀ ਬਣੇਗਾ ? ਇਸ ਦੁਨੀਆਂ ਦੇ ਲੋਕਾਂ ਨੂੰ ਸਿੱਧਾ ਰਸਤਾ ਦਿਖਾਉਣ ਲਈ ਸਦੀਆਂ ਬਾਅਦ ਕੋਈ ਮਨੁੱਖ ਪੈਦਾ ਹੁੰਦਾ ਹੈ। ਵਰਨਾ ਆਮ ਤੌਰ 'ਤੇ ਗ਼ਲਤ ਕਿਸਮ ਦੇ ਲੋਕੀਂ ਆਗੂ ਬਣਨ ਦਾ ਅਡੰਬਰ ਰਚਦੇ ਰਹਿੰਦੇ ਹਨ ਅਤੇ ਲੋਕਾਂ ਨੂੰ ਗ਼ਲਤ ਰਸਤੇ ਪਾ ਜਾਂਦੇ ਹਨ। ਅਸੀਂ ਅਗਰ ਮਨੁੱਖੀ ਇਤਿਹਾਸ ਉੱਤੇ ਨਜ਼ਰ ਮਾਰਦੇ ਹਾਂ ਤਾਂ ਬਹੁਤ ਹੀ ਘੱਟ ਐਸੇ ਆਦਮੀ ਦਿਸਦੇ ਹਨ ਜੋ ਮਨੁੱਖ ਨੂੰ ਪਤੇ ਦੀ ਗੱਲ ਆਖ ਗਏ ਹਨ, ਵਰਨਾ ਬਹੁਤੇ ਲੋਕੀਂ ਐਸੇ ਆਉਂਦੇ ਰਹੇ ਹਨ ਜੋ ਸਾਨੂੰ ਭੰਬਲਭੂਸੇ ਵਿੱਚ ਪਾ ਕੇ ਜਾਂਦੇ ਰਹੇ ਹਨ। ਇਹੀ ਕਾਰਨ ਹੈ ਅੱਜ ਮਨੁੱਖ ਜ਼ਿਆਦਾ ਗ਼ਲਤ ਹੈ ਅਤੇ ਬਹੁਤ ਹੀ ਘੱਟ ਆਦਮੀ ਹਨ ਜੋ ਆਪਣੀ ਜ਼ਮੀਰ ਦੀ ਆਵਾਜ਼ ਸੁਣਦੇ ਹਨ ਅਤੇ ਸਹੀ ਰਸਤੇ ਉੱਤੇ ਚੱਲਦੇ ਰਹੇ ਹਨ। ਮਨੁੱਖ ਨੂੰ ਪ੍ਰਾਸਰੀਰਕ ਸ਼ਕਤੀਆਂ ਵੱਲ ਖਿਚਦੇ ਰਹੇ ਹਨ, ਵਹਿਮਾਂ ਅਤੇ ਕਰਮਾਂ ਦੇ ਜਾਲ ਵਿੱਚ ਫਸਾਉਂਦੇ ਰਹੇ ਹਨ, ਧਰਮਾਂ ਵਿੱਚ ਵੰਡੀਆਂ ਪਾਉਂਦੇ ਰਹੇ ਹਨ, ਧਰਮਾਂ ਵਿੱਚ ਫ਼ਰਕ ਸਥਾਪਿਤ ਕਰਦੇ ਰਹੇ ਹਨ। ਇਹ ਸਾਬਤ ਕਰਨ ਦੀ ਕੋਸ਼ਿਸ ਕਰਦੇ ਰਹੇ ਹਨ ਕਿ ਫ਼ਲਾਣਾ ਧਰਮ ਬਿਹਤਰ ਹੈ, ਬਾਕੀ ਧਰਮ ਗ਼ਲਤ ਹਨ। ਤਲਵਾਰ ਦਾ ਰਾਜ ਰਿਹਾ ਹੈ। ਇਹ ਤਲਵਾਰ ਦੇ ਜ਼ੋਰ ਨਾਲ ਬਣੇ ਆਗੂ ਮਨੁੱਖ ਨੂੰ ਗੁੰਮਰਾਹ ਹੀ ਕਰਦੇ ਰਹੇ ਹਨ। ਇਤਿਹਾਸ ਦਾ ਕੋਈ ਹਿੱਸਾ ਸਿਆਹੀ ਨਾਲ ਲਿਖਿਆ ਨਹੀਂ ਮਿਲਦਾ, ਲੱਗਭੱਗ ਸਾਰਾ ਇਤਿਹਾਸ ਮਨੁੱਖੀ ਖ਼ੂਨ ਨਾਲ ਲਿਖਿਆ ਮਿਲਦਾ ਹੈ ਅਤੇ ਇਹੀ ਲਾਸ਼ਾਂ ਦਾ ਢੇਰ ਲਗਾਉਣ ਵਾਲੇ ਲੋਕੀਂ ਆਪਣੇ ਆਪ ਨੂੰ ਮਨੁੱਖ ਦਾ ਆਗੂ ਸਥਾਪਿਤ ਕਰਨ ਦੀ ਕੋਸ਼ਿਸ਼ ਕਰਦੇ ਰਹੇ ਹਨ ਕਿਉਂਕਿ ਮਨੁੱਖ ਜਾਤੀ ਨੂੰ ਬਹੁਤ ਹੀ ਘੱਟ ਸਵੱਛ ਆਗੂ ਮਿਲੇ ਹਨ, ਇਹੀ ਕਾਰਨ ਹੈ ਕਿ ਮਨੁੱਖ ਨੂੰ ਹਾਲਾਂ ਤੱਕ ਸਹੀ ਸੇਧ ਨਹੀਂ ਮਿਲੀ।

## ਜਾਤੀ ਅਤੇ ਨਾਮ ਨਾਲ ਵੱਡਾ ਨਹੀਂ ਹੋਈਦਾ

ਰੱਬ ਨੇ ਸਾਰੇ ਮਨੁੱਖਾਂ ਦਾ ਜਨਮ ਇੱਕੋ ਤਰ੍ਹਾਂ ਕੀਤਾ ਹੈ ਅਤੇ ਹਰੇਕ ਨੂੰ ਬਰਾਬਰ ਬਣਾਇਆ ਹੈ। ਅਸੀਂ ਧਰਮਾਂ, ਜਾਤੀਆਂ, ਅਮੀਰੀ ਅਤੇ ਗ਼ਰੀਬੀ ਦੀਆਂ ਰੇਖਾਵਾਂ ਆਪ

ਖਿੱਚੀਆਂ ਹਨ। ਅਸੀਂ ਆਪ ਹੀ ਆਪਣੇ ਆਪ ਨੂੰ ਵੱਡਾ ਕਹਿਣਾ ਸ਼ੁਰੂ ਕਰ ਦਿੱਤਾ ਹੈ। ਅਸੀਂ ਆਪ ਹੀ ਆਪਣੇ ਆਪ ਨੂੰ ਘਟੀਆ ਸਮਝਣਾ ਸ਼ੁਰੂ ਕਰ ਦਿੱਤਾ ਹੈ। ਅਸੀਂ ਆਪ ਹੀ ਮਨੁੱਖ ਜਾਤੀ ਦੀਆਂ ਵੰਡੀਆਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਅਸੀਂ ਦੇਸ਼ਾਂ ਵਿੱਚ ਵੰਡੇ ਹੋਏ ਹਾਂ, ਅਸੀਂ ਨਸਲਾਂ ਵਿੱਚ ਵੰਡੇ ਹੋਏ ਹਾਂ, ਅਸੀਂ ਧਰਮਾਂ ਵਿੱਚ ਵੰਡੀਆਂ ਪਾ ਲਈਆਂ ਹਨ, ਅਸੀਂ ਜਾਤੀਆਂ ਵਿੱਚ ਵੰਡੇ ਜਾ ਚੁੱਕੇ ਹਾਂ, ਅਸੀਂ ਅਮੀਰ ਅਤੇ ਗ਼ਰੀਬ ਲੋਕਾਂ ਵਿੱਚ ਵੰਡੇ ਜਾ ਚੁੱਕੇ ਹਾਂ, ਅਸੀਂ ਆਪਣੇ ਆਪ ਨੂੰ ਅਗਾਂਹਵਧੂ ਆਖਦੇ ਹਾਂ, ਅਸੀਂ ਆਪ ਹੀ ਕੁੱਝ ਲੋਕਾਂ ਨੂੰ ਪਛੜੇ ਹੋਏ ਗਰਦਾਨ ਦਿੱਤਾ ਹੈ। ਅਸੀਂ ਆਪਣੀਆਂ ਸ਼ਕਲਾਂ ਸੂਰਤਾਂ ਐਸੇ ਢੰਗ ਨਾਲ ਸਜਾ ਲਈਆਂ ਹਨ ਕਿ ਅਸੀਂ ਦੂਜਿਆਂ ਨਾਲੋਂ ਵੱਖਰੇ ਦਿਸੀਏ। ਸਾਡੇ ਪੂਜਾ ਅਸਥਾਨ ਵੱਖਰੇ-ਵੱਖਰੇ ਹਨ, ਸਾਡੇ ਕੱਪੜੇ ਵੱਖਰੇ-ਵੱਖਰੇ ਹਨ, ਅਸੀਂ ਵਾਲਾਂ ਨੂੰ ਵੱਖਰੇ ਢੰਗ ਨਾਲ ਸਜਾ ਰਹੇ ਹਾਂ ਤਾਂ ਕਿ ਸਾਡੀ ਵੱਖਰੀ ਪਛਾਣ ਬਣੀ ਰਹੇ। ਅਸੀਂ ਵੱਖਰੀਆਂ-ਵੱਖਰੀਆਂ ਬਸਤੀਆਂ ਵਸਾ ਲਈਆਂ ਹਨ। ਅਸੀਂ ਵੱਖਰੀ ਕਿਸਮ ਦੇ ਮਕਾਨ ਬਣਾ ਲਏ ਹਨ। ਅਸੀਂ ਵੱਖਰੀਆਂ-ਵੱਖਰੀਆਂ ਜ਼ਬਾਨਾਂ ਬੋਲਣ ਲੱਗ ਪਏ ਹਾਂ। ਅਸੀਂ ਵੱਖਰੇ-ਵੱਖਰੇ ਢੰਗ ਨਾਲ ਇਕ ਦੂਜੇ ਨੂੰ ਮਿਲਦੇ ਹਾਂ। ਇਉਂ ਲੱਗਦਾ ਹੈ ਕਿ ਕਿੱਧਰੇ ਵੀ ਲੋਕਾਂ ਦਾ ਮੇਲ ਨਹੀਂ ਹੋ ਰਿਹਾ। ਹਰੇਕ ਗਰੁੱਪ ਆਪਣੀ ਵੱਖਰੀ ਪਛਾਣ ਕਾਇਮ ਕਰਨ ਉੱਤੇ ਲੱਗਾ ਹੋਇਆ ਹੈ। ਮਨੁੱਖ ਨੇ ਜੋ ਵੰਡੀਆਂ ਪਾ ਰੱਖੀਆਂ ਹਨ, ਇਹੀ ਉਸ ਦੇ ਜੀਵਨ ਦੇ ਦੁਖਾਂਤ ਦੀ ਜੜ੍ਹ ਹੈ। ਅਗਰ ਮਨੁੱਖੀ ਇਤਿਹਾਸ ਲਹੂ ਲੁਹਾਨ ਹੈ ਤਾਂ ਇਨ੍ਹਾਂ ਵੰਡੀਆਂ ਕਾਰਨ ਹੈ। ਇਨ੍ਹਾਂ ਵੰਡੇ ਹੋਏ ਲੋਕਾਂ ਨੇ ਹਮੇਸ਼ਾਂ ਆਪੋ ਵਿੱਚ ਜੰਗ ਛੇੜ ਰੱਖੀ ਹੈ। ਇਕ ਦੂਜੇ ਉੱਤੇ ਕਾਬੂ ਪਾਉਣ ਦੀਆਂ ਗੱਲਾਂ ਹੀ ਤੁਰੀਆਂ ਰਹੀਆਂ ਹਨ। ਕਿੱਧਰੇ ਵੀ ਏਕਤਾ ਦੀ ਗੱਲ ਹੀ ਨਹੀਂ ਹੋਈ। ਅਗਰ ਇਹ ਵੱਖਰਾਪਣ ਨਾ ਹੁੰਦਾ ਅਤੇ ਮਨੁੱਖ ਸਾਰੇ ਹੀ ਬਰਾਬਰ ਸਮਝੇ ਜਾਂਦੇ ਤਾਂ ਅੱਜ ਦੁਨੀਆਂ ਦੀ ਹਾਲਤ ਹੋਰ ਦੀ ਹੋਰ ਹੋ ਜਾਣੀ ਸੀ।

## ਸਵੈ-ਸਤਿਕਾਰ

ਅਸੀਂ ਇਸ ਦੁਨੀਆਂ ਵਿੱਚ ਇੱਕ ਖ਼ਾਸ ਹੋਂਦ ਲੈ ਕੇ ਆਏ ਹਾਂ। ਇਸ ਕਰਕੇ ਅਸੀਂ ਇਸ ਹੋਂਦ ਨੂੰ ਕਾਇਮ ਵੀ ਰੱਖਣਾ ਹੈ ਅਤੇ ਹੋਰ ਚਮਕਾਉਣਾ ਵੀ ਹੈ। ਅਸੀਂ ਆਦਰ ਮਾਣ ਦੂਜਿਆਂ ਦਾ ਕਰਨਾ ਹੈ। ਅਸੀਂ ਆਪਣਾ ਵੀ ਆਦਰ ਮਾਣ ਕਾਇਮ ਕਰਨਾ ਹੈ। ਅਸੀਂ ਹਮੇਸ਼ਾਂ ਉਹ ਕੰਮ ਕਰਨੇ ਹਨ ਜੋ ਸਾਨੂੰ ਵੀ ਪਸੰਦ ਹਨ ਅਤੇ ਦੂਜਿਆਂ ਨੂੰ ਵੀ ਪਸੰਦ ਆਉਂਦੇ ਹਨ। ਅਸੀਂ ਅਗਰ ਆਪ ਸੁੱਖੀ-ਸਾਂਦੀ ਰਹਿਣਾ ਚਾਹੁੰਦੇ ਹਾਂ ਤਾਂ ਅਸੀਂ ਕਿਸੇ ਹੋਰ ਲਈ ਦੁੱਖਾਂ ਦਾ ਕਾਰਨ ਨਹੀਂ ਬਣਨਾ। ਅਸੀਂ ਆਦਰਯੋਗ ਵਿਅਕਤੀ ਹਾਂ ਅਤੇ ਅਸੀਂ ਹਮੇਸ਼ਾਂ ਇਸ ਆਦਰ ਸਤਿਕਾਰ ਨੂੰ ਬਰਕਰਾਰ ਰੱਖਣਾ ਹੈ। ਅਸੀਂ ਆਪਣੇ ਅੰਦਰ ਰੱਬ ਵਲੋਂ ਮਿਲੀਆਂ ਖ਼ੂਬੀਆਂ ਨੂੰ ਹੋਰ ਚਮਕਾਉਣਾ ਹੈ। ਹੋਰ ਗੁਣ ਗ੍ਰਹਿਣ ਕਰਨੇ ਹਨ, ਅਸੀਂ ਇਸ ਭੇਤ ਦੀ ਵਾਕਫ਼ੀ ਵੀ ਹਾਸਲ ਕਰਨੀ ਹੈ ਕਿ ਇਹ ਲੋਕੀਂ ਜੋ ਸਾਡੇ ਆਲੇ-ਦੁਆਲੇ ਹਨ, ਇਹ ਸਾਰੇ ਕੁੱਝ ਹੱਦ ਤੱਕ ਸਵਾਰਥੀ ਹਨ। ਇਹ ਸਾਡੇ ਪਾਸੋਂ ਲਾਭ ਲੈਣਾ ਚਾਹੁੰਦੇ ਹਨ, ਅਸੀਂ ਵੀ ਇਨ੍ਹਾਂ ਦੀ ਮੱਦਦ ਕਰਨ ਲਈ ਤਤਪਰ ਰਹਿਣਾ ਹੈ। ਅਸੀਂ ਇਨ੍ਹਾਂ ਵਿੱਚ ਆਪਣਾ ਨਾਮ ਪੈਦਾ ਕਰਨਾ ਹੈ। ਅਸੀਂ ਲੋਕਾਂ ਨੂੰ ਮਜਬੂਰ ਨਹੀਂ ਕਰ ਸਕਦੇ ਕਿ ਉਹ ਸਾਡੀ ਇੱਜ਼ਤ ਕਰਨ। ਸਾਡੀ ਇੱਜ਼ਤ ਦਾ ਆਧਾਰ ਸਾਡੀਆਂ ਕਰਨੀਆਂ ਹਨ। ਅਸੀਂ

ਅਗਰ ਆਪਣੀ ਇੱਜ਼ਤ ਬਰਕਰਾਰ ਰੱਖਣੀ ਚਾਹੁੰਦੇ ਹਾਂ ਤਾਂ ਸਾਨੂੰ ਆਪਣੀਆਂ ਕਰਨੀਆਂ ਅਤੇ ਆਪਣੇ ਵਤੀਰੇ ਅੰਦਰ ਸੁਧਾਰ ਲਿਆਉਣਾ ਪਵੇਗਾ। ਅਸੀਂ ਆਪਣੀ ਇੱਜ਼ਤ ਧੌਂਸ ਨਾਲ ਨਹੀਂ ਕਰਵਾ ਸਕਦੇ। ਪਿਆਰ ਅਤੇ ਸਤਿਕਾਰ 'ਚ ਜੋ ਇੱਜ਼ਤ ਮਾਣ ਮਿਲਦਾ ਹੈ, ਉਹ ਡਰ ਅਤੇ ਸਹਿਮ ਪੈਦਾ ਕਰਕੇ ਹਾਸਲ ਨਹੀਂ ਕੀਤਾ ਜਾ ਸਕਦਾ।

## ਸੱਚਾ ਗ੍ਰਹਿਸਤੀ

ਅਗਰ ਅਸੀਂ ਸਹੀ ਕਿਸਮ ਦੇ ਗ੍ਰਹਿਸਤੀ ਬਣਨਾ ਹੈ ਤਾਂ ਸਾਡਾ ਜੀਵਨ ਕਿਸੇ ਖ਼ਾਸ ਕਿਸਮ ਦੇ ਜ਼ਾਬਤੇ ਵਿੱਚ ਬੱਝਿਆ ਹੋਣਾ ਚਾਹੀਦਾ ਹੈ। ਗ੍ਰਹਿਸਤ ਅਰਥਾਤ ਸਾਡਾ ਘਰ ਅਤੇ ਸਾਡਾ ਪਰਿਵਾਰ ਇਸ ਸਮਾਜ ਦੀ ਪਹਿਲੀ ਇਕਾਈ ਹੈ। ਜੈਸਾ ਸਾਡਾ ਪਰਿਵਾਰ ਹੋਵੇਗਾ ਤੇ ਵੈਸੇ ਹੀ ਅਸੀਂ ਬਣ ਜਾਵਾਂਗੇ, ਵੈਸਾ ਹੀ ਹਰ ਮੈਂਬਰ ਬਣ ਜਾਵੇਗਾ ਅਤੇ ਸਮਾਜ ਅੰਦਰ ਸਾਡੀ ਹੋਂਦ ਉਸੇ ਤਰ੍ਹਾਂ ਦੀ ਬਣ ਆਵੇਗੀ ਜੈਸੀਆਂ ਗੱਲਾਂ-ਬਾਤਾਂ ਸਿੱਖ ਕੇ ਅਸੀਂ ਪਰਿਵਾਰ 'ਚੋਂ ਬਾਹਰ ਆ ਕੇ ਸਥਾਪਿਤ ਹੋਣ ਦੀ ਕੋਸ਼ਿਸ ਕਰਦੇ ਹਾਂ। ਹਰ ਆਦਮੀ ਆਪਣੇ ਪਰਿਵਾਰ ਮੁਤਾਬਿਕ ਆਪਣੀ ਮਸ਼ਹੂਰੀ ਸਥਾਪਿਤ ਕਰਦਾ ਹੈ। ਲੋਕੀਂ ਤਾਂ ਬਸ ਇਹੀ ਆਖਦੇ ਹਨ ਕਿ ਇਹ ਆਦਮੀ ਬਹੁਤ ਘਟੀਆ ਖ਼ਾਨਦਾਨ ਦਾ ਹੈ ਜਾਂ ਕਦੀ ਆਖਦੇ ਹਨ ਇਹ ਆਦਮੀ ਬਹੁਤ ਹੀ ਵਧੀਆ ਖ਼ਾਨਦਾਨ 'ਚੋਂ ਆਇਆ ਲੱਗਦਾ ਹੈ। ਅਸੀਂ ਇਹ ਕੋਸ਼ਿਸ਼ ਕਰਨੀ ਹੈ ਕਿ ਸਾਡੇ ਪਰਿਵਾਰ ਦਾ ਹਰ ਆਦਮੀ ਐਸਾ ਮਨੁੱਖ ਬਣ ਕੇ ਸਮਾਜ ਅੰਦਰ ਪ੍ਰਵੇਸ਼ ਕਰੇ ਕਿ ਹਰ ਪਾਸੇ ਸ਼ੋਭਾ ਹੀ ਖੱਟੇ ਅਤੇ ਪਰਿਵਾਰ ਦਾ ਨਾਮ ਵੀ ਉੱਚਾ ਕਰੇ। ਇਹ ਪਰਿਵਾਰ ਦੀਆਂ ਜ਼ਿੰਮੇਂਵਾਰੀਆਂ ਹਨ ਕਿ ਹਰੇਕ ਜੀਅ ਵਧੀਆ ਸਿੱਖਿਆ ਪ੍ਰਾਪਤ ਕਰੇ, ਮਨਚਾਹੇ ਕੰਮ-ਕਾਜ ਉੱਤੇ ਲੱਗ ਕੇ ਆਪਣਾ ਪਰਿਵਾਰ ਸਥਾਪਿਤ ਕਰੇ ਅਤੇ ਪਰਿਵਾਰ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਜੋਗਾ ਬਣ ਸਕੇ। ਜੋ ਪਰਿਵਾਰ ਐਸਾ ਨਹੀਂ ਕਰ ਪਾਉਂਦੇ ਉਹ ਗ਼ਲਤ ਹਨ ਅਤੇ ਆਪਣੀ ਗ਼ਲਤੀ ਦੀ ਸੁਧਾਈ ਦਾ ਤੁਰੰਤ ਸਿਲਸਿਲਾ ਸ਼ੁਰੂ ਕਰ ਦੇਣਾ ਚਾਹੀਦਾ ਹੈ।

## ਮੁਨੱਖ ਅਤੇ ਰੱਬ ਵਿੱਚ ਕੋਈ ਅੰਤਰ ਨਹੀਂ ਰਹਿੰਦਾ

ਰੱਬ ਆਤਮਾ ਦੇ ਰੂਪ ਵਿੱਚ ਸਾਡੇ ਅੰਦਰ ਹਾਜ਼ਰ ਹੈ ਅਤੇ ਅਸੀਂ ਜਦੋਂ ਤੱਕ ਆਤਮਾ ਦੀ ਆਵਾਜ਼ ਸੁਣਦੇ ਰਹਿੰਦੇ ਹਾਂ, ਅਸੀਂ ਅਤੇ ਰੱਬ ਵਿੱਚ ਕੋਈ ਅੰਤਰ ਨਹੀਂ ਰਹਿੰਦਾ। ਮਨੁੱਖ ਨੂੰ ਚਾਹੀਦਾ ਹੈ ਕਿ ਉਹ ਹਮੇਸ਼ਾਂ ਹੀ ਰੱਬ ਦੀ ਹੋਂਦ ਸਵੀਕਾਰ ਕਰਦਾ ਰਹੇ ਅਤੇ ਉਸ ਦੀ ਹਾਜ਼ਰੀ ਪ੍ਰਵਾਨ ਕਰਦਾ ਰਹੇ। ਕਦੀ ਨਾ ਸੋਚੇ ਕਿ ਕੋਈ ਨਹੀਂ ਦੇਖਦਾ ਪਿਆ, ਮੈਂ ਜੋ ਚਾਹਵਾਂ ਕਰ ਸਕਦਾ ਹਾਂ। ਲੋਕਾਂ ਦੀਆਂ ਨਜ਼ਰਾਂ ਤੋਂ ਬਚਿਆ ਜਾ ਸਕਦਾ ਹੈ, ਕਾਨੂੰਨ ਦੀਆਂ ਨਜ਼ਰਾਂ ਤੋਂ ਬਚਿਆ ਜਾ ਸਕਦਾ ਹੈ। ਅਸੀਂ ਰੱਬ ਦੀਆਂ ਨਜ਼ਰਾਂ ਤੋਂ ਬਚ ਕੇ, ਛੁਪ ਕੇ ਕੁਝ ਨਹੀਂ ਕਰ ਸਕਦੇ। ਉਹ ਸਾਰਾ ਕੁਝ ਦੇਖ ਰਿਹਾ ਹੈ। ਆਤਮਾ ਦੇ ਰੂਪ ਵਿੱਚ ਸਾਡੇ ਅੰਦਰ ਵੀ ਦਾਖ਼ਲ ਹੈ, ਸਾਡੀ ਆਗਵਾਨੀ ਕਰਦਾ ਹੈ। ਜਿਨ੍ਹਾਂ ਲੋਕਾਂ ਨੇ ਰੱਬ ਦੀ ਹਾਜ਼ਰੀ ਪ੍ਰਵਾਨ ਕਰ ਲਈ ਹੈ, ਉਹ ਰੱਬ ਨਾਲ ਅਭੇਦ ਹੋ ਜਾਂਦੇ ਹਨ, ਦੂਰੀਆਂ ਖ਼ਤਮ ਹੋ ਜਾਂਦੀਆਂ ਹਨ ਕਿਉਂਕਿ ਆਤਮਾ-ਪ੍ਰਮਾਤਮਾ ਦਾ ਹੀ ਇਕ ਹਿੱਸਾ ਹੈ, ਇਸ ਕਰਕੇ ਪ੍ਰਮਾਤਮਾ ਹੀ ਹੈ ਅਤੇ ਕਿਉਂਕਿ ਆਤਮਾ ਸਾਡੇ ਅੰਦਰ ਵਸਦੀ ਹੈ, ਇਸ ਕਰਕੇ ਅਸੀਂ ਵੀ ਰੱਬ ਦਾ ਹਿੱਸਾ ਹੀ ਹਾਂ। ਅਸੀਂ ਰੱਬ ਪਾਸੋਂ ਹੀ ਆਏ ਹਾਂ ਅਤੇ ਇੱਕ ਦਿਨ ਅਸੀਂ ਮੁੜ ਕੇ ਰੱਬ ਪਾਸ ਹੀ ਚਲੇ

ਜਾਣਾ ਹੈ। ਅਸੀਂ ਅਗਰ ਰੱਬ ਦਾ ਹਿੱਸਾ ਹਾਂ ਤਾਂ ਰੱਬ ਪਾਸੋਂ ਦੂਰ ਕਿਉਂ ਭੱਜਦੇ ਹਾਂ। ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਰੱਬ ਦਾ ਹਿੱਸਾ ਹੀ ਬਣੇ ਰਹੀਏ, ਸਦਾ ਰੱਬ ਨੂੰ ਯਾਦ ਰੱਖੀਏ ਅਤੇ ਕੋਈ ਐਸਾ ਕੰਮ ਨਾ ਕਰੀਏ ਜਿਸ ਕਾਰਨ ਰੱਬ ਦੇ ਬਣਾਏ ਲੋਕਾਂ ਸਾਹਮਣੇ ਅਤੇ ਰੱਬ ਮਾਲਕ ਸਾਹਮਣੇ ਸਾਨੂੰ ਸ਼ਰਮਿੰਦਗੀ ਉਠਾਉਣੀ ਪਵੇ। ਜੋ ਲੋਕੀਂ ਰੱਬ ਦੇ ਦਰਸਾਏ ਮਾਰਗ ਉੱਤੇ ਚੱਲਦੇ ਹਨ, ਉਹ ਲੋਕਾਂ ਵਿੱਚ ਵੀ ਪ੍ਰਵਾਨ ਚੜ੍ਹਦੇ ਹਨ ਅਤੇ ਰੱਬ ਅੱਗੇ ਵੀ ਸੁੱਚੇ-ਸਚਿਆਰੇ ਸਾਬਤ ਹੁੰਦੇ ਹਨ।

## ਰੱਬ ਸਾਡੀਆਂ ਲੋੜਾਂ ਪੂਰੀਆਂ ਕਰਦਾ ਹੈ

ਰੱਬ ਪਾਸੋਂ ਸਾਡੀਆਂ ਜ਼ਰੂਰਤਾਂ ਛੁਪੀਆਂ ਹੋਈਆਂ ਨਹੀਂ ਹਨ। ਅਸੀਂ ਰੱਬ ਵਲੋਂ ਸਾਡੇ ਹਿੱਸੇ ਦੀਆਂ ਨਿਆਮਤਾਂ ਦੀ ਪਛਾਣ ਨਹੀਂ ਕਰ ਪਾ ਰਹੇ ਅਤੇ ਨਾ ਹੀ ਸਾਨੂੰ ਸੋਝੀ ਹੀ ਹੈ ਕਿ ਰੱਬ ਕਿਸੇ ਨਾਲ ਵਿਤਕਰਾ ਨਹੀਂ ਕਰਦਾ। ਰੱਬ ਤਾਂ ਸਾਰਿਆਂ ਦਾ ਸਾਂਝਾ ਹੈ ਅਤੇ ਹਰੇਕ ਦੇ ਹਿੱਸੇ ਦੀਆਂ ਨਿਆਮਤਾਂ ਰੱਬ ਨੇ ਇਸ ਦੁਨੀਆਂ ਵਿੱਚ ਬਖੇਰ ਰੱਖੀਆਂ ਹਨ। ਅਸੀਂ ਦੇਖਦੇ ਆ ਰਹੇ ਹਾਂ ਕਿ ਖੋਜੀਆਂ ਨੇ ਕੁਦਰਤ ਦੀਆਂ ਬਖ਼ਸ਼ੀਆਂ ਨਿਆਮਤਾਂ ਦੀ ਬਹੁਤ ਸਾਰੀਆਂ ਖੋਜ ਨਿਕਾਲੀਆਂ ਹਨ। ਖੋਜ ਜਾਰੀ ਹੈ, ਨਿਆਮਤਾਂ ਦਾ ਢੇਰ ਲੱਗਿਆ ਹੋਇਆ ਹੈ। ਹਾਲਾਂ ਵੀ ਅਸੀਂ ਮਨੁੱਖ ਆਪਣੇ ਹਿੱਸੇ ਦੀਆਂ ਸਾਰੀਆਂ ਨਿਆਮਤਾਂ ਦੀ ਖੋਜ ਪੂਰੀ ਨਹੀਂ ਕਰ ਸਕੇ ਹਾਂ। ਹਾਲਾਂ ਵੀ ਬਹੁਤ ਕੁੱਝ ਲੱਭਣਾ ਬਾਕੀ ਹੈ। ਇਹ ਖੋਜੀ ਲੋਕਾਂ ਲਈ ਬਹੁਤ ਕੁਝ ਕਰ ਚੁੱਕੇ ਹਨ ਅਤੇ ਇਹ ਮਨੁੱਖ ਲਈ ਕਈ ਹੋਰ ਖੋਜਾਂ ਕਰਨ ਵਿੱਚ ਜੁਟੇ ਹੋਏ ਹਨ। ਅਸੀਂ ਆਪਣੇ ਲਈ ਵੀ ਲੱਭ ਸਕਦੇ ਹਾਂ ਅਤੇ ਸਾਡੀਆਂ ਲੱਭਤਾਂ ਹੋਰ ਦੁਨੀਆਂ ਦੇ ਲੋਕਾਂ ਦੇ ਕੰਮ ਵੀ ਆ ਸਕਦੀਆਂ ਹਨ। ਅਸੀਂ ਲੋਕਾਂ ਬਾਰੇ ਵੀ ਸੋਚਣਾ ਹੈ। ਰੱਬ ਨੇ ਸਾਡੀ ਹੋਂਦ ਸਿਰਫ਼ ਸਾਡੇ ਲਈ ਨਹੀਂ ਬਣਾਈ ਹੈ। ਅਸੀਂ ਇਸ ਕਾਇਨਾਤ ਦਾ ਇਕ ਹਿੱਸਾ ਹਾਂ। ਸਾਡੀਆਂ ਕੀਤੀਆਂ ਦਾ ਸਾਡੇ ਆਲੇ-ਦੁਆਲੇ ਦੇ ਸਮਾਜ ਉੱਤੇ ਅਸਰ ਪੈਂਦਾ ਹੈ। ਹਰੇਕ ਕਰਮ ਦਾ ਕਰਮ ਅਤੇ ਪ੍ਰਤੀਕਰਮ ਹੁੰਦਾ ਹੈ। ਸਾਨੂੰ ਇਹ ਗਿਆਨ ਹੋਣਾ ਚਾਹੀਦਾ ਹੈ ਅਤੇ ਸਾਨੂੰ ਇਹ ਗੱਲ ਸਵੀਕਾਰ ਵੀ ਕਰ ਲੈਣੀ ਚਾਹੀਦੀ ਹੈ ਕਿ ਸਾਡੀ ਹੋਂਦ ਫ਼ਜ਼ੂਲ ਨਹੀਂ ਹੈ। ਰੱਬ ਕੋਈ ਵੀ ਫ਼ਜ਼ੂਲ ਦੀ ਹੋਂਦ ਕਾਇਮ ਨਹੀਂ ਕਰਦਾ। ਅਗਰ ਸਾਨੂੰ ਇਸ ਗੱਲ ਦਾ ਗਿਆਨ ਹੋ ਜਾਵੇ ਤਾਂ ਅਸੀਂ ਵੀ ਇਸ ਦੁਨੀਆਂ ਲਈ ਕੁਝ ਕਰਕੇ ਦਿਖਾ ਸਕਦੇ ਹਾਂ।

## ਸਦਾ ਸੁਚੇਤ ਰਹੋ

ਰੱਬ ਨੇ ਸਾਨੂੰ ਅੱਖਾਂ ਦਿੱਤੀਆਂ ਹਨ, ਕੰਨ ਦਿੱਤੇ ਹਨ, ਦਿਲ ਦਿੱਤਾ ਹੈ, ਦਿਮਾਗ ਦਿੱਤਾ ਹੈ। ਅਸੀਂ ਹਰ ਵਕਤ ਸੁਚੇਤ ਰਹਿਣਾ ਹੈ। ਇਹ ਸਿਧਾਂਤ ਨਹੀਂ ਅਪਨਾਉਣਾ ਚਾਹੀਦਾ ਕਿ ਮੈਂ ਕੀ ਲੈਣਾ ਹੈ ? ਅਸੀਂ ਇਸ ਦੁਨੀਆਂ ਦੇ ਅਹਿਮ ਪਾਤਰ ਹਾਂ। ਸਾਡੀ ਇਕ ਹੋਂਦ ਹੈ ਅਤੇ ਇਹ ਹੋਂਦ ਪਰਮ ਪਿਤਾ ਪ੍ਰਮਾਤਮਾ ਨੇ ਆਪ ਸਥਾਪਿਤ ਕੀਤੀ ਹੈ। ਅਸੀਂ ਫ਼ਜ਼ੂਲ ਦੇ ਆਦਮੀ ਨਹੀਂ ਹਾਂ, ਅਸੀਂ ਵਾਧੂ ਜਗ ਨਹੀਂ ਹਾਂ। ਅਸੀਂ ਬਿਨਾਂ ਕਿਸੇ ਮਕਸਦ ਮਿੱਥੇ ਕਾਇਮ ਨਹੀਂ ਕੀਤੇ ਗਏ ਹਾਂ। ਸਾਡੇ ਇੱਥੇ ਭੇਜੇ ਜਾਣ ਦਾ ਇਕ ਮਕਸਦ ਹੈ। ਇਕ ਟੀਚਾ ਹੈ, ਅਸੀਂ ਅਗਰ ਅੱਖਾਂ ਮੀਟ ਕੇ ਜ਼ਿੰਦਗੀ ਬਸਰ ਕਰਦੇ ਹਾਂ ਤਾਂ ਅਸੀਂ ਨਾ ਤਾਂ ਆਪਣਾ ਕੁੱਝ ਸੰਵਾਰ ਸਕਦੇ ਹਾਂ ਅਤੇ ਨਾ ਹੀ ਦੁਨੀਆਂ ਦੇ ਕਿਸੇ ਕੰਮ ਆ ਸਕਦੇ ਹਾਂ। ਐਸਾ ਆਦਮੀ ਇਸ ਦੁਨੀਆਂ ਵਿੱਚ ਜੈਸਾ ਆਇਆ ਜੈਸਾ ਨਾ ਆਇਆ। ਅਸੀਂ ਸੁਚੇਤ ਹੋ ਕੇ ਆਪਣੀ

ਪਛਾਣ ਆਪ ਕਰਨੀ ਹੈ। ਆਪਣੀ ਪਛਾਣ ਕਰਨ ਦਾ ਕੰਮ ਕਿਸੇ ਦੂਜੇ ਦੇ ਜ਼ਿੰਮੇਂ ਨਹੀਂ ਲਗਾਉਣਾ ਚਾਹੀਦਾ। ਆਪਣੀ ਪਛਾਣ ਦਾ ਕੰਮ ਅਸੀਂ ਆਪ ਕਰ ਸਕਦੇ ਹਾਂ, ਦੂਜੇ ਲੋਕਾਂ ਦੇ ਸਾਹਮਣੇ ਅਸੀਂ ਸਾਰੇ ਦੇ ਸਾਰੇ ਸਪੱਸ਼ਟ ਨਹੀਂ ਹੋ ਸਕਦੇ। ਮਨੁੱਖ ਨੂੰ ਦੂਜੇ ਲੋਕੀਂ, ਬਿਲਕੁਲ ਪੂਰੀ ਤਰ੍ਹਾਂ ਸਮਝ ਨਹੀਂ ਸਕਦੇ। ਸਿਰਫ਼ ਮਨੁੱਖ ਆਪ ਹੀ ਆਪਣੇ ਆਪ ਨੂੰ ਸਮਝ ਸਕਦਾ ਹੈ। ਅਸੀਂ ਆਪਣੀ ਸਵੈ-ਪੜਚੋਲ ਤਾਂ ਹੀ ਕਰ ਸਕਦੇ ਹਾਂ ਜੇਕਰ ਅਸੀਂ ਸੁਚੇਤ ਹਾਂ। ਸੁਚੇਤ ਬਣਨ ਦਾ ਅਭਿਆਸ ਕਰਦੇ ਰਹਿਣਾ ਚਾਹੀਦਾ ਹੈ। ਇਹ ਮੁਸ਼ਕਿਲ ਕੰਮ ਨਹੀਂ ਹੈ, ਅਸੀਂ ਆਪਣੇ ਆਪ ਉੱਤੇ ਜੋ ਵੀ ਪ੍ਰਸ਼ਨ ਕਰਦੇ ਹਾਂ, ਉਸ ਦਾ ਸਾਡੇ ਅੰਦਰੋਂ ਜਵਾਬ ਮਿਲਦਾ ਹੈ। ਸਾਨੂੰ ਪਤਾ ਲੱਗ ਜਾਂਦਾ ਹੈ ਅਸੀਂ ਕੀ ਗ਼ਲਤ ਕੀਤਾ ਹੈ ਅਤੇ ਕੀ ਸਹੀ ਕੀਤਾ ਹੈ ? ਇਸ ਕਿਰਿਆ ਨੂੰ ਹੀ ਸੁਚੇਤ ਹੋਣਾ ਆਖਦੇ ਹਨ ਅਤੇ ਹਰੇਕ ਆਦਮੀ ਨੂੰ ਇਸ ਪਾਸੇ ਵੱਲ ਯਤਨ ਕਰਦੇ ਰਹਿਣਾ ਚਾਹੀਦਾ ਹੈ।

## ਰੱਬ ਪ੍ਰਾਪਤੀ ਦਾ ਐਲਾਨ ਕਰੋ

ਰੱਬ ਦੀ ਪ੍ਰਾਪਤੀ ਲਈ ਭਟਕਦੇ ਨਾ ਫਿਰੋ। ਰੱਬ ਤਾਂ ਸਾਡੇ ਅੰਦਰ ਵਸਦਾ ਹੈ। ਰੱਬ ਸਾਡੇ ਆਲੇ-ਦੁਆਲੇ ਹਰ ਥਾਂ ਹਾਜ਼ਰ ਹੈ। ਅਸੀਂ ਆਪ ਰੱਬ ਦਾ ਇਕ ਹਿੱਸਾ ਹਾਂ। ਫਿਰ ਰੱਬ ਤੋਂ ਦੂਰੀਆਂ ਕਾਹਦੀਆਂ, ਇਹ ਭਟਕਣ ਕਾਹਦੇ ਲਈ, ਰੱਬ ਦੀ ਖੋਜ ਕਾਹਦੇ ਲਈ ? ਰੱਬ ਅਤੇ ਅਸੀਂ ਇਕ ਹਾਂ, ਅਸੀਂ ਰੱਬ ਪਾਸੋਂ ਆਏ ਹਾਂ, ਰੱਬ ਸਾਡੇ ਨਾਲ ਰਹਿੰਦਾ ਹੈ ਅਤੇ ਫਿਰ ਇੱਕ ਦਿਨ ਅਸੀਂ ਫਿਰ ਰੱਬ ਨਾਲ ਇੱਕ-ਮਿੱਕ ਹੋ ਜਾਂਦੇ ਹਾਂ। ਜਦੋਂ ਰੱਬ ਅਤੇ ਸਾਡੀਆਂ ਨਜ਼ਦੀਕੀਆਂ ਇਤਨੀਆਂ ਹਨ ਤਾਂ ਫਿਰ ਇਹ ਇਕੱਲਾਪਣ ਕਾਹਦਾ ? ਅਸੀਂ ਐਲਾਨ ਕਰ ਸਕਦੇ ਹਾਂ ਕਿ ਅਸੀਂ ਰੱਬ ਦਾ ਹਿੱਸਾ ਹਾਂ, ਰੱਬ ਦੇ ਪੁੱਤਰ ਹਾਂ, ਰੱਬ ਸਾਡੇ ਨਾਲ ਹੈ, ਰੱਬ ਸਾਡਾ ਮੱਦਦਗਾਰ ਹੈ। ਇਸ ਕਰਕੇ ਅਸੀਂ ਕਿਸੇ ਪਾਸੋਂ ਘਟੀਆ ਨਹੀਂ ਹਾਂ, ਕੋਈ ਵੀ ਸਾਥੋਂ ਵਧੀਆ ਨਹੀਂ ਹੈ। ਰੱਬ ਵਿਤਕਰਾ ਨਹੀਂ ਕਰਦਾ, ਕਿਸੇ ਨੂੰ ਕੋਈ ਬਖ਼ਸ਼ਿਸ਼ ਕਰਦਾ ਹੈ, ਕਿਸੇ ਨੂੰ ਕੁਝ ਹੋਰ ਦੇ ਦਿੰਦਾ ਹੈ। ਆਪਣੇ-ਆਪਣੇ ਮੁਤਾਬਿਕ ਹਰੇਕ ਦਾ ਸਥਾਨ ਮੁਕੱਰਰ ਹੈ, ਸਾਡਾ ਵੀ ਅਸਥਾਨ ਨਿਸ਼ਚਿਤ ਹੈ। ਇਸ ਕਰਕੇ ਕਿਸੇ ਪਾਸੋਂ ਡਰਨ ਦੀ ਜ਼ਰੂਰਤ ਨਹੀਂ ਹੈ। ਆਪਣੇ ਪਿਤਾ ਪ੍ਰਮਾਤਮਾ ਦੀ ਹਾਜ਼ਰੀ ਵਿੱਚ ਸਾਡਾ ਕੋਈ ਕੀ ਵਿਗਾੜ ਸਕਦਾ ਹੈ ? ਕੋਈ ਕੁੱਝ ਨਹੀਂ ਕਰ ਸਕਦਾ। ਅਸੀਂ ਐਲਾਨ ਕਰ ਸਕਦੇ ਹਾਂ, ਰੱਬ ਦੀ ਹੋਂਦ ਸਵੀਕਾਰ ਕਰਨੀ ਹੀ ਚਾਹੀਦੀ ਹੈ ਅਤੇ ਆਪਣੇ ਆਪ ਨੂੰ ਰੱਬ ਦਾ ਇੱਕ ਹਿੱਸਾ ਸਵੀਕਾਰ ਕਰਦੇ ਹੋਏ ਸਿਰ ਉੱਚਾ ਕਰਕੇ ਤੁਰਨਾ ਚਾਹੀਦਾ ਹੈ। ਐਸਾ ਕਰਨਾ ਸਾਡਾ ਅਧਿਕਾਰ ਹੈ।

## ਆਪਣੀ ਕਮਾਈ ਦਾ ਦਾਨ ਲੱਗਦਾ ਹੈ

ਅਸੀਂ ਦੇਖ ਰਹੇ ਹਾਂ ਕਿ ਜਿਤਨੀਆਂ ਕੋਈ ਵੱਡੀਆਂ ਮੱਲਾਂ ਮਾਰਦਾ ਹੈ ਉਸ ਮੁਤਾਬਿਕ ਉਹ ਦਾਨ ਦੀ ਰਕਮ ਵੀ ਵਧਾ ਦਿੰਦਾ ਹੈ। ਅਸੀਂ ਇਹ ਵੀ ਦੇਖ ਰਹੇ ਹਾਂ ਕਿ ਲੋਕੀਂ ਰੱਬ ਅੱਗੇ ਅਰਦਾਸਾਂ ਕਰਨ ਵਕਤ ਵੀ ਰਕਮਾਂ ਮਿੱਥਦੇ ਹਨ। ਜੋ ਕੋਈ ਵੀ ਆਪਣੀ ਮਿਹਨਤ ਅਤੇ ਨੇਕ ਕਮਾਈ 'ਚੋਂ ਦਾਨ ਕਰਦਾ ਹੈ ਜਾਂ ਕਿਸੇ ਦੀ ਮੱਦਦ ਕਰਦਾ ਹੈ, ਉਹ ਦਾਨ ਪੁੰਨ ਅਤੇ ਮੱਦਦ ਰੱਬ ਦੇ ਘਰ ਵਿੱਚ ਸਵੀਕਾਰ ਹੈ। ਬਾਕੀ ਅਗਰ ਅਸੀਂ ਕੁੱਝ ਲੋਕਾਂ ਨਾਲ ਧੋਖਾ ਕਰਕੇ, ਠੱਗੀਆਂ ਮਾਰ ਕੇ, ਚੋਰੀਆਂ ਕਰਕੇ ਜਾਂ ਹੋਰ ਗ਼ਲਤ ਢੰਗ ਨਾਲ ਪੈਸਾ ਕਮਾ ਲੈਂਦੇ ਹਾਂ ਅਤੇ ਉਸ ਧੰਨ 'ਚੋਂ ਦਾਨ-ਪੁੰਨ ਕਰਦੇ ਹਾਂ ਤਾਂ ਉਹ ਸਾਡੇ ਲੇਖੇ ਨਹੀਂ

ਲਿਖਿਆ ਜਾਂਦਾ। ਉਹ ਧਨ ਉਸ ਆਦਮੀ ਦੇ ਲੇਖੇ ਲਿਖਿਆ ਜਾਂਦਾ ਹੈ ਜਿਸ ਪਾਸੋਂ ਅਸੀਂ ਗ਼ਲਤ ਢੰਗ ਨਾਲ ਉਹ ਧਨ ਖੋਹਿਆ ਸੀ। ਸੋ ਅਸੀਂ ਹਰ ਦਾਨ, ਹਰ ਪੁੰਨ, ਹਰ ਭੇਟਾ ਕਰਨ ਵਕਤ ਇਹ ਸੋਚਣਾ ਹੈ ਕਿ ਇਹ ਧਨ ਜਾਂ ਇਹ ਸ਼ੈਅ ਜੋ ਮੈਂ ਦੇ ਰਿਹਾ ਹਾਂ, ਆਈ ਕਿੱਥੋਂ ਹੈ ? ਕਿਉਂ ਕਰ ਆਈ ਹੈ ? ਅਗਰ ਅਸੀਂ ਐਸੀ ਸੋਚ ਅਪਣਾ ਲੈਂਦੇ ਹਾਂ ਤਾਂ ਅਗਰ ਅਸੀਂ ਇਨਸਾਨ ਦੀ ਔਲਾਦ ਹਾਂ ਤਾਂ ਸਾਨੂੰ ਜ਼ਰੂਰ ਸਮਝ ਲੱਗ ਜਾਵੇਗੀ ਕਿ ਅਸੀਂ ਗ਼ਲਤ ਹਾਂ ਅਤੇ ਸਾਨੂੰ ਆਪਣੇ ਆਪ ਨੂੰ ਸਹੀ ਸੇਧ ਦੇਣ ਦਾ ਢੰਗ ਤਰੀਕਾ ਲੱਭਣਾ ਚਾਹੀਦਾ ਹੈ। ਸਾਨੂੰ ਇਸ ਗੱਲ ਦਾ ਗਿਆਨ ਹੋ ਜਾਣਾ ਚਾਹੀਦਾ ਹੈ ਕਿ ਸਿਰਫ਼ ਨੇਕ ਕਮਾਈ ਨਾਲ ਹੀ ਸਾਡਾ ਸਹੀ ਜੀਵਨ ਬਸਰ ਹੋ ਸਕਦਾ ਹੈ ਅਤੇ ਅਸੀਂ ਗ਼ਮਾਂ ਤੋਂ ਆਜ਼ਾਦ ਹੋ ਸਕਦੇ ਹਾਂ। ਗ਼ਲਤ ਕਮਾਈ ਕਰਨ ਵਾਲਾ ਬੰਦਾ ਅੰਦਰਖਾਤੇ ਡਰ ਦਾ ਸ਼ਿਕਾਰ ਹੋ ਜਾਂਦਾ ਹੈ ਅਤੇ ਇਹ ਅੰਦਰਲਾ ਡਰ ਬੰਦੇ ਨੂੰ ਸਿਉਂਕ ਦੀ ਤਰ੍ਹਾਂ ਖਾ ਜਾਂਦਾ ਹੈ, ਖੋਖਲਾ ਕਰਕੇ ਰੱਖ ਦਿੰਦਾ ਹੈ, ਸਿਰਫ਼ ਨੇਕ ਕਮਾਈ ਕਰਨ ਵਾਲਾ ਹੀ ਇਸ ਅੰਦਰਲੇ ਡਰ ਤੋਂ ਮੁਕਤੀ ਪ੍ਰਾਪਤ ਕਰ ਸਕਦਾ ਹੈ। ਉਸ ਨੂੰ ਦਾਨ ਦੇ ਕੇ, ਕਿਸੇ ਦੀ ਮੱਦਦ ਕਰਕੇ ਜੋ ਆਨੰਦ ਪ੍ਰਾਪਤ ਹੁੰਦਾ ਹੈ ਉਹ ਉਸ ਆਦਮੀ ਨੂੰ ਪ੍ਰਾਪਤ ਨਹੀਂ ਹੁੰਦਾ ਜੋ ਗ਼ਲਤ ਕਮਾਈ ਕਰਦਾ ਹੈ।

## ਸਿਰਫ਼ ਆਪਣੇ ਗੁਣਾਂ ਉੱਤੇ ਮਾਣ ਕਰੋ

ਜਿਸ ਬੰਦੇ ਨੂੰ ਪਤਾ ਹੈ ਕਿ ਉਸ ਅੰਦਰ ਕੋਈ ਗੁਣ ਨਹੀਂ ਹੈ, ਪਰ ਫਿਰ ਵੀ ਉਹ ਫੜ੍ਹਾਂ ਮਾਰੀ ਜਾਂਦਾ ਹੈ ਉਹ ਆਦਮੀ ਨਹੀਂ ਹੁੰਦਾ। ਉਹ ਜਾਨਵਰ ਹੋ ਸਕਦਾ ਹੈ, ਅਰਥਾਤ ਅਸੀਂ ਐਸੇ ਆਦਮੀ ਨੂੰ ਬੁੱਧਹੀਨ ਆਖ ਸਕਦੇ ਹਾਂ। ਫੜ੍ਹਾਂ ਮਾਰਨ ਦਾ ਅਧਿਕਾਰ ਸਾਨੂੰ ਹੈ ਪਰ ਇਸ ਤੋਂ ਪਹਿਲਾਂ ਅਸੀਂ ਆਪਣੇ ਗੁਣਾਂ ਦੀ ਪਛਾਣ ਕਰਨੀ ਹੈ, ਆਪਣੇ ਗੁਣਾਂ ਨੂੰ ਪਰਖਣਾ ਹੈ, ਆਪਣੇ ਗੁਣਾਂ ਨੂੰ ਸਹੀ ਸੇਧ ਦੇਣੀ ਹੈ। ਅਸੀਂ ਆਪਣੇ ਗੁਣਾਂ ਨੂੰ ਆਪਣੀ ਭਲਾਈ ਲਈ ਵਰਤਣਾ ਹੈ ਪਰ ਸਾਨੂੰ ਇਸ ਗੱਲ ਦਾ ਖ਼ਿਆਲ ਵੀ ਰੱਖਣਾ ਹੈ ਕਿ ਜਦੋਂ ਤੱਕ ਅਸੀਂ ਆਪਣੇ ਗੁਣਾਂ ਨੂੰ ਲੋਕ-ਭਲਾਈ ਲਈ ਨਹੀਂ ਵਰਤਦੇ, ਅਸੀਂ ਲੋਕਾਂ ਵਿੱਚ ਆਪਣੀ ਪਛਾਣ ਕਾਇਮ ਨਹੀਂ ਕਰ ਸਕਦੇ ਅਤੇ ਨਾ ਹੀ ਲੋਕਾਂ ਵਿੱਚ ਕਿਸੇ ਕਿਸਮ ਦੀ ਸ਼ੋਹਰਤ ਹੀ ਪੈਦਾ ਕਰ ਸਕਦੇ ਹਾਂ। ਲੋਕੀਂ ਵੀ ਸਵਾਰਥੀ ਹਨ। ਸਿਰਫ਼ ਉਸੇ ਆਦਮੀ ਦੀਆਂ ਫੜ੍ਹਾਂ ਬਰਦਾਸ਼ਤ ਕਰ ਸਕਦੇ ਹਨ ਜੋ ਉਨ੍ਹਾਂ ਦੇ ਕੰਮ ਆਉਂਦਾ ਹੈ। ਸੋ ਇਹ ਲਾਜ਼ਮੀ ਹੈ ਕਿ ਅਸੀਂ ਆਪਣੇ ਅੰਦਰ ਸਥਾਪਿਤ ਗੁਣਾਂ ਦੀ ਸ਼ਨਾਖ਼ਤ ਕਰਨੀ ਹੈ ਅਤੇ ਆਪਣੇ ਗੁਣਾਂ ਦੀ ਲੋਕ-ਭਲਾਈ ਲਈ ਵਰਤੋਂ ਵੀ ਕਰਨੀ ਹੈ। ਰੱਬ ਨੇ ਸਾਨੂੰ ਗੁਣ ਦਿੱਤੇ ਹੀ ਇਸ ਕਰਕੇ ਹਨ ਕਿ ਅਸੀਂ ਲੋਕਾਂ ਲਈ ਵਰਤਣੇ ਹਨ ਕਿਉਂਕਿ ਰੱਬ ਨੇ ਇਸ ਦੁਨੀਆਂ ਨੂੰ ਮੁਕੰਮਲ ਕਰਨ ਲਈ ਭਾਂਤ-ਭਾਂਤ ਦੇ ਗੁਣ ਦੇ ਕੇ ਸਾਨੂੰ ਇਸ ਦੁਨੀਆਂ ਵਿੱਚ ਭੇਜਿਆ ਹੈ ਅਤੇ ਉਹੀ ਆਦਮੀ ਮਹਾਨ ਹਨ ਜਿਨ੍ਹਾਂ ਨੇ ਆਪਣੇ ਗੁਣਾਂ ਦੀ ਸ਼ਨਾਖ਼ਤ ਕੀਤੀ ਹੈ, ਆਪਣੇ ਗੁਣਾਂ ਨੂੰ ਵਰਤੋਂ ਵਿੱਚ ਲਿਆਂਦਾ ਹੈ ਅਤੇ ਲੋਕ-ਭਲਾਈ ਲਈ ਵਰਤੋਂ ਕੀਤੀ ਹੈ। ਕਿਸੇ ਬੰਦੇ ਨੂੰ ਹੰਕਾਰ ਨਹੀਂ ਕਰਨਾ ਚਾਹੀਦਾ ਕਿ ਉਹ ਬਹੁਤ ਗੁਣਵਾਨ ਹੈ। ਇਸੇ ਤਰ੍ਹਾਂ ਸਾਨੂੰ ਵੀ ਇਹ ਨਹੀਂ ਸੋਚਣਾ ਚਾਹੀਦਾ ਕਿ ਅਸੀਂ ਨਕਾਰਾ ਹਾਂ, ਸਾਡਾ ਜਨਮ ਫ਼ਜ਼ੂਲ ਦਾ ਹੈ। ਰੱਬ ਨੇ ਕੋਈ ਸ਼ੈਅ ਅਕਾਰਥ ਨਹੀਂ ਬਣਾਈ। ਇਸ ਸਿਧਾਂਤ ਉੱਤੇ ਸਾਨੂੰ ਵਿਸ਼ਵਾਸ ਕਰਨਾ ਚਾਹੀਦਾ ਹੈ।

## ਰੱਬ ਆਪਣੇ ਬੰਦਿਆਂ ਨਾਲ ਨਾਰਾਜ਼ ਨਹੀਂ ਹੁੰਦਾ

ਅਸੀਂ ਸਾਰੇ ਰੱਬ ਦੇ ਬਣਾਏ ਹੋਏ ਆਦਮੀ ਹਾਂ। ਇਸ ਕਰਕੇ ਸਾਨੂੰ ਇਹ ਪਤਾ ਹੋ ਜਾਣਾ ਚਾਹੀਦਾ ਹੈ ਕਿ ਅਸੀਂ ਰੱਬ ਦੇ ਬੱਚੇ ਹਾਂ, ਜਿਵੇਂ ਮਾਂ-ਪਿਓ ਆਪਣੇ ਬੱਚੇ ਦੇ ਖ਼ਿਲਾਫ਼ ਕਦੀ ਨਹੀਂ ਹੁੰਦੇ, ਉਸ ਤਰ੍ਹਾਂ ਰੱਬ ਸਾਡੇ ਖ਼ਿਲਾਫ਼ ਕਦੀ ਨਹੀਂ ਹੁੰਦਾ। ਰੱਬ ਤਾਂ ਹਮੇਸ਼ਾਂ ਹੀ ਸਾਨੂੰ ਸੁੱਖੀ-ਸਾਂਦੀ ਦੇਖਣਾ ਚਾਹੁੰਦਾ ਹੈ। ਇਹ ਅਸੀਂ ਆਪ ਹੀ ਹਾਂ ਜੋ ਕਦੀ-ਕਦੀ ਰੱਬ ਤੋਂ ਬੇਮੁੱਖ ਹੋ ਕੇ ਗ਼ਲਤ ਕੰਮ ਕਰਨ ਲੱਗ ਪੈਂਦੇ ਹਾਂ ਅਤੇ ਫਿਰ ਦੁੱਖ ਪਾਉਂਦੇ ਹਾਂ। ਰੱਬ ਸਾਡੇ ਮਾੜੇ ਕਰਮਾਂ ਕਰਕੇ ਸਾਨੂੰ ਸਜ਼ਾ ਜ਼ਰੂਰ ਦਿੰਦਾ ਹੈ, ਰੱਬ ਇਸ ਕਰਕੇ ਸਜ਼ਾ ਨਹੀਂ ਦਿੰਦਾ ਕਿ ਸਾਡੀ ਹੋਂਦ ਹੀ ਖ਼ਤਮ ਹੋ ਜਾਵੇ। ਰੱਬ ਇਸ ਕਰਕੇ ਸਜ਼ਾ ਦਿੰਦਾ ਹੈ ਤਾਂ ਕਿ ਅਸੀਂ ਸਹੀ ਰਸਤੇ ਉੱਤੇ ਆ ਜਾਈਏ, ਸਾਡਾ ਸੁਧਾਰ ਹੋ ਜਾਵੇ। ਸਾਨੂੰ ਮਿਲਦੀ ਸਜ਼ਾ ਦੇਖ ਕੇ ਹੋਰ ਲੋਕੀਂ ਵੀ ਸਬਕ ਸਿੱਖ ਸਕਣ। ਇਹ ਸੁਧਾਈ ਦਾ ਸਿਲਸਿਲਾ ਜਾਰੀ ਰਹਿੰਦਾ ਹੈ ਪਰ ਇਸ ਦੁਨੀਆਂ ਵਿੱਚ ਐਸੇ ਲੋਕਾਂ ਦੀ ਕਮੀ ਨਹੀਂ ਹੈ ਜੋ ਰੱਬ ਨੂੰ ਕੋਸਦੇ ਰਹਿੰਦੇ ਹਨ। ਉਨ੍ਹਾਂ ਨੂੰ ਇਸ ਗੱਲ ਦਾ ਪਤਾ ਹੀ ਨਹੀਂ ਲੱਗਦਾ ਕਿ ਉਹ ਜੋ ਦੁੱਖ ਭੋਗ ਰਹੇ ਹਨ ਉਹ ਉਨ੍ਹਾਂ ਦੀ ਭੈੜੀ ਲਿਖੀ ਕਿਸਮਤ ਕਰਕੇ ਨਹੀਂ ਹਨ, ਬਲਕਿ ਉਨ੍ਹਾਂ ਦੀਆਂ ਆਪਣੀਆਂ ਹੀ ਗ਼ਲਤ ਨੀਤੀਆਂ ਦਾ ਖ਼ਮਿਆਜ਼ਾ ਹੈ। ਰੱਬ ਜਿੱਥੇ ਸਾਡੇ ਚੰਗੇ ਕਰਮਾਂ ਦਾ ਫਲ ਦੇਣਾ ਨਹੀਂ ਭੁੱਲਦਾ, ਇਸੇ ਤਰ੍ਹਾਂ ਸਾਡੇ ਕੀਤੇ ਗਏ ਪਾਪਾਂ ਦਾ ਸੰਤਾਪ ਹੀ ਸਾਨੂੰ ਦਿੰਦਾ ਹੈ। ਅਸੀਂ ਅਗਰ ਹਰ ਦੁੱਖ ਦੀ ਘੜੀ ਆਪਣੇ ਅੰਦਰ ਝਾਤੀ ਮਾਰ ਕੇ ਉਨ੍ਹਾਂ ਗ਼ਲਤੀਆਂ ਦਾ ਅਧਿਐਨ ਕਰੀਏ ਜਿਸ ਕਾਰਨ ਅਸੀਂ ਅੱਜ ਦੁੱਖ ਭੋਗ ਰਹੇ ਹਾਂ ਤਾਂ ਵਾਰ-ਵਾਰ ਐਸਾ ਕਰਨ ਨਾਲ ਅਸੀਂ ਗ਼ਲਤੀਆਂ ਕਰਨਾ ਹੀ ਛੱਡ ਸਕਦੇ ਹਾਂ ਅਤੇ ਵਧੀਆ ਆਦਮੀ ਬਣ ਸਕਦੇ ਹਾਂ।

## ਰੱਬ ਨੇ ਸਾਡਾ ਨਿਸ਼ਾਨਾ ਮਿੱਥ ਰੱਖਿਆ ਹੈ

ਜਦੋਂ ਰੱਬ ਸਾਡੀ ਰਚਨਾ ਕਰ ਰਿਹਾ ਸੀ ਤਾਂ ਸਾਡਾ ਨਿਸ਼ਾਨਾ ਵੀ ਮਿੱਥ ਰਿਹਾ ਸੀ। ਅਸੀਂ ਫ਼ਜ਼ੂਲ ਦੀ ਹੋਂਦ ਲੈ ਕੇ ਇਸ ਦੁਨੀਆਂ ਵਿੱਚ ਨਹੀਂ ਆਏ ਅਤੇ ਨਾ ਹੀ ਸਾਨੂੰ ਇਹ ਵਿਸ਼ਵਾਸ ਹੀ ਕਰਨਾ ਚਾਹੀਦਾ ਹੈ ਕਿ ਰੱਬ ਫ਼ਜ਼ੂਲ ਦੀਆਂ ਹੋਂਦਾਂ ਕਾਇਮ ਕਰ ਸਕਦਾ ਹੈ। ਜਿਵੇਂ ਕੋਈ ਕਾਰਖ਼ਾਨੇ ਦਾ ਮਾਲਕ ਐਸੀ ਸ਼ੈਅ ਤਿਆਰ ਕਰਕੇ ਰਾਜ਼ੀ ਨਹੀਂ ਹੈ ਜੋ ਉਪਯੋਗੀ ਨਾ ਹੋਵੇ ਅਤੇ ਬਾਜ਼ਾਰ ਵਿੱਚ ਵਿਕੇ ਹੀ ਨਾ। ਇਸੇ ਤਰ੍ਹਾਂ ਰੱਬ ਵੀ ਜਦੋਂ ਸਾਡੀ ਹੋਂਦ ਕਾਇਮ ਕਰਦਾ ਹੈ ਤਾਂ ਉਹ ਸਾਡੇ ਟੀਚੇ ਪਹਿਲਾਂ ਮਿੱਥਦਾ ਹੈ, ਕੋਈ ਵੀ ਆਦਮੀ ਫ਼ਜ਼ੂਲ ਦੀ ਰਚਨਾ ਨਹੀਂ ਹੁੰਦਾ। ਮਾਪੇ ਅਤੇ ਹੋਰ ਦੁਨੀਆਂ ਦੇ ਲੋਕੀ ਇਸ ਲੁਕੇ ਹੋਏ ਟੀਚੇ ਦੀ ਖੋਜ ਕਰਦੇ ਰਹਿੰਦੇ ਹਨ। ਅਸੀਂ ਵੀ ਇਸ ਲੁਕੇ ਹੋਏ ਟੀਚੇ ਦੀ ਖੋਜ ਕਰਦੇ ਰਹਿੰਦੇ ਹਾਂ। ਜਦੋਂ ਸਾਨੂੰ ਆਪਣੇ ਟੀਚੇ ਦਾ ਪਤਾ ਲੱਗ ਜਾਂਦਾ ਹੈ, ਉਦੋਂ ਅਸੀਂ ਸਹੀ ਰਸਤਾ ਅਖ਼ਤਿਆਰ ਕਰ ਲੈਂਦੇ ਹਾਂ ਅਤੇ ਫਿਰ ਆਨੰਦ ਹੀ ਆਨੰਦ ਹੋ ਜਾਂਦਾ ਹੈ। ਸਹੀ ਰਸਤੇ ਉੱਤੇ ਤੁਰ ਰਿਹਾ ਬੰਦਾ ਮੰਜ਼ਲਾਂ ਤੈਅ ਕਰਦਾ ਜਾਂਦਾ ਹੈ। ਉਸ ਨੂੰ ਆਪਣੇ ਨਿਸ਼ਾਨਿਆਂ ਦਾ ਪਤਾ ਲੱਗ ਜਾਂਦਾ ਹੈ। ਉਹ ਆਪਣੀਆਂ ਪਸੰਦਾਂ ਅਤੇ ਨਫ਼ਰਤਾਂ ਦੀ ਸੂਚੀ ਬਣਾ ਸਕਦਾ ਹੈ। ਉਸ ਦੇ ਰਸਤੇ ਦੀਆਂ ਸਾਰੀਆਂ ਰੁਕਾਵਟਾਂ ਬੇਅਰਥ ਹੋ ਜਾਂਦੀਆਂ ਹਨ। ਉਸ ਦੀ ਪ੍ਰਗਤੀ ਰੋਕ ਨਹੀਂ ਸਕਦੀਆਂ, ਉਹ ਅੱਗੇ ਹੀ ਅੱਗੇ ਵਧਦਾ ਜਾਂਦਾ ਹੈ, ਉਸ ਨੂੰ ਆਪਣੀਆਂ ਰੁੱਚੀਆਂ

ਦਾ ਗਿਆਨ ਹੋ ਜਾਂਦਾ ਹੈ। ਇਸ ਕਰਕੇ ਸਾਡਾ ਸਭ ਤੋਂ ਪਹਿਲਾ ਫ਼ਰਜ਼ ਇਹੀ ਬਣਦਾ ਹੈ ਕਿ ਅਸੀਂ ਆਪਣੇ ਅੰਦਰ ਆਪਣੀ ਖੋਜ ਦਾ ਸਿਲਸਲਾ ਜਾਰੀ ਕਰੀਏ ਅਤੇ ਇਸ ਨਿੱਕੇ ਜਿਹੇ ਜੀਵਨ ਦਾ ਭਰਪੂਰ ਲਾਭ ਉਠਾ ਸਕੀਏ।

## ਰੱਬ ਸਿਰਫ਼ ਇਕ ਹੈ

ਹੁਣ ਤੱਕ ਰੱਬ ਨੂੰ ਅਨੇਕਾਂ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ। ਪਰ ਇਕ ਗੱਲ ਸਵੀਕਾਰ ਕੀਤੀ ਜਾ ਚੁੱਕੀ ਹੈ ਕਿ ਰੱਬ ਇਕ ਹੀ ਹੈ। ਅਸੀਂ ਧਰਮਾਂ ਦੇ ਵੱਖ-ਵੱਖ ਨਾਮ ਰੱਖ ਲਏ ਹਨ ਅਤੇ ਅਸੀਂ ਇਹ ਵੀ ਦੇਖਦੇ ਆ ਰਹੇ ਹਾਂ ਕਿ ਅਸੀਂ ਮਨੁੱਖ ਧਰਮਾਂ ਵਿਚ ਵੰਡੇ ਜਾ ਚੁੱਕੇ ਹਾਂ। ਅਸੀਂ ਆਪਣੇ-ਆਪਣੇ ਧਰਮ ਨੂੰ ਦੁਨੀਆਂ ਦਾ ਸਭ ਤੋਂ ਵਧੀਆ ਧਰਮ ਬਣਾ ਕੇ ਸਾਬਤ ਕਰਨ ਵਿਚ ਲੱਗੇ ਹੋਏ ਹਾਂ। ਅਸੀਂ ਰੱਬ ਦੀਆਂ ਵੰਡੀਆਂ ਪਾ ਲਈਆਂ ਹਨ। ਅਸੀਂ ਧਰਮ ਨੂੰ ਰੱਬ ਸਮਝਦੇ ਹਾਂ ਅਤੇ ਆਪਣੇ ਆਪਣੇ ਧਰਮ ਦੇ ਨਾਮ ਉਤੇ ਮਰ ਮਿਟਣ ਲਈ ਤਿਆਰ ਹਾਂ। ਅਸੀਂ ਦੂਜੇ ਧਰਮ ਦੇ ਲੋਕਾਂ ਨੂੰ ਆਪਣੇ ਧਰਮ ਵਿਚ ਸ਼ਾਮਲ ਕਰਨ ਦੀ ਕੋਸ਼ਿਸ਼ ਪਏ ਕਰਦੇ ਹਾਂ ਅਤੇ ਐਸਾ ਸਿਲਸਿਲਾ ਸਦੀਆਂ ਤੋਂ ਚੱਲਦਾ ਆ ਰਿਹਾ ਹੈ। ਇਤਿਹਾਸ ਗਵਾਹੀ ਭਰਦਾ ਹੈ ਕਿ ਲੋਕਾਂ ਦਾ ਧਰਮ, ਵਰਗਲਾ ਕੇ ਬਦਲਿਆ ਜਾਂਦਾ ਰਿਹਾ ਹੈ ਅਤੇ ਜਦੋਂ ਕਦੀ ਕੋਈ ਇਨਕਾਰ ਕਰਦਾ ਰਿਹਾ ਹੈ ਤਾਂ ਕਟੜਪੰਥੀ ਉਸ ਦਾ ਕਤਲ ਵੀ ਕਰਦੇ ਰਹੇ ਹਨ। ਅਸੀਂ ਜਦੋਂ ਘੋਖ ਨਾਲ ਦੇਖਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਸਾਨੂੰ ਇਉਂ ਲੱਗਦਾ ਹੈ ਜਿਵੇਂ ਸਾਡਾ ਇਤਿਹਾਸ ਸਾਰੇ ਦਾ ਸਾਰਾ ਲਹੂ ਨਾਲ ਲਿਖਿਆ ਹੋਇਆ ਹੈ। ਇਤਿਹਾਸ ਦੇ ਹਰ ਪੰਨੇ 'ਚੋਂ ਲਾਸ਼ਾਂ ਦੇ ਢੇਰ ਦੀ ਬਦਬੂ ਆਉਂਦੀ ਹੈ। ਜਦੋਂ ਰੱਬ ਇੱਕ ਹੈ, ਵੱਖ-ਵੱਖ ਧਰਮ ਪਾਠ-ਪੂਜਾ ਕਰਨ ਦੇ ਵੱਖ-ਵੱਖ ਢੰਗ ਤਾਂ ਸਿਖਾ ਸਕਦੇ ਹਨ ਪਰ ਕੋਈ ਆਖੇ ਕਿ ਉਹ ਰੱਬ ਦੇ ਟੁਕੜੇ ਕਰ ਸਕਣਗੇ, ਐਸਾ ਕਰਨਾ ਅਸੰਭਵ ਹੈ। ਰੱਬ ਇਕ ਹੀ ਹੈ ਅਤੇ ਸਾਰੇ ਹੀ ਅਸੀਂ ਇਕ ਹੀ ਰੱਬ ਪਾਸੋਂ ਆਏ ਹਾਂ ਅਤੇ ਅਸੀਂ ਸਾਰਿਆਂ ਨੇ ਉਸ ਰੱਬ ਪਾਸ ਹੀ ਜਾ ਕੇ ਆਪਣੇ ਕਰਮਾਂ ਦਾ ਹਿਸਾਬ ਕਿਤਾਬ ਦੇਣਾ ਹੈ। ਰੱਬ ਸਾਡਾ ਮਾਤਾ ਪਿਤਾ ਹੈ। ਸਾਡਾ ਸਾਰਿਆਂ ਦਾ ਸਾਂਝਾ ਹੈ। ਫਿਰ ਇਨਸਾਨੀ ਨਸਲ ਧਰਮਾਂ, ਜਾਤਾਂ ਫ਼ਿਰਕਿਆਂ ਅਤੇ ਦੇਸ਼ਾਂ ਵਿਚ ਕਿਉਂ ਵੰਡੀ ਪਈ ਹੈ ? ਜੇ ਰੱਬ ਇਕ ਹੈ ਤਾਂ ਅਸੀਂ ਮਨੁੱਖੀ ਨਸਲ ਇਕ ਕਿਉਂ ਨਹੀਂ ਹੋ ਸਕਦੀ ? ਪਰ ਜਿਉਂ ਜਿਉਂ ਅਸੀਂ ਤਰੱਕੀ ਕਰਦੇ ਜਾ ਰਹੇ ਹਾਂ ਇਹ ਵੰਡੀਆਂ ਹੋਰ ਵਧ ਰਹੀਆਂ ਹਨ ਅਤੇ ਇਨਸਾਨ ਦੂਜੇ ਇਨਸਾਨ ਤੋਂ ਦੂਰ ਹੁੰਦਾ ਜਾ ਰਿਹਾ ਹੈ।

## ਗੁਣ ਹੋਣ ਤਾਂ ਮਾਣ ਕਰੋ

ਅਸੀਂ ਦੇਖਦੇ ਆ ਰਹੇ ਹਾਂ ਕਿ ਬਹੁਤ ਹੀ ਘੱਟ ਲੋਕੀਂ ਹਨ ਜਿਨ੍ਹਾਂ ਨੇ ਆਪਣੇ ਗੁਣਾਂ ਦੀ ਪਛਾਣ ਕਰ ਲਈ ਹੈ। ਗੁਣਾਂ ਦੀ ਵਰਤੋਂ ਕਰਕੇ ਫਿਰ ਆਪਣੀਆਂ ਕੀਤੀਆਂ ਉੱਤੇ ਮਾਣ ਕਰਦੇ ਹਨ। ਬਾਕੀ ਲੋਕੀਂ ਤਾਂ ਬਸ ਐਵੇਂ ਹੀ ਡੀਂਗਾਂ ਮਾਰੀ ਜਾਂਦੇ ਹਨ। ਇਹ ਸਾਰੀਆਂ ਡੀਂਗਾਂ ਫੋਕੀਆਂ ਹਨ। ਇਸੇ ਕਰਕੇ ਅਸੀਂ ਆਪਣੀ ਹੋਂਦ ਕਾਇਮ ਨਹੀਂ ਕਰ ਪਾ ਰਹੇ। ਅਸੀਂ ਭਟਕੇ ਹੋਏ ਹਨ। ਨਾ ਤਾਂ ਅਸੀਂ ਆਪਣੀ ਅਸਲੀਅਤ ਨੂੰ ਜਾਣਦੇ ਹਾਂ ਅਤੇ ਨਾ ਹੀ ਅਸੀਂ ਆਪਣੀ ਅਸਲੀਅਤ ਜਾਣਨ ਦੀ ਕੋਸ਼ਿਸ ਹੀ ਕਰਦੇ ਹਾਂ। ਬਹੁਤ ਘੱਟ ਲੋਕੀਂ ਹਨ ਜੋ ਸਵੈ-ਪੜਚੋਲ ਕਰਕੇ ਆਪਣੀ ਆਤਮਾ ਦੀ ਆਵਾਜ਼ ਪਛਾਣ ਕੇ ਸਹੀ ਰਸਤਾ ਅਖ਼ਤਿਆਰ ਕਰਦੇ ਹਾਂ। ਕੋਈ ਆਪਣੇ ਖ਼ਾਨਦਾਨਾਂ ਦੀ ਡੀਂਗ ਪਿਆ ਮਾਰਦਾ ਹੈ। ਕੋਈ

ਆਪਣੀ ਉੱਚੀ ਜਾਤੀ ਕਰਕੇ ਅਭਿਮਾਨੀ ਬਣਿਆ ਫਿਰਦਾ ਹੈ। ਕਿਸੇ ਪਾਸ ਚਾਰ ਪੈਸੇ ਹਨ ਉਸ ਕਰਕੇ ਅਹੰਕਾਰਿਆ ਫਿਰਦਾ ਹੈ। ਕਿਸੇ ਨੂੰ ਆਪਣੇ ਅਹੁਦੇ ਦਾ ਮਾਣ ਹੈ। ਕਿਸੇ ਨੂੰ ਆਪਣੀ ਸੁੰਦਰਤਾ ਦਾ ਮਾਣ ਹੈ। ਬਹੁਤ ਘੱਟ ਲੋਕੀਂ ਹਨ ਜਿਨ੍ਹਾਂ ਪਾਸ ਗੁਣ ਹਨ ਅਤੇ ਗੁਣਵਾਨ ਆਦਮੀ ਅਹੰਕਾਰ ਨਹੀਂ ਕਰਦਾ। ਉਹ ਤਾਂ ਸਾਰਿਆਂ ਦਾ ਸਾਂਝਾ ਆਦਮੀ ਬਣ ਜਾਂਦਾ ਹੈ। ਉਹ ਸਾਰਿਆਂ ਨੂੰ ਰੱਬ ਦੀ ਕਿਰਤ ਸਮਝਦਾ ਹੈ। ਦੂਜਿਆਂ ਵਿੱਚ ਵਿਆਪਕ ਗੁਣਾਂ ਦੀ ਪਛਾਣ ਕਰਦਾ ਹੈ। ਉਨ੍ਹਾਂ ਦੇ ਗੁਣਾਂ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕਰਦਾ ਹੈ ਅਤੇ ਉਹ ਐਸਾ ਅਸਥਾਨ ਪ੍ਰਾਪਤ ਕਰ ਲੈਂਦਾ ਹੈ ਜਿਥੇ ਉਸ ਨੂੰ ਕੋਈ ਵੀ ਆਦਮੀ ਆਪਣੇ ਆਪ ਤੋਂ ਘਟੀਆ ਨਹੀਂ ਲੱਗਦਾ ਅਤੇ ਇਉਂ ਅਹੰਕਾਰ ਕਰਨ ਬਾਰੇ ਸੋਚਦਾ ਹੀ ਨਹੀਂ ਹੈ। ਉਸ ਨੂੰ ਇਉਂ ਪ੍ਰਤੀਤ ਹੋਣ ਲੱਗ ਪੈਂਦਾ ਹੈ ਕਿ ਇਹ ਸਾਰੇ ਲੋਕੀਂ ਪਰਮ ਪਿਤਾ ਨੇ ਆਪਣੀ ਹੱਥੀਂ ਬਣਾਏ ਹਨ ਅਤੇ ਆਪਣੇ-ਆਪਣੇ ਖੇਤਰ ਵਿਚ ਉਹ ਸਾਰੇ ਹੀ ਵਧੀਆ ਹਨ। ਉਸ ਪਾਸੋਂ ਘਟੀਆ ਨਹੀਂ ਹਨ।

## ਰੱਬ ਨਾਲ ਪਿਆਰ ਪਾਓ

ਰੱਬ ਨਾਲ ਪਿਆਰ ਪਾਉਣਾ ਮੁਸ਼ਕਿਲ ਨਹੀਂ ਹੈ। ਉਹ ਸਾਡੇ ਸੁੱਖਾਂ ਅਤੇ ਦੁੱਖਾਂ ਵਿੱਚ ਹਮੇਸ਼ਾਂ ਹੀ ਸਾਡੇ ਨਾਲ ਹੈ, ਕਦੀ ਦੂਰ ਨਹੀਂ ਹੁੰਦਾ। ਅਸੀਂ ਤਾਂ ਹਮੇਸ਼ਾਂ ਬਸ ਇਹੀ ਕੋਸ਼ਿਸ ਕਰਨੀ ਹੈ ਕਿ ਅਸੀਂ ਕੋਈ ਐਸਾ ਕੰਮ ਨਾ ਕਰੀਏ ਜਿਸ ਕਾਰਨ ਰੱਬ ਨਾਰਾਜ਼ ਹੋ ਜਾਵੇ ਅਤੇ ਸਾਡੇ ਨਾਲੋਂ ਰੁਸ ਜਾਵੇ। ਸਾਨੂੰ ਉਨ੍ਹਾਂ ਗੱਲਾਂ ਦਾ ਗਿਆਨ ਹੋਣਾ ਚਾਹੀਦਾ ਹੈ ਜੋ ਰੱਬ ਨੂੰ ਭਾਉਂਦੀਆਂ ਨਹੀਂ ਹਨ। ਰੱਬ ਨੂੰ ਨਾਰਾਜ਼ ਕਰਨਾ ਸਾਡੇ ਲਈ ਠੀਕ ਨਹੀਂ ਹੈ। ਕਿਉਂਕਿ ਸਾਡਾ ਸਭ ਤੋਂ ਵਧੀਆ ਦੋਸਤ ਰੱਬ ਹੀ ਹੈ, ਰੱਬ ਵਰਗਾ ਦੋਸਤ ਹੋਰ ਕੋਈ ਨਹੀਂ ਬਣ ਸਕਦਾ। ਇਹ ਸਦਾ ਹੀ ਸਾਡੇ ਨਾਲ ਹਾਜ਼ਰ ਹੁੰਦਾ ਹੈ। ਰੱਬ ਨੂੰ ਬੁਲਾਉਣ ਲਈ ਕਿੱਧਰੇ ਜਾਣਾ ਨਹੀਂ ਪੈਂਦਾ ਅਤੇ ਨਾ ਹੀ ਕੋਈ ਤਰੱਦਦ ਕਰਨਾ ਪੈਂਦਾ ਹੈ, ਇਸ ਲਈ ਐਸੇ ਸਾਥੀ ਨਾਲ ਹਮੇਸ਼ਾਂ ਬਣਾ ਕੇ ਰੱਖਣੀ ਚਾਹੀਦੀ ਹੈ, ਰੱਬ ਆਤਮਾ ਦੇ ਰੂਪ ਵਿੱਚ ਸਾਡੇ ਅੰਦਰ ਹਾਜ਼ਰ ਹੈ ਅਤੇ ਜੀਵਨ ਦੇ ਹਰ ਮੋੜ ਉੱਤੇ ਰੱਬ ਸਾਡੀ ਅਗਵਾਈ ਕਰਦਾ ਹੈ, ਅਸੀਂ ਆਤਮਾ ਦੀ ਆਵਾਜ਼ ਸੁਣਦੇ ਰਹੀਏ ਤਾਂ ਰੱਬ ਕਦੀ ਨਾਰਾਜ਼ ਨਹੀਂ ਹੁੰਦਾ। ਇਸੇ ਕਰਕੇ ਹਰੇਕ ਸਿਆਣੇ ਨੇ ਇਹੀ ਮੱਤ ਦਿੱਤੀ ਹੈ ਕਿ ਰੱਬ ਨੂੰ ਕਦੀ ਵੀ ਨਾਰਾਜ਼ ਨਾ ਕਰੋ, ਰੱਬ ਦੀ ਵਾਰੀ ਮੁੱਕ ਗਈ ਤਾਂ ਸਮਝੋ ਇਸ ਦੁਨੀਆਂ ਦਾ ਹੋਰ ਕੋਈ ਵੀ ਦੋਸਤ ਤੁਹਾਡੀ ਮੱਦਦ ਨਹੀਂ ਕਰ ਸਕੇਗਾ। ਇਸ ਕਰਕੇ ਰੱਬ ਦੀ ਨਾਰਾਜ਼ਗੀ ਤੋਂ ਡਰਨਾ ਚਾਹੀਦਾ ਹੈ ਅਤੇ ਇਹ ਡਰ ਸਾਡੇ ਲਈ ਲਾਹੇਵੰਦ ਸਾਬਤ ਹੋ ਸਕਦਾ ਹੈ।

## ਮਨ ਨੂੰ ਹਮੇਸ਼ਾਂ ਰੌਸ਼ਨ ਰੱਖੋ

ਸਾਡੀਆਂ ਬਹੁਤੀਆਂ ਗਤੀਵਿਧੀਆਂ ਨੂੰ ਸਾਡਾ ਮਨ ਸੇਧ ਦਿੰਦਾ ਹੈ। ਅਰਥਾਤ ਅਸੀਂ ਵੈਸੇ ਹੀ ਆਦਮੀ ਬਣ ਜਾਂਦੇ ਹਾਂ ਜੈਸਾ ਸਾਡਾ ਮਨ ਹੋਵੇਗਾ। ਮਨ ਸਾਡਾ ਚਾਲਕ ਹੈ, ਜਿਨ੍ਹਾਂ ਲੋਕਾਂ ਨੇ ਆਪਣੇ ਮਨ ਨੂੰ ਸਮਝਾ ਲਿਆ ਹੈ ਕਿ ਭਾਈ ਅਸੀਂ ਉਹੀ ਕੁਝ ਕਰੀਏ ਜੋ ਸਾਡੇ ਅੰਦਰ ਹਾਜ਼ਰ ਆਤਮਾ ਨੂੰ ਮਨਜ਼ੂਰ ਹੈ ਤਾਂ ਇਹ ਮਨ ਸਾਡੀ ਸਹਾਇਤਾ ਕਰ ਸਕਦਾ ਹੈ। ਅਸੀਂ ਐਸਾ ਅਭਿਆਸ ਜਾਰੀ ਕਰਨਾ ਹੈ। ਇਹ ਆਖਿਆ ਜਾਂਦਾ ਹੈ ਕਿ ਮਨ ਉੱਤੇ ਕਾਬੂ ਨਹੀਂ ਪਾਇਆ ਜਾ ਸਕਦਾ। ਇਸ ਗੱਲ ਵਿੱਚ ਸੱਚਾਈ ਵੀ ਹੈ, ਪਰ ਕਈ ਵਾਰੀ

ਸੰਪੂਰਨ ਜਿੱਤ ਪ੍ਰਾਪਤ ਨਾ ਹੋ ਸਕਦੀ ਹੋਵੇ ਤਾਂ ਵੀ ਸੰਘਰਸ਼ ਜਾਰੀ ਰੱਖਣਾ ਚਾਹੀਦਾ ਹੈ। ਜਿੱਥੋਂ ਤੱਕ ਅਸੀਂ ਮਨ ਉੱਤੇ ਕਾਬੂ ਪਾ ਸਕਾਂਗੇ ਉਹੀ ਬਿਹਤਰ ਹੈ। ਹੌਲੀ-ਹੌਲੀ ਅਸੀਂ ਅਗਾਂਹ ਵੱਧ ਸਕਦੇ ਹਾਂ, ਮਨ ਵੀ ਸਾਡਾ ਸਾਥ ਦੇਣ ਲੱਗ ਪੈਂਦਾ ਹੈ। ਇਸ ਦੁਨੀਆਂ ਵਿੱਚ ਚੰਗੇ ਬੰਦੇ ਕਦੀ ਖ਼ਤਮ ਨਹੀਂ ਹੁੰਦੇ, ਸਦਾ ਹੀ ਰਹਿੰਦੇ ਹਨ ਅਤੇ ਬਾਕੀ ਲੋਕਾਂ ਲਈ ਮਿਸਾਲ ਬਣਦੇ ਹਨ। ਇਹ ਉਹੀ ਲੋਕੀਂ ਹਨ ਜਿਨ੍ਹਾਂ ਨੇ ਆਪਣੇ ਮਨ ਉੱਤੇ ਕਾਬੂ ਪਾ ਲਿਆ ਹੈ। ਅਸੀਂ ਵੀ ਮਨ ਨੂੰ ਸੇਧ ਦੇਣ ਦਾ ਅਭਿਆਸ ਸ਼ੁਰੂ ਕਰਨਾ ਹੈ। ਮਨ ਤਾਂ ਦੌੜ ਰਿਹਾ ਹੁੰਦਾ ਹੈ, ਬਸ ਲਗ਼ਾਮ ਕੱਸੀ ਜਾਓ, ਘੋੜਾ ਦੌੜਦਾ-ਦੌੜਦਾ ਕਿੱਧਰੇ ਤਾਂ ਜਾ ਕੇ ਖਲੋਅ ਹੀ ਜਾਵੇਗਾ। ਘੋੜਾ ਕਦੀ ਵੀ ਇਕਲਖਤ ਨਹੀਂ ਰੋਕਿਆ ਜਾ ਸਕਦਾ। ਉਸ ਨਾਲ ਕੁਝ ਕਦਮ ਦੌੜਨਾ ਪੈਂਦਾ ਹੈ, ਪੁਚਕਾਰਨਾ ਪੈਂਦਾ ਹੈ ਅਤੇ ਘੋੜਾ ਸ਼ਾਂਤ ਹੋ ਕੇ ਖਲੋਅ ਜਾਂਦਾ ਹੈ। ਇਹੀ ਹਾਲ ਸਾਡੇ ਮਨ ਦਾ ਹੈ।

## ਤਪ ਅਤੇ ਹਠ ਨਾਲ ਰੱਬ ਨਹੀਂ ਮਿਲਦਾ

ਸਦੀਆਂ ਤੋਂ ਮਨੁੱਖ ਰੱਬ ਦੀ ਪ੍ਰਾਪਤੀ ਦੀ ਕੋਸ਼ਿਸ਼ ਕਰਦਾ ਆ ਰਿਹਾ ਹੈ। ਇਤਿਹਾਸ ਗਵਾਹੀ ਭਰਦਾ ਹੈ ਕਿ ਕਦੀ ਆਦਮੀ ਸਮਾਧੀਆਂ ਲਗਾ ਕੇ ਬੈਠਦਾ ਰਿਹਾ ਹੈ, ਕਦੀ ਜੰਗਲਾਂ ਵਿੱਚ ਭੱਜ ਕੇ ਜਾਂਦਾ ਰਿਹਾ ਹੈ, ਕਦੀ ਪਹਾੜਾਂ ਦੀਆਂ ਗੁਫ਼ਾਵਾਂ ਵਿੱਚ ਜਾ ਕੇ ਬੈਠਦਾ ਰਿਹਾ ਹੈ, ਕਦੀ ਮਿੱਟੀ ਵਿੱਚ ਆਪਣੇ ਆਪ ਨੂੰ ਦੱਬਦਾ ਰਿਹਾ ਹੈ, ਕਦੀ ਪਾਣੀਆਂ ਵਿੱਚ ਡੁੱਬਦਾ ਰਿਹਾ ਹੈ, ਕਦੀ ਸਰੀਰ ਨੂੰ ਕਸ਼ਟ ਦਿੰਦਾ ਰਿਹਾ ਹੈ, ਕਦੀ ਭੁੱਖਾ-ਭਾਣਾ ਅਤੇ ਪਿਆਸਾ ਰਹਿ ਕੇ ਰੱਬ ਦੀ ਪ੍ਰਾਪਤੀ ਦੀ ਕੋਸ਼ਿਸ਼ ਕਰਦਾ ਰਿਹਾ ਹੈ, ਕਦੀ ਗਾਉਂਦਾ ਰਿਹਾ ਹੈ, ਕਦੀ ਸਾਜ ਵਜਾਉਂਦਾ ਰਿਹਾ ਹੈ, ਕਦੀ ਨੱਚਦਾ ਰਿਹਾ ਹੈ ਪਰ ਕੋਈ ਆਖੇ ਰੱਬ ਕਿਸੇ ਨੂੰ ਮਿਲਿਆ ਵੀ ਹੈ ਤਾਂ ਅਸੀਂ ਆਪ ਹੀ ਇਸ ਨਤੀਜੇ ਉੱਤੇ ਪੁੱਜਦੇ ਹਾਂ ਕਿ ਰੱਬ ਨੂੰ ਪ੍ਰਾਪਤ ਕਰਨ ਲਈ ਇਤਨੇ ਤਰੱਦਦ ਕਰਨ ਦੀ ਜ਼ਰੂਰਤ ਨਹੀਂ ਹੈ, ਰੱਬ ਤਾਂ ਸਾਡੇ ਅੰਦਰ ਆਤਮਾ ਦੇ ਰੂਪ ਵਿੱਚ ਵਸਦਾ ਹੈ, ਇਹ ਬਾਹਰੀ ਅਡੰਬਰ ਸਾਰੇ ਦੇ ਸਾਰੇ ਫ਼ਜ਼ੂਲ ਹਨ। ਅਸੀਂ ਆਪਣੇ ਅੰਦਰ ਬਿਰਾਜਮਾਨ ਆਤਮਾ ਦੀ ਸ਼ਨਾਖ਼ਤ ਕਰਨੀ ਹੈ। ਹਰ ਕਦਮ ਉੱਤੇ ਇਹ ਸਾਡੀ ਅਗਵਾਈ ਕਰਨ ਲਈ ਹਾਜ਼ਰ ਰਹਿੰਦੀ ਹੈ, ਕਦੀ ਵੀ ਸਾਨੂੰ ਗੁੰਮਰਾਹ ਨਹੀਂ ਕਰਦੀ। ਕੁਲ ਮਿਲਾ ਕੇ ਅਸੀਂ ਰੱਬ ਦੇ ਬਣਾਏ ਹੋਏ ਹਰੇਕ ਜੀਵ ਨਾਲ ਰੱਬ ਦਾ ਥਾਪਿਆ ਵਿਉਹਾਰ ਕਰਨਾ ਹੈ। ਇਹੀ ਸਭ ਤੋਂ ਵੱਡੀ ਭਗਤੀ ਹੈ, ਇਹੀ ਸਭ ਤੋਂ ਵੱਡਾ ਤਪ ਹੈ। ਰੱਬ ਹਰੇਕ ਬੰਦੇ ਅੰਦਰ ਅਤੇ ਹਰੇਕ ਜੀਵ ਅੰਦਰ ਹਾਜ਼ਰ ਹੈ ਅਤੇ ਜਦੋਂ ਅਸੀਂ ਕਿਸੇ ਜੀਵ ਨਾਲ ਸਹੀ ਵਤੀਰਾ ਨਹੀਂ ਰੱਖਦੇ ਤਾਂ ਸਮਝੋ ਅਸੀਂ ਰੱਬ ਨੂੰ ਨਾਰਾਜ਼ ਕਰ ਲਿਆ ਹੈ, ਰੱਬ ਦੀ ਭਗਤੀ ਵਿੱਚ ਵਿਘਨ ਪੈ ਗਿਆ ਹੈ।

## ਮੌਤ ਬਾਰੇ ਫ਼ਿਕਰਮੰਦ ਨਾ ਹੋਵੋ

ਸਾਰੇ ਸਿਆਣੇ ਆਖ ਗਏ ਹਨ ਕਿ ਮੌਤ ਦੀਆਂ ਤਰੀਕਾਂ ਅਸੀਂ ਮਿੱਥ ਨਹੀਂ ਸਕਦੇ। ਮੌਤ ਕਦੋਂ ਆਉਣੀ ਹੈ ਇਸ ਬਾਰੇ ਮਨੁੱਖ ਨੂੰ ਪਤਾ ਨਹੀਂ ਹੈ, ਪਰ ਇਕ ਗੱਲ ਸੱਚ ਹੈ ਕਿ ਮੌਤ ਆਉਣੀ ਜ਼ਰੂਰ ਹੈ। ਜੋ ਘਟਨਾ ਵਾਪਰਨੀ ਹੈ ਅਤੇ ਉਸ ਨੂੰ ਵਾਪਰਨ ਤੋਂ ਅਸੀਂ ਰੋਕ ਹੀ ਨਹੀਂ ਸਕਦੇ ਤਾਂ ਉਸ ਤੋਂ ਡਰ ਕਾਹਦਾ ? ਅਸੀਂ ਤਾਂ ਬਸ ਇਤਨਾ ਧਿਆਨ ਰੱਖਣਾ ਹੈ ਕਿ ਅਸੀਂ ਮੌਤ ਲਈ ਤਿਆਰੀ ਕਰਨੀ ਹੈ। ਅਸੀਂ ਆਪਣੇ ਮਨ ਦੀ ਸਲੇਟ ਸਾਫ਼ ਰੱਖਣੀ

ਹੈ। ਅਸੀਂ ਇਹ ਕਦੀ ਵੀ ਨਹੀਂ ਸੋਚਣਾ ਕਿ ਮਰਨ ਤੋਂ ਪਹਿਲਾਂ ਚਾਰ ਚੰਗੇ ਕੰਮ ਵੀ ਕਰ ਲਵਾਂਗੇ ਅਤੇ ਰੱਬ ਦੇ ਦਰਬਾਰ ਵਿੱਚ ਸੁਰਖ਼ਰੂ ਹੋ ਜਾਵਾਂਗੇ ਪਰ ਅਸੀਂ ਕਦੀ ਨਹੀਂ ਸੋਚਿਆ ਕਿ ਸਾਨੂੰ ਚੰਗੇ ਕਰਮ ਕਰਨ ਦਾ ਮੌਕਾ ਵੀ ਮਿਲਣਾ ਹੈ ਜਾਂ ਨਹੀਂ ਮਿਲਣਾ। ਇਸ ਕਰਕੇ ਮੌਤ ਨੂੰ ਹਮੇਸ਼ਾਂ ਯਾਦ ਰੱਖ ਕੇ ਅਸੀਂ ਆਪਣੇ ਜੀਵਨ ਨੂੰ ਸੇਧ ਦੇਣੀ ਹੈ। ਅਸੀਂ ਤਿਆਰ ਰਹੀਏ, ਰੱਬ ਜਦੋਂ ਮਰਜ਼ੀ ਸਾਨੂੰ ਬੁਲਾ ਲਵੇ। ਅਸੀਂ ਉਸ ਦੇ ਦਰਬਾਰ ਵਿੱਚ ਜਾ ਕੇ ਆਖਣ ਜੋਗੇ ਹੋਈਏ, ਮੈਂ ਆ ਗਿਆ ਹਾਂ ਮੇਰੇ ਆਕਾ। ਦੱਸ ਮੇਰੇ ਲਈ ਅਗਲਾ ਹੁਕਮ ਕੀ ਹੈ। ਉਹ ਕਾਹਦਾ ਮਰਨਾ ਜਦੋਂ ਜਾਂਦਿਆਂ ਹੀ ਸਾਨੂੰ ਕੁਟਾਪਾ ਚੜ੍ਹਨਾ ਸ਼ੁਰੂ ਹੋ ਜਾਵੇ। ਅਸੀਂ ਤਾਂ ਮੌਤ ਦੀ ਤਿਆਰੀ ਇਉਂ ਕਰਨੀ ਹੈ ਜਿਵੇਂ ਸਾਡੀ ਸ਼ਾਦੀ ਦਾ ਦਿਨ ਹੋਵੇ ਅਤੇ ਆਨੰਦ ਹੀ ਆਨੰਦ ਦੀਆਂ ਭਾਵਨਾਵਾਂ ਸਾਡੇ ਅੰਦਰ ਕੰਮ ਕਰ ਰਹੀਆਂ ਹੋਣ। ਐਸਾ ਤਾਂ ਹੀ ਹੋ ਸਕਦਾ ਹੈ ਜੇਕਰ ਅਸੀਂ ਸਹੀ ਰਸਤਾ ਅਪਣਾ ਕੇ ਤੁਰੀਏ। ਮੌਤ ਤਾਂ ਪ੍ਰੀਖਿਆ ਦੀ ਘੜੀ ਹੈ ਅਤੇ ਜਿਨ੍ਹਾਂ ਵਿਦਿਆਰਥੀਆਂ ਨੇ ਪ੍ਰੀਖਿਆ ਦੀ ਤਿਆਰੀ ਕਰ ਰੱਖੀ ਹੁੰਦੀ ਹੈ, ਉਹ ਪ੍ਰੀਖਿਆ ਤੋਂ ਕਦੀ ਡਰਦੇ ਨਹੀਂ ਹਨ।

## ਸਿਰਫ਼ ਰੂਪ ਹੀ ਸੁੰਦਰਤਾ ਦਾ ਪ੍ਰਤੀਕ ਨਹੀਂ ਹੈ

ਅਸੀਂ ਕਿਤਨੇ ਹੀ ਸੁੰਦਰ ਪਏ ਹੋਈਏ, ਪਰ ਜੇ ਸਾਡਾ ਅੰਦਰ ਵੀ ਸੁੰਦਰ ਨਾ ਹੋਵੇ ਤਾਂ ਸਾਰੀ ਸੁੰਦਰਤਾ ਬੇਕਾਰ ਹੁੰਦੀ ਹੈ। ਸਰੀਰਕ ਸੁੰਦਰਤਾ ਨਾਲ ਅਸੀਂ ਦੂਰੋਂ-ਦੂਰੋਂ ਤਾਂ ਕਿਸੇ ਨੂੰ ਆਕਰਸ਼ਿਤ ਕਰ ਸਕਦੇ ਹਾਂ ਪਰ ਜਦੋਂ ਉਸ ਦਾ ਸਾਡੇ ਨਾਲ ਵਾਹ ਪੈਂਦਾ ਹੈ ਤਾਂ ਉਹ ਸਾਡੀ ਅਸਲੀਅਤ ਜਾਣ ਜਾਂਦਾ ਹੈ ਅਤੇ ਫਿਰ ਅੱਗੋਂ ਲਈ ਸਾਡੇ ਨਾਲ ਉਸ ਦੇ ਸੰਬੰਧ ਸਰੀਰਕ ਸੁੰਦਰਤਾ ਉੱਤੇ ਨਿਰਭਰ ਨਹੀਂ ਰਹਿੰਦੇ ਬਲਕਿ ਸਾਡਾ ਵਤੀਰਾ, ਸਾਡੀ ਸੋਚ, ਸਾਡੀਆਂ ਭਾਵਨਾਵਾਂ ਉੱਤੇ ਆਧਾਰਿਤ ਹੁੰਦੇ ਹਨ। ਅਗਰ ਪਰਮ ਪਿਤਾ ਪ੍ਰਮਾਤਮਾ ਨੇ ਸਾਨੂੰ ਸੁੰਦਰਤਾ ਦੇ ਹੀ ਦਿੱਤੀ ਹੈ ਤਾਂ ਅਸੀਂ ਇਸ ਸੁੰਦਰਤਾ ਨੂੰ ਚਮਕਾਉਣ ਵਾਸਤੇ ਆਪਣੇ ਅੰਦਰ ਨੂੰ ਵੀ ਸੁੰਦਰ ਬਣਾਉਣਾ ਹੈ। ਅੰਦਰ ਸੁੰਦਰ ਨਾ ਹੋਵੇ ਤਾਂ ਇਹ ਬਾਹਰੀ ਸੁੰਦਰਤਾ ਸਾਡਾ ਸਾਥ ਨਹੀਂ ਦਿੰਦੀ। ਇਹ ਸਿਰਫ਼ ਸਾਡੇ ਤੱਕ ਹੀ ਸੀਮਤ ਰਹਿ ਜਾਂਦੀ ਹੈ ਅਤੇ ਇਹ ਬਾਹਰੀ ਸੁੰਦਰਤਾ ਚਿਰ ਰਹਿਣੀ ਵੀ ਨਹੀਂ ਹੁੰਦੀ। ਇਸ ਬਾਹਰੀ ਸੁੰਦਰਤਾ ਦੀ ਉਮਰ ਬਹੁਤ ਹੀ ਘੱਟ ਹੁੰਦੀ ਹੈ। ਇਸ ਲਈ ਸਦੀਵੀ ਸੁੰਦਰਤਾ ਪ੍ਰਾਪਤ ਕਰਨ ਲਈ ਅਸੀਂ ਆਪਣੇ ਅੰਦਰ ਐਸੀ ਸੁੰਦਰਤਾ ਪੈਦਾ ਕਰਨੀ ਹੈ ਜੋ ਸਾਰਿਆਂ ਨੂੰ ਪਸੰਦ ਆਵੇ।

## ਸਾਡੇ ਕਰਮ ਸਾਡੇ ਜੀਵਨ ਦਾ ਬੀਜ ਹਨ

ਬਹੁਤ ਹੀ ਪਹਿਲਾਂ ਤੋਂ ਲੋਕਾਂ ਨੂੰ ਪਤਾ ਲੱਗ ਚੁੱਕਾ ਹੈ ਕਿ ਅਸੀਂ ਜੈਸੇ-ਜੈਸੇ ਕਰਮ ਕਰਦੇ ਹਾਂ, ਉਹ ਸਾਡੇ ਲਈ ਬੀਜ ਦਾ ਕੰਮ ਕਰਦੇ ਹਨ ਅਤੇ ਅਸੀਂ ਜੈਸਾ ਬੀਜ ਪਾਵਾਂਗੇ ਵੈਸਾ ਹੀ ਬੂਟਾ ਪੈਦਾ ਹੋਵੇਗਾ ਅਤੇ ਉਹ ਬੂਟਾ ਆਪਣੀ ਹੋਂਦ ਮੁਤਾਬਿਕ ਫਲ ਦੇਵੇਗਾ। ਅਸੀਂ ਇਸ ਦੁਨੀਆਂ ਦੇ ਲੋਕਾਂ ਤੋਂ ਜੈਸੇ ਵੀ ਫਲ ਦੀ ਇੱਛਾ ਰੱਖਦੇ ਹਾਂ ਸਾਨੂੰ ਵੈਸਾ ਹੀ ਬੀਜ ਬੀਜਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਅਰਥਾਤ ਸਾਨੂੰ ਕਿਸਮਤ ਦੇ ਚੱਕਰ ਵਿੱਚ ਨਹੀਂ ਪੈਣਾ ਚਾਹੀਦਾ। ਸਾਨੂੰ ਇਹ ਵਿਸ਼ਵਾਸ ਕਰ ਲੈਣਾ ਚਾਹੀਦਾ ਹੈ ਕਿ ਸਾਡਾ ਇਹੀ ਜੀਵਨ ਹੈ। ਅਸੀਂ ਇਸ ਵਿੱਚ ਚੰਗੇ ਕਰਮ ਕਰਕੇ ਚੰਗੇ ਫਲ ਪਾਉਣੇ ਹਨ। ਇਸ ਜੀਵਨ ਨੂੰ ਖ਼ੁਸ਼ੀਆਂ ਭਰਿਆ ਬਣਾਉਣਾ ਹੈ।

ਨਾ ਤਾਂ ਆਪ ਕਿਸੇ ਦੇ ਦੁੱਖਾਂ ਦਾ ਕਾਰਨ ਬਣਨਾ ਹੈ ਅਤੇ ਨਾ ਹੀ ਅਸੀਂ ਦੁੱਖਾਂ ਦੀ ਕਾਮਨਾ ਹੀ ਕਰਨੀ ਹੈ। ਅਸੀਂ ਤਾਂ ਹਰ ਵਕਤ ਇਹੀ ਅਰਦਾਸਾਂ ਕਰਨੀਆਂ ਹਨ ਕਿ ਅਸੀਂ ਸੁੱਖੀ ਸਾਂਦੀ ਆਪਣਾ ਜੀਵਨ ਬਸਰ ਕਰਕੇ ਇਸ ਦੁਨੀਆਂ ਤੋਂ ਚਲੇ ਜਾਈਏ ਅਤੇ ਜਦੋਂ ਅਸੀਂ ਐਸੀ ਕਾਮਨਾ ਕਰਦੇ ਹਾਂ ਤਾਂ ਸਾਡੇ ਲਈ ਇਹ ਵੀ ਲਾਜ਼ਮੀ ਹੈ ਕਿ ਅਸੀਂ ਸੁੱਖਾਂ ਦਾ ਆਧਾਰ ਕਾਇਮ ਕਰੀਏ। ਸਾਡੇ ਨਾਲ ਜੋ ਕੁਝ ਵੀ ਵਾਪਰਦਾ ਹੈ, ਉਹ ਸਾਡੇ ਹੀ ਕਰਮਾਂ ਦਾ ਪ੍ਰਤੀਕਰਮ ਹੁੰਦਾ ਹੈ। ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਹਰ ਚੰਗੇ ਕਰਮ ਦਾ ਚੰਗਾ ਪ੍ਰਤੀਕਰਮ ਹੁੰਦਾ ਹੈ ਅਤੇ ਹਰ ਮਾੜੇ ਕਰਮ ਦਾ ਮਾੜਾ ਪ੍ਰਤੀਕਰਮ ਹੁੰਦਾ ਹੈ। ਅਸੀਂ ਆਪਣੀਆਂ ਕੀਤੀਆਂ ਤੋਂ ਬਚ ਨਹੀਂ ਸਕਦੇ। ਕੋਈ ਆਖੇ ਕਿ ਅਰਦਾਸਾਂ ਕਰਕੇ ਅਸੀਂ ਆਪਣੇ ਕੀਤੇ ਦੀਆਂ ਸਜ਼ਾਵਾਂ ਤੋਂ ਬਚ ਸਕਦੇ ਹਾਂ ਤਾਂ ਐਸੀ ਸੋਚ ਵੀ ਗ਼ਲਤ ਹੈ। ਫਿਰ ਤਾਂ ਆਦਮੀ ਗ਼ਲਤੀਆਂ ਕਰੀ ਜਾਵੇਗਾ ਅਤੇ ਬਾਅਦ ਵਿੱਚ ਮੁਆਫ਼ੀਆਂ ਮੰਗ ਲਵੇਗਾ। ਅਸੀਂ ਮੁਆਫ਼ੀ ਮੰਗ ਕੇ ਅਗਰ ਅੱਗੋਂ ਲਈ ਮਾੜੇ ਕੰਮਾਂ ਤੋਂ ਛੁਟਕਾਰਾ ਪਾ ਲੈਂਦੇ ਹਾਂ ਤਾਂ ਹੋਰ ਗੱਲ ਹੈ। ਮੁਆਫ਼ੀ ਮੰਗਣਾ ਜਾਂ ਪਛਤਾਵਾ ਕਰਕੇ ਅਗਰ ਅੱਗੇ ਤੋਂ ਸਹੀ ਰਸਤਾ ਅਖ਼ਤਿਆਰ ਕਰ ਲਿਆ ਜਾਂਦਾ ਹੈ ਤਾਂ ਸਜ਼ਾ ਘੱਟ ਸਕਦੀ ਹੈ। ਅਸੀਂ ਮੁਆਫ਼ੀ ਮੰਗਣ ਤੱਕ ਦੀ ਨੌਬਤ ਪੈਦਾ ਹੀ ਨਹੀਂ ਹੋਣ ਦੇਣੀ। ਜਦੋਂ ਸਾਡੇ ਅੰਦਰੋਂ ਆਵਾਜ਼ ਆਉਂਦੀ ਹੈ ਕਿ ਅਸੀਂ ਕੁਝ ਗ਼ਲਤ ਕਰਨ ਜਾ ਰਹੇ ਹਾਂ ਤਾਂ ਸਾਨੂੰ ਉਹ ਆਵਾਜ਼ ਸੁਣ ਲੈਣੀ ਚਾਹੀਦੀ ਹੈ ਅਤੇ ਆਪਣੇ ਕਰਮਾਂ ਨੂੰ ਸੇਧ ਦੇ ਲੈਣੀ ਚਾਹੀਦੀ ਹੈ। ਇਸ ਸੇਧ ਦਿੰਦੇ ਰਹਿਣ ਨੂੰ ਹੀ ਸਹੀ ਕਿਸਮ ਦਾ ਬੀਜ ਬੋਣਾ ਆਖਦੇ ਹਨ।

## ਰੱਬ ਦਾ ਗਿਆਨ ਹੀ ਸਹੀ ਗਿਆਨ ਹੈ

ਰੱਬ ਦਾ ਭਾਵ ਹੈ ਵਧੀਆ ਆਦਮੀ ਬਣਨਾ। ਰੱਬ ਆਪ ਵਧੀਆ ਹੈ। ਅਸੀਂ ਉਸ ਦੇ ਬਣਾਏ ਹੋਏ ਆਦਮੀ ਹਾਂ। ਹਰ ਜੀਵ ਰੱਬ ਨੇ ਆਪ ਬਣਾਇਆ ਹੈ। ਰੱਬ ਆਪ ਵਧੀਆ ਹੈ। ਉਸ ਦੀ ਸਾਰੀ ਰਚਨਾ ਵਧੀਆ ਹੈ। ਖ਼ੂਬਸੂਰਤ ਹੈ। ਉਹ ਯੋਗੀ ਹੈ। ਰੱਬ ਹਰੇਕ ਵਿੱਚ ਆਪ ਹਾਜ਼ਰ ਹੈ। ਸਾਡੇ 'ਚੋਂ ਬਹੁਤ ਸਾਰਿਆਂ ਨੂੰ ਰੱਬ ਦੀ ਹਾਜ਼ਰੀ ਦਾ ਪਤਾ ਵੀ ਲੱਗ ਗਿਆ ਹੈ ਪਰ ਫਿਰ ਵੀ ਸਾਡਾ ਵਿਸ਼ਵਾਸ ਅਧੂਰਾ ਹੈ।

ਅਸੀਂ ਜਦ ਕਦੀ ਵੀ ਕੋਈ ਮਾੜਾ ਕੰਮ ਕਰਦੇ ਹਾਂ ਤਾਂ ਉਦੋਂ ਅਸੀਂ ਰੱਬ ਦੀ ਬਜਾਏ ਸ਼ੈਤਾਨ ਦੇ ਵੱਸ ਚੜ੍ਹ ਜਾਂਦੇ ਹਾਂ। ਅਸੀਂ ਰੱਬ ਦੀ ਹਾਜ਼ਰੀ ਕਬੂਲਦੇ ਹੀ ਨਹੀਂ। ਇੱਥੇ ਆ ਕੇ ਅਸੀਂ ਅਗਿਆਨੀ ਹਾਂ। ਜੋ ਆਦਮੀ ਆਪਣੀ ਆਤਮਾ ਦਾ ਹੁਕਮ ਮੰਨਦਾ ਹੈ ਅਤੇ ਆਤਮਾ ਵੱਲੋਂ ਕੀਤੇ ਗਏ ਆਦੇਸ਼ਾਂ ਦੀ ਪਾਲਣਾ ਕਰਦਾ ਹੈ, ਉਹ ਗਿਆਨੀ ਹੈ। ਉਸ ਨੇ ਰੱਬ ਦੀ ਹੋਂਦ ਸਵੀਕਾਰ ਕਰ ਲਈ ਹੈ। ਉਸ ਨੇ ਸਹੀ ਮਾਰਗ ਅਪਨਾ ਲਿਆ ਹੈ। ਕੁਝ ਚਿਰ ਹੀ ਐਸਾ ਅਭਿਆਸ ਕਰਨ ਨਾਲ ਸ਼ੈਤਾਨ ਦੂਰ ਭੱਜ ਜਾਂਦਾ ਹੈ। ਆਦਮੀ ਉੱਤੇ ਕਬਜ਼ਾ ਨਹੀਂ ਕਰ ਸਕਦਾ। ਆਦਮੀ ਉੱਤੇ ਰੱਬ ਵਰਗੀ ਹੋਂਦ ਆਤਮਾ ਦਾ ਕਬਜ਼ਾ ਹੋ ਜਾਂਦਾ ਹੈ। ਆਦਮੀ ਦੇ ਸਾਰੇ ਕਰਮਾਂ ਨੂੰ ਸੇਧ ਮਿਲਣ ਲੱਗ ਪੈਂਦੀ ਹੈ। ਆਦਮੀ ਆਪ ਵੀ ਸੁੱਖੀ ਹੋ ਉੱਠਦਾ ਹੈ ਅਤੇ ਆਪਣੇ ਆਲੇ-ਦੁਆਲੇ ਵਸਦੇ ਲੋਕਾਂ ਵਿੱਚ ਵੀ ਉਸ ਦੀ ਸੁਖਾਵੀਂ ਹੋਂਦ ਬਣ ਆਉਂਦੀ ਹੈ। ਲੋਕੀਂ ਵੀ ਉਸ ਨੂੰ ਬਹੁਤ ਹੀ ਵਧੀਆ ਆਦਮੀ ਸਮਝਣ ਲੱਗ ਪੈਂਦੇ

ਹਨ ਅਤੇ ਰੱਬ ਦਾ ਭਗਤ ਕਰਕੇ ਜਾਨਣ ਲੱਗ ਪੈਂਦੇ ਹਨ। ਜਿਸ ਕਿਸੇ ਨੂੰ ਵੀ ਰੱਬ ਦੀ ਹੋਂਦ ਦਾ ਪਤਾ ਲੱਗ ਗਿਆ ਹੈ, ਉਹ ਵੱਡਾ ਗਿਆਨੀ ਹੈ।

## ਰੱਬ ਦੀ ਕੁਦਰਤ ਦੀ ਨਿੰਦਾ ਨਾ ਕਰੋ

ਸਾਨੂੰ ਇਹ ਸਵੀਕਾਰ ਕਰ ਲੈਣਾ ਚਾਹੀਦਾ ਹੈ ਕਿ ਰੱਬ ਨੇ ਇਸ ਕੁਦਰਤ ਅੰਦਰ ਜੋ ਵੀ ਸਥਾਪਿਤ ਕੀਤਾ ਹੈ ਉਸ ਦਾ ਕੋਈ ਮਕਸਦ ਹੈ। ਮਕਸਦ ਹੀਣ ਕੁਝ ਵੀ ਨਹੀਂ ਹੈ। ਹਰੇਕ ਸ਼ੈਅ ਖ਼ੂਬਸੂਰਤ ਹੈ। ਉਪਯੋਗੀ ਹੈ। ਉਸ ਦੇ ਕੁਝ ਟੀਚੇ ਹਨ। ਉਹ ਮਨੁੱਖ ਦੀ ਭਲਾਈ ਲਈ ਸਥਾਪਿਤ ਕੀਤੀ ਗਈ ਹੈ। ਮਨੁੱਖ ਲਈ ਬਹੁਤ ਹੀ ਉਪਯੋਗੀ ਹੈ। ਇਸ ਮਨੁੱਖ ਨੇ ਇਨ੍ਹਾਂ ਕੁਦਰਤੀ ਸ਼ੈਆਂ ਦੀ ਸ਼ਨਾਖ਼ਤ ਕਰਨੀ ਹੈ। ਉਦੇਸ਼ ਮਾਪਣੇ ਹਨ ਅਤੇ ਆਪਣੇ ਲਈ ਅਤੇ ਇੱਥੇ ਵਸਦੀ ਮਨੁੱਖਤਾ ਲਈ ਕੁਦਰਤ ਨੂੰ ਵਰਤਣਾ ਹੈ। ਅਸੀਂ ਸਵਾਰਥੀ ਨਹੀਂ ਹੋਣਾ। ਰੱਬ ਨੇ ਸਾਨੂੰ ਸਵਾਰਥੀ ਨਹੀਂ ਸੀ ਬਣਾਇਆ। ਸਾਡੇ ਅੰਦਰ ਕਬਜ਼ੇ ਦੀ ਭਾਵਨਾ ਆ ਬਣੀ ਹੈ। ਇਸ ਕਬਜ਼ੇ ਦੀ ਭਾਵਨਾ ਨੇ ਸਾਨੂੰ ਸਵਾਰਥੀ ਬਣਾ ਦਿੱਤਾ ਹੈ ਪਰ ਫਿਰ ਵੀ ਇਸ ਦੁਨੀਆਂ ਵਿੱਚ ਐਸੇ ਆਦਮੀਆਂ ਦੀ ਘਾਟ ਨਹੀਂ ਹੈ ਜਿਨ੍ਹਾਂ ਨੇ ਕੁਦਰਤ ਦੇ ਗੁਣਾਂ ਦੀ ਪਛਾਣ ਕੀਤੀ ਹੈ ਅਤੇ ਉਨ੍ਹਾਂ ਗੁਣਾਂ ਨੂੰ ਲੋਕਾਂ ਦੀ ਵਰਤੋਂ ਜੋਗਾ ਬਣਾਇਆ ਹੈ। ਇਹ ਮਨੁੱਖ ਐਸੇ ਲੋਕਾਂ ਕਾਰਨ ਹੈ। ਕਿੱਥੋਂ ਚੱਲਿਆ ਸੀ ਅਤੇ ਅੱਜ ਕਿੱਥੇ ਪੁੱਜ ਗਿਆ ਹੈ। ਹਾਲਾਂ ਵੀ ਅਸੀਂ ਮਨੁੱਖ ਦੀਆਂ ਹੱਦਾਂ ਨਿਸ਼ਚਿਤ ਨਹੀਂ ਕਰ ਸਕਦੇ। ਹਾਲਾਂ ਵੀ ਕੁਦਰਤ ਦੀ ਵਰਤੋਂ ਕਰਕੇ ਮਨੁੱਖ ਨੇ ਹੋਰ ਅੱਗੇ ਵਧਣਾ ਹੈ। ਜਿਸ ਕੁਦਰਤ ਵਿੱਚ ਮਨੁੱਖੀ ਸੁੱਖਾਂ ਦੇ ਸਾਰੇ ਬੀਜ ਅਤੇ ਆਧਾਰ ਮੌਜੂਦ ਹਨ ਉਹ ਰੱਬ ਆਪ ਹੀ ਹੈ। ਜਦੋਂ ਕੁਦਰਤ ਅੰਦਰ ਰੱਬ ਆਪ ਵਸਦਾ ਹੈ ਤਾਂ ਫਿਰ ਕੁਦਰਤ ਦੀ ਨਿੰਦਾ ਕਾਹਦੀ ? ਅਸੀਂ ਮਨੁੱਖ ਵੀ ਕੁਦਰਤ ਦਾ ਹੀ ਇਕ ਵਧੀਆ ਹਿੱਸਾ ਹਾਂ। ਅਸੀਂ ਅਤੇ ਕੁਦਰਤ ਇਕ ਹੀ ਹਾਂ। ਅਸੀਂ ਕੁਦਰਤ ਤੋਂ ਅੱਡ ਨਹੀਂ ਹਾਂ। ਕੁਦਰਤ ਨੂੰ ਬੁਰਾ ਆਖਣਾ ਰੱਬ ਨੂੰ ਬੁਰਾ ਆਖਣਾ ਹੈ। ਆਦਮੀ ਨੂੰ ਬੁਰਾ ਆਖਣਾ ਵੀ ਰੱਬ ਦੀ ਨਿੰਦਾ ਹੈ ਅਤੇ ਕਿਸੇ ਵੀ ਮਨੁੱਖ ਨੂੰ ਰੱਬ ਦੀ ਨਿੰਦਾ ਕਰਨ ਦਾ ਕੋਈ ਹੱਕ ਨਹੀਂ ਹੈ।

## ਅਸੀਂ ਨਿਮਰਤਾ ਦੀ ਘਾਲਣਾ ਕਰਨੀ ਹੈ

ਜੋ ਆਦਮੀ ਨਿਮਰਤਾ ਗ੍ਰਹਿਣ ਨਹੀਂ ਕਰਦਾ ਉਸ ਨੂੰ ਅਸੀਂ ਅਹੰਕਾਰੀ ਆਖ ਸਕਦੇ ਹਾਂ। ਅਰਥਾਤ ਸਾਡੇ ਗੁਣ ਰੱਬ ਦੀ ਦੇਣ ਸਮਝ ਕੇ ਕਬੂਲ ਕਰ ਲੈਣੇ ਚਾਹੀਦੇ ਹਨ। ਜਦੋਂ ਇਹ ਗੁਣ ਰੱਬ ਦੀ ਦੇਣ ਹਨ ਤਾਂ ਅਸੀਂ ਅਹੰਕਾਰ ਕਾਹਦੇ ਲਈ ਕਰਦੇ ਹਾਂ ? ਸਾਡੇ ਅੰਦਰ ਪ੍ਰਮਾਤਮਾ ਦਾ ਅੰਸ਼ ਆਤਮਾ ਮੌਜੂਦ ਹੈ। ਉਹ ਕੁਦਰਤ ਸਾਨੂੰ ਸਹੀ ਰਸਤਾ ਦਿਖਾਂਦੀ ਰਹੀ ਹੈ। ਅਸੀਂ ਵਧੀਆ ਆਦਮੀ ਬਣ ਗਏ ਹਾਂ। ਇਹ ਸਾਡੀਆਂ ਪ੍ਰਾਪਤੀਆਂ ਹਨ ਪਰ ਇਨ੍ਹਾਂ ਪ੍ਰਾਪਤੀਆਂ ਦਾ ਆਧਾਰ ਆਤਮਾ ਹੈ। ਆਤਮਾ ਰੱਬ ਆਪ ਹੈ।

ਇਸ ਕਰਕੇ ਅਗਰ ਅਸੀਂ ਕੁਝ ਪ੍ਰਾਪਤ ਕੀਤਾ ਹੈ ਤਾਂ ਅਹੰਕਾਰ ਕਰਨ ਦੀ ਬਜਾਏ ਸਾਨੂੰ ਉਸ ਪਰਮ ਪਿਤਾ ਪ੍ਰਮਾਤਮਾ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ ਜਿਸ ਨੇ ਸਾਨੂੰ ਸਹੀ ਮਾਰਗ ਦਰਸਾਇਆ ਹੈ ਅਤੇ ਅਸੀਂ ਵਧੀਆ ਆਦਮੀ ਬਣ ਆਏ ਹਾਂ। ਅਸੀਂ ਆਪਣੀਆਂ ਕੋਸ਼ਿਸ਼ਾਂ ਵਿੱਚ ਕਾਮਯਾਬ ਹੋਏ ਹਾਂ। ਅਸੀਂ ਨਾਮਣਾ ਖਟਿਆ ਹੈ। ਸਾਡੀ ਬਦਕਿਸਮਤੀ ਇਹ ਹੈ ਕਿ ਜਦੋਂ ਅਸੀਂ ਕਾਮਯਾਬ ਨਹੀਂ ਹੁੰਦੇ ਤਾਂ ਕਿਸਮਤ ਨੂੰ ਕੋਸਦੇ ਹਾਂ।

ਰੱਬ ਨੂੰ ਕੋਸਦੇ ਹਾਂ ਅਤੇ ਰੱਬ ਨਾਲ ਨਾਰਾਜ਼ ਹੋ ਕੇ ਆਖਦੇ ਹਾਂ ਕਿ ਉਸ ਨੇ ਸਾਡੀ ਕਿਸਮਤ ਇਤਨੀ ਮਾੜੀ ਕਿਉਂ ਲਿਖੀ ਹੈ ਪਰ ਜਦੋਂ ਅਸੀਂ ਕਾਮਯਾਬ ਹੋ ਜਾਂਦੇ ਹਾਂ ਤਾਂ ਆਪਣੀਆਂ ਕਰਨੀਆਂ ਦੀਆਂ ਡੀਂਗਾਂ ਮਾਰਨ ਲੱਗ ਪੈਂਦੇ ਹਾਂ। ਉਦੋਂ ਅਸੀਂ ਕਿਸਮਤ ਨੂੰ ਵੀ ਭੁੱਲ ਜਾਂਦੇ ਹਾਂ। ਅਸੀਂ ਰੱਬ ਨੂੰ ਵੀ ਭੁੱਲ ਜਾਂਦੇ ਹਾਂ। ਅਸੀਂ ਅਹੰਕਾਰ ਕਰਨ ਲੱਗ ਪੈਂਦੇ ਹਾਂ ਕਿ ਸਭ ਕੁਝ ਅਸੀਂ ਆਪ ਕੀਤਾ ਹੈ। ਇਹ ਸਾਰਾ ਕੁਝ ਸਾਡੇ ਸੰਘਰਸ਼ ਅਤੇ ਮਿਹਨਤ ਦਾ ਨਤੀਜਾ ਹੈ। ਐਥੇ ਆ ਕੇ ਅਸੀਂ ਗ਼ਲਤ ਹੋ ਜਾਂਦੇ ਹਾਂ। ਅਸੀਂ ਇਸ ਗ਼ਲਤੀ ਦੀ ਸੁਧਾਈ ਕਰਨੀ ਹੈ।

## ਸੱਚਾ ਆਦਮੀ ਧਰਮੀ ਹੈ

ਜੋ ਆਦਮੀ ਸੱਚ ਬੋਲਦਾ ਹੈ ਅਤੇ ਕਿਸੇ ਨੂੰ ਝੂਠ ਬੋਲ ਕੇ ਧੋਖਾ ਨਹੀਂ ਦਿੰਦਾ ਉਹ ਅਸਲੋਂ ਧਰਮੀ ਆਦਮੀ ਹੈ। ਝੂਠ ਬੋਲ ਕੇ ਕਿਸੇ ਨੂੰ ਧੋਖਾ ਦੇਣ ਵਾਲਾ ਆਦਮੀ ਕਿਤਨੀਆਂ ਹੀ ਧਾਰਮਿਕ ਪੁਸਤਕਾਂ ਕਿਉਂ ਨਾ ਪੜ੍ਹ ਲਵੇ, ਧਰਮੀ ਆਦਮੀ ਨਹੀਂ ਬਣ ਸਕਦਾ। ਰੱਬ ਵੀ ਉਸ ਆਦਮੀ ਨੂੰ ਪਸੰਦ ਨਹੀਂ ਕਰਦਾ ਜੋ ਝੂਠ ਦਾ ਸਹਾਰਾ ਲੈਂਦਾ ਹੈ। ਸੱਚ ਬੋਲਣ ਵਾਲਾ ਆਦਮੀ ਸੁਧਰ ਜਾਂਦਾ ਹੈ। ਉਹ ਝੂਠ ਦਾ ਸਹਾਰਾ ਨਹੀਂ ਲੈਂਦਾ। ਉਹ ਝੂਠ ਬੋਲਣ ਤੋਂ ਡਰਦਾ ਹੈ। ਇਸ ਕਰਕੇ ਉਹ ਆਦਮੀ ਸਦਾ ਸਹੀ ਕੰਮ ਕਰਦਾ ਹੈ ਤਾਂ ਕਿ ਉਸ ਨੂੰ ਆਪਣੇ ਆਪ ਨੂੰ ਸਹੀ ਸਾਬਤ ਕਰਨ ਲਈ ਝੂਠ ਨਾ ਬੋਲਣਾ ਪਵੇ। ਝੂਠ ਸੌ ਸਮੱਸਿਆਵਾਂ ਦੀ ਜੜ੍ਹ ਹੈ। ਇਕ ਵਾਰੀ ਝੂਠ ਬੋਲ ਕੇ ਅਸੀਂ ਵਕਤ ਟਪਾ ਸਕਦੇ ਹਾਂ, ਪਰ ਇਕ ਵਾਰੀ ਦਾ ਝੂਠ ਛੁਪਾਉਣ ਲਈ ਸਾਨੂੰ ਕਈ ਵਾਰ ਝੂਠ ਬੋਲਣਾ ਪੈਂਦਾ ਹੈ। ਝੂਠ ਬੋਲਣ ਵਾਲਾ ਆਦਮੀ ਰੱਬ ਤੋਂ ਦੂਰ ਹੋ ਜਾਂਦਾ ਹੈ ਅਤੇ ਜੋ ਆਦਮੀ ਰੱਬ ਤੋਂ ਦੂਰ ਹੋ ਗਿਆ ਉਹ ਆਦਮੀ ਧਰਮੀ ਨਹੀਂ ਅਖਵਾ ਸਕਦਾ। ਧਰਮੀ ਆਦਮੀ ਅਖਵਾਉਣ ਲਈ ਰੱਬ ਦੀ ਨੇੜਤਾ ਬਹੁਤ ਜ਼ਰੂਰੀ ਹੈ।

## ਅਸੀਂ ਆਪਣੇ ਫ਼ਰਜ਼ਾਂ ਦੀ ਪਛਾਣ ਕਰਨੀ ਹੈ

ਅਸੀਂ ਇਸ ਦੁਨੀਆਂ ਵਿੱਚ ਕਿਸੇ ਖ਼ਾਸ ਮੰਤਵ ਦੀ ਪੂਰਤੀ ਲਈ ਭੇਜੇ ਗਏ ਹਾਂ। ਇਹ ਜੀਵਨ ਫ਼ਰਜ਼ਾਂ ਭਰਿਆ ਹੈ। ਅਸੀਂ ਆਪਣੇ ਆਪ ਦੀ ਸੁਧਾਈ ਕਰਨੀ ਹੈ। ਅਸੀਂ ਆਪਣੇ ਪਰਿਵਾਰ ਦੀਆਂ ਮੰਗਾਂ ਪੂਰੀਆਂ ਕਰਨ ਲਈ ਜ਼ਿੰਮੇਂਵਾਰ ਹਾਂ। ਅਸੀਂ ਆਪਣੇ ਆਲੇ-ਦੁਆਲੇ ਵਸਦੇ ਸਮਾਜ ਪ੍ਰਤੀ ਜ਼ਿੰਮੇਂਵਾਰ ਹਾਂ। ਅਸੀਂ ਸਾਰੀ ਦੁਨੀਆਂ ਸਾਹਮਣੇ ਖਲੋਤੇ ਹਾਂ ਅਤੇ ਦੁਨੀਆਂ ਦੇ ਹਰ ਆਦਮੀ ਪ੍ਰਤੀ ਸਾਡੀਆਂ ਜ਼ਿੰਮੇਂਵਾਰੀਆਂ ਹਨ। ਸਾਡੇ ਅਧਿਕਾਰ ਵੀ ਹਨ। ਪਰ ਸਾਡੇ ਅਧਿਕਾਰਾਂ ਤੋਂ ਪਹਿਲਾਂ ਸਾਡੇ ਸਾਹਮਣੇ ਜ਼ਿੰਮੇਂਵਾਰੀਆਂ ਹਨ, ਅਸੀਂ ਆਪਣੀਆਂ ਜ਼ਿੰਮੇਂਵਾਰੀਆਂ ਨਿਭਾਉਣੀਆਂ ਹਨ। ਜ਼ਿੰਮੇਂਵਾਰੀਆਂ ਕਬੂਲਣਾ ਅਤੇ ਨਿਭਾਉਣਾ ਹੀ ਸਹੀ ਰਸਤਾ ਹੈ। ਜੋ ਆਦਮੀ ਆਪਣੇ ਜ਼ਿੰਮੇਂ ਲੱਗੀਆਂ ਜ਼ਿੰਮੇਂਵਾਰੀਆਂ ਤੋਂ ਭਜਦਾ ਹੈ ਉਹ ਸਹੀ ਆਦਮੀ ਨਹੀਂ ਹੈ। ਉਹ ਕਿਸੇ ਨੂੰ ਖ਼ੁਸ਼ ਨਹੀਂ ਕਰ ਸਕਦਾ। ਉਹ ਕਿਸੇ ਨੂੰ ਆਪਣਾ ਨਹੀਂ ਬਣਾ ਸਕਦਾ। ਉਹ ਕਿਸੇ ਦਾ ਪਿਆਰਾ ਨਹੀਂ ਬਣ ਸਕਦਾ। ਗ਼ੈਰ ਜ਼ਿੰਮੇਂਵਾਰ ਬੰਦੇ ਤੋਂ ਹਰ ਕੋਈ ਕੰਨੀ ਕਤਰਾਉਂਦਾ ਹੈ। ਕੋਈ ਉਸ ਉੱਤੇ ਵਿਸ਼ਵਾਸ ਨਹੀਂ ਕਰਦਾ। ਕੋਈ ਉਸ ਜ਼ਿੰਮੇਂ ਕੰਮ ਲਗ੍ਹਾ ਕੇ ਬੇਫ਼ਿਕਰ ਨਹੀਂ ਹੋ ਸਕਦਾ। ਐਸਾ ਬੰਦਾ ਜੋ ਜ਼ਿੰਮੇਂਵਾਰੀਆਂ ਕਬੂਲਦਾ ਨਹੀਂ, ਜੈਸਾ ਇਸ ਦੁਨੀਆਂ ਵਿੱਚ ਆਇਆ ਜੈਸਾ ਨਾ ਆਇਆ।

ਇਸ ਕਰਕੇ ਸਾਨੂੰ ਆਪਣੇ ਅਸਥਾਨ ਦੀ ਸ਼ਨਾਖ਼ਤ ਕਰਨੀ ਹੈ। ਆਪਣੀਆਂ ਜ਼ਿਮੇਂਵਾਰੀਆਂ ਦੀ ਸ਼ਨਾਖ਼ਤ ਕਰਨੀ ਹੈ ਅਤੇ ਅਸੀਂ ਕੋਸ਼ਿਸ਼ ਕਰਕੇ ਆਪਣੀ ਜ਼ਿਮੇਂ ਲੱਗੀਆਂ ਜ਼ਿਮੇਂਵਾਰੀਆਂ ਪੂਰੀਆਂ ਕਰ ਦਿਖਾਉਣੀਆਂ ਹਨ।

## ਇਸ ਦੁਨੀਆਂ ਵਿੱਚ ਹਰ ਨਿਆਮਤ ਸਾਂਝੀ ਹੈ

ਕੁਦਰਤ ਨੇ ਸਾਨੂੰ ਅਨੇਕ ਨਿਆਮਤਾਂ ਦੇ ਰੱਖੀਆਂ ਹਨ। ਅਸੀਂ ਇਨ੍ਹਾਂ ਨਿਆਮਤਾਂ ਦੀ ਸ਼ਨਾਖ਼ਤ ਕਰਨੀ ਹੈ। ਇਨ੍ਹਾਂ ਨਿਆਮਤਾਂ ਦੀ ਵਰਤੋਂ ਦਾ ਢੰਗ ਲੱਭਣਾ ਹੈ। ਅਸੀਂ ਇਹ ਵੀ ਯਾਦ ਰੱਖਣਾ ਹੈ ਕਿ ਰੱਬ ਦੀਆਂ ਦਿੱਤੀਆਂ ਨਿਆਮਤਾਂ ਸਿਰਫ਼ ਸਾਡੀ ਮਲਕੀਅਤ ਨਹੀਂ ਹਨ। ਇਹ ਸਾਰੀ ਦੁਨੀਆਂ ਦੀਆਂ ਸਾਂਝੀਆਂ ਹਨ। ਅਸੀਂ ਰੱਬ ਦੀਆਂ ਨਿਆਮਤਾਂ ਦੀ ਵਰਤੋਂ ਕਰਨ ਦਾ ਢੰਗ ਸਾਰਿਆਂ ਨੂੰ ਦੱਸਣਾ ਹੈ। ਅੱਜ ਤੱਕ ਮਨੁੱਖ ਨੇ ਢੇਰ ਸਾਰੀਆਂ ਖੋਜਾਂ ਕੀਤੀਆਂ ਹਨ। ਕਿਤਨੀਆਂ ਕਾਢਾਂ ਕੱਢ ਚੁੱਕਾ ਹੈ ਇਹ ਮਨੁੱਖ ਅਤੇ ਅਸੀਂ ਦੇਖ ਰਹੇ ਹਾਂ ਅੱਜ ਕਾਢਾਂ ਕੱਢਣ ਵਾਲੇ ਅਤੇ ਖੋਜਾਂ ਕਰਨ ਵਾਲੇ ਸਾਡੇ ਪਾਸ ਨਹੀਂ ਹਨ, ਪਰ ਉਨ੍ਹਾਂ ਦੀਆਂ ਕਾਢਾਂ ਅਤੇ ਖੋਜਾਂ ਦਾ ਆਨੰਦ ਅੱਜ ਸਾਰੀ ਦੁਨੀਆਂ ਮਾਣ ਰਹੀ ਹੈ। ਅਸੀਂ ਵੀ ਰੱਬ ਵੱਲੋਂ ਭੇਜੇ ਹੋਏ ਐਸੇ ਪਾਤਰ ਹਾਂ ਜੋ ਮਨੁੱਖ ਜਾਤੀ ਦੀ ਬਿਹਤਰੀ ਲਈ ਕੁਝ ਕਰ ਸਕਦੇ ਹਾਂ। ਅਸੀਂ ਵੀ ਸਰਬੱਤ ਦੇ ਭਲੇ ਦੀ ਗੱਲ ਸੋਚਣੀ ਹੈ। ਲੋਕਾਂ ਨੂੰ ਸੁੱਖ ਮਿਲੇਗਾ ਤਾਂ ਉਹ ਸਾਡੇ ਸੁੱਖਾਂ ਦੀ ਕਾਮਨਾ ਵੀ ਕਰਨਗੇ। ਲੋਕਾਂ ਨੂੰ ਸੁੱਖ ਨਹੀਂ ਮਿਲਦਾ ਤਾਂ ਸਾਡੇ ਸੁੱਖਾਂ ਦੀ ਕਾਮਨਾ ਵੀ ਕੋਈ ਨਹੀਂ ਕਰਦਾ। ਸੋ ਇਸ ਸੰਸਾਰ ਵਿੱਚ ਸਾਡੇ ਸੁੱਖ ਅਤੇ ਦੁੱਖ ਸਾਂਝੇ ਹਨ। ਅਸੀਂ ਇਕੱਲੇ ਆਨੰਦ ਨਹੀਂ ਮਾਣ ਸਕਦੇ।

## ਕੁਸੰਗ ਤੋਂ ਬਚੋ

ਅਗਰ ਤੁਸੀਂ ਸਮਝਦੇ ਹੋ ਕਿ ਇਹ ਬੰਦਾ ਮਾੜਾ ਹੈ ਤਾਂ ਉਸ ਨਾਲ ਸੰਗ ਉਦੋਂ ਤੱਕ ਹੀ ਰੱਖੋ ਜਦ ਤੱਕ ਤੁਸੀਂ ਕੋਸ਼ਿਸ਼ ਕਰਕੇ ਉਸ ਨੂੰ ਸਿੱਧੇ ਰਸਤੇ ਉੱਤੇ ਨਹੀਂ ਲੈ ਆਉਂਦੇ। ਮਾੜੇ ਬੰਦੇ ਨਾਲ ਦੋਸਤੀ ਪਾ ਕੇ ਅਸੀਂ ਮਾੜੀਆਂ ਗੱਲਾਂ ਨਹੀਂ ਸਿੱਖਣੀਆਂ। ਅਸੀਂ ਅਗਰ ਆਪ ਕੁਝ ਚੰਗੀਆਂ ਆਦਤਾਂ ਦੇ ਮਾਲਕ ਹਾਂ ਤਾਂ ਹੋ ਸਕਦਾ ਹੈ ਉਹ ਬੰਦਾ ਸਾਡੇ ਪਾਸੋਂ ਕੁਝ ਸਿੱਖ ਜਾਵੇ। ਆਦਮੀ ਗ਼ਲਤੀਆਂ ਦਾ ਪੁਤਲਾ ਹੈ ਅਤੇ ਮਾੜੀਆਂ ਗੱਲਾਂ ਉਸ ਨੂੰ ਚੰਗੀਆਂ ਵੀ ਲੱਗਦੀਆਂ ਹਨ ਅਤੇ ਉਹ ਮਾੜੀਆਂ ਗੱਲਾਂ ਸਿੱਖ ਵੀ ਜਲਦੀ ਜਾਂਦਾ ਹੈ। ਆਮ ਤੌਰ 'ਤੇ ਮਾੜੀ ਸੰਗਤ ਤੋਂ ਬਚਣਾ ਚਾਹੀਦਾ ਹੈ।

ਪਰ ਅਗਰ ਅਸੀਂ ਮਾੜੇ ਬੰਦਿਆਂ ਤੋਂ ਦੂਰ ਨਸਦੇ ਰਹਾਂਗੇ ਤਾਂ ਬਣੇਗਾ ਕੀ ? ਉਨ੍ਹਾਂ ਦੀ ਸੁਧਾਈ ਕੌਣ ਕਰੇਗਾ ? ਜੋ ਕੋਈ ਵੀ ਆਪਣੇ ਆਪ ਨੂੰ ਬਹੁਤ ਵਧੀਆ ਬੰਦਾ ਸਮਝਦਾ ਹੈ, ਉਸ ਦਾ ਫ਼ਰਜ਼ ਬਣਦਾ ਹੈ ਕਿ ਘੱਟੋ-ਘੱਟ ਇਕ ਆਦਮੀ ਦੀਆਂ ਮਾੜੀਆਂ ਆਦਤਾਂ ਖ਼ਤਮ ਕਰਕੇ ਉਸ ਨੂੰ ਸਿੱਧੇ ਰਸਤੇ ਉੱਤੇ ਲੈ ਆਵੇ। ਅਗਰ ਉਹ ਐਸਾ ਨਹੀਂ ਕਰਦਾ ਤਾਂ ਉਸ ਨੇ ਰੱਬ ਦੇ ਦਿੱਤੇ ਗੁਣਾਂ ਦੀ ਸਹੀ ਵਰਤੋਂ ਨਹੀਂ ਕੀਤੀ ਹੁੰਦੀ। ਸਾਡੇ ਗੁਣ ਅਗਰ ਹੋਰ ਲੋਕਾਂ ਦੇ ਕੰਮ ਨਹੀਂ ਆਉਂਦੇ ਤਾਂ ਇਹ ਵੀ ਗ਼ਲਤ ਹੈ। ਅਸੀਂ ਆਪਣੇ ਗੁਣਾਂ ਦੀ ਪਛਾਣ ਵੀ ਕਰਨੀ ਹੈ ਅਤੇ ਉਨ੍ਹਾਂ ਗੁਣਾਂ ਦੀ ਲੋਕ-ਭਲਾਈ ਲਈ ਵਰਤੋਂ ਵੀ ਕਰਨੀ ਹੈ ਅਸੀਂ ਆਪਣੇ ਗੁਣਾਂ ਦੀ ਉਨ੍ਹਾਂ ਲੋਕਾਂ ਲਈ ਹੀ ਵਰਤੋਂ ਕਰ ਸਕਦੇ ਹਾਂ

ਜਿਨ੍ਹਾਂ ਪਾਸ ਉਹ ਗੁਣ ਨਹੀਂ ਹਨ। ਇਹ ਉਹੀ ਲੋਕੀਂ ਹਨ ਜਿਨ੍ਹਾਂ ਨੂੰ ਅਸੀਂ ਮਾੜੇ ਬੰਦੇ ਸਮਝਦੇ ਹਾਂ। ਮਾੜਿਆਂ ਤੋਂ ਭੱਜਣ ਦੀ ਬਜਾਏ ਉਨ੍ਹਾਂ ਦੀ ਸੁਧਾਈ ਕਰਨ ਲਈ ਅੱਗੇ ਵਧਣਾ ਚਾਹੀਦਾ ਹੈ।

## ਆਤਮਾ ਅਮਰ ਹੈ

ਆਤਮਾ ਰੱਬ ਦਾ ਇਕ ਹਿੱਸਾ ਹੈ, ਰੱਬ ਅਮਰ ਹੈ। ਇਸ ਕਰਕੇ ਆਤਮਾ ਵੀ ਅਮਰ ਹੈ। ਆਤਮਾ ਇਸ ਸਰੀਰ ਵਿੱਚ ਹੈ। ਜਦ ਤੱਕ ਸਰੀਰ ਅੰਦਰ ਆਤਮਾ ਹੈ ਇਸ ਸਰੀਰ ਨੂੰ ਆਤਮਾ ਚਲਾਉਂਦੀ ਰਹਿੰਦੀ ਹੈ, ਜਦੋਂ ਆਤਮਾ ਸਰੀਰ ਨੂੰ ਛੱਡ ਜਾਂਦੀ ਹੈ ਤਾਂ ਇਹ ਸਰੀਰ ਨਕਾਰਾ ਹੋ ਜਾਂਦਾ ਹੈ, ਕੰਮ ਕਰਨਾ ਬੰਦ ਕਰ ਦਿੰਦਾ ਹੈ। ਅੱਜ ਤੱਕ ਦੇ ਸਿਆਣਿਆਂ ਨੇ ਐਸਾ ਹੀ ਹਿਸਾਬ-ਕਿਤਾਬ ਲਗਾ ਕੇ ਦੱਸਿਆ ਹੈ। ਅਸੀਂ ਆਤਮਾ ਦੀ ਹੋਂਦ ਮਹਿਸੂਸ ਕਰ ਸਕਦੇ ਹਾਂ। ਆਤਮਾ ਸਹੀ ਨਿਰਨਾ ਕਰਦੀ ਰਹਿੰਦੀ ਹੈ। ਹਰ ਵਕਤ ਸਾਡੀ ਅਗਵਾਈ ਕਰਦੀ ਹੈ, ਹਰ ਬੁਰੇ ਕੰਮ ਦੀ ਪਛਾਣ ਰੱਖਦੀ ਹੈ। ਹਰ ਬੁਰਾ ਕੰਮ ਕਰਨ ਤੋਂ ਪਹਿਲਾਂ ਸਾਡੇ ਅੰਦਰੋਂ ਆਵਾਜ਼ ਆਉਂਦੀ ਹੈ ਕਿ ਅਸੀਂ ਗ਼ਲਤ ਕੰਮ ਕਰਨ ਜਾ ਰਹੇ ਹਾਂ। ਅਸੀਂ ਸ਼ੈਤਾਨ ਦੇ ਵੱਸ ਹੋ ਕੇ ਆਤਮਾ ਦੀ ਗੱਲ ਮੰਨਦੇ ਨਹੀਂ, ਇਹ ਸਾਡੀ ਆਪਣੀ ਗ਼ਲਤੀ ਹੈ।

ਅਸੀਂ ਅਗਰ ਆਤਮਾ ਦੀ ਗੱਲ ਸਵੀਕਾਰ ਕਰਨ ਲੱਗ ਪਈਏ ਤਾਂ ਸਮਝੋ ਅਸੀਂ ਰੱਬ ਦਾ ਹੁਕਮ ਮੰਨ ਲਿਆ ਅਤੇ ਰੱਬ ਦਾ ਹੁਕਮ ਸਵੀਕਾਰ ਕਰਨ ਵਾਲਾ ਬੰਦਾ ਬਿਲਕੁਲ ਸਹੀ ਹੋ ਜਾਂਦਾ ਹੈ। ਆਖਦੇ ਹਨ ਆਤਮਾ ਸਰੀਰ ਬਦਲਦੀ ਰਹਿੰਦੀ ਹੈ, ਇਕ ਸਰੀਰ ਨੂੰ ਛੱਡ ਕੇ ਦੂਜੇ ਸਰੀਰ ਵਿੱਚ ਚਲੀ ਜਾਂਦੀ ਹੈ। ਇਹੀ ਕਾਰਨ ਹੈ ਜਿਸ ਦੇ ਆਧਾਰ ਉੱਤੇ ਸਾਨੂੰ ਆਖਿਆ ਗਿਆ ਹੈ ਕਿ ਮੌਤ ਕਦੀ ਨਹੀਂ ਆਉਂਦੀ। ਸਾਡੀ ਆਤਮਾ ਸਰੀਰ ਬਦਲਦੀ ਰਹਿੰਦੀ ਹੈ। ਐਸਾ ਹੀ ਰੱਬ ਨੇ ਚਾਹਿਆ ਹੈ ਅਤੇ ਐਸਾ ਹੀ ਹੋ ਰਿਹਾ ਹੈ।

## ਸਭ ਨਾਲ ਪਿਆਰ ਹੀ ਸੱਚਾਈ ਦੀ ਪਛਾਣ ਹੈ

ਸਭ ਨੇ ਇਹ ਸਵੀਕਾਰ ਕਰ ਲਿਆ ਹੈ ਕਿ ਰੱਬ ਇਕ ਹੈ ਅਤੇ ਉਹ ਹਰੇਕ ਆਦਮੀ ਅਤੇ ਹੋਰ ਜੀਵਾਂ ਵਿੱਚ ਆਤਮਾ ਦੇ ਰੂਪ ਵਿੱਚ ਹਾਜ਼ਰ ਹੈ। ਆਦਮੀ ਨੂੰ ਇਸ ਗੱਲ ਦੀ ਪਛਾਣ ਹੋ ਆਈ ਹੈ। ਜਦੋਂ ਹਰੇਕ ਜੀਵ ਰੱਬ ਨੇ ਆਪ ਬਣਾਇਆ ਹੈ ਅਤੇ ਹਰੇਕ ਜੀਵ ਅੰਦਰ ਰੱਬ ਹਾਜ਼ਰ ਵੀ ਹੈ ਤਾਂ ਸਾਨੂੰ ਕਿਸੇ ਨਾਲ ਨਫ਼ਰਤ ਕਰਨ ਦਾ ਅਧਿਕਾਰ ਨਹੀਂ ਹੈ। ਹਰ ਕੋਈ ਸਾਡਾ ਆਪਣਾ ਹੈ, ਸਾਡਾ ਸੰਬੰਧੀ ਹੈ। ਜਦ ਤੱਕ ਅਸੀਂ ਇਹ ਸਵੀਕਾਰ ਨਹੀਂ ਕਰਦੇ ਕਿ ਅਸੀਂ ਸਾਰੇ ਰੱਬ ਦੇ ਬਣਾਏ ਹੋਏ ਬੰਦੇ ਹਾਂ ਅਤੇ ਸਾਡੇ ਹਰੇਕ ਵਿੱਚ ਰੱਬ ਆਪ ਵਸਦਾ ਹੈ, ਉਦੋਂ ਤੱਕ ਅਸੀਂ ਸਾਰਿਆਂ ਦੇ ਨੇੜੇ ਨਹੀਂ ਹੋ ਸਕਦੇ। ਅਸਲੀਅਤ ਸਮਝੇ ਬਗ਼ੈਰ ਨੇੜਤਾ ਨਹੀਂ ਬਣਦੀ ਅਤੇ ਜਦ ਤੱਕ ਨੇੜਤਾ ਨਹੀਂ ਬਣਦੀ, ਅਸੀਂ ਕਿਸੇ ਨਾਲ ਪਿਆਰ ਨਹੀਂ ਪਾ ਸਕਦੇ। ਸੋ ਰੱਬ ਦੀ ਸੱਚਾਈ ਇਹੀ ਹੈ ਕਿ ਅਸੀਂ ਸਾਰੀ ਦੁਨੀਆਂ ਦੇ ਲੋਕ ਅਤੇ ਹੋਰ ਜੀਵ ਇਕ ਹੀ ਰੱਬ ਦੇ ਪਰਿਵਾਰ ਦੇ ਮੈਂਬਰ ਹਾਂ ਅਤੇ ਇਕ ਪਰਿਵਾਰ ਦੇ ਮੈਂਬਰਾਂ ਲਈ ਇਹ ਲਾਜ਼ਮੀ ਹੁੰਦਾ ਹੈ ਕਿ ਉਹ ਆਪੋ ਵਿੱਚ ਪਿਆਰ ਮੁਹੱਬਤ ਬਣਾ ਕੇ ਰੱਖਣ ਅਤੇ ਐਸੀਆਂ ਸਾਂਝਾਂ ਪਾਉਣ ਜੋ ਲੋਕਾਂ ਸਾਹਮਣੇ ਵੀ ਇਸ ਸੱਚਾਈ ਦਾ ਪ੍ਰਤੱਖ ਪ੍ਰਮਾਣ ਹੋਣ ਕਿ ਉਹ ਕਿਸੇ ਇਕ ਐਸੇ ਪਰਿਵਾਰ ਦੇ ਮੈਂਬਰ ਹਨ ਜੋ

ਵਧੀਆ ਪ੍ਰੰਪਰਾਵਾਂ ਲੈ ਕੇ ਅੱਗੇ ਵੱਧ ਰਿਹਾ ਹੈ। ਹਰੇਕ ਬੰਦਾ ਵਧੀਆ ਪਰਿਵਾਰ ਦਾ ਨੁਮਾਇੰਦਾ ਹੋ ਕੇ ਵਿਚਰੇ। ਆਪ ਵੀ ਵਧੀਆ ਢੰਗ ਨਾਲ ਤੁਰੇ ਅਤੇ ਦੂਜਿਆਂ ਲਈ ਵੀ ਵਧੀਆ ਮਿਸਾਲ ਬਣ ਕੇ ਪੇਸ਼ ਹੋਵੇ।

## ਅਸੀਂ ਆਪਣੀਆਂ ਕਰਨੀਆਂ ਦਾ ਫਲ ਭੋਗਦੇ ਹਾਂ

ਇਕ ਪੁਰਾਣੀ ਕਹਾਵਤ ਹੈ ਕਿ ਕਿਸਾਨ ਜੋ ਕੁਝ ਬੀਜਦਾ ਹੈ ਉਸ ਦੇ ਖੇਤ ਵਿੱਚ ਉਹੀ ਕੁਝ ਪੈਦਾ ਹੁੰਦਾ ਹੈ। ਇਹ ਹੀ ਹਾਲ ਇਸ ਇਨਸਾਨੀ ਜ਼ਿੰਦਗੀ ਦਾ ਹੈ। ਅਸੀਂ ਜੋ ਕੁਝ ਵੀ ਕਰਦੇ ਹਾਂ, ਕਦੀ ਨਾ ਕਦੀ ਅਸੀਂ ਉਸ ਦਾ ਖ਼ਮਿਆਜ਼ਾ ਭੁਗਤਦੇ ਹਾਂ। ਅਸੀਂ ਤਾਂ ਇਹ ਵੀ ਸਵੀਕਾਰੀ ਬੈਠੇ ਹਾਂ ਕਿ ਸਾਡੇ ਹਰ ਕਰਮ ਦਾ ਭੁਗਤਾਨ ਸਾਨੂੰ ਜ਼ਰੂਰ ਕਰਨਾ ਪੈਂਦਾ ਹੈ। ਅਸੀਂ ਇਹ ਵੀ ਸਵੀਕਾਰ ਕਰ ਬੈਠੇ ਹਾਂ ਕਿ ਜੋ ਸਜ਼ਾਵਾਂ ਅਸੀਂ ਭੁਗਤ ਨਹੀਂ ਪਾਏ ਉਹ ਸਜ਼ਾਵਾਂ ਭੁਗਤਣ ਲਈ ਵਾਰ-ਵਾਰ ਜਨਮ ਲੈਣਾ ਪੈਂਦਾ ਹੈ।

ਇਸੇ ਤਰ੍ਹਾਂ ਜੋ ਸਵਾਬ ਕੀਤੇ ਹੁੰਦੇ ਹਨ ਉਨ੍ਹਾਂ ਦਾ ਫ਼ਲ ਵੀ ਅਗਰ ਸਾਨੂੰ ਉਸੇ ਜਨਮ ਵਿੱਚ ਨਹੀਂ ਮਿਲਿਆ ਤਾਂ ਉਨ੍ਹਾਂ ਫ਼ਲਾਂ ਦਾ ਆਨੰਦ ਮਾਣਨ ਲਈ ਅਸੀਂ ਮੁੜ ਕੇ ਜਨਮ ਲੈਂਦੇ ਹਾਂ। ਸੋ ਇਨਸਾਨੀ ਜ਼ਿੰਦਗੀ ਦਾ ਦਾਰੋਮਦਾਰ ਸਾਡੀਆਂ ਕਰਨੀਆਂ ਉੱਤੇ ਹੈ। ਇਹ ਕਦੀ ਨਹੀਂ ਸੋਚਣਾ ਚਾਹੀਦਾ ਕਿ ਅਸੀਂ ਜੋ ਕੁਝ ਵੀ ਕਰ ਰਹੇ ਹਾਂ, ਚੋਰੀ ਕਰ ਰਹੇ ਹਾਂ ਅਤੇ ਕੋਈ ਵੀ ਦੇਖਦਾ ਨਹੀਂ ਹੈ, ਐਸਾ ਨਹੀਂ ਹੈ।

ਅਸੀਂ ਆਪਣੀਆਂ ਕਰਤੂਤਾਂ ਦਾ ਹਿਸਾਬ ਰੱਖਦੇ ਹਾਂ। ਇਹ ਕੋਈ ਨਹੀਂ ਆਖ ਸਕਦਾ ਕਿ ਉਸ ਨੇ ਜੋ ਮਾੜੇ ਕਰਮ ਕੀਤੇ ਹਨ, ਉਹ ਭੁੱਲ ਕੇ ਕਰ ਗਿਆ ਹੈ। ਇਨਸਾਨ ਗ਼ਲਤੀਆਂ ਦਾ ਪੁਤਲਾ ਜ਼ਰੂਰ ਹੈ ਪਰ ਹਰ ਗ਼ਲਤੀ ਕਰਨ ਤੋਂ ਪਹਿਲਾਂ ਉਸ ਅੰਦਰ ਹਾਜ਼ਰ ਆਤਮਾ ਉਸ ਨੂੰ ਕੋਸ ਰਹੀ ਹੁੰਦੀ ਹੈ। ਇਹੀ ਕਾਰਨ ਹੈ ਕਿ ਪਾਪੀਆਂ ਦੇ ਚਿਹਰੇ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਉਹ ਸੱਚਾਈ ਛੁਪਾ ਰਹੇ ਹਨ। ਸੋ ਸਾਡੇ ਲਈ ਇਹੀ ਬਿਹਤਰ ਹੈ ਕਿ ਅਸੀਂ ਆਪਣੇ ਆਪ ਸਾਹਮਣੇ ਸਚਿਆਰੇ ਬਣਨ ਦੀ ਕੋਸ਼ਿਸ਼ ਜਾਰੀ ਰੱਖੀਏ।

## ਪਵਿੱਤਰ ਮਨ ਨੂੰ ਸੱਚ ਦੀ ਸੋਝੀ ਹੁੰਦੀ ਹੈ

ਸੱਚ ਅਰਥਾਤ ਰੱਬ ਸਾਡੇ ਅੰਦਰ ਹਾਜ਼ਰ ਹੈ ਪਰ ਜਦ ਤੱਕ ਸਾਡਾ ਮਨ ਪਵਿੱਤਰ ਨਹੀਂ ਹੈ, ਅਸੀਂ ਇਸ ਸੱਚ ਦੀ ਪਰਖ ਕਰਨ ਤੋਂ ਅਸਮਰਥ ਰਹਿੰਦੇ ਹਾਂ। ਮਨ ਨੂੰ ਪਵਿੱਤਰ ਕਰਨ ਦੇ ਸਾਧਨ ਅਪਣਾਉਣੇ ਹਨ। ਅਸੀਂ ਐਸਾ ਅਭਿਆਸ ਜਾਰੀ ਕਰਨਾ ਹੈ। ਅਸੀਂ ਹਰ ਵਕਤ ਰੱਬ ਦੀ ਹਾਜ਼ਰੀ ਪ੍ਰਵਾਨ ਕਰ ਲਈਏ ਤਾਂ ਮਾੜੇ ਕੰਮਾਂ ਤੋਂ ਅਸੀਂ ਗੁਰੇਜ਼ ਕਰਨ ਲੱਗ ਪਵਾਂਗੇ। ਸਾਨੂੰ ਪਤਾ ਹੈ ਕਿ ਰੱਬ ਬਖ਼ਸ਼ਦਾ ਨਹੀਂ ਹੈ, ਹਰ ਪਾਪ ਦੀ ਸਜ਼ਾ ਦਿੰਦਾ ਹੈ। ਐਸੀ ਸੋਚ ਹੀ ਸਾਡੇ ਲਈ ਕਲਿਆਣਕਾਰੀ ਸਾਬਤ ਹੋ ਜਾਂਦੀ ਹੈ।

ਅਸੀਂ ਜਦੋਂ ਆਪਣੇ ਆਪ ਨੂੰ ਸਹੀ ਸੇਧ ਦੇਣ ਦੀ ਗੱਲ ਤੋਰਦੇ ਹਾਂ ਤਾਂ ਸਾਡਾ ਮਨ ਵੀ ਪਵਿੱਤਰ ਹੋਣ ਲੱਗ ਪੈਂਦਾ ਹੈ ਅਤੇ ਸਾਨੂੰ ਵਧੀਆ ਕੰਮਾਂ ਦੀ ਸੋਝੀ ਵੀ ਹੋ ਆਉਂਦੀ ਹੈ ਅਤੇ ਵਧੀਆ ਕੰਮ ਕਰਨ ਦੇ ਲਾਭਾਂ ਦਾ ਵੀ ਪਤਾ ਲੱਗ ਜਾਂਦਾ ਹੈ। ਮਨ ਨੂੰ ਪਵਿੱਤਰ ਕਰਨਾ ਉਦੋਂ ਤੱਕ ਹੀ ਔਖਾ ਹੈ ਜਦ ਤੱਕ ਅਸੀਂ ਰੱਬ ਦੀ ਹਾਜ਼ਰੀ ਪ੍ਰਵਾਨ ਨਹੀਂ ਕਰਦੇ। ਜਦੋਂ ਅਸੀਂ ਰੱਬ ਦੀ ਹਾਜ਼ਰੀ ਪ੍ਰਵਾਨ ਕਰ ਲੈਂਦੇ ਹਾਂ ਤਾਂ ਸਾਡਾ ਸਾਰਾ ਸੰਸਾਰ ਹੀ ਬਦਲ ਜਾਂਦਾ ਹੈ।

ਹਰ ਕੋਈ ਸਾਨੂੰ ਆਪਣਾ-ਆਪਣਾ ਲੱਗਦਾ ਹੈ, ਕੋਈ ਵੀ ਪਰਾਇਆ ਨਹੀਂ ਲੱਗਦਾ ਅਤੇ ਜਦੋਂ ਸਾਰੇ ਹੀ ਆਪਣੇ ਲੱਗਣ ਲੱਗ ਪੈਣ ਤਾਂ ਸਾਡਾ ਮਨ ਵੀ ਸ਼ੁੱਧ ਹੋ ਜਾਂਦਾ ਹੈ ਅਤੇ ਅਸੀਂ ਅਤੇ ਰੱਬ ਇਕ ਹੋ ਜਾਂਦੇ ਹਾਂ। ਐਸੀ ਅਵਸਥਾ ਹਰ ਕੋਈ ਹਾਸਲ ਕਰ ਸਕਦਾ ਹੈ, ਸਿਰਫ਼ ਐਸਾ ਅਭਿਆਸ ਆਰੰਭ ਕਰਨ ਦੀ ਜ਼ਰੂਰਤ ਹੁੰਦੀ ਹੈ।

## ਝੂਠਾ ਆਗੂ ਨਾ ਹੋਵੇ

ਪਹਿਲੀ ਗੱਲ ਤਾਂ ਇਹ ਹੈ ਕਿ ਸਾਨੂੰ ਆਪਣਾ ਆਗੂ ਆਪ ਬਣਨਾ ਚਾਹੀਦਾ ਹੈ। ਸਾਡੇ ਅੰਦਰ ਰੱਬ ਮੌਜੂਦ ਹੈ ਅਤੇ ਉਹ ਹਰ ਵਕਤ ਸਾਡੀ ਆਗਵਾਨੀ ਕਰਦਾ ਰਹਿੰਦਾ ਹੈ। ਅਗਰ ਅਸੀਂ ਆਪ ਲੋਕਾਂ ਦੇ ਆਗੂ ਬਣਨ ਦੀ ਇੱਛਾ ਰੱਖਦੇ ਹਾਂ ਤਾਂ ਸਾਨੂੰ ਇਹ ਵਿਚਾਰ ਕਰ ਲੈਣਾ ਚਾਹੀਦਾ ਹੈ ਕਿ ਅਸੀਂ ਜੋ ਵੀ ਦੂਜਿਆਂ ਨੂੰ ਸਿੱਖਿਆ ਦਿੰਦੇ ਹਾਂ ਉਸ ਉੱਤੇ ਆਪ ਪੂਰਾ ਉਤਰਦੇ ਹੋਈਏ। ਅਗਰ ਅਸੀਂ ਆਪ ਹੋਰ ਰਾਹਾਂ ਉੱਤੇ ਚੱਲਦੇ ਹਾਂ ਅਤੇ ਲੋਕਾਂ ਨੂੰ ਹੋਰ ਰਸਤਾ ਦਿਖਾ ਰਹੇ ਹਾਂ,ਤਾਂ ਅਸੀਂ ਬਹੁਤ ਹੀ ਗ਼ਲਤ ਆਗੂ ਹਾਂ। ਅਸੀਂ ਪਾਪ ਕਰ ਰਹੇ ਹਾਂ, ਅਗਰ ਕੁਝ ਲੋਕੀਂ ਸਾਡੇ ਉੱਤੇ ਵਿਸ਼ਵਾਸ ਕਰਨ ਲੱਗ ਪਏ ਹਨ ਤਾਂ ਇਸ ਦਾ ਮਤਲਬ ਇਹ ਨਹੀਂ ਬਣਦਾ ਕਿ ਅਸੀਂ ਲੋਕਾਂ ਨੂੰ ਗੁੰਮਰਾਹ ਕਰਨ ਲੱਗ ਜਾਈਏ। ਹਰੇਕ ਆਦਮੀ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਪਹਿਲਾਂ ਆਪ ਅੱਛਾਈਆਂ ਅਪਣਾਏ ਅਤੇ ਫਿਰ ਓਹੀ ਅੱਛਾਈਆਂ ਦੂਜਿਆਂ ਤੱਕ ਪੁਚਾਉਣ ਦੀ ਕੋਸ਼ਿਸ਼ ਕਰੇ, ਪਰ ਅੱਜ ਕੱਲ੍ਹ ਐਸਾ ਹੋ ਨਹੀਂ ਰਿਹਾ। ਇਹ ਜੋ ਲੋਕੀਂ ਸਾਡੇ ਆਗੂ ਬਣੇ ਫਿਰਦੇ ਹਨ ਇਨ੍ਹਾਂ ਨੇ ਸਾਨੂੰ ਦੱਸਣ ਲਈ ਵੱਖਰੀਆਂ ਗੱਲਾਂ ਬਣਾ ਰੱਖੀਆਂ ਹਨ ਅਤੇ ਆਪ ਉਨ੍ਹਾਂ ਦਾ ਜੀਵਨ ਹੋਰ ਹੈ। ਇਹੀ ਕਾਰਨ ਹੈ ਕਿ ਅੱਜ ਲੀਡਰ ਭਾਵੇਂ ਉਹ ਕਿਸੇ ਵੀ ਖੇਤਰ ਦਾ ਕਿਉਂ ਨਾ ਹੋਵੇ, ਅਸੀਂ ਉਸ ਉੱਤੇ ਵਿਸ਼ਵਾਸ ਨਹੀਂ ਕਰ ਪਾ ਰਹੇ ਹਾਂ। ਅਸਲ ਵਿੱਚ ਉਹ ਆਦਮੀ ਸਾਡਾ ਭਲਾ ਨਹੀਂ ਚਾਹ ਰਿਹਾ, ਬਲਕਿ ਮਿੱਠੀਆਂ-ਮਿੱਠੀਆਂ ਗੱਲਾਂ ਕਰਕੇ ਸਾਨੂੰ ਭਰਮਾ ਰਿਹਾ ਹੈ। ਗ਼ਲਤ ਰਸਤੇ ਪਾ ਰਿਹਾ ਹੈ ਅਤੇ ਲੁੱਟ ਰਿਹਾ ਹੈ। ਇਹੀ ਕਾਰਨ ਹੈ ਕਿ ਅੱਜ ਹਰ ਖੇਤਰ ਦੇ ਆਗੂ ਉੱਤੇ ਲੋਕੀਂ ਸ਼ੰਕਾ ਕਰਨ ਲੱਗ ਪਏ ਹਨ, ਵਿਸ਼ਵਾਸ ਆ ਹੀ ਨਹੀਂ ਰਿਹਾ। ਜੋ ਕੁਝ ਸਾਨੂੰ ਦੱਸਿਆ ਜਾਂਦਾ ਹੈ ਜਾਂ ਜੋ ਕੁਝ ਸਾਨੂੰ ਸਮਝਾਇਆ ਜਾਂਦਾ ਹੈ, ਉਸ ਦਾ ਸਾਡੇ ਉੱਤੇ ਕੋਈ ਅਸਰ ਨਹੀਂ ਹੁੰਦਾ। ਉਸ ਦੀਆਂ ਆਖੀਆਂ ਗੱਲਾਂ ਸਾਡੇ ਉੱਤੇ ਅਸਰ ਨਹੀਂ ਕਰਦੀਆਂ। ਉਹ ਸਾਡਾ ਆਗੂ ਕੀ ਬਣੇਗਾ, ਉਹ ਤਾਂ ਸਾਡੇ ਉੱਤੇ ਵਿਸ਼ਵਾਸ ਹੀ ਨਹੀਂ ਕਰ ਰਿਹਾ। ਉਹ ਤਾਂ ਆਪਣੇ ਆਪ ਤੋਂ ਅਤੇ ਸਾਥੋਂ ਡਰਦਾ-ਫਿਰਦਾ ਹੈ, ਬੰਦੂਕਾਂ ਦੇ ਸਾਏ ਹੇਠਾਂ ਰਹਿੰਦਾ ਹੈ। ਜੋ ਆਦਮੀ ਆਪ ਸਾਥੋਂ ਡਰਦਾ ਹੈ, ਉਹ ਆਦਮੀ ਸਾਡਾ ਆਗੂ ਕਿਵੇਂ ਬਣ ਸਕਦਾ ਹੈ ? ਕੁਲ ਮਿਲਾ ਕੇ ਅੱਜ ਸਾਡੇ ਲਈ ਇਹ ਲਾਜ਼ਮੀ ਹੋ ਗਿਆ ਹੈ ਕਿ ਅਸੀਂ ਆਪਣੇ ਆਗੂ ਆਪ ਹੀ ਬਣੀਏ। ਬਾਕੀ ਇਹ ਸਾਰੇ ਆਗੂ ਚਾਹੇ ਉਸ ਦਾ ਖੇਤਰ ਕੋਈ ਪਿਆ ਹੋਵੇ, ਸਵਾਰਥੀ ਹਨ। ਸਾਡੀ ਮੂਰਖਤਾ ਦਾ ਲਾਭ ਉਠਾਉਣਾ ਚਾਹੁੰਦੇ ਹਨ। ਸਾਨੂੰ ਹੋਰ ਮੂਰਖ ਬਣਾਉਣ ਦੇ ਚੱਕਰ ਵਿੱਚ ਹਨ। ਜਿਤਨੀ ਛੇਤੀ ਹੋ ਸਕੇ ਇਨ੍ਹਾਂ ਦੀ ਜਕੜ 'ਚੋਂ ਆਜ਼ਾਦ ਹੋ ਜਾਣਾ ਚਾਹੀਦਾ ਹੈ।

## ਝੂਠ ਕਦੀ ਵੀ ਸੱਚ ਦਾ ਰੂਪ ਨਹੀਂ ਧਾਰ ਸਕਦਾ

ਝੂਠ ਇਕ ਵਾਰੀ ਬੋਲ ਦਿੱਤਾ ਜਾਵੇ ਤਾਂ ਉਸ ਝੂਠ ਉੱਤੇ ਪਰਦਾ ਪਾਉਣ ਲਈ ਕਈ ਹਜ਼ਾਰ ਵਾਰੀ ਝੂਠ ਬੋਲਣਾ ਪੈਂਦਾ ਹੈ ਅਤੇ ਉਸ ਆਖੇ ਝੂਠ ਨੂੰ ਛੁਪਾ ਕੇ ਰੱਖਣ ਲਈ ਸਾਰੀ

ਉਮਰ ਤਰੱਦਦ ਕਰਨਾ ਪੈਂਦਾ ਹੈ ਅਤੇ ਇਤਨਾ ਕੁਝ ਕਰਨ ਤੋਂ ਬਾਅਦ ਵੀ ਅਸੀਂ ਜੋ ਝੂਠ ਰਚਿਆ ਸੀ, ਉਹ ਸੱਚ ਦਾ ਰੂਪ ਨਹੀਂ ਅਪਣਾ ਸਕਦਾ। ਜੋ ਝੂਠ ਹੈ ਉਹ ਝੂਠ ਹੀ ਰਹਿੰਦਾ ਹੈ, ਜੋ ਸੱਚ ਹੈ ਉਹ ਸੱਚ ਹੀ ਰਹਿੰਦਾ ਹੈ। ਇਸ ਕਰਕੇ ਝੂਠ ਬੋਲਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਸਾਡੀਆਂ ਬਹੁਤ ਸਾਰੀਆਂ ਮੁਸ਼ਕਿਲਾਂ ਹਨ। ਸਾਨੂੰ ਬਹੁਤ ਕੁਝ ਛੁਪਾਉਣਾ ਪੈਂਦਾ ਹੈ। ਅਸੀਂ ਬਹੁਤ ਕੁਝ ਐਸਾ ਸੋਚਦੇ ਹਾਂ ਜੋ ਪ੍ਰਵਾਨ ਨਹੀਂ ਹੈ। ਅਸੀਂ ਬਹੁਤ ਕੁਝ ਕਰਦੇ ਹਾਂ ਜੋ ਸਹੀ ਨਹੀਂ ਸਮਝਿਆ ਜਾਂਦਾ। ਅਗਰ ਅਸੀਂ ਅੱਜ ਬੈਠ ਕੇ ਅੱਜ ਤੱਕ ਕੀਤੇ ਗ਼ਲਤ ਕੰਮਾਂ ਦੀ ਸੂਚੀ ਬਣਾਈਏ ਤਾਂ ਸਾਨੂੰ ਸਪੱਸ਼ਟ ਹੋ ਆਉਂਦਾ ਹੈ ਕਿ ਅਸੀਂ ਬਹੁਤ ਸਾਰੇ ਪਾਪ ਕਰ ਬੈਠੇ ਹਾਂ। ਬਹੁਤ ਸਾਰੇ ਅਪਰਾਧ ਕਰ ਬੈਠੇ ਹਾਂ, ਬਹੁਤ ਕੁਝ ਐਸਾ ਕਰ ਬੈਠੇ ਹਾਂ ਜੋ ਸਾਡੇ ਪਰਿਵਾਰ ਨੂੰ ਪ੍ਰਵਾਨ ਨਹੀਂ ਹੈ। ਬਹੁਤ ਕੁਝ ਅਸੀਂ ਐਸਾ ਕਰ ਬੈਠੇ ਹਾਂ ਅਗਰ ਲੋਕਾਂ ਤੱਕ ਪੁੱਜ ਜਾਂਦਾ ਤਾਂ ਅਸੀਂ ਇਸ ਸਮਾਜ ਅੰਦਰ ਆਪਣੀ ਜੋ ਹੱਦ ਸਥਾਪਿਤ ਕਰੀ ਬੈਠੇ ਹਾਂ ਉਹ ਖ਼ਤਮ ਹੋ ਜਾਣੀ ਸੀ। ਅਸੀਂ ਮੂੰਹ ਛੁਪਾਉਂਦੇ ਫਿਰ ਸਕਦੇ ਸਾਂ, ਸ਼ਰਮਿੰਦਗੀ ਦਾ ਸ਼ਿਕਾਰ ਹੋ ਸਕਦੇ ਸਾਂ ਪਰ ਐਸਾ ਹੋਇਆ ਨਹੀਂ। ਅਸੀਂ ਕਿਸੇ ਨਾ ਕਿਸੇ ਤਰੀਕੇ ਨਾਲ ਆਪਣੀਆਂ ਕਰਤੂਤਾਂ ਛੁਪਾਉਣ ਵਿੱਚ ਸਫ਼ਲ ਰਹੇ ਹਾਂ। ਅਸੀਂ ਇਹ ਕਰਤੂਤਾਂ ਛੁਪਾਉਣ ਲਈ ਸੈਂਕੜੇ ਵਾਰ ਝੂਠ ਬੋਲ ਚੁੱਕੇ ਹਾਂ ਅਤੇ ਇਹ ਝੂਠ ਬੋਲਣਾ ਅੱਜ ਵੀ ਸਾਡੀ ਮਜਬੂਰੀ ਹੈ, ਅਸੀਂ ਅਗਰ ਝੂਠ ਤੋਂ ਪੂਰੇ ਤੌਰ 'ਤੇ ਛੁਟਕਾਰਾ ਨਹੀਂ ਪਾ ਸਕਦੇ ਤਾਂ ਕੁਝ ਤਾਂ ਤਬਦੀਲੀਆਂ ਛਿਪਾਉਣੀਆਂ ਹੀ ਚਾਹੀਦੀਆਂ ਹਨ, ਵਰਨਾ ਅਸੀਂ ਅਗਰ ਝੂਠ ਦਾ ਅਭਿਆਸ ਹੀ ਜਾਰੀ ਰੱਖਦੇ ਹਾਂ ਤਾਂ ਅਸੀਂ ਆਪਣੇ ਆਪ ਸਾਹਮਣੇ ਅਪਰਾਧੀ ਅਤੇ ਪਾਪੀ ਬਣ ਜਾਂਦੇ ਹਾਂ ਅਤੇ ਐਸੀਆਂ ਸੋਚਾਂ ਸਾਨੂੰ ਆਪਣੀਆਂ ਹੀ ਅੱਖਾਂ ਸਾਹਮਣੇ ਗਿਰਾ ਕੇ ਰੱਖ ਦਿੰਦੀਆਂ ਹਨ। ਸਾਡਾ ਪ੍ਰਭਾਵ ਘਟ ਜਾਂਦਾ ਹੈ। ਝੂਠ ਪ੍ਰਗਟ ਹੋਣ ਦਾ ਡਰ ਸਾਡੇ ਵਿਅਕਤੀਤਵ ਨੂੰ ਪ੍ਰਭਾਵਸ਼ਾਲੀ ਨਹੀਂ ਬਣਨ ਦਿੰਦਾ।

## ਰੱਬ ਵਿੱਚ ਵਿਸ਼ਵਾਸ ਭੈਅ-ਮੁਕਤ ਕਰਦਾ ਹੈ

ਰੱਬ ਵਿੱਚ ਵਿਸ਼ਵਾਸ ਕਰਨ ਵਾਲਾ ਆਦਮੀ ਇਹ ਸੋਚਣ ਲੱਗ ਪੈਂਦਾ ਹੈ ਕਿ ਅਗਰ ਮੈਂ ਠੀਕ-ਠਾਕ ਚੱਲ ਰਿਹਾ ਹਾਂ, ਕੋਈ ਬੁਰਾ ਕੰਮ ਨਹੀਂ ਕਰ ਰਿਹਾ ਤਾਂ ਰੱਬ ਉਸ ਨੂੰ ਸਜ਼ਾ ਕਾਹਤੋਂ ਦੇਵੇਗਾ। ਡਰ ਤਾਂ ਉਸ ਆਦਮੀ ਨੂੰ ਹੋਣਾ ਚਾਹੀਦਾ ਹੈ ਜੋ ਅੰਦਰ ਬੈਠੇ ਰੱਬ ਦੀ ਗੱਲ ਨਹੀਂ ਮੰਨਦਾ ਅਤੇ ਗ਼ਲਤ ਤੁਰਦਾ ਹੈ। ਗ਼ਲਤੀਆਂ ਡਰ ਪੈਦਾ ਕਰਦੀਆਂ ਹਨ ਅਤੇ ਸਹੀ ਰਸਤੇ ਉੱਤੇ ਚੱਲਣ ਵਾਲਾ ਆਦਮੀ ਭੈਅ-ਮੁਕਤ ਹੋ ਜਾਂਦਾ ਹੈ। ਅਸੀਂ ਭੈਅ-ਮੁਕਤ ਬਣਨਾ ਹੈ, ਕਿਉਂਕਿ ਡਰਨ ਵਾਲਾ ਆਦਮੀ ਜ਼ਿੰਦਗੀ ਜੀਅ ਨਹੀਂ ਰਿਹਾ ਹੁੰਦਾ, ਬਲਕਿ ਪਲ ਪਲ ਮਰ ਰਿਹਾ ਹੁੰਦਾ ਹੈ। ਐਸਾ ਡਰ ਭਰਿਆ ਜੀਵਨ ਅਨੰਦ ਨਹੀਂ ਦੇ ਸਕਦਾ, ਜਿਸ ਦੇ ਅਸੀਂ ਹੱਕਦਾਰ ਹਾਂ। ਰੱਬ ਤਾਂ ਸਾਡੇ ਮਾਤਾ-ਪਿਤਾ ਵਾਂਗ ਹੈ। ਮਾਤਾ-ਪਿਤਾ ਕਦੀ ਵੀ ਡਰਾਉਂਦੇ ਨਹੀਂ। ਉਨ੍ਹਾਂ ਦੇ ਮਨ ਅੰਦਰ ਸਾਨੂੰ ਸੇਧ ਦੇਣ ਦੀ ਇੱਛਾ ਹੁੰਦੀ ਹੈ। ਇਸੇ ਤਰ੍ਹਾਂ ਸਾਡੇ ਅੰਦਰ ਜੋ ਰੱਬ ਹਾਜ਼ਰ ਹੈ, ਉਹ ਹਰ ਵਕਤ ਸਾਨੂੰ ਸੇਧ ਦੇ ਰਿਹਾ ਹੁੰਦਾ ਹੈ। ਅਸੀਂ ਰੱਬ ਦੀ ਸੇਧ ਸਵੀਕਾਰ ਕਰਨੀ ਹੈ, ਇਹੀ ਸਹੀ ਮਾਰਗ ਹੈ।

## ਔਰਤ ਰੱਬ ਦਾ ਨੁਮਾਇੰਦਾ ਹੈ

ਦੁਨੀਆਂ ਦੇ ਜਿਤਨੇ ਵੀ ਜੀਵ ਅੱਜ ਜਿਊਂਦੇ ਹਨ ਉਹ ਮਾਂ ਕਾਰਨ ਜਿਊਂਦੇ

ਹਨ। ਇਸ ਤੱਥ ਦੀ ਸੱਚਾਈ ਜਾਣਨ ਲਈ ਕਿਸੇ ਡੂੰਘੀ ਖੋਜ ਦੀ ਜ਼ਰੂਰਤ ਨਹੀਂ ਹੈ। ਅਸੀਂ ਅਗਰ ਆਪਣੇ ਆਪ ਬਾਰੇ ਸੋਚੀਏ, ਅਗਰ ਆਪਣਾ ਬਚਪਨ ਯਾਦ ਨਹੀਂ ਤਾਂ ਆਪਣੇ ਘਰ ਪਲਦੇ ਬੱਚੇ ਬਾਰੇ ਸੋਚ ਕੇ ਅੰਦਾਜ਼ਾ ਲਗਾ ਸਕਦੇ ਹਾਂ ਕਿ ਉਸ ਨੂੰ ਜਨਮ ਕਿਸ ਦਿੱਤਾ ਅਤੇ ਉਸ ਦੀ ਮੁੱਢਲੀ ਪਾਲਣਾ ਕਿਸ ਨੇ ਕੀਤੀ ਤਾਂ ਸਾਡੇ ਸਾਹਮਣੇ ਸਾਰੇ ਤੱਥ ਆ ਜਾਂਦੇ ਹਨ। ਅਸੀਂ ਇਹ ਸਵੀਕਾਰ ਕਰਨ ਉੱਤੇ ਮਜਬੂਰ ਹੋ ਜਾਂਦੇ ਹਾਂ ਕਿ ਹਰ ਜੀਵ ਨੂੰ ਪੈਦਾ ਕਰਨਾ ਅਤੇ ਉਸ ਨੂੰ ਸਥਾਪਿਤ ਕਰਨਾ, ਅਰਥਾਤ ਆਪਣੇ ਆਪ ਜੋਗਾ ਬਣਾਉਣ ਦਾ ਸਾਰਾ ਕੰਮ ਮਾਂ ਕਰਦੀ ਹੈ। ਇਸ ਕਰਕੇ ਮਾਂ ਨੂੰ ਰੱਬ ਦਾ ਨੁਮਾਇੰਦਾ ਆਖਿਆ ਜਾਂਦਾ ਹੈ। ਆਖਦੇ ਹਨ ਰੱਬ ਆਪ ਹਰ ਕਿਸੇ ਦੀ ਦੇਖ ਭਾਲ ਨਹੀਂ ਸੀ ਕਰ ਸਕਦਾ, ਇਸ ਕਰਕੇ ਰੱਬ ਨੇ ਮਾਂ ਦੀ ਹੋਂਦ ਕਾਇਮ ਕੀਤੀ ਹੈ ਤਾਂ ਕਿ ਉਹ ਬੱਚੇ ਦੀ ਦੇਖ-ਭਾਲ ਕਰ ਸਕੇ। ਔਰਤ ਸਾਰੇ ਜਗਤ ਦੀ ਮਾਂ ਹੈ। ਕੋਈ ਵੀ ਐਸਾ ਪ੍ਰਾਣੀ ਨਹੀਂ ਹੈ ਜਿਸ ਨੇ ਮਾਂ ਦੀ ਕੁੱਖੋਂ ਜਨਮ ਨਾ ਲਿਆ ਹੋਵੇ। ਅਗਰ ਔਰਤ ਮਾਂ ਹੈ, ਰੱਬ ਦਾ ਨੁਮਾਇੰਦਾ ਹੈ ਤਾਂ ਫਿਰ ਇਸ ਦੀ ਦੁਰਦਸ਼ਾ ਰੱਬ ਦੀ ਤੌਹੀਨ ਹੈ। ਜਿਸ ਮੁਲਕ ਅੰਦਰ ਔਰਤ ਦਾ ਦਰਜਾ ਰੱਬ ਵਰਗਾ ਨਹੀਂ ਹੈ, ਉਸ ਮੁਲਕ ਦੇ ਲੋਕ ਸਦਾ ਹੀ ਨਰਕੀ ਜੀਵਨ ਬਸਰ ਕਰਦੇ ਹਨ, ਉਹ ਕਦੀ ਵੀ ਸਵਰਗਾਂ ਦੇ ਝੂਟੇ ਨਹੀਂ ਲੈ ਸਕਦੇ। ਅਸੀਂ ਔਰਤ ਨੂੰ ਨਾਚੀ, ਰਖੇਲ, ਵੇਸਵਾ ਅਤੇ ਘਰ ਦੀ ਨੌਕਰ ਸਮਝਦੇ ਹਾਂ। ਇਹੀ ਕਾਰਨ ਹੈ ਕਿ ਅਸੀਂ ਵਧੀਆ ਸਮਾਜ ਦੀ ਸਿਰਜਨਾ ਨਹੀਂ ਕਰ ਸਕੇ। ਅੱਜ ਔਰਤ ਨੂੰ ਆਪਣੇ ਹੱਕਾਂ ਲਈ ਲੜਣਾ ਪੈ ਰਿਹਾ ਹੈ। ਔਰਤ ਜਦੋਂ ਮਨੁੱਖ ਦੀ ਕਰਤਾ ਧਰਤਾ ਹੈ ਤਾਂ ਸਾਡਾ ਇਹ ਫ਼ਰਜ਼ ਬਣਦਾ ਹੈ ਕਿ ਅਸੀਂ ਆਪ ਉਸ ਦਾ ਬਣਦਾ ਅਸਥਾਨ ਉਸ ਨੂੰ ਦੇ ਦੇਈਏ। ਉਸ ਨੂੰ ਆਪਣੇ ਹੱਕਾਂ ਲਈ ਸੰਘਰਸ਼ ਨਾ ਕਰਨਾ ਪਵੇ, ਬਲਕਿ ਅਸੀਂ ਆਪ ਦੇਖਦੇ ਰਹੀਏ ਕਿ ਉਸ ਦੇ ਬਣਦੇ ਹੱਕਾਂ ਉੱਤੇ ਕੋਈ ਛਾਪਾ ਨਾ ਮਾਰੇ। ਔਲਾਦ ਦਾ ਸ਼ੋਸ਼ਣ ਤੁਰੰਤ ਬੰਦ ਹੋਣਾ ਚਾਹੀਦਾ ਹੈ। ਅੱਜ ਜਦੋਂ ਜੰਮਣ ਤੋਂ ਪਹਿਲਾਂ ਹੀ ਅਸੀਂ ਔਰਤ ਦਾ ਕਤਲ ਕਰਨ ਲੱਗ ਪਏ ਤਾਂ ਰੱਬ ਵੀ ਸਾਨੂੰ ਬਖ਼ਸ਼ਣ ਨਹੀਂ ਲੱਗਾ। ਔਰਤਾਂ ਦੀ ਗਿਣਤੀ ਘੱਟ ਜਾਣ ਨਾਲ ਸਮਾਜ ਅੰਦਰ ਜੋ ਬੁਰਾਈਆਂ ਪੈਦਾ ਹੋ ਜਾਣਗੀਆਂ, ਮਰਦ ਉਨ੍ਹਾਂ ਬੁਰਾਈਆਂ ਦੀ ਜਕੜ ਵਿੱਚ ਆ ਕੇ ਆਪਣੀ ਹੋਂਦ ਖ਼ਤਰੇ ਵਿੱਚ ਪਾ ਸਕਦਾ ਹੈ।

## ਰੱਬ ਭੁਲੱਕੜ ਨਹੀਂ ਹੈ

ਰੱਬ ਪਾਸ ਜੋ ਵੀ ਅਰਜ਼ੋਈ ਕਰਨੀ ਹੈ ਇਕ ਵਾਰ ਹੀ ਕਰੋ। ਬਾਰ-ਬਾਰ ਉਸੇ ਅਰਜ਼ੋਈ ਦੀ ਦੋਹਰਾਈ ਕਰਨ ਦੇ ਅਰਥ ਇਹ ਨਿਕਲਦੇ ਹਨ ਕਿ ਅਸੀਂ ਰੱਬ ਨੂੰ ਜਾਂ ਤਾਂ ਬੋਲਾ ਸਮਝਦੇ ਹਾਂ ਕਿ ਪਹਿਲੀ ਵਾਰੀ ਜਦੋਂ ਅਸੀਂ ਬੇਨਤੀ ਕੀਤੀ ਸੀ ਤਾਂ ਰੱਬ ਨੇ ਸੁਣੀ ਹੀ ਨਹੀਂ ਸੀ। ਜਾਂ ਅਸੀਂ ਇਹ ਵਿਸ਼ਵਾਸ ਰੱਖਦੇ ਹਾਂ ਕਿ ਰੱਬ ਭੁਲੱਕੜ ਹੈ। ਇਸ ਕਰਕੇ ਰੱਬ ਨੂੰ ਦੁਬਾਰਾ ਯਾਦ ਕਰਾਉਣਾ ਲਾਜ਼ਮੀ ਹੈ। ਸਾਡੀਆਂ ਇਹ ਦੋਵੇਂ ਸੋਚਾਂ ਸਥਾਪ੍ਰਿਤ ਸਿਧਾਂਤਾਂ ਦੇ ਉਲਟ ਜਾਂਦੀਆਂ ਹਨ। ਇਸ ਕਰਕੇ ਰੱਬ ਪਾਸ ਇਕ ਵਾਰੀ ਹੀ ਬੇਨਤੀ ਕਰਨੀ ਚਾਹੀਦੀ ਹੈ। ਰੱਬ ਨੇ ਪੂਰੀ ਕਰ ਦਿੱਤੀ ਤਾਂ ਵਧੀਆ ਗੱਲ ਹੈ। ਅਗਰ ਰੱਬ ਨੇ ਪੂਰੀ ਨਾ ਕੀਤੀ, ਤਾਂ ਇਹ ਸਮਝ ਲੈਣਾ ਚਾਹੀਦਾ ਹੈ ਕਿ ਰੱਬ ਸਾਡੀ ਮੰਗ ਪੂਰੀ ਨਹੀਂ ਕਰੇਗਾ। ਹੋ ਸਕਦਾ ਹੈ ਰੱਬ ਨੇ ਜੋ ਵਕਤ ਮਿਥਿਆ ਹੈ ਉਹ ਹਾਲਾਂ ਨਾ ਆਇਆ ਹੋਵੇ। ਰੱਬ ਅੱਗੇ ਬਾਰ-ਬਾਰ

ਅਰਦਾਸ ਕਰਨ ਦੀ ਬਜਾਏ ਮਿਹਨਤ ਜਾਰੀ ਰੱਖਣੀ ਚਾਹੀਦੀ ਹੈ। ਰੱਬ ਨੇ ਫ਼ਲ ਦੇਣਾ ਹੋਇਆ ਤਾਂ ਦੇ ਦੇਵੇਗਾ, ਅਗਰ ਨਾ ਦੇਣਾ ਹੋਇਆ ਤਾਂ ਉਸ ਦੀ ਮਰਜ਼ੀ। ਸ਼੍ਰੀ ਕ੍ਰਿਸ਼ਨ ਮਹਾਰਾਜ ਵੀ ਗੀਤਾ ਅੰਦਰ ਐਸਾ ਹੀ ਉਪਦੇਸ਼ ਦਿੰਦੇ ਹਨ।

## ਆਪਣੀ ਮੰਜ਼ਿਲ ਆਪ ਤੈਅ ਕਰੋ

ਤੁਹਾਡੀ ਮੰਜ਼ਿਲ ਤੁਸੀਂ ਆਪ ਤੈਅ ਕਰਨੀ ਹੈ। ਦੂਜਿਆਂ ਦੀ ਸਲਾਹ ਲਈ ਜਾ ਸਕਦੀ ਹੈ ਪਰ ਆਪਣੇ ਆਪ ਬਾਰੇ ਜੋ ਗਿਆਨ ਤੁਹਾਨੂੰ ਆਪ ਹੈ, ਉਸ ਦਾ ਮੁਕਾਬਲਾ ਹੋਰ ਕੋਈ ਨਹੀਂ ਕਰ ਸਕਦਾ। ਕੋਈ ਆਦਮੀ ਅਗਰ ਆਖਦਾ ਹੈ ਕਿ ਮੈਂ ਆਪਣੇ ਆਪ ਬਾਰੇ ਕੁਝ ਨਹੀਂ ਜਾਣਦਾ ਤਾਂ ਉਹ ਗ਼ਲਤ ਆਖ ਰਿਹਾ ਹੈ। ਅਸੀਂ ਸੱਚਾਈ ਤੋਂ ਮੁਨਕਰ ਹੋ ਰਹੇ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਅੰਦਰ ਕੀ-ਕੀ ਸੰਭਾਵਨਾਵਾਂ ਮੌਜੂਦ ਹਨ ਅਤੇ ਅਸੀਂ ਕੀ-ਕੀ ਪ੍ਰਾਪਤ ਕਰ ਸਕਦੇ ਹਾਂ। ਜਿਨ੍ਹਾਂ ਲੋਕਾਂ ਨੇ ਆਪਣੇ ਟੀਚੇ ਆਪ ਮਿੱਥੇ ਹਨ, ਉਹ ਕਾਮਯਾਬ ਵੀ ਹੋਏ ਹਨ। ਜਿਨ੍ਹਾਂ ਨੇ ਹੋਰਾਂ ਦੀ ਸਲਾਹ ਲੈ ਕੇ ਟੀਚੇ ਮਿੱਥੇ ਹਨ, ਉਹ ਬਹੁਤੀ ਵਾਰੀ ਹਾਰ ਗਏ ਹਨ ਅਤੇ ਹਾਰ ਬੰਦੇ ਨੂੰ ਨਿਰਾਸ਼ਾ ਦਿੰਦੀ ਹੈ। ਹਾਰ ਗ਼ਲਤ ਹੈ। ਬਾਰ-ਬਾਰ ਹਾਰ ਜਾਣ ਉੱਤੇ ਸਾਡੇ ਅੰਦਰ ਘਟੀਆਪਣ ਦਾ ਅਹਿਸਾਸ ਬਣ ਆਉਂਦਾ ਹੈ ਜੋ ਬਹੁਤ ਘਾਤਕ ਹੁੰਦਾ ਹੈ। ਜ਼ਿੰਦਗੀ ਅੰਦਰ ਜਿੱਤਾਂ ਹੋਣੀਆਂ ਚਾਹੀਦੀਆਂ ਹਨ। ਭਾਵੇਂ ਇਹ ਜਿੱਤਾਂ ਨਿੱਕੀਆਂ-ਨਿੱਕੀਆਂ ਹੀ ਕਿਉਂ ਨਾ ਪਈਆਂ ਹੋਣ। ਲੋਕਾਂ ਦੀ ਸਲਾਹ ਲੈਣੀ ਚਾਹੀਦੀ ਹੈ, ਪਰ ਕਰਨਾ ਉਹੀ ਕੁਝ ਚਾਹੀਦਾ ਹੈ ਜੋ ਸਾਡਾ ਅੰਦਰਲਾ ਮਨ ਪਰਵਾਨ ਕਰਦਾ ਹੈ।

## ਕੋਈ ਸਾਹਾ ਨਹੀਂ ਕੋਈ ਲਗਨ ਨਹੀਂ

ਇਹ ਵਕਤ, ਇਹ ਦਿਨ, ਇਹ ਮਹੀਨੇ, ਇਹ ਸਾਲ, ਇਹ ਸਦੀਆਂ ਅਤੇ ਯੁੱਗਾਂ ਦੀ ਵੰਡ ਮਨੁੱਖ ਨੇ ਆਪ ਕੀਤੀ ਹੈ। ਫਿਰ ਜੋਤਿਸ਼ੀਆਂ ਅਤੇ ਧਾਰਮਿਕ ਆਗੂਆਂ ਨੇ ਸਮਾਂ ਨਿਸ਼ਚਿਤ ਕਰਨ ਦਾ ਸਿਲਸਿਲਾ ਸ਼ੁਰੂ ਕੀਤਾ ਹੈ। ਇੱਥੋਂ ਤੱਕ ਕਿ ਰੱਬ ਨਾਲ ਗੱਲਾਂ ਕਰਨ ਦਾ ਸਮਾਂ ਵੀ ਅਸੀਂ ਨਿਸ਼ਚਿਤ ਕਰ ਲਿਆ ਹੈ। ਅਸੀਂ ਆਪ ਹੀ ਇਨ੍ਹਾਂ ਦੇ ਨਾਮ ਰੱਖੇ ਹਨ ਅਤੇ ਆਪ ਹੀ ਆਖਣ ਲੱਗ ਪਏ ਕਿ ਫਲਾਣਾ ਦਿਨ ਸ਼ੁੱਭ ਹੁੰਦਾ ਹੈ। ਫਲਾਣਾ ਦਿਨ ਕੰਮ ਕਰਨ ਲਈ ਠੀਕ ਨਹੀਂ ਹੈ। ਅਸੀਂ ਆਪਣੇ ਬੱਚਿਆਂ ਦਾ ਨਾਮਕਰਨ ਵੀ ਕਰਦੇ ਹਾਂ। ਇਸ ਭੀੜ ਅੰਦਰ ਨਾਮ ਰੱਖਣਾ ਜ਼ਰੂਰੀ ਹੋ ਗਿਆ ਹੈ, ਪਰ ਜਦੋਂ ਅਸੀਂ ਆਖਦੇ ਹਾਂ ਨਾਮ ਮੁਤਾਬਿਕ ਆਦਮੀ ਦੀ ਕਿਸਮਤ ਬਣ ਜਾਂਦੀ ਹੈ ਤਾਂ ਕਈ ਵਾਰੀ ਸਾਨੂੰ ਆਪਣੇ ਆਪ ਉੱਤੇ ਹਾਸਾ ਆਉਣ ਲੱਗ ਪੈਂਦਾ ਹੈ ਅਤੇ ਜਦੋਂ ਫਿਰ ਗੱਲ ਤੁਰਦੀ ਹੈ ਕਿ ਬੱਚੇ ਦਾ ਜਨਮ ਕਿਸੇ ਖ਼ਾਸ ਗ੍ਰਹਿ ਹੇਠਾਂ ਹੋਇਆ ਹੈ ਅਤੇ ਉਸ ਦੀ ਕਿਸਮਤ ਉਸ ਤਰ੍ਹਾਂ ਬਣ ਜਾਵੇਗੀ। ਕੋਈ ਨਿੱਛ ਮਾਰ ਲਵੇ ਤਾਂ ਅਸੀਂ ਬਾਹਰ ਜਾਣੋਂ ਰੁਕ ਜਾਂਦੇ ਹਾਂ। ਬਿੱਲੀ ਰਸਤਾ ਕੱਟ ਜਾਵੇ ਤਾਂ ਬਦਸ਼ਗਨੀ ਮੰਨਿਆ ਜਾਂਦਾ ਹੈ। ਕੋਈ ਖ਼ਾਸ ਜਾਤੀ ਦਾ ਬੰਦਾ ਮਿਲ ਜਾਵੇ ਤਾਂ ਅਸੀਂ ਸੋਚਦੇ ਹਾਂ ਇਹ ਨਹਿਸ਼ ਆਦਮੀ ਹੈ। ਕੰਮ ਨਹੀਂ ਹੋਣ ਲੱਗਾ। ਅਸੀਂ ਕੋਈ ਖ਼ਾਸ ਸ਼ੈਅ ਖਾ ਕੇ ਘਰੋਂ ਤੁਰੀਏ ਤਾਂ ਕੰਮ ਹੋ ਸਕਦਾ ਹੈ, ਨਹੀਂ ਤਾਂ ਕੰਮ ਸਿਰੇ ਚੜ੍ਹਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਤਰ੍ਹਾਂ ਇਸ ਮਨੁੱਖ ਜਾਤੀ ਨੇ ਭਾਂਤ-ਭਾਂਤ ਦੇ ਵਹਿਮ ਪੈਦਾ ਕਰ ਰੱਖੇ ਹਨ ਅਤੇ ਉਨ੍ਹਾਂ ਦਾ ਗ਼ੁਲਾਮ ਵੀ ਹੋ ਗਿਆ ਹੈ। ਅਗਰ ਕੋਈ ਆਖੇ ਕਿ ਮਨੁੱਖ ਹੁਣ ਇਨ੍ਹਾਂ ਵਹਿਮਾਂ ਦੇ ਚੱਕਰ 'ਚੋਂ ਬਾਹਰ ਨਿਕਲ ਸਕੇਗਾ, ਤਾਂ ਇਹ ਗੱਲ ਮੁਸ਼ਕਿਲ ਜਿਹੀ ਲੱਗਦੀ

ਹੈ। ਜਦੋਂ ਅਸੀਂ ਵਹਿਮਾਂ-ਭਰਮਾਂ ਵਿੱਚ ਪੈ ਜਾਂਦੇ ਹਾਂ ਤਾਂ ਅਸੀਂ ਉਸ ਰੱਬ ਦੀ ਹੋਂਦ ਕੁਝ ਸਮੇਂ ਲਈ ਭੁੱਲ ਜਾਂਦੇ ਹਾਂ। ਅਸੀਂ ਭੁੱਲ ਹੀ ਜਾਂਦੇ ਹਾਂ ਕਿ ਰੱਬ ਇਨ੍ਹਾਂ ਚੱਕਰਾਂ ਵਿੱਚ ਨਹੀਂ ਪਾਇਆ ਜਾ ਸਕਦਾ। ਰੱਬ ਦਾ ਮਨੁੱਖ ਨਾਲ ਸਿੱਧਾ ਸੰਪਰਕ ਹੈ ਅਤੇ ਰੱਬ ਹਰ ਵਕਤ ਮਨੁੱਖ ਦੇ ਨਾਲ ਖਲੋਤਾ ਹੈ। ਰੱਬ ਨਾਲ ਗੱਲ ਕਰਨ ਲਈ ਕਿਸੇ ਖ਼ਾਸ ਤਰੱਦਦ ਦੀ ਜ਼ਰੂਰਤ ਨਹੀਂ ਪੈਂਦੀ।

## ਅਸੀਂ ਆਪਣੇ ਆਦਰਸ਼ ਆਪ ਮਿੱਥਣੇ ਹਨ

ਸਾਡੇ ਅੰਦਰ ਰੱਬ ਵਸਦਾ ਹੈ ਅਤੇ ਸਾਡੇ ਆਦਰਸ਼ ਮਿੱਥਣ ਵਿੱਚ ਉਹ ਸਾਡੀ ਸਹਾਇਤਾ ਕਰਦਾ ਹੈ। ਅਸੀਂ ਆਪਣੇ ਆਦਰਸ਼ ਮਿੱਥ ਕੇ ਅਗਰ ਫਿਰ ਵੀ ਉਨ੍ਹਾਂ ਆਦਰਸ਼ਾਂ ਉੱਤੇ ਨਹੀਂ ਚੱਲਦੇ ਤਾਂ ਅਸੀਂ ਆਪ ਗ਼ਲਤ ਹਾਂ। ਆਪਣੇ ਆਦਰਸ਼ ਮਿੱਥਣ ਲਈ ਅਸੀਂ ਕਿਸੇ ਦੀ ਸਹਾਇਤਾ ਵੀ ਨਹੀਂ ਲੈ ਸਕਦੇ। ਇਸ ਦੁਨੀਆਂ ਦੇ ਸਾਰੇ ਲੋਕੀਂ ਇਸ ਹੀ ਚੱਕਰ ਵਿੱਚ ਹਨ। ਜੋ ਆਦਮੀ ਆਪ ਚੱਤਰ ਹੈ, ਉਹ ਸਾਡੀ ਕੀ ਸਹਾਇਤਾ ਕਰ ਸਕਦਾ ਹੈ। ਕੋਈ ਆਖੇ ਕਿ ਉਹ ਆਪਣੇ ਆਦਰਸ਼ ਨਹੀਂ ਮਿੱਥ ਪਾ ਰਿਹਾ ਤਾਂ ਉਹ ਗ਼ਲਤ ਹੈ। ਉਸ ਦੇ ਅੰਦਰੋਂ ਬਾਰ-ਬਾਰ ਆਵਾਜ਼ ਉਠਦੀ ਰਹਿੰਦੀ ਹੈ। ਉਹ ਆਪ ਹੀ, ਜਾਣ-ਬੁੱਝ ਕੇ ਭਟਕਦਾ ਰਹਿੰਦਾ ਹੈ। ਰੱਬ ਨੇ ਸਾਨੂੰ ਇਸ ਦੁਨੀਆਂ ਵਿੱਚ ਭੇਜਿਆ ਹੈ ਅਤੇ ਇਹ ਕਹਿਣਾ ਵੀ ਗ਼ਲਤ ਹੈ ਕਿ ਰੱਬ ਐਵੇਂ ਹੀ ਦੁਨੀਆਂ ਦੀ ਭੀੜ ਵਧਾ ਰਿਹਾ ਹੈ। ਅਗਰ ਸਾਡਾ ਰੱਬ ਦੀ ਹੋਂਦ ਉੱਤੇ ਯਕੀਨ ਹੈ ਅਤੇ ਅਸੀਂ ਇਹ ਵੀ ਵਿਸ਼ਵਾਸ ਰੱਖਦੇ ਹਾਂ ਕਿ ਸਾਡੀ ਹੋਂਦ ਰੱਬ ਨੇ ਕਾਇਮ ਕੀਤੀ ਹੈ ਤਾਂ ਸਾਡੇ ਲਈ ਇਹ ਵਿਸ਼ਵਾਸ ਕਰਨਾ ਵੀ ਜ਼ਰੂਰੀ ਹੈ ਕਿ ਅਸੀਂ ਫ਼ਜ਼ੂਲ ਦੀ ਰਚਨਾ ਨਹੀਂ ਹਾਂ। ਸਾਡੀ ਹੋਂਦ ਕਿਸੇ ਖ਼ਾਸ ਮਕਸਦ ਦੀ ਪੂਰਤੀ ਲਈ ਖੜ੍ਹੀ ਕੀਤੀ ਗਈ ਹੈ ਅਤੇ ਜਿਸ ਆਦਮੀ ਦੇ ਮਨ ਅੰਦਰ ਇਹ ਵਿਸ਼ਵਾਸ ਪੈਦਾ ਹੋ ਆਉਂਦਾ ਹੈ, ਉਹ ਆਪਣੇ ਅੰਦਰ ਝਾਤੀ ਮਾਰ ਕੇ ਉਸ ਮਕਸਦ ਦੀ ਖੋਜ ਕਰ ਸਕਦਾ ਹੈ, ਜਿਸ ਮਕਸਦ ਦੀ ਪੂਰਤੀ ਲਈ ਰੱਬ ਨੇ ਉਸ ਦੀ ਹੋਂਦ ਖੜ੍ਹੀ ਕੀਤੀ ਹੈ। ਬੱਸ ਇਹ ਉਦੇਸ਼ ਹੀ ਸਾਡਾ ਆਦਰਸ਼ ਹੈ, ਇਸ ਆਦਰਸ਼ ਦੀ ਅਸੀਂ ਪੂਰਤੀ ਕਰਨੀ ਹੈ।

## ਸਾਡਾ ਮਨ ਸਾਫ਼ ਹੋਣਾ ਚਾਹੀਦਾ ਹੈ

ਅਸੀਂ ਅਭਿਆਸ ਕਰਕੇ ਆਪਣੇ ਮਨ ਨੂੰ ਸਾਫ਼ ਕਰ ਸਕਦੇ ਹਾਂ। ਕੋਈ ਆਖੇ ਕਿ ਮੈਂ ਆਪਣੇ ਮਨ ਉੱਤੇ ਕਾਬੂ ਨਹੀਂ ਪਾ ਰਿਹਾ, ਤਾਂ ਉਹ ਗ਼ਲਤ ਹੈ। ਅਸੀਂ ਆਪਣੇ ਮਨ ਦੀਆਂ ਹੱਦਾਂ ਬੰਨ੍ਹੇ ਨਹੀਂ ਮਿੱਥ ਸਕਦੇ। ਮਨੋਵਿਗਿਆਨੀ ਇਹ ਵੀ ਆਖਦੇ ਹਨ ਕਿ ਮਨ ਟਿਕਦਾ ਨਹੀਂ। ਇਸ ਮਨ ਦਾ ਆਪਣਾ ਹੀ ਇਕ ਬਹੁਤ ਹੀ ਵੱਡਾ ਸੰਸਾਰ ਹੈ, ਪਰ ਅਸੀਂ ਆਪਣੇ ਆਦਰਸ਼ ਮਿੱਥਣੇ ਹਨ ਅਤੇ ਆਪਣੇ ਆਦਰਸ਼ਾਂ ਦੀ ਪੂਰਤੀ ਲਈ ਕੁਝ ਹੱਦ ਤੱਕ ਮਨ ਉੱਤੇ ਕਾਬੂ ਵੀ ਪਾਉਣਾ ਹੁੰਦਾ ਹੈ। ਮਨ ਮੈਲਾ ਹੋਵੇ ਤਾਂ ਸਾਡਾ ਤਨ ਚੋਰ ਬਣ ਸਕਦਾ ਹੈ। ਅਸੀਂ ਹਜ਼ਾਰ ਕੋਸ਼ਿਸ਼ ਕਰ ਲਈਏ ਅਗਰ ਸਾਡਾ ਮਨ ਸ਼ੁੱਧ ਨਹੀਂ ਹੈ ਤਾਂ ਅਸੀਂ ਆਪਣੇ ਵਤੀਰੇ ਨੂੰ ਵੀ ਸ਼ੁੱਧ ਨਹੀਂ ਕਰ ਸਕਦੇ। ਅਸੀਂ ਮਨ ਦੀ ਅਵਸਥਾ ਦੇ ਗ਼ੁਲਾਮ ਹੁੰਦੇ ਹਾਂ। ਅਸੀਂ ਮਨ ਦੀਆਂ ਗੱਲਾਂ ਛੁਪਾ ਨਹੀਂ ਸਕਦੇ। ਸਾਡੇ ਮਨ ਦੀਆਂ ਗੱਲਾਂ ਸਾਡੇ ਚਿਹਰੇ ਉੱਤੇ ਲਿਖੀਆਂ ਜਾਂਦੀਆਂ ਹਨ। ਸਿਆਣੇ ਲੋਕੀਂ ਸਾਡੇ ਚਿਹਰੇ ਉੱਤੇ ਦੇਖ ਕੇ ਸਾਡੇ ਮਨ ਦੀ ਗੱਲ ਭਾਂਪ ਲੈਂਦੇ ਹਨ। ਅਸੀਂ ਆਪਣੇ ਮਨ ਅੰਦਰ ਕੂੜ ਅਤੇ ਕੁਬਾੜ ਲਈ ਫਿਰੀਏ ਅਤੇ

ਆਖਦੇ ਫਿਰੀਏ ਕਿ ਅਸੀਂ ਬਹੁਤ ਹੀ ਵਧੀਆ ਆਦਮੀ ਹਾਂ, ਐਸਾ ਹੋ ਨਹੀਂ ਸਕਣਾ। ਸਾਡੀ ਸ਼ੋਭਾ ਵੈਸੀ ਹੀ ਬਣਨੀ ਹੈ, ਜੈਸੇ ਅਸੀਂ ਮਨੋ ਹਾਂ। ਸੋ ਮਨ ਸੁਧਾਈ ਕਰਦੇ ਰਹਿਣ ਦਾ ਸਿਲਸਿਲਾ ਸ਼ੁਰੂ ਕਰਨਾ ਚਾਹੀਦਾ ਹੈ। ਪਾਠ-ਪੂਜਾ ਦੁਆਰਾ ਮਨ ਦੀ ਸੁਧਾਈ ਕਰਨ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ ਸੀ, ਪਰ ਅਸੀਂ ਇਹ ਸਾਰਾ ਕੁਝ ਕਰਮ ਕਾਂਡ ਹੀ ਬਣਾ ਦਿੱਤਾ ਹੈ। ਅਸੀਂ ਆਪਣੇ ਮਨ ਨਾਲ ਨਾ ਤਾਂ ਕਦੀ ਗੱਲਾਂ ਕਰਦੇ ਹਾਂ ਤੇ ਨਾ ਹੀ ਸਾਡੀ ਇਹ ਪਾਠ-ਪੂਜਾ ਸਾਡੇ ਮਨ ਤੱਕ ਪੁੱਜ ਰਹੀ ਹੈ। ਸਰੀਰਕ ਕ੍ਰਿਆਵਾਂ ਮਹਿਜ਼ ਕਰਮ-ਕਾਂਡ ਹਨ। ਮਨ ਨਾਲ ਗੱਲਾਂ ਕਰਨ ਲਈ ਕਰਮ ਕਾਂਡਾਂ ਤੋਂ ਆਜ਼ਾਦੀ ਪ੍ਰਾਪਤ ਕਰਨੀ ਪਵੇਗੀ। ਮਨ ਨਾਲ ਗੱਲ ਕਰਨ ਲਈ ਕਿਸੇ ਉਚੇਰੀ ਵਿੱਦਿਆ ਦੀ ਜ਼ਰੂਰਤ ਨਹੀਂ ਹੈ।

## ਝੂਠ, ਝੂਠ ਨੂੰ ਜਨਮ ਦਿੰਦਾ ਹੈ

ਅਸੀਂ ਇਕ ਝੂਠ ਬੋਲ ਲਈਏ ਫਿਰ ਸੱਚ ਬੋਲਣ ਦੀ ਗੁੰਜਾਇਸ਼ ਹੀ ਨਹੀਂ ਰਹਿੰਦੀ। ਫਿਰ ਝੂਠ ਹੀ ਝੂਠ ਤੁਰਦਾ ਰਹਿੰਦਾ ਹੈ। ਸਿਆਣੇ ਆਖਦੇ ਹਨ ਕਿ ਇਕ ਝੂਠ ਛੁਪਾਉਣ ਲਈ ਦਸ ਵਾਰੀ ਝੂਠ ਬੋਲਣਾ ਪੈਂਦਾ ਹੈ। ਅਸੀਂ ਮਨੁੱਖ ਹਾਂ। ਝੂਠ ਬੋਲੇ ਬਗ਼ੈਰ ਗੁਜ਼ਾਰਾ ਨਹੀਂ ਹੈ। ਅਸੀਂ ਗ਼ਲਤੀਆਂ ਦੇ ਪੁਤਲੇ ਹਾਂ। ਅਸੀਂ ਰੋਜ਼ਾਨਾ ਇਤਨੀਆਂ ਗ਼ਲਤੀਆਂ ਕਰਦੇ ਹਾਂ, ਜੋ ਲੁਕਾਉਣੀਆਂ ਪੈਂਦੀਆਂ ਹਨ। ਅਸੀਂ ਆਪਣੀਆਂ ਗ਼ਲਤੀਆਂ ਝੂਠ ਬੋਲ ਕੇ ਲੁਕਾਉਂਦੇ ਹਾਂ। ਅਗਰ ਅਸੀਂ ਝੂਠ ਬੋਲ ਕੇ ਗ਼ਲਤੀਆਂ ਲੁਕਾਈਏ ਤਾਂ ਅਸੀਂ ਹਰ ਥਾਂ ਸ਼ਰਮਿੰਦਾ ਹੋ ਜਾਵਾਂਗੇ। ਝੂਠ ਬੋਲਣਾ ਸੌਖਾ ਕੰਮ ਹੈ ਪਰ ਸ਼ਰਮਿੰਦਗੀ ਬਰਦਾਸ਼ਤ ਕਰਨੀ ਬਹੁਤ ਹੀ ਮੁਸ਼ਕਿਲ ਹੈ। ਬਾਰ-ਬਾਰ ਦੀਆਂ ਸ਼ਰਮਿੰਦਗੀਆਂ ਸਾਨੂੰ ਘਟੀਆਪਣ ਦੇ ਅਹਿਸਾਸ ਹੇਠ ਦਬ ਦਿੰਦੀਆਂ ਹਨ। ਇਹ ਠੀਕ ਹੈ ਕਿ ਅਸੀਂ ਝੂਠ ਦਾ ਸਹਾਰਾ ਨਹੀਂ ਛੱਡ ਸਕਦੇ ਪਰ ਫਿਰ ਵੀ ਸਾਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਝੂਠ ਬਾਰ-ਬਾਰ ਮਾਰ ਕੇ ਅਸੀਂ ਅਸਲੀਅਤ ਨੂੰ ਬਹੁਤਾ ਚਿਰ ਛੁਪਾ ਕੇ ਨਹੀਂ ਰੱਖ ਸਕਦੇ। ਇਸ ਕਰਕੇ ਝੂਠ ਬੋਲਣ ਦੇ ਮੌਕੇ ਘਟਾਉਣੇ ਚਾਹੀਦੇ ਹਨ। ਅਸਲੀਅਤ ਛੁਪਾਉਣੀ ਵੀ ਔਖਾ ਕੰਮ ਹੈ। ਇਹ ਜੋ ਲੋਕੀਂ ਸਾਡੇ ਆਲੇ-ਦੁਆਲੇ ਫਿਰਦੇ ਹਨ, ਇਨ੍ਹਾਂ ਦੀਆਂ ਨਜ਼ਰਾਂ ਬਹੁਤ ਪਾਰਖੂ ਹਨ। ਇਨ੍ਹਾਂ ਦੀਆਂ ਨਜ਼ਰਾਂ 'ਚੋਂ ਕੁਝ ਵੀ ਛੁਪਾ ਕੇ ਨਹੀਂ ਰੱਖਿਆ ਜਾ ਸਕਦਾ।

ਬਾਰ-ਬਾਰ ਝੂਠ ਛੁਪਾ ਕੇ ਅਸੀਂ ਜਦੋਂ ਝੂਠ ਦਾ ਸਹਾਰਾ ਲੈਣ ਲੱਗ ਪੈਂਦੇ ਹਾਂ ਤਾਂ ਸਾਡੇ ਮਨ ਉੱਤੇ ਬੋਝ ਪੈਣ ਲੱਗ ਪੈਂਦਾ ਹੈ। ਇਹ ਮਾਨਸਿਕ ਬੋਝ ਵੀ ਸਾਡੀ ਸਾਧਾਰਨ ਸੋਚ ਪ੍ਰਣਾਲੀ ਉੱਤੇ ਮਾੜਾ ਅਸਰ ਕਰਦਾ ਹੈ। ਅਸੀਂ ਮਾਨਸਿਕ ਰੋਗ ਦਾ ਸ਼ਿਕਾਰ ਹੋ ਸਕਦੇ ਹਾਂ। ਅਸੀਂ ਆਪਣੀ ਜ਼ਿੰਦਗੀ ਦਾ ਆਨੰਦ ਨਹੀਂ ਮਾਣ ਸਕਦੇ। ਸੋ ਹੌਲੀ-ਹੌਲੀ ਐਸੀ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ ਕਿ ਸਾਡੇ ਅੰਦਰ ਸੱਚ ਜ਼ਿਆਦਾ ਅਤੇ ਝੂਠ ਦੀ ਮਾਤਰਾ ਘੱਟਦੀ ਜਾਵੇ। ਜਦੋਂ ਆਖ਼ਰੀ ਨਿਬੇੜਾ ਸੱਚ ਨਾਲ ਹੀ ਹੋਣਾ ਹੈ, ਤਾਂ ਝੂਠ ਦਾ ਸਹਾਰਾ ਲੈ ਕੇ ਅਸੀਂ ਜ਼ਿਆਦਾ ਦੇਰ, ਲੋਕਾਂ ਦੀਆਂ ਅੱਖਾਂ ਵਿੱਚ ਘਟਾ ਨਹੀਂ ਪਾ ਸਕਦੇ। ਝੂਠ ਦਾ ਸਿਲਸਿਲਾ ਘਟਾਉਣਾ ਚਾਹੀਦਾ ਹੈ।

## ਮਨੁੱਖ ਦੀ ਤ੍ਰਿਪਤੀ ਕਦੀ ਨਹੀਂ ਹੁੰਦੀ

ਮਨੁੱਖ ਇਕ ਐਸੀ ਸ਼ੈਅ ਰੱਬ ਨੇ ਤਿਆਰ ਕੀਤੀ ਹੈ ਕਿ ਇਹ ਕਦੀ ਰੱਜਦਾ ਨਹੀਂ ਅਤੇ ਨਾ ਹੀ ਕਦੀ ਇਸ ਦੀ ਤ੍ਰਿਪਤੀ ਹੀ ਹੁੰਦੀ ਹੈ। ਸਾਰੀ ਦੁਨੀਆਂ ਨੂੰ ਕਲਾਵੇ ਵਿੱਚ

ਲੈਣ ਬਾਅਦ ਵੀ ਇਹ ਮਨੁੱਖ ਭੁੱਖੇ ਦਾ ਭੁੱਖਾ ਹੀ ਰਹਿੰਦਾ ਹੈ। ਸਿਆਣੇ ਆਖਦੇ ਹਨ ਕਿ ਮਨੁੱਖ ਨੜਿਨਵੇਂ ਦੇ ਚੱਕਰ ਵਿੱਚ ਫਸਿਆ ਹੋਇਆ ਹੈ, ਜੋ ਇਕ ਉਸ ਪਾਸ ਹੈ ਉਸ ਨੂੰ ਬਹੁਤ ਹੀ ਛੋਟਾ ਲੱਗਦਾ ਹੈ। ਉਹ ਹਮੇਸ਼ਾਂ ਇਸ ਚੱਕਰ ਵਿੱਚ ਹੈ ਕਿ ਉਸ ਪਾਸ ਸੌ ਪੂਰੇ ਹੋ ਜਾਣ। ਇਹ ਮਨੁੱਖ ਦੀਆਂ ਖ਼ਾਹਿਸ਼ਾਂ ਹੀ ਹਨ ਜੋ ਇਸ ਦੀ ਪ੍ਰਗਤੀ ਦਾ ਆਧਾਰ ਹਨ। ਅਗਰ ਇਹ ਮਨੁੱਖ ਸ਼ਾਂਤ ਹੋ ਕੇ ਬੈਠ ਜਾਂਦਾ ਤਾਂ ਅੱਜ ਜੋ ਮਨੁੱਖੀ ਨਸਲ ਦੀਆਂ ਪ੍ਰਾਪਤੀਆਂ ਸਾਡੇ ਸਾਹਮਣੇ ਹਨ ਕਦੀ ਵੀ ਪ੍ਰਾਪਤ ਨਹੀਂ ਸਨ ਹੋ ਸਕਦੀਆਂ। ਮਨੁੱਖ ਦੇ ਸੁਪਨੇ ਹਾਲਾਂ ਵੀ ਅਧੂਰੇ ਹਨ। ਮਨੁੱਖ ਤਾਂ ਆਕਾਸ਼ਾਂ ਵਿੱਚ ਜਾ ਕੇ ਫਿਰਨ ਲੱਗ ਪਿਆ ਹੈ ਅਤੇ ਉੱਥੇ ਨਵੇਂ-ਨਵੇਂ ਬ੍ਰਹਿਮੰਡਾਂ ਦੀ ਖੋਜ ਕਰ ਰਿਹਾ ਹੈ। ਮਨੁੱਖ ਅੰਦਰ ਰੱਬ ਆਪ ਵਸਦਾ ਹੈ ਅਤੇ ਉਸ ਨੇ ਮਨੁੱਖ ਅੰਦਰ ਹੋਰ ਜਾਨਣ ਦੀ, ਹੋਰ ਪ੍ਰਾਪਤ ਕਰਨ ਦੀ ਲਗਨ ਲਗਾ ਰੱਖੀ ਹੈ। ਮਨੁੱਖ ਅੰਦਰ ਇਹ ਜੋ ਭੁੱਖ ਹੈ ਇਹ ਰੱਬ ਨੇ ਆਪ ਸਥਾਪਿਤ ਕੀਤੀ ਹੈ ਅਤੇ ਇਸੇ ਭੁੱਖ ਰਾਹੀਂ ਮਨੁੱਖ ਹੋਰ ਤੇ ਹੋਰ ਪ੍ਰਾਪਤ ਕਰ ਰਿਹਾ ਹੈ। ਇਹ ਪ੍ਰਾਪਤੀਆਂ ਮਨੁੱਖ ਦੀ ਭੁੱਖ ਦਾ ਨਤੀਜਾ ਹਨ। ਆਖ਼ਰਕਾਰ ਮਨੁੱਖ ਨੇ ਰੱਬ ਨੂੰ ਵੀ ਲੱਭ ਲੈਣਾ ਹੈ। ਇਹ ਸਾਰੀਆਂ ਪ੍ਰਾਪਤੀਆਂ ਰੱਬ ਦੀ ਪ੍ਰਾਪਤੀ ਵੱਲ ਦਾ ਰਸਤਾ ਹਨ।

## ਅਗਿਆਨਤਾ ਲਾਅਨਤ ਹੈ

ਮਨੁੱਖ ਟਿਕਾਊ ਜਾਨਵਰ ਨਹੀਂ ਹੈ। ਰੱਬ ਨੇ ਇਸ ਨੂੰ ਦਿਮਾਗ਼ ਦੇ ਰੱਖਿਆ ਹੈ। ਇਸ ਦਿਮਾਗ਼ ਦੀਆਂ ਹੱਦਾਂ ਨਹੀਂ ਮਿੱਥੀਆਂ ਜਾ ਸਕਦੀਆਂ। ਮਨੁੱਖ ਨੇ ਨਿੱਤ ਨਵੀਆਂ ਖੋਜਾਂ ਜਾਰੀ ਰੱਖੀਆਂ ਹਨ। ਨਿੱਤ ਨਵਾਂ ਗਿਆਨ ਪ੍ਰਾਪਤ ਕਰਨ ਦਾ ਸਿਲਸਿਲਾ ਜਾਰੀ ਰੱਖਿਆ ਹੋਇਆ ਹੈ। ਅੱਜ ਅਗਰ ਸਦੀਆਂ ਪਹਿਲਾਂ ਵਾਲਾ ਮਨੁੱਖ ਮੁੜ ਕੇ ਪੈਦਾ ਹੋ ਆਵੇ ਤਾਂ ਹੈਰਾਨ-ਪ੍ਰੇਸ਼ਾਨ ਹੋ ਜਾਵੇ। ਅੱਜ ਦਾ ਮਨੁੱਖ ਅਸਮਾਨਾਂ ਨੂੰ ਛੂਹਣ ਤੱਕ ਜਾ ਰਿਹਾ ਹੈ। ਗਿਆਨ ਦੇ ਕਈ ਖੇਤਰ ਲੱਭ ਲਏ ਗਏ ਹਨ, ਮੁਹਾਰਤ ਹਾਸਲ ਕੀਤੀ ਜਾ ਰਹੀ ਹੈ। ਮਨੁੱਖ ਮਾਂ ਦੇ ਪੇਟ ਬਗ਼ੈਰ ਵੀ ਜੀਵਾਂ ਦੀ ਸਥਾਪਨਾ ਕਰਨ ਤੱਕ ਜਾ ਪੁੱਜਾ ਹੈ। ਅਸੀਂ ਹਾਲਾਂ ਵੀ ਮਨੁੱਖ ਦੇ ਗਿਆਨ ਦੇ ਹੱਦਾਂ ਬੰਨੇ ਨਹੀਂ ਮਿੱਥ ਸਕਦੇ। ਅਸੀਂ ਕੁਝ ਵੀ ਸੀਮਤ ਨਹੀਂ ਕਰ ਸਕਦੇ। ਰੱਬ ਨੇ ਆਪ ਹੀ ਮਨੁੱਖ ਅੰਦਰ ਦਿਮਾਗ਼ ਦੀ ਸਥਾਪਨਾ ਕੀਤੀ ਹੈ ਅਤੇ ਆਪ ਹੀ ਮਨੁੱਖ ਦੇ ਨਵੇਂ ਟੀਚੇ ਅਤੇ ਚੁਨੌਤੀਆਂ ਨਿਸ਼ਚਿਤ ਕਰ ਰਿਹਾ ਹੈ। ਜੋ ਕੁਝ ਵੀ ਹੋ ਰਿਹਾ ਹੈ, ਉਹ ਸਾਰਾ ਕੁਝ ਰੱਬ ਦੀ ਰਜ਼ਾ ਨਾਲ ਹੋ ਰਿਹਾ ਹੈ। ਵਰਨਾ ਰੱਬ ਇਸ ਇਨਸਾਨ ਨੂੰ ਵੱਖਰੀ ਕਿਸਮ ਦਾ ਦਿਮਾਗ਼ ਹੀ ਨਾ ਦਿੰਦਾ। ਹੋਰ ਜਾਨਵਰ ਵੀ ਹਨ। ਸਾਰੇ ਹੀ ਮਨੁੱਖ ਦੇ ਗ਼ੁਲਾਮ ਬਣ ਗਏ ਹਨ। ਸ਼ੇਰਾਂ ਤੱਕ ਨੂੰ ਮਨੁੱਖ ਸਰਕਸਾਂ ਵਿੱਚ ਨਚਾਉਂਦਾ ਫਿਰਦਾ ਹੈ। ਮਨੁੱਖ ਨੇ ਉਨ੍ਹਾਂ ਕੀਟਾਣੂਆਂ ਦੀ ਸ਼ਨਾਖਤ ਕਰ ਲਈ ਹੈ ਜੋ ਮਨੁੱਖ ਦੇ ਸਰੀਰ ਲਈ ਲਾਹੇਵੰਦ ਹਨ ਅਤੇ ਉਹ ਕੀਟਾਣੂ ਵੀ ਸ਼ਨਾਖਤ ਕਰ ਲਏ ਹਨ ਜੋ ਮਨੁੱਖ ਲਈ ਹਾਨੀਕਾਰਕ ਹਨ ਅਤੇ ਇਨ੍ਹਾਂ ਹਾਨੀਕਾਰਕ ਕੀਟਾਣੂਆਂ ਨੂੰ ਖ਼ਤਮ ਕਰਨ ਲਈ ਦਵਾਈਆਂ ਬਣਾ ਲਈਆਂ ਹਨ। ਮਨੁੱਖੀ ਗਿਆਨ ਹਾਲਾਂ ਵੀ ਆਪਣੀ ਚਾਲੇ ਅੱਗੇ ਤੁਰਦਾ ਜਾ ਰਿਹਾ ਹੈ। ਇਸ ਦੀਆਂ ਹੱਦਾਂ ਨਹੀਂ ਮਿੱਥੀਆਂ ਜਾ ਸਕਦੀਆਂ ਅਤੇ ਨਾ ਹੀ ਰੋਕੀਆਂ ਜਾ ਸਕਦੀਆਂ ਹਨ। ਵੱਡੇ ਤੋਂ ਵੱਡਾ ਗਿਆਨੀ ਵੀ ਇਹ ਸੋਚ ਸਕਦਾ ਹੈ ਕਿ ਗਿਆਨ ਦੇ ਖੇਤਰ ਵਿੱਚ ਉਹ ਹਾਲਾਂ ਵੀ ਬੱਚਾ ਹੀ ਹੈ ਅਤੇ ਸਿਪੀਆਂ ਨਾਲ ਖੇਡ ਰਿਹਾ ਹੈ। ਮਨੁੱਖ ਦਾ ਸਫ਼ਰ ਜਾਰੀ ਹੈ। ਹਾਲਾਂ ਤਾਂ ਅਸੀਂ ਅੱਧਵਾਟੇ ਵੀ ਨਹੀਂ ਪੁੱਜੇ ਹਾਂ।

## ਕੋਈ ਨੀਚ ਨਹੀਂ ਹੈ

ਇਸ ਦੁਨੀਆਂ ਦਾ ਹਰ ਆਦਮੀ ਰੱਬ ਨੇ ਆਪਣੇ ਹੱਥੀਂ ਬਣਾਇਆ ਹੈ ਅਤੇ ਇਸ ਕਰਕੇ ਰੱਬ ਦੀ ਬਣਾਈ ਕੋਈ ਸ਼ੈਅ ਨਾ ਤਾਂ ਬਹੁਤ ਵਧੀਆ ਹੋ ਸਕਦੀ ਹੈ ਕਿ ਉਹ ਦੂਜੀਆਂ ਸ਼ੈਆਂ ਉੱਤੇ ਆਪਣਾ ਰੋਹਬ ਜਮਾਉਂਦੀ ਫਿਰੇ ਅਤੇ ਨਾ ਹੀ ਰੱਬ ਨੇ ਕੋਈ ਸ਼ੈਅ ਇਤਨੀ ਘਟੀਆ ਬਣਾਈ ਹੈ ਕਿ ਉਹ ਦੂਜੀਆਂ ਸ਼ੈਆਂ ਦੇ ਮੁਕਾਬਲੇ ਆਪਣੇ ਆਪ ਨੂੰ ਘਟੀਆ ਸਮਝਣ ਲੱਗ ਪਵੇ ਅਤੇ ਘਟੀਆਪਣ ਦਾ ਸ਼ਿਕਾਰ ਹੋ ਜਾਵੇ। ਇਹ ਜੋ ਅਸੀਂ ਧਰਮਾਂ ਅਤੇ ਜਾਤੀਆਂ ਦੀ ਵੰਡ ਕਰ ਰੱਖੀ ਹੈ, ਇਹ ਸਾਰੀਆਂ ਵੰਡੀਆਂ ਅਸੀਂ ਆਪ ਪਾਈਆਂ ਹਨ ਅਤੇ ਤਕੜੇ ਆਪਣੀ ਚੜ੍ਹਤ ਬਣਾਈ ਰੱਖਣ ਲਈ ਦੂਜਿਆਂ ਨੂੰ ਨੀਚ ਕਰਾਰ ਦਿੰਦੇ ਰਹੇ ਹਨ। ਐਸਾ ਕਰਕੇ ਉਨ੍ਹਾਂ ਨੇ ਰੱਬ ਦੀ ਸਾਜੀ ਕੁਦਰਤ ਵਿੱਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਇਹੀ ਕਾਰਨ ਹੈ ਕਿ ਇਹ ਵੰਡੀਆਂ ਰਾਸ ਨਹੀਂ ਆਈਆਂ ਹਨ ਅਤੇ ਅੱਜ ਤੱਕ ਮਨੁੱਖ ਜਾਤੀ ਨੇ ਜੋ ਦੁੱਖ ਭੋਗੇ ਹਨ ਉਹ ਬਹੁਤਾ ਕਰਕੇ ਮਨੁੱਖ ਦੀਆਂ ਪਾਈਆਂ ਵੰਡੀਆਂ 'ਚੋਂ ਜਨਮ ਲੈਂਦੇ ਰਹੇ ਹਨ ਅਤੇ ਅੱਜ ਮਨੁੱਖ ਆਪਣੇ ਆਪ ਨੂੰ ਬਹੁਤ ਹੀ ਸਿਆਣਾ ਸਮਝਣ ਲੱਗ ਪਿਆ ਹੈ, ਪਰ ਹਾਲਾਂ ਵੀ ਉਸ ਨੇ ਵੰਡੀਆਂ ਪਾ ਰੱਖੀਆਂ ਹਨ ਅਤੇ ਇਹ ਵੰਡੀਆਂ ਅੱਗੇ ਨਾਲੋਂ ਵੀ ਭਿਆਨਕ ਰੂਪ ਧਾਰ ਕੇ ਸਾਡੇ ਸਾਹਮਣੇ ਆ ਰਹੀਆਂ ਹਨ। ਲੋਕੀਂ ਆਪ ਹੀ ਆਖਣ ਲੱਗ ਪਏ ਹਨ ਕਿ ਉਨ੍ਹਾਂ ਨੂੰ ਨੀਚ ਸਮਝਿਆ ਜਾ ਰਿਹਾ ਹੈ ਅਤੇ ਐਸੀ ਸੋਚ ਨੂੰ ਗ਼ਲਤ ਕਰਾਰ ਦੇ ਰਹੇ ਹਨ ਪਰ ਹਾਲਾਂ ਤੱਕ ਬਰਾਬਰਤਾ ਦੀਆਂ ਗੱਲਾਂ ਸਿਰਫ਼ ਕਿਤਾਬਾਂ ਵਿੱਚ ਹੀ ਹਨ। ਮਨੁੱਖ ਕਦੀ ਹਰੇਕ ਨੂੰ ਬਰਾਬਰ ਦੇ ਅਧਿਕਾਰ ਦੇ ਪਾਏਗਾ, ਇਸ ਬਾਰੇ ਹਾਲਾਂ ਤਾਂ ਇਤਨਾ ਹੀ ਆਖਿਆ ਜਾ ਸਕਦਾ ਹੈ ਕਿ ਐਸਾ ਹੋਣ ਵਾਲਾ ਨਹੀਂ ਹੈ ? ਕਦੀ ਕੋਈ ਆਖਦਾ ਮੈਂ ਵਧੀਆ ਧਰਮ ਨਾਲ ਸੰਬੰਧ ਰੱਖਦਾ ਹੈ, ਕਦੀ ਕੋਈ ਆਖਦਾ ਹੈ ਕਿ ਉਹ ਵਧੀਆ ਜਾਤੀ ਦਾ ਬੰਦਾ ਹੈ। ਕਦੀ ਕਿਸੇ ਨੂੰ ਪੈਸਾ ਅਤੇ ਜਾਇਦਾਦ ਦੂਜਿਆਂ ਨਾਲੋਂ ਵੱਖਰਾ ਕਰਕੇ ਰੱਖ ਦਿੰਦੀ ਹੈ। ਮਨੁੱਖ ਵੰਡੀਆਂ ਪਾਉਂਦਾ ਹੀ ਰਹੇਗਾ ਅਤੇ ਇਸ ਦੇ ਆਧਾਰ ਬਦਲਦੇ ਰਹਿਣਗੇ।

## ਮਨੁੱਖ ਆਕਾਸ਼ਵਾਣੀ ਦਾ ਭਰਾ ਬਣ ਸਕਦਾ ਹੈ

ਰੱਬ ਸਾਡੇ ਅੰਦਰ ਵਸਦਾ ਹੈ ਅਤੇ ਸਾਡੀ ਰਹਿਨੁਮਾਈ ਕਰਦਾ ਰਹਿੰਦਾ ਹੈ। ਜੋ ਆਦਮੀ ਆਪਣੇ ਅੰਦਰਲੇ ਰੱਬ ਦੀ ਗੱਲ ਮੰਨਦਾ ਹੈ, ਉਹ ਜੋ ਕੁਝ ਵੀ ਬੋਲਦਾ ਹੈ ਉਹ ਰੱਬ ਦੇ ਆਦੇਸ਼ ਦੀ ਬਰਾਬਰਤਾ ਰੱਖਦਾ ਹੈ। ਉਹ ਜੋ ਕੁਝ ਵੀ ਕਰਦਾ ਹੈ ਉਹ ਰੱਬ ਦਾ ਕੀਤਾ ਕੰਮ ਬਣ ਜਾਂਦਾ ਹੈ। ਅਸੀਂ ਮਾਰ ਉਦੋਂ ਖਾ ਜਾਂਦੇ ਹਾਂ ਜਦੋਂ ਅਸੀਂ ਆਪਣੇ ਅੰਦਰ ਵਸਦੇ ਰੱਬ ਦੀ ਗੱਲ ਸਵੀਕਾਰ ਕਰਨ ਦੀ ਬਜਾਏ ਅੰਦਰ ਵਸਦੇ ਸ਼ੈਤਾਨ ਦੇ ਵਸ ਚੜ੍ਹ ਜਾਂਦੇ ਹਾਂ। ਅਸੀਂ ਅਭਿਆਸ ਕਰਨਾ ਹੈ, ਰੱਬ ਨਾਲ ਸਾਂਝ ਪਾਉਣੀ ਹੈ ਅਤੇ ਸ਼ੈਤਾਨ ਦੀਆਂ ਮਾੜੀਆਂ ਸਲਾਹਾਂ ਤੋਂ ਬਚਣਾ ਹੈ। ਇਹ ਅਭਿਆਸ ਸਦਾ ਹੀ ਜਾਰੀ ਰੱਖਣਾ ਪਵੇਗਾ। ਅਸੀਂ ਦੇਖਦੇ ਹਾਂ ਕਿ ਜਦੋਂ ਅਸੀਂ ਆਤਮਾ ਦੀ ਆਵਾਜ਼ ਸੁਣ ਰਹੇ ਹੁੰਦੇ ਹਾਂ ਤਾਂ ਅਸੀਂ ਸਹੀ ਕੰਮ ਕਰ ਰਹੇ ਹੁੰਦੇ ਹਾਂ ਅਤੇ ਜਦੋਂ ਅਸੀਂ ਸ਼ੈਤਾਨ ਦੇ ਕਾਬੂ ਆ ਜਾਂਦੇ ਹਾਂ ਤਾਂ ਸਾਡੇ ਪਾਸੋਂ ਕੋਈ ਵੀ ਕੰਮ ਚੰਗਾ ਨਹੀਂ ਹੁੰਦਾ।

ਅਸੀਂ ਸੋਚਦੇ ਹਾਂ ਕਿ ਰੱਬ ਅਸਮਾਨਾਂ ਵਿੱਚ ਰਹਿੰਦਾ ਹੈ। ਅਸੀਂ ਵੀ ਆਕਾਸ਼ ਦਾ

ਇਕ ਹਿੱਸਾ ਹਾਂ, ਰੱਬ ਸਾਡੇ ਅੰਦਰ ਵੀ ਹੈ। ਅਸੀਂ ਰੱਬ ਦੇ ਬਣਾਏ ਹੋਏ ਹਾਂ ਅਤੇ ਰੱਬ ਸਾਡੇ ਰੋਮ-ਰੋਮ ਵਿੱਚ ਵਸਦਾ ਹੈ। ਅਸੀਂ ਕਦੀ ਵੀ ਇਹ ਨਹੀਂ ਸੋਚਣਾ ਕਿ ਰੱਬ ਸਾਨੂੰ ਛੱਡ ਕੇ ਆਕਾਸ਼ਾਂ ਵਿੱਚ ਕਿਧਰੇ ਅਲੋਪ ਹੋ ਗਿਆ ਹੈ। ਅਸੀਂ ਆਪ ਹੀ ਆਪਣੀ ਬੁੱਧੀ ਉੱਤੇ ਪਰਦਾ ਪਾ ਕੇ ਸੋਚਣ ਲੱਗ ਪੈਂਦੇ ਹਾਂ ਕਿ ਰੱਬ ਸਾਨੂੰ ਛੱਡ ਗਿਆ ਹੈ। ਐਸਾ ਕਦੀ ਨਹੀਂ ਹੁੰਦਾ। ਜਿਵੇਂ ਮਾਪੇ ਕਿੱਧਰੇ ਵੀ ਹੋਣ ਉਨ੍ਹਾਂ ਦੀ ਸੁਰਤੀ ਆਪਣੇ ਬੱਚਿਆਂ ਵਿੱਚ ਰਹਿੰਦੀ ਹੈ, ਇਸੇ ਤਰ੍ਹਾਂ ਰੱਬ ਕਿਧਰੇ ਵੀ ਹੋਵੇ, ਉਸ ਦੀ ਸੁਰਤੀ ਸਾਡੇ ਵਿੱਚ ਰਹਿੰਦੀ ਹੈ। ਅਸੀਂ ਐਸੀ ਸੋਚ ਅਪਨਾਉਣੀ ਹੈ। ਬਸ ਇਤਨਾ ਕੁ ਸਿਲਸਿਲਾ ਅਸੀਂ ਸ਼ੁਰੂ ਕਰ ਲਈਏ ਤਾਂ ਸਮਝੋ ਅਸੀਂ ਅਤੇ ਰੱਬ ਵਿੱਚ ਦੂਰੀਆਂ ਮਿਟ ਜਾਂਦੀਆਂ ਹਨ।

## ਰੱਬ ਦੀ ਵਡਿਆਈ ਹਰੇਕ ਵਿੱਚ ਹਾਜ਼ਰ ਹੈ

ਰੱਬ ਹਰੇਕ ਵਿੱਚ ਹਾਜ਼ਰ ਹੈ ਅਤੇ ਇਸ ਕਰਕੇ ਉਹ ਕਿਸੇ ਨਾਲ ਵਿਤਕਰਾ ਨਹੀਂ ਕਰਦਾ। ਇਹ ਹੁਣ ਸਾਡੇ ਤੱਕ ਹੈ ਕਿ ਅਸੀਂ ਆਪਣੇ ਅੰਦਰ ਰੱਬ ਦੀ ਹਾਜ਼ਰੀ ਕਦੋਂ ਪਰਵਾਨ ਕਰਦੇ ਹਾਂ। ਇਹ ਵੀ ਸਾਡੇ ਤੱਕ ਹੈ ਕਿ ਅਸੀਂ ਰੱਬ ਵਲੋਂ ਸਾਡੇ ਹਿੱਸੇ ਦੀ ਕੀਤੀ ਹੋਈ ਵਡਿਆਈ ਦੀ ਪਛਾਣ ਕਦੋਂ ਕਰਦੇ ਹਾਂ ? ਅਸੀਂ ਕਿਸੇ ਬੰਦੇ ਨੂੰ ਸਿਆਣਾ ਤਾਂ ਹੀ ਆਖ ਸਕਦੇ ਹਾਂ ਜੇਕਰ ਉਹ ਆਪਣੇ ਅੰਦਰ ਵਿਦਮਾਨ ਰੱਬ ਦੀ ਪਛਾਣ ਕਰ ਸਕੇ ਅਤੇ ਰੱਬ ਦੀ ਕੀਤੀ ਵਡਿਆਈ ਦੀ ਸ਼ਨਾਖਤ ਕਰ ਸਕੇ। ਅਗਰ ਕੋਈ ਆਪਣੇ ਆਪ ਨੂੰ ਲੋਕਾਂ ਨੂੰ ਮੱਤਾਂ ਦੇਣ ਵਾਲਾ ਸਮਝਦਾ ਹੈ ਤਾਂ ਉਸ ਲਈ ਵੀ ਇਹ ਲਾਜ਼ਮੀ ਹੈ ਕਿ ਉਹ ਆਪਣੇ ਪਾਸ ਆਏ ਸ਼ਰਧਾਲੂਆਂ ਨੂੰ ਆਤਮਿਕ ਗਿਆਨ ਦੇਵੇ। ਅਰਥਾਤ ਆਪੇ ਦੀ ਪਛਾਣ ਦਾ ਗੁਰ ਪੜ੍ਹਾਵੇ। ਅਗਰ ਉਹ ਐਸਾ ਕਰਨ ਵਿੱਚ ਕਾਮਯਾਬ ਨਹੀਂ ਹੁੰਦਾ ਤਾਂ ਉਹ ਵੀ ਸਹੀ ਆਗੂ ਨਹੀਂ ਹੈ। ਉਹ ਬਾਕੀ ਗੱਲਾਂ ਜੋ ਦੱਸੇਗਾ ਉਹ ਸੁਣਨ ਵਾਲੇ ਦੇ ਜੀਵਨ ਦਾ ਹਿੱਸਾ ਨਹੀਂ ਬਣਨਗੀਆਂ, ਵਕਤ ਪਾ ਕੇ ਭੁੱਲ ਜਾਣਗੀਆਂ। ਪਰ ਜਦੋਂ ਕੋਈ ਸਾਨੂੰ ਆਪਣੇ ਆਪ ਦੀ ਪਛਾਣ ਕਰਵਾ ਰਿਹਾ ਹੈ। ਉਹ ਸਾਰੀਆਂ ਗੱਲਾਂ ਅਸੀਂ ਆਪ ਵੀ ਅਪਣਾ ਲੈਂਦੇ ਹਾਂ ਅਤੇ ਦੂਜਿਆਂ ਨਾਲ ਸਾਂਝੀਆਂ ਕਰਨ ਜੋਗੇ ਵੀ ਹੋ ਜਾਂਦੇ ਹਾਂ। ਮਨੁੱਖ ਅਗਰ ਆਪਣੇ ਆਪ ਨੂੰ ਗਿਆਨੀ ਸਮਝਦਾ ਹੈ ਤਾਂ ਉਸ ਲਈ ਇਹ ਵੀ ਜ਼ਰੂਰੀ ਹੈ ਕਿ ਉਸ ਨੇ ਆਪਣੇ ਆਪ ਦੀ ਸ਼ਨਾਖ਼ਤ ਕਰ ਲਈ ਹੈ। ਸੋ ਆਪਣੀ ਵਿਦਵਤਾ ਦੀ ਘੋਸ਼ਣਾ ਕਰਨ ਤੋਂ ਪਹਿਲਾਂ ਅਸੀਂ ਇਹ ਦੇਖਣਾ ਹੈ ਕਿ ਕੀ ਅਸੀਂ ਆਪਣੇ ਅੰਦਰ ਹਾਜ਼ਰ ਰੱਬ ਦੀ ਹੋਂਦ ਸਵੀਕਾਰ ਕਰ ਲਈ ਹੈ ਜਾਂ ਨਹੀਂ ਕੀਤੀ। ਅਸੀਂ ਇਹ ਵੀ ਦੇਖ ਲੈਣਾ ਹੈ ਕਿ ਰੱਬ ਨੇ ਸਾਡੇ ਹਿੱਸੇ ਜੋ ਖ਼ਾਸ ਗੁਣ ਪ੍ਰਦਾਨ ਕੀਤੇ ਹਨ, ਕੀ ਸਾਨੂੰ ਉਨ੍ਹਾਂ ਦੀ ਪਛਾਣ ਹੋ ਗਈ ਹੈ ਕਿ ਨਹੀਂ ਹੋਈ ? ਜਦੋਂ ਤੱਕ ਅਸੀਂ ਇਨ੍ਹਾਂ ਦੋਹਾਂ ਸੱਚਾਈਆਂ ਦਾ ਪਤਾ ਨਹੀਂ ਲਗਾ ਸਕਾਂਗੇ, ਸਾਡਾ ਗਿਆਨ ਅਧੂਰਾ ਹੈ।

## ਜੋ ਕੁਝ ਵੀ ਸਾਨੂੰ ਮਿਲਦਾ ਹੈ ਰੱਬ ਦਿੰਦਾ ਹੈ

ਸਾਡੇ ਪਾਸ ਜੋ ਕੁਝ ਵੀ ਹੈ ਰੱਬ ਨੇ ਆਪ ਦਿੱਤਾ ਹੈ। ਸਿਰਫ਼ ਰੱਬ ਆਪ ਹੀ ਦਾਤਾ ਹੈ। ਬਾਕੀ ਜਿਸ ਰਾਹੀਂ ਸਾਨੂੰ ਕੁਝ ਮਿਲਦਾ ਹੈ, ਉਹ ਸਾਰੇ ਹੀ ਰੱਬ ਦੇ ਪਿਆਰੇ ਹਨ। ਜਦ ਤੱਕ ਰੱਬ ਹੁਕਮ ਨਾ ਕਰੇ ਕੋਈ ਕਿਸੇ ਦੀ ਮੱਦਦ ਨਹੀਂ ਕਰਦਾ। ਰੱਬ ਦੇ ਹੁਕਮ ਮੁਤਾਬਿਕ ਅਸੀਂ ਕਿਸੇ ਪਾਸ ਸਹਾਇਤਾ ਲਈ ਪੁੱਜਦੇ ਹਾਂ ਅਤੇ ਅਗਰ ਰੱਬ ਹੁਕਮ ਕਰਦਾ ਹੈ ਤਾਂ ਹੀ ਉਹ ਆਦਮੀ ਸਾਡੀ ਮੱਦਦ ਕਰਦਾ ਹੈ ਵਰਨਾ ਉਹ ਟਾਲ ਦਿੰਦਾ ਹੈ। ਅਸੀਂ ਵੀ ਉਸ ਆਦਮੀ

ਪਾਸ ਹੀ ਜਾਂਦੇ ਹਾਂ, ਜਿਸ ਪਾਸੋਂ ਸਾਨੂੰ ਉਮੀਦਾਂ ਹੁੰਦੀਆਂ ਹਨ। ਇਹ ਸਾਡੀ ਜਾਣ-ਪਛਾਣ ਦਾ ਘੇਰਾ ਵੀ ਰੱਬ ਨੇ ਆਪ ਬਣਾਇਆ ਹੈ। ਬਾਕੀ ਇਹ ਦੁਨੀਆਂ ਸਾਡੇ ਲਈ ਮਹਿਜ਼ ਇਕ ਭੀੜ ਹੈ। ਅਸੀਂ ਹਰ ਥਾਂ ਆਪਣੇ ਵਾਕਫ਼ ਬੰਦਿਆਂ ਦੀ ਭਾਲ ਕਰ ਰਹੇ ਹੁੰਦੇ ਹਾਂ। ਵੱਡੇ ਤੋਂ ਵੱਡੇ ਸ਼ਹਿਰ ਵਿੱਚ ਵੀ ਅਸੀਂ ਉਸ ਆਦਮੀ ਦੇ ਘਰ ਜਾ ਪੁੱਜਦੇ ਹਾਂ, ਜੋ ਸਾਡਾ ਵਾਕਫ਼ ਹੈ। ਸੋ ਕੁਦਰਤ ਨੇ ਸਾਡੇ ਲਈ ਦਾਤਾਂ ਨਿਸ਼ਚਿਤ ਕਰ ਰੱਖੀਆਂ ਹਨ ਅਤੇ ਉਨ੍ਹਾਂ ਬੰਦਿਆਂ ਦੀ ਸ਼ਨਾਖ਼ਤ ਵੀ ਕਰ ਰੱਖੀ ਹੈ ਜੋ ਸਾਨੂੰ ਕਦੀ ਮਿਲਣਗੇ, ਕੁਝ ਦੇ ਜਾਣਗੇ ਜਾਂ ਕੁਝ ਲੈ ਜਾਣਗੇ। ਇਸ ਤਰ੍ਹਾਂ ਕੁਦਰਤ ਅੰਦਰ ਬਖੇਰੀਆਂ ਨਿਆਮਤਾਂ ਵਿੱਚ ਸਾਡਾ ਹਿੱਸਾ ਵੀ ਪਿਆ ਹੈ। ਅਸੀਂ ਉਸ ਹਿੱਸੇ ਦੀ ਸ਼ਨਾਖ਼ਤ ਕਰਨੀ ਹੈ। ਸਿਆਣੇ ਆਖਦੇ ਹਨ ਕਿ ਰੱਬ ਸਿਰਫ਼ ਉਨ੍ਹਾਂ ਲੋਕਾਂ ਦੀ ਮੱਦਦ ਕਰਦਾ ਹੈ ਜੋ ਆਪਣੀ ਮੱਦਦ ਆਪ ਕਰਦੇ ਹਨ। ਅਰਥਾਤ ਅਸੀਂ ਰੱਬ ਦੀ ਮੱਦਦ ਪ੍ਰਾਪਤ ਕਰਨ ਦਾ ਸਿਲਸਿਲਾ ਸ਼ੁਰੂ ਕਰਨਾ ਹੈ। ਅਸੀਂ ਜਦ ਤੱਕ ਕੋਸ਼ਿਸ਼ ਨਹੀਂ ਕਰਦੇ, ਰੱਬ ਵੀ ਕੁਝ ਨਹੀਂ ਦਿੰਦਾ। ਇਸੇ ਕਰਕੇ ਆਖਿਆ ਜਾਂਦਾ ਹੈ ਕਿ ਕੰਮ ਹੀ ਪੂਜਾ ਹੈ।

## ਰੱਬ ਪਾਸ ਬੇਨਤੀ ਕਰਨ ਦੀ ਗੱਲ

ਰੱਬ ਨੇ ਸਾਨੂੰ ਕਿਤਨੀਆਂ ਹੀ ਨਿਆਮਤਾਂ ਦੇ ਰੱਖੀਆਂ ਹਨ ਪਰ ਸਾਡੇ ਸੁਪਨਿਆਂ ਦਾ ਸੰਸਾਰ ਬਹੁਤ ਹੀ ਵਿਸ਼ਾਲ ਹੈ। ਦੁਨੀਆਂ ਵਿੱਚ ਕੋਈ ਵੀ ਐਸਾ ਬੰਦਾ ਨਹੀਂ ਜਿਸ ਦੀਆਂ ਸਾਰੀਆਂ ਮੁਰਾਦਾਂ ਪੂਰੀਆਂ ਹੋ ਗਈਆਂ ਹੋਣ। ਇਹੀ ਕਾਰਨ ਹੈ ਰੱਬ ਪਾਸ ਬੇਨਤੀ ਕਰਨ ਵਾਲਿਆਂ ਦੀ ਗਿਣਤੀ ਵੱਧ ਗਈ ਹੈ ਅਤੇ ਲੋਕਾਂ ਦੀਆਂ ਅਰਦਾਸਾਂ ਵੀ ਲੰਬੀਆਂ ਹੋ ਗਈਆਂ ਹਨ। ਲੋਕਾਂ ਨੇ ਰੱਬ ਪਾਸ ਬੇਨਤੀ ਕਰਨ ਦੇ ਭਾਂਤ-ਭਾਂਤ ਦੇ ਢੰਗ ਤਰੀਕੇ ਲੱਭ ਲਏ ਹਨ। ਕੋਈ ਸਮਾਧੀਆਂ ਲਗਾਈ ਬੈਠਾ ਹੈ, ਕੋਈ ਪਾਠ ਕਰ ਰਿਹਾ ਹੈ, ਕੋਈ ਬੱਤੀਆਂ ਤੇ ਧੂਪਾਂ ਜਗਾ ਰਿਹਾ ਹੈ, ਕੋਈ ਸਾਜ ਵਜਾ ਕੇ ਗਾ ਰਿਹਾ ਹੈ, ਕੋਈ ਨੱਚ ਰਿਹਾ ਹੈ, ਕੋਈ ਲਾਊਡ ਸਪੀਕਰ ਲਗਾ ਕੇ ਉੱਚੀ-ਉੱਚੀ ਬੋਲ ਰਿਹਾ ਹੈ, ਕੋਈ ਭੁੱਖਾ ਰਹਿ ਰਿਹਾ ਹੈ, ਕੋਈ ਦਾਨ ਕਰ ਰਿਹਾ ਹੈ, ਕੋਈ ਕੁਝ ਅਤੇ ਕੋਈ ਕੁਝ। ਪਰ ਰੱਬ ਪਾਸ ਬੇਨਤੀ ਕਰਨ ਤੋਂ ਪਹਿਲਾਂ ਸਾਨੂੰ ਇਹ ਗੱਲ ਵੀ ਸੋਚਣੀ ਚਾਹੀਦੀ ਹੈ ਕਿ ਅਸੀਂ ਰੱਬ ਪਾਸੋਂ ਜੋ ਕੁਝ ਵੀ ਮੰਗ ਰਹੇ ਹਾਂ, ਕੀ ਅਸੀਂ ਉਸ ਦੇ ਹੱਕਦਾਰ ਵੀ ਹਾਂ ਜਾਂ ਐਵੇਂ ਹੀ ਰੱਬ ਪਾਸ ਆ ਖਲੋਤੇ ਹਾਂ। ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਰੱਬ ਸਿਰਫ਼ ਸਾਡਾ ਬਣਦਾ ਹੱਕ ਦਿੰਦਾ ਹੈ। ਸਾਡੀਆਂ ਸਿਰਫ਼ ਉਹੀ ਮੁਰਾਦਾਂ ਪੂਰੀਆਂ ਹੁੰਦੀਆਂ ਹਨ ਜਿਨ੍ਹਾਂ ਮੁਰਾਦਾਂ ਦੇ ਅਸੀਂ ਹੱਕਦਾਰ ਹੁੰਦੇ ਹਾਂ। ਸੋ ਰੱਬ ਪਾਸ ਅਰਦਾਸ ਕਰਨ ਤੋਂ ਪਹਿਲਾਂ ਸਾਨੂੰ ਆਪਣੇ ਆਪ ਉੱਤੇ ਨਜ਼ਰ ਮਾਰ ਕੇ ਇਹ ਫ਼ੈਸਲਾ ਜ਼ਰੂਰ ਕਰ ਲੈਣਾ ਚਾਹੀਦਾ ਹੈ ਕਿ ਅਸੀਂ ਇਹ ਅਰਦਾਸ ਕਰਨ ਦਾ ਹੱਕ ਰੱਖਦੇ ਹਾਂ ਜਾਂ ਨਹੀਂ ਰੱਖਦੇ, ਬੇਹੱਕੀਆਂ ਅਰਦਾਸਾਂ ਕਦੀ ਵੀ ਪੂਰੀਆਂ ਨਹੀਂ ਹੁੰਦੀਆਂ।

## ਕੂਕਾਂ ਨਾ ਮਾਰੋ

ਕੂਕਾਂ ਮਾਰਨ ਦੀ ਜ਼ਰੂਰਤ ਨਹੀਂ ਹੈ। ਅਸੀਂ ਜੋ ਕੁਝ ਹਾਂ ਉਸ ਦਾ ਸਾਡੇ ਆਲੇ-ਦੁਆਲੇ ਵਸਦੇ ਸਾਰੇ ਲੋਕਾਂ ਨੂੰ ਪਤਾ ਹੈ। ਕਿਸੇ ਪਾਸੋਂ ਕੁਝ ਵੀ ਭੁੱਲਿਆ ਹੋਇਆ ਨਹੀਂ ਹੈ। ਅਸੀਂ ਆਪ ਵੀ ਆਪਣੇ ਆਪ ਬਾਰੇ ਸਾਰਾ ਕੁਝ ਜਾਣਦੇ ਹਾਂ। ਜਿਉਂ-ਜਿਉਂ ਸਾਡੀ ਆਵਾਜ਼ ਉੱਚੀ ਹੁੰਦੀ ਹੈ, ਤਿਉਂ-ਤਿਉਂ ਅਸੀਂ ਗ਼ਲਤ ਹੁੰਦੇ ਹਾਂ। ਸੱਚੀ ਗੱਲ ਦੂਜਿਆਂ

ਤੱਕ ਪੁਚਾਉਣ ਲਈ ਕੂਕਾਂ ਨਹੀਂ ਮਾਰਨੀਆਂ ਪੈਂਦੀਆਂ। ਬਹੁਤ ਹੀ ਆਸਾਨੀ ਨਾਲ ਸਾਡੀ ਗੱਲ ਦੂਜਿਆਂ ਤੱਕ ਪੁੱਜ ਜਾਂਦੀ ਹੈ, ਫਿਰ ਅਸੀਂ ਉੱਚੀ ਕਿਉਂ ਬੋਲਦੇ ਹਾਂ ? ਅਸੀਂ ਐਵੇਂ ਹੀ ਜ਼ੋਰ ਲਗਾ ਕੇ ਦੂਜਿਆਂ ਨੂੰ ਕੁਝ ਆਖਣ ਦੀ ਕੋਸ਼ਿਸ਼ ਪਏ ਕਰਦੇ ਹਾਂ। ਅਸੀਂ ਗ਼ਲਤੀ ਉੱਤੇ ਹਾਂ। ਇਹ ਦੁਨੀਆਂ ਸਾਰੀ ਦੀ ਸਾਰੀ ਮੂਰਖਾਂ ਦੀ ਨਹੀਂ ਹੈ ਅਤੇ ਨਾ ਹੀ ਇਹ ਇਕ ਸੱਚਾਈ ਹੈ, ਕਿ ਅਸੀਂ ਹੀ ਦੁਨੀਆਂ ਦੇ ਸਭ ਤੋਂ ਸਿਆਣੇ ਬੰਦੇ ਪੈਦਾ ਹੋ ਆਏ ਹਾਂ। ਸਾਨੂੰ ਇਹ ਗੱਲ ਸਵੀਕਾਰ ਕਰ ਲੈਣੀ ਚਾਹੀਦੀ ਹੈ ਕਿ ਇੱਥੇ ਕੋਈ ਵੀ ਮੂਰਖ ਨਹੀਂ ਹੈ। ਕੋਈ ਵੀ ਬੰਦਾਂ ਸਾਡੀ ਗੱਲ ਸੁਣਨ ਲਈ ਤਿਆਰ ਨਹੀਂ ਹੈ। ਹਰ ਕੋਈ ਆਪਣੇ ਗਿਆਨ ਉੱਤੇ ਮਾਣ ਕਰੀ ਬੈਠਾ ਹੈ।

## ਭੋਗ ਵਿਲਾਸ

ਅਸੀਂ ਮਨੁੱਖ ਹਾਂ ਅਤੇ ਜੋ ਵੀ ਸਰੀਰਕ ਭੋਗ ਵਿਲਾਸ ਹਨ, ਸਾਨੂੰ ਕਰਨੇ ਪੈਂਦੇ ਹਨ ਪਰ ਹਰ ਗੱਲ ਦੀਆਂ ਸੀਮਾਵਾਂ ਹੋਣੀਆਂ ਚਾਹੀਦੀਆਂ ਹਨ। ਸਾਨੂੰ ਕਿਸੇ ਮਿੱਥੇ ਜ਼ਾਬਤੇ ਵਿੱਚ ਰਹਿਣਾ ਪੈਂਦਾ ਹੈ, ਹੱਦਾਂ ਬੰਨੇ ਟੱਪਣ ਦਾ ਨਾ ਤਾਂ ਸਾਡਾ ਹੱਕ ਹੈ ਅਤੇ ਨਾ ਹੀ ਐਸਾ ਰਸਤਾ ਠੀਕ ਹੀ ਹੈ। ਕੁਲ ਮਿਲਾ ਕੇ ਇਕ ਪਤੀ ਅਤੇ ਇਕ ਪਤਨੀ ਦਾ ਤਰੀਕਾ ਨਿਸ਼ਚਿਤ ਕੀਤਾ ਗਿਆ ਹੈ। ਗ੍ਰਹਿਸਤ ਆਸ਼ਰਮ ਦਾ ਸੁੱਖ ਆਨੰਦ ਮਾਣਨਾ ਹੈ ਅਸੀਂ। ਅਸੀਂ ਉਹ ਕੋਈ ਕਾਰਵਾਈ ਨਹੀਂ ਕਰਨੀ ਜੋ ਗ੍ਰਹਿਸਤ ਦਾ ਸਾਰਾ ਸਵਾਦ ਹੀ ਗਵਾ ਦੇਵੇ। ਵਾਜਬ ਔਲਾਦ ਦਾ ਸਿਧਾਂਤ ਵੀ ਅੱਜ ਅਪਣਾ ਲਿਆ ਗਿਆ ਹੈ। ਹੱਦਾਂ ਬੰਨ੍ਹੇ ਟੱਪਣ ਵਾਲਾ ਚਾਹੇ ਮਰਦ ਹੋਵੇ ਅਤੇ ਚਾਹੇ ਔਰਤ ਹੋਵੇ ਉਹ ਆਪ ਵੀ ਬਦਨਾਮ ਹੁੰਦਾ ਹੈ ਅਤੇ ਪਰਿਵਾਰ ਦੀ ਸ਼ਾਂਤੀ, ਪਿਆਰ ਅਤੇ ਸਲੀਕਾ ਵੀ ਗਵਾ ਲੈਂਦਾ ਹੈ। ਵਾਜਬ ਭੋਗ ਵਿਲਾਸ ਆਨੰਦ ਦਾ ਕਾਰਨ ਬਣਦਾ ਹੈ ਪਰ ਵਾਧੂ ਭੋਗ ਵਿਲਾਸ ਸੌ ਕਿਸਮ ਦੀਆਂ ਮੁਸੀਬਤਾਂ ਲੈ ਕੇ ਆਉਂਦਾ ਹੈ।

## ਸਦਾ ਖੋਜੀ ਬਣੇ ਰਹੋ

ਰੱਬ ਨੇ ਖੋਜ ਕਰਨ ਦੀ ਸ਼ਕਤੀ ਸਾਨੂੰ ਦੇ ਰੱਖੀ ਹੈ। ਇਹ ਖੋਜ ਜਾਰੀ ਰਹਿਣੀ ਚਾਹੀਦੀ ਹੈ। ਇਸ ਸੰਸਾਰ ਵਿੱਚ ਅੱਜ ਜੋ ਵੀ ਸੁੱਖ ਅਤੇ ਆਨੰਦ ਅਸੀਂ ਭੋਗ ਰਹੇ ਹਾਂ, ਇਹ ਸਾਰੀਆਂ ਸੁਵਿਧਾਵਾਂ ਖੋਜੀਆਂ ਨੇ ਕੱਢ ਦਿਖਾਈਆਂ ਹਨ। ਇਸ ਕੁਦਰਤ ਰਾਣੀ ਅੰਦਰ ਹਾਲਾਂ ਵੀ ਬਹੁਤ ਕੁਝ ਛੁਪਿਆ ਪਿਆ ਹੈ। ਖੋਜ ਜਾਰੀ ਹੈ। ਅਸੀਂ ਚੰਦਰਮਾ ਤੱਕ ਹੋ ਆਏ ਹਾਂ ਅਤੇ ਉੱਥੇ ਜਾ ਕੇ ਵਸਣ ਦੀਆਂ ਤਿਆਰੀਆਂ ਪਏ ਕਰਦੇ ਹਾਂ। ਅਸੀਂ ਬਹੁਤ ਕੁਝ ਸੁੱਖ ਦੇ ਸਾਮਾਨ ਪੈਦਾ ਕੀਤੇ ਹਨ। ਬਿਮਾਰੀਆਂ ਦੇ ਇਲਾਜ ਕੱਢੇ ਹਨ। ਅਸੀਂ ਦੂਰ-ਦੂਰ ਤੱਕ ਜਾ ਸਕਦੇ ਹਾਂ, ਅਸੀਂ ਦੂਰ-ਦੂਰ ਤੱਕ ਦੀਆਂ ਘਟਨਾਵਾਂ ਘਰ ਬੈਠੇ ਦੇਖ ਸਕਦੇ ਹਾਂ, ਸੁਣ ਸਕਦੇ ਹਾਂ। ਅਸੀਂ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਬੈਠੇ ਆਦਮੀ ਨਾਲ ਗੱਲਾਂ ਕਰ ਸਕਦੇ ਹਾਂ। ਅਸੀਂ ਆਪ ਵੀ ਖੋਜ ਕਰਨੀ ਹੈ, ਆਪਣੇ ਅੰਦਰ ਵੀ ਝਾਤੀ ਮਾਰਨੀ ਹੈ। ਸਾਡੇ ਅੰਦਰ ਵੀ ਵੱਡੀਆਂ ਸੰਭਾਵਨਾਵਾਂ ਮੌਜੂਦ ਹਨ। ਅਸੀਂ ਬਾਹਰ ਤਾਂ ਮਸਾਂ ਚੌਥਾ ਹਿੱਸਾ ਹਾਂ, ਤਿੰਨ ਚੌਥਾਈ ਹਿੱਸਾ ਸਾਡੇ ਅੰਦਰਲੇ ਸੰਸਾਰ ਵਿੱਚ ਹੈ। ਅਸੀਂ ਉਸ ਸੰਸਾਰ ਦੀ ਖੋਜ ਕਰਨੀ ਹੈ। ਉਸ ਸੰਸਾਰ ਦੀ ਖੋਜ ਕਰਕੇ ਹੀ ਸਾਨੂੰ ਪਤਾ ਲੱਗੇਗਾ ਕਿ ਵਿਧਾਤਾ ਨੇ ਸਾਡੀ ਹੋਂਦ ਕਿਸ ਕਾਰਨ ਸਥਾਪਿਤ ਕੀਤੀ ਹੈ। ਜਦੋਂ ਤੱਕ ਅਸੀਂ ਆਪਣੇ ਅੰਦਰਲੇ ਸੰਸਾਰ ਦੀ

ਪਛਾਣ ਨਹੀਂ ਕਰ ਲੈਂਦੇ, ਸਾਡੀ ਖੋਜ ਅਧੂਰੀ ਹੈ। ਉੱਥੇ ਹੀ ਸਾਨੂੰ ਰੱਬ ਵੀ ਹਾਜ਼ਰ ਮਿਲ ਪਵੇਗਾ ਅਤੇ ਸਾਡੀ ਭਟਕਣ ਖ਼ਤਮ ਹੋ ਜਾਵੇਗੀ।

## ਹਰੇਕ ਵਿੱਚ ਰੱਬ ਨੂੰ ਹਾਜ਼ਰ ਜਾਣੋ

ਰੱਬ ਹਰੇਕ ਮਨੁੱਖ ਅੰਦਰ ਵਸਦਾ ਹੈ ਅਤੇ ਇਸ ਕਰਕੇ ਅਸੀਂ ਹਰੇਕ ਆਦਮੀ ਅੰਦਰ ਰੱਬ ਦੀ ਹਾਜ਼ਰੀ ਪ੍ਰਵਾਨ ਕਰਨੀ ਹੈ। ਜਦੋਂ ਅਸੀਂ ਹਰੇਕ ਆਦਮੀ ਅੰਦਰ ਰੱਬ ਦੀ ਹਾਜ਼ਰੀ ਪ੍ਰਵਾਨ ਕਰਦੇ ਹਾਂ ਤਾਂ ਆਦਮੀ ਤੋਂ ਆਦਮੀ ਤੱਕ ਦੀਆਂ ਦੂਰੀਆਂ ਖ਼ਤਮ ਹੋ ਜਾਂਦੀਆਂ ਹਨ, ਕੋਈ ਓਪਰਾ ਨਹੀਂ ਰਹਿੰਦਾ, ਕੋਈ ਪਰਾਇਆ ਨਹੀਂ ਰਹਿੰਦਾ। ਹਰ ਕੋਈ ਸਾਡਾ ਆਪਣਾ-ਆਪਣਾ ਨਜ਼ਰ ਆਉਣ ਲੱਗ ਪੈਂਦਾ ਹੈ। ਸਾਡੇ ਆਪਣੇ ਅੰਦਰ ਵੀ ਰੱਬ ਹਾਜ਼ਰ ਹੈ। ਅਸੀਂ ਸਾਰੇ ਹੀ ਰੱਬ ਦੇ ਹਿੱਸੇ ਹਾਂ। ਅਸੀਂ ਅਗਰ ਧਿਆਨ ਨਾਲ ਦੇਖੀਏ ਤਾਂ ਸਾਨੂੰ ਇਹ ਸਪੱਸ਼ਟ ਹੋ ਆਉਂਦਾ ਹੈ ਕਿ ਸਾਡੀਆਂ ਬਹੁਤੀਆਂ ਮੁਸੀਬਤਾਂ ਸਿਰਫ਼ ਇਸ ਕਰਕੇ ਆ ਬਣੀਆਂ ਹਨ ਕਿਉਂਕਿ ਅਸੀਂ ਹਰੇਕ ਅੰਦਰ ਪਰਮ ਪਿਤਾ ਪ੍ਰਮਾਤਮਾ ਦੀ ਹੋਂਦ ਸਵੀਕਾਰ ਨਹੀਂ ਕਰ ਰਹੇ ਅਤੇ ਇਹ ਸੋਚਣ ਲੱਗ ਪੈਂਦੇ ਹਾਂ ਕਿ ਸਾਡੇ ਸਾਹਮਣੇ ਖਲੋਤਾ ਆਦਮੀ ਬਹੁਤ ਹੀ ਬੁਰਾ ਆਦਮੀ ਹੈ। ਇਸ ਅੰਦਰ ਸ਼ੈਤਾਨ ਵਸਦਾ ਹੈ ਅਤੇ ਇਹ ਆਦਮੀ ਸਾਡਾ ਬਹੁਤ ਵੱਡਾ ਨੁਕਸਾਨ ਕਰ ਸਕਦਾ ਹੈ। ਅਸੀਂ ਉਸ ਨਾਲ ਹਮਦਰਦੀ ਰੱਖਣ ਦੀ ਬਜਾਏ ਉਸ ਪਾਸੋਂ ਡਰਨ ਲੱਗ ਪੈਂਦੇ ਹਾਂ।

ਅਸੀਂ ਤਾਂ ਉਸ ਪਾਸੋਂ ਆਪਣੇ ਬਚ ਬਚਾਓ ਦੀਆਂ ਗੱਲਾਂ ਸੋਚਣ ਲੱਗ ਪੈਂਦੇ ਹਾਂ ਅਤੇ ਫਿਰ ਦਿਲ ਨੂੰ ਦਿਲ ਨਾਲ ਰਾਹ ਵਾਲੀ ਗੱਲ ਬਣ ਜਾਂਦੀ ਹੈ। ਪਿਆਰ ਕਰੋ ਤੇ ਪਿਆਰ ਪਾਉਣ ਵਾਲੀ ਗੱਲ ਬਦਲ ਕੇ ਨਫ਼ਰਤ ਕਰੋ ਅਤੇ ਨਫ਼ਰਤ ਪਾਉ ਵਿੱਚ ਬਦਲ ਜਾਂਦੀ ਹੈ। ਅਸੀਂ ਇਕ ਦੂਜੇ ਨਾਲ ਵਧੀਆ ਸੰਬੰਧ ਪੈਦਾ ਕਰਨ ਦੀ ਬਜਾਏ ਉਸ ਤੋਂ ਦੂਰੀਆਂ ਸਥਾਪਿਤ ਕਰਨ ਲੱਗ ਪੈਂਦੇ ਹਾਂ ਅਤੇ ਕਦੀ ਵੀ ਉਸ ਦਾ ਭਲਾ ਸੋਚਣ ਦੀ ਕਿਰਿਆ ਹੀ ਸਾਡੇ ਅੰਦਰੋਂ ਖ਼ਤਮ ਹੋ ਜਾਂਦੀ ਹੈ। ਅੱਜ ਅਗਰ ਅਸੀਂ ਨੀਝ ਲਗਾ ਕੇ ਦੇਖਦੇ ਹਾਂ ਤਾਂ ਸਾਨੂੰ ਕਿਸੇ ਉੱਤੇ ਵਿਸ਼ਵਾਸ ਕਰਨ ਤੋਂ ਪਹਿਲਾਂ ਹਜ਼ਾਰ ਵਾਰ ਸੋਚਣਾ ਪੈਂਦਾ ਹੈ। ਧੋਖਾਦੇਹੀ ਆਮ ਹੈ। ਲੋਕੀਂ ਇਕ ਦੂਜੇ ਦਾ ਮਾਲ ਚੁਰਾ ਰਹੇ ਹਨ, ਠੱਗੀਆਂ ਮਾਰ ਰਹੇ ਹਨ। ਹਰੇਕ ਵਿੱਚ ਰੱਬ ਦੀ ਹਾਜ਼ਰੀ ਦੀ ਬਜਾਏ ਸ਼ੈਤਾਨ ਦਾ ਵਾਸਾ ਹੋ ਗਿਆ ਹੈ। ਇਹੀ ਅੱਜ ਦੇ ਜੀਵਨ ਦਾ ਦੁਖਾਂਤ ਹੈ।

## ਅਸੀਂ ਚੰਗੇ ਮੰਦੇ ਰੱਬ ਦੇ ਘੜੇ ਹੋਏ ਹਾਂ

ਕੋਈ ਖ਼ੂਬਸੂਰਤ ਹੈ ਤੇ ਕੋਈ ਬਦਸੂਰਤ ਹੈ ਪਰ ਨਾ ਤਾਂ ਸੁੰਦਰ ਆਦਮੀ ਵਧੀਆ ਹੈ ਅਤੇ ਨਾ ਹੀ ਅਸੀਂ ਨਿਸ਼ਚੇ ਨਾਲ ਆਖ ਸਕਦੇ ਹਾਂ ਕਿ ਹਰੇਕ ਬਦਸੂਰਤ ਆਦਮੀ ਮਾੜਾ ਹੁੰਦਾ ਹੈ। ਸਾਨੂੰ ਕਿੰਨਾ ਕੁਝ ਇਹ ਪਤਾ ਲੱਗ ਜਾਂਦਾ ਹੈ ਕਿ ਕੌਣ ਕਿਤਨੇ ਪਾਣੀ ਵਿੱਚ ਹੈ। ਸਾਡੀਆਂ ਅੱਖਾਂ ਨੂੰ ਜੋ ਕੁਝ ਵੀ ਖ਼ੂਬਸੂਰਤ ਲੱਗਦਾ ਹੈ, ਇਹ ਲਾਜ਼ਮੀ ਨਹੀਂ ਹੈ ਕਿ ਉਹ ਬਹੁਤ ਚੰਗਾ ਹੋਵੇ। ਰੱਬ ਨੇ ਸਾਰੇ ਬੰਦੇ ਆਪ ਬਣਾਏ ਹਨ ਅਤੇ ਆਪਣੇ ਹਿਸਾਬ ਨਾਲ ਹਰੇਕ ਵਿੱਚ ਗੁਣਾਂ ਦਾ ਸੰਚਾਰ ਵੀ ਕੀਤਾ ਹੈ। ਕਈਆਂ ਦੀ ਸੂਰਤ ਵਧੀਆ, ਕਈਆਂ ਦੀ ਸੀਰਤ ਵਧੀਆ ਹੈ। ਰਾਹ ਪਿਆ ਜਾਣੀਏ ਜਾਂ ਵਾਹ ਪਿਆ ਜਾਣੀਏ। ਹਰੇਕ ਆਦਮੀ ਦੇ ਗੁਣਾਂ ਦਾ ਪਤਾ ਲੱਗਣ ਬਾਅਦ ਅਸੀਂ ਆਪ ਫ਼ੈਸਲਾ ਕਰਦੇ ਹਾਂ ਕਿ ਸਾਨੂੰ ਕੌਣ ਚੰਗਾ

ਲੱਗਦਾ ਹੈ। ਸਾਡੇ ਅੰਦਰ ਰੱਬ ਵਸਦਾ ਹੈ ਅਤੇ ਉਹੀ ਸਾਡੇ ਲਈ ਵਧੀਆ ਬੰਦਿਆਂ ਦੀ ਚੋਣ ਕਰਦਾ ਹੈ, ਸ਼ਨਾਖ਼ਤ ਕਰਦਾ ਹੈ ਅਤੇ ਅਸੀਂ ਉਸ ਨੂੰ ਪਿਆਰ ਕਰਨ ਲੱਗ ਪੈਂਦੇ ਹਾਂ। ਇਹ ਪਿਆਰ ਉੱਥੇ ਹੀ ਜਾ ਕੇ ਪੈਂਦਾ ਹੈ ਜੋ ਆਦਮੀ ਸਾਨੂੰ ਦਿਲੋਂ ਚੰਗਾ ਲੱਗਦਾ ਹੈ। ਜਦੋਂ ਕੋਈ ਆਦਮੀ ਸਾਨੂੰ ਦਿਲੋਂ ਚੰਗਾ ਲੱਗਦਾ ਹੈ ਤਾਂ ਅਸੀਂ ਉਸ ਦੇ ਸਾਰੇ ਔਗੁਣ ਬਖ਼ਸ਼ ਦਿੰਦੇ ਹਾਂ। ਅਸੀਂ ਅਗਰ ਹਰੇਕ ਵਿੱਚ ਪ੍ਰਮਾਤਮਾ ਦੀ ਹਾਜ਼ਰੀ ਪ੍ਰਵਾਨ ਕਰ ਲੈਂਦੇ ਹਾਂ ਤਾਂ ਨਫ਼ਰਤ ਦੀ ਭਾਵਨਾ ਜਾਂਦੀ ਰਹਿੰਦੀ ਹੈ। ਇਹ ਨਫ਼ਰਤ ਹੀ ਹੈ ਜੋ ਸੌ ਬੁਰਾਈਆਂ ਦੀ ਜੜ੍ਹ ਹੈ। ਜਦੋਂ ਕੋਈ ਬੇਗਾਨਾ ਨਹੀਂ ਰਹਿੰਦਾ ਤਾਂ ਹਰ ਪਾਸੇ ਆਨੰਦ ਹੀ ਆਨੰਦ ਵਾਪਰ ਜਾਂਦਾ ਹੈ। ਸੋ ਅਸੀਂ ਅਭਿਆਸ ਕਰਨਾ ਹੈ, ਹਰੇਕ ਨੂੰ ਰੱਬ ਦਾ ਬਣਾਇਆ ਬੰਦਾ ਸਮਝ ਕੇ ਉਸ ਦੇ ਗੁਣ ਅਤੇ ਔਗੁਣਾਂ ਨੂੰ ਪਿਆਰ ਕਰਨਾ ਹੈ, ਰੱਬ ਦੀ ਕਿਰਤ ਉੱਤੇ ਕਿੰਤੂ-ਪ੍ਰੰਤੂ ਕਰਨਾ ਰੱਬ ਦੀ ਤੌਹੀਨ ਹੈ, ਪਾਪ ਹੈ।

## ਰੱਬ ਆਪ ਹੀ ਸਭ ਕੁਝ ਹੈ

ਜਦੋਂ ਅਸੀਂ ਇਹ ਗੱਲ ਪ੍ਰਵਾਨ ਕਰ ਲੈਂਦੇ ਹਾਂ ਕਿ ਹਰੇਕ ਸ਼ੈਅ ਰੱਬ ਨੇ ਆਪ ਬਣਾਈ ਹੈ ਅਤੇ ਰੱਬ ਆਪ ਹਰ ਥਾਂ ਹਾਜ਼ਰ ਹੈ ਤਾਂ ਅਸੀਂ ਰੱਬ ਦੀ ਹਰ ਕਿਰਤੀ ਵਿੱਚ ਰੱਬ ਦੀ ਹਾਜ਼ਰੀ ਪ੍ਰਵਾਨ ਕਰ ਲੈਂਦੇ ਹਾਂ। ਸਾਰੀ ਕਾਇਨਾਤ ਹੀ ਰੱਬ ਹੈ, ਕੁਦਰਤ ਦੇ ਹਰ ਜ਼ੱਰੇ ਵਿੱਚ ਰੱਬ ਮੌਜੂਦ ਹੈ। ਰੱਬ ਆਪ ਹੀ ਇਸ ਸ੍ਰਿਸ਼ਟੀ ਵਿੱਚ ਹਾਜ਼ਰ ਰਹਿੰਦਾ ਹੈ। ਅਸੀਂ ਵੀ ਰੱਬ ਦੀ ਕ੍ਰਿਤੀ ਹਾਂ ਅਤੇ ਰੱਬ ਸਾਡੇ ਅੰਦਰ ਵੀ ਮੌਜੂਦ ਹੈ। ਰੱਬ ਅਤੇ ਸਾਡੇ ਵਿਚਕਾਰ ਕੋਈ ਅੰਤਰ ਨਹੀਂ ਹੈ। ਅਸੀਂ ਜੋ ਕੁਝ ਵੀ ਕਰ ਰਹੇ ਹਾਂ ਜਾਂ ਜੋ ਕੁਝ ਵੀ ਇਸ ਬ੍ਰਹਿਮੰਡ ਵਿੱਚ ਹੋ ਰਿਹਾ ਹੈ, ਇਹ ਸਾਰਾ ਕੁਝ ਰੱਬ ਦੇ ਹੁਕਮ ਨਾਲ ਹੋ ਰਿਹਾ ਹੈ। ਅਸੀਂ ਰੱਬ ਦੇ ਹੁਕਮ ਨਾਲ ਆਉਂਦੇ ਹਾਂ, ਰੱਬ ਦੇ ਹੁਕਮ ਨਾਲ ਹੀ ਜਿਊਂਦੇ ਹਾਂ, ਰੱਬ ਦੇ ਹੁਕਮ ਨਾਲ ਸਾਡੀ ਹੋਂਦ ਕਾਇਮ ਹੁੰਦੀ ਹੈ ਅਤੇ ਜਦੋਂ ਰੱਬ ਚਾਹੇ ਇਹ ਸਾਰਾ ਬ੍ਰਹਿਮੰਡ ਖ਼ਤਮ ਹੋ ਜਾਂਦਾ ਹੈ। ਇਸ ਬ੍ਰਹਿਮੰਡ ਦੀ ਕਈ ਵਾਰੀ ਰੱਬ ਨੇ ਆਪ ਸਥਾਪਨਾ ਕੀਤੀ ਹੈ। ਰੱਬ ਨੇ ਕਈ ਵਾਰੀ ਇਸ ਬ੍ਰਹਿਮੰਡ ਨੂੰ ਖ਼ਤਮ ਕੀਤਾ ਹੈ। ਕਦੀ ਬ੍ਰਹਿਮੰਡ ਉਸਰਦਾ ਹੈ, ਕਦੀ ਇਹ ਖ਼ਤਮ ਹੋ ਜਾਂਦਾ ਹੈ। ਰੱਬ ਆਪਣੇ ਰੂਪ ਬਦਲਦਾ ਰਹਿੰਦਾ ਹੈ ਪਰ ਰੱਬ ਹਰ ਯੁੱਗ ਵਿੱਚ ਹਾਜ਼ਰ ਹੈ। ਉਹ ਆਪ ਆਪਣੀ ਕਾਇਨਾਤ ਤੋਂ ਕਦੀ ਦੂਰ ਨਹੀਂ ਜਾਂਦਾ। ਸਦਾ ਹੀ ਇਸ ਵਿੱਚ ਹਾਜ਼ਰ ਰਹਿੰਦਾ ਹੈ। ਚੰਗੇ ਆਦਮੀਆਂ ਵਿੱਚ ਵੀ ਰੱਬ ਹਾਜ਼ਰ ਹੈ। ਅਸੀਂ ਜਿਨ੍ਹਾਂ ਨੂੰ ਮਾੜੇ ਆਦਮੀ ਸਮਝਦੇ ਹਾਂ, ਉਨ੍ਹਾਂ ਵਿੱਚ ਵੀ ਰੱਬ ਹਾਜ਼ਰ ਹੈ। ਕੋਈ ਸ਼ੈਅ ਰੱਬ ਦੀ ਹੋਂਦ ਤੋਂ ਆਜ਼ਾਦ ਨਹੀਂ ਹੈ।

## ਪੀੜ ਪਰਾਈ

ਅਸੀਂ ਆਪਣੇ ਦੁੱਖਾਂ ਦੀ ਗੱਲ ਜਾਣਦੇ ਹਾਂ, ਅਸੀਂ ਆਪਣੇ ਦੁੱਖ ਦੂਰ ਕਰਨ ਦੇ ਢੰਗ ਤਰੀਕੇ ਵੀ ਲੱਭਦੇ ਰਹਿੰਦੇ ਹਾਂ। ਬਹੁਤ ਘੱਟ ਲੋਕੀਂ ਹਨ ਜੋ ਦੂਜਿਆਂ ਦੀ ਪੀੜਾ ਦਾ ਅੰਦਾਜ਼ਾ ਲਗਾ ਸਕਦੇ ਹਨ। ਕਈ ਵਾਰੀ ਆਪ ਸੁੱਖ ਪ੍ਰਾਪਤ ਕਰਦੇ-ਕਰਦੇ ਹੋਰਾਂ ਲਈ ਪੀੜਾ ਪੈਦਾ ਕਰ ਬੈਠਦੇ ਹਾਂ। ਅਸੀਂ ਸੁੱਖ ਪ੍ਰਾਪਤ ਕਰ ਲੈਂਦੇ ਹਾਂ। ਉਹ ਵਿਚਾਰਾ ਪੀੜਾ ਵਿੱਚ ਘਿਰ ਜਾਂਦਾ ਹੈ, ਅਸੀਂ ਇੱਥੇ ਆ ਕੇ ਗ਼ਲਤ ਹਾਂ। ਆਪਣੇ ਲਈ ਸੁੱਖਾਂ ਦੀਆਂ ਘੜੀਆਂ ਪੈਦਾ ਕਰਨ ਲਈ ਸਾਨੂੰ ਸੰਘਰਸ਼ ਕਰਨ ਦੀ ਖੁੱਲ੍ਹ ਹੈ ਪਰ ਕਿਸੇ ਹੋਰ ਦਾ ਨੁਕਸਾਨ ਕਰਕੇ ਅਤੇ ਕਿਸੇ ਨੂੰ ਦੁਖਿਆਰਾ ਬਣਾ ਕੇ ਅਗਰ ਅਸੀਂ ਸੁੱਖ ਪ੍ਰਾਪਤ ਕੀਤਾ ਹੈ

ਤਾਂ ਐਸਾ ਕਰਨਾ ਰੱਬ ਦੀ ਦਰਗਾਹ ਵਿੱਚ ਵੀ ਸਾਨੂੰ ਦੋਸ਼ੀ ਕਰਾਰ ਦੇਵੇਗਾ। ਅਸੀਂ ਆਪ ਸੁੱਖ ਪ੍ਰਾਪਤ ਕਰਨ ਦਾ ਅਧਿਕਾਰ ਰੱਖਦੇ ਹਾਂ ਪਰ ਕਿਸੇ ਨੂੰ ਦੁੱਖੀ ਕਰਨ ਦਾ ਸਾਨੂੰ ਕੋਈ ਅਧਿਕਾਰ ਨਹੀਂ ਹੈ। ਕਿਸੇ ਨੂੰ ਦੁਖਿਆਰਾ ਕਰਕੇ ਅਗਰ ਅਸੀਂ ਆਪ ਸੁੱਖ ਪ੍ਰਾਪਤ ਕਰਨ ਦਾ ਯਤਨ ਕਰਦੇ ਹਾਂ ਤਾਂ ਐਸੀ ਖ਼ੁਸ਼ੀ ਬਨਾਵਟੀ ਹੈ। ਅਸੀਂ ਸੰਪੂਰਨ ਖ਼ੁਸ਼ੀ ਪ੍ਰਾਪਤ ਨਹੀਂ ਕਰ ਸਕਦੇ। ਅਗਰ ਅਸੀਂ ਇਨਸਾਨ ਹਾਂ ਅਤੇ ਸਾਡੇ ਅੰਦਰ ਇਕ ਇਨਸਾਨ ਦਾ ਦਿਲ ਹੈ ਤਾਂ ਅਸੀਂ ਆਪਣੇ ਆਪ ਸਾਹਮਣੇ ਹੀ ਦੋਸ਼ੀ ਬਣ ਜਾਂਦੇ ਹਾਂ। ਅਸੀਂ ਆਪਣੇ ਆਪ ਨੂੰ ਅਪਰਾਧੀ ਸਮਝਣ ਲੱਗ ਪੈਂਦੇ ਹਾਂ। ਖ਼ੁਸ਼ੀ ਜੋ ਸਾਨੂੰ ਮਿਲੀ ਹੁੰਦੀ ਹੈ, ਦੂਜਿਆਂ ਦੀ ਪੀੜਾ ਦੇਖ ਕੇ ਸਾਰੀ ਖ਼ੁਸ਼ੀ ਉੜਪੁੜ ਜਾਂਦੀ ਹੈ। ਸੋ ਅਸੀਂ ਜਦ ਕਦੀ ਵੀ ਖ਼ੁਸ਼ੀ ਪ੍ਰਾਪਤ ਕਰਨ ਦਾ ਯਤਨ ਕਰਦੇ ਹਾਂ ਤਾਂ ਅਸੀਂ ਇਹ ਖ਼ਿਆਲ ਵੀ ਰੱਖਣਾ ਹੈ ਕਿ ਸਾਡੀਆਂ ਕੋਸ਼ਿਸ਼ਾਂ ਕਿਸੇ ਹੋਰ ਲਈ ਦੁੱਖ ਦਾ ਕਾਰਨ ਤਾਂ ਨਹੀਂ ਬਣ ਰਹੀਆਂ।

## ਧੁੱਪ ਅਤੇ ਛਾਂ

ਇਹ ਜੀਵਨ ਐਸਾ ਸਫ਼ਰ ਹੈ ਜਿੱਥੇ ਕਦੀ ਅਸੀਂ ਧੁੱਪਾਂ ਵਿੱਚੋਂ ਦੀ ਲੰਘ ਰਹੇ ਹੁੰਦੇ ਹਾਂ ਅਰਥਾਤ ਵੱਡੀਆਂ ਪੀੜਾਂ ਸਾਡੇ ਉੱਤੇ ਹਮਲਾ ਕਰੀ ਬੈਠੀਆਂ ਹੁੰਦੀਆਂ ਹਨ ਅਤੇ ਅਸੀਂ ਕੁਰਲਾ ਰਹੇ ਹੁੰਦੇ ਹਾਂ। ਕਦੀ-ਕਦੀ ਬਹੁਤ ਹੀ ਵਧੀਆ ਘਣੀਆਂ ਛਾਵਾਂ ਵਿੱਚ ਦੀ ਲੰਘਦੇ ਹੋਏ ਅਸੀਂ ਜ਼ਿੰਦਗੀ ਦਾ ਆਨੰਦ ਮਾਣ ਰਹੇ ਹੁੰਦੇ ਹਾਂ। ਸਾਨੂੰ ਪਤਾ ਹੈ ਕਿ ਨਾ ਤਾਂ ਇਹ ਗਰਮ ਧੁੱਪਾਂ ਹੀ ਸਦਾ ਰਹਿੰਦੀਆਂ ਹਨ ਅਤੇ ਨਾ ਹੀ ਘਣੀਆਂ ਛਾਵਾਂ ਹੀ ਸਦਾ ਲਈ ਸਾਡਾ ਸਾਥ ਦਿੰਦੀਆਂ ਹਨ। ਇਹੀ ਜੀਵਨ ਲੀਲ੍ਹਾ ਸਾਡੇ ਨਸੀਬ ਹੋ ਆਈ ਹੈ। ਅਸੀਂ ਜ਼ਿੰਦਗੀ ਦੇ ਆਨੰਦ ਵੀ ਮਾਣਨੇ ਹਨ ਅਤੇ ਦੁੱਖ-ਤਕਲੀਫ਼ਾਂ ਵਿੱਚ ਦੀ ਵੀ ਲੰਘਣਾ ਹੈ ਕਿਉਂਕਿ ਦੁੱਖ-ਸੁੱਖ ਸਾਡੇ ਜੀਵਨ ਦੇ ਸਾਥੀ ਹਨ, ਇਸ ਲਈ ਦੁੱਖ ਆ ਜਾਣ ਉੱਤੇ ਘਬਰਾਉਣਾ ਨਹੀਂ ਚਾਹੀਦਾ ਅਤੇ ਸੁੱਖ ਆ ਜਾਣ ਉੱਤੇ ਦੁੱਖਾਂ ਨੂੰ ਭੁੱਲ ਨਹੀਂ ਜਾਣਾ ਚਾਹੀਦਾ। ਅਸੀਂ ਦੁੱਖਾਂ ਅਤੇ ਸੁੱਖਾਂ ਨੂੰ ਸਮਾਨ ਅਰਥਾਤ ਬਰਾਬਰ ਸਮਝ ਕੇ ਤੁਰਨਾ ਹੈ। ਇਹ ਗੱਲ ਜਿਸ ਆਦਮੀ ਨੂੰ ਸਮਝ ਆ ਗਈ ਹੈ, ਉਹ ਵਧੀਆ ਢੰਗ ਨਾਲ ਜ਼ਿੰਦਗੀ ਜੀਅ ਜਾਂਦਾ ਹੈ। ਉਹ ਨਿਰਾਸ਼ ਨਹੀਂ ਹੁੰਦਾ ਅਤੇ ਨਾ ਹੀ ਅਹੰਕਾਰ ਦਾ ਸ਼ਿਕਾਰ ਹੀ ਹੁੰਦਾ ਹੈ। ਉਸ ਨੂੰ ਪਤਾ ਹੈ ਕਿ ਇਸ ਦੁਨੀਆਂ ਅੰਦਰ ਉਸ ਦੇ ਨਸੀਬ ਜੋ ਵੀ ਸਮਾਂ ਆਇਆ ਹੈ, ਉਹ ਉਸ ਨੇ ਆਪ ਹੀ ਆਪਣਾ ਸਮਝ ਕੇ ਝੇਲਣਾ ਹੈ। ਦੂਜਿਆਂ ਪਾਸ ਆਪਣੇ ਦੁੱਖੜੇ ਰੋਣ ਨਾਲ ਆਪ ਹੀ ਸ਼ਰਮਿੰਦਾ ਹੋਣਾ ਪੈਂਦਾ ਹੈ ਅਤੇ ਆਦਮੀ ਕਮਜ਼ੋਰ ਅਖਵਾਉਂਦਾ ਹੈ। ਇਸ ਕਰਕੇ ਅਸੀਂ ਆਪਣਾ ਪੇਟ ਆਪ ਹੀ ਨੰਗਾ ਨਹੀਂ ਕਰਨਾ।

## ਮਨੁੱਖ ਦਾ ਗੁਰੂ

ਮਨੁੱਖ ਦਾ ਗੁਰੂ ਰੱਬ ਆਪ ਹਰੇਕ ਆਦਮੀ ਅੰਦਰ ਵਸਦਾ ਹੈ। ਇਸ ਗੁਰੂ ਨੂੰ ਲੱਭਣ ਲਈ ਭਟਕਣ ਦੀ ਜ਼ਰੂਰਤ ਨਹੀਂ। ਇਹ ਗੁਰੂ ਹਰ ਵਕਤ ਸਾਡੇ ਨਾਲ ਹਾਜ਼ਰ ਹੈ। ਸਾਡੀ ਅਗਵਾਈ ਕਰਦਾ ਹੈ, ਕਦੀ ਵੀ ਸਾਥੋਂ ਦੂਰ ਨਹੀਂ ਹੁੰਦਾ, ਕਦੀ ਵੀ ਸਾਨੂੰ ਗ਼ਲਤ ਰਸਤਾ ਨਹੀਂ ਦਿਖਾਂਦਾ। ਇਹ ਤਾਂ ਸਾਡੀ ਆਪਣੀ ਗ਼ਲਤੀ ਹੈ ਕਿ ਅਸੀਂ ਆਪਣੇ ਅੰਦਰ ਹਾਜ਼ਰ ਗੁਰੂ ਰੱਬ ਦੀ ਹਾਜ਼ਰੀ ਪ੍ਰਵਾਨ ਨਹੀਂ ਕਰਦੇ ਅਤੇ ਬਾਹਰਲੇ ਗੁਰੂਆਂ ਦੇ ਮਗਰ ਭੱਜਦੇ ਫਿਰਦੇ ਹਾਂ।

ਬਾਹਰਲੇ ਗੁਰੂਆਂ ਅੱਗੇ ਭੇਟਾ ਧਰਦੇ ਹਾਂ, ਉਨ੍ਹਾਂ ਦੇ ਪ੍ਰਵਚਨ ਸੁਣਦੇ ਹਾਂ, ਸੋਚਦੇ ਹਾਂ ਸਾਨੂੰ ਸਹੀ ਰਸਤਾ ਮਿਲ ਗਿਆ ਹੈ, ਸੋਚਦੇ ਹਾਂ ਕਿ ਹੁਣ ਅੱਜ ਤੱਕ ਕੀਤੀਆਂ ਗ਼ਲਤੀਆਂ ਮੁਆਫ਼ ਹੋ ਗਈਆਂ ਹਨ। ਸੋਚਦੇ ਹਾਂ ਅੱਜ ਜੋ ਅਰਦਾਸਾਂ ਕੀਤੀਆਂ ਹਨ ਸਾਰੀਆਂ ਪੂਰੀਆਂ ਹੋ ਜਾਣਗੀਆਂ। ਇਹ ਬਾਹਰੀ ਗੁਰੂ ਪਾਸੋਂ ਦੂਰ ਹੋਏ ਨਹੀਂ ਕਿ ਅਸੀਂ ਸਾਰਾ ਕੁਝ ਭੁੱਲ ਜਾਂਦੇ ਹਾਂ। ਸਾਨੂੰ ਕੁਝ ਵੀ ਯਾਦ ਨਹੀਂ ਰਹਿੰਦਾ। ਕਾਰਨ ਇਹ ਹੈ ਕਿ ਇਹ ਸਾਰੀਆਂ ਗੱਲਾਂ ਜੋ ਅਸੀਂ ਇਸ ਬਾਹਰੀ ਗੁਰੂ ਪਾਸੋਂ ਸੁਣੀਆਂ ਸਨ, ਸਾਰੀਆਂ ਉਸ ਦੀਆਂ ਆਪਣੀਆਂ ਘੜੀਆਂ ਹੋਈਆਂ ਸਨ। ਉਸ ਨੇ ਆਪ ਲੋਕਾਂ ਦੀ ਨਕਲ ਮਾਰੀ ਹੋਈ ਸੀ। ਇਸ ਬਾਹਰੀ ਗੁਰੂ ਪਾਸ ਆਪਣਾ ਕੁਝ ਨਹੀਂ ਹੁੰਦਾ। ਇਹੀ ਕਾਰਨ ਹੈ ਕਿ ਬਾਹਰੀ ਗੁਰੂ ਦੀਆਂ ਕਹੀਆਂ ਗੱਲਾਂ ਸਾਡੇ ਜੀਵਨ ਦਾ ਅੰਗ ਨਹੀਂ ਬਣਦੀਆਂ। ਅਸੀਂ ਸਾਰਾ ਕੁਝ ਭੁੱਲ ਜਾਂਦੇ ਹਾਂ। ਬਹੁਤ ਕੁਝ ਉੱਤੇ ਅਸੀਂ ਆਪ ਹੀ ਕਿੰਤੂ ਪ੍ਰੰਤੂ ਕਰਨ ਲੱਗ ਪੈਂਦੇ ਹਾਂ। ਕਈ ਵਾਰੀ ਅਸੀਂ ਆਪ ਹੀ ਸੋਚਣ ਲੱਗ ਪੈਂਦੇ ਹਾਂ ਕਿ ਅਸੀਂ ਸਮਾਂ ਨਸ਼ਟ ਕੀਤਾ ਹੈ।

## ਰੱਬ ਦਿਆਲੂ ਹੈ

ਰੱਬ ਦਿਆਲੂ ਜ਼ਰੂਰ ਹੈ, ਪਰ ਉਦੋਂ ਤੱਕ ਹੀ ਦਿਆਲੂ ਹੈ ਜਦ ਤੱਕ ਅਸੀਂ ਸਹੀ ਰਸਤੇ ਉੱਤੇ ਹਾਂ। ਅਸੀਂ ਰੱਬ ਵਰਗੀ ਆਤਮਾ ਜੋ ਸਾਡੇ ਅੰਦਰ ਹਾਜ਼ਰ ਹੈ, ਉਸ ਦਾ ਹੁਕਮ ਮੰਨਦੇ ਹਾਂ। ਜਦੋਂ ਅਸੀਂ ਰੱਬ ਵਰਗੀ ਆਤਮਾ ਦੀ ਅਗਵਾਨੀ ਛੱਡ ਕੇ ਸ਼ੈਤਾਨ ਵਸ ਹੋ ਜਾਂਦੇ ਹਾਂ ਅਤੇ ਰੱਬ ਦੇ ਬਣਾਏ ਬੰਦਿਆਂ ਅਤੇ ਹੋਰ ਜੀਵਾਂ ਪ੍ਰਤੀ ਆਪਣਾ ਵਤੀਰਾ ਮਾੜਾ ਕਰ ਲੈਂਦੇ ਹਾਂ ਤਾਂ ਰੱਬ ਇਹ ਸਾਰੇ ਕੀਤੇ ਪਾਪਾਂ ਦਾ ਹਿਸਾਬ-ਕਿਤਾਬ ਬਣਾਉਂਦਾ ਰਹਿੰਦਾ ਹੈ। ਪਾਪੀ ਨੂੰ ਰੱਬ ਕਦੀ ਬਖ਼ਸ਼ਦਾ ਨਹੀਂ ਹੈ। ਰੱਬ ਦਿਆਲੂ ਹੈ, ਭਾਵ ਇਹ ਕਦੀ ਨਹੀਂ ਹੈ ਕਿ ਰੱਬ ਪਾਪੀਆਂ ਨੂੰ ਵੀ ਬਖ਼ਸ਼ ਦਿੰਦਾ ਹੈ, ਪਾਪੀਆਂ ਨੂੰ ਸਜ਼ਾ ਜ਼ਰੂਰ ਮਿਲਦੀ ਹੈ। ਇਹ ਵੀ ਆਖਿਆ ਜਾਂਦਾ ਹੈ ਕਿ ਅਸੀਂ ਪਾਪਾਂ ਬਦਲੇ ਸਜ਼ਾ ਅਗਰ ਇਸ ਜੀਵਨ ਵਿੱਚ ਨਹੀਂ ਭੁਗਤ ਪਾਉਂਦੇ ਤਾਂ ਕਈ ਵਾਰੀ ਜਨਮ ਲੈ ਕੇ ਕੀਤੇ ਪਾਪਾਂ ਬਦਲੇ ਸਜ਼ਾ ਭੁਗਤਣ ਲਈ ਦੁਨੀਆਂ ਵਿੱਚ ਆਉਣਾ ਪੈਂਦਾ ਹੈ। ਸੋ ਪਾਪਾਂ ਦੀਆਂ ਮੁਆਫ਼ੀਆਂ ਮੰਗਣ ਦੀ ਬਜਾਏ ਹਰ ਵਕਤ ਰੱਬ ਦੀ ਹਾਜ਼ਰੀ ਕੋਲ ਪ੍ਰਵਾਨ ਕਰਕੇ ਪਾਪ ਕਰਨੇ ਬੰਦ ਕਰਨੇ ਚਾਹੀਦੇ ਹਨ। ਅਗਰ ਅਸੀਂ ਪਾਪਾਂ ਦੀ ਸ਼ਨਾਖ਼ਤ ਕਰਨ ਦਾ ਅਭਿਆਸ ਕਰਨਾ ਸ਼ੁਰੂ ਕਰੀਏ ਤਾਂ ਇਹ ਕੋਈ ਮੁਸ਼ਕਿਲ ਕੰਮ ਨਹੀਂ ਹੈ। ਹਰੇਕ ਆਦਮੀ ਅੰਦਰ ਪ੍ਰਮਾਤਮਾ ਦਾ ਇਕ ਹਿੱਸਾ ਆਤਮਾ ਹਾਜ਼ਰ ਹੈ ਅਤੇ ਇਹ ਸਾਨੂੰ ਪਲ-ਪਲ ਦੱਸਦੀ ਰਹਿੰਦੀ ਹੈ ਕਿ ਕੀ ਸਹੀ ਹੈ ਅਤੇ ਕੀ ਗ਼ਲਤ ਹੈ ? ਸਾਨੂੰ ਪਾਪਾਂ ਬਾਰੇ ਜਾਣਕਾਰੀ ਹਾਸਲ ਕਰਨ ਲਈ ਕਿਸੇ ਹੋਰ ਪਾਸ ਜਾਣ ਦੀ ਜ਼ਰੂਰਤ ਨਹੀਂ ਹੈ। ਅਸੀਂ ਆਪ ਆਪਣੇ ਆਪ ਨੂੰ ਸੇਧ ਦੇਣੀ ਹੈ ਅਤੇ ਜਦੋਂ ਅਸੀਂ ਪਾਪ ਕਰਨੇ ਛੱਡ ਦਿਆਂਗੇ ਤਾਂ ਇਹ ਕ੍ਰਿਪਾਲੂ ਰੱਬ ਸਾਨੂੰ ਲੱਖ ਖ਼ੁਸ਼ੀਆਂ ਅਤੇ ਪਾਤਸ਼ਾਹੀਆਂ ਦੀ ਬਖ਼ਸ਼ਿਸ਼ ਕਰੇਗਾ ਅਤੇ ਅਸੀਂ ਸੂਰਜ ਦੀ ਤਰ੍ਹਾਂ ਚਮਕ ਉਠਾਂਗੇ।

## ਰੱਬ ਤੋਂ ਡਰੋ ਮੱਤ

ਰੱਬ ਸਾਡਾ ਮਾਤਾ-ਪਿਤਾ ਹੈ। ਮਾਤਾ-ਪਿਤਾ ਪਾਸੋਂ ਡਰ ਕਾਹਦਾ ? ਅਸੀਂ ਰੱਬ ਦੇ ਬੱਚੇ ਹਾਂ। ਰੱਬ ਸਾਨੂੰ ਬਹੁਤ ਪਿਆਰ ਕਰਦਾ ਹੈ, ਰੱਬ ਸਾਡਾ ਭਲਾ ਚਾਹੁੰਦਾ ਹੈ। ਰੱਬ ਚਾਹੁੰਦਾ ਹੈ ਅਸੀਂ ਆਪ ਵੀ ਵਧੀਆ ਆਦਮੀ ਬਣੀਏ ਅਤੇ ਸਾਡੇ ਵਧੀਆਪਣ ਦਾ ਲਾਭ

ਦੁਨੀਆਂ ਦੇ ਸਾਰੇ ਲੋਕਾਂ ਪਾਸ ਪੁੱਜੇ। ਅਸੀਂ ਇਸ ਸੰਸਾਰ ਰੂਪੀ ਪਰਿਵਾਰ ਦੇ ਮੈਂਬਰ ਹਾਂ। ਜਿੱਥੇ ਇਸ ਪਰਿਵਾਰ ਦਾ ਮੈਂਬਰ ਹੋਣ ਵਜੋਂ ਸਾਡੇ ਕੁਝ ਹੱਕ ਬਣਦੇ ਹਨ ਉੱਥੇ ਹੀ ਪਰਿਵਾਰ ਦੇ ਹਰ ਜੀਅ ਪ੍ਰਤੀ ਸਾਡੇ ਕੁਝ ਫ਼ਰਜ਼ ਵੀ ਬਣਦੇ ਹਨ। ਅਸੀਂ ਇਨ੍ਹਾਂ ਫ਼ਰਜ਼ਾਂ ਦੀ ਪਛਾਣ ਵੀ ਕਰਨੀ ਹੈ। ਅਸੀਂ ਅਗਰ ਆਪਣੇ ਹੱਕਾਂ ਅਤੇ ਆਪਣੇ ਫ਼ਰਜ਼ਾਂ ਦੀ ਪਛਾਣ ਕਰਨ ਦਾ ਸਿਲਸਿਲਾ ਸ਼ੁਰੂ ਕਰਦੇ ਹਾਂ ਤਾਂ ਇਹ ਰਸਤਾ ਬਿਹਤਰ ਹੈ ਪਰ ਸਾਡੀ ਮੁਸ਼ਕਿਲ ਇਹ ਹੈ ਕਿ ਅਸੀਂ ਆਪਣੇ ਹੱਕਾਂ ਪ੍ਰਤੀ ਜ਼ਿਆਦਾ ਜਾਗਰੂਕ ਹਾਂ ਅਤੇ ਫ਼ਰਜ਼ਾਂ ਪ੍ਰਤੀ ਅਵੇਸਲੇ ਹਾਂ। ਇਹੀ ਕਾਰਨ ਹੈ ਕਿ ਅਸੀਂ ਗ਼ਲਤੀਆਂ ਬਹੁਤ ਕਰਦੇ ਹਾਂ ਅਤੇ ਜੋ ਵੀ ਬੰਦਾ ਗ਼ਲਤੀਆਂ ਕਰਦਾ ਹੈ ਉਸ ਨੂੰ ਆਪਣੀਆਂ ਗ਼ਲਤੀਆਂ ਦਾ ਗਿਆਨ ਹੈ ਅਤੇ ਇਨ੍ਹਾਂ ਗ਼ਲਤੀਆਂ ਕਾਰਨ ਹੀ ਆਦਮੀ ਰੱਬ ਤੋਂ ਡਰਦਾ ਹੈ। ਹਰ ਬੰਦਾ ਜਾਣਦਾ ਹੈ ਕਿ ਰੱਬ ਗਲਤੀਆਂ ਨੋਟ ਕਰਦਾ ਰਹਿੰਦਾ ਹੈ। ਸਜ਼ਾ ਅੱਜ ਵੀ ਦੇ ਸਕਦਾ ਹੈ, ਸਜ਼ਾ ਕੱਲ੍ਹ ਵੀ ਦੇ ਸਕਦਾ ਹੈ, ਕਦੀ ਵੀ ਸਜ਼ਾ ਦੇ ਸਕਦਾ ਹੈ। ਜਿਉਂ-ਜਿਉਂ ਅਸੀਂ ਗ਼ਲਤੀਆਂ ਦਾ ਭੰਡਾਰ ਭਰਦੇ ਰਹਿੰਦੇ ਹਾਂ ਤਿਉਂ-ਤਿਉਂ ਸਾਡੇ ਅੰਦਰ ਡਰ ਦੀ ਭਾਵਨਾ ਵੱਧਦੀ ਰਹਿੰਦੀ ਹੈ ਅਤੇ ਜਦੋਂ ਰੱਬ ਸਾਡੀਆਂ ਗ਼ਲਤੀਆਂ ਦੀ ਸਜ਼ਾ ਦਿੰਦਾ ਹੈ ਤਾਂ ਅਸੀਂ ਆਖਦੇ ਹਾਂ ਰੱਬ ਸਾਡੇ ਨਾਲ ਅਨਿਆਂ ਕਰ ਰਿਹਾ ਹੈ, ਰੱਬ ਸਾਡੇ ਨਾਲ ਵਿਤਕਰਾ ਕਰਦਾ ਹੈ, ਰੱਬ ਐਵੇਂ ਹੀ ਸਾਨੂੰ ਸਜ਼ਾ ਦੇ ਰਿਹਾ ਹੈ। ਰੱਬ ਨੇ ਤਾਂ ਸਾਡੀ ਕਿਸਮਤ ਹੀ ਮਾੜੀ ਲਿਖੀ ਹੈ। ਸੋ ਰੱਬ ਅਨਿਆਂ ਨਹੀਂ ਕਰਦਾ, ਬਲਕਿ ਅਸੀਂ ਪਾਪਾਂ ਬਦਲੇ ਵੀ ਉਸ ਪਾਸੋਂ ਬਖ਼ਸ਼ਿਸ਼ਾਂ ਮੰਗਦੇ ਹਾਂ ਜੋ ਸਾਨੂੰ ਪਤਾ ਹੈ ਉਸ ਨੇ ਦੇਣੀਆਂ ਨਹੀਂ ਹਨ। ਰੱਬ ਦਾ ਪਿਆਰ ਅਤੇ ਦਇਆ ਦੇ ਪਾਤਰ ਬਣਨ ਲਈ ਸਾਡੇ ਲਈ ਇਹ ਲਾਜ਼ਮੀ ਹੈ ਕਿ ਅਸੀਂ ਸਹੀ ਰਸਤਾ ਅਪਣਾ ਲਈਏ।

## ਸੱਚ ਦੀ ਪਛਾਣ ਕਰੋ

ਸੱਚ ਦੀ ਪਛਾਣ ਕਰਨ ਲਈ ਸਾਨੂੰ ਆਪ ਸੱਚਾ ਹੋਣਾ ਪਵੇਗਾ, ਸੱਚ ਬਾਹਰ ਕਿੱਧਰੇ ਵੀ ਨਹੀਂ ਹੈ। ਸੱਚ ਦਾ ਸੋਮਾ ਸਾਡੇ ਅੰਦਰ ਹੈ। ਲੋਕਾਂ ਸਾਹਮਣੇ ਸੱਚਾ ਬਣਨ ਵਕਤ ਅਸੀਂ ਸੌ ਕਿਸਮ ਦੀਆਂ ਬਨਾਵਟਾਂ ਦਾ ਸਹਾਰਾ ਲੈ ਸਕਦੇ ਹਾਂ। ਬਹੁਤ ਕੁਝ ਲੋਕਾਂ ਪਾਸੋਂ ਛੁਪਾ ਕੇ ਰੱਖ ਸਕਦੇ ਹਾਂ ਪਰ ਅਸੀਂ ਆਪਣੇ ਆਪ ਪਾਸੋਂ ਕੁਝ ਵੀ ਨਹੀਂ ਛੁਪਾ ਸਕਦੇ। ਲੋਕੀਂ ਕੁਝ ਵੀ ਆਖਦੇ ਫਿਰਨ ਪਰ ਸਾਨੂੰ ਅੰਦਰ ਖਾਤੇ ਪਤਾ ਹੁੰਦਾ ਹੈ ਕਿ ਅਸੀਂ ਹਾਂ ਕੀ ? ਸਾਡੀ ਔਕਾਤ ਕੀ ਹੈ, ਅਸੀਂ ਝੂਠੇ ਹਾਂ ਤਾਂ ਇਸ ਗੱਲ ਦਾ ਵੀ ਸਾਨੂੰ ਪਤਾ ਹੈ।

ਅਸੀਂ ਸੱਚੇ ਹਾਂ ਤਾਂ ਇਸ ਗੱਲ ਦਾ ਵੀ ਸਾਨੂੰ ਪਤਾ ਹੈ। ਸੋ ਸਾਡੇ ਲਈ ਬਿਹਤਰ ਹੈ ਕਿ ਅਸੀਂ ਆਪਣੇ ਅੰਦਰ ਝਾਤੀ ਮਾਰਦੇ ਰਹੀਏ। ਆਪਣੇ ਅੰਦਰ ਸਥਾਪਿਤ ਸੱਚ ਦੀ ਪਛਾਣ ਕਰਦੇ ਰਹੀਏ। ਉਸ ਦੀ ਅਗਵਾਈ ਲੈਂਦੇ ਰਹੀਏ। ਆਪਣੇ ਆਪ ਪ੍ਰਤੀ ਸਚਿਆਰਾ ਬਣੀਏ। ਸੱਚਾ ਆਦਮੀ ਉਹ ਹੈ ਜੋ ਆਪਣੀ ਆਤਮਾ ਦੀ ਆਵਾਜ਼ ਸੁਣਦਾ ਹੈ। ਉਸ ਅੰਦਰ ਝੂਠ ਘਰ ਵੀ ਨਹੀਂ ਕਰ ਸਕਦਾ। ਜੋ ਆਦਮੀ ਅੰਦਰ ਸਥਾਪਿਤ ਸੱਚ ਨੂੰ ਭੁੱਲ ਕੇ ਸ਼ੈਤਾਨ ਵੱਸ ਹੋ ਜਾਂਦਾ ਹੈ ਉਸ ਨੂੰ ਝੂਠ ਤੋਂ ਛੁਟਕਾਰਾ ਪਾਉਣਾ ਮੁਸ਼ਕਿਲ ਹੋ ਜਾਂਦਾ ਹੈ।

## ਹਰੇਕ ਜੀਵ ਅੰਦਰ ਇਕ ਹੀ ਜੀਵਨ ਹੈ

ਹਰੇਕ ਜੀਵ ਅੰਦਰ ਰੱਬ ਹੈ, ਉਸ ਨੂੰ ਅਸੀਂ ਆਤਮਾ ਦਾ ਨਾਮ ਦਿੱਤਾ ਹੈ। ਇਹ ਆਤਮਾ ਜੀਵਨ ਦਾ ਆਧਾਰ ਹੈ। ਜਦੋਂ ਤੱਕ ਇਹ ਆਤਮਾ ਸਾਡੇ ਅੰਦਰ ਹਾਜ਼ਰ ਹੈ, ਉਦੋਂ

ਤੱਕ ਅਸੀਂ ਜਿਊਂਦੇ ਹਾਂ। ਜਦੋਂ ਇਹ ਆਤਮਾ ਜੀਵ ਵਿੱਚੋਂ ਬਾਹਰ ਨਿਕਲ ਜਾਂਦੀ ਹੈ, ਉਦੋਂ ਜੀਵ ਮਰ ਜਾਂਦਾ ਹੈ, ਸਰੀਰ ਦੇ ਸਾਰੇ ਮੁੱਖ ਅੰਗ ਕੰਮ ਕਰਨਾ ਬੰਦ ਕਰ ਦਿੰਦੇ ਹਨ। ਜੀਵ ਮਰ ਜਾਂਦਾ ਹੈ। ਸੋ ਸਾਰੇ ਜੀਵਾਂ ਦਾ ਆਧਾਰ ਰੱਬ ਅਰਥਾਤ ਕੁਦਰਤ ਹੈ। ਸਾਡੇ ਸਰੀਰ ਅੰਦਰ ਮਿਹਦਾ, ਦਿਲ, ਫੇਫੜੇ, ਗੁਰਦੇ ਆਦਿ ਵੱਖ-ਵੱਖ ਮੁੱਖ ਅੰਗ ਹਨ। ਦਿਲ ਬੰਦ ਹੋ ਜਾਵੇ ਤਾਂ ਆਦਮੀ ਮਰ ਜਾਂਦਾ ਹੈ। ਫੇਫੜੇ ਕੰਮ ਕਰਨਾ ਬੰਦ ਕਰ ਦੇਣ ਤਾਂ ਆਦਮੀ ਮਰ ਜਾਂਦਾ ਹੈ। ਗੁਰਦੇ, ਮਿਹਦਾ ਅਤੇ ਦਿਮਾਗ ਇਨ੍ਹਾਂ ਉੱਤੇ ਹੀ ਜੀਵ ਜਿਊਂਦੇ ਰਹਿੰਦੇ ਹਨ। ਇਨ੍ਹਾਂ ਸਾਰੇ ਮੁੱਖ ਅੰਗਾਂ ਨੂੰ ਕੌਣ ਚਲਾਉਂਦਾ ਹੈ, ਇਨ੍ਹਾਂ ਦੀ ਕਿਤਨੀ ਉਮਰ ਮਿੱਥੀ ਗਈ ਹੈ, ਇਸ ਬਾਰੇ ਵਿਗਿਆਨ ਵੀ ਚੁੱਪ ਹੈ। ਕਦੋਂ ਕਿਸ ਜੀਵ ਦੀ ਮੌਤ ਨਿਸ਼ਚਿਤ ਹੈ, ਇਸ ਬਾਰੇ ਰੱਬ ਆਪ ਹੀ ਜਾਣਦਾ ਹੈ। ਰੱਬ ਨੇ ਹਾਲਾਂ ਤੱਕ ਮਨੁੱਖ ਨੂੰ ਇਤਨਾ ਗਿਆਨ ਨਹੀਂ ਦਿੱਤਾ। ਅਸੀਂ ਤਾਂ ਬਸ ਵੱਧ ਤੋਂ ਵੱਧ ਉਮਰਾਂ ਨਿਸ਼ਚਿਤ ਕਰਦੇ ਫਿਰਦੇ ਹਾਂ। ਫਿਰ ਅਸੀਂ ਔਸਤਨ ਉਮਰਾਂ ਕੱਢਦੇ ਫਿਰਦੇ ਹਾਂ। ਮਨੁੱਖ ਨੇ ਆਪਣੇ ਅਤੇ ਹੋਰ ਜਾਨਵਰਾਂ ਦੇ ਇਲਾਜ ਲਈ ਬਹੁਤ ਸਾਰੀਆਂ ਦਵਾਈਆਂ ਅਤੇ ਹੋਰ ਵਿਗਿਆਨਕ ਢੰਗ ਤਰੀਕੇ ਲੱਭ ਲਏ ਹਨ। ਬੜੇ-ਬੜੇ ਸੰਤ ਮਹਾਤਮਾ ਅਖਵਾਉਣ ਵਾਲੇ ਵੀ ਡਾਕਟਰਾਂ ਪਾਸ ਜਾਂਦੇ ਹਨ। ਇਕ ਪਾਸੇ ਅਸੀਂ ਆਖਦੇ ਹਾਂ ਕਿ ਜੀਵ ਦਾ ਆਧਾਰ ਆਤਮਾ ਹੈ, ਦੂਜੇ ਪਾਸੇ ਅਸੀਂ ਸਰੀਰ ਦੇ ਇਲਾਜ ਲਈ ਇਲਾਜ ਪ੍ਰਣਾਲੀਆਂ ਕਾਇਮ ਕਰ ਰੱਖੀਆਂ ਹਨ। ਹੁਣ ਤਾਂ ਮਨੁੱਖ ਮਾਂ ਦੇ ਪੇਟ ਤੋਂ ਬਾਹਰ ਵੀ ਮਨੁੱਖ ਦੀ ਹੋਂਦ ਕਾਇਮ ਕਰਨ ਵਿੱਚ ਕਾਮਯਾਬ ਹੋ ਗਿਆ ਹੈ। ਨਕਲੀ ਆਦਮੀ ਅਤੇ ਹੋਰ ਜੀਵ ਬਣਾਉਣ ਦੀਆਂ ਗੱਲਾਂ ਹੋਣ ਲੱਗ ਪਈਆਂ ਹਨ। ਫਿਰ ਵੀ ਰੱਬ, ਆਤਮਾ ਦੇ ਰੂਪ ਵਿੱਚ ਮਨੁੱਖ ਅਤੇ ਹੋਰ ਜੀਵਾਂ ਵਿੱਚ ਹਾਜ਼ਰ ਰਹੇਗਾ ਅਤੇ ਛੇਤੀ ਕੀਤਿਆਂ ਅਸੀਂ ਇਸ ਵਿਸ਼ਵਾਸ ਤੋਂ ਆਜ਼ਾਦੀ ਪ੍ਰਾਪਤ ਨਹੀਂ ਕਰ ਸਕਦੇ।

## ਜਿੱਥੇ ਨਿਰ-ਉੱਤਰ ਹੋ ਜਾਈਏ ਉੱਥੇ ਚੁੱਪ ਭਲੀ

ਕਈ ਵਾਰੀ ਸਾਡੇ ਪਾਸ ਦਲੀਲ ਹੀ ਨਹੀਂ ਹੁੰਦੀ। ਕਦੀ ਸਾਡਾ ਐਸੇ ਲੋਕਾਂ ਨਾਲ ਵਾਹ ਪੈ ਜਾਂਦਾ ਹੈ ਜੋ ਸਾਡੀ ਦਲੀਲ ਸਵੀਕਾਰ ਕਰਨ ਲਈ ਹੀ ਤਿਆਰ ਨਹੀਂ ਹੁੰਦੇ। ਅਸੀਂ ਮੁਫ਼ਤ ਦੀ ਮਗ਼ਜ਼ ਖਪਾਈ ਕਰਨ ਦੀ ਬਜਾਏ ਚੁੱਪ ਹੀ ਸਾਧ ਲਈਏ ਤਾਂ ਬਿਹਤਰ ਹੈ। ਅੱਜ ਕੱਲ੍ਹ ਲੋਕੀਂ ਮੰਗ ਕਰ ਰਹੇ ਹਨ ਕਿ ਸਾਨੂੰ ਆਪਣੇ ਵਿਚਾਰ ਪ੍ਰਗਟ ਕਰਨ ਦੀ ਖੁੱਲ੍ਹ ਮਿਲਣੀ ਚਾਹੀਦੀ ਹੈ। ਕਈ ਦੇਸ਼ਾਂ ਦੇ ਸੰਵਿਧਾਨਕਾਰਾਂ ਨੇ ਆਪਣੇ ਵਿਚਾਰ ਪ੍ਰਗਟ ਕਰਨ ਨੂੰ ਮੁੱਖ ਮੂਲ ਅਧਿਕਾਰਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਹੈ ਪਰ ਫਿਰ ਵੀ ਬੰਧਨ ਲਗਾਏ ਗਏ ਹਨ। ਅਰਥਾਤ ਜਿੱਥੇ ਸਾਡੇ ਵਿਚਾਰ ਕਿਸੇ ਦੇ ਧਰਮ, ਕਿਸੇ ਦੀ ਜਾਤੀ, ਕਿਸੇ ਦੇ ਵਿਸ਼ਵਾਸ ਜਾਂ ਕਿਸੇ ਦੇ ਜ਼ਾਤੀ ਮਾਮਲਿਆਂ ਵਿੱਚ ਦਖ਼ਲ ਦਿੰਦੇ ਹੋਣ ਤਾਂ ਰੋਕ ਲਗਾਈ ਗਈ ਹੈ। ਐਸੇ ਮੌਕਿਆਂ 'ਤੇ ਪ੍ਰਗਟ ਕੀਤੇ ਗਏ ਵਿਚਾਰਾਂ ਨੂੰ ਅਪਰਾਧ ਮੰਨਿਆ ਜਾਂਦਾ ਹੈ। ਅਰਥਾਤ ਇਤਨੀਆਂ ਖੁੱਲ੍ਹਾਂ ਦੇਣ ਦੇ ਬਾਵਜੂਦ ਵੀ ਰੋਕਾਂ ਲਗਾਈਆਂ ਗਈਆਂ ਹਨ। ਇਸੇ ਕਰਕੇ ਐਸੇ ਮੌਕਿਆਂ ਉੱਤੇ ਚੁੱਪ ਧਾਰਨੀ ਹੀ ਬਿਹਤਰ ਹੈ। ਕਦੀ-ਕਦੀ ਕੋਈ ਮਾਈ ਕਾ ਲਾਲ ਆਉਂਦਾ ਹੈ, ਚੁੱਪ ਤੋੜਦਾ ਹੈ ਅਤੇ ਲੋਕਾਂ ਨੂੰ ਨਵਾਂ ਵਿਚਾਰ ਦੇ ਜਾਂਦਾ ਹੈ। ਬਾਕੀ ਅਸੀਂ ਲੋਕੀਂ ਮੈਂ ਕੀ ਲੈਣਾ, ਵਾਲੀ ਨੀਤੀ ਅਪਣਾ ਕੇ ਜ਼ਿਆਦਾਤਰ ਚੁੱਪ ਹੀ ਸਾਧ ਲੈਂਦੇ ਹਾਂ।

## ਔਰਤ ਪਿਆਰ ਦਾ ਸੋਮਾ ਹੈ

ਪਿਆਰ ਸ਼ਬਦ ਅਰਥਾਤ ਪਿਆਰ ਦੀ ਭਾਵਨਾ ਔਰਤ ਤੋਂ ਜਨਮੀ ਲੱਗਦੀ ਹੈ। ਜਿਸ ਬੰਦੇ ਨੂੰ ਮਾਂ ਦਾ ਪਿਆਰ ਨਸੀਬ ਨਹੀਂ ਹੋਇਆ ਉਹ ਬੰਦਾ ਸਦਾ ਹੀ ਅਧੂਰਾ ਰਹਿੰਦਾ ਹੈ। ਉਸ ਦੀ ਇਕ ਵੱਖਰੀ ਕਿਸਮ ਸਥਾਪਿਤ ਹੋ ਜਾਂਦੀ ਹੈ। ਇਸੇ ਤਰ੍ਹਾਂ ਭੈਣ ਦਾ ਪਿਆਰ ਵੀ ਆਪਣੀ ਥਾਂ ਖ਼ਾਸ ਅਸਥਾਨ ਰੱਖਦਾ ਹੈ। ਜਿਸ ਮਰਦ ਦੀ ਘਰ ਵਾਲੀ ਨਹੀਂ ਹੈ, ਉਸ ਨੇ ਸ਼ਾਦੀ ਹੀ ਨਹੀਂ ਕੀਤੀ ਜਾਂ ਉਸ ਦੀ ਪਤਨੀ ਮਰ ਗਈ ਹੈ, ਛੱਡ ਗਈ ਹੈ, ਉਹ ਮਰਦ ਵੀ ਅਧੂਰਾ ਹੋ ਜਾਂਦਾ ਹੈ। ਐਸੇ ਮਰਦ ਨੂੰ ਤਾਂ ਸਮਾਜ ਵੀ ਸਵੀਕਾਰ ਨਹੀਂ ਕਰਦਾ। ਹਰ ਕੋਈ ਉਸ ਨੂੰ ਸ਼ੱਕ ਦੀ ਨਿਗ੍ਹਾ ਨਾਲ ਦੇਖਣ ਲੱਗ ਪੈਂਦਾ ਹੈ। ਉਹ ਛੜਾ ਆਦਮੀ ਆਪ ਹੀ ਮਹਿਸੂਸ ਕਰਨ ਲੱਗ ਪੈਂਦਾ ਹੈ ਕਿ ਉਹ ਸੰਪੂਰਨ ਆਦਮੀ ਨਹੀਂ ਹੈ। ਔਰਤ ਦਾ ਪਿਆਰ ਹਰੇਕ ਮਰਦ ਲਈ ਜ਼ਰੂਰੀ ਹੈ। ਦੁਨੀਆਂ ਦੇ ਜਿਤਨੇ ਵੀ ਹੋਰ ਜਾਨਵਰ ਹਨ, ਉਨ੍ਹਾਂ ਵਿੱਚ ਵੀ ਵਿਰੋਧੀ ਧਿਰ ਦਾ ਪਿਆਰ ਮੌਜੂਦ ਹੈ। ਆਦਮੀ ਅਗਰ ਔਰਤ ਦੇ ਪਿਆਰ ਤੋਂ ਵਾਂਝਿਆਂ ਹੋ ਜਾਵੇ ਤਾਂ ਉਹ ਹੋਰ ਕਈ ਥਾਈਂ ਖੇਹ ਖਾਣ ਲੱਗ ਪੈਂਦਾ ਹੈ। ਇਹ ਨਾਚੀਆਂ, ਵੇਸਵਾਵਾਂ, ਰਖੇਲਾਂ ਆਦਿ ਦਾ ਸਿਲਸਿਲਾ ਸਿਰਫ਼ ਮਰਦ ਨੇ ਜਾਰੀ ਕੀਤਾ ਹੈ ਅਤੇ ਇਹ ਸਿਲਸਿਲਾ ਉਸ ਨੇ ਆਪਣੀ ਪਿਆਰ-ਭੁੱਖ ਮਿਟਾਉਣ ਲਈ ਕੀਤਾ ਹੈ। ਇਨ੍ਹਾਂ ਰਾਹਾਂ ਉੱਤੇ ਚੱਲ ਕੇ ਉਸ ਨੂੰ ਉਹ ਤਸੱਲੀ ਨਹੀਂ ਮਿਲਦੀ ਜੋ ਆਪਣੀ ਔਰਤ ਨਾਲ ਮਿਲਦੀ ਹੈ। ਇਸ ਕਰਕੇ ਸਮਾਜ ਨੇ ਸ਼ਾਦੀ ਪ੍ਰਥਾ ਕਾਇਮ ਕਰਕੇ ਮਰਦ ਨੂੰ ਸਹੀ ਦਿਸ਼ਾ ਦੇਣ ਦੀ ਕੋਸ਼ਿਸ਼ ਕੀਤੀ ਹੈ।

## ਕਿਸੇ ਦਾ ਹੱਕ ਨਾ ਮਾਰੋ

ਕੋਈ ਆਖੇ ਕਿ ਮੈਨੂੰ ਇਤਨਾ ਗਿਆਨ ਹੀ ਨਹੀਂ ਹੈ ਕਿ ਕਿਹੜਾ ਮੇਰਾ ਹੱਕ ਹੈ ਅਤੇ ਕਿਹੜੇ ਕਿਸੇ ਹੋਰ ਦਾ ਹੱਕ ਹੈ ਤਾਂ ਉਹ ਗ਼ਲਤ ਆਖ ਰਿਹਾ ਹੈ। ਜਦੋਂ ਸਾਨੂੰ ਆਪਣੇ ਹੱਕਾਂ ਦਾ ਪਤਾ ਹੈ ਤਾਂ ਸਾਨੂੰ ਇਹ ਵੀ ਪਤਾ ਹੈ ਕਿ ਅਸੀਂ ਕਦੋਂ ਕਿਸ ਦਾ ਹੱਕ ਮਾਰ ਰਹੇ ਹਾਂ ਪਰ ਕਿਉਂਕਿ ਸਾਨੂੰ ਆਪਣੇ ਹੱਕ ਪਿਆਰੇ ਹਨ, ਅਸੀਂ ਦੂਜੇ ਦੇ ਹੱਕਾਂ ਦੀ ਗੱਲ ਹੀ ਨਹੀਂ ਕਰਦੇ। ਇਸ ਦੁਨੀਆਂ ਅੰਦਰ ਜਿਤਨੇ ਵੀ ਅਪਰਾਧ ਹੋ ਰਹੇ ਹਨ, ਇਹ ਉਦੋਂ ਹੀ ਹੁੰਦੇ ਹਨ ਜਦੋਂ ਕੋਈ ਆਪਣੇ ਹੱਕਾਂ ਦੀ ਤਾਂ ਰਾਖੀ ਕਰ ਰਿਹਾ ਹੁੰਦਾ ਹੈ ਪਰ ਦੂਜੇ ਦੇ ਹੱਕਾਂ ਉੱਤੇ ਛਾਪਾ ਮਾਰ ਰਿਹਾ ਹੁੰਦਾ ਹੈ। ਆਪਣੇ ਹੱਕ ਪ੍ਰਾਪਤ ਕਰਨਾ ਅਤੇ ਹੱਕਾਂ ਦੀ ਰਾਖੀ ਕਰਨਾ ਸਾਡਾ ਹੱਕ ਵੀ ਬਣਦਾ ਹੈ ਅਤੇ ਐਸਾ ਕਰਕੇ ਤਾਂ ਅਸੀਂ ਨਾ ਪਾਪ ਕਰ ਰਹੇ ਹੁੰਦੇ ਹਾਂ ਅਤੇ ਨਾ ਹੀ ਅਪਰਾਧ ਕਰ ਰਹੇ ਹੁੰਦੇ ਹਾਂ। ਅਸੀਂ ਉਦੋਂ ਗ਼ਲਤੀ ਉੱਤੇ ਹੁੰਦੇ ਹਾਂ ਜਦੋਂ ਅਸੀਂ ਦੂਜਿਆਂ ਦੇ ਹੱਕ ਖੋਹ ਰਹੇ ਹੁੰਦੇ ਹਾਂ। ਕੋਈ ਆਖੇ ਕਿ ਮੈਨੂੰ ਲੋਕਾਂ ਦੇ ਹੱਕਾਂ ਦਾ ਗਿਆਨ ਨਹੀਂ ਹੈ, ਤਾਂ ਉਹ ਗ਼ਲਤ ਆਖ ਰਿਹਾ ਹੈ। ਜਿਵੇਂ ਸਾਡੇ ਆਪਣੇ ਹੱਕਾਂ ਦੀ ਸੂਚੀ ਅਸੀਂ ਬਣਾ ਰੱਖੀ ਹੈ, ਐਸੀ ਹੀ ਸੂਚੀ ਦੂਜੇ ਦੇ ਹੱਕਾਂ ਦੀ ਵੀ ਹੈ। ਅਸੀਂ ਤਾਂ ਬਸ ਇਤਨਾ ਹੀ ਸੋਚਣਾ ਹੈ ਕਿ ਅੱਜ ਜੋ ਕੁਝ ਅਸੀਂ ਕਿਸੇ ਦੂਜੇ ਨਾਲ ਕਰਨ ਜਾ ਰਹੇ ਹਾਂ, ਅਗਰ ਉਹ ਕੁਝ ਮੇਰੇ ਨਾਲ ਹੋ ਜਾਵੇ ਤਾਂ ਮੈਂ ਕਿਵੇਂ ਮਹਿਸੂਸ ਕਰਾਂਗਾ। ਜਿਸ ਆਦਮੀ ਨੂੰ ਐਸਾ ਗਿਆਨ ਪ੍ਰਾਪਤ ਹੋ ਜਾਵੇ ਉਹ ਦੂਜਿਆਂ ਦੇ ਹੱਕਾਂ ਉੱਤੇ ਛਾਪਾ ਮਾਰਨਾ ਬੰਦ ਕਰ ਦੇਵੇਗਾ।

## ਧਨ ਜੋੜਨਾ

ਧਨ ਜੋੜਨਾ ਸਾਡਾ ਅਧਿਕਾਰ ਹੈ, ਸਾਡੀਆਂ ਆਪਣੀਆਂ ਸਮੱਸਿਆਵਾਂ ਹਨ ਅਤੇ ਸਾਨੂੰ ਇਹ ਵੀ ਪਤਾ ਹੈ ਕਿ ਅੱਜ ਦੇ ਸਮੇਂ ਵਿੱਚ ਜਿਸ ਪਾਸ ਧਨ ਨਹੀਂ ਹੈ, ਉਹ ਗ਼ਰੀਬ ਹੁੰਦਾ ਹੈ ਅਤੇ ਗ਼ੁਰਬਤ ਆਪਣੇ ਆਪ ਵਿੱਚ ਲਾਅਨਤ ਹੈ। ਅਸੀਂ ਧਨ ਜੋੜਨ ਦਾ ਅਧਿਕਾਰ ਰੱਖਦੇ ਹਾਂ। ਬਸ ਅਸੀਂ ਕਿਸੇ ਦਾ ਹੱਕ ਨਹੀਂ ਮਾਰਨਾ। ਅਸੀਂ ਜਦੋਂ ਲੋੜ ਤੋਂ ਵੱਧ ਧਨ ਇਕੱਠਾ ਕਰ ਲੈਂਦੇ ਹਾਂ ਤਾਂ ਸਾਨੂੰ ਅਹੰਕਾਰ ਹੋ ਜਾਂਦਾ ਹੈ। ਅਸੀਂ ਆਪਣੀਆਂ ਡੀਂਗਾਂ ਮਾਰਨ ਲੱਗ ਪੈਂਦੇ ਹਾਂ, ਦੂਜਿਆਂ ਨੂੰ ਘਟੀਆ ਸਮਝਣ ਲੱਗ ਪੈਂਦੇ ਹਾਂ, ਲੋਕਾਂ ਲਈ ਮੁਸ਼ਕਿਲਾਂ ਪੈਦਾ ਕਰਦੇ ਹਾਂ, ਆਪਣੀ ਸ਼ਕਤੀ ਦੀ ਗ਼ਲਤ ਵਰਤੋਂ ਕਰਦੇ ਹਾਂ, ਪੈਸਾ ਇਕੱਠਾ ਕਰਨ ਦੇ ਲਾਲਚ ਵਿੱਚ ਫਸ ਜਾਂਦੇ ਹਾਂ। ਪੈਸੇ ਦਾ ਲਾਲਚ ਬੁਰੀ ਬਲਾ ਹੈ। ਇਸ ਦਾ ਕੋਈ ਅੰਤ ਨਹੀਂ ਹੈ ਅਤੇ ਜਦੋਂ ਬੰਦਾ ਇਸ ਪਾਸੇ ਤੁਰ ਪਵੇ, ਫਿਰ ਉਸ ਨੂੰ ਕੋਈ ਰੋਕ ਨਹੀਂ ਸਕਦਾ। ਮੁਰਦਿਆਂ ਦੇ ਮੂੰਹ 'ਚੋਂ ਪੈਸੇ ਕੱਢਣ ਤੱਕ ਜਾ ਪੁੱਜਦਾ ਹੈ, ਸੋ ਸਾਨੂੰ ਆਪਣੀਆਂ ਸੀਮਾਵਾਂ ਵਿੱਚ ਰਹਿਣਾ ਚਾਹੀਦਾ ਹੈ।

## ਤਨੋਂ-ਮਨੋਂ-ਬਚਨੋਂ ਇਕ ਹੋ ਜਾਉ

ਅਭਿਆਸ ਕਰਦੇ ਰਹੀਏ ਤਾਂ ਸਾਡੀਆਂ ਕਰਨੀਆਂ ਅਤੇ ਸਾਡੇ ਬਚਨ ਸਾਡੇ ਮਨ ਮੁਤਾਬਿਕ ਹੋ ਸਕਦੇ ਹਨ। ਅਰਥਾਤ ਬਨਾਵਟ ਖ਼ਤਮ ਹੋ ਸਕਦੀ ਹੈ। ਜਦੋਂ ਤੱਕ ਬਨਾਵਟ ਵਿੱਚ ਅਸੀਂ ਫਸੇ ਰਹਿੰਦੇ ਹਾਂ। ਅਸੀਂ ਕਦੀ ਇਕ ਤੇ ਕਦੀ ਦੂਜੀ ਬਨਾਵਟ ਵਿੱਚ ਹੀ ਲੱਗੇ ਰਹਿੰਦੇ ਹਾਂ, ਮਨੁੱਖ ਜਾਤੀ ਦਾ ਇਹੀ ਦੁਖਾਂਤ ਹੈ ਕਿ ਅਸੀਂ ਸੋਚਦੇ ਕੁਝ ਹਾਂ, ਕਰਦੇ ਕੁਝ ਹਾਂ ਅਤੇ ਬੋਲਦੇ ਕੁਝ ਹਾਂ। ਅਸੀਂ ਆਪ ਵੀ ਇਸ ਬਨਾਵਟੀ ਜਾਲ ਵਿੱਚ ਫਸ ਜਾਂਦੇ ਹਾਂ, ਫਿਰ ਸਾਨੂੰ ਪਤਾ ਹੀ ਨਹੀਂ ਰਹਿੰਦਾ ਅਸੀਂ ਕਦੋਂ ਕੀ ਸੋਚਿਆ ਸੀ ? ਕਦੋਂ ਕੀ ਬੋਲਿਆ ਸੀ ਅਤੇ ਕਦੋਂ ਅਸੀਂ ਕੀ ਕਰ ਬੈਠੇ ਸਾਂ। ਦੁਨੀਆਂ ਭਰ ਦੇ ਸੰਵਿਧਾਨਾਂ ਨੇ ਅੱਜ ਮਨੁੱਖ ਨੂੰ ਆਜ਼ਾਦੀ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਉਹ ਆਪਣੇ ਮੂਲ ਵਿਚਾਰ ਪ੍ਰਗਟ ਕਰ ਸਕਦਾ ਹੈ, ਪਰ ਅਸੀਂ ਕਿੱਧਰੇ ਧਾਰਮਿਕ, ਕਿੱਧਰੇ ਕਾਨੂੰਨੀ, ਕਿੱਧਰੇ ਸਮਾਜਿਕ ਅਤੇ ਕਿੱਧਰੇ ਆਪਣੇ ਹੀ ਵਿਛਾਏ ਹੋਏ ਜਾਲ ਵਿੱਚ ਫਸੇ ਹੋਏ ਹਾਂ, ਗ਼ੁਲਾਮ ਹਾਂ, ਅਸੀਂ ਉਹ ਕੁਝ ਨਹੀਂ ਆਖ ਸਕਦੇ ਜੋ ਕੁਝ ਸਾਡੇ ਅੰਦਰ ਪੈਦਾ ਹੋ ਆਇਆ ਹੈ। ਸਾਨੂੰ ਬਨਾਵਟ ਦਾ ਸਹਾਰਾ ਲੈਣਾ ਪੈਂਦਾ ਹੈ। ਅਸੀਂ ਆਪਣੇ ਵਿਚਾਰਾਂ ਉੱਤੇ ਬਨਾਵਟ ਦਾ ਪਰਦਾ ਪਾਉਣ ਉੱਤੇ ਮਜਬੂਰ ਹੋ ਜਾਂਦੇ ਹਾਂ ਅਤੇ ਇਹ ਬਨਾਵਟ ਦਾ ਪਰਦਾ ਪਾਉਣਾ ਹੋਰ ਵੀ ਮੁਸ਼ਕਿਲ ਹੁੰਦਾ ਹੈ। ਸਾਰਾ ਕੁਝ ਹੀ ਤਬਦੀਲ ਹੋ ਜਾਂਦਾ ਹੈ, ਫਿਰ ਵੀ ਅਭਿਆਸ ਕਰਨਾ ਚਾਹੀਦਾ ਹੈ। ਆਪਣੇ ਮਨ ਅੰਦਰ ਜਾਗੇ ਵਿਚਾਰਾਂ ਨੂੰ ਆਪਣੇ ਜੀਵਨ ਦਾ ਆਧਾਰ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਕਿਉਂਕਿ ਰੱਬ ਆਤਮਾ ਦੇ ਰੂਪ ਵਿੱਚ ਸਾਡੇ ਅੰਦਰ ਜੋ ਮੁੱਢਲੇ ਵਿਚਾਰ ਪੈਦਾ ਹੁੰਦੇ ਹਨ ਉਹ ਵਧੀਆ ਵਿਚਾਰ ਹੁੰਦੇ ਹਨ। ਜਿਉਂ-ਜਿਉਂ ਅਸੀਂ ਬੰਧਨਾਂ ਹੇਠ ਆ ਕੇ ਉਨ੍ਹਾਂ ਵਿਚਾਰਾਂ ਨਾਲ ਘੁਲਦੇ ਹਾਂ ਤਾਂ ਅਸੀਂ ਆਜ਼ਾਦ ਨਹੀਂ ਰਹਿੰਦੇ ਅਤੇ ਸਾਡੀਆਂ ਕਰਨੀਆਂ ਅਤੇ ਬੋਲ ਬਾਣੀ ਹੀ ਬਦਲ ਜਾਂਦੀ ਹੈ। ਅਸੀਂ ਆਤਮਾ ਦੀ ਆਵਾਜ਼ ਸੁਣਨ ਦੇ ਸਮਰੱਥ ਨਹੀਂ ਰਹਿੰਦੇ। ਇਹੀ ਸਾਡੇ ਜੀਵਨ ਦਾ ਦੁਖਾਂਤ ਹੈ ਅਤੇ ਅਸੀਂ ਇਸ ਦੁਖਾਂਤ ਵਿੱਚੋਂ ਬਾਹਰ ਨਿਕਲਣਾ ਹੈ।

## ਇਸ ਦੁਨੀਆਂ ਵਿੱਚ ਸਾਡਾ ਹਿੱਸਾ ਹੈ

ਅਸੀਂ ਅਗਰ ਇਸ ਦੁਨੀਆਂ ਵਿੱਚ ਆਏ ਹਾਂ ਤਾਂ ਪਰਮ ਪਿਤਾ ਪ੍ਰਮਾਤਮਾ ਨੇ ਆਪਣੀਆਂ ਬਖ਼ਸ਼ਿਸ਼ਾਂ ਵਿੱਚ ਸਾਡਾ ਹਿੱਸਾ ਵੀ ਨਿਸ਼ਚਿਤ ਕਰ ਦਿੱਤਾ ਹੈ। ਅਸੀਂ ਅਗਰ ਆਪਣੇ ਹਿੱਸੇ ਦੀ ਸ਼ਨਾਖਤ ਨਹੀਂ ਕਰ ਪਾ ਰਹੇ ਤਾਂ ਇਹ ਸਾਡੀ ਆਪਣੀ ਗ਼ਲਤੀ ਹੈ। ਰੱਬ ਕਿਸੇ ਨਾਲ ਵਿਤਕਰਾ ਨਹੀਂ ਕਰਦਾ, ਉਸ ਲਈ ਸਾਰੇ ਬੱਚੇ ਬਰਾਬਰ ਹਨ ਅਤੇ ਉਸ ਨੇ ਹਰ ਕਿਸੇ ਦੀ ਕਿਸਮਤ ਵੀ ਲਿਖ ਦਿੱਤੀ ਹੈ। ਉਸ ਦੇ ਹਿੱਸੇ ਦੀਆਂ ਬਰਕਤਾਂ ਵੀ ਇਸ ਦੁਨੀਆਂ ਵਿੱਚ ਮੌਜੂਦ ਹਨ। ਅਸੀਂ ਆਪ ਹੀ ਭੁੱਲੇ-ਭਟਕਦੇ ਫਿਰਦੇ ਹਾਂ, ਕਿਸਮਤ ਨੂੰ ਕੋਸਦੇ ਹਾਂ। ਇਹੀ ਕਾਰਨ ਹੈ ਕਿ ਸਾਨੂੰ ਆਪਣੇ ਅੰਦਰ ਝਾਤੀ ਮਾਰ ਕੇ ਰੱਬ ਦੀਆਂ ਬਖ਼ਸ਼ੀਆਂ ਖ਼ਾਸੀਅਤਾਂ ਦੀ ਪਛਾਣ ਕਰਨੀ ਚਾਹੀਦੀ ਹੈ। ਅਸੀਂ ਕਿਸੇ ਪਾਸੋਂ ਘੱਟ ਨਹੀਂ ਹਾਂ, ਅਸੀਂ ਹਰੇਕ ਆਦਮੀ ਬਹੁਤ ਹੀ ਵਧੀਆ ਆਦਮੀ ਹਾਂ। ਰੱਬ ਦੀ ਰਚਨਾ ਕਦੀ ਮਾੜੀ ਨਹੀਂ ਹੋ ਸਕਦੀ। ਅਸੀਂ ਵੀ ਰੱਬ ਦੀ ਰਚਨਾ ਹਾਂ, ਅਸੀਂ ਸੰਪੂਰਨ ਹਾਂ। ਰੱਬ ਨੇ ਜੈਸਾ ਚਾਹਿਆ ਸੀ ਵੈਸੀ ਹੀ ਸਾਡੀ ਰਚਨਾ ਕਰ ਦਿੱਤੀ ਹੈ। ਅਸੀਂ ਵੱਖਰੀ ਕਿਸਮ ਦੇ ਜ਼ਰੂਰ ਹਾਂ, ਪਰ ਅਸੀਂ ਕਿਸੇ ਹੋਰ ਪਾਸੋਂ ਘਟੀਆ ਨਹੀਂ ਹਾਂ। ਅਸੀਂ ਜਦੋਂ ਕਮਜ਼ੋਰ ਪੈ ਜਾਂਦੇ ਹਾਂ ਤਾਂ ਦੂਜੇ ਲੋਕੀਂ ਸਾਡੀ ਕਿਸਮਤ ਦੀਆਂ ਚੀਜ਼ਾਂ ਵੀ ਆਪ ਹੜੱਪ ਕਰ ਲੈਂਦੇ ਹਨ। ਅਸੀਂ ਆਪਣੇ ਆਪ ਨੂੰ ਬਦਕਿਸਮਤ ਆਖਣ ਲੱਗ ਪੈਂਦੇ ਹਾਂ ਅਤੇ ਦੂਜੇ ਆਪਣੇ ਆਪ ਨੂੰ ਖ਼ੁਸ਼ਕਿਸਮਤ ਸਮਝਣ ਲੱਗ ਪੈਂਦੇ ਹਨ। ਅਸੀਂ ਇਸ ਮਾਇਆ ਜਾਲ 'ਚੋਂ ਬਾਹਰ ਨਿਕਲਣਾ ਹੈ। ਅਸੀਂ ਪਰਮ ਪਿਤਾ ਪ੍ਰਮਾਤਮਾ ਦੀ ਵਧੀਆ ਕਿਰਤ ਹਾਂ ਅਤੇ ਇਹ ਜੋ ਘਟੀਆਪਣ ਦਾ ਅਹਿਸਾਸ ਸਾਡੇ ਅੰਦਰ ਬਣਦਾ ਆ ਰਿਹਾ ਹੈ, ਅਸੀਂ ਇਸ ਵਿੱਚੋਂ ਬਾਹਰ ਨਿਕਲਣਾ ਹੈ। ਸਾਡਾ ਜੀਵਨ ਉਦੇਸ਼ ਇਹੀ ਹੋਣਾ ਚਾਹੀਦਾ ਹੈ।

## ਇਹ ਦੁਨੀਆਂ ਇਕ ਭਾਈਚਾਰਾ ਹੈ

ਕਿਉਂਕਿ ਹਰ ਕੋਈ ਰੱਬ ਨੇ ਆਪ ਬਣਾਇਆ ਹੈ ਇਸ ਕਰਕੇ ਇਹ ਦੁਨੀਆਂ ਇਕ ਭਾਈਚਾਰਾ ਹੈ। ਭਾਈਚਾਰੇ ਵਿੱਚ ਬਸ ਵੱਡਿਆਂ ਦਾ ਕੰਮ ਹੈ, ਛੋਟਿਆਂ ਨੂੰ ਪਿਆਰ ਦੇਣਾ ਅਤੇ ਛੋਟਿਆਂ ਦਾ ਕੰਮ ਹੁੰਦਾ ਹੈ, ਵੱਡਿਆਂ ਦਾ ਸਤਿਕਾਰ ਕਰਨਾ। ਅਸੀਂ ਦੁਨੀਆਂ ਵਾਲੇ ਜੋ ਵੰਡੀਆਂ ਪਾਉਂਦੇ ਹਾਂ ਉਹ ਸਾਰੀਆਂ ਬਨਾਵਟੀ ਹਨ ਅਤੇ ਇਨ੍ਹਾਂ ਵੰਡੀਆਂ ਕਾਰਨ ਹੀ ਅੱਜ ਦਾ ਇਨਸਾਨ ਆਪਣੇ ਆਪ ਵਾਸਤੇ ਦੁੱਖ ਸਹੇੜਦਾ ਆ ਰਿਹਾ ਹੈ, ਭਾਈਚਾਰਕ ਸਾਂਝ ਖ਼ਤਮ ਹੋ ਗਈ ਹੈ। ਧਰਮਾਂ ਵਿੱਚ ਵੰਡੀਆਂ ਪੈ ਗਈਆਂ ਹਨ। ਹਰ ਧਰਮ ਦੇ ਲੋਕੀਂ ਆਪਣੇ ਆਪ ਨੂੰ ਦੂਜਿਆਂ ਤੋਂ ਬਿਹਤਰ ਸਮਝਣ ਲੱਗ ਪਏ ਹਨ। ਆਪਣੇ ਆਪ ਨੂੰ ਬਿਹਤਰ ਸਮਝਣ ਕਾਰਨ ਦੂਜੇ ਧਰਮਾਂ ਦੇ ਲੋਕਾਂ ਨਾਲ ਜ਼ਿਆਦਤੀਆਂ ਕਰਨ ਲੱਗ ਪਏ ਹਨ। ਦੁਨੀਆਂ ਭਰ ਦਾ ਇਤਿਹਾਸ ਲਹੂ ਨਾਲ ਲਿਖਿਆ ਮਿਲਦਾ ਹੈ। ਬਹੁਤੇ ਲੋਕਾਂ ਦੀਆਂ ਜਾਨਾਂ ਅਸੀਂ ਆਪ ਆਪਣੇ ਹੱਥੀਂ ਲੈਂਦੇ ਆ ਰਹੇ ਹਾਂ। ਅਸੀਂ ਦੂਜੇ ਧਰਮਾਂ ਦੇ ਲੋਕਾਂ ਦਾ ਕਤਲ ਇਉਂ ਕਰਦੇ ਰਹੇ ਹਾਂ ਜਿਵੇਂ ਉਹ ਸਾਡੇ ਕੁਝ ਲੱਗਦੇ ਹੀ ਨਹੀਂ ਹਨ, ਦੁਸ਼ਮਣ ਹਨ। ਇਹ ਸਾਡਾ ਦੁਖਾਂਤ ਹੈ ਅਤੇ ਇਹੀ ਦੁਖਾਂਤ ਅੱਜ ਵੀ ਮਨੁੱਖ ਜਾਤੀ ਅੰਦਰ ਵੰਡੀਆਂ ਪਾਈ ਬੈਠਾ ਹੈ। ਅਸੀਂ ਦੇਸ਼ਾਂ ਵਿੱਚ ਵੀ ਵੰਡੇ ਜਾ ਚੁੱਕੇ ਹਾਂ। ਮਾਰੂ ਹਥਿਆਰਾਂ ਦੀਆਂ ਕਾਢਾਂ ਕੱਢ ਕੇ ਇਸ ਦੁਨੀਆਂ ਦੇ ਖ਼ਾਤਮੇ ਦੀਆਂ ਆਪ ਹੀ ਤਿਆਰੀਆਂ ਕਰ ਰਹੇ ਹਾਂ। ਜਦੋਂ ਤੱਕ

ਮਨੁੱਖ ਅੰਦਰ ਭਾਈਚਾਰਕ ਸਾਂਝ ਨਹੀਂ ਬਣਦੀ, ਇਹ ਆਪੋ ਵਿੱਚ ਦੁਸ਼ਮਣੀਆਂ ਪਾਲਦਾ ਰਹੇਗਾ, ਇਸ ਦੁਨੀਆਂ ਨੂੰ ਨਰਕ ਬਣਾਉਂਦਾ ਰਹੇਗਾ।

## ਜਾਤ-ਪਾਤ ਦੀ ਤਮੀਜ਼

ਮਨੁੱਖ ਸਾਰੇ ਇਕ ਹੀ ਸਰੋਤ ਤੋਂ ਆਏ ਹਨ, ਸਾਰੇ ਹੀ ਬਰਾਬਰ ਹਨ, ਪਰ ਅਸੀਂ ਦੁਨੀਆਂ ਵਾਲਿਆਂ ਨੇ ਆਪ ਹੀ ਜਾਤੀ ਵੰਡ ਕਰ ਲਈ ਹੈ। ਅਸੀਂ ਆਪ ਹੀ ਕੁਝ ਜਾਤੀਆਂ ਨੂੰ ਉੱਚਾ ਕਰਾਰ ਦਿੱਤਾ ਹੈ। ਅਸੀਂ ਆਪ ਹੀ ਕੁਝ ਜਾਤੀਆਂ ਨੂੰ ਨੀਵਾਂ ਕਰਾਰ ਦਿੱਤਾ ਹੈ ਅਤੇ ਸਦੀਆਂ ਤੱਕ ਇਸ ਵੰਡ ਨੂੰ ਪੱਕਾ ਕਰਦੇ ਆਏ ਹਾਂ ਅਤੇ ਅੱਜ ਇਹ ਵੰਡੀਆਂ ਪ੍ਰਤੱਖ ਦਿਖਾਈ ਦੇ ਰਹੀਆਂ ਹਨ ਅਤੇ ਸਾਡੀ ਸੋਚ ਦਾ ਆਧਾਰ ਬਣ ਚੁੱਕੀਆਂ ਹਨ। ਉੱਚੀਆਂ ਜਾਤੀਆਂ ਵਾਲੇ ਵੱਖਰੇ ਹੋ ਖਲੋਤੇ ਹਨ। ਸਮਾਜਿਕ ਸਾਂਝਾਂ ਵੀ ਖ਼ਤਮ ਕਰ ਦਿੱਤੀਆਂ ਗਈਆਂ, ਖਾਣ-ਪੀਣ ਵੀ ਵੱਖਰਾ ਹੋ ਗਿਆ ਹੈ, ਬਸਤੀਆਂ ਵੱਖਰੀਆਂ ਹੋ ਗਈਆਂ ਹਨ, ਵਰਤ ਵਰਤਾਰਾ ਖ਼ਤਮ ਹੋ ਗਿਆ ਹੈ, ਰਿਸ਼ਤੇ ਨਾਤਿਆਂ ਲਈ ਵੰਡੀਆਂ ਪੈ ਚੁੱਕੀਆਂ ਹਨ, ਪਿਆਰ ਮੁਹੱਬਤਾਂ ਖ਼ਤਮ ਹੋ ਚੁੱਕੀਆਂ ਹਨ ਅਤੇ ਜਿਉਂ-ਜਿਉਂ ਮਨੁੱਖ ਆਪਣੇ ਆਪ ਨੂੰ ਸਿਆਣਾ ਸਮਝਣ ਲੱਗ ਪਿਆ ਹੈ, ਇਹ ਵੰਡੀਆਂ ਹੋਰ ਪੀਢੀਆ ਹੋ ਗਈਆਂ ਹਨ। ਅਸੀਂ ਕਾਨੂੰਨ ਬਣਾਏ ਹਨ, ਅਸੀਂ ਸੰਵਿਧਾਨ ਬਣਾ ਲਏ ਹਨ, ਬਰਾਬਰਤਾ ਦੀਆਂ ਗੱਲਾਂ ਰੱਜ ਕੇ ਕੀਤੀਆਂ ਹਨ, ਪਰ ਇਹ ਸਾਰਾ ਕੁਝ ਬਨਾਵਟੀ ਹੈ। ਅਸੀਂ ਵੰਡੇ ਜਾ ਚੁੱਕੇ ਹਾਂ, ਸਾਡੀਆਂ ਵੰਡੀਆਂ ਪੱਕੀਆਂ ਹੋ ਗਈਆਂ ਹਨ ਅਤੇ ਸਾਡੇ ਅੰਦਰ ਭਾਈਚਾਰਕ ਸਾਂਝਾਂ ਵੀ ਨਹੀਂ ਰਹੀਆਂ ਹਨ ਅਤੇ ਇਹੀ ਕਾਰਨ ਹੈ ਕਿ ਅਸੀਂ ਕਿਸੇ ਇੱਕ ਦੇਸ਼ ਦੇ ਵਫ਼ਾਦਾਰ ਬਣ ਕੇ ਵੀ ਨਹੀਂ ਰਹਿ ਪਾ ਰਹੇ। ਸਮਾਜ ਵੀ ਵੰਡਿਆ ਹੋਣ ਕਰਕੇ ਮਨੁੱਖੀ ਸ਼ਕਤੀ ਵੀ ਘਟ ਗਈ ਹੈ। ਅਸੀਂ ਇਨ੍ਹਾਂ ਜਾਤੀ ਵੰਡੀਆਂ 'ਚੋਂ ਬਾਹਰ ਨਹੀਂ ਨਿਕਲ ਪਾ ਰਹੇ ਅਤੇ ਇਹੀ ਸਾਡੇ ਸਮਾਜਿਕ ਜੀਵਨ ਦਾ ਦੁਖਾਂਤ ਹੈ।

## ਪਵਿੱਤਰ ਹੋ ਜਾਉ

ਮਨੁੱਖ ਦੀ ਸੋਚ ਵਧੀਆ ਹੋਵੇ, ਮਨੁੱਖ ਦਾ ਵਤੀਰਾ ਵਧੀਆ ਹੋਵੇ, ਉਹ ਕਿਸੇ ਨਾਲ ਨਫ਼ਰਤ ਨਾ ਕਰਦਾ ਹੋਵੇ, ਕਿਸੇ ਨਾਲ ਵਿਤਕਰਾ ਨਾ ਕਰੇ, ਕਿਸੇ ਨੂੰ ਬੇਗਾਨਾ ਨਾ ਸਮਝੇ, ਸਮਝੋ ਉਹ ਮਨੁੱਖ ਪਵਿੱਤਰ ਹੈ। ਇਹ ਨਹਾਣਾ, ਧੋਣਾ, ਸਰੀਰ ਨੂੰ ਕਸ਼ਟ ਦੇਣ ਨਾਲ ਬੰਦਾ ਪਵਿੱਤਰ ਨਹੀਂ ਹੁੰਦਾ। ਇਕ ਵਾਰੀ ਬੰਦਾ ਐਸੇ ਗੁਣ ਅਪਣਾ ਲਵੇ ਉਹ ਪਵਿੱਤਰ ਹੋ ਜਾਂਦਾ ਹੈ, ਉਸ ਨੂੰ ਤੀਰਥਾਂ ਉੱਤੇ ਜਾ ਕੇ ਇਸ਼ਨਾਨ ਕਰਨ ਦੀ ਜ਼ਰੂਰਤ ਨਹੀਂ ਰਹਿੰਦੀ। ਉਹ ਆਪਣਾ ਸਮਾਂ ਸ਼ੁੱਭ ਕਾਰਜਾਂ ਵਿੱਚ ਲਗਾਉਂਦਾ ਹੈ। ਉਸ ਨੂੰ ਭਟਕਣ ਦੀ ਜ਼ਰੂਰਤ ਨਹੀਂ ਰਹਿੰਦੀ। ਉਹ ਬੇਫ਼ਿਕਰ ਹੋ ਜਾਂਦਾ ਹੈ। ਉਸ ਨੂੰ ਕਿਸੇ ਪਾਸੋਂ ਡਰ ਨਹੀਂ ਲੱਗਦਾ, ਉਹ ਕਿਸੇ ਨੂੰ ਡਰਾਉਂਦਾ ਵੀ ਨਹੀਂ। ਉਹ ਤਾਂ ਸਾਰਿਆਂ ਨੂੰ ਪਿਆਰ ਕਰਨ ਲੱਗ ਪੈਂਦਾ ਹੈ। ਉਹ ਤਾਂ ਸਾਰਿਆਂ ਦਾ ਪਿਆਰਾ ਆਦਮੀ ਬਣ ਜਾਂਦਾ ਹੈ। ਪਿਆਰ ਕਰਦਾ ਹੈ, ਪਿਆਰ ਪਾਉਂਦਾ ਹੈ, ਉਸ ਨੂੰ ਇਹ ਸਾਰੀ ਦੁਨੀਆਂ ਆਪਣੀ ਲੱਗਣ ਲੱਗ ਪੈਂਦੀ ਹੈ। ਓਪਰਾਪਣ ਖ਼ਤਮ ਹੋ ਜਾਂਦਾ ਹੈ ਅਤੇ ਜਦੋਂ ਆਦਮੀ ਦੀ ਸੋਚ ਪਵਿੱਤਰ ਹੋ ਜਾਵੇ, ਉਹ ਪਰਮ ਪਿਤਾ ਪ੍ਰਮਾਤਮਾ ਦੇ ਨੇੜੇ ਆਉਂਦਾ ਹੈ। ਉਹ ਜਨਮ ਤੇ ਮਰਨ ਦੇ ਗੇੜਿਆਂ ਤੋਂ ਮੁਕਤ ਹੋ ਜਾਂਦਾ ਹੈ। ਉਸ ਨੂੰ ਇਹ ਡਰ ਵੀ ਨਹੀਂ ਰਹਿੰਦਾ ਕਿ ਰੱਬ ਉਸ ਨੂੰ ਨਰਕਾਂ ਵਿੱਚ ਭੇਜੇਗਾ। ਉਸ ਨੂੰ

ਇਹ ਡਰ ਵੀ ਨਹੀਂ ਰਹਿੰਦਾ ਕਿ ਉਸ ਨੂੰ ਇਸ ਜੀਵਨ ਵਿੱਚ ਕਠਨਾਈਆਂ ਪੇਸ਼ ਆਉਣਗੀਆਂ। ਉਹ ਵਿਸ਼ਵਾਸ ਕਰਨ ਲੱਗ ਪੈਂਦਾ ਹੈ ਕਿ ਰੱਬ ਉਨ੍ਹਾਂ ਲੋਕਾਂ ਨੂੰ ਪਿਆਰ ਕਰਦਾ ਹੈ ਜੋ ਪਵਿੱਤਰ ਬਣ ਆਏ ਹਨ ਅਤੇ ਐਸੀ ਸੋਚ ਅਪਣਾ ਕੇ ਉਹ ਇਹ ਜੀਵਨ ਵਧੀਆ ਢੰਗ ਨਾਲ ਕੱਟ ਜਾਂਦਾ ਹੈ। ਹਰ ਪਾਸੇ ਉਸ ਦੀ ਸ਼ੋਭਾ ਹੁੰਦੀ ਹੈ।

## ਆਪਣੀਆਂ ਇੱਛਾਵਾਂ ਜਾਨਣ ਦੀ ਕੋਸ਼ਿਸ਼ ਕਰੋ

ਰੱਬ ਨੇ ਆਪ ਸਾਡੀ ਹੋਂਦ ਕਾਇਮ ਕੀਤੀ ਹੈ। ਸਾਨੂੰ ਇਹ ਵਿਸ਼ਵਾਸ ਵੀ ਕਰ ਲੈਣਾ ਚਾਹੀਦਾ ਹੈ ਕਿ ਰੱਬ ਨੇ ਆਪ ਹੀ ਸਾਡੇ ਅੰਦਰ ਸਾਡੀਆਂ ਇੱਛਾਵਾਂ ਦੀ ਸਥਾਪਨਾ ਕੀਤੀ ਹੈ। ਅਸੀਂ ਅਗਰ ਪਵਿੱਤਰ ਆਤਮਾ ਦੀ ਆਵਾਜ਼ ਸੁਣਨ ਦਾ ਅਭਿਆਸ ਆਰੰਭ ਕਰ ਰੱਖਿਆ ਹੈ ਤਾਂ ਇਹ ਇੱਛਾਵਾਂ ਸਾਡੇ ਜੀਵਨ ਦਾ ਆਧਾਰ ਬਣਦੀਆਂ ਹਨ। ਅਸੀਂ ਆਪਣਾ ਸਾਰਾ ਜੀਵਨ ਆਪਣੀਆਂ ਇੱਛਾਵਾਂ ਦੀ ਪੂਰਤੀ ਲਈ ਲਗਾ ਦਿੰਦੇ ਹਾਂ। ਸਾਡੀ ਹਰੇਕ ਕੋਸ਼ਿਸ਼ ਸਾਡੀਆਂ ਇੱਛਾਵਾਂ ਦੀ ਪੂਰਤੀ ਲਈ ਮਾਰਿਆ ਗਿਆ ਹੰਭਲਾ ਹੁੰਦਾ ਹੈ।

ਅਸੀਂ ਲੋਕਾਂ ਨੂੰ ਦੇਖ ਕੇ ਆਪਣੀਆਂ ਇੱਛਾਵਾਂ ਮਾਪ ਨਹੀਂ ਸਕਦੇ। ਇਹ ਤਰੀਕਾ ਗ਼ਲਤ ਹੈ। ਅਸੀਂ ਤਾਂ ਆਪਣੇ ਅੰਦਰ ਝਾਤੀ ਮਾਰ ਕੇ ਆਪਣੀਆਂ ਵੱਖਰੀਆਂ ਇੱਛਾਵਾਂ ਦੀ ਸ਼ਨਾਖ਼ਤ ਕਰਨੀ ਹੈ। ਜਦੋਂ ਸਾਡੀਆਂ ਇਹ ਵੱਖਰੀਆਂ ਇੱਛਾਵਾਂ ਦਾ ਸਾਨੂੰ ਗਿਆਨ ਹੋ ਜਾਂਦਾ ਹੈ ਤਾਂ ਸਾਨੂੰ ਪਹਿਲੀ ਵਾਰੀ ਪਤਾ ਲੱਗਦਾ ਹੈ ਕਿ ਰੱਬ ਨੇ ਸਾਡੀ ਵਿਲੱਖਣ ਹਸਤੀ ਕਾਇਮ ਕੀਤੀ ਹੋਈ ਹੈ। ਅਸੀਂ ਬਹੁਤ ਹੀ ਵੱਖਰੇ ਹਾਂ ਅਤੇ ਬਹੁਤ ਹੀ ਵਧੀਆ ਆਦਮੀ ਹਾਂ। ਇਸ ਕਰਕੇ ਇੱਛਾਵਾਂ ਨੂੰ ਦਬਾਉਣਾ ਨਹੀਂ ਚਾਹੀਦਾ। ਬਲਕਿ ਅਸੀਂ ਇਹ ਕੋਸ਼ਿਸ਼ ਕਰਦੇ ਰਹਿਣਾ ਹੈ ਕਿ ਪਰਮ ਪਿਤਾ ਪ੍ਰਮਾਤਮਾ ਨੇ ਜੋ ਸਾਡੇ ਅੰਦਰ ਇੱਛਾਵਾਂ ਸਥਾਪਿਤ ਕੀਤੀਆਂ ਹਨ, ਅਸੀਂ ਉਨ੍ਹਾਂ ਦੀ ਪਛਾਣ ਕਰ ਸਕੀਏ। ਰੱਬ ਨੇ ਇਸ ਮੰਤਵ ਦੀ ਪੂਰਤੀ ਲਈ ਸਾਡੀ ਹੋਂਦ ਕਾਇਮ ਕੀਤੀ ਹੈ। ਜਿਸ ਆਦਮੀ ਨੇ ਆਪਣੇ ਜੀਵਨ ਦੀਆਂ ਨਿਸ਼ਾਨੀਆਂ ਦੀ ਸ਼ਨਾਖ਼ਤ ਨਹੀਂ ਕੀਤੀ ਅਤੇ ਨਾ ਹੀ ਉਨ੍ਹਾਂ ਟੀਚਿਆਂ ਤੱਕ ਪੁੱਜਣ ਦੀ ਕੋਸ਼ਿਸ਼ ਹੀ ਕੀਤੀ ਹੈ, ਉਹ ਅਗਿਆਨੀ ਹੈ। ਉਹ ਜੈਸਾ ਇਸ ਦੁਨੀਆਂ ਵਿੱਚ ਆਇਆ, ਜੈਸਾ ਨਾ ਆਇਆ। ਇਸ ਕਰਕੇ ਸਾਨੂੰ ਹਰ ਰੋਜ਼ ਆਪਣੇ ਅੰਦਰ ਝਾਤੀ ਮਾਰ ਕੇ ਉਨ੍ਹਾਂ ਇੱਛਾਵਾਂ ਦੀ ਸ਼ਨਾਖ਼ਤ ਕਰਦੇ ਰਹਿਣਾ ਚਾਹੀਦਾ ਹੈ ਜੋ ਪਰਮ ਪਿਤਾ ਪ੍ਰਮਾਤਮਾ ਨੇ ਆਪ ਸਾਡੇ ਅੰਦਰ ਸਥਾਪਿਤ ਕੀਤੀਆਂ ਹਨ। ਇਨ੍ਹਾਂ ਇੱਛਾਵਾਂ ਦੀ ਪੂਰਤੀ ਲਈ ਹੰਭਲਾ ਮਾਰਦੇ ਰਹਿਣਾ ਹੀ ਸਾਡਾ ਜੀਵਨ-ਉਦੇਸ਼ ਹੋਣਾ ਚਾਹੀਦਾ ਹੈ।

## ਸਭ ਕੁਝ ਅਸਲ ਹੈ

ਰੱਬ ਨੇ ਜੋ ਕੁਝ ਵੀ ਇਸ ਦੁਨੀਆਂ ਅੰਦਰ ਸਥਾਪਿਤ ਕੀਤਾ ਹੈ, ਸਾਰਾ ਕੁਝ ਹੀ ਅਸਲ ਹੈ। ਰੱਬ ਦੀਆਂ ਸਥਾਪਿਤ ਕੀਤੀਆਂ ਚੀਜ਼ਾਂ ਕਦੀ ਝੂਠ ਨਹੀਂ ਹੋ ਸਕਦੀਆਂ। ਰੱਬ ਆਪ ਵੀ ਸੱਚ ਹੈ। ਉਸਦੀ ਹਰ ਕ੍ਰਿਤੀ ਸੱਚ ਹੈ। ਅਸੀਂ ਸੱਚ ਹਾਂ, ਸਾਡੀ ਹੋਂਦ ਸੱਚ ਹੈ। ਅਸੀਂ ਅਗਰ ਝੂਠ ਦੇ ਕੱਪੜੇ ਪਾ ਲੈਂਦੇ ਹਾਂ ਤਾਂ ਇਹ ਸਾਡੀ ਗ਼ਲਤੀ ਹੈ। ਰੱਬ ਨੇ ਸਾਡੀ ਸੱਚੀ ਹੋਂਦ ਸਥਾਪਿਤ ਕੀਤੀ ਹੈ। ਰੱਬ ਦੀ ਕੋਈ ਦਿੱਤੀ ਚੀਜ਼ ਘਟੀਆ ਨਹੀਂ ਹੈ।

ਇਸ ਕਰਕੇ ਅਸੀਂ ਵੀ ਬਹੁਤ ਵਧੀਆ ਹਾਂ। ਅਸੀਂ ਇਸ ਵਧੀਆਪਣ ਦੀ ਪਛਾਣ ਕਰਨੀ ਹੈ। ਇਸ ਵਧੀਆਪਣ ਨੂੰ ਲੋਕ ਹਿੱਤ ਲਈ ਵਰਤਣਾ ਹੈ। ਅਸੀਂ ਕੋਸ਼ਿਸ਼ ਕਰਦੇ

ਰਹਿਣਾ ਹੈ ਕਿ ਅਸੀਂ ਸਚਿਆਰੇ ਬਣੇ ਰਹੀਏ। ਸਾਡੇ ਨੇੜੇ ਜੋ ਵੀ ਆਉਂਦਾ ਹੈ ਉਹ ਵੀ ਸਚਿਆਰਾ ਬਣ ਜਾਵੇ। ਕੋਈ ਵੀ ਆਦਮੀ ਜੋ ਸਾਡੇ ਸੰਪਰਕ ਵਿੱਚ ਆਉਂਦਾ ਹੈ ਉਹ ਸਾਥੋਂ ਮਾੜੀ ਸਿੱਖਿਆ ਜਾਂ ਸਾਡਾ ਮਾੜਾ ਪ੍ਰਭਾਵ ਨਾ ਲੈ ਕੇ ਜਾਵੇ। ਅਸੀਂ ਅਗਰ ਉਹ ਸਚਿਆਰ ਕਾਇਮ ਰੱਖਦੇ ਹਾਂ ਜੋ ਪਰਮ ਪਿਤਾ ਰੱਬ ਨੇ ਆਪ ਸਾਡੇ ਅੰਦਰ ਸਥਾਪਿਤ ਕੀਤਾ ਹੈ ਤਾਂ ਇਹ ਸਾਰੀ ਦੁਨੀਆਂ ਸਾਡੇ ਲਈ ਸੱਚ ਦਾ ਘਰ ਬਣ ਜਾਵੇਗੀ। ਅਸੀਂ ਆਪ ਵੀ ਸਚਿਆਰੇ ਬਣਨਾ ਹੈ ਅਤੇ ਹਰੇਕ ਨੂੰ ਸਚਿਆਰਾ ਬਣਨ ਦੀ ਸਲਾਹ ਦੇਣੀ ਹੈ।

## ਰੱਬ ਪਾਸ ਬੇਨਤੀ ਕਰਦੇ ਰਹੋ

ਅਸੀਂ ਰੱਬ ਪਾਸ ਬੇਨਤੀ ਕਰਦੇ ਰਹਿਣਾ ਹੈ ਕਿ ਸਾਨੂੰ ਸੇਧ ਮਿਲਦੀ ਰਹੇ। ਅਸੀਂ ਗੁੰਮਰਾਹ ਨਾ ਹੋ ਜਾਈਏ। ਅਸੀਂ ਨਿਰਾਸ਼ ਨਾ ਹੋ ਜਾਈਏ। ਅਸੀਂ ਮੁਸੀਬਤਾਂ ਤੋਂ ਡਰ ਕੇ ਢੇਰੀ ਢਾਹ ਕੇ ਨਾ ਬੈਠ ਜਾਈਏ। ਅਸੀਂ ਰੱਬ ਪਾਸੋਂ ਹਿੰਮਤ ਮੰਗਣੀ ਹੈ। ਅਸੀਂ ਸੁੱਖਾਂ ਦਾ ਆਨੰਦ ਵੀ ਮਾਣਨਾ ਹੈ। ਅਸੀਂ ਦੁੱਖ ਬਰਦਾਸ਼ਤ ਵੀ ਕਰਨੇ ਹਨ। ਅਸੀਂ ਕਾਮਯਾਬੀਆਂ ਹਾਸਲ ਕਰਨੀਆਂ ਹਨ। ਅਸੀਂ ਹਾਰਾਂ ਦਾ ਮੂੰਹ ਵੀ ਵੇਖਣਾ ਹੈ। ਅਸੀਂ ਆਪਣੇ ਟੀਚੇ ਮਿੱਥਣੇ ਹਨ। ਅਸੀਂ ਉਹ ਟੀਚੇ ਪ੍ਰਾਪਤ ਵੀ ਕਰਨੇ ਹਨ। ਅਰਦਾਸ ਕਰਨ ਨਾਲ ਸਵੈ-ਵਿਸ਼ਵਾਸ ਬਣ ਆਉਂਦਾ ਹੈ।

ਅਸੀਂ ਰੱਬ ਦੀ ਹਾਜ਼ਰੀ ਵਿੱਚ ਵਿਸ਼ਵਾਸ ਕਰਨ ਲੱਗ ਪੈਂਦੇ ਹਾਂ ਪਰ ਸਾਡੀਆਂ ਅਰਦਾਸਾਂ ਦਾ ਘੇਰਾ ਸੀਮਤ ਹੋਣਾ ਚਾਹੀਦਾ ਹੈ। ਮਾਤਾ-ਪਿਤਾ ਵੀ ਉਸ ਬੱਚੇ ਨੂੰ ਪਿਆਰ ਨਹੀਂ ਕਰਦੇ ਜੋ ਹਰ ਵਕਤ ਕੁਝ ਨਾ ਕੁਝ ਮੰਗਦਾ ਰਹਿੰਦਾ ਹੈ। ਅਸੀਂ ਦੇਖਦੇ ਹਾਂ ਕਿ ਦੁਨੀਆਂ ਭਰ ਦੀਆਂ ਅਰਦਾਸਾਂ ਰਸਮੀਂ ਹੋ ਗਈਆਂ ਹਨ। ਹਰ ਅਰਦਾਸ ਵਿੱਚ ਰਸਮੀ ਤੌਰ 'ਤੇ ਰੱਬ ਦੀ ਉਸਤਤ ਕੀਤੀ ਜਾਂਦੀ ਹੈ। ਰਸਮੀਂ ਤੌਰ 'ਤੇ ਰੱਬ ਦਾ ਸ਼ੁਕਰਾਨਾ ਕੀਤਾ ਜਾਂਦਾ ਹੈ। ਬਾਕੀ ਅਰਦਾਸਾਂ ਦਾ ਸਾਰਾ ਹਿੱਸਾ ਮੰਗਾਂ ਦੀ ਸੂਚੀ ਨਾਲ ਭਰਿਆ ਪਿਆ ਹੁੰਦਾ ਹੈ। ਐਥੇ ਆ ਕੇ ਅਸੀਂ ਗ਼ਲਤ ਹਾਂ। ਅਸੀਂ ਆਪਣੇ ਅੰਦਰ ਝਾਤੀ ਮਾਰਨੀ ਹੈ ਅਤੇ ਆਪਣੇ ਜੀਵਨ ਦੇ ਟੀਚੇ ਮਿਥਣੇ ਹਨ ਅਤੇ ਫਿਰ ਉਨ੍ਹਾਂ ਟੀਚਿਆਂ ਦੀ ਪੂਰਤੀ ਲਈ ਅਸੀਂ ਅਰਦਾਸਾਂ ਕਰਨੀਆਂ ਹਨ। ਰੱਬ ਦੀ ਸ਼ੋਭਾ ਕਰਨ ਨਾਲ ਰੱਬ ਮਿੱਥੇ ਟੀਚਿਆਂ ਤੋਂ ਵੱਧ ਨਹੀਂ ਦਿੰਦਾ। ਇਸ ਕਰਕੇ ਸਾਡੀਆਂ ਅਰਦਾਸਾਂ ਉਨ੍ਹਾਂ ਟੀਚਿਆਂ ਦੀ ਪੂਰਤੀ ਤੱਕ ਹੀ ਸੀਮਤ ਹੋਣੀਆਂ ਚਾਹੀਦੀਆਂ ਹਨ। ਜਦੋਂ ਸਾਡੀਆਂ ਮੰਗਾਂ ਹੱਦੋਂ ਬਾਹਰ ਹੋ ਜਾਂਦੀਆਂ ਹਨ, ਉਹ ਪੂਰੀਆਂ ਨਹੀਂ ਹੁੰਦੀਆਂ। ਅਸੀਂ ਨਿਰਾਸ਼ ਹੋ ਜਾਂਦੇ ਹਾਂ। ਕਈ ਵਾਰੀ ਅਸੀਂ ਰੱਬ ਵਿੱਚ ਵੀ ਵਿਸ਼ਵਾਸ ਕਰਨਾ ਛੱਡ ਦਿੰਦੇ ਹਾਂ। ਸੋ ਸਾਡੀਆਂ ਅਰਦਾਸਾਂ ਸੀਮਤ ਹੋਣੀਆਂ ਚਾਹੀਦੀਆਂ ਹਨ।

## ਅਕ੍ਰਿਤਘਣ ਨਾ ਬਣੋ

ਇਸ ਦੁਨੀਆਂ ਵਿੱਚ ਬਹੁਤ ਹੀ ਘੱਟ ਲੋਕੀਂ ਹਨ ਜੋ ਕਿਸੇ ਦੇ ਕੰਮ ਆਉਂਦੇ ਹਨ। ਅਗਰ ਸਾਡੇ ਕਿਸੇ ਮੁਸ਼ਕਲ ਵਕਤਾਂ ਵਿੱਚ ਕਿਸੇ ਨੇ ਸਾਡੀ ਸਹਾਇਤਾ ਕੀਤੀ ਹੈ ਤਾਂ ਸਾਡੇ ਲਈ ਇਹ ਲਾਜ਼ਮੀ ਹੋ ਜਾਂਦਾ ਹੈ ਕਿ ਅਸੀਂ ਉਸ ਆਦਮੀ ਦੀ ਇਸ ਮਿਹਰਬਾਨੀ ਨੂੰ ਸਦਾ ਹੀ ਯਾਦ ਰੱਖੀਏ, ਕਦੀ ਵੀ ਭੁਲਾਈਏ ਨਾ। ਅਗਰ ਉਹੀ ਆਦਮੀ ਭੁੱਲ ਭੁਲੇਖੇ ਸਾਡੇ ਨਾਲ ਕੋਈ ਜ਼ਿਆਦਤੀ ਕਰ ਬੈਠਦਾ ਹੈ, ਤਾਂ ਵੀ ਅਸੀਂ ਬਦਲਾ ਲੈਣ ਦੀ ਭਾਵਨਾ ਨਾਲ

ਉਸ ਵਿਰੁੱਧ ਕੋਈ ਕਾਰਵਾਈ ਨਹੀਂ ਕਰਨੀ। ਅਸੀਂ ਉਸ ਆਦਮੀ ਦਾ ਕੀਤਾ ਭਲਾ ਯਾਦ ਕਰਕੇ ਇਹੀ ਫ਼ੈਸਲਾ ਕਰਨਾ ਹੈ ਕਿ ਇਹ ਜ਼ਿਆਦਤੀ ਭੁੱਲ-ਭੁਲੇਖੇ ਵਿੱਚ ਹੋ ਗਈ ਹੈ। ਉਹ ਆਦਮੀ ਸਾਡੇ ਬਾਰੇ ਐਸਾ ਸੋਚ ਵੀ ਨਹੀਂ ਸਕਦਾ। ਅਸੀਂ ਸਵੈ-ਪੜਚੋਲ ਵੀ ਕਰਨੀ ਹੈ। ਹੋ ਸਕਦਾ ਹੈ ਅਸੀਂ ਹੀ ਕੋਈ ਗ਼ਲਤੀ ਕਰ ਬੈਠੇ ਹੋਈਏ। ਕਿਸੇ ਦਾ ਕੀਤਾ ਭਲਾ ਸਦਾ ਹੀ ਯਾਦ ਰੱਖਣਾ ਚਾਹੀਦਾ ਹੈ। ਚਾਰ ਬੰਦਿਆਂ ਪਾਸ ਉਸ ਕੀਤੇ ਗਏ ਭਲੇ ਦਾ ਜ਼ਿਕਰ ਵੀ ਕਰਨਾ ਚਾਹੀਦਾ ਹੈ। ਉਸ ਆਦਮੀ ਦਾ ਵੀ ਅਸੀਂ ਧੰਨਵਾਦ ਕਰਦੇ ਰਹਿਣਾ ਹੈ। ਐਸਾ ਸੋਚਣ ਨਾਲ ਅਤੇ ਐਸੀ ਚਰਚਾ ਕਰਨ ਨਾਲ ਕਈ ਹੋਰ ਵੀ ਦੂਜਿਆਂ ਦਾ ਭਲਾ ਕਰਨ ਦੀ ਪ੍ਰੇਰਨਾ ਲੈ ਸਕਦੇ ਹਨ। ਸੋ ਅਕ੍ਰਿਤਘਣ ਨਹੀਂ ਬਣਨਾ ਚਾਹੀਦਾ। ਕਿਸੇ ਦਾ ਕੀਤਾ ਭਲਾ ਯਾਦ ਰੱਖਣਾ ਚਾਹੀਦਾ ਹੈ।

## ਰੱਬ ਕਿਸੇ ਪਾਸੋਂ ਡਰਦਾ ਨਹੀਂ

ਦੁਨੀਆਂ ਭਰ ਦੇ ਸਿਆਣਿਆਂ ਨੇ ਇਹ ਗੱਲ ਸਵੀਕਾਰ ਕਰ ਲਈ ਹੈ ਕਿ ਰੱਬ ਕਿਸੇ ਪਾਸੋਂ ਡਰਦਾ ਨਹੀ ਹੈ। ਰੱਬ ਸਾਡੇ ਮਾਤਾ ਪਿਤਾ ਵਾਂਗ ਹੈ ਅਤੇ ਉਹ ਸਾਨੂੰ ਡਰਾਉਂਦਾ ਵੀ ਨਹੀਂ ਹੈ। ਅਸੀਂ ਆਪਣੇ ਮਾਤਾ-ਪਿਤਾ ਵਾਂਗ ਰੱਬ ਨਾਲ ਆਪਣੀਆਂ ਮੁਸ਼ਕਿਲਾਂ ਸਾਂਝੀਆਂ ਕਰ ਸਕਦੇ ਹਾਂ। ਰੱਬ ਅਗਰ ਡਰਦਾ ਨਹੀਂ ਤਾਂ ਉਹ ਕਿਸੇ ਨੂੰ ਡਰਾਉਂਦਾ ਵੀ ਨਹੀਂ ਹੈ। ਅਸੀਂ ਜਦੋਂ ਕੋਈ ਗ਼ਲਤੀ ਕਰ ਬੈਠਦੇ ਹਾਂ ਤਾਂ ਸਾਨੂੰ ਆਪਣੇ ਮਾਤਾ ਪਿਤਾ ਤੋਂ ਵੀ ਡਰ ਲੱਗਣ ਲੱਗ ਪੈਂਦਾ ਹੈ। ਅਸੀਂ ਝੂਠ ਬੋਲ ਕੇ ਮਾਤਾ ਪਿਤਾ ਪਾਸੋਂ ਆਪਣੀ ਗ਼ਲਤੀ ਛੁਪਾਉਂਦੇ ਹਾਂ, ਪਰ ਸਾਨੂੰ ਇਸ ਗੱਲ ਦਾ ਗਿਆਨ ਹੋਣਾ ਚਾਹੀਦਾ ਹੈ ਕਿ ਰੱਬ ਪਾਸੋਂ ਕੁਝ ਵੀ ਛੁਪਾਇਆ ਨਹੀਂ ਜਾ ਸਕਦਾ। ਰੱਬ ਬਾਰੇ ਇਹੀ ਧਾਰਨਾ ਬਣ ਆਈ ਹੈ ਕਿ ਰਬ ਹਰ ਥਾਂ ਹਾਜ਼ਰ ਰਹਿੰਦਾ ਹੈ ਅਤੇ ਸਾਡੀਆਂ ਸਾਰੀਆਂ ਗ਼ਲਤੀਆਂ ਨੋਟ ਕਰਦਾ ਹੈ। ਰੱਬ ਸਜ਼ਾ ਜ਼ਰੂਰ ਦਿੰਦਾ ਹੈ। ਰੱਬ ਮੁਆਫ਼ ਨਹੀਂ ਕਰਦਾ। ਅਗਰ ਸਾਡੀ ਸੋਚ ਇਹ ਹੈ ਕਿ ਮੁਆਫ਼ ਵੀ ਕਰ ਦਿੰਦਾ ਹੈ ਤਾਂ ਅਸੀਂ ਗ਼ਲਤੀਆਂ ਕਰੀ ਜਾਵਾਂਗੇ ਅਤੇ ਮੁਆਫੀਆਂ ਮੰਗੀ ਜਾਵਾਂਗੇ। ਇਹ ਤਰੀਕਾ ਠੀਕ ਨਹੀਂ ਹੈ। ਅਸੀਂ ਰੱਬ ਪਾਸੋਂ ਅਗਰ ਡਰਨਾ ਨਹੀਂ ਚਾਹੁੰਦੇ ਤਾਂ ਸਾਨੂੰ ਗ਼ਲਤੀਆਂ ਵੀ ਨਹੀਂ ਕਰਨੀਆਂ ਚਾਹੀਦੀਆਂ। ਰੱਬ ਪਾਸੋਂ ਕੁਝ ਵੀ ਲੁਕਾਇਆ ਨਹੀਂ ਜਾ ਸਕਦਾ।

## ਸਹਿਜ ਵਿਚ ਵਿਸ਼ਵਾਸ ਰਖੋ

ਅਸੀਂ ਅਗਰ ਗਹਿਰ ਗੰਭੀਰ ਹਾਂ ਤਾਂ ਸਾਡੇ ਅੰਦਰ ਜੋ ਵੀ ਗੁਣ ਹਨ ਉਹ ਸਾਡੇ ਜੀਵਨ ਦਾ ਹਿੱਸਾ ਬਣ ਗਏ ਹਨ। ਅਸੀਂ ਧਾਰਮਿਕ ਗਰੰਥਾਂ ਦਾ ਹਰ ਸ਼ਬਦ ਸਿਰਫ਼ ਉਚਾਰਨਾ ਹੀ ਨਹੀਂ ਹੈ, ਬਲਕਿ ਹਰ ਸ਼ਬਦ ਅਤੇ ਹਰ ਦੱਸਿਆ ਗਿਆ ਸਿਧਾਂਤ ਸਹਿਜੇ-ਸਹਿਜੇ ਸਾਡੇ ਜੀਵਨ ਵਿਚ ਸਮਾ ਜਾਣਾ ਚਾਹੀਦਾ ਹੈ। ਸਾਡੇ ਜੀਵਨ ਦਾ ਹਿੱਸਾ ਬਣ ਜਾਣਾ ਚਾਹੀਦਾ ਹੈ। ਅਸੀਂ ਸ਼ਾਂਤ ਸੁਭਾਓ ਹੋ ਜਾਣੇ ਚਾਹੀਦੇ ਹਾਂ। ਸਾਡੀ ਕੋਈ ਗੱਲ ਬਨਾਉਟੀ ਨਹੀਂ ਹੋਣੀ ਚਾਹੀਦੀ। ਸਾਡੇ ਬਾਰੇ ਮਾੜੀਆਂ ਗੱਲਾਂ ਨਹੀਂ ਉਡਣੀਆਂ ਚਾਹੀਦੀਆਂ। ਅਸੀਂ ਜੋ ਕੁਝ ਵੀ ਆਖਦੇ ਹਾਂ ਉਹ ਸਾਰਾ ਕੁਝ ਸਾਡੇ ਜੀਵਨ ਦਾ ਹਿੱਸਾ ਹੋਣਾ ਚਾਹੀਦਾ ਹੈ। ਇਹ ਨਹੀਂ ਹੋਣਾ ਚਾਹੀਦਾ ਕਿ ਅਸੀਂ ਆਖਦੇ ਕੁਝ ਫਿਰੀਏ ਅਤੇ ਕਰਦੇ ਕੁਝ ਫਿਰੀਏ। ਐਸੇ ਲੋਕਾਂ ਦੇ ਆਖੇ ਵਚਨ ਕਿਸੇ ਉਤੇ ਚੰਗਾ ਪ੍ਰਭਾਵ ਨਹੀਂ ਪਾਉਂਦੇ।

ਸਚੇ ਦਿਲੋਂ ਗੱਲ ਨਿਕਲੀ ਹੋਵੇ ਤਾਂ ਹਰੇਕ ਨੂੰ ਚੰਗੀ ਲਗਦੀ ਹੈ। ਬਨਾਵਟੀ ਗੱਲ ਕਿਤਨੀ ਹੀ ਵਧੀਆ ਕਿਉਂ ਨਾ ਹੋਵੇ ਕਿਸੇ ਹੋਰ ਦੇ ਜੀਵਨ ਦਾ ਹਿੱਸਾ ਨਹੀਂ ਬਣ ਸਕਦੀ। ਅਸੀਂ ਰੱਬ ਦਾ ਭਾਣਾ ਸਵੀਕਾਰ ਕਰਨਾ ਹੈ। ਦੁੱਖ ਬਰਦਾਸ਼ਤ ਕਰਨੇ ਹਨ। ਸਹਿਜੇ-ਸਹਿਜੇ ਅਸੀਂ ਰੱਬ ਦਾ ਹਿੱਸਾ ਬਣ ਸਕਦੇ ਹਾਂ। ਅਸੀਂ ਰੱਬ ਪਾਸੋਂ ਆਏ ਹਾਂ। ਅਸੀਂ ਰੱਬ ਦੇ ਹੁਕਮ ਮੁਤਾਬਿਕ ਜੀਵਨ ਬਸਰ ਕਰਦੇ ਹਾਂ ਅਤੇ ਰੱਬ ਜਦੋਂ ਬੁਲਾਉਂਦਾ ਹੈ ਅਸੀਂ ਰੱਬ ਪਾਸ ਵਾਪਿਸ ਚਲੇ ਜਾਂਦੇ ਹਾਂ। ਇਹ ਜੀਵਨ ਦੀਆਂ ਮਹਾਨ ਸੱਚਾਈਆਂ ਹਨ ਅਤੇ ਸਾਡੀ ਸੋਚ ਦਾ ਹਿੱਸਾ ਬਣ ਜਾਣੀਆਂ ਚਾਹੀਦੀਆਂ ਹਨ।

## ਕਿਸੇ ਨੂੰ ਮੰਦਾ ਨਾ ਗਰਦਾਨੋ

ਅਸੀਂ ਤਾਂ ਆਪ ਹੀ ਬੁਰਾਈਆਂ ਨਾਲ ਭਰੇ ਹੋਏ ਹਾਂ। ਜਦ ਕਦੀ ਵੀ ਅਸੀਂ ਇਕੱਲਿਆਂ ਬੈਠ ਕੇ ਆਪਣੇ ਅੰਦਰ ਝਾਤੀ ਮਾਰਦੇ ਹਾਂ ਤਾਂ ਅਸੀਂ ਸ਼ਰਮਿੰਦਾ ਹੋ ਕੇ ਉਠਦੇ ਹਾਂ। ਢੇਰ ਸਾਰੀਆਂ ਗ਼ਲਤੀਆਂ ਅਸੀਂ ਕਰ ਬੈਠੇ ਹਾਂ, ਢੇਰ ਸਾਰੀਆਂ ਗ਼ਲਤ ਕਾਰਵਾਈਆਂ ਦੀ ਅਸੀਂ ਯੋਜਨਾ ਬਣਾਈ ਬੈਠੇ ਹਾਂ ਅਤੇ ਭਵਿੱਖ ਵਿੱਚ ਉਹ ਸਾਰੀਆਂ ਗ਼ਲਤ ਗੱਲਾਂ ਕਰਨ ਦੇ ਢੰਗ ਤਰੀਕੇ ਘੜ ਰਹੇ ਹਾਂ। ਜਦੋਂ ਅਸੀਂ ਆਪ ਹੀ ਗ਼ਲਤੀਆਂ ਦੇ ਪੁਤਲੇ ਹਾਂ। ਬਹੁਤ ਸਾਰੀਆਂ ਸਾਡੀਆਂ ਗ਼ਲਤ ਕਾਰਵਾਈਆਂ ਲੋਕਾਂ ਦੀ ਨਜ਼ਰੀਂ ਚੜ੍ਹ ਵੀ ਆਈਆਂ ਹਨ। ਬਹੁਤ ਸਾਰੀਆਂ ਸਾਡੀਆਂ ਗ਼ਲਤ ਕਾਰਵਾਈਆਂ ਅਸੀਂ ਛੁਪਾ ਕੇ ਰੱਖੀਆਂ ਹੋਈਆਂ ਹਨ। ਪਤਾ ਨਹੀਂ ਕਦੋਂ ਉਹ ਵੀ ਲੋਕਾਂ ਦੀ ਨਜ਼ਰੀਂ ਚੜ੍ਹ ਜਾਣੀਆਂ ਹਨ।

ਅਗਰ ਐਸਾ ਹੈ ਤਾਂ ਸਾਡਾ ਕੋਈ ਹੱਕ ਨਹੀਂ ਬਣਦਾ ਕਿ ਅਸੀਂ ਦੂਜਿਆਂ ਦੀਆਂ ਗ਼ਲਤੀਆਂ ਕੱਢ ਕੇ ਉਨ੍ਹਾਂ ਨੂੰ ਮੰਦਾ ਗਰਦਾਨਦੇ ਰਹੀਏ ਅਤੇ ਦੂਜਿਆਂ ਦੀਆਂ ਨਜ਼ਰਾਂ ਵਿੱਚ ਉਸ ਨੂੰ ਨੀਵਾਂ ਸਾਬਤ ਕਰਨ ਦੀ ਕੋਸ਼ਿਸ ਕਰਦੇ ਰਹੀਏ। ਇਸ ਦੁਨੀਆਂ ਵਿੱਚ ਸਾਰੇ ਬੰਦੇ ਰੱਬ ਨੇ ਆਪਣੇ ਹੱਥੀਂ ਆਪ ਬਣਾ ਕੇ ਭੇਜੇ ਹਨ। ਕੋਈ ਵੀ ਮਾੜਾ ਨਹੀਂ ਹੈ। ਰੱਬ ਨੇ ਜੈਸਾ ਚਾਹਿਆ ਸੀ ਵੈਸਾ ਹੀ ਬੰਦਾ ਬਣਾ ਕੇ ਉਸ ਨੇ ਦੁਨੀਆਂ ਵਿੱਚ ਭੇਜ ਦਿੱਤਾ ਹੈ। ਆਦਮੀਆਂ ਅਤੇ ਹੋਰ ਜੀਵ ਜੰਤੂਆਂ ਦੀਆਂ ਵੱਖ-ਵੱਖ ਕਿਸਮਾਂ ਹਨ। ਰੱਬ ਦੀ ਸਾਜੀ ਹੋਈ ਇਸ ਦੁਨੀਆਂ ਦੀ ਇਕੱਤਰਤਾ ਹੈ ਇਹ ਸਾਰਾ ਕੁਝ। ਅਸੀਂ ਤਾਂ ਇਹ ਸਾਰਾ ਕੁੱਝ ਚੰਗਾ ਹੀ ਸਵੀਕਾਰ ਕਰਨਾ ਹੈ। ਕਿਸੇ ਨੂੰ ਮਾੜਾ ਆਖ ਕੇ ਉਸ ਦੀ ਸੁਧਾਈ ਕਰਨ ਦੀ ਬਜਾਏ ਸਾਨੂੰ ਆਪਣੇ ਆਪ ਅੰਦਰ ਸਥਾਪਿਤ ਗ਼ਲਤੀਆਂ ਦੀ ਸ਼ਨਾਖ਼ਤ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਗ਼ਲਤੀਆਂ ਦੀ ਸੁਧਾਈ ਕਰਨ ਦਾ ਸਿਲਸਿਲਾ ਸ਼ੁਰੂ ਕਰਨਾ ਚਾਹੀਦਾ ਹੈ। ਅਸੀਂ ਲੋਕਾਂ ਵਾਸਤੇ ਵਧੀਆ ਪ੍ਰਿਤਾਂ ਪਾ ਸਕਦੇ ਹਾਂ।

## ਚੰਗਾ ਮੰਦਾ ਸਮਾਂ ਆਉਂਦਾ ਰਹਿੰਦਾ ਹੈ

ਅਸੀਂ ਇਸ ਸੰਸਾਰ ਵਿੱਚ ਆ ਹੀ ਗਏ ਹਾਂ ਤਾਂ ਸਾਡੇ ਜੀਵਨ ਅੰਦਰ ਚੰਗੇ ਸਮਿਆਂ ਨੇ ਵੀ ਆਉਣਾ ਹੈ। ਮਾੜੇ ਸਮਿਆਂ ਨੇ ਵੀ ਆਉਣਾ ਹੈ। ਅਸੀਂ ਸਦਾ ਇਹੀ ਕੋਸ਼ਿਸ਼ ਕਰਦੇ ਰਹਿਣਾ ਹੈ ਕਿ ਚੰਗੇ ਸਮੇਂ ਜ਼ਿਆਦਾ ਆਉਂਦੇ ਰਹਿਣ ਅਤੇ ਅਸੀਂ ਕੋਸ਼ਿਸ਼ ਕਰਕੇ ਮਾੜੇ ਸਮਿਆਂ ਤੋਂ ਬਚਦੇ ਰਹਿਣਾ ਹੈ। ਅਗਰ ਮਾੜਾ ਸਮਾਂ ਆ ਹੀ ਗਿਆ ਹੈ ਤਾਂ ਅਸੀਂ ਜਿਤਨੀ ਕੁ ਕੋਸ਼ਿਸ਼ ਕਰ ਸਕਦੇ ਹਾਂ, ਕਰਕੇ ਉਸ ਮਾੜੇ ਵਕਤਾਂ 'ਚੋਂ ਬਾਹਰ ਨਿਕਲਣਾ ਹੈ। ਨਿਰਾਸ਼ ਨਹੀਂ ਹੋਣਾ। ਇਹ ਸਾਰਾ ਕੁਝ ਰੱਬ ਦੀ ਮਰਜ਼ੀ ਨਾਲ ਹੋ ਰਿਹਾ ਹੈ। ਅਸੀਂ ਮਾੜੇ ਸਮਿਆਂ ਤੋਂ ਵੀ ਸਬਕ ਸਿੱਖਣਾ ਹੈ।

ਅਸੀਂ ਇਹ ਮਾੜੇ ਸਮਿਆਂ ਨੂੰ ਬਰਦਾਸ਼ਤ ਕਰਨਾ ਹੈ। ਨਿਰਾਸ਼ ਨਹੀਂ ਹੋਣਾ, ਰੱਬ ਸਾਡੀ ਪ੍ਰੀਖਿਆ ਲੈ ਰਿਹਾ ਹੁੰਦਾ ਹੈ, ਰੱਬ ਸਾਨੂੰ ਸਬਕ ਸਿਖਾ ਰਿਹਾ ਹੁੰਦਾ ਹੈ। ਅਗਰ ਅਸੀਂ ਆਪਣੇ ਹਰ ਦੁੱਖ ਦੀ ਖੋਜ ਕਰਦੇ ਹਾਂ ਤਾਂ ਸਾਰੀਆਂ ਗੱਲਾਂ ਸਪੱਸ਼ਟ ਹੋ ਆਉਂਦੀਆਂ ਹਨ। ਕਿਧਰੇ ਨਾ ਕਿਧਰੇ ਅਸੀਂ ਆਪ ਗ਼ਲਤੀ ਕਰ ਬੈਠੇ ਹੁੰਦੇ ਹਾਂ। ਸਾਡੇ ਦੁੱਖ ਸਾਡੀਆਂ ਹੀ ਗ਼ਲਤੀਆਂ ਦਾ ਨਤੀਜਾ ਹੁੰਦੇ ਹਨ। ਅਸੀਂ ਰੱਬ ਦੇ ਪਰਮ ਪਿਆਰੇ ਬੱਚੇ ਹਾਂ, ਰੱਬ ਬੇਗੁਨਾਹ ਬੱਚਿਆਂ ਨੂੰ ਕਦੀ ਸਜ਼ਾ ਨਹੀਂ ਦਿੰਦਾ। ਅਸੀਂ ਰੱਬ ਨੂੰ ਜਾਂ ਆਪਣੀ ਕਿਸਮਤ ਨੂੰ ਕੋਸਦੇ ਰਹਿੰਦੇ ਹਾਂ। ਅਸੀਂ ਅਗਿਆਨੀ ਹਾਂ। ਅਸੀਂ ਆਪ ਜੋ ਗ਼ਲਤੀਆਂ ਕਰਦੇ ਰਹੇ ਹਾਂ ਉਨ੍ਹਾਂ ਬਾਰੇ ਘੋਖ ਕਰਨ ਦੀ ਸਾਨੂੰ ਆਦਤ ਹੀ ਨਹੀਂ ਹੈ। ਅਸੀਂ ਤਾਂ ਆਪਣੇ ਆਪ ਨੂੰ ਸਭ ਤੋਂ ਵਧੀਆ ਆਦਮੀ ਸਮਝਦੇ ਹਾਂ, ਅਸੀਂ ਇਹ ਫ਼ੈਸਲਾ ਕਰੀ ਬੈਠੇ ਹਾਂ ਕਿ ਅਸੀਂ ਤਾਂ ਗ਼ਲਤੀ ਕਰ ਹੀ ਨਹੀਂ ਸਕਦੇ। ਸਾਡੇ ਜੀਵਨ ਦਾ ਇਹੀ ਦੁਖਾਂਤ ਹੈ ਜੋ ਆਦਮੀ ਆਪਣੇ ਨਾਲ ਵਾਪਰਦੇ ਦੁਖਾਂਤ ਪਿੱਛੇ ਆਪਣੀ ਹੀ ਕਿਸੇ ਗ਼ਲਤੀ ਦਾ ਪਤਾ ਲਗਾ ਲੈਂਦਾ ਹੈ, ਆਪਣੇ ਆਪ ਨੂੰ ਕੋਸਦਾ ਵੀ ਹੈ ਅਤੇ ਅੱਗੇ ਤੋਂ ਐਸੀਆਂ ਗ਼ਲਤੀਆਂ ਨਹੀਂ ਕਰਦਾ। ਉਹ ਇਕ ਸੁਧਰਿਆ ਹੋਇਆ ਮਨੁੱਖ ਬਣ ਜਾਂਦਾ ਹੈ ਅਤੇ ਇਹ ਸਵੈ-ਸੁਧਾਈ ਦਾ ਸਿਲਸਿਲਾ ਸਦਾ ਜਾਰੀ ਰੱਖਿਆ ਜਾਣਾ ਚਾਹੀਦਾ ਹੈ।

## ਸ਼ੁਕਰਾਨਾ ਕਰਨ ਦੀ ਆਦਤ ਪਾਉ

ਅਸੀਂ ਜਦ ਵੀ ਆਪਣੇ ਆਪ ਉੱਤੇ ਨਜ਼ਰ ਮਾਰਦੇ ਹਾਂ ਤਾਂ ਬਹੁਤੀ ਵਾਰੀ ਅਸੀਂ ਰੱਬ ਪਾਸ ਸ਼ਿਕਾਇਤਾਂ ਹੀ ਕਰਦੇ ਹਾਂ। ਸਾਨੂੰ ਇਹ ਨਹੀਂ ਮਿਲਿਆ, ਸਾਨੂੰ ਉਹ ਨਹੀਂ ਮਿਲਿਆ, ਉਸ ਪਾਸ ਇਹ ਸ਼ੈਅ ਹੈ, ਮੇਰੇ ਪਾਸ ਨਹੀਂ ਹੈ। ਉਸ ਦਾ ਇਤਨਾ ਵੱਡਾ ਅਹੁਦਾ ਹੈ, ਸਾਡੇ ਪਾਸ ਨਹੀਂ ਹੈ ਅਤੇ ਐਸੀਆਂ ਸੋਚਾਂ ਸਾਡੇ ਅੰਦਰ ਘਟੀਆਪਣ ਦਾ ਅਹਿਸਾਸ ਪੈਦਾ ਕਰ ਦਿੰਦੀਆਂ ਹਨ ਅਤੇ ਅਸੀਂ ਆਪ ਹੀ ਘਟੀਆ ਆਦਮੀ ਬਣ ਕੇ ਬੈਠ ਜਾਂਦੇ ਹਾਂ। ਅਸੀਂ ਕਦੀ ਇਹ ਸੋਚਦੇ ਹੀ ਨਹੀਂ ਕਿ ਰੱਬ ਨੇ ਸਾਨੂੰ ਵਧੀਆ ਸਿਹਤ ਦਿੱਤੀ ਹੈ, ਸਾਡੇ ਸਾਰੇ ਅੰਗ ਪੂਰੇ ਹਨ। ਅਸੀਂ ਸਿਹਤਮੰਦ ਹਾਂ। ਸਾਡੇ ਪਾਸ ਮਕਾਨ ਹੈ, ਸਾਡੇ ਬੱਚੇ ਹਨ, ਸਾਡੀ ਸ਼ਾਦੀ ਹੋ ਚੁੱਕੀ ਹੈ, ਅਸੀਂ ਚਾਰ ਬੰਦਿਆਂ ਵਿੱਚ ਆਪਣੀ ਸ਼ਨਾਖਤ ਪੈਦਾ ਕਰ ਲਈ ਹੈ।

ਅਸੀਂ ਆਪਣੀ ਮਿਹਨਤ ਨਾਲ ਹੀ ਸਾਰੀਆਂ ਪ੍ਰਾਪਤੀਆਂ ਕੀਤੀਆਂ ਹਨ। ਅਸੀਂ ਕਿਸੇ ਦੇ ਮੁਥਾਜ ਨਹੀਂ ਹਾਂ। ਰੱਬ ਨੇ ਆਪਣੀਆਂ ਨਿਆਮਤਾਂ ਦਾ ਦਰਵਾਜ਼ਾ ਸਾਡੇ ਲਈ ਖੋਲ੍ਹ ਰੱਖਿਆ ਹੈ। ਅਸੀਂ ਕੋਸ਼ਿਸ਼ ਕਰਕੇ ਆਪਣੇ ਹਿੱਸੇ ਦੀਆਂ ਨਿਆਮਤਾਂ ਪ੍ਰਾਪਤ ਕਰ ਸਕਦੇ ਹਾਂ। ਰੱਬ ਨੇ ਹਰ ਕਿਸੇ ਦਾ ਹਿੱਸਾ ਵੱਖਰਾ ਲਿਖ ਦਿੱਤਾ ਹੈ। ਸਾਡਾ ਹਿੱਸਾ ਵੱਖਰਾ ਹੈ, ਅਸੀਂ ਕਿਸੇ ਨਾਲ ਮੁਕਾਬਲਾ ਕਿਉਂ ਕਰੀਏ ? ਹੋ ਸਕਦਾ ਹੈ ਰੱਬ ਨੇ ਉਸ ਨਾਲੋਂ ਵਧੀਆ ਨਿਆਮਤਾਂ ਸਾਡੇ ਹਿੱਸੇ ਲਿਖੀਆਂ ਹੋਣ, ਉਹ ਬਹੁਤ ਸਾਰੀਆਂ ਗੱਲਾਂ ਵਿੱਚ ਸਾਡੇ ਤੋਂ ਪਿੱਛੇ ਹੋ ਸਕਦਾ ਹੈ। ਅਗਰ ਅਸੀਂ ਐਸਾ ਸੋਚ ਲੈਂਦੇ ਹਾਂ ਤਾਂ ਫਿਰ ਅਸੀਂ ਕਿਤਨੀਆਂ ਹੀ ਨਿਆਮਤਾਂ ਗਿਣ ਸਕਦੇ ਹਾਂ ਜੋ ਸਿਰਫ਼ ਸਾਡੇ ਹੀ ਨਸੀਬ ਹੋਈਆਂ ਹਨ। ਅਸੀਂ ਹਜ਼ਾਰਾਂ ਅਤੇ ਲੱਖਾਂ ਵਾਰ ਵੀ ਰੱਬ ਦਾ ਸ਼ੁਕਰਾਨਾ ਕਰਦੇ ਰਹੀਏ ਤਾਂ ਥੋੜ੍ਹਾ ਹੈ।

## ਗਿਆਨ ਦੂਜਿਆਂ ਦੇ ਭਲੇ ਲਈ ਵਰਤੋ

ਅਗਰ ਪਰਮ ਪਿਤਾ ਪ੍ਰਮਾਤਮਾ ਨੇ ਸਾਨੂੰ ਗਿਆਨਵਾਨ ਬਣਾਇਆ ਹੈ ਤਾਂ ਅਸੀਂ ਇਸ ਗਿਆਨ ਨੂੰ ਦੁਨੀਆਂ ਦੇ ਭਲੇ ਲਈ ਵਰਤਣਾ ਹੈ। ਅਸੀਂ ਇਸ ਗਿਆਨ ਨੂੰ ਆਪਣੇ

ਤੱਕ ਹੀ ਸੀਮਤ ਨਹੀਂ ਰੱਖਣਾ। ਇਹ ਵੀ ਨਹੀਂ ਹੋਣਾ ਚਾਹੀਦਾ ਕਿ ਗਿਆਨ ਪਰਉਪਕਾਰ ਲਈ ਨਾ ਵਰਤਿਆ ਜਾਵੇ। ਗਿਆਨ ਵੰਡਿਆ ਜਾਣਾ ਚਾਹੀਦਾ ਹੈ। ਉਹ ਆਦਮੀ ਗ਼ਲਤ ਹੈ ਜੋ ਰੱਬ ਦਾ ਦਿੱਤਾ ਗਿਆਨ ਆਪਣੇ ਤੱਕ ਹੀ ਸੀਮਤ ਰੱਖਦਾ ਹੈ ਅਤੇ ਫਿਰ ਉਹ ਗਿਆਨ ਮਰਨ ਤੱਕ ਉਸ ਨਾਲ ਹੀ ਰਹਿੰਦਾ ਹੈ ਅਤੇ ਫਿਰ ਖ਼ਤਮ ਹੋ ਜਾਂਦਾ ਹੈ।

ਵਿਦਵਾਨ ਬੰਦੇ ਰੱਬ ਹੀ ਤਾਂ ਬਣਾਉਂਦਾ ਹੈ ਤਾਂ ਕਿ ਉਹ ਦੂਜਿਆਂ ਦਾ ਕਲਿਆਣ ਕਰ ਸਕਣ। ਇਸ ਦੁਨੀਆਂ ਅੰਦਰ ਜੋ ਕੁਝ ਵੀ ਸਥਾਪਿਤ ਹੈ ਉਹ ਲੋਕਾਂ ਨੇ ਸਥਾਪਿਤ ਕੀਤਾ ਹੈ। ਰੱਬ ਵਲੋਂ ਦਿੱਤੀ ਦਾਤਿ ਗਿਆਨ ਦੀ ਵਰਤੋਂ ਕਰਕੇ ਹੀ ਮਨੁੱਖ ਨੇ ਇਤਨੀਆਂ ਖੋਜਾਂ ਕੀਤੀਆਂ ਹਨ, ਕਾਢਾਂ ਕੱਢੀਆਂ ਹਨ। ਇਤਨੀਆਂ ਸਹੂਲਤਾਂ ਪੈਦਾ ਕੀਤੀਆਂ ਹਨ, ਅਗਰ ਇਹ ਵਿਗਿਆਨੀ ਲੋਕੀਂ ਆਪਣੇ ਗਿਆਨ ਨੂੰ ਆਪਣੇ ਤੱਕ ਹੀ ਸੀਮਤ ਰੱਖਦੇ ਅਤੇ ਲੋਕਾਂ ਨਾਲ ਸਾਂਝਾ ਨਾ ਕਰਦੇ ਤਾਂ ਮਨੁੱਖ ਦੀ ਜੋ ਪ੍ਰਗਤੀ ਅੱਜ ਸਾਡੇ ਸਾਹਮਣੇ ਹੈ ਉਹ ਕਦੀ ਨਾ ਹੁੰਦੀ ਅਤੇ ਅੱਜ ਬੰਦਾ ਬਾਂਦਰਾਂ ਦੀ ਤਰ੍ਹਾਂ ਹੀ ਦਰੱਖ਼ਤਾਂ ਉੱਤੇ ਲਮਕਦਾ ਰਹਿੰਦਾ ਅਤੇ ਦਾਣੇ-ਦਾਣੇ ਲਈ ਤਰਸਦਾ ਰਹਿੰਦਾ। ਸੋ ਕੰਮ ਹੈ ਵਿੱਦਿਆ ਪ੍ਰਾਪਤ ਕਰਨਾ ਅਤੇ ਦੂਜਿਆਂ ਤੱਕ ਪਹੁੰਚਾਉਣਾ। ਇਹ ਸਿਲਸਿਲਾ ਜਾਰੀ ਰਹਿਣਾ ਚਾਹੀਦਾ ਹੈ।

## ਇਸ ਦੁਨੀਆਂ ਤੋਂ ਸੁਰਖਰੂ ਹੋ ਕੇ ਜਾਉ

ਹਰ ਆਦਮੀ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣਾ ਹਿਸਾਬ-ਕਿਤਾਬ ਖ਼ੁਦ ਹੀ ਲਗਾਵੇ ਅਤੇ ਇਸ ਦੁਨੀਆਂ ਤੋਂ ਜਾਣ ਲੱਗਿਆਂ ਉਸ ਨੂੰ ਇਹ ਪਛਤਾਵਾ ਨਹੀਂ ਹੋਣਾ ਚਾਹੀਦਾ ਕਿ ਉਹ ਤਾਂ ਬਹੁਤ ਸਾਰੇ ਪਾਪ ਕਰਕੇ ਜਾ ਰਿਹਾ ਹੈ। ਐਸਾ ਹਿਸਾਬ-ਕਿਤਾਬ ਉਸ ਨੂੰ ਜ਼ਿੰਦਗੀ ਦੇ ਹਰ ਮੋੜ ਉੱਤੇ ਕਰ ਲੈਣਾ ਚਾਹੀਦਾ ਹੈ। ਜਦੋਂ ਇਹ ਗੱਲ ਸਵੀਕਾਰ ਕਰ ਲਈ ਗਈ ਹੈ ਕਿ ਰੱਬ ਦੀ ਸਾਡੇ ਉੱਤੇ ਨਜ਼ਰ ਹੈ ਅਤੇ ਕੁੱਝ ਵੀ ਰੱਬ ਪਾਸੋਂ ਛੁਪਿਆ ਹੋਇਆ ਨਹੀਂ ਹੈ ਤਾਂ ਫਿਰ ਅਸੀਂ ਇਸ ਗੱਲ ਦਾ ਸਹਾਰਾ ਨਹੀਂ ਲੈ ਸਕਦੇ ਹਾਂ ਕਿ ਸਾਨੂੰ ਕਿਸੇ ਦੇਖਿਆ ਨਹੀਂ ਹੈ। ਰੱਬ ਦੇ ਘਰ ਤਾਂ ਅਸੀਂ ਉਸ ਕਾਸੇ ਦਾ ਜਵਾਬ ਵੀ ਦੇਣਾ ਹੈ ਜੋ ਅਸੀਂ ਕਦੀ ਸੋਚਿਆ ਹੀ ਸੀ। ਪਾਪ ਕਰ ਲੈਣਾ ਅਤੇ ਪਾਪ ਸੋਚ ਲੈਣਾ ਦੋਨਾਂ ਬਦਲੇ ਸਜ਼ਾ ਮਿਲਦੀ ਹੈ। ਅਗਰ ਅਸੀਂ ਸਵੈ-ਪੜਚੋਲ ਦੀ ਵਿਧੀ ਅਪਨਾਉਂਦੇ ਹਾਂ ਅਤੇ ਹਰ ਰੋਜ਼ ਆਪਣੇ ਕੀਤੇ ਗਏ ਕੰਮਾਂ ਦਾ ਹਿਸਾਬ-ਕਿਤਾਬ ਕਰਦੇ ਹਾਂ ਤਾਂ ਸਾਡੇ ਪਾਸੋਂ ਉਹ ਗੱਲਾਂ ਲੁਕੀਆਂ ਨਹੀਂ ਰਹਿਣਗੀਆਂ ਜੋ ਅਸੀਂ ਗ਼ਲਤ ਕਰ ਬੈਠੇ ਹਾਂ। ਜੋ ਬੰਦਾ ਸਵੈ-ਪੜਚੋਲ ਦਾ ਸਿਲਸਿਲਾ ਜਾਰੀ ਕਰ ਲੈਂਦਾ ਹੈ ਉਸ ਅੰਦਰ ਸਵੈ-ਸੁਧਾਈ ਦਾ ਸਿਲਸਿਲਾ ਜਾਰੀ ਹੋ ਜਾਂਦਾ ਹੈ ਅਤੇ ਐਸਾ ਆਦਮੀ ਅੱਜ ਹੋਰ ਕੱਲ੍ਹ ਹੋਰ ਅਤੇ ਪਰਸੋਂ ਹੋਰ ਦਾ ਹੋਰ ਹੋ ਕੇ ਨਿਖਰ ਆਉਂਦਾ ਹੈ। ਐਸੇ ਬੰਦੇ ਨੂੰ ਇਹ ਡਰ ਖ਼ਤਮ ਹੋ ਜਾਂਦਾ ਹੈ ਕਿ ਉਹ ਜਦੋਂ ਰੱਬ ਸਾਹਮਣੇ ਪੇਸ਼ ਹੋਵੇਗਾ ਤਾਂ ਆਪਣੀਆਂ ਕੀਤੀਆਂ ਦਾ ਕੀ ਉੱਤਰ ਦੇਵੇਗਾ। ਐਸਾ ਬੰਦਾ ਅੱਜ ਵੀ ਸੁਰਖਰੂ ਹੈ ਅਤੇ ਕੱਲ੍ਹ ਵੀ ਸੁਰਖ਼ਰੂ ਹੀ ਰਹੇਗਾ ਅਤੇ ਰੱਬ ਦੀ ਦਰਗਾਹ ਵਿੱਚ ਉਸ ਨੂੰ ਆਦਰ ਮਾਣ ਨਾਲ ਥਾਂ ਦਿੱਤੀ ਜਾਵੇਗੀ ਅਤੇ ਰੱਬ ਉਸ ਪਾਸੋਂ ਪੁੱਛੇਗਾ-ਸੁਣਾ ਭਾਈ ਤੇਰੀ ਮਰਜ਼ੀ ਕੀ ਹੈ। ਐਸੇ ਬੰਦਿਆਂ ਨੂੰ ਨਾ ਤਾਂ ਮੌਤ ਤੋਂ ਡਰ ਲੱਗਦਾ ਹੈ ਅਤੇ ਨਾ ਹੀ ਉਸ ਨੂੰ ਧਰਮ ਰਾਜ ਦੀ ਕਚਹਿਰੀ ਦਾ ਡਰ ਹੀ ਹੁੰਦਾ ਹੈ। ਉਹ ਨਰਕਾਂ ਦੇ ਡਰ ਤੋਂ ਵੀ ਬਰੀ ਹੋ ਜਾਂਦਾ ਹੈ। ਉਸ ਦਾ ਜੀਵਨ ਡਰਹੀਨ ਹੋ ਜਾਂਦਾ ਹੈ ਕਿਉਂਕਿ ਉਹ ਜਾਣਦਾ ਹੈ ਕਿ ਰੱਬ ਇਨਸਾਫ਼ ਦਾ ਸੋਮਾ ਹੈ ਅਤੇ ਰੱਬ ਦੇ ਦਰਬਾਰ ਵਿੱਚ ਕਿਸੇ ਮਾਸੂਮ ਨੂੰ ਸਜ਼ਾ ਨਹੀਂ ਦਿੱਤੀ ਜਾਂਦੀ। ਰੱਬ ਐਸੇ ਬੰਦਿਆਂ ਦੀ ਇਸ ਜਨਮ ਵਿੱਚ ਵੀ ਰੱਖਿਆ ਕਰਦਾ ਹੈ।

## ਰੱਬ ਇਕ ਸੱਚਾਈ ਹੈ

ਰੱਬ ਦੀ ਹੋਂਦ ਬਾਰੇ ਟੀਕਾ-ਟਿੱਪਣੀ ਕਰਨੀ ਫ਼ਜ਼ੂਲ ਹੈ। ਰੱਬ ਇਕ ਐਸੀ ਸੱਚਾਈ ਹੈ ਜੋ ਝੁਠਲਾਈ ਨਹੀਂ ਜਾ ਸਕਦੀ। ਸਾਨੂੰ ਇਹ ਵਿਸ਼ਵਾਸ ਕਰ ਲੈਣਾ ਚਾਹੀਦਾ ਹੈ ਕਿ ਰੱਬ ਉਦੋਂ ਵੀ ਸੀ ਜਦੋਂ ਉਸ ਨੇ ਇਸ ਕਾਇਨਾਤ ਦੀ ਰਚਨਾ ਨਹੀਂ ਸੀ ਕੀਤੀ। ਰੱਬ ਆਪ ਇਸ ਕਾਇਨਾਤ ਦੀ ਰਚਨਾ ਕਰ ਰਿਹਾ ਸੀ। ਰੱਬ ਅੱਜ ਵੀ ਇਸ ਕਾਇਨਾਤ ਨੂੰ ਚਲਾ ਰਿਹਾ ਹੈ ਅਤੇ ਭਵਿੱਖ ਵਿੱਚ ਵੀ ਚਲਾਉਂਦਾ ਰਵੇਗਾ। ਐਸਾ ਵਿਸ਼ਵਾਸ ਕਰ ਲੈਣਾ ਬਣਦਾ ਹੈ, ਜੋ ਲੋਕੀਂ ਰੱਬ ਦੀ ਹੋਂਦ ਵਿੱਚ ਵਿਸ਼ਵਾਸ ਨਹੀਂ ਰੱਖਦੇ ਉਹ ਵੀ ਜੋ ਦਲੀਲਾਂ ਪੇਸ਼ ਕਰਦੇ ਹਨ, ਉਹ ਵਜ਼ਨਦਾਰ ਨਹੀਂ ਹੁੰਦੀਆਂ। ਲੱਗਦਾ ਹੈ, ਅੰਦਰਖਾਤੇ, ਉਹ ਵੀ ਰੱਬ ਦੀ ਹੋਂਦ ਸਵੀਕਾਰ ਕਰਦੇ ਹਨ। ਅਸੀਂ ਇਸ ਕਾਇਨਾਤ ਦਾ ਅੰਦਾਜ਼ਾ ਹੀ ਨਹੀਂ ਲਗਾ ਸਕਦੇ। ਹੁਣ ਤੱਕ ਵੀ ਆਦਮੀ ਆਖ਼ਰੀ ਨਤੀਜਾ ਨਹੀਂ ਕੱਢ ਸਕਿਆ, ਬਲਕਿ ਆਦਮੀ ਆਪ ਹੀ ਸਵੀਕਾਰ ਕਰਨ ਲੱਗ ਪਿਆ ਹੈ ਕਿ ਕਈ ਚੰਦਰਮਾ ਹੋ ਸਕਦੇ ਹਨ, ਕਈ ਸੂਰਜ ਹੋ ਸਕਦੇ ਹਨ ਅਤੇ ਇਸ ਬ੍ਰਹਿਮੰਡ ਦਾ ਅੰਦਾਜ਼ਾ ਹੀ ਨਹੀਂ ਲਗਾਇਆ ਜਾ ਸਕਦਾ। ਆਖ਼ਰ ਇਸ ਬ੍ਰਹਿਮੰਡ ਦੀਆਂ ਗਤੀਆਂ ਕੌਣ ਨਿਰਧਾਰਿਤ ਕਰਦਾ ਹੈ ? ਐਸੇ ਕੁਝ ਪ੍ਰਸ਼ਨ ਹਨ ਜੋ ਹਾਲਾਂ ਵੀ ਮਨੁੱਖੀ ਦਿਮਾਗ ਉਨ੍ਹਾਂ ਦਾ ਉੱਤਰ ਨਹੀਂ ਦੇ ਸਕਦਾ। ਇਸ ਕਰਕੇ ਬਹੁਤ ਸਾਰੀਆਂ ਗੱਲਾਂ ਰੱਬ ਤੱਕ ਹੀ ਛੱਡਣੀਆਂ ਪੈਂਦੀਆਂ ਹਨ। ਸਿੱਧੇ ਜਾਂ ਅਸਿੱਧੇ ਹਰ ਕੋਈ ਰੱਬ ਦੀ ਹੋਂਦ ਸਵੀਕਾਰ ਕਰੀ ਬੈਠਾ ਹੈ ਅਤੇ ਜੋ ਵੀ ਆਦਮੀ ਰੱਬ ਦੀ ਹੋਂਦ ਸਵੀਕਾਰ ਕਰਦਾ ਹੈ ਉਹ ਦੂਜਿਆਂ ਨਾਲੋਂ ਬਿਹਤਰ ਇਨਸਾਨ ਬਣ ਜਾਂਦਾ ਹੈ, ਬਸ਼ਰਤੇ ਉਹ ਰੱਬ ਦੀ ਹੋਂਦ ਸੱਚੇ ਦਿਲੋਂ ਸਵੀਕਾਰ ਕਰੇ ਅਤੇ ਆਪਣੇ ਆਪ ਨੂੰ ਸਹੀ ਰਸਤੇ ਉੱਤੇ ਚਲਾਉਣ ਦੀ ਕੋਸ਼ਿਸ਼ ਵੀ ਕਰੇ। ਐਵੇਂ ਰੱਬ-ਰੱਬ ਕਰੀ ਜਾਣਾ ਅਤੇ ਕਰਤੂਤਾਂ ਮਾੜੀਆਂ ਕਰਨ ਵਾਲਾ ਬੰਦਾ ਉਸ ਤੋਂ ਵੀ ਬੁਰਾ ਹੈ ਜੋ ਰੱਬ ਦੀ ਹੋਂਦ ਸਵੀਕਾਰ ਹੀ ਨਹੀਂ ਕਰਦਾ।

## ਦੁਨੀਆਂਦਾਰੀ ਨਿਭਾਉਣੀ ਚਾਹੀਦੀ ਹੈ

ਅਸੀਂ ਇਸ ਦੁਨੀਆਂ ਵਿੱਚ ਆਏ ਹਾਂ ਅਤੇ ਇਸ ਦੁਨੀਆਂ ਦਾ ਨਿਜ਼ਾਮ ਵੀ ਅਸੀਂ ਆਪ ਹੀ ਸਥਾਪਿਤ ਕੀਤਾ ਹੈ। ਇਹ ਟੱਬਰ, ਇਹ ਬੱਚੇ, ਇਹ ਪੜੋਸੀ, ਇਹ ਦੇਸ਼, ਇਹ ਕਮਾਈਆਂ ਅਤੇ ਇਹ ਸਾਕ ਸੰਬੰਧੀ ਸਭ ਦੁਨੀਆਂਦਾਰੀਆਂ ਹਨ। ਆਦਮੀ ਸਮਾਜ ਦਾ ਪਾਤਰ ਹੈ ਅਤੇ ਇਸ ਨੂੰ ਸਮਾਜ ਦਾ ਪਾਤਰ ਬਣ ਕੇ ਹੀ ਆਪਣਾ ਜੀਵਨ ਬਤੀਤ ਕਰਨਾ ਪੈਂਦਾ ਹੈ। ਇਹ ਇਸ ਦੁਨੀਆਂ ਤੋਂ ਨੱਸ ਕੇ ਕਿੱਧਰੇ ਨਹੀਂ ਜਾ ਸਕਦਾ। ਜੋ ਲੋਕੀਂ ਸਾਧ ਬਣੇ ਫਿਰਦੇ ਹਨ ਅਤੇ ਇਸ ਦੁਨੀਆਂ ਤੋਂ ਦੂਰ ਭੱਜਦੇ ਫਿਰਦੇ ਹਨ ਉਨ੍ਹਾਂ ਨੂੰ ਵੀ ਭੁੱਖ ਲੱਗਦੀ ਹੈ ਅਤੇ ਫਿਰ ਉਹ ਦੁਨੀਆਂਦਾਰਾਂ ਦੇ ਦਰਵਾਜ਼ੇ ਆ ਖੜਕਾਉਂਦੇ ਹਨ। ਰੋਟੀ ਮੰਗਦੇ ਹਨ, ਕੱਪੜਾ ਮੰਗਦੇ ਹਨ, ਬਿਮਾਰ ਹੋ ਜਾਣ ਤਾਂ ਇਲਾਜ ਲਈ ਇਸ ਦੁਨੀਆਂ ਵੱਲ ਭੱਜਦੇ ਹਨ। ਇਹ ਦੁਨੀਆਂ ਬਣ ਗਈ ਹੈ ਅਤੇ ਇੱਥੇ ਪਰਿਵਾਰਿਕ ਇਕਾਈਆਂ ਵੀ ਸਥਾਪਿਤ ਹੋ ਗਈਆਂ ਹਨ। ਸਾਡੇ ਸਿਰ ਬਹੁਤ ਸਾਰੀਆਂ ਜ਼ਿਮੇਂਵਾਰੀਆਂ ਵੀ ਪੈ ਚੁੱਕੀਆਂ ਹਨ। ਅਸੀਂ ਹੱਕਾਂ ਲਈ ਫ਼ਰਿਆਦ ਤਾਂ ਹੀ ਕਰ ਸਕਦੇ ਹਾਂ ਜੇਕਰ ਅਸੀਂ ਆਪਣੇ ਸਿਰ ਪਈਆਂ ਜ਼ਿੰਮੇਂਵਾਰੀਆਂ ਲਈ ਵੀ ਵਚਨਬਧ ਹੋਈਏ। ਇਸ ਸਮਾਜ ਦਾ ਸਹੀ ਪਾਤਰ ਉਸੇ ਨੂੰ ਸਵੀਕਾਰ ਕੀਤਾ ਜਾਂਦਾ ਹੈ ਜੋ ਸਮਾਜ ਵਲੋਂ ਸਥਾਪਿਤ ਰਵਾਇਤਾਂ ਦੀ ਪਾਲਣਾ ਕਰਦਾ

ਹੈ। ਅਸੀਂ ਆਪਣੇ ਟੱਬਰ ਦੇ ਪਾਲਣ-ਪੋਸ਼ਣ ਲਈ ਜ਼ਿੰਮੇਂਵਾਰ ਹਾਂ। ਅਸੀਂ ਸਮਾਜ ਦਾ ਜ਼ਿੰਮੇਂਵਾਰ ਪਾਤਰ ਬਣਨਾ ਹੈ। ਅਸੀਂ ਐਸੇ ਕੰਮ ਨਹੀਂ ਕਰਨੇ ਜੋ ਪਾਪ ਹਨ, ਅਪਰਾਧ ਹਨ ਜਾਂ ਸਾਡੇ ਆਲੇ-ਦੁਆਲੇ ਵਸਿਆ ਸਮਾਜ ਸਵੀਕਾਰ ਨਹੀਂ ਕਰਦਾ। ਅਸੀਂ ਇਸ ਸਮਾਜ ਅਤੇ ਇਸ ਦੁਨੀਆਂ ਦੇ ਪਾਤਰ ਬਣ ਕੇ ਆਏ ਹਾਂ ਅਤੇ ਅਸੀਂ ਆਪਣੇ ਅਹੁਦੇ ਉੱਤੇ ਪੂਰਾ ਉਤਰਨਾ ਹੈ। ਸਾਡੀ ਸਦਾ ਹੀ ਕੋਸ਼ਿਸ਼ ਰਹਿਣੀ ਚਾਹੀਦੀ ਹੈ ਕਿ ਅਸੀਂ ਹਰ ਕਿਸੇ ਨੂੰ ਸਵੀਕਾਰ ਹੋ ਸਕੀਏ।

## ਸੱਚੀ ਭਗਤੀ

ਰੱਬ ਦੀ ਹੋਂਦ ਸਵੀਕਾਰ ਕਰਨਾ, ਆਪਣਾ ਫ਼ਰਜ਼ ਨਿਭਾਉਣਾ, ਕ੍ਰਿਤ ਕਰਨਾ, ਹੇਰਾ-ਫੇਰੀ ਨਾ ਕਰਨਾ, ਸਭ ਨਾਲ ਮਿੱਠਾ ਬੋਲਣਾ, ਕਿਸੇ ਦਾ ਹੱਕ ਨਾ ਮਾਰਨਾ, ਹਰੇਕ ਦੀ ਇੱਜ਼ਤ ਕਰਨਾ, ਹਰੇਕ ਨਾਲ ਪਿਆਰ ਕਰਨਾ ਹੀ ਭਗਤੀ ਹੈ। ਵਾਰ-ਵਾਰ ਰੱਬ ਦਾ ਨਾਮ ਲੈਣ ਨਾਲ ਬੰਦਾ ਵੱਡਾ ਭਗਤ ਨਹੀਂ ਬਣ ਜਾਂਦਾ। ਅਸੀਂ ਆਪਣੇ ਕਾਰਜ ਖੇਤਰ ਉੱਤੇ ਨਜ਼ਰ ਮਾਰਨੀ ਹੈ। ਅਸੀਂ ਆਪਣੇ ਮਨ ਉੱਤੇ ਕਾਬੂ ਪਾਉਣਾ ਹੈ। ਅਸੀਂ ਇਸ ਦੁਨੀਆਂ ਦੇ ਲੋਕਾਂ ਵਿੱਚ ਆਏ ਹਾਂ ਅਤੇ ਇਨ੍ਹਾਂ ਲੋਕਾਂ ਸਾਹਮਣੇ ਸੱਚਾ ਹੋਣਾ ਹੈ। ਸਾਡੇ ਸਤਿਕਾਰਯੋਗ ਗਰੰਥਾਂ ਵਿੱਚ ਮਨੁੱਖ ਨੂੰ ਸਮਝਾਉਣ ਲਈ ਬਹੁਤ ਕੁਝ ਆਖਿਆ ਜਾ ਚੁੱਕਾ ਹੈ। ਅਗਰ ਅਸੀਂ ਸਿਰਫ਼ ਧਾਰਮਿਕ ਪੁਸਤਕਾਂ ਪੜ੍ਹਦੇ ਹੀ ਹਾਂ ਅਤੇ ਧਾਰਮਿਕ ਪੁਸਤਕਾਂ ਰਾਹੀਂ ਦਿੱਤੀ ਸਿੱਖਿਆ ਉੱਤੇ ਅਮਲ ਨਹੀਂ ਕਰਦੇ ਜਾਂ ਉਹ ਸਿੱਖਿਆ ਸਾਡੇ ਜੀਵਨ ਦਾ ਹਿੱਸਾ ਨਹੀਂ ਬਣਦੀ ਤਾਂ ਅਸੀਂ ਅਸਲੀ ਧਾਰਮਿਕ ਆਦਮੀ ਨਹੀਂ ਹਾਂ। ਅਸੀਂ ਨਕਲੀ ਧਾਰਮਿਕ ਆਦਮੀ ਹਾਂ। ਅਸੀਂ ਭਗਤ ਨਹੀਂ ਹਾਂ, ਪਾਠ ਪੂਜਾ ਕਰਨ ਨਾਲ ਹੀ ਅਸੀਂ ਧਾਰਮਿਕ ਆਦਮੀ ਨਹੀਂ ਬਣ ਜਾਂਦੇ। ਪਾਠ-ਪੂਜਾ ਕਰਨਾ ਸਿਰਫ਼ ਰੱਬ ਨਾਲ ਗੱਲਾਂ ਕਰਨ ਦਾ ਸਾਧਨ ਹੈ। ਰੱਬ ਨਾਲ ਗੱਲਾਂ ਕਰਕੇ ਸਾਨੂੰ ਜੋ ਵੀ ਸਿੱਖਿਆ ਮਿਲੀ ਹੈ, ਉਸ ਨੂੰ ਅਸੀਂ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਉਣਾ ਹੈ। ਅਗਰ ਅਸੀਂ ਐਸਾ ਕਰਨ ਵਿੱਚ ਕਾਮਯਾਬ ਹੋ ਜਾਂਦੇ ਹਾਂ ਤਾਂ ਅਸੀਂ ਸੱਚੇ ਭਗਤ ਹਾਂ। ਭਗਤੀ ਕਰਨ ਲਈ ਬਹੁਤ ਸਮੇਂ ਦੀ ਜ਼ਰੂਰਤ ਨਹੀਂ ਹੁੰਦੀ। ਅਗਰ ਅਸੀਂ ਇਕ ਵਧੀਆ ਗੱਲ ਰੋਜ਼ਾਨਾ ਆਪਣੇ ਜੀਵਨ ਦਾ ਹਿੱਸਾ ਬਣਾ ਲਈਏ ਤਾਂ ਸਮਝੋ ਅਸੀਂ ਸਦੀਆਂ ਤੱਕ ਭਗਤੀ ਕਰ ਲਈ ਹੈ।

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਚਾਰ-ਵਾਂਗ : ਕੋਈ ਮਾੜਾ ਨਹੀਂ ਹੈ

ਸਾਡੀ ਪਰਖ ਗ਼ਲਤ ਹੈ, ਅਸੀਂ ਕਿਸੇ ਕੋਲੋਂ ਬਿਹਤਰ ਨਹੀਂ ਹਾਂ। ਕੋਈ ਸਾਡੇ ਨਾਲੋਂ ਮਾੜਾ ਨਹੀਂ ਹੈ। ਹਰੇਕ ਬੰਦੇ ਦੀ ਵੱਖਰੀ ਪਛਾਣ ਹੈ। ਰੱਬ ਨੇ ਇਹ ਦੁਨੀਆਂ ਵਚਿੱਤਰ ਬਣਾਈ ਹੈ। ਕੋਈ ਇੱਕ ਮਨੁੱਖ ਦੂਜੇ ਵਰਗਾ ਨਹੀਂ ਹੈ। ਹਰੇਕ ਆਦਮੀ ਦੀ ਵੱਖਰੀ ਕਿਸਮ ਹੈ। ਉਸ ਦੀ ਵੱਖਰੀ ਪਛਾਣ ਹੈ। ਉਸ ਦੀ ਵੱਖਰੀ ਹੋਂਦ ਹੈ। ਕੋਈ ਕਿਸੇ ਦੂਜੇ ਨਾਲੋਂ ਵਧੀਆ ਨਹੀਂ ਹੈ। ਕੋਈ ਕਿਸੇ ਦੂਜੇ ਨਾਲੋਂ ਘਟੀਆ ਨਹੀਂ ਹੈ। ਅਸੀਂ ਅਗਰ ਆਪਣੇ ਆਪ ਨੂੰ ਬਹੁਤ ਹੀ ਵਧੀਆ ਆਦਮੀ ਸਮਝਣ ਲੱਗ ਪਏ ਹਾਂ ਤਾਂ ਇਹ ਸਾਡੀ ਮਰਜ਼ੀ ਹੈ। ਪਰ ਇਸ ਦਾ ਮਤਲਬ ਇਹ ਨਹੀਂ ਕੱਢ ਲੈਣਾ ਚਾਹੀਦਾ ਹੈ ਕਿ ਬਾਕੀ ਹੋਰ ਲੋਕੀਂ ਸਾਡੇ ਤੋਂ ਘਟੀਆ ਹਨ। ਐਸੀ ਸੋਚ ਅਹੰਕਾਰ ਦੀ ਜੜ੍ਹ ਹੈ। ਐਸੀ ਸੋਚ ਪੈਦਾ ਕਰਕੇ ਅਸੀਂ ਦੁਨੀਆਂ ਦੇ ਬਾਕੀ ਲੋਕਾਂ ਤੋਂ ਵੱਖਰੇ ਹੋ ਜਾਂਦੇ ਹਾਂ। ਲੋਕੀਂ ਸਾਥੋਂ ਦੂਰ ਹੋਣ ਲੱਗ ਪੈਂਦੇ ਹਨ। ਅਸੀਂ

ਲੋਕਾਂ ਦੀ ਨਫ਼ਰਤ ਦੇ ਪਾਤਰ ਬਣ ਜਾਂਦੇ ਹਾਂ। ਇਸ ਦੁਨੀਆਂ ਦੇ ਲੋਕੀਂ ਉਸ ਆਦਮੀ ਨੂੰ ਪਸੰਦ ਕਰਦੇ ਹਨ ਜੋ ਉਨ੍ਹਾਂ ਨੂੰ ਆਪ ਤੋਂ ਬਿਹਤਰ ਸਮਝੇ, ਘਟੀਆ ਨਾ ਸਮਝੇ। ਉਨ੍ਹਾਂ ਨਾਲ ਬਰਾਬਰਤਾ ਦਾ ਸਲੂਕ ਕਰੇ। ਸਿਆਣੇ ਆਖਦੇ ਹਨ ਕਿ ਜਦੋਂ ਰੱਬ ਬੰਦੇ ਦੀ ਸਥਾਪਨਾ ਕਰਦਾ ਹੈ ਤਾਂ ਇਸ ਦੁਨੀਆਂ ਵਿੱਚ ਭੇਜਣ ਵਕਤ ਹਰੇਕ ਦੇ ਕੰਨ ਵਿਚ ਆਖਦਾ ਹੈ ਕਿ "ਹੇ ਮੇਰੇ ਬੰਦੇ! ਮੈਂ ਅੱਜ ਤੇਰੀ ਸਥਾਪਨਾ ਕੀਤੀ ਹੈ। ਤੇਰੇ ਵਰਗਾ ਵਧੀਆ ਬੰਦਾ ਮੈਂ ਨਾ ਕਦੀ ਬਣਾਇਆ ਹੈ ਅਤੇ ਨਾ ਹੀ ਕਦੀ ਬਣਾਵਾਂਗਾ।" ਆਖਦੇ ਹਨ ਇਨਸਾਨ ਰੱਬ ਦੇ ਇਸ ਫ਼ਰਮਾਨ ਨੂੰ ਕਦੀ ਨਹੀਂ ਭੁੱਲਦਾ। ਸਾਰੀ ਉਮਰ ਯਾਦ ਰੱਖਦਾ ਹੈ।

ਇਹ ਲੋਕੀਂ ਜੋ ਲੋਕਾਂ ਸਾਹਮਣੇ ਆਪਣੇ ਆਪ ਨੂੰ ਨੀਵਾਂ ਨੀਵਾਂ ਕਰਕੇ ਪ੍ਰਗਟ ਕਰ ਰਹੇ ਹਨ, ਇਹ ਅੰਦਰੋਂ ਐਸਾ ਨਹੀਂ ਕਰ ਰਹੇ ਹਨ। ਇਹ ਦਿਖਾਵਾ ਬਨਾਵਟੀ ਹੈ। ਅੰਦਰਖਾਤੇ ਹਰੇਕ ਆਦਮੀ ਆਪਣੇ ਆਪ ਨੂੰ ਬਹੁਤ ਹੀ ਵਧੀਆ ਆਦਮੀ ਗਰਦਾਨੀ ਬੈਠਾ ਹੈ ਅਤੇ ਹਰ ਵਕਤ ਇਹੀ ਕੋਸ਼ਿਸ਼ ਪਿਆ ਕਰਦਾ ਹੈ ਕਿ ਹਰੇਕ ਆਦਮੀ ਉਸ ਨੂੰ ਵਧੀਆ ਬੰਦਾ ਹੀ ਸਮਝੇ। ਆਦਮੀ ਇਸ ਸਹਾਰੇ ਆਪਣਾ ਜੀਵਨ ਬਸਰ ਕਰ ਜਾਂਦਾ ਹੈ। ਅਗਰ ਅਸੀਂ ਆਪਣੇ ਆਪ ਨੂੰ ਬਾਕੀ ਲੋਕਾਂ ਨਾਲੋਂ ਘਟੀਆ ਸਮਝਣ ਲੱਗ ਪੈਂਦੇ ਹਾਂ ਤਾਂ ਅਸੀਂ ਘਟੀਆਪਣ ਦਾ ਸ਼ਿਕਾਰ ਹੋ ਜਾਂਦੇ ਹਾਂ। ਐਸਾ ਅਹਿਸਾਸ ਬਣ ਆਉਣਾ ਬਹੁਤ ਹੀ ਮਾੜਾ ਹੈ। ਐਸਾ ਅਹਿਸਾਸ ਸਾਨੂੰ ਜਿਊਣ ਜੋਗਾ ਨਹੀਂ ਛੱਡਦਾ। ਸੋ ਅਸੀਂ ਅਗਰ ਦੂਜਿਆਂ ਨਾਲੋਂ ਬਹੁਤ ਵਧੀਆ ਨਹੀਂ ਹਾਂ ਤਾਂ ਕੀ ਹੋਇਆ ? ਅਸੀਂ ਜੈਸੇ ਵੀ ਹਾਂ ਵਧੀਆ ਹਾਂ। ਅਗਰ ਸਾਡੇ ਅੰਦਰ ਕੋਈ ਘਾਟਾਂ ਹਨ ਤਾਂ ਅਸੀਂ ਉਨ੍ਹਾਂ ਘਾਟਾਂ ਦੀ ਸ਼ਨਾਖ਼ਤ ਕਰਕੇ ਉਹ ਘਾਟਾਂ ਦੂਰ ਕਰ ਸਕਦੇ ਹਾਂ।

## ਰੱਬ ਸਾਥੋਂ ਦੂਰ ਨਹੀਂ ਹੈ

ਦੁਨੀਆਂ ਭਰ ਦੇ ਸਿਆਣਿਆਂ ਨੇ ਇਹ ਗੱਲ ਸਵੀਕਾਰ ਕਰ ਲਈ ਹੈ ਕਿ ਰੱਬ ਸਾਡੇ ਅੰਦਰ ਹਰ ਵਕਤ ਹਾਜ਼ਰ ਹੈ ਅਤੇ ਰੱਬ ਕਿਧਰੇ ਬਾਹਰ ਨਹੀਂ। ਮਾਰਗ ਸਾਡੀ ਆਤਮਾ ਸਾਨੂੰ ਦਰਸਾ ਰਹੀ ਹੈ। ਕੀ ਅਸੀਂ ਉਸ ਮੁਤਾਬਿਕ ਹੀ ਕਾਰਜ ਕਰਦੇ ਹਾਂ ਅਤੇ ਇਉਂ ਆਪਣੇ ਆਪ ਨੂੰ ਸੇਧ ਦੇਣ ਦਾ ਸਿਲਸਿਲਾ ਸ਼ੁਰੂ ਹੋ ਜਾਵੇ ਤਾਂ ਅਸੀਂ ਬਹੁਤ ਹੀ ਵਧੀਆ ਆਦਮੀ ਬਣ ਸਕਦੇ ਹਾਂ। ਸਾਨੂੰ ਰੱਬ ਹਰ ਵਕਤ ਆਪਣੇ ਪਾਸ ਪ੍ਰਤੀਤ ਹੋਣ ਲੱਗ ਪੈਂਦਾ ਹੈ। ਫਿਰ ਰੱਬ ਦੀ ਖੋਜ ਕਰਨ ਲਈ ਭਟਕਣ ਤੋਂ ਬਚਿਆ ਜਾ ਸਕਦਾ ਹੈ। ਰੱਬ ਦੀ ਹਾਜ਼ਰੀ ਪਰਵਾਨ ਕਰਨ ਨਾਲ ਅਸੀਂ ਇਸ ਦੁਨੀਆਂ ਦੇ ਬੰਧਨਾਂ ਤੋਂ ਮੁਕਤ ਹੋ ਜਾਂਦੇ ਹਾਂ। ਅਸੀਂ ਸਾਰਿਆਂ ਦੇ ਸਾਂਝੇ ਮਨੁੱਖ ਬਣ ਜਾਂਦੇ ਹਾਂ। ਅਤੇ ਮਨੁੱਖ ਨੇ ਇਹ ਜੋ ਵੰਡੀਆਂ ਪਾ ਰੱਖੀਆਂ ਹਨ, ਅਸੀਂ ਇਹਨਾਂ ਤੋਂ ਵੀ ਆਜ਼ਾਦ ਹੋ ਜਾਂਦੇ ਹਾਂ। ਰੱਬ ਦੀ ਸਾਡੇ ਅੰਦਰ ਹਾਜ਼ਰੀ ਸਾਡੀ ਸੋਚ ਹੀ ਬਦਲ ਦਿੰਦੀ ਹੈ। ਸਾਨੂੰ ਕੋਈ ਵੀ ਪਰਾਇਆ ਨਹੀਂ ਲੱਗਦਾ। ਸਾਰੀ ਦੁਨੀਆਂ ਦੇ ਲੋਕੀਂ ਆਪਣੇ ਹੀ ਕਿਸਮ ਦੇ ਲੱਗਣ ਲੱਗ ਪੈਂਦੇ ਹਨ ਅਤੇ ਐਸੀ ਸੋਚ ਜਦੋਂ ਬਣ ਆਉਂਦੀ ਹੈ ਤਾਂ ਬੰਦਾ ਨਿਹਾਲ ਹੋ ਜਾਂਦਾ ਹੈ।

## ਮਾਇਆ ਦੀ ਖਿੱਚ

ਅਸੀਂ ਮਨੁੱਖ ਹਰ ਵਕਤ ਮਾਇਆ ਵੱਲ ਖਿੱਚੇ ਰਹਿੰਦੇ ਹਾਂ। ਬਾਕੀ ਗੱਲਾਂ ਅਸੀਂ ਭੁੱਲ ਹੀ ਜਾਂਦੇ ਹਾਂ। ਅਸੀਂ ਕਿਸੇ ਨਾਲ ਭਲਾ ਕਰਨ ਵਕਤ ਵੀ ਇਹੀ ਸੋਚ ਰਹੇ ਹੁੰਦੇ ਹਾਂ ਕਿ

ਇਹ ਭਲਾ ਕੰਮ ਕਰਕੇ ਸਾਡੇ ਪੱਲੇ ਕੀ ਪਵੇਗਾ। ਜਦੋਂ ਸਾਨੂੰ ਪਤਾ ਲੱਗ ਜਾਵੇ ਕਿ ਭਲਾ ਕਰਕੇ ਕੁਝ ਮਿਲਣ ਵਾਲਾ ਨਹੀਂ ਹੈ ਤਾਂ ਅਸੀਂ ਭਲਾ ਕਰਨ ਤੋਂ ਸੰਕੋਚ ਕਰਦੇ ਹਾਂ। ਅੱਜ ਦਾ ਮਨੁੱਖ ਹਰ ਸ਼ੈਅ ਦੀ ਕੀਮਤ ਪਾਉਣ ਲੱਗ ਪਿਆ ਹੈ ਅਤੇ ਇਹ ਕੀਮਤ ਪੈਸਿਆਂ ਨਾਲ ਤੋਲਦਾ ਹੈ। ਇਹੀ ਮਨੁੱਖ ਦਾ ਦੁਖਾਂਤ ਹੈ ਅਤੇ ਇਹੀ ਮਨੁੱਖ ਦੀ ਮਜਬੂਰੀ ਹੈ। ਅੱਜ ਹਰ ਸ਼ੈਅ ਮੁੱਲ ਦੀ ਹੈ। ਨਦੀ, ਹਵਾ ਅਤੇ ਪਾਣੀ ਮੁਫ਼ਤ ਦਾ ਹੋਇਆ ਕਰਦਾ ਸੀ। ਅੱਜ ਇਹ ਚੀਜ਼ਾਂ ਵੀ ਮੁੱਲ ਵਿਕਦੀਆਂ ਹਨ। ਹਵਾ ਦੀਆਂ ਕਈ ਕਿਸਮਾਂ ਹੋਂਦ ਵਿਚ ਆ ਗਈਆਂ ਹਨ। ਕਦੀ ਹਵਾ ਲਈ ਪੱਖੇ ਲਗਾ ਕੇ ਨੌਕਰਾਂ ਰਾਹੀਂ ਖਿਚਵਾਏ ਜਾਂਦੇ ਸਨ। ਫਿਰ ਬਿਜਲੀ ਆ ਗਈ, ਫਿਰ ਪੱਖੇ ਲੱਗਣ ਲੱਗ ਪਏ। ਫਿਰ ਕੂਲਰ ਆਏ ਅਤੇ ਫਿਰ ਠੰਢੀਆਂ ਤੱਤੀਆਂ ਹਵਾ ਦੇਣ ਵਾਲੀਆਂ ਮਸ਼ੀਨਾਂ ਲੱਗ ਗਈਆਂ। ਅਸੀਂ ਪਾਣੀ ਦੀਆਂ ਕਈ ਕਿਸਮਾਂ ਹੋਂਦ ਵਿਚ ਲੈ ਆਂਦੀਆਂ ਹਨ। ਇਉਂ ਅੱਜ ਹਰ ਸ਼ੈਅ ਪੈਸੇ ਨਾਲ ਮਿਲਦੀ ਹੋਣ ਕਰਕੇ ਆਦਮੀ ਪੈਸੇ ਵੱਲ ਖਿੱਚਿਆ ਗਿਆ ਹੈ। ਪੈਸੇ ਵੱਲ ਖਿੱਚਿਆ ਜਾਣਾ ਉਸ ਦੀ ਮਜਬੂਰੀ ਹੈ। ਪਰ ਫਿਰ ਵੀ ਜਦੋਂ ਅਸੀਂ ਆਪਣੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਤੱਕ ਹੀ ਸੀਮਤ ਹਾਂ ਤਾਂ ਤੇ ਸਾਰਾ ਕੁਝ ਠੀਕ ਹੈ। ਪਰ ਕੱਲ੍ਹ ਕੀ ਹੋਣ ਵਾਲਾ ਹੈ, ਇਸ ਖ਼ਤਰੇ ਨੂੰ ਮੁੱਖ ਰੱਖ ਕੇ ਅਸੀਂ ਪੈਸਾ ਇਕੱਠਾ ਕਰਨ ਲੱਗ ਪਏ ਹਾਂ। ਪੈਸਾ ਇਕੱਠਾ ਕਰਨ ਦੇ ਨਵੇਂ ਨਵੇਂ ਢੰਗ ਤਰੀਕੇ ਹੋਂਦ ਵਿਚ ਆ ਗਏ ਹਨ। ਹਾਲਾਂ ਵੀ ਖੋਜ ਜਾਰੀ ਹੈ।

ਅੱਜ ਭਾਵੇਂ ਕੋਈ ਸਾਡੇ ਭਲੇ ਲਈ ਅੱਗੇ ਆਉਂਦਾ ਹੈ। ਉਸ ਦੀ ਨਜ਼ਰ ਵੀ ਪੈਸੇ ਉੱਤੇ ਟਿਕੀ ਹੁੰਦੀ ਹੈ। ਉਹ ਸਾਡੀ ਸੇਵਾ ਨਹੀਂ ਕਰਦਾ ਅਤੇ ਨਾ ਹੀ ਸੇਵਾ ਕਰਨ ਦੀ ਉਸ ਅੰਦਰ ਭਾਵਨਾ ਹੀ ਹੈ। ਲੋਕੀਂ ਪੈਸਾ ਖ਼ਰਚ ਕੇ ਪਦਵੀਆਂ ਪ੍ਰਾਪਤ ਕਰ ਰਹੇ ਹਨ ਅਤੇ ਲੋਕਾਂ ਦਾ ਸ਼ੋਸ਼ਣ ਕਰ ਰਹੇ ਹਨ। ਅੱਜ ਪੈਸੇ ਦੀ ਕੀਮਤ ਜ਼ਿਆਦਾ ਹੈ। ਬੰਦਾ ਪੈਸਾ ਖ਼ਰੀਦ ਸਕਦਾ ਹੈ ਜਾਂ ਨਹੀਂ ਖ਼ਰੀਦ ਸਕਦਾ, ਇਹ ਗੱਲ ਸਾਫ ਹੋ ਆਈ ਹੈ ਕਿ ਅੱਜ ਪੈਸੇ ਨਾਲ ਬੰਦਾ ਖ਼ਰੀਦਿਆ ਜਾ ਸਕਦਾ ਹੈ। ਮਨੁੱਖ ਜਿਤਨਾ ਮਰਜ਼ੀ ਹੈ ਵੱਡਾ ਭਗਤ ਬਣਦਾ ਫਿਰਦਾ ਹੋਵੇ, ਉਹ ਪੈਸੇ ਦੇ ਜਾਲ 'ਚੋਂ ਬਾਹਰ ਨਹੀਂ ਨਿਕਲ ਸਕਦਾ। ਅੱਜ ਸੰਤ ਮਹਾਤਮਾ ਬਣੇ ਫਿਰਦੇ ਲੋਕੀਂ ਆਮ ਆਦਮੀ ਤੋਂ ਜ਼ਿਆਦਾ ਅਮੀਰ ਹੋ ਗਏ ਹਨ।

## ਮੈਂ ਸਭ ਤੋਂ ਵੱਡਾ ਗਿਆਨੀ ਹਾਂ

ਅੱਜ ਦੇ ਮਨੁੱਖ ਦਾ ਦੁਖਾਂਤ ਇਹ ਹੀ ਹੈ ਕਿ ਉਹ ਆਪਣੇ ਆਪ ਨੂੰ ਦੁਨੀਆਂ ਦਾ ਸਭ ਤੋਂ ਸਿਆਣਾ ਆਦਮੀ ਸਮਝਦਾ ਹੈ ਅਤੇ ਇਹੀ ਕਾਰਨ ਹੈ ਕਿ ਉਸ ਨੇ ਗਿਆਨ ਪ੍ਰਾਪਤ ਕਰਨ ਦੇ ਯਤਨ ਛੱਡ ਦਿੱਤੇ ਹਨ। ਇਕ ਪੁਰਾਣੀ ਕਹਾਵਤ ਚਲੀ ਆਉਂਦੀ ਹੈ ਕਿ ਜਦੋਂ ਰੱਬ ਆਦਮੀ ਨੂੰ ਬਣਾ ਕੇ ਇਸ ਦੁਨੀਆਂ ਵਿੱਚ ਭੇਜਦਾ ਹੈ ਤਾਂ ਉਸ ਨੂੰ ਵੱਖਰਾ ਕਰਕੇ ਕੰਨ ਵਿੱਚ ਆਖਦਾ ਹੈ ਕਿ ਮੈਂ ਤੇਰੇ ਵਰਗਾ ਮਨੁੱਖ ਅੱਜ ਤੋਂ ਪਹਿਲਾਂ ਕਦੀ ਨਹੀਂ ਬਣਾਇਆ ਅਤੇ ਨਾ ਹੀ ਮੈਂ ਮੁੜ ਕੇ ਤੇਰੇ ਵਰਗਾ ਮਨੁੱਖ ਬਣਾਉਣਾ ਹੀ ਹੈ। ਇਹ ਬੰਦਾ ਉਦੋਂ ਦਾ ਹੀ ਆਪਣੇ ਆਪ ਨੂੰ ਸਭ ਤੋਂ ਸਿਆਣਾ ਸਮਝਦਾ ਆ ਰਿਹਾ ਹੈ। ਮਨੁੱਖ ਨੂੰ ਜਦੋਂ ਇਹ ਗੱਲ ਸਮਝ ਆ ਜਾਵੇ ਕਿ ਉਸ ਦਾ ਗਿਆਨ ਬਹੁਤ ਹੀ ਅਧੂਰਾ ਹੈ ਤਾਂ ਉਸ ਅੰਦਰ ਹੋਰ ਗਿਆਨ ਪ੍ਰਾਪਤ ਕਰਨ ਦਾ ਸਿਲਸਿਲਾ ਸ਼ੁਰੂ ਹੋ ਸਕਦਾ ਹੈ। ਇਸ ਕਰਕੇ ਮਨੁੱਖ ਨੂੰ ਆਪਣੇ ਅੰਦਰ ਝਾਤੀ ਮਾਰ ਕੇ ਆਪਣੇ ਅੰਦਰ ਜੋ ਘਾਟਾਂ ਹਨ ਉਨ੍ਹਾਂ ਬਾਰੇ ਪਤਾ ਲਗਾਉਂਦੇ ਰਹਿਣਾ ਚਾਹੀਦਾ ਹੈ। ਅਸੀਂ ਲੋਕਾਂ ਤੋਂ ਵਧੀਆ ਨਹੀਂ ਹਾਂ ਬਲਕਿ ਸਾਡੀ

ਕਿਸਮਤ ਖਰੀ ਹੈ। ਇਹ ਗੱਲ ਨਹੀਂ ਹੈ ਕਿ ਅਸੀਂ ਅਗਰ ਚਾਹੀਏ ਤਾਂ ਉਹ ਕੁਝ ਕਰਕੇ ਦਿਖਾ ਸਕਦੇ ਹਾਂ ਜੋ ਹੋਰ ਲੋਕੀਂ ਕਰਕੇ ਨਹੀਂ ਦਿਖਾ ਸਕੇ। ਅਸੀਂ ਅਗਰ ਅੱਜ ਤੱਕ ਵਧੀਆ ਕੀਤੇ ਗਏ ਕੰਮਾਂ ਦੀ ਸੂਚੀ ਤਿਆਰ ਕਰੀਏ ਤਾਂ ਹਰੇਕ ਵਧੀਆ ਕੰਮ ਪਿੱਛੇ ਵੱਖਰੇ-ਵੱਖਰੇ ਆਦਮੀ ਦਾ ਨਾਮ ਆਉਂਦਾ ਹੈ। ਰੱਬ ਵੱਖ-ਵੱਖ ਆਦਮੀਆਂ ਦੇ ਜ਼ਿੰਮੇਂ ਵੱਖਰੇ-ਵੱਖਰੇ ਕੰਮ ਲਗਾਉਂਦਾ ਹੈ। ਉਹ ਇਸ ਦੁਨੀਆਂ ਵਿੱਚ ਆਉਂਦੇ ਹਨ ਅਤੇ ਕੋਈ ਵੱਖਰਾ ਕਾਰਨਾਮਾ ਕਰਕੇ ਵਾਪਸ ਚਲੇ ਜਾਂਦੇ ਹਨ। ਉਹ ਆਪ ਨਹੀਂ ਰਹਿੰਦੇ ਪਰ ਉਨ੍ਹਾਂ ਦਾ ਕੀਤਾ ਕੰਮ ਕਦੀ ਮਰਦਾ ਨਹੀਂ। ਉਸ ਦੇ ਪਾਏ ਪੂਰਨਿਆਂ ਉੱਤੇ ਹੋਰ ਵੀ ਕੋਸ਼ਿਸ਼ਾਂ ਕਰਦੇ ਰਹਿੰਦੇ ਹਨ ਅਤੇ ਇਹੀ ਕਾਰਨ ਹੈ ਕਿ ਇਹ ਦੁਨੀਆਂ ਨਿੱਤ ਬਦਲਦੀ ਰਹਿੰਦੀ ਹੈ।

## ਅਹੰਕਾਰੀ ਖ਼ੂਬਸੂਰਤ ਨਹੀਂ ਰਹਿੰਦਾ

ਜਿਥੇ ਅਹੰਕਾਰ ਕਰਨ ਵਾਲੇ ਬੰਦੇ ਦੇ ਮੁਖੜੇ ਉੱਤੇ ਨੂਰ ਨਹੀਂ ਰਹਿੰਦਾ ਉਥੇ ਅਹੰਕਾਰ ਦਾ ਤਿਆਗ ਕਰਨ ਵਾਲੇ ਆਦਮੀ ਦਾ ਵਿਅਕਤੀਤਵ ਚਮਕ ਉਠਦਾ ਹੈ। ਉਹ ਪ੍ਰਭਾਵਸ਼ਾਲੀ ਬਣ ਜਾਂਦਾ ਹੈ। ਹਰ ਕੋਈ ਉਸ ਨੂੰ ਪਿਆਰ ਕਰਦਾ ਹੈ। ਉਸ ਪਾਸ ਆਉਂਦਾ ਹੈ। ਆਪਣੀਆਂ ਖ਼ੁਸ਼ੀਆਂ ਅਤੇ ਗ਼ਮੀਆਂ ਉਸ ਨਾਲ ਸਾਂਝੀਆਂ ਕਰ ਸਕਦਾ ਹੈ। ਇਸ ਦੁਨੀਆਂ ਦੇ ਲੋਕੀਂ ਰੱਬ ਨੇ ਆਪ ਬਣਾ ਕੇ ਭੇਜੇ ਹਨ। ਅਸੀਂ ਸਾਰੇ ਆਪੋ ਵਿੱਚ ਸੰਬੰਧੀ ਹਾਂ ਅਤੇ ਸੰਬੰਧੀਆਂ ਵਿੱਚ ਊਚ ਅਤੇ ਨੀਚ ਹੋਣ ਦੀ ਗੱਲ ਖ਼ਤਮ ਹੋ ਜਾਂਦੀ ਹੈ। ਆਪਣੇ ਹੀ ਭੈਣ-ਭਰਾਵਾਂ ਸਾਹਮਣੇ ਜੋ ਆਕੜੀ ਜਾਂਦਾ ਹੈ ਉਹ ਆਪਣੇ ਭੈਣ-ਭਰਾਵਾਂ ਦਾ ਸਾਥ ਖੋਹ ਬੈਠਦਾ ਹੈ। ਭੈਣ-ਭਰਾ ਉਸ ਦਾ ਸਾਥ ਛੱਡ ਜਾਂਦੇ ਹਨ। ਜਦੋਂ ਅਸੀਂ ਸਾਰਿਆਂ ਦਾ ਸਰੋਤ ਇਕ ਹੀ ਹੈ ਤਾਂ ਫਿਰ ਅਸੀਂ ਆਪਣੇ ਆਪ ਨੂੰ ਦੂਜਿਆਂ ਤੋਂ ਬਿਹਤਰ ਕਿਵੇਂ ਸਮਝਣ ਲੱਗ ਪੈਂਦੇ ਹਾਂ। ਅਸੀਂ ਵੀ ਦੂਜਿਆਂ ਵਰਗੇ ਹਾਂ। ਅਸੀਂ ਤਾਂ ਬਲਕਿ ਦੂਜਿਆਂ ਦੇ ਨੇੜੇ ਹੋ ਕੇ ਉਨ੍ਹਾਂ ਪਾਸੋਂ ਕੁਝ ਸਿੱਖਣਾ ਹੈ। ਉਹ ਕਈ ਗੱਲਾਂ ਵਿੱਚ ਸਾਡੇ ਤੋਂ ਬਿਹਤਰ ਹੁੰਦੇ ਹਨ। ਅਸੀਂ ਸਮਾਜੀ ਪ੍ਰਾਣੀ ਹਾਂ ਅਤੇ ਵਧੀਆ ਸਮਾਜ ਦੀ ਰਚਨਾ ਤਾਂ ਹੀ ਹੁੰਦੀ ਹੈ ਜਦੋਂ ਹਰੇਕ ਨੂੰ ਬਰਾਬਰ ਸਮਝਿਆ ਜਾਵੇ। ਜਦੋਂ ਸਮਾਜ ਅੰਦਰ ਵੰਡੀਆਂ ਪੈ ਜਾਂਦੀਆਂ ਹਨ ਤਾਂ ਸਮਾਜ ਕਮਜ਼ੋਰ ਹੋ ਜਾਂਦਾ ਹੈ। ਗ਼ੁਲਾਮ ਹੋ ਜਾਂਦਾ ਹੈ। ਸਾਡਾ ਦੁਖਾਂਤ ਇਹੀਂ ਹੈ। ਅਸੀਂ ਅਹੰਕਾਰੇ ਗਏ ਹਾਂ। ਅਸੀਂ ਆਪ ਹੀ ਵੰਡੀਆਂ ਪਾ ਲਈਆਂ ਹਨ। ਇਹੀ ਕਾਰਨ ਹੈ ਸਾਡਾ ਸਮਾਜ ਵੰਡਿਆ ਪਿਆ ਹੈ ਅਤੇ ਬਦਸੂਰਤ ਹੋਇਆ ਹੈ। ਅਸੀਂ ਧਰਮਾਂ, ਜਾਤੀਆਂ, ਅਮੀਰਾਂ ਅਤੇ ਗ਼ਰੀਬਾਂ ਵਿੱਚ ਵੰਡੇ ਜਾ ਚੁੱਕੇ ਹਾਂ। ਅਸੀਂ ਸਾਰਾ ਕੁਝ ਵੱਖਰਾ-ਵੱਖਰਾ ਕਰ ਲਿਆ ਹੈ ਹਰ ਸ਼ੈਅ ਦੀਆਂ ਵੰਡੀਆਂ ਪੈ ਗਈਆਂ ਹਨ ਅਤੇ ਇਹੀ ਕਾਰਨ ਹੈ ਕੁਝ ਲੋਕੀਂ ਅਹੰਕਾਰੇ ਗਏ ਹਨ। ਇਨ੍ਹਾਂ ਅਹੰਕਾਰੀ ਲੋਕਾਂ ਨੇ ਹੀ ਸਾਡੇ ਸਮਾਜ ਦੀ ਸ਼ਕਲ ਸੂਰਤ ਵਿਗਾੜ ਕੇ ਰੱਖ ਦਿੱਤੀ ਹੈ।

## ਰੱਬ ਕਦੀ ਵੀ ਸਾਥੋਂ ਦੂਰ ਨਹੀਂ ਹੁੰਦਾ

ਉਹ ਬੰਦਾ ਬਦਕਿਸਮਤ ਹੈ ਜੋ ਇਹ ਸੋਚਣ ਲੱਗ ਪੈਂਦਾ ਹੈ ਕਿ ਰੱਬ ਉਸ ਪਾਸੋਂ ਦੂਰ ਹੋ ਗਿਆ ਹੈ। ਰੱਬ ਹਰ ਵਕਤ ਸਾਡੇ ਨਾਲ ਰਹਿੰਦਾ ਹੈ। ਸਾਡੇ ਅੰਦਰ ਆਤਮਾ ਹੈ। ਆਤਮਾ ਪ੍ਰਮਾਤਮਾ ਦਾ ਹੀ ਇਕ ਹਿੱਸਾ ਹੈ। ਅਸੀਂ ਜਦੋਂ ਤੱਕ ਰੱਬ ਦੀ ਹਾਜ਼ਰੀ ਪ੍ਰਵਾਨ ਕਰਦੇ ਹਾਂ ਡਰ ਮੁਕਤ ਹੋ ਜਾਂਦੇ ਹਾਂ। ਸਾਡੇ ਕੰਮ ਸਹੀ ਹੁੰਦੇ ਹਨ। ਰੱਬ ਦੀ ਹਾਜ਼ਰੀ ਸਾਡੇ

ਕੰਮਾਂ ਨੂੰ ਸੇਧ ਦਿੰਦੀ ਰਹਿੰਦੀ ਹੈ। ਅਸੀਂ ਮਾੜੇ ਕੰਮ ਕਰਨ ਤੋਂ ਬਚ ਜਾਂਦੇ ਹਾਂ। ਸਾਡੇ ਅੰਦਰ ਵਿਸ਼ਵਾਸ ਪੈਦਾ ਹੋ ਆਉਂਦਾ ਹੈ।

ਅਸੀਂ ਬਹੁਤ ਹੀ ਵੱਡੀ ਸ਼ਕਤੀ ਪਾਸੋਂ ਆਏ ਹਾਂ ਅਤੇ ਉਹੀ ਸਾਡਾ ਸਾਥ ਦੇ ਰਹੀ ਹੈ। ਅਸੀਂ ਡਰ ਮੁਕਤ ਹੋ ਜਾਂਦੇ ਹਾਂ। ਸਾਡੇ ਅੰਦਰ ਸਵੈ-ਵਿਸ਼ਵਾਸ ਪੈਦਾ ਹੋ ਆਉਂਦਾ ਹੈ। ਸਾਡੀਆਂ ਸੁਤੀਆਂ ਕੱਲਾਂ ਜਾਗ ਉਠਦੀਆਂ ਹਨ। ਸਾਨੂੰ ਆਪਣੇ ਆਪ ਦਾ ਗਿਆਨ ਹੋ ਉਠਦਾ ਹੈ। ਅਸੀਂ ਰੱਬ ਦੇ ਬਣਾਏ ਬੰਦਿਆਂ ਦੀ ਪਛਾਣ ਕਰ ਲੈਂਦੇ ਹਾਂ। ਸਾਰਿਆਂ ਦੇ ਸਾਂਝੇ ਹੋ ਆਉਂਦੇ ਹਾਂ। ਵੱਖਰਾਪਣ ਖ਼ਤਮ ਹੋ ਜਾਂਦਾ ਹੈ। ਅਸੀਂ ਰੱਬ ਦੀ ਹਾਜ਼ਰੀ ਭਰ ਕੇ ਪਵਿੱਤਰ ਹੋ ਜਾਂਦੇ ਹਾਂ। ਰੱਬ ਸਾਡੀ ਰਹਿਨੁਮਾਈ ਕਰਦਾ ਰਹਿੰਦਾ ਹੈ ਅਤੇ ਇਉਂ ਰੱਬ ਦੇ ਸੰਗ ਰਹਿ ਕੇ ਅਸੀਂ ਸੁੱਖੀ ਸਾਂਦੀ ਆਪਣੇ ਹਿੱਸੇ ਆਇਆ ਜੀਵਨ ਬਤੀਤ ਕਰ ਜਾਂਦੇ ਹਾਂ। ਸਾਨੂੰ ਨਾਤਾਂ ਕੋਈ ਆਪਣੇ ਤੋਂ ਵਧੀਆ ਲੱਗਦਾ ਹੈ ਅਤੇ ਨਾ ਹੀ ਅਸੀਂ ਕਿਸੇ ਤੋਂ ਘਟੀਆ ਹੁੰਦੇ ਹਾਂ। ਅਸੀਂ ਰੱਬ ਦੇ ਬਣਾਏ ਹੋਏ ਬੰਦਿਆਂ ਦੇ ਬਰਾਬਰ ਹੋ ਜਾਂਦੇ ਹਾਂ, ਸੋ ਰੱਬ ਦੀ ਹਾਜ਼ਰੀ ਪ੍ਰਵਾਨ ਕਰਨਾ ਹੀ ਸਾਡੀ ਸਭ ਤੋਂ ਵੱਡੀ ਪ੍ਰਾਪਤੀ ਹੈ।

## ਅਸੀਂ ਸਾਰੇ ਕ੍ਰਿਸਾਣ ਹਾਂ

ਸਾਡਾ ਇਹ ਸਰੀਰ ਧਰਤੀ ਵਰਗਾ ਹੈ ਅਤੇ ਇਸ ਅੰਦਰ ਸ਼ਕਤੀ ਜੋ ਹੈ ਉਹ ਸਾਡੀ ਆਤਮਾ ਹੈ। ਅਸੀਂ ਆਪਣੇ ਕਰਮਾਂ ਦਾ ਬੀਜ ਬੋਂਦੇ ਹਾਂ ਅਤੇ ਰੱਬ ਦੀ ਹੋਂਦ ਸਵੀਕਾਰ ਕਰਕੇ ਉਸ ਜਲ ਨਾਲ ਇਸ ਦੀ ਸਿੰਚਾਈ ਕਰਦੇ ਹਾਂ ਅਤੇ ਇਉਂ ਅਸੀਂ ਵਧੀਆ ਫ਼ਸਲ ਪਾਉਂਦੇ ਹਾਂ। ਅਸੀਂ ਜਦੋਂ ਕਦੀ ਵੀ ਇਹ ਮੁੱਢਲੀਆਂ ਗੱਲਾਂ ਭੁੱਲ ਜਾਂਦੇ ਹਾਂ ਤਾਂ ਅਸੀਂ ਵਧੀਆ ਫ਼ਸਲ ਨਹੀਂ ਪਾ ਸਕਦੇ। ਅਰਥਾਤ ਸਾਨੂੰ ਵਧੀਆ ਫਲ ਨਹੀਂ ਮਿਲ ਸਕਦਾ।

ਅਸੀਂ ਰੱਬ ਨੂੰ ਹਾਜ਼ਰ-ਨਾਜ਼ਰ ਸਮਝਣਾ ਹੈ ਅਤੇ ਆਪਣੇ ਕਰਮਾਂ ਨੂੰ ਸਹੀ ਸੇਧ ਦਿੰਦੇ ਰਹਿਣਾ ਹੈ। ਅਸੀਂ ਜੈਸੇ ਜੈਸੇ ਕਰਮ ਕਰਦੇ ਹਾਂ, ਜੈਸੀ ਜੈਸੀ ਸਾਡੀ ਸੋਚਣੀ ਹੁੰਦੀ ਹੈ, ਵੈਸਾ-ਵੈਸਾ ਹੀ ਸਾਨੂੰ ਫਲ ਮਿਲਦਾ ਹੈ। ਅਸੀਂ ਕਰਮ ਮਾੜੇ ਕਰੀਏ, ਸੋਚਣੀ ਗੰਦਲੀ ਰਖੀਏ ਅਤੇ ਮੰਗ ਕਰੀਏ ਕਿ ਸਾਨੂੰ ਫਲ ਵਧੀਆ ਮਿਲੇ, ਅਗਰ ਅਸੀਂ ਐਸਾ ਸੋਚਦੇ ਹਾਂ ਤਾਂ ਅਸੀਂ ਗਲਤ ਹਾਂ। ਅਸੀਂ ਅੰਦਰੋਂ ਬਾਹਰੋਂ ਇਕ ਹੋਣਾ ਹੈ। ਸਾਡੀ ਸੋਚ ਅਤੇ ਵਿਚਾਰ ਵੀ ਸਹੀ ਹੋਣੇ ਚਾਹੀਦੇ ਹਨ। ਮੈਲੇ ਵਿਚਾਰ ਸਾਡੇ ਕਰਮਾਂ ਨੂੰ ਵੀ ਮੈਲਾ ਕਰਕੇ ਰੱਖ ਦਿੰਦੇ ਹਨ। ਅਸੀਂ ਨਾ ਤਾਂ ਆਪਣੇ ਕਿਸੇ ਕੰਮ ਆ ਸਕਦੇ ਹਾਂ ਅਤੇ ਨਾ ਹੀ ਅਸੀਂ ਕਿਸੇ ਹੋਰ ਵਾਸਤੇ ਉਪਯੋਗੀ ਬਣ ਸਕਦੇ ਹਾਂ। ਮੈਲੇ ਮਨ ਨਾਲ ਅਸੀਂ ਕਿਤਨੀ ਹੀ ਕੋਸ਼ਿਸ਼ ਕਿਉਂ ਨਾ ਕਰਦੇ ਰਹੀਏ ਕੋਈ ਵਧੀਆ ਕੰਮ ਨਹੀਂ ਕੀਤਾ ਜਾ ਸਕਦਾ। ਵਧੀਆ ਕੰਮ ਕਰਨ ਲਈ ਅੰਦਰੋਂ ਬਾਹਰੋਂ ਇੱਕ ਹੋਣਾ ਪੈਂਦਾ ਹੈ।

## ਸੱਚਾਈ ਦੀ ਖੋਜ ਕਰਨ ਲਈ ਭਰਮ ਕਰਨ ਦੀ ਜ਼ਰੂਰਤ ਨਹੀਂ ਹੁੰਦੀ

ਅਸੀਂ ਸਾਰੇ ਰੱਬ ਨੇ ਪੈਦਾ ਕੀਤੇ ਹਾਂ ਅਤੇ ਉਹ ਹਰ ਵਕਤ ਸਾਡੇ ਅੰਦਰ ਹਾਜ਼ਰ ਹੈ। ਅਸੀਂ ਜੋ ਕੁਝ ਵੀ ਪ੍ਰਾਪਤ ਕਰਨਾ ਹੈ ਆਪਣੇ ਆਪ ਤੋਂ ਹੀ ਕਰਨਾ ਹੈ। ਅਸੀਂ ਰੱਬ ਦੀ ਖੋਜ ਹੋਰ ਥਾਈਂ ਕਰਦੇ ਫਿਰਦੇ ਹਾਂ। ਇਹ ਸਾਡੀ ਗ਼ਲਤੀ ਹੈ। ਰੱਬ ਸਾਡੇ ਅੰਦਰ ਹੈ ਅਤੇ ਹਰ ਵਕਤ ਸਾਨੂੰ ਸੇਧ ਦੇ ਰਿਹਾ ਹੈ। ਰੱਬ ਨੂੰ ਪ੍ਰਾਪਤ ਕਰਨ ਲਈ ਕਿਸੇ ਵੱਡੀ ਘਾਲਣਾ ਦੀ ਜ਼ਰੂਰਤ ਨਹੀਂ ਹੈ। ਰੱਬ ਨੇ ਆਪ ਸਾਡਾ ਵਜੂਦ ਕਾਇਮ ਕੀਤਾ ਹੋਇਆ ਹੈ। ਅਸੀਂ ਉਦੋਂ

ਤੱਕ ਹੀ ਜਿਉਂਦੇ ਹਾਂ ਜਦੋਂ ਤੱਕ ਆਤਮਾ ਦੇ ਰੂਪ ਵਿੱਚ ਪ੍ਰਮਾਤਮਾ ਸਾਡੇ ਅੰਦਰ ਹਾਜ਼ਰ ਹੈ। ਸੋ ਅਸੀਂ ਰੱਬ ਦੇ ਪਾਸ ਹਾਂ। ਰੱਬ ਕਿਧਰੇ ਹੋਰ ਨਹੀਂ ਰਹਿੰਦਾ। ਇਸ ਲਈ ਸਾਰੀ ਭਟਕਣ ਛੱਡ ਕੇ ਅਸੀਂ ਆਪਣੇ ਆਪ ਅੰਦਰ ਬਿਰਾਜਮਾਨ ਸ਼ਕਤੀਆਂ ਬਾਰੇ ਸੋਚਣਾ ਹੈ। ਉਨ੍ਹਾਂ ਸ਼ਕਤੀਆਂ ਸਹਾਰੇ ਚੱਲਣਾ ਹੈ। ਇਹੀ ਅੰਦਰਲੀਆਂ ਸ਼ਕਤੀਆਂ ਸਾਡੀ ਹੋਂਦ ਕਾਇਮ ਕਰਦੀਆਂ ਹਨ। ਬਾਹਰ ਜਦੋਂ ਅਸੀਂ ਰੱਬ ਦੀ ਖੋਜ ਕਰਦੇ ਹਾਂ ਤਾਂ ਅਸੀਂ ਭਟਕਦੇ ਫਿਰਦੇ ਹਾਂ। ਰੁਲ ਰਹੇ ਹੁੰਦੇ ਹਾਂ। ਦੁੱਖੀ ਹੁੰਦੇ ਫਿਰਦੇ ਹਾਂ। ਲਰਜ਼ਦੇ ਫਿਰਦੇ ਹਾਂ। ਟਿਕਾਅ ਖ਼ਤਮ ਹੋ ਜਾਂਦਾ ਹੈ। ਭਟਕਣ ਬੇਚੈਨੀ ਪੈਦਾ ਕਰਦੀ ਹੈ। ਸੋ ਆਪਣੇ ਅੰਦਰ ਬਿਰਾਜਮਾਨ ਪਰਮ ਪਿਤਾ ਪ੍ਰਮਾਤਮਾ ਦਾ ਸਹਾਰਾ ਲੈ ਕੇ ਅਸੀਂ ਜੀਵਨ ਕੱਟਣਾ ਹੈ। ਅਸੀਂ ਪਰਮ ਪਿਤਾ ਪ੍ਰਮਾਤਮਾ ਤੋਂ ਆਏ ਹਾਂ। ਉਹ ਆਪ ਸਾਡੇ ਨਾਲ ਰਹਿੰਦਾ ਹੈ ਅਤੇ ਇਕ ਦਿਨ ਆਪ ਹੀ ਸਾਨੂੰ ਵਾਪਿਸ ਲੈ ਜਾਂਦਾ ਹੈ।

## ਰੱਬ ਦੇ ਨਾਮ ਅਨੇਕ ਹਨ

ਦੁਨੀਆਂ ਭਰ ਦੇ ਲੋਕੀਂ ਰੱਬ ਦੀ ਹੋਂਦ ਸਵੀਕਾਰ ਕਰਦੇ ਹਨ ਅਤੇ ਹਰ ਥਾਂ ਉੱਤੇ ਰੱਬ ਨੂੰ ਵੱਖਰੇ ਨਾਮ ਨਾਲ ਸੰਬੋਧਿਤ ਵੀ ਕਰਦੇ ਹਨ। ਦੁਨੀਆਂ ਭਰ ਦੀਆਂ ਸ਼ਕਤੀਆਂ ਦਾ ਮਾਲਕ ਵੀ ਰੱਬ ਨੂੰ ਹੀ ਮੰਨਿਆ ਜਾਂਦਾ ਹੈ। ਰੱਬ ਦੇ ਨਾਵਾਂ ਦਾ ਹਾਲਾਂ ਅੰਤ ਨਹੀਂ ਹੋਇਆ। ਅੱਜ ਵੀ ਲੋਕੀਂ ਰੱਬ ਦੀਆਂ ਸ਼ਕਤੀਆਂ ਦੀ ਗਿਣਤੀ ਵਧਾ ਰਹੇ ਹਨ। ਨਾ ਤਾਂ ਰੱਬ ਦਾ ਅੰਤ ਪਾਇਆ ਜਾ ਸਕਦਾ ਹੈ ਅਤੇ ਨਾ ਹੀ ਰੱਬ ਦੀਆਂ ਸ਼ਕਤੀਆਂ ਦੀ ਗਿਣਤੀ ਹੀ ਅਸੀਂ ਕਰ ਸਕਦੇ ਹਾਂ। ਜੋ ਲੋਕੀਂ ਰੱਬ ਦੀ ਹੋਂਦ ਸਵੀਕਾਰ ਨਹੀਂ ਕਰਦੇ ਉਹ ਵੀ ਕਈ ਵਾਰੀ ਅੰਦਰਖਾਤੇ ਇਸ ਭੁਲੇਖੇ ਵਿੱਚ ਪੈ ਜਾਂਦੇ ਹਨ ਕਿ ਰੱਬ ਸ਼ਾਇਦ ਹੈ। ਰੱਬ ਨੇ ਆਪਣੀਆਂ ਸਾਰੀਆਂ ਦਾਤਾਂ ਇਸ ਬ੍ਰਹਿਮੰਡ ਵਿੱਚ ਬਖੇਰ ਰੱਖੀਆਂ ਹਨ। ਇਨ੍ਹਾਂ ਦਾਤਾਂ ਦੀ ਖੋਜ ਆਦਮੀ ਜ਼ਿੰਮੇਂ ਲਗਾ ਦਿੱਤੀ ਗਈ ਹੈ। ਬਹੁਤ ਕੁਝ ਇਸ ਆਦਮੀ ਨੇ ਖੋਜ ਕੱਢਿਆ ਹੈ। ਹਾਲਾਂ ਵੀ ਬਹੁਤ ਕੁਝ ਐਸਾ ਹੈ ਜੋ ਖੋਜਣਾ ਬਾਕੀ ਹੈ। ਜਿਵੇਂ ਅਸੀਂ ਰੱਬ ਦੀਆਂ ਸ਼ਕਤੀਆਂ ਅਤੇ ਰੱਬ ਦੇ ਨਾਵਾਂ ਦੀ ਗਿਣਤੀ ਨਹੀਂ ਕਰ ਸਕਦੇ, ਇਸੇ ਤਰ੍ਹਾਂ ਅਸੀਂ ਰੱਬ ਦਾ ਅੰਤ ਨਹੀਂ ਪਾ ਸਕਦੇ। ਆਦਮੀ ਅਧੂਰਾ ਹੈ। ਸਿਰਫ਼ ਰੱਬ ਆਪ ਪੂਰਾ ਹੈ। ਅਸੀਂ ਦੁਨੀਆਂ ਦੇ ਲੋਕੀਂ ਰੱਬ ਦਾ ਇਕ ਹਿੱਸਾ ਹਾਂ। ਇਸ ਕਰਕੇ ਇਕ ਹਿੱਸਾ ਪੂਰੇ ਜੈਸਾ ਤਾਂ ਹੋ ਸਕਦਾ ਹੈ ਪਰ ਪੂਰਾ ਕਦੀ ਨਹੀਂ ਹੋ ਸਕਦਾ।

## ਪਾਖੰਡ ਨਾਲ ਕੁਝ ਵੀ ਪ੍ਰਾਪਤ ਨਹੀਂ ਹੁੰਦਾ

ਸਾਰੇ ਧਰਮਾਂ ਨੇ ਸਾਨੂੰ ਇਹ ਸਿੱਖਿਆ ਦਿੱਤੀ ਹੈ ਕਿ ਪਾਖੰਡ ਨਹੀਂ ਕਰਨਾ ਚਾਹੀਦਾ। ਪਾਖੰਡ ਕਰਕੇ ਅਸੀਂ ਕੁਝ ਅਰਸੇ ਲਈ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਤਾਂ ਪਾ ਸਕਦੇ ਹਾਂ ਪਰ ਪਾਖੰਡ ਨਾਲ ਰੱਬ ਨੂੰ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਇਹ ਦੁਨੀਆਂ ਦੇ ਲੋਕੀਂ ਵੀ ਜ਼ਿਆਦਾ ਦੇਰ ਹਨ੍ਹੇਰੇ ਵਿੱਚ ਨਹੀਂ ਰੱਖੇ ਜਾ ਸਕਦੇ। ਸਾਡਾ ਪਾਖੰਡ ਅਤੇ ਬਨਾਵਟ ਛੇਤੀ ਹੀ ਨੰਗੀ ਹੋ ਆਉਂਦੀ ਹੈ। ਮਨੁੱਖ ਨੂੰ ਗਿਆਨ ਪ੍ਰਾਪਤ ਕਰਨਾ ਚਾਹੀਦਾ ਹੈ। ਰੱਬ ਨੂੰ ਪ੍ਰਾਪਤ ਕਰਨ ਲਈ ਕਿਸੇ ਵੱਡੇ ਯਤਨ ਦੀ ਜ਼ਰੂਰਤ ਨਹੀਂ ਹੈ। ਰੱਬ ਸਾਡਾ ਮਾਤਾ-ਪਿਤਾ ਹੈ ਅਤੇ ਮਾਤਾ-ਪਿਤਾ ਦਾ ਆਸ਼ੀਰਵਾਦ ਪ੍ਰਾਪਤ ਕਰਨ ਲਈ ਸਾਨੂੰ ਕਿਸੇ ਢੌਂਗ ਦੀ ਜ਼ਰੂਰਤ ਨਹੀਂ ਪੈਂਦੀ। ਸਾਨੂੰ ਇਹ ਸਾਰੀਆਂ ਗੱਲਾਂ ਸਮਝਾ ਦਿੱਤੀਆਂ ਗਈਆਂ ਹਨ। ਪਰ ਇਹ ਵੀ

ਇਕ ਸੱਚਾਈ ਹੈ ਕਿ ਮਨੁੱਖ ਅਸਲੀਅਤ ਛੱਡ ਕੇ ਢੌਂਗੀ ਬਣਿਆ ਫਿਰਦਾ ਹੈ। ਬਾਕੀ ਗੱਲਾਂ ਤਾਂ ਛੱਡੋ, ਆਪਣੇ ਪਰਮ ਪਿਤਾ ਪ੍ਰਮਾਤਮਾ ਨੂੰ ਵੀ ਢੌਂਗੀ ਬਣਾ ਕੇ ਪ੍ਰਾਪਤ ਕਰਨਾ ਚਾਹੁੰਦਾ ਹੈ। ਅਸੀਂ ਦੇਖਦੇ ਹਾਂ ਲੋਕੀਂ ਸਮਾਧੀਆਂ ਲਗਾ ਰਹੇ ਹਨ। ਪਾਠ ਪੂਜਾ ਕਰ ਰਹੇ ਹਨ। ਕਈ ਕਿਸਮ ਦੀਆਂ ਸ਼ਕਲਾਂ ਅਤੇ ਭੇਸ ਬਣਾ ਰਹੇ ਹਨ ਪਰ ਕਦੀ ਉਨ੍ਹਾਂ ਨੂੰ ਪੁੱਛੋ ਕਿ ਧਾਰਮਿਕ ਗਰੰਥਾਂ ਵਿੱਚ ਜੋ-ਜੋ ਕੁੱਝ ਲਿਖਿਆ ਹੋਇਆ ਹੈ, ਉਸ ਵਿੱਚੋਂ ਕੀ-ਕੀ ਅਪਣਾਇਆ ਹੈ ਤਾਂ ਉਹ ਇਸ ਪ੍ਰਸ਼ਨ ਦਾ ਉੱਤਰ ਨਹੀਂ ਦੇ ਸਕਦੇ। ਜੋ ਲੋਕੀਂ ਵੱਡੇ ਧਾਰਮਿਕ ਬਣੇ ਫਿਰਦੇ ਹਨ ਉਹ ਵੀ ਮੁਫ਼ਤ ਦੀਆਂ ਖਾ ਰਹੇ ਹਨ। ਉਹ ਕ੍ਰਿਤ ਕਰਨੀ ਛੱਡ ਹੀ ਦਿੰਦੇ ਹਨ। ਪੂਜਾ ਦਾ ਦਾਨ ਖਾਣ ਵਾਲੇ ਲੋਕਾਂ ਨੂੰ ਰੱਬ ਦਾ ਭਗਤ ਨਹੀਂ ਆਖਿਆ ਜਾ ਸਕਦਾ। ਵੱਡਾ ਧਰਮੀ ਉਹ ਹੈ ਜੋ ਕ੍ਰਿਤ ਕਰਕੇ ਆਪਣੀ ਰੋਜ਼ੀ ਕਮਾਉਂਦਾ ਹੈ ਅਤੇ ਉਸ ਕਮਾਈ ਵਿੱਚੋਂ ਦੂਜਿਆਂ ਦੀ ਮੱਦਦ ਵੀ ਕਰਦਾ ਹੈ। ਅਸੀਂ ਕੀ ਕਰਦੇ ਹਾਂ, ਸਾਡੀਆਂ ਪ੍ਰਤੱਖ ਕਾਰਵਾਈਆਂ ਹੀ ਸਾਨੂੰ ਵੱਡਾ ਭਗਤ ਬਣਾ ਸਕਦੀਆਂ ਹਨ। ਇਹ ਭੇਖ ਕਰਨਾ ਤਾਂ ਲੋਕਾਂ ਨੂੰ ਧੋਖਾ ਦੇਣਾ ਹੀ ਹੈ। ਅਸੀਂ ਭੇਖ ਕਰਕੇ ਰੱਬ ਨੂੰ ਵੀ ਧੋਖਾ ਦੇਣ ਦੀ ਕੋਸ਼ਿਸ਼ ਕਰਦੇ ਹਾਂ। ਐਸਾ ਕਰਨਾ ਗ਼ਲਤ ਹੈ। ਅਸੀਂ ਅਗਰ ਭੇਖੀ ਹਾਂ ਅਤੇ ਅਸਲੋਂ ਕੁਝ ਹੋਰ ਹਾਂ, ਇਸ ਕਮਜ਼ੋਰੀ ਦਾ ਸਭ ਤੋਂ ਪਹਿਲਾਂ ਸਾਨੂੰ ਆਪ ਪਤਾ ਲੱਗਦਾ ਹੈ। ਅਸੀਂ ਆਪ ਹੀ ਆਪਣੀ ਕਮਜ਼ੋਰੀ ਪਕੜ ਕੇ ਉਸ ਦੀ ਸੁਧਾਈ ਕਰ ਸਕਦੇ ਹਾਂ ਅਤੇ ਐਸੀ ਕਸਰਤ ਅੱਜ ਤੋਂ ਹੀ ਕਰਨ ਦਾ ਸਿਲਸਿਲਾ ਜਾਰੀ ਕਰਨਾ ਚਾਹੀਦਾ ਹੈ। ਦੇਰ ਨਹੀਂ ਕਰਨੀ ਚਾਹੀਦੀ।

## ਅਗਿਆਨਤਾ ਸਾਨੂੰ ਚਾਨਣ ਤੋਂ ਦੂਰ ਰੱਖਦੀ ਹੈ

ਅਸੀਂ ਅਗਰ ਗਿਆਨ ਪ੍ਰਾਪਤ ਕਰਨ ਦੀ ਕੋਸ਼ਿਸ਼ ਨਹੀਂ ਕਰਦੇ ਤਾਂ ਅਸੀਂ ਘੁੱਪ ਹਨੇਰੇ ਵੱਲ ਵਧਦੇ ਜਾ ਰਹੇ ਹਾਂ। ਇਹ ਬੱਤੀਆਂ, ਇਹ ਦੀਵੇ ਅਤੇ ਸੂਰਜ ਦੀ ਰੌਸ਼ਨੀ ਤੱਕ ਸਾਡੇ ਜੀਵਨ ਨੂੰ ਰੌਸ਼ਨ ਨਹੀਂ ਕਰ ਸਕਦੇ। ਸਾਡਾ ਜੀਵਨ ਤਾਂ ਹੀ ਰੌਸ਼ਨ ਹੋਵੇਗਾ ਜੇਕਰ ਅਸੀਂ ਗਿਆਨ ਪ੍ਰਾਪਤ ਕਰਦੇ ਹਾਂ। ਅਸੀਂ ਆਪਣੇ ਅੰਦਰ ਝਾਤੀ ਮਾਰਨੀ ਹੈ। ਅਸੀਂ ਇਸ ਬ੍ਰਹਿਮੰਡ ਉੱਤੇ ਝਾਤੀ ਮਾਰਨੀ ਹੈ। ਅਸੀਂ ਰੱਬ ਦੀ ਹੋਂਦ ਦਾ ਗਿਆਨ ਪ੍ਰਾਪਤ ਕਰਨਾ ਹੈ। ਅਸੀਂ ਆਲੇ-ਦੁਆਲੇ ਵਸਦੇ ਲੋਕਾਂ ਨੂੰ ਸਮਝਣਾ ਹੈ। ਅਸੀਂ ਲੋਕਾਂ ਦੀਆਂ ਪਾਈਆਂ ਪ੍ਰਿਤਾਂ ਸਮਝਣੀਆਂ ਹਨ। ਬਹੁਤ ਕੁਝ ਇਨ੍ਹਾਂ ਲੋਕਾਂ ਨੇ ਲੱਭ ਲਿਆ ਹੈ।

ਹਾਲਾਂ ਬਹੁਤ ਕੁਝ ਲੱਭਣਾ ਬਾਕੀ ਹੈ। ਅਸੀਂ ਵੀ ਇਸ ਖੋਜ ਅੰਦਰ ਸ਼ਰੀਕ ਹੋਣਾ ਹੈ। ਅਸੀਂ ਵੀ ਇਸ ਦੁਨੀਆਂ ਦੇ ਪਾਤਰ ਹਾਂ। ਅਸੀਂ ਵੀ ਕਿਸੇ ਖ਼ਾਸ ਮਕਸਦ ਨੂੰ ਪੂਰਾ ਕਰਨ ਲਈ ਇਸ ਦੁਨੀਆਂ ਵਿੱਚ ਭੇਜੇ ਗਏ ਹਾਂ। ਸਾਡੀ ਹੋਂਦ ਐਵੇਂ ਹੀ ਕਾਇਮ ਨਹੀਂ ਕੀਤੀ ਗਈ। ਅਗਰ ਸਾਨੂੰ ਵੀ ਰੱਬ ਨੇ ਹੀ ਭੇਜਿਆ ਹੈ ਤਾਂ ਰੱਬ ਐਵੇਂ ਹੀ ਕਿਸੇ ਦੀ ਰਚਨਾ ਨਹੀਂ ਕਰਦਾ। ਅਸੀਂ ਉਸ ਮਕਸਦ ਦੀ ਪਛਾਣ ਕਰਨੀ ਹੈ ਜਿਸ ਮਕਸਦ ਦੀ ਪੂਰਤੀ ਲਈ ਰੱਬ ਨੇ ਸਾਨੂੰ ਇਸ ਦੁਨੀਆਂ ਵਿੱਚ ਭੇਜਿਆ ਹੈ। ਅਸੀਂ ਸਾਰੇ ਸੰਸਾਰ ਨੂੰ ਸਮਝਣਾ ਹੈ। ਅਸੀਂ ਗਿਆਨ ਪ੍ਰਾਪਤ ਕਰੀ ਜਾਣਾ ਹੈ। ਉਦੋਂ ਤੱਕ ਗਿਆਨ ਪ੍ਰਾਪਤ ਕਰਦੇ ਰਹਿਣਾ ਹੈ ਜਦੋਂ ਤੱਕ ਅਸੀਂ ਜਿਉਂਦੇ ਹਾਂ। ਅਸੀਂ ਕਦੀ ਵੀ ਇਹ ਗੁਮਾਨ ਨਹੀਂ ਕਰਨਾ ਕਿ ਅਸੀਂ ਗਿਆਨ ਭਰਪੂਰ ਹੋ ਗਏ ਹਾਂ ਅਤੇ ਗਿਆਨ ਪ੍ਰਾਪਤੀ ਲਈ ਸਾਨੂੰ ਹੁਣ ਹੋਰ ਕੋਸ਼ਿਸ਼ ਕਰਨ ਦੀ ਜ਼ਰੂਰਤ ਨਹੀਂ ਹੈ। ਜੋ ਆਦਮੀ ਐਸਾ ਸਮਝ ਬੈਠਦਾ ਹੈ ਉਹ ਦੁਨੀਆਂ ਦਾ ਸਭ ਤੋਂ ਵੱਡਾ ਅਗਿਆਨੀ ਹੁੰਦਾ ਹੈ।

## ਸਾਨੂੰ ਆਪ ਵੀ ਉਮਰ ਦੀ ਹੱਦ ਪਤਾ ਨਹੀਂ

ਸਾਡੇ ਮਿਥਿਹਾਸ ਮੁਤਾਬਿਕ ਐਸੇ ਲੋਕ ਵੀ ਹੋਏ ਹਨ, ਜੋ ਸਦੀਆਂ ਤੱਕ ਜਿਊਂਦੇ ਰਹੇ ਹਨ। ਹੁਣ ਵੀ ਵਿਗਿਆਨੀ ਮਨੁੱਖ ਨੂੰ ਲੰਮੀ ਉਮਰ ਤੱਕ ਜਿਊਂਦਾ ਰੱਖਣ ਦੀ ਕੋਸ਼ਿਸ਼ ਪਿਆ ਕਰਦਾ ਹੈ। ਕਈ ਕਿਸਮ ਦੀਆਂ ਦਵਾਈਆਂ ਅਤੇ ਖ਼ੁਰਾਕਾਂ ਦੀ ਕਾਢ ਕੱਢੀ ਜਾ ਚੁੱਕੀ ਹੈ। ਪਰ ਹਾਲਾਂ ਤੱਕ ਮੌਤ ਉੱਤੇ ਕਾਬੂ ਨਹੀਂ ਪਾਇਆ ਜਾ ਸਕਿਆ। ਹਰ ਕੋਈ ਮਰਦਾ ਹੈ। ਮੌਤ ਇਕ ਸੱਚਾਈ ਦੇ ਤੌਰ 'ਤੇ ਪ੍ਰਵਾਨ ਕੀਤੀ ਜਾ ਚੁੱਕੀ ਹੈ।

ਅਸੀਂ ਲੱਖ ਯਤਨ ਪਏ ਕਰੀਏ, ਮੌਤ ਦਾ ਸਮਾਂ ਨਿਸ਼ਚਿਤ ਨਹੀਂ ਕਰ ਸਕਦੇ। ਅਸੀਂ ਕਿਤਨਾ ਚਿਰ ਜਿਊਣਾ ਹੈ ਅਤੇ ਕਦੋਂ ਮਰ ਜਾਣਾ ਹੈ, ਇਸ ਬਾਰੇ ਵੀ ਸਾਨੂੰ ਪਤਾ ਨਹੀਂ ਹੈ। ਇਸੇ ਕਰਕੇ ਸਿਆਣੇ ਆਖਦੇ ਹਨ ਕਿ ਅਸੀਂ ਜੋ ਵੀ ਚੰਗੇ ਕੰਮ ਕਰਨੇ ਹਨ, ਉਹ ਹੁਣੇ ਸ਼ੁਰੂ ਕਰ ਦੇਣੇ ਚਾਹੀਦੇ ਹਨ। ਅਗਰ ਕੋਈ ਆਖਦਾ ਹੈ ਕਿ ਆਪੇ ਬੁੱਢੀ ਉਮਰ ਵਿੱਚ ਆ ਕੇ ਅਸੀਂ ਚੰਗੇ ਕੰਮ ਵੀ ਕਰ ਲਵਾਂਗੇ ਤਾਂ ਉਹ ਆਦਮੀ ਗ਼ਲਤ ਹੈ। ਬੁਢਾਪਾ ਆਉਣਾ ਹੈ ਜਾਂ ਅਸੀਂ ਹੁਣੇ ਮਰ ਜਾਣਾ ਹੈ, ਇਸ ਬਾਰੇ ਅਸੀਂ ਕੁਝ ਨਹੀਂ ਜਾਣਦੇ।

ਮੌਤ ਦਾ ਕੰਮ ਰੱਬ ਨੇ ਆਪਣੇ ਪਾਸ ਹੀ ਰੱਖਿਆ ਹੈ। ਇਸ ਕਰਕੇ ਅਸੀਂ ਲੰਮੀ ਉਮਰ ਦੀਆਂ ਆਸਾਂ ਲਗਾ ਕੇ ਆਪਣੇ ਜੀਵਨ ਦੇ ਪ੍ਰੋਗਰਾਮ ਨਹੀਂ ਮਿੱਥ ਸਕਦੇ। ਸਾਡੇ ਅੰਦਾਜ਼ੇ ਗ਼ਲਤ ਹੋ ਜਾਂਦੇ ਹਨ। ਇਸ ਕਰਕੇ ਦੇਰ ਕਰਨ ਦੀ ਬਜਾਏ ਸਾਨੂੰ ਇਹ ਸੋਚ ਲੈਣਾ ਚਾਹੀਦਾ ਹੈ ਕਿ ਇਹ ਘੜੀਆਂ ਸਾਡੇ ਜੀਵਨ ਦੀਆਂ ਵਧੀਆ ਘੜੀਆਂ ਹਨ ਅਤੇ ਇਨ੍ਹਾਂ ਘੜੀਆਂ ਵਿੱਚ ਹੀ ਕੀਤੇ ਕੰਮ ਸਾਡੀ ਸਾਖ ਬਣਾਉਣਗੇ ਜਿਨ੍ਹਾਂ ਕਾਰਨ ਅਸੀਂ ਮਰਨ ਉਪ੍ਰੰਤ ਵੀ ਜਿਊਂਦੇ ਰਵਾਂਗੇ। ਅਸੀਂ ਮਰਨ ਉਪ੍ਰੰਤ ਵੀ ਜਿਊਂਦੇ ਰਹਿਣ ਦਾ ਯਤਨ ਕਰ ਸਕਦੇ ਹਾਂ। ਮਰਨ ਉਪਰੰਤ ਲੋਕਾਂ ਦੇ ਮਨਾਂ ਅੰਦਰ ਜਿਊਣਾ ਸਦੀਆਂ ਤੱਕ ਕਾਇਮ ਰਹਿ ਸਕਦਾ ਹੈ।

## ਆਪਣੇ ਕੀਤੇ ਕਰਮਾਂ ਦਾ ਜਵਾਬ ਦੇਣਾ ਪੈਂਦਾ ਹੈ

ਕੋਈ ਆਖੇ ਕਿ ਮੈਂ ਜੋ ਕੁਝ ਵੀ ਕਰ ਰਿਹਾ ਹਾਂ, ਬਾਕੀ ਲੋਕਾਂ ਤੋਂ ਚੋਰੀ ਕਰ ਰਿਹਾ ਹਾਂ। ਮੈਨੂੰ ਕੋਈ ਵੀ ਦੇਖ ਨਹੀਂ ਰਿਹਾ। ਮੇਰਾ ਕੀਤਾ ਪਾਪ ਛੁੱਪ ਗਿਆ ਹੈ। ਮੈਨੂੰ ਕੋਈ ਵੀ ਸਜ਼ਾ ਨਹੀਂ ਦੇ ਸਕਦਾ। ਅਗਰ ਸਾਡੀ ਸੋਚ ਐਸੀ ਬਣ ਗਈ ਹੈ ਤਾਂ ਅਸੀਂ ਗਲਤ ਹਾਂ। ਰੱਬ ਜਿਸ ਨੇ ਸਾਨੂੰ ਪੈਦਾ ਕੀਤਾ ਹੈ, ਉਹ ਹਰ ਥਾਂ ਹਾਜ਼ਰ ਹੈ। ਉਹ ਕਿਧਰੇ ਵੀ ਗ਼ੈਰ ਹਾਜ਼ਰ ਨਹੀਂ ਹੁੰਦਾ। ਸਾਡਾ ਕੋਈ ਵੀ ਕਾਰਜ ਉਸ ਪਾਸੋਂ ਛੁਪਿਆ ਨਹੀਂ ਰਹਿੰਦਾ। ਅਸੀਂ ਜੋ ਕੁਝ ਆਪਣੇ ਮਨ ਅੰਦਰ ਸੋਚਦੇ ਹਾਂ, ਉਹ ਵੀ ਰੱਬ ਪਾਸੋਂ ਲੁਕਿਆ ਨਹੀਂ ਰਹਿੰਦਾ। ਅਰਥਾਤ ਰੱਬ ਸਾਡੇ ਚੰਗੇ ਕਰਮਾਂ ਕਰਕੇ, ਚੰਗੀ ਸੋਚ ਕਰਕੇ ਸਾਡੇ ਉੱਤੇ ਆਪਣੀਆਂ ਨਿਆਮਤਾਂ ਅਤੇ ਬਖ਼ਸ਼ਿਸ਼ਾਂ ਦੀ ਬਰਖਾ ਕਰਦਾ ਹੈ ਅਤੇ ਸਾਡੇ ਪਾਪਾਂ ਬਦਲੇ ਸਾਨੂੰ ਸਜ਼ਾ ਦਿੰਦਾ ਹੈ। ਹੁਣ ਇਸ ਗੱਲ ਦਾ ਨਿਰਣਾ ਅਸੀਂ ਆਪ ਕਰਨਾ ਹੈ ਕਿ ਅਸੀਂ ਰੱਬ ਦੀ ਕਰੋਪੀ ਤੋਂ ਬਚਣਾ ਹੈ ਜਾਂ ਰੱਬ ਵੱਲੋਂ ਦਿੱਤੀ ਜਾਂਦੀ ਸਜ਼ਾ ਭੁਗਤਣੀ ਹੈ। ਰੱਬ ਦਾ ਘਰ ਬਖ਼ਸ਼ਿਸ਼ਾਂ ਦਾ ਘਰ ਨਹੀਂ ਹੈ। ਅਸੀਂ ਆਪ ਹੀ ਬੁਰੇ ਕੰਮ ਕਰਨ ਤੋਂ ਗੁਰੇਜ਼ ਕਰਨਾ ਹੈ। ਅਸੀਂ ਆਪ ਹੀ ਫ਼ੈਸਲਾ ਕਰਨਾ ਹੈ ਕਿ ਰੱਬ ਹਰ ਥਾਂ ਹਾਜ਼ਰ ਹੈ। ਸਾਡੇ ਕੰਮਾਂ ਉੱਤੇ ਨਜ਼ਰ ਰੱਖੀ ਬੈਠਾ ਹੈ। ਅਸੀਂ ਉਸ ਦੀ ਨਜ਼ਰ ਤੋਂ ਛੁਪਾ ਕੇ ਕੁਝ ਵੀ ਨਹੀਂ ਕਰ ਸਕਦੇ ਅਤੇ ਅਗਰ ਅਸੀਂ ਇਹ ਪਰਵਾਨ ਕਰ

ਲੈਂਦੇ ਹਾਂ ਕਿ ਰੱਬ ਸਭਨੀ ਥਾਈਂ ਹਾਜ਼ਰ ਹੈ। ਸਾਡੇ ਉੱਤੇ ਨਜ਼ਰ ਰੱਖੀ ਬੈਠਾ ਹੈ ਤਾਂ ਸਮਝੋ ਅਸੀਂ ਸੁਧਰ ਜਾਵਾਂਗੇ। ਸਾਡੇ ਕਾਰਜ ਸਹੀ ਹੋਣ ਲੱਗ ਪੈਣਗੇ। ਸਾਡੀ ਸੋਚ ਸਹੀ ਹੋਣ ਲੱਗ ਪਵੇਗੀ। ਸਾਡੇ ਵਤੀਰੇ ਵਿੱਚ ਬਦਲਾਓ ਆਵੇਗਾ। ਅਸੀਂ ਦੁਨੀਆਂ ਦੇ ਬਿਹਤਰ ਅਤੇ ਵਧੀਆ ਇਨਸਾਨਾਂ ਦੀ ਸੂਚੀ ਵਿੱਚ ਆਪਣਾ ਨਾਮ ਲਿਖਵਾ ਸਕਾਂਗੇ। ਸਵੈ-ਸੁਧਾਈ ਦਾ ਇਸ ਤੋਂ ਵਧੀਆ ਤਰੀਕਾ ਹੋਰ ਕੋਈ ਨਹੀਂ ਹੈ।

## ਅਸੀਂ ਸਾਰੇ ਬਰਾਬਰ ਹਾਂ

ਅਸਾਂ ਸਾਰਿਆਂ ਦਾ ਸਰੋਤ ਇਕ ਹੀ ਹੈ। ਅਰਥਾਤ ਅਸੀਂ ਸਾਰੇ ਹੀ ਉਸ ਪ੍ਰਮਾਤਮਾ ਦੇ ਬਣਾਏ ਹੋਏ ਹਾਂ। ਉਹੀ ਸਾਡਾ ਘਾੜਾ ਹੈ। ਹਰੇਕ ਆਦਮੀ ਦੀ ਰਚਨਾ ਰੱਬ ਨੇ ਆਪ ਕੀਤੀ ਹੈ। ਅਗਰ ਐਸਾ ਹੈ ਤਾਂ ਅਸੀਂ ਰੱਬ ਦੀ ਕਰਨੀ ਉੱਤੇ ਕਿੰਤੂ ਪ੍ਰੰਤੂ ਕਰਨ ਵਾਲੇ ਕੌਣ ਹਾਂ। ਰੱਬ ਨੇ ਜਿਸ ਕਿਸੇ ਦੀ ਰਚਨਾ ਜੈਸੀ ਵੀ ਕੀਤੀ ਹੈ, ਸਾਨੂੰ ਪ੍ਰਵਾਨ ਕਰ ਲੈਣੀ ਚਾਹੀਦੀ ਹੈ। ਅਸੀਂ ਆਖੀਏ ਕਿ ਗੁਲਾਬ ਅਤੇ ਗੇਂਦੇ ਦੇ ਫੁੱਲਾਂ ਵਿੱਚੋਂ ਵੱਖ-ਵੱਖ ਖ਼ੁਸ਼ਬੂ ਕਿਉਂ ਆਉਂਦੀ ਹੈ ? ਅਸੀਂ ਆਖੀਏ ਕਿ ਗੁਲਾਬ ਦੇ ਫੁੱਲ ਦੀ ਬਣਤਰ ਰਾਤ ਕੀ ਰਾਣੀ ਫੁੱਲ ਵਰਗੀ ਕਿਉਂ ਨਹੀਂ ਹੈ ? ਅਸੀਂ ਆਖੀਏ ਇਹ ਔਰਤ ਕਿਉਂ ਹੈ, ਮਰਦ ਕਿਉਂ ਨਹੀਂ ਹੈ ? ਅਸੀਂ ਆਖੀਏ ਇਹ ਆਦਮੀ ਜ਼ਾਲਮ ਕਿਉਂ ਹੈ ? ਅਸੀਂ ਆਖੀਏ ਇਹ ਆਦਮੀ ਕਾਲਾ ਕਿਉਂ ਹੈ ? ਇਹ ਆਦਮੀ ਗੋਰਾ ਕਿਉਂ ਹੈ ? ਐਸੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ਇਹ ਸਾਰੇ ਲੋਕੀਂ ਰੱਬ ਦੇ ਕਾਰਖ਼ਾਨੇ ਵਿੱਚੋਂ ਬਣ ਕੇ ਆਏ ਹਨ। ਸਾਰੇ ਹੀ ਵਧੀਆ ਹਨ, ਕੋਈ ਘਟੀਆ ਨਹੀਂ ਹੈ। ਇਹ ਧਰਮ, ਜਾਤਾਂ ਆਦਿ ਅਸੀਂ ਮਨੁੱਖਾਂ ਨੇ ਆਪ ਬਣਾਈਆਂ ਹਨ। ਇਹ ਵੰਡੀਆਂ ਅਸੀਂ ਆਪ ਪਾਈਆਂ ਹਨ। ਇਹ ਵੰਡੀਆਂ ਰੱਬ ਨੇ ਨਹੀਂ ਪਾਈਆਂ। ਅਸੀਂ ਆਪ ਹੀ ਵੰਡੀਆਂ ਪਾਉਂਦੇ ਰਹੇ ਹਾਂ। ਕਿਸੇ ਉੱਤੇ ਦਿਆਲ ਹੁੰਦੇ ਰਹੇ ਹਾਂ। ਕਿਸੇ ਉੱਤੇ ਜ਼ੁਲਮ ਕਮਾਉਂਦੇ ਰਹੇ ਹਾਂ। ਕਿਸੇ ਨੂੰ ਪਿਆਰ ਕਰਦੇ ਰਹੇ ਹਾਂ। ਕਿਸੇ ਨਾਲ ਨਫ਼ਰਤਾਂ ਪਾਉਂਦੇ ਰਹੇ ਹਾਂ। ਜਦ ਦਾ ਮਨੁੱਖ ਬਣਿਆ ਹੈ ਵਿਤਕਰੇ ਖੜ੍ਹੇ ਕਰਦਾ ਰਿਹਾ ਹੈ। ਬਰਾਬਰਤਾ ਦੀਆਂ ਗੱਲਾਂ ਤਾਂ ਕਰਦਾ ਰਿਹਾ ਹੈ ਪਰ ਹਰ ਥਾਂ ਵਿਤਕਰੇ ਦੀ ਬਦਬੂ ਛੱਡਦਾ ਰਿਹਾ ਹੈ। ਧਰਮਾਂ ਦੀਆਂ ਵੰਡੀਆਂ ਪਾ ਕੇ ਮਨੁੱਖ ਦੂਜੇ ਧਰਮਾਂ ਦੇ ਲੋਕਾਂ ਦਾ ਲਹੂ ਪੀਂਦਾ ਰਿਹਾ ਹੈ। ਦੁਨੀਆਂ ਭਰ ਦਾ ਇਤਿਹਾਸ ਲਹੂ ਨਾਲ ਲਿਖਿਆ ਮਿਲਦਾ ਹੈ। ਬਹੁਤਾ ਜ਼ੁਲਮ ਧਰਮ ਦੇ ਨਾਮ ਉੱਤੇ ਹੁੰਦਾ ਰਿਹਾ ਹੈ ਅਤੇ ਇਹ ਜ਼ੁਲਮ ਅੱਜ ਵੀ ਜਾਰੀ ਹੈ। ਅੱਜ ਵੀ ਮਨੁੱਖ ਵੰਡਿਆ ਪਿਆ ਹੈ। ਬਰਾਬਰਤਾ ਕਿਧਰੇ ਦਿਖਾਈ ਨਹੀਂ ਦੇ ਰਹੀ। ਕਿਧਰੇ ਅਸੀਂ ਧਰਮਾਂ ਦੇ ਨਾਮ ਉੱਤੇ ਵੰਡੇ ਹੋਏ ਹਾਂ। ਕਿਧਰੇ ਦੇਸ਼ਾਂ ਦੇ ਨਾਮ ਉੱਤੇ ਵੰਡੀਆਂ ਪਈਆਂ ਹੋਈਆਂ ਹਨ। ਕਿਧਰੇ ਜਾਤੀ ਵੰਡ ਹੈ। ਕੋਈ ਉੱਚੀ ਜਾਤੀ ਦਾ ਬਣਿਆ ਫਿਰਦਾ ਹੈ ਅਤੇ ਕੋਈ ਨੀਵੀਂ ਜਾਤੀ ਦਾ ਹੋਣ ਕਾਰਨ ਘਟੀਆਪਨ ਦਾ ਸ਼ਿਕਾਰ ਹੋ ਕੇ ਰਹਿ ਗਿਆ ਹੈ। ਕੋਈ ਆਖਦਾ ਹੈ ਮੈਂ ਅਮੀਰ ਹਾਂ। ਮੈਂ ਗ਼ਰੀਬਾਂ ਨਾਲ ਕਿਉਂ ਮਿਲਾਂ। ਇਹ ਵੰਡੀਆਂ ਅਸੀਂ ਆਪ ਪਾਈਆਂ ਹਨ। ਇਸੇ ਕਰਕੇ ਅਸੀਂ ਦੁੱਖੀ ਹਾਂ। ਅਗਰ ਅਸੀਂ ਰੱਬ ਦਾ ਹੁਕਮ ਮੰਨ ਕੇ ਹਰੇਕ ਨੂੰ ਬਰਾਬਰ ਦਾ ਦਰਜਾ ਦੇ ਪਾਉਂਦੇ ਤਾਂ ਅੱਜ ਅਸੀਂ ਇਸ ਸੰਸਾਰ ਨੂੰ ਹੀ ਸਵਰਗ ਬਣਾ ਸਕਦੇ ਹਾਂ। ਉਹ ਕਿਹੜੀ ਨਿਆਮਤ ਹੈ ਜੋ ਇਸ ਦੁਨੀਆਂ ਵਿੱਚ ਨਹੀਂ ਹੈ। ਬੱਸ ਅਸੀਂ ਇੱਕ ਦੂਜੇ ਨੂੰ ਬਰਾਬਰ ਨਹੀਂ ਸਮਝਿਆ ਅਤੇ ਦੁੱਖ ਪਾਉਂਦੇ ਆ ਰਹੇ ਹਾਂ। ਸਾਰੀ ਮਨੁੱਖ ਜਾਤੀ ਹੀ ਦੁੱਖ ਪਾ ਰਹੀ ਹੈ।

## ਸਾਡਾ ਸਾਰਿਆਂ ਦਾ ਸਰੋਤ ਇਕ ਹੈ

ਅਸੀਂ ਜੋ ਮਰਜ਼ੀ ਹੀ ਬਣੇ ਫਿਰੀਏ, ਸਾਡ਼ਾ ਸਾਰਿਆਂ ਦਾ ਸਰੋਤ ਇਕ ਹੀ ਹੈ। ਅਸੀਂ ਇਕ ਤਰ੍ਹਾਂ ਨਾਲ ਆਪੋ ਵਿੱਚ ਰਿਸ਼ਤੇਦਾਰ ਹਾਂ। ਆਪੋ ਵਿੱਚ ਸੰਬੰਧੀ ਹਾਂ। ਕੋਈ ਵੀ ਪਰਾਇਆ ਨਹੀਂ ਹੈ। ਸਾਡੀਆਂ ਗ਼ਮੀਆਂ ਅਤੇ ਖ਼ੁਸ਼ੀਆਂ ਸਾਂਝੀਆਂ ਹਨ। ਮਨੁੱਖ ਦੀ ਬਨਾਵਟ ਇਕੋ ਤਰ੍ਹਾਂ ਦੀ ਹੈ। ਮਨੁੱਖੀ ਜ਼ਰੂਰਤਾਂ ਇਕੋ ਤਰ੍ਹਾਂ ਦੀਆਂ ਹਨ। ਮਨੁੱਖੀ ਸੋਚਾਂ ਇਕੋ ਤਰ੍ਹਾਂ ਦੀਆਂ ਹਨ। ਸਾਡੇ ਦੁੱਖ ਸਾਂਝੇ ਹਨ। ਸਾਡੇ ਸੁੱਖ ਸਾਂਝੇ ਹਨ। ਅਸੀਂ ਇਕੋ ਥਾਂ ਤੋਂ ਆਏ ਹਾਂ। ਇਹ ਜ਼ਿੰਦਗੀ ਦਾ ਸਫ਼ਰ ਪੂਰਾ ਕਰਕੇ ਅਸੀਂ ਉਸ ਥਾਂ ਵਾਪਿਸ ਜਾਣਾ ਹੈ। ਅਗਰ ਐਸਾ ਹੈ ਤਾਂ ਅਸੀਂ ਇਹ ਵੰਡੀਆਂ ਪਾ ਕੇ ਕਿਉਂ ਬੈਠੇ ਹਾਂ ? ਅਸੀਂ ਇਕੋ ਹੋ ਸਕਦੇ ਹਾਂ, ਅਗਰ ਇਹ ਦੁਨੀਆਂ ਦੀਆਂ ਵੰਡੀਆਂ ਖ਼ਤਮ ਹੋ ਜਾਣ। ਸਰਹੱਦਾਂ ਨਾ ਰਹਿਣ। ਫ਼ੌਜਾਂ ਖ਼ਤਮ ਹੋ ਜਾਣ, ਹਥਿਆਰ ਖ਼ਤਮ ਹੋ ਜਾਣ। ਫਿਰ ਸੁੱਖ ਹੀ ਸੁੱਖ ਹੈ। ਮਨੁੱਖ ਅਗਲੇ ਜਨਮਾਂ ਦੇ ਸੁੱਖ ਦੀ ਲਾਲਸਾ ਛੱਡ ਸਕਦਾ ਹੈ ਪਰ ਐਸਾ ਹੋ ਨਹੀਂ ਰਿਹਾ। ਮਨੁੱਖ ਨੂੰ ਵੰਡੀਆਂ ਪਾਉਣ ਦੀ ਆਦਤ ਪੈ ਗਈ ਹੈ। ਇਕ ਹੀ ਸਰੋਤ ਤੋਂ ਆਉਣ ਦੇ ਬਾਵਜੂਦ ਉਹ ਵੰਡੀਆਂ ਪਾਉਣ ਤੋਂ ਹਟਦਾ ਨਹੀਂ। ਵੰਡੀਆਂ ਪਾ ਕੇ ਫਿਰ ਵੰਡੀਆਂ ਕਾਇਮ ਰੱਖਣੀਆਂ ਪੈਂਦੀਆਂ ਹਨ। ਇਸ ਸੋਚ ਨੇ ਹੱਤਿਆ ਨੂੰ ਜਨਮ ਦਿੱਤਾ ਹੈ। ਲੋਕਾਂ ਦੇ ਕਤਲ ਕਰਨ ਦਾ ਸਿਲਸਿਲਾ ਸ਼ੁਰੂ ਹੋਇਆ ਹੈ। ਵੱਡਾ ਬਣਨ ਦੀ ਖ਼ਾਹਿਸ਼ ਪੈਦਾ ਹੋਈ ਹੈ ਅਤੇ ਅਸੀਂ ਐਸੀਆਂ ਵੰਡੀਆਂ ਪਾ ਬੈਠੇ ਹਾਂ ਜੋ ਹੁਣ ਕਦੀ ਵੀ ਖ਼ਤਮ ਨਹੀਂ ਹੋਣਗੀਆਂ, ਸਗੋਂ ਮਨੁੱਖ ਭੁਲਦਾ ਜਾ ਰਿਹਾ ਹੈ। ਹੁਣ ਤਾਂ ਮਨੁੱਖ ਉਸ ਸਰੋਤ ਨੂੰ ਵੀ ਭੁਲਦਾ ਜਾ ਰਿਹਾ ਹੈ ਜਿਥੋਂ ਉਹ ਆਇਆ ਹੈ। ਆਪੋ ਵਿੱਚ ਸਕਾ-ਸਾਕ ਹੋਣ ਦੇ ਬਾਵਜੂਦ ਅਸੀਂ ਮਤਰੇਇਆਂ ਵਾਲਾ ਸਲੂਕ ਕਰਨ ਲੱਗ ਪਏ ਹਾਂ। ਮਨੁੱਖ ਦੀ ਸੋਚ ਦਾ ਇਹ ਦੁਖਾਂਤ ਹੈ।

## ਦੂਜੇ ਧਰਮ ਦੇ ਨੁਕਸ ਨਾ ਕੱਢੋ

ਵੈਸੇ ਗਹੁ ਨਾਲ ਵਿਚਾਰ ਕਰੀਏ ਤਾਂ ਇਹ ਧਰਮਾਂ ਦੇ ਨਾਮ ਬਹੁਤ ਬਾਅਦ ਵਿੱਚ ਪਏ ਹਨ। ਪਹਿਲਾਂ ਪਹਿਲਾਂ ਧਰਮਾਂ ਦਾ ਨਾਮਕਰਨ ਨਹੀਂ ਸੀ ਹੋਇਆ। ਬਸ ਚੰਗੀਆਂ ਗੱਲਾਂ ਨੂੰ ਧਰਮ ਅਤੇ ਮਾੜੀਆਂ ਗੱਲਾਂ ਨੂੰ ਅਧਰਮ ਆਖਿਆ ਜਾਂਦਾ ਸੀ। ਲੋਕਾਂ ਨੂੰ ਕੋਈ ਮੁਸ਼ਕਲ ਨਹੀਂ ਸੀ। ਪਰ ਸਮਾਂ ਪਾ ਕੇ ਕੋਈ ਹਿੰਦੂ ਅਖਵਾਉਣ ਲੱਗ ਪਿਆ। ਕੋਈ ਆਪਣੇ ਆਪ ਨੂੰ ਮੁਸਲਮਾਨ ਆਖਣ ਲੱਗ ਪਿਆ। ਕੋਈ ਇਸਾਈ, ਕੋਈ ਸਿੱਖ ਤੇ ਕੋਈ ਬੋਧੀ ਬਣ ਬੈਠਾ ਅਤੇ ਨਤੀਜਾ ਸਾਡੇ ਸਾਹਮਣੇ ਹੈ। ਹਰ ਕੋਈ ਆਪਣੇ ਆਪਣੇ ਧਰਮ ਨਾਲ ਜੁੜ ਗਿਆ ਅਤੇ ਦੂਜਿਆਂ ਦੇ ਧਰਮ ਨੂੰ ਨੀਚਾ ਦਿਖਾਉਣ ਦਾ ਦੌਰ ਸ਼ੁਰੂ ਹੋਇਆ ਅਤੇ ਇਨ੍ਹਾਂ ਸਮਿਆਂ ਦਾ ਇਤਿਹਾਸ ਪੜ੍ਹ ਕੇ ਰੌਂਗਟੇ ਖੜੇ ਹੋ ਜਾਂਦੇ ਹਨ। ਇਕ ਧਰਮ ਦੇ ਲੋਕਾਂ ਨੇ ਦੂਜੇ ਧਰਮ ਦੇ ਲੋਕਾਂ ਉੱਤੇ ਹਰ ਤਰ੍ਹਾਂ ਦੇ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ। ਪੂਜਾ ਅਸਥਾਨ ਢਾਹੇ ਗਏ। ਆਪਣੇ ਪੂਜਾ ਅਸਥਾਨ ਬਣਾਏ ਗਏ। ਲੋਕਾਂ ਦਾ ਧਰਮ ਜਬਰਨ ਤਬਦੀਲ ਕੀਤਾ ਗਿਆ। ਅਸੀਂ ਦੂਰ ਨਾ ਪਏ ਜਾਈਏ, ਸਾਡੇ ਭਾਰਤ ਅੰਦਰ ਹੀ ਲੱਖਾਂ ਕਰੋੜਾਂ ਲੋਕਾਂ ਦਾ ਧਰਮ ਤਬਦੀਲ ਕੀਤਾ ਗਿਆ। ਕਈ ਥਾਈਂ ਸਾਡੇ ਧਾਰਮਿਕ ਅਸਥਾਨ ਢਾਹੇ ਗਏ। ਇਹਨਾਂ ਧਰਮਾਂ ਦੀ ਵੰਡ ਕਾਰਨ ਹੀ ਇਸ ਖਿੱਤੇ ਵਿਚ ਭਾਰਤ, ਪਾਕਿਸਤਾਨ ਅਤੇ ਬੰਗਲਾ ਦੇਸ਼ ਹੋਂਦ ਵਿਚ ਆਏ ਹਨ। ਜੰਗ ਅਤੇ ਵੰਡ ਹਾਲਾਂ ਵੀ ਜਾਰੀ ਹੈ। ਇਸ ਖਿੱਤੇ ਦੇ

ਲੋਕੀਂ ਧਰਮਾਂ ਦੀ ਵੰਡ ਕਾਰਨ ਆਰਾਮ ਅਤੇ ਸ਼ਾਂਤੀ ਨਾਲ ਨਹੀਂ ਰਹਿ ਰਹੇ ਹਨ। ਇਹ ਜੰਗ ਉਦੋਂ ਤਕ ਜਾਰੀ ਰਹੇਗੀ ਜਦੋਂ ਤਕ ਅਸੀਂ ਹਰੇਕ ਧਰਮ ਨੂੰ ਆਪਣੀ ਥਾਂ ਸਹੀ ਸਮਝ ਕੇ ਨਹੀਂ ਤੁਰਦੇ। ਪਰ ਅਸੀਂ ਦੇਖ ਰਹੇ ਹਾਂ ਕਿ ਧਰਮਾਂ ਦੀ ਜੰਗ ਅੱਜ ਵੀ ਜਾਰੀ ਹੈ ਅਤੇ ਜਿਉਂ ਜਿਉਂ ਪ੍ਰਸਾਰ ਦੇ ਢੰਗ ਤਰੀਕੇ ਨਵੇਂ ਆ ਰਹੇ ਹਨ ਇਹ ਜੰਗ ਹੋਰ ਵੀ ਤੇਜ਼ ਹੋ ਰਹੀ ਹੈ। ਅਸੀਂ ਅਗਰ ਸ਼ਾਂਤੀ ਨਾਲ ਰਹਿਣਾ ਚਾਹੁੰਦੇ ਹਾਂ ਤਾਂ ਧਰਮਾਂ ਦੀ ਇਹ ਜੰਗ ਬੰਦ ਕੀਤੀ ਜਾਣੀ ਚਾਹੀਦੀ ਹੈ।

## ਕੰਮ ਕਰਨ ਨਾਲ ਕੋਈ ਛੋਟਾ ਨਹੀਂ ਹੁੰਦਾ

ਅਸੀਂ ਸਾਰੇ ਜਾਣਦੇ ਹਾਂ ਕਿ ਕੰਮ ਕੋਈ ਛੋਟਾ ਨਹੀਂ ਹੁੰਦਾ। ਕੰਮ ਕੋਈ ਵੱਡਾ ਨਹੀਂ ਹੁੰਦਾ। ਕੰਮ ਵਧੀਆ ਢੰਗ ਨਾਲ ਕਰੋ ਤਾਂ ਕੰਮ ਵਧੀਆ ਹੋ ਜਾਂਦਾ ਹੈ। ਕੰਮ ਗ਼ਲਤ ਢੰਗ ਨਾਲ ਕਰੋ ਤਾਂ ਕੰਮ ਘਟੀਆ ਹੋ ਜਾਂਦਾ ਹੈ। ਕੰਮ ਘਟੀਆ ਨਹੀਂ ਬਲਕਿ ਉਹ ਲੋਕੀਂ ਘਟੀਆ ਹਨ ਜੋ ਕੰਮ ਵਧੀਆ ਢੰਗ ਨਾਲ ਨਹੀਂ ਕਰ ਸਕਦੇ। ਅਗਰ ਇਹ ਸੋਚ ਲੈ ਕੇ ਅਸੀਂ ਕਿਸੇ ਕੰਮ ਨੂੰ ਕਰਦੇ ਹਾਂ ਤਾਂ ਹਰ ਕੰਮ ਵਧੀਆ ਹੋ ਸਕਦਾ ਹੈ। ਸਾਡੇ ਮੁਲਕ ਦੇ ਲੱਖਾਂ ਨੌਜਵਾਨ ਸਿਰਫ਼ ਇਸ ਲਈ ਵਿਹਲੇ ਪਏ ਫਿਰਦੇ ਹਨ ਕਿ ਉਹ ਵਧੀਆ ਕੰਮ ਦੀ ਤਲਾਸ਼ ਕਰ ਰਹੇ ਹਨ। ਅਗਰ ਉਹ ਇਹ ਨੀਤੀਆਂ ਅਪਨਾ ਲੈਣ ਕਿ ਜੋ ਵੀ ਕੰਮ ਮਿਲੇਗਾ, ਉਹ ਕਰ ਲੈਣਗੇ, ਤਾਂ ਸਾਡੇ ਮੁਲਕ ਦੀ ਬੇਰੁਜ਼ਗਾਰੀ ਖ਼ਤਮ ਹੋ ਸਕਦੀ ਹੈ। ਅਸੀਂ ਦੂਰ ਨਾ ਪਏ ਜਾਈਏ। ਸਿਰਫ਼ ਪੰਜਾਬ ਅੰਦਰ ਹੀ ਲੱਖਾਂ ਨੌਜਵਾਨ ਉਤਰ ਪ੍ਰਦੇਸ਼, ਰਾਜਸਥਾਨ, ਬਿਹਾਰ ਆਦਿ ਵਿਚੋਂ ਆ ਕੇ ਰੁਜ਼ਗਾਰ ਉਤੇ ਲੱਗ ਗਏ ਹਨ ਅਤੇ ਚੰਗੀਆਂ ਰਕਮਾਂ ਕਮਾ ਕੇ ਘਰ ਭੇਜ ਰਹੇ ਹਨ ਅਤੇ ਦੂਜੇ ਪਾਸੇ ਪੰਜਾਬ ਦਾ ਨੌਜਵਾਨ ਵਿਹਲਾ ਪਿਆ ਫਿਰਦਾ ਹੈ ਅਤੇ ਕੁਝ ਨੌਜਵਾਨ ਤਾਂ ਸਮਾਜ ਵਿਰੋਧੀ ਕਾਰਵਾਈਆਂ ਵਿਚ ਵੀ ਸ਼ਰੀਕ ਹੋਣ ਲੱਗ ਪਏ ਹਨ। ਕੰਮ ਕਰਨਾ ਮਨੁੱਖ ਨੂੰ ਵੀ ਨਵੀਂ ਸੇਧ ਦਿੰਦਾ ਹੈ ਅਤੇ ਵਿਹਲਾ ਫਿਰਨ ਵਾਲਾ ਬੰਦਾ ਗੁਮਰਾਹ ਕੀਤਾ ਜਾ ਸਕਦਾ ਹੈ। ਇਹ ਗੱਲ ਸਾਨੂੰ ਸਾਰਿਆਂ ਨੂੰ ਧਿਆਨ ਵਿਚ ਰੱਖਣੀ ਚਾਹੀਦੀ ਹੈ।

## ਆਪਣੇ ਵਿਚਾਰਾਂ ਨੂੰ ਦਬਾਓ ਨਾ

ਹਰੇਕ ਆਦਮੀ ਦੇ ਮਨ ਅੰਦਰ ਵਿਚਾਰ ਬਣਦੇ ਰਹਿੰਦੇ ਹਨ। ਉਹ ਲੋਕਾਂ ਪਾਸੋਂ ਡਰਦਾ ਹੈ। ਲੋਕਾਂ ਨੂੰ ਬਹੁਤ ਲਾਇਕ ਸਮਝਦਾ ਹੈ। ਆਪਣੇ ਆਪ ਨੂੰ ਬਹੁਤ ਨਾਲਾਇਕ ਸਮਝਦਾ ਹੈ। ਐਸੀ ਧਾਰਨਾ ਗ਼ਲਤ ਹੈ। ਅਗਰ ਉਸਦੇ ਮਨ ਅੰਦਰ ਵਿਚਾਰ ਨੇ ਜਨਮ ਲੈ ਹੀ ਲਿਆ ਹੈ, ਤਾਂ ਇਹ ਕੁਦਰਤ ਦੀ ਦੇਣ ਹੈ ਅਤੇ ਕੁਦਰਤ ਦੀ ਇਸ ਦੇਣ ਨੂੰ ਅਣਗੌਲਿਆਂ ਨਹੀਂ ਕਰ ਦੇਣਾ ਚਾਹੀਦਾ। ਆਪਣੇ ਵਿਚਾਰ ਜਿਸ ਨਾਲ ਮਰਜ਼ੀ ਹੈ ਸਾਂਝੇ ਕਰ ਲਉ। ਹੋ ਸਕਦਾ ਹੈ ਉਹੀ ਆਦਮੀ ਤੁਹਾਨੂੰ ਉਤਸ਼ਾਹ ਦੇ ਦੇਵੇ ਅਤੇ ਫਿਰ ਤੁਸੀਂ ਉਸੇ ਵਿਚਾਰ ਨੂੰ ਹੋਰ ਲੋਕਾਂ ਤਕ ਵੀ ਪੁਚਾ ਸਕੋ। ਇਸ ਦੁਨੀਆਂ ਵਿਚ ਅਜੇ ਤਕ ਜਿਤਨੇ ਵੀ ਵਿਚਾਰ ਆਏ ਹਨ, ਉਹ ਬੰਦੇ ਵੀ ਸਾਡੇ ਵਰਗੇ ਹੀ ਸਨ। ਉਹ ਆਪਣੇ ਵਿਚਾਰ ਲੋਕਾਂ ਨਾਲ ਸਾਂਝੇ ਕਰਦੇ ਰਹੇ ਸਨ ਅਤੇ ਲੋਕਾਂ ਨੂੰ ਸਿਆਣਾ ਬਨਾਉਣ ਵਿਚ ਇਨ੍ਹਾਂ ਸਾਰੇ ਲੋਕਾਂ ਦਾ ਯੋਗਦਾਨ ਹੈ। ਇਹ ਸਾਰੀਆਂ ਪੁਸਤਕਾਂ ਅਤੇ ਗਰੰਥ ਇਕ ਦਿਨ ਵਿਚ ਹੀ ਹੋਂਦ ਵਿਚ ਨਹੀਂ ਆਏ। ਇਹ ਜੋ ਅੱਜ ਤੱਕ ਮਨੁੱਖ ਦੀ ਪ੍ਰਗਤੀ ਹੋਈ ਹੈ, ਇਹ ਵੀ ਇਕ ਦਿਨ ਵਿਚ

ਹੀ ਨਹੀਂ ਹੋਈ, ਬਲਕਿ ਇਸ ਦੀ ਚਾਲ ਸਦਾ ਹੀ ਧੀਮੀ ਰਹੀ ਹੈ। ਵਿਚਾਰ ਆਉਂਦੇ ਰਹੇ। ਵਿਚਾਰ ਬਦਲਦੇ ਰਹੇ। ਨਵੇਂ ਵਿਚਾਰਾਂ ਨੂੰ ਲੋਕੀਂ ਅਪਨਾਉਂਦੇ ਰਹੇ। ਇਹ ਪ੍ਰਗਤੀ ਅੱਜ ਵੀ ਜਾਰੀ ਹੈ ਅਤੇ ਅਸੀਂ ਇਸ ਪ੍ਰਗਤੀ ਵਿਚ ਸ਼ਰੀਕ ਹੋ ਸਕਦੇ ਹਾਂ।

## ਅਸਲ ਖ਼ੁਸ਼ੀ ਕਿਵੇਂ ਪ੍ਰਾਪਤ ਕਰੀਏ

ਮਨੁੱਖ ਇਕ ਐਸਾ ਪ੍ਰਾਣੀ ਹੈ ਜੋ ਹੱਸ ਸਕਦਾ ਹੈ। ਜਦੋਂ ਕੋਈ ਹੱਸਦਾ ਹੈ ਤਾਂ ਅਸੀਂ ਇਹ ਅੰਦਾਜ਼ਾ ਲਗਾਉਂਦੇ ਹਾਂ ਕਿ ਇਹ ਬੰਦਾ ਹੱਸ ਕੇ ਆਪਣੇ ਮਨ ਦੀ ਖ਼ੁਸ਼ੀ ਦਾ ਪ੍ਰਗਟਾਵਾ ਕਰ ਰਿਹਾ ਹੈ ਪਰ ਹੱਸਣਾ ਹਮੇਸ਼ਾ ਅਸਲ ਖ਼ੁਸ਼ੀ ਦਾ ਪ੍ਰਗਟਾਵਾ ਨਹੀਂ ਹੁੰਦਾ। ਕਈ ਵਾਰੀ ਇਹ ਮਨੁੱਖ ਬਨਾਵਟੀ ਹਾਸੀ ਵੀ ਹੱਸਦਾ ਹੈ। ਪਾਰਖੂ ਲੋਕੀਂ ਬਨਾਵਟੀ ਹਾਸੀ ਪਛਾਣ ਸਕਦੇ ਹਨ। ਕਈ ਵਾਰੀ ਬਨਾਵਟੀ ਹਾਸੀ ਹੱਸਣ ਵਾਲਾ ਬੰਦਾ ਇਉਂ ਦਿਖਦਾ ਹੈ ਜਿਵੇਂ ਮੁਰਦਾ ਹੱਸ ਰਿਹਾ ਹੁੰਦਾ ਹੈ। ਅਸਲ ਖ਼ੁਸ਼ੀ ਜਦੋਂ ਪ੍ਰਾਪਤ ਹੁੰਦੀ ਹੈ ਤਾਂ ਆਦਮੀ ਦਾ ਮੁਖੜਾ, ਉਸ ਦੀਆਂ ਅੱਖਾਂ ਅਤੇ ਚਿਹਰੇ ਦੀ ਝਲਕ ਕੁਝ ਨਿਰਾਲੀ ਜਿਹੀ ਹੋ ਕੇ ਪ੍ਰਗਟ ਹੁੰਦੀ ਹੈ। ਇਉਂ ਲੱਗਦਾ ਹੈ ਜਿਵੇਂ ਸਾਡਾ ਸਰੀਰ ਹੀ ਖ਼ੁਸ਼ੀ ਨਾਲ ਝੂਮ ਉਠਿਆ ਹੈ। ਮਨੁੱਖ ਐਸੇ ਖ਼ੁਸ਼ੀਆਂ ਦੇ ਮੌਕਿਆਂ ਦੀ ਭਾਲ ਵਿੱਚ ਰਹਿੰਦਾ ਹੈ ਅਰਥਾਤ ਮਨੁੱਖ ਦਾ ਸਾਰਾ ਸੰਘਰਸ਼ ਹੀ ਖ਼ੁਸ਼ੀਆਂ ਦੀ ਪ੍ਰਾਪਤੀ ਵਾਸਤੇ ਹੁੰਦਾ ਹੈ। ਹਰੇਕ ਆਦਮੀ ਦੀ ਖ਼ੁਸ਼ੀ ਦਾ ਸੰਕਲਪ ਵੱਖਰਾ ਹੁੰਦਾ ਹੈ। ਕੋਈ ਆਦਮੀ ਕਿਸੇ ਦੂਜੇ ਦਾ ਭਲਾ ਕਰਕੇ ਖ਼ੁਸ਼ ਹੋ ਉੱਠਦਾ ਹੈ। ਇਸ ਦੁਨੀਆਂ ਵਿੱਚ ਐਸੇ ਆਦਮੀਆਂ ਦੀ ਘਾਟ ਨਹੀਂ ਹੈ ਜੋ ਦੂਜਿਆਂ ਦਾ ਨੁਕਸਾਨ ਕਰਕੇ ਮਜ਼ਾ ਲੈਂਦੇ ਹਨ। ਕੋਈ ਨਿੱਕੀ ਜਿਹੀ ਪ੍ਰਾਪਤੀ ਉੱਤੇ ਖ਼ੁਸ਼ ਹੋ ਉੱਠਦਾ ਹੈ ਅਤੇ ਕਈਆਂ ਨੂੰ ਵੱਡੀਆਂ-ਵੱਡੀਆਂ ਪ੍ਰਾਪਤੀਆਂ ਵੀ ਖ਼ੁਸ਼ ਨਹੀਂ ਕਰ ਸਕਦੀਆਂ। ਹਰੇਕ ਨੇ ਆਪਣੇ ਬਾਰੇ ਆਪ ਨਿਰਣਾ ਕਰਨਾ ਹੈ ਅਤੇ ਆਪਣੇ ਮਨ ਦਾ ਆਪ ਅਧਿਐਨ ਕਰਨਾ ਹੈ। ਸੱਚੀ ਖ਼ੁਸ਼ੀ ਉਹ ਹੈ ਜੋ ਅਸੀਂ ਆਪਣੀ ਮਿਹਨਤ ਨਾਲ ਪ੍ਰਾਪਤ ਕੀਤੀ ਹੈ, ਕਿਸੇ ਦਾ ਨੁਕਸਾਨ ਨਹੀਂ ਕੀਤਾ। ਸੱਚੀ ਖ਼ੁਸ਼ੀ ਉਹ ਹੁੰਦੀ ਹੈ ਜਿਸ ਵਿੱਚ ਹੋਰ ਵੀ ਬਹੁਤ ਸਾਰੇ ਲੋਕੀਂ ਸ਼ਰੀਕ ਹੋ ਸਕਣ। ਉਹ ਵੀ ਸਾਡੀਆਂ ਪ੍ਰਾਪਤੀਆਂ ਲਈ ਵਾਹ-ਵਾਹ ਕਰਨ ਅਤੇ ਕਿਸੇ ਦੇ ਮਨ ਅੰਦਰ ਈਰਖਾ ਪੈਦਾ ਨਾ ਹੋਵੇ। ਅਸੀਂ ਆਪਣੀ ਹਰ ਜੱਦੋ-ਜਹਿਦ ਨੂੰ ਇਕ ਖਾਸ ਸੇਧ ਦੇਣੀ ਹੈ ਤਾਂ ਕਿ ਅਸੀਂ ਕੁਝ ਪ੍ਰਾਪਤ ਕਰ ਸਕੀਏ ਅਤੇ ਸੰਤੁਸ਼ਟ ਹੋ ਸਕੀਏ। ਐਸੇ ਕੰਮਾਂ ਵੱਲ ਧਿਆਨ ਘੱਟ ਦੇਣਾ ਚਾਹੀਦਾ ਹੈ ਜਿਨ੍ਹਾਂ ਵਿੱਚ ਅਸੀਂ ਵਾਰ-ਵਾਰ ਹਾਰ ਜਾਂਦੇ ਹਾਂ ਅਤੇ ਇਹ ਹਾਰਾਂ ਸਾਡੇ ਮਨ ਨੂੰ ਉਦਾਸ ਕਰਦੀਆਂ ਹੋਣ। ਨਿੱਕੀਆਂ-ਨਿੱਕੀਆਂ ਗੱਲਾਂ ਅੰਦਰੋਂ ਕਾਮਯਾਬੀ ਦਾ ਆਨੰਦ ਮਾਣਿਆ ਜਾ ਸਕਦਾ ਹੈ ਅਤੇ ਅਸੀਂ ਆਪਣੀਆਂ ਸੰਭਾਵਨਾਵਾਂ ਅਨੁਸਾਰ ਆਪਣੇ ਟੀਚੇ ਮਿੱਥਣੇ ਹਨ ਅਤੇ ਕਾਮਯਾਬੀਆਂ ਹਾਸਲ ਕਰਕੇ ਖ਼ੁਸ਼ੀ ਪ੍ਰਾਪਤ ਕਰਨੀ ਹੈ।

## ਗਿਆਨ ਪ੍ਰਾਪਤ ਕਰਦੇ ਰਹੋ

ਗਿਆਨ ਪ੍ਰਾਪਤ ਕਰਨ ਦਾ ਯਤਨ ਕਦੀ ਵੀ ਬੰਦ ਨਹੀਂ ਹੋਣਾ ਚਾਹੀਦਾ। ਗਿਆਨ ਬਗ਼ੈਰ ਆਦਮੀ ਜਾਨਵਰ ਹੀ ਰਹਿ ਜਾਂਦਾ ਹੈ। ਗਿਆਨ ਇੱਕ ਐਸਾ ਭੰਡਾਰ ਹੈ ਜੋ ਕਦੀ ਖ਼ਤਮ ਨਹੀਂ ਹੁੰਦਾ ਅਤੇ ਕੋਈ ਵੀ ਬੰਦਾ ਇਹ ਫੜ੍ਹ ਨਹੀਂ ਮਾਰ ਸਕਦਾ ਕਿ ਉਸ ਨੇ ਸੰਪੂਰਨ ਗਿਆਨ ਪ੍ਰਾਪਤ ਕਰ ਲਿਆ ਹੈ ਅਤੇ ਹੁਣ ਕੁਝ ਵੀ ਐਸਾ ਬਕਾਇਆ ਨਹੀਂ ਰਿਹਾ ਜੋ

ਉਹ ਨਾ ਜਾਣਦਾ ਹੋਵੇ। ਅਸੀਂ ਸਿਆਣਿਆਂ ਪਾਸੋਂ ਵੀ ਸਿੱਖ ਸਕਦੇ ਹਾਂ ਅਤੇ ਮੂਰਖ ਤੋਂ ਮੂਰਖ ਆਦਮੀ ਪਾਸੋਂ ਵੀ ਅਸੀਂ ਇਹ ਸਿੱਖ ਸਕਦੇ ਹਾਂ ਕਿ ਇਹ ਜਿਨ੍ਹਾਂ ਗੱਲਾਂ ਕਾਰਨ ਮੂਰਖ ਗਰਦਾਨਿਆ ਗਿਆ ਹੈ, ਉਹ ਗੱਲਾਂ ਸਾਨੂੰ ਨਹੀਂ ਕਰਨੀਆਂ ਚਾਹੀਦੀਆਂ। ਅਗਰ ਗਿਆਨ ਹਾਸਲ ਕਰਨ ਦਾ ਸਿਲਸਿਲਾ ਅਸੀਂ ਜਾਰੀ ਕਰ ਲੈਂਦੇ ਹਾਂ ਤਾਂ ਹੋਰ ਦਾ ਹੋਰ ਗਿਆਨ ਪ੍ਰਾਪਤ ਕਰਨਾ ਸਾਡਾ ਸ਼ੌਕ ਬਣ ਜਾਵੇਗਾ ਅਤੇ ਅਸੀਂ ਹਰ ਬੰਦੇ ਪਾਸੋਂ, ਹਰ ਘਟਨਾ 'ਚੋਂ, ਹਰ ਪੁਸਤਕ 'ਚੋਂ, ਹਰ ਫ਼ਿਲਮ ਵਿੱਚੋਂ ਕੁਝ ਨਾ ਕੁਝ ਸਿੱਖਦੇ ਰਵਾਂਗੇ। ਇਸ ਦੁਨੀਆਂ ਦਾ ਹਰੇਕ ਆਦਮੀ ਰੱਬ ਨੇ ਇਕ ਵੱਖਰੀ ਹੋਂਦ ਬਣਾ ਕੇ ਸਾਡੇ ਸਾਹਮਣੇ ਪੇਸ਼ ਕੀਤਾ ਹੈ। ਇਸ ਪਾਸ ਬਹੁਤ ਸਾਰੇ ਗੁਣ ਹਨ ਜੋ ਅਸੀਂ ਪ੍ਰਾਪਤ ਕਰ ਸਕਦੇ ਹਾਂ। ਇਸ ਪਾਸ ਬਹੁਤ ਕੁਝ ਹੈ ਜੋ ਅਸੀਂ ਸਿੱਖ ਸਕਦੇ ਹਾਂ। ਇਸ ਦੀ ਹਰ ਸੋਚ ਨਿਰਾਲੀ ਹੈ ਅਤੇ ਅਸੀਂ ਉਸ ਦਾ ਲਾਭ ਉਠਾ ਸਕਦੇ ਹਾਂ। ਇਹ ਬੰਦਾ ਆਪਣਾ ਗਿਆਨ ਸਾਡੇ ਨਾਲ ਸਾਂਝਾ ਕਰਨ ਲਈ ਉਤਾਵਲਾ ਹੈ। ਜਦੋਂ ਇਸ ਦੀ ਗੱਲ ਕੋਈ ਸੁਣਦਾ ਨਹੀਂ ਤਾਂ ਇਹ ਕਿਸੇ ਨਾ ਕਿਸੇ ਢੰਗ ਨਾਲ ਆਪਣਾ ਗਿਆਨ ਪ੍ਰਗਟ ਕਰਨ ਦੀ ਕੋਸ਼ਿਸ ਕਰਦਾ ਹੈ। ਅਸੀਂ ਕਿਸੇ ਦਾ ਮੂੰਹ ਬੰਦ ਕਰਨ ਦੀ ਬਜਾਏ ਉਸ ਨੂੰ ਸੁਣ ਲਈਏ ਤਾਂ ਸਾਡੇ ਲਈ ਗਿਆਨ ਪ੍ਰਾਪਤੀ ਦੇ ਮੌਕੇ ਵੱਧਦੇ ਰਹਿਣਗੇ।

## ਗਿਆਨਵਾਨ ਨੂੰ ਅਹੰਕਾਰ ਨਹੀਂ ਹੋਣਾ ਚਾਹੀਦਾ

ਗਿਆਨ ਪ੍ਰਾਪਤ ਕਰਨਾ ਹਰ ਮਨੁੱਖ ਦਾ ਜਮਾਂਦਰੂ ਹੱਕ ਹੈ ਸਾਡੇ ਪਾਸ ਜੋ ਗਿਆਨ ਆ ਗਿਆ ਹੈ ਇਹ ਸਾਡੇ ਤੱਕ ਹੀ ਸੀਮਤ ਨਹੀਂ ਹੋਣਾ ਚਾਹੀਦਾ। ਅਸੀਂ ਇਹ ਗਿਆਨ ਦੂਜਿਆਂ ਤੱਕ ਵੀ ਵੰਡਣਾ ਹੈ। ਅਰਥਾਤ ਸਾਡਾ ਗਿਆਨ ਕਲਿਆਣਕਾਰੀ ਹੋਣਾ ਚਾਹੀਦਾ ਹੈ। ਗਿਆਨ ਕਾਰਨ ਜਿਸ ਆਦਮੀ ਅੰਦਰ ਅਹੰਕਾਰ ਆ ਜਾਂਦਾ ਹੈ ਉਹ ਆਦਮੀ ਨਕਾਰਾ ਹੋ ਜਾਂਦਾ ਹੈ। ਬਾਅਦ ਵਿਚ ਮਨੁੱਖ ਸ਼ਾਂਤ ਹੋ ਜਾਂਦਾ ਹੈ, ਉਸ ਨੂੰ ਪਤਾ ਲੱਗ ਜਾਂਦਾ ਹੈ ਕਿ ਰੱਬ ਨੇ ਜੋ ਇਹ ਕਾਇਨਾਤ ਰਚੀ ਹੈ, ਉਸ ਦਾ ਉਹ ਇਕ ਤੁੱਛ ਜਿਹਾ ਹਿੱਸਾ ਹੈ ਅਤੇ ਰੱਬ ਦੀ ਰਚੀ ਕਾਇਨਾਤ ਦਾ ਉਸ ਨੂੰ ਪੂਰਾ ਪਤਾ ਲਗਾਉਣ ਲਈ ਕਈ ਜਨਮ ਲੈਣ ਦੀ ਜ਼ਰੂਰਤ ਹੈ ਅਤੇ ਫਿਰ ਵੀ ਹੋ ਸਕਦਾ ਹੈ ਉਸ ਦੇ ਪੱਲੇ ਕੁਝ ਨਾ ਪਵੇ। ਜੋ ਆਦਮੀ ਅਹੰਕਾਰੀ ਹੈ, ਉਹ ਗਿਆਨਵਾਨ ਨਹੀਂ ਹੋ ਸਕਦਾ। ਗਿਆਨ ਅਤੇ ਅਹੰਕਾਰ ਦਾ ਆਪੋ ਵਿੱਚ ਵੈਰ ਹੈ। ਦੋਨੋਂ ਗੁਣ ਇਕੋ ਆਦਮੀ ਵਿੱਚ ਪੈਦਾ ਨਹੀਂ ਹੋ ਸਕਦੇ। ਜੋ ਲੋਕੀਂ ਆਪਣੇ ਆਪ ਨੂੰ ਬੁੱਧੀਜੀਵੀ ਸਮਝਦੇ ਹਨ ਉਹ ਅਗਿਆਨੀ ਹਨ। ਆਪਣੇ ਆਪ ਨੂੰ ਤਾਂ ਹਮੇਸ਼ਾ ਅੱਧਵਾਟੇ ਖਲੋਤਾ ਹੀ ਸਮਝਣਾ ਚਾਹੀਦਾ ਹੈ। ਅਗਰ ਅਸੀਂ ਐਸੀ ਸੋਚ ਅਪਣਾ ਲੈਂਦੇ ਹਾਂ ਤਾਂ ਹੀ ਗਿਆਨ ਪ੍ਰਾਪਤੀ ਦਾ ਸਿਲਸਿਲਾ ਜਾਰੀ ਰਹਿ ਸਕਦਾ ਹੈ। ਵਰਨਾ ਗਿਆਨ ਪ੍ਰਾਪਤੀ ਦੀ ਪ੍ਰਕ੍ਰਿਆ ਰੁਕ ਜਾਂਦੀ ਹੈ।

## ਮਰਨ ਬਾਅਦ ਜਿਊਣਾ

ਜੋ ਆਦਮੀ ਚੰਗੇ ਕੰਮ ਕਰ ਜਾਂਦਾ ਹੈ, ਜਿਸ ਨੇ ਲੋਕਾਂ ਦੀ ਭਲਾਈ ਕੀਤੀ ਹੁੰਦੀ ਹੈ, ਉਹ ਕਦੀ ਮਰਦਾ ਨਹੀਂ ਹੈ, ਅਮਰ ਹੋ ਜਾਂਦਾ ਹੈ। ਇਹ ਉਮਰ ਜੋ ਅਸੀਂ ਸਰੀਰਕ ਤੌਰ 'ਤੇ ਜਿਊਂਦੇ ਹਾਂ ਇਹ ਬਹੁਤ ਛੋਟੀ ਉਮਰ ਹੈ। ਪਰ ਇਹ ਭੌਤਿਕ ਸਰੀਰ ਤਿਆਗਣ ਬਾਅਦ

ਲੋਕਾਂ ਦੇ ਦਿਲਾਂ ਵਿੱਚ ਯਾਦ ਵਜੋਂ ਜੋ ਉਮਰ ਬਣ ਜਾਂਦੀ ਹੈ ਉਹ ਉਮਰ ਬਹੁਤ ਹੀ ਵੱਡੀ ਹੁੰਦੀ ਹੈ। ਉਸ ਉਮਰ ਨੂੰ ਦਿਨਾਂ, ਹਫ਼ਤਿਆਂ, ਮਹੀਨਿਆਂ, ਸਾਲਾਂ, ਸਦੀਆਂ ਜਾਂ ਯੁੱਗਾਂ ਵਿੱਚ ਨਹੀਂ ਗਿਣਿਆ ਜਾ ਸਕਦਾ। ਦੁਨੀਆਂ ਦੀਆਂ ਮਹਾਨ ਹਸਤੀਆਂ ਇਤਿਹਾਸ ਅਤੇ ਮਿਥਿਹਾਸ ਵਿੱਚ ਕਿਧਰੇ ਗੁੰਮ ਨਹੀਂ ਹੋਈਆਂ, ਬਲਕਿ ਯੁੱਗਾਂ ਦਾ ਸਮਾਂ ਕੱਟ ਜਾਣ ਬਾਅਦ ਵੀ ਲੋਕੀਂ ਉਨ੍ਹਾਂ ਨੂੰ ਯਾਦ ਕਰਦੇ ਆ ਰਹੇ ਹਨ ਅਤੇ ਉਨ੍ਹਾਂ ਵਲੋਂ ਦਿੱਤੀ ਸਿੱਖਿਆ ਉੱਤੇ ਚੱਲਣ ਦਾ ਯਤਨ ਕਰ ਰਹੇ ਹਨ। ਮਰਨ ਉਪਰੰਤ ਜ਼ਿੰਦਗੀ ਜਿਊਣ ਦਾ ਸੁਭਾਗ ਬਹੁਤ ਘੱਟ ਲੋਕਾਂ ਦੇ ਨਸੀਬ ਹੁੰਦਾ ਹੈ ਪਰ ਐਸਾ ਅਮਰ ਹੋਣਾ ਸਿਰਫ਼ ਅਮੀਰਾਂ ਜਾਂ ਬਾਦਸ਼ਾਹਾਂ ਦੀ ਕਿਸਮ ਵਿੱਚ ਨਹੀਂ ਹੁੰਦਾ ਬਲਕਿ ਕੋਈ ਆਮ ਆਦਮੀ ਵੀ ਆਪਣੀਆਂ ਕੀਤੀਆਂ ਕਰਕੇ ਵੱਡਾ ਹੋ ਉਭਰਦਾ ਹੈ। ਇਤਿਹਾਸ ਵਿੱਚ ਐਸੇ ਲੋਕਾਂ ਬਾਰੇ ਜਾਣਕਾਰੀ ਮਿਲਦੀ ਹੈ ਜੋ ਸਾਰੀ ਉਮਰ ਘਾਲਣਾ ਹੀ ਘਾਲਦੇ ਰਹੇ ਹਨ ਅਤੇ ਉਨ੍ਹਾਂ ਇਕ ਦਿਨ ਵੀ ਸੁੱਖ ਦਾ ਨਹੀਂ ਭੋਗਿਆ, ਪਰ ਅੱਜ ਉਨ੍ਹਾਂ ਦੀਆਂ ਜੀਵਨ ਘਾਲਣਾਂ ਸਾਡੇ ਲਈ ਚਾਨਣ-ਮੁਨਾਰਾ ਬਣ ਉਭਰੀਆਂ ਹਨ। ਸੋ ਅਸੀਂ ਅਗਰ ਵਧੀਆ ਇਨਸਾਨ ਬਣਨਾ ਹੈ ਤਾਂ ਉਸ ਦੀ ਪਰਖ ਇਹੀ ਹੋਵੇਗੀ ਕਿ ਅਸੀਂ ਭੌਤਿਕ ਸਰੀਰ ਛੱਡਣ ਬਾਅਦ, ਲੋਕਾਂ ਦੇ ਮਨਾਂ ਅੰਦਰ ਕਿਤਨਾ ਚਿਰ ਜਿਊਂਦੇ ਹਾਂ ?

## ਕ੍ਰਿਤ ਕਰਨ ਦਾ ਸਿਲਸਿਲਾ ਜਾਰੀ ਕਰੋ

ਕ੍ਰਿਤ ਕਰਕੇ ਆਪਣਾ ਅਤੇ ਆਪਣੇ ਪਰਿਵਾਰ ਦਾ ਗੁਜ਼ਾਰਾ ਆਪ ਕਰੋ। ਅਰਥਾਤ ਅਸੀਂ ਕਿਸੇ ਉੱਤੇ ਨਿਰਭਰ ਨਹੀਂ ਹੋਣੇ ਚਾਹੀਦੇ। ਜੋ ਆਦਮੀ ਦੂਜਿਆਂ ਉੱਤੇ ਨਿਰਭਰ ਹੋਵੇਗਾ ਉਹ ਸਵੈਮਾਣ ਖੋਹ ਬੈਠਦਾ ਹੈ। ਉਸ ਦਾ ਸਵੈ-ਵਿਸ਼ਵਾਸ ਵੀ ਜਾਂਦਾ ਰਹਿੰਦਾ ਹੈ, ਉਹ ਘਟੀਆਪਣ ਦਾ ਸ਼ਿਕਾਰ ਹੋ ਜਾਂਦਾ ਹੈ। ਰੱਬ ਨੇ ਸਾਨੂੰ ਸਾਬਤ ਸਬੂਤ ਬਣਾ ਕੇ ਭੇਜਿਆ ਹੈ। ਇਹ ਸਾਰੇ ਅੰਗ ਗਤੀਸ਼ੀਲਤਾ ਪਸੰਦ ਹਨ। ਅਗਰ ਅਸੀਂ ਆਪਣੇ ਅੰਗਾਂ ਦੀ ਵਰਤੋਂ ਨਹੀਂ ਕਰਦੇ ਤਾਂ ਇਹ ਅੰਗ ਖੜੋਤ ਦਾ ਸ਼ਿਕਾਰ ਹੋ ਜਾਂਦੇ ਹਨ, ਨਕਾਰਾ ਹੋ ਜਾਂਦੇ ਹਨ, ਸ਼ਕਤੀ ਗਵਾ ਬੈਠਦੇ ਹਨ। ਇਸ ਲਈ ਅੰਗਾਂ ਦੀ ਵਰਤੋਂ ਕਰਦੇ ਰਹਿਣਾ ਚਾਹੀਦਾ ਹੈ। ਮੰਨ ਲਿਆ ਅਸੀਂ ਬਹੁਤ ਹੀ ਅਮੀਰ ਪਰਿਵਾਰ ਵਿੱਚ ਜਨਮ ਲੈ ਕੇ ਆਏ ਹਾਂ। ਸਾਡੇ ਪਾਸ ਦਾਦੇ-ਪੜਦਾਦਿਆਂ ਦੀ ਢੇਰ ਸਾਰੀ ਜਾਇਦਾਦ ਹੈ ਪਰ ਫਿਰ ਵੀ ਅਗਰ ਅਸੀਂ ਆਪਣੇ ਅੰਗਾਂ ਦੀ ਵਰਤੋਂ ਨਹੀਂ ਕਰਦੇ ਤਾਂ ਅਸੀਂ ਇਸ ਸਰੀਰ ਨੂੰ ਖ਼ਰਾਬ ਕਰ ਲਵਾਂਗੇ। ਕਈ ਕਿਸਮ ਦੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਜਾਵਾਂਗੇ। ਇਸ ਸਰੀਰ ਵਿੱਚ ਖ਼ੁਰਾਕ ਨਾਲ ਜੋ ਸ਼ਕਤੀ ਪ੍ਰਾਪਤ ਹੁੰਦੀ ਹੈ, ਉਸ ਸ਼ਕਤੀ ਦਾ ਪ੍ਰਯੋਗ ਵੀ ਲਾਜ਼ਮੀ ਹੈ। ਅਗਰ ਉਹ ਸ਼ਕਤੀ ਖ਼ਰਚ ਨਹੀਂ ਕੀਤੀ ਜਾਂਦੀ, ਅੰਦਰ ਹੀ ਰਹਿੰਦੀ ਹੈ ਤਾਂ ਬਿਮਾਰੀਆਂ ਦਾ ਘਰ ਬਣ ਜਾਂਦੀ ਹੈ। ਸੋ ਇਸ ਸਰੀਰ ਦੀ ਵਰਤੋਂ ਲਾਜ਼ਮੀ ਹੈ। ਆਦਮੀ ਦੀ ਕਮਾਈ 'ਚੋਂ ਉਸ ਦੇ ਪਸੀਨੇ ਦੀ ਖ਼ੁਸ਼ਬੂ ਆਉਣੀ ਚਾਹੀਦੀ ਹੈ। ਜੋ ਆਦਮੀ ਕ੍ਰਿਤ ਕਰਦਾ ਹੈ ਅਤੇ ਆਪ ਕਮਾਉਂਦਾ ਹੈ ਉਸ ਨੂੰ ਪੈਸੇ ਦੀ ਕਦਰ ਹੁੰਦੀ ਹੈ। ਉਹ ਬੜੇ ਮਾਣ ਨਾਲ ਆਖ ਸਕਦਾ ਹੈ ਕਿ ਮੈਂ ਇਕ-ਇਕ ਪੈਸਾ ਆਪ ਕਮਾਇਆ ਹੈ ਅਤੇ ਮੈਂ ਆਪਣਾ ਜੀਵਨ ਆਪ ਬਣਾਇਆ ਹੈ। ਕ੍ਰਿਤੀ ਆਦਮੀ ਹਮੇਸ਼ਾ ਸਿਰ ਉੱਚਾ ਕਰਕੇ ਤੁਰਨ ਯੋਗ ਹੁੰਦਾ ਹੈ।

## ਦੂਜਿਆਂ ਦਾ ਹੱਕ ਨਾ ਮਾਰੋ

ਅਸੀਂ ਇਸ ਦੁਨੀਆਂ ਵਿੱਚ ਆਏ ਹਾਂ ਅਤੇ ਇਹ ਵੀ ਇਕ ਸੱਚ ਹੈ ਕਿ ਪਰਮ ਪਿਤਾ ਪ੍ਰਮਾਤਮਾ ਨੇ ਸਾਡੇ ਹਿੱਸੇ ਦੀਆਂ ਨਿਆਮਤਾਂ ਇਸ ਦੁਨੀਆਂ ਵਿੱਚ ਉਸੇ ਵਕਤ ਭੇਜ ਦਿੱਤੀਆਂ ਸਨ। ਰੱਬ ਨੇ ਇਹ ਗੱਲ ਸਾਡੇ ਉੱਤੇ ਛੱਡ ਦਿੱਤੀ ਹੈ ਕਿ ਅਸੀਂ ਆਪਣੇ ਹਿੱਸੇ ਦੀਆਂ ਨਿਆਮਤਾਂ ਦੀ ਸ਼ਨਾਖ਼ਤ ਕਰੀਏ ਅਤੇ ਉਨ੍ਹਾਂ ਨੂੰ ਲੱਭ ਕੇ ਆਪਣੇ ਭਲੇ ਲਈ ਵਰਤ ਲਈਏ। ਇਸ ਦੁਨੀਆਂ ਵਿੱਚ ਇਕ ਮੁਕਾਬਲਾ ਚੱਲ ਪਿਆ ਹੈ। ਹਰ ਕੋਈ ਦੂਜੇ ਤੋਂ ਅੱਗੇ ਲੰਘਣ ਲਈ ਦੌੜ ਰਿਹਾ ਹੈ। ਅਸੀਂ ਵੀ ਇਸ ਦੌੜ ਵਿੱਚ ਸ਼ਾਮਲ ਹਾਂ। ਆਪਣੇ ਹਿੱਸੇ ਦੀਆਂ ਨਿਆਮਤਾਂ ਲੱਭਣਾ ਸਾਡਾ ਆਪਣਾ ਕੰਮ ਹੈ। ਕਿਸੇ ਹੋਰ ਉੱਤੇ ਨਿਰਭਰਤਾ ਚੰਗੀ ਕਾਰਵਾਈ ਨਹੀਂ ਹੈ ਪਰ ਜ਼ਿੰਦਗੀ ਦੇ ਹਰ ਮੋੜ ਉੱਤੇ ਅਸੀਂ ਇਹ ਜ਼ਰੂਰ ਦੇਖਣਾ ਹੈ ਕਿ ਅਸੀਂ ਆਪਣੇ ਬਣਦੇ ਹਿੱਸੇ ਤੋਂ ਜ਼ਿਆਦਾ ਤਾਂ ਪ੍ਰਾਪਤ ਨਹੀਂ ਕਰ ਬੈਠੇ। ਕੀ ਅਸੀਂ ਕਿਸੇ ਹੇਰਾ-ਫੇਰੀ ਨਾਲ ਕਿਸੇ ਹੋਰ ਦਾ ਹੱਕ ਤਾਂ ਨਹੀਂ ਮਾਰ ਬੈਠੇ ? ਆਪਣਾ ਹਿੱਸਾ ਪ੍ਰਾਪਤ ਕਰਨਾ ਸਾਡਾ ਅਧਿਕਾਰ ਹੈ ਪਰ ਕਿਸੇ ਦਾ ਹਿੱਸਾ ਹੜਪ ਕਰ ਜਾਣਾ ਪਾਪ ਹੈ ਅਤੇ ਅਸੀਂ ਪਾਪ ਦੇ ਭਾਗੀ ਨਹੀਂ ਬਣਨਾ। ਕ੍ਰਿਤ ਕਰਕੇ ਕਮਾਈ ਕਰਨ ਵਾਲਾ ਬੰਦਾ ਕਿਸੇ ਦਾ ਹੱਕ ਨਹੀਂ ਮਾਰਦਾ ਪਰ ਬਾਕੀ ਹੇਰਾ-ਫੇਰੀਆਂ ਕਰਕੇ, ਠੱਗੀਆਂ ਮਾਰ ਕੇ, ਰਿਸ਼ਵਤਾਂ ਲੈ ਕੇ, ਭ੍ਰਿਸ਼ਟਾਚਾਰ ਕਰਕੇ, ਘਟ ਤੋਲ ਕੇ, ਕਾਲਾ ਬਾਜ਼ਾਰ, ਆਸਾਮੀਆਂ ਵੇਚ ਕੇ, ਕੋਟੇ ਵੇਚ ਕੇ, ਲਾਇਸੰਸਾਂ ਦੀ ਵਿਕਰੀ ਜਾਂ ਦਲਾਲੀਆਂ ਖਾ ਕੇ ਅਗਰ ਅਸੀਂ ਅਮੀਰ ਹੋ ਗਏ ਹਾਂ ਤਾਂ ਅਸੀਂ ਨਾ ਤਾਂ ਕ੍ਰਿਤੀ ਹਾਂ ਅਤੇ ਨਾ ਹੀ ਅਸੀਂ ਸਹੀ ਆਦਮੀ ਹਾਂ। ਇਹ ਸਾਰਾ ਸਰਮਾਇਆ ਲੋਕਾਂ ਦਾ ਹੱਕ ਸੀ ਜੋ ਅਸੀਂ ਆਪਣੀ ਸ਼ਕਤੀ, ਅਹੁਦਾ ਅਤੇ ਰਸੂਖ ਵਰਤਕੇ ਹਥਿਆ ਲਿਆ ਹੈ। ਇਹ ਕਮਾਈ ਗੰਦੀ ਹੈ ਅਤੇ ਸਾਨੂੰ ਪਚਣੀ ਨਹੀਂ। ਇਹ ਹਰਾਮ ਦੀ ਕਮਾਈ ਹੈ ਅਤੇ ਹਰਾਮ ਦੀ ਕਮਾਈ ਜੋ ਵੀ ਖਾਂਦਾ ਹੈ ਜਾਂ ਵਰਤਦਾ ਹੈ, ਉਹ ਬੰਦੇ ਦਾ ਪੁੱਤਰ ਨਹੀਂ ਰਹਿੰਦਾ। ਉਸ ਦੀ ਜ਼ਮੀਰ ਤੱਕ ਪ੍ਰਦੂਸ਼ਤ ਹੋ ਜਾਂਦੀ ਹੈ। ਉਸ ਦਾ ਵਿਅਕਤੀਤਵ ਪ੍ਰਭਾਵਸ਼ਾਲੀ ਨਹੀਂ ਰਹਿੰਦਾ, ਬਲਕਿ ਬਨਾਵਟੀ ਹੋ ਜਾਂਦਾ ਹੈ। ਹਰਾਮ ਖਾਣ ਵਾਲੇ ਬੰਦੇ ਦੇ ਮਨ ਅੰਦਰ ਇਕ ਡਰ ਜਿਹਾ ਬਣ ਆਉਂਦਾ ਹੈ ਜੋ ਉਸ ਨੂੰ ਚੈਨ ਨਹੀਂ ਲੈਣ ਦਿੰਦਾ। ਉਸ ਨੂੰ ਬੇਆਰਾਮ ਕਰਕੇ ਰੱਖ ਦਿੰਦਾ ਹੈ। ਐਸਾ ਬੰਦਾ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ, ਡਾਕਟਰ ਲੋਕੀਂ ਉਸ ਦੀਆਂ ਬਿਮਾਰੀਆਂ ਦੂਰ ਕਰਨ ਦੀ ਹਜ਼ਾਰ ਕੋਸ਼ਿਸ਼ ਪਏ ਕਰਨ, ਉਸ ਦਾ ਇਲਾਜ ਨਹੀਂ ਹੋ ਸਕਦਾ। ਇਸ ਕਰਕੇ ਹੱਕ ਹਲਾਲ ਦੀ ਕਮਾਈ ਨਾਲ ਆਪਣਾ ਅਤੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰਨਾ ਚਾਹੀਦਾ ਹੈ।

## ਅੰਦਰੋਂ ਬਾਹਰੋਂ ਇਕ ਹੋ ਜਾਉ

ਜੋ ਆਦਮੀ ਅੰਦਰੋਂ ਹੋਰ ਹੈ, ਬਾਹਰੋਂ ਹੋਰ ਬਣਿਆ ਫਿਰਦਾ ਹੈ ਉਹ ਆਪਣੇ ਆਪ ਨਾਲ ਧੋਖਾ ਕਰ ਰਿਹਾ ਹੈ। ਐਸਾ ਕਦੀ ਨਹੀਂ ਸੋਚਣਾ ਚਾਹੀਦਾ ਕਿ ਅਸੀਂ ਲੋਕਾਂ ਦੀਆਂ ਨਜ਼ਰਾਂ ਤੋਂ ਬਚ ਸਕਦੇ ਹਾਂ। ਇਹ ਜੋ ਲੋਕੀਂ ਸਾਡੇ ਆਲੇ-ਦੁਆਲੇ ਵਸਦੇ ਹਨ ਇਹ ਬਹੁਤ ਵੱਡੇ ਪਾਰਖੂ ਹਨ। ਇਹ ਬਹੁਤ ਕੁਝ ਸਾਡੇ ਚਿਹਰੇ ਤੋਂ ਹੀ ਪੜ੍ਹ ਲੈਂਦੇ ਹਨ। ਸਾਡੀਆਂ ਕਾਰਵਾਈਆਂ ਇਨ੍ਹਾਂ ਨੂੰ ਬਹੁਤ ਕੁਝ ਸਮਝਾ ਦਿੰਦੀਆਂ ਹਨ ਅਤੇ ਅਸੀਂ ਕੁਝ ਵੀ ਬਣੇ ਫਿਰੀਏ, ਇਹ ਲੋਕੀ ਇਕ ਖਾਸ ਕਿਸਮ ਦੀ ਸਾਡੀ ਮਸ਼ਹੂਰੀ ਪੈਦਾ ਕਰ ਲੈਂਦੇ ਹਨ ਅਤੇ ਇਹੀ ਮਸ਼ਹੂਰੀ ਸਾਡੀ ਅਸਲੀ ਪਛਾਣ ਬਣਦੀ ਹੈ। ਅਸੀਂ ਆਪਣੀ ਸੁਧਾਈ ਆਪ ਕਰਨੀ

ਹੈ। ਸਾਡੇ ਅੰਦਰ ਆਤਮਾ ਦਾ ਵਾਸਾ ਹੈ। ਆਤਮਾ ਪ੍ਰਮਾਤਮਾ ਦਾ ਹਿੱਸਾ ਹੈ। ਇਸ ਕਰਕੇ ਆਤਮਾ ਗ਼ਲਤ ਨਹੀਂ ਹੋ ਸਕਦੀ। ਹਰ ਕਾਰਜ ਕਰਨ ਤੋਂ ਪਹਿਲਾਂ ਸਾਡੇ ਅੰਦਰ ਆਤਮਾ ਸਾਨੂੰ ਸਮਝਾਉਂਦੀ ਹੈ। ਜੋ ਲੋਕੀ ਅੰਦਰੋਂ ਉਠੀ ਆਤਮਾ ਦੀ ਆਵਾਜ਼ ਨੂੰ ਪਛਾਣ ਲੈਂਦੇ ਹਨ, ਉਹ ਕਦੀ ਗ਼ਲਤ ਨਹੀਂ ਹੁੰਦੇ। ਪਰ ਜੋ ਲੋਕੀ ਅੰਦਰੋਂ ਹੋਰ ਤੇ ਬਾਹਰੋਂ ਹੋਰ ਬਣ ਕੇ ਫਿਰਦੇ ਹਨ, ਉਹ ਜ਼ਿਆਦਾ ਦੇਰ ਛੁਪੇ ਨਹੀਂ ਰਹਿੰਦੇ, ਪ੍ਰਤੱਖ ਹੋ ਆਉਂਦੇ ਹਨ, ਬਦਨਾਮ ਹੋ ਜਾਂਦੇ ਹਨ। ਅਸੀਂ ਆਪਣੇ ਅੰਦਰ ਦੀ ਸੁਧਾਈ ਕਰਨੀ ਹੈ ਅਤੇ ਅੰਦਰੋਂ ਬਾਹਰੋਂ ਇਕ ਹੋ ਜਾਣਾ ਹੈ। ਇਹ ਬਨਾਵਟੀ ਜੀਵਨ ਜਿਊਣ ਲਈ ਕਈ ਝੂਠਾਂ ਦਾ ਸਹਾਰਾ ਲੈਣਾ ਪੈਂਦਾ ਹੈ ਅਤੇ ਲੋਕਾਂ ਦੀਆਂ ਨਜ਼ਰਾਂ ਤੋਂ ਅਸਲੀਅਤ ਨੂੰ ਛੁਪਾਉਣ ਲਈ ਬਹੁਤ ਸਾਰੇ ਉਪਰਾਲੇ ਕਰਨੇ ਪੈਂਦੇ ਹਨ। ਇਹ ਉਪਰਾਲੇ ਸਾਡੀ ਸ਼ਕਤੀ ਜ਼ਾਇਆ ਕਰਦੇ ਹਨ ਅਤੇ ਅਸੀਂ ਕਮਜ਼ੋਰ ਹੋ ਜਾਂਦੇ ਹਾਂ।

## ਭਰਾਤਰੀ ਭਾਵ ਪੈਦਾ ਕਰੋ

ਇਹ ਦੁਨੀਆਂ ਭਰ ਦੇ ਲੋਕੀਂ ਪਰਾਏ ਨਹੀਂ ਹਨ। ਸਾਡੇ ਸਾਰਿਆਂ ਦਾ ਸੋਮਾ ਇੱਕ ਹੀ ਹੈ। ਅਸੀਂ ਸਾਰਿਆਂ ਨੇ ਵਾਪਿਸ ਵੀ ਉੱਥੇ ਹੀ ਜਾਣਾ ਹੈ। ਸਾਡੀ ਨਸਲ ਵੱਖਰੀ ਹੋ ਸਕਦੀ ਹੈ, ਸਾਡਾ ਰੰਗ ਵੱਖਰਾ ਹੋ ਸਕਦਾ ਹੈ, ਸਾਡੀ ਭਾਸ਼ਾ ਵੱਖ ਹੋ ਸਕਦੀ ਹੈ। ਸਾਡਾ ਸੱਭਿਆਚਾਰ ਵੱਖਰਾ ਹੋ ਸਕਦਾ ਹੈ, ਸਾਡਾ ਧਰਮ ਅਤੇ ਦੇਸ਼ ਵੱਖਰਾ ਹੋ ਸਕਦਾ ਹੈ ਪਰ ਇਹ ਸਾਰੀਆਂ ਵੰਡੀਆਂ ਅਸੀਂ ਆਪ ਪਾਈਆਂ ਹਨ। ਰੱਬ ਵੱਲੋਂ ਪਾਈਆਂ ਵੰਡੀਆਂ ਨਹੀਂ ਹਨ। ਅਸੀਂ ਸੰਸਾਰ ਦੇ ਲੋਕੀ ਆਪੋ ਵਿੱਚ ਵੰਡੀਆਂ ਪਾ ਕੇ ਗ਼ਮ ਸਹੇੜੀ ਬੈਠੇ ਹਾਂ। ਸਾਡੀਆਂ ਸਾਰੀਆਂ ਸਮੱਸਿਆਵਾਂ ਅਤੇ ਮੁਸ਼ਕਿਲਾਂ ਦਾ ਜਨਮ ਇਨ੍ਹਾਂ ਵੰਡੀਆਂ ਕਰਕੇ ਹੋਇਆ ਹੈ। ਅਸੀਂ ਡਰ ਰਹੇ ਹਾਂ, ਅਸੀਂ ਆਪਣੇ ਆਪ ਨੂੰ ਬਿਹਤਰ ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਅਸੀਂ ਦੂਜਿਆਂ ਨੂੰ ਨੀਚਾ ਦਿਖਾਉਣ ਦੀ ਕੋਸ਼ਿਸ ਕਰ ਰਹੇ ਹਾਂ। ਇਹੀ ਸਾਡਾ ਦੁਖਾਂਤ ਹੈ। ਅਸੀਂ ਦੂਜਿਆਂ ਨੂੰ ਬੇਗਾਨਾ ਸਮਝ ਕੇ ਉਨ੍ਹਾਂ ਉੱਤੇ ਤਸ਼ੱਦਦ ਕਰਦੇ ਰਹੇ ਹਾਂ। ਮਨੁੱਖ ਜਾਤੀ ਦਾ ਸਾਰਾ ਇਤਿਹਾਸ ਲਹੂ ਨਾਲ ਲਿਖਿਆ ਮਿਲਦਾ ਹੈ। ਅਸੀਂ ਆਪਣੇ ਧਰਮ ਨੂੰ ਵਧੀਆ ਸਮਝਦੇ ਰਹੇ ਹਾਂ। ਦੂਜਿਆਂ ਦੇ ਧਰਮ ਨੂੰ ਘਟੀਆ ਸਮਝਦੇ ਰਹੇ ਹਾਂ। ਦੂਜਿਆਂ ਦੇ ਪੂਜਾ ਅਸਥਾਨ ਢਾਹੁੰਦੇ ਰਹੇ ਹਾਂ। ਆਪਣੇ ਪੂਜਾ ਅਸਥਾਨ ਬਣਾਉਂਦੇ ਰਹੇ ਹਾਂ। ਲੋਕਾਂ ਦਾ ਧਰਮ ਬਦਲਦੇ ਰਹੇ ਹਾਂ। ਜੋ ਨਹੀਂ ਸੀ ਮੰਨਦਾ ਉਸ ਉੱਤੇ ਤਸ਼ੱਦਦ ਕਰਦੇ ਰਹੇ ਹਾਂ। ਜ਼ੁਲਮ ਢਾਹੁੰਦੇ ਰਹੇ ਹਾਂ। ਅਗਰ ਫਿਰ ਵੀ ਸਾਡੀ ਈਨ ਸਵੀਕਾਰ ਨਹੀਂ ਸੀ ਕਰਦਾ ਤਾਂ ਅਸੀਂ ਉਸ ਨੂੰ ਕਤਲ ਕਰਦੇ ਰਹੇ ਹਾਂ। ਦੁਨੀਆਂ ਦੀਆਂ ਬਹੁਤੀਆਂ ਜੰਗਾਂ ਦੂਜੇ ਨੂੰ ਈਨ ਮਨਾਉਣ ਲਈ ਕੀਤੀਆਂ ਜਾਂਦੀਆਂ ਰਹੀਆਂ ਹਨ ਅਤੇ ਇਹ ਸਿਲਸਿਲਾ ਅੱਜ ਵੀ ਜਾਰੀ ਹੈ। ਮਨੁੱਖ ਕਦੀ ਇਕ ਨਹੀਂ ਹੋ ਸਕਣਾ। ਸਦਾ ਹੀ ਇਹ ਦੂਰੀਆਂ ਬਣੀਆਂ ਰਹਿਣਗੀਆਂ ਅਤੇ ਇਹ ਮਨੁੱਖ ਜਾਤੀ ਦੁੱਖ ਭੋਗਦੀ ਰਹੇਗੀ। ਅਸੀਂ ਅਗਰ ਭਰਾਤਰੀ ਭਾਵ ਪੈਦਾ ਕਰਕੇ ਇਕ ਹੋ ਜਾਈਏ ਤਾਂ ਦੁਨੀਆਂ ਭਰ ਦੀਆਂ ਮੁਸ਼ਕਿਲਾਂ ਦੂਰ ਹੋ ਜਾਣਗੀਆਂ ਅਤੇ ਅਸੀਂ ਇਸ ਸੰਸਾਰ ਨੂੰ ਸਵਰਗ ਬਣਾ ਲਵਾਂਗੇ। ਫਿਰ ਕਿਸੇ ਹੋਰ ਸਵਰਗ ਦੀ ਲੋੜ ਨਹੀਂ ਪਵੇਗੀ।

## ਰੱਬ ਕ੍ਰਿਪਾਲੂ ਹੈ

ਰੱਬ ਸਾਡੇ ਮਾਤਾ-ਪਿਤਾ ਸਮਾਨ ਹੈ, ਮਾਤਾ-ਪਿਤਾ ਕਦੀ ਵੀ ਆਪਣੇ ਬੱਚਿਆਂ

ਨਾਲ ਜ਼ਿਆਦਤੀ ਨਹੀਂ ਕਰਦੇ। ਫਿਰ ਰੱਬ ਸਾਡੇ ਨਾਲ ਵਧੀਕੀ ਕਿਉਂ ਕਰੇਗਾ ? ਅਸੀਂ ਕਦੀ-ਕਦੀ ਦੁੱਖ ਵੀ ਪਾਉਂਦੇ ਹਾਂ ਪਰ ਅਸੀਂ ਅਗਰ ਧਿਆਨ ਨਾਲ ਵਿਚਾਰ ਕਰੀਏ ਤਾਂ ਅਸੀਂ ਹਰ ਦੁੱਖ ਦਾ ਕਾਰਨ ਆਪ ਹੀ ਹੁੰਦੇ ਹਾਂ। ਅਸੀਂ ਆਪ ਗ਼ਲਤੀ ਕੀਤੀ ਹੁੰਦੀ ਹੈ, ਫਿਰ ਅਸੀਂ ਗ਼ਲਤੀ ਦਾ ਖ਼ਮਿਆਜ਼ਾ ਭੁਗਤਦੇ ਹਾਂ। ਅਸੀਂ ਆਖਦੇ ਹਾਂ, ਰੱਬ ਨੇ ਸਾਡੀ ਕਿਸਮਤ ਹੀ ਮਾੜੀ ਲਿਖੀ ਹੈ, ਐਸਾ ਨਹੀਂ ਹੈ। ਰੱਬ ਕਿਸੇ ਨਾਲ ਬੇਇਨਸਾਫ਼ੀ ਨਹੀਂ ਕਰਦਾ। ਅਸੀਂ ਜੋ-ਜੋ ਮਾੜਾ ਕਰਮ ਕਰਦੇ ਹਾਂ, ਉਸ ਦੀ ਸਜ਼ਾ ਭੁਗਤਦੇ ਹਾਂ। ਕਦੀ-ਕਦੀ ਇਹ ਸਜ਼ਾਵਾਂ ਇਸ ਜਨਮ ਵਿਚ ਹੀ ਪੂਰੀਆਂ ਹੋ ਜਾਂਦੀਆਂ ਹਨ। ਕਈ ਵਾਰੀ ਸਜ਼ਾ ਭੁਗਤਣ ਲਈ ਸਾਨੂੰ ਵਾਰ-ਵਾਰ ਜਨਮ ਲੈਣਾ ਪੈਂਦਾ ਹੈ। ਐਸਾ ਵਿਸ਼ਵਾਸ ਵੀ ਕੀਤਾ ਜਾਂਦਾ ਹੈ। ਰੱਬ ਸਜ਼ਾ ਮੁਆਫ਼ ਨਹੀਂ ਕਰਦਾ। ਰੱਬ ਨੂੰ ਯਾਦ ਰੱਖਣ ਵਾਲੇ ਬੰਦਿਆਂ ਵਿੱਚ ਸਜ਼ਾ ਭੁਗਤਣ ਦੀ ਸ਼ਕਤੀ ਆ ਜਾਂਦੀ ਹੈ। ਉਹ ਰੱਬੀ ਭਾਣਾ ਸਵੀਕਾਰ ਕਰਕੇ ਸਜ਼ਾ ਭੁਗਤ ਲੈਂਦੇ ਹਨ। ਰੱਬ ਅੱਗੇ ਰੋਸ ਪ੍ਰਗਟ ਨਹੀਂ ਕਰਦੇ। ਰੱਬ ਅੱਗੇ ਸ਼ਿਕਾਇਤ ਨਹੀਂ ਕਰਦੇ। ਇਹ ਵੀ ਨਹੀਂ ਆਖਦੇ ਕਿ ਰੱਬ ਉਨ੍ਹਾਂ ਨਾਲ ਅਨਿਆ ਕਰ ਰਿਹਾ ਹੈ। ਉਹ ਤਾਂ ਰੱਬ ਤੋਂ ਡਰ ਕੇ ਚੰਗੇ ਕਰਮ ਕਰਨ ਲੱਗ ਪੈਂਦੇ ਹਨ। ਫਿਰ ਉਹੀ ਆਦਮੀ ਖ਼ੁਸ਼-ਖ਼ੁਸ਼ਹਾਲ ਹੋ ਜਾਂਦਾ ਹੈ। ਰੱਬ ਦੀ ਮਿਹਰ ਹੋ ਜਾਂਦੀ ਹੈ। ਅਸੀਂ ਹਰ ਵਕਤ ਰੱਬ ਪਾਸੋਂ ਮਿਹਰਬਾਨੀਆਂ ਪ੍ਰਾਪਤ ਕਰਨੀਆਂ ਹਨ ਅਤੇ ਰੱਬ ਸਿਰਫ਼ ਉਨ੍ਹਾਂ ਲੋਕਾਂ ਉੱਤੇ ਕ੍ਰਿਪਾਲੂ ਹੁੰਦਾ ਹੈ ਜੋ ਰੱਬ ਦੇ ਪਰਮ ਪਿਆਰੇ ਬਣਨ ਦਾ ਯਤਨ ਕਰਦੇ ਰਹਿੰਦੇ ਹਨ। ਅਸੀਂ ਵੀ ਐਸਾ ਯਤਨ ਸ਼ੁਰੂ ਕਰਨਾ ਹੈ। ਅੱਜ ਤੋਂ ਅਸੀਂ ਬਿਹਤਰ ਇਨਸਾਨ ਬਣਨ ਦੀ ਕੋਸ਼ਿਸ਼ ਕਰਨੀ ਹੈ। ਉਹ ਲੋਕੀਂ ਬਿਹਤਰ ਇਨਸਾਨ ਬਣ ਜਾਂਦੇ ਹਨ ਜੋ ਸਾਰੀ ਲੋਕਾਈ ਨੂੰ ਪਿਆਰ ਕਰਦੇ ਹਨ। ਕੋਈ ਵੀ ਉਨ੍ਹਾਂ ਪਾਸ ਪਰਾਇਆ ਨਹੀਂ ਰਹਿੰਦਾ। ਸਾਰੇ ਲੋਕ ਉਨ੍ਹਾਂ ਨੂੰ ਆਪਣੇ ਭੈਣ-ਭਰਾ ਲੱਗਣ ਲੱਗ ਪੈਂਦੇ ਹਨ ਅਤੇ ਇਉਂ ਅਸੀਂ ਰੱਬ ਦੀਆਂ ਮਿਹਰਬਾਨੀਆਂ ਦੇ ਪਾਤਰ ਬਣ ਜਾਂਦੇ ਹਾਂ।

## ਆਤਮਾ ਸਰੀਰ ਨੂੰ ਚਲਦਾ ਰੱਖਦੀ ਹੈ

ਅਸੀਂ ਇਕ ਐਸਾ ਪੁਤਲਾ ਹਾਂ ਜਿਸ ਨੂੰ ਆਤਮਾ ਚੱਲਦਾ ਰੱਖਦੀ ਹੈ। ਆਤਮਾ ਸਹਾਰੇ ਹੀ ਅਸੀਂ ਜੀਵਤ ਹਾਂ। ਜਦੋਂ ਆਤਮਾ ਸਾਡਾ ਸਰੀਰ ਛੱਡ ਦਿੰਦੀ ਹੈ ਤਾਂ ਅਸੀਂ ਜੀਵਤ ਨਹੀਂ ਰਹਿੰਦੇ, ਅਸੀਂ ਮਰ ਜਾਂਦੇ ਹਾਂ। ਆਤਮਾ ਸਾਨੂੰ ਜੀਵਤ ਵੀ ਰੱਖਦੀ ਹੈ, ਆਤਮਾ ਸਾਨੂੰ ਰਸਤਾ ਦਿਖਾਉਂਦੀ ਹੈ। ਜਦੋਂ ਅਸੀਂ ਕੋਈ ਮਾੜਾ ਕੰਮ ਕਰਨ ਦਾ ਇਰਾਦਾ ਬਣਾਉਂਦੇ ਹਾਂ ਤਾਂ ਅੰਦਰੋਂ ਆਤਮਾ ਸਾਨੂੰ ਰੋਕਦੀ ਹੈ। ਜੋ ਲੋਕੀਂ ਆਤਮਾ ਦੀ ਇਸ ਆਵਾਜ਼ ਮੁਤਾਬਿਕ ਕੰਮ ਕਰਦੇ ਹਨ, ਉਹ ਭਲੇ ਪੁਰਸ਼ ਬਣ ਜਾਂਦੇ ਹਨ। ਜੋ ਲੋਕੀਂ ਆਤਮਾ ਦੀ ਆਵਾਜ਼ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ, ਉਹ ਮਾੜੇ ਕੰਮ ਕਰਨ ਲੱਗ ਪੈਂਦੇ ਹਨ। ਆਤਮਾ ਰੱਬ ਦਾ ਹੀ ਇਕ ਹਿੱਸਾ ਹੈ। ਇਸ ਕਰਕੇ ਆਤਮਾ ਦਾ ਵੱਡਾ ਰੂਪ ਪ੍ਰਮਾਤਮਾ ਸਵੀਕਾਰ ਕੀਤਾ ਗਿਆ ਹੈ।

## ਰੱਬ ਦਾ ਨਾਮ ਹਮੇਸ਼ਾ ਯਾਦ ਰੱਖੋ

ਅਸੀਂ ਦੁਨੀਆਂ ਦੇ ਸਾਰੇ ਜੀਵ ਉਸ ਪਰਮ ਪਿਤਾ ਦੇ ਬਣਾਏ ਹੋਏ ਹਾਂ। ਉਸ ਦੇ ਹੁਕਮ ਨਾਲ ਅਸੀਂ ਇਸ ਦੁਨੀਆਂ ਵਿਚ ਆਉਂਦੇ ਹਾਂ। ਉਸ ਦਾ ਹੁਕਮ ਹੁੰਦਾ ਹੈ ਤਾਂ ਅਸੀਂ ਵਾਪਸ ਚਲੇ ਜਾਂਦੇ ਹਾਂ। ਰੱਬ ਦੇ ਹੁਕਮ ਅਨੁਸਾਰ ਹੀ ਅਸੀਂ ਆਪਣਾ ਜੀਵਨ ਬਤੀਤ ਕਰਦੇ ਹਾਂ। ਅਗਰ ਇਹ ਗੱਲਾਂ ਅਸੀਂ ਸੱਚ ਸਵੀਕਾਰ ਕਰ ਬੈਠੇ ਹਾਂ ਤਾਂ ਸਾਡਾ ਇਹ ਫ਼ਰਜ਼

ਬਣਦਾ ਹੈ ਕਿ ਅਸੀਂ ਰੱਬ ਦੀ ਹੋਂਦ ਸਵੀਕਾਰ ਕਰ ਲਈਏ। ਅਸੀਂ ਇਹ ਵਿਸ਼ਵਾਸ ਕਰਨਾ ਹੈ ਕਿ ਰੱਬ ਹਰ ਥਾਂ ਸਾਡੇ ਨਾਲ ਹੈ, ਉਹ ਕਦੀ ਵੀ ਸਾਥੋਂ ਦੂਰ ਨਹੀਂ ਜਾਂਦਾ। ਅਸੀਂ ਭਾਵੇਂ ਕਈ ਵਾਰੀ ਰੱਬ ਦੀ ਹੋਂਦ ਸਵੀਕਾਰ ਨਹੀਂ ਕਰਦੇ। ਜਦੋਂ ਅਸੀਂ ਕੋਈ ਬੁਰਾ ਕੰਮ ਕਰਦੇ ਹਾਂ ਤਾਂ ਅਸੀਂ ਲੋਕਾਂ ਪਾਸੋਂ ਵੀ ਛੁਪਾਉਂਦੇ ਹਾਂ। ਅਸੀਂ ਇਹ ਵੀ ਸੋਚ ਬੈਠਦੇ ਹਾਂ ਕਿ ਕੋਈ ਵੀ ਨਹੀਂ ਦੇਖ ਰਿਹਾ, ਰੱਬ ਵੀ ਨਹੀਂ ਦੇਖ ਰਿਹਾ। ਐਥੇ ਆ ਕੇ ਅਸੀਂ ਭੁੱਲ ਜਾਂਦੇ ਹਾਂ। ਇਹ ਭੁੱਲ ਹੀ ਬੁਰਾਈਆਂ ਦੀ ਜੜ੍ਹ ਹੈ। ਅਗਰ ਅਸੀਂ ਰੱਬ ਦੀ ਹਾਜ਼ਰੀ ਹਰ ਵਕਤ ਪ੍ਰਵਾਨ ਕਰ ਲਈਏ ਤਾਂ ਅਸੀਂ ਮਾੜੇ ਕਰਮ ਕਰਨਾ ਛੱਡ ਦਿੰਦੇ ਹਾਂ। ਰੱਬ ਨੂੰ ਸਦਾ ਹੀ ਆਪਣੇ ਦਿਲ ਪਾਸ ਹਾਜ਼ਰ-ਨਾਜ਼ਰ ਸਮਝਣ ਵਾਲਾ ਆਦਮੀ ਦੂਜਿਆਂ ਨਾਲੋਂ ਬਿਹਤਰ ਇਨਸਾਨ ਬਣ ਜਾਂਦਾ ਹੈ। ਸੋ, ਰੱਬ ਨੂੰ ਸਦਾ ਹੀ ਯਾਦ ਰੱਖਣ ਦਾ ਅਭਿਆਸ ਕਰਨਾ ਚਾਹੀਦਾ ਹੈ। ਕੁਝ ਦਿਨਾਂ ਦੀ ਐਸੀ ਕਸਰਤ ਕਰਨ ਨਾਲ ਅਸੀਂ ਰੱਬ ਦੇ ਨੇੜੇ ਹੋ ਜਾਂਦੇ ਹਾਂ। ਅਸੀਂ ਸਾਰੇ ਹੀ ਰੱਬ ਦੇ ਪੁੱਤਰ-ਧੀਆਂ ਹਾਂ। ਫਿਰ ਅਸੀਂ ਰੱਬ ਦੀ ਹੋਂਦ ਸਵੀਕਾਰ ਕਿਉਂ ਨਹੀਂ ਕਰਦੇ ? ਰੱਬ ਤਾਂ ਹਰ ਵਕਤ ਸਾਡੇ ਹਿਰਦੇ ਵਿਚ ਵਸਦਾ ਰਹਿਣਾ ਚਾਹੀਦਾ ਹੈ।

## ਅਸੀਂ ਜੈਸੇ ਵੀ ਹਾਂ ਰੱਬ ਦੇ ਘੜੇ ਹੋਏ ਹਾਂ

ਕੋਈ ਚੰਗਾ ਨਹੀਂ, ਕੋਈ ਮੰਦਾ ਨਹੀਂ। ਕਿਸੇ ਉੱਤੇ ਕਿੰਤੂ-ਪ੍ਰੰਤੂ ਨਾ ਕਰੋ। ਰੱਬ ਹਰੇਕ ਨੂੰ ਆਪ ਬਣਾਉਂਦਾ ਹੈ, ਹਰੇਕ ਨੂੰ ਆਪ ਸਾਜਦਾ ਹੈ, ਹਰੇਕ ਦਾ ਅਸਥਾਨ ਰੱਬ ਆਪ ਨਿਸ਼ਚਿਤ ਕਰਦਾ ਹੈ, ਕਿਸੇ ਉੱਤੇ ਹੱਸਣਾ ਨਹੀਂ ਚਾਹੀਦਾ, ਕਿਸੇ ਦਾ ਮਜ਼ਾਕ ਨਹੀਂ ਉਡਾਉਣਾ ਚਾਹੀਦਾ, ਕਿਸੇ ਨੂੰ ਘਟੀਆ ਨਹੀਂ ਆਖਣਾ ਚਾਹੀਦਾ, ਕਿਸੇ ਨਾਲ ਨਫ਼ਰਤ ਨਹੀਂ ਕਰਨੀ ਚਾਹੀਦੀ, ਕਿਸੇ ਨੂੰ ਬਦਸੂਰਤ ਨਹੀਂ ਆਖਣਾ ਚਾਹੀਦਾ, ਆਪਣੀ ਸੁੰਦਰਤਾ ਉੱਤੇ ਮਾਣ ਨਹੀਂ ਹੋਣਾ ਚਾਹੀਦਾ, ਜੋ ਕੁਝ ਅੱਜ ਸਾਨੂੰ ਮਿਲਿਆ ਹੋਇਆ ਹੈ, ਉਹ ਕੱਲ੍ਹ ਨੂੰ ਸਾਰਾ ਵਾਪਸ ਜਾ ਸਕਦਾ ਹੈ, ਅੱਜ ਅਸੀਂ ਅਮੀਰ ਹਾਂ, ਕਲ੍ਹ ਨੂੰ ਕੋਈ ਭਾਣਾ ਵਰਤ ਸਕਦਾ ਹੈ। ਅਸੀਂ ਵੀ ਗ਼ਰੀਬ ਹੋ ਸਕਦੇ ਹਾਂ, ਕੋਈ ਹਾਦਸਾ ਵਾਪਰ ਸਕਦਾ ਹੈ, ਅਸੀਂ ਸਰੀਰ ਦਾ ਕੋਈ ਹਿੱਸਾ ਗਵਾ ਸਕਦੇ ਹਾਂ। ਸਾਡੇ ਸਾਹਮਣੇ ਐਸਾ ਕਈ ਵਾਰੀ ਹੋ ਚੁੱਕਾ ਹੈ। ਰੱਬ ਦੀਆਂ ਕਰਨੀਆਂ ਬੇਅੰਤ ਹਨ। ਰੱਬ ਹਰੇਕ ਉੱਤੇ ਨਜ਼ਰ ਰੱਖੀ ਬੈਠਾ ਹੈ। ਕਦੀ ਵੀ ਆਪਣੀਆਂ ਪ੍ਰਾਪਤੀਆਂ ਉੱਤੇ ਅਹੰਕਾਰ ਨਹੀਂ ਕਰਨਾ ਚਾਹੀਦਾ। ਅਸੀਂ ਸਾਰੇ ਹੀ ਇਸ ਸਮੁੰਦਰ ਰੂਪੀ ਸੰਸਾਰ ਵਿਚ ਆਪਣੀਆਂ-ਆਪਣੀਆਂ ਕਿਸ਼ਤੀਆਂ ਦੌੜਾ ਰਹੇ ਹਾਂ। ਪਤਾ ਨਹੀਂ ਕਿਸ ਦੀ ਕਿਸ਼ਤੀ ਪਾਰ ਲੱਗਦੀ ਹੈ, ਪਤਾ ਨਹੀਂ ਕਿਸ ਦੀ ਕਿਸ਼ਤੀ ਰਾਹ ਵਿੱਚ ਹੀ ਡੁੱਬ ਜਾਣੀ ਹੈ। ਸਮੁੰਦਰ ਵਿੱਚ ਤੈਰਦੇ ਲੋਕਾਂ ਨੂੰ ਅਹੰਕਾਰ ਕਾਹਦਾ ? ਪਤਾ ਨਹੀਂ ਰੱਬ ਨੇ ਕਿਸ ਦੀ ਕਿਸਮਤ ਵਿਚ ਪਾਰ ਉਤਰਨਾ ਲਿਖਿਆ ਹੈ। ਪਤਾ ਨਹੀਂ ਕੌਣ ਰਾਹ ਵਿਚ ਹੀ ਰੁੜ੍ਹ ਜਾਣਾ ਹੈ ?

ਸੋ, ਅਹੰਕਾਰ ਨਹੀਂ ਕਰਨਾ ਚਾਹੀਦਾ। ਸਾਰਿਆਂ ਨੂੰ ਆਪਣੇ ਵਰਗਾ ਤਾਂ ਸਮਝਿਆ ਜਾ ਸਕਦਾ ਹੈ। ਰੱਬ ਨੇ ਅਗਰ ਕਿਸੇ ਨੂੰ ਕੋੜ੍ਹੀ, ਲੰਗੜਾ, ਲੂਲਾ ਅਤੇ ਬਦਸੂਰਤ ਬਣਾ ਦਿੱਤਾ ਹੈ ਤਾਂ ਇਹ ਵੀ ਰੱਬ ਦੀ ਲੀਲਾ ਹੈ। ਅਸੀਂ ਕਿਸੇ ਦਾ ਮਜ਼ਾਕ ਉਡਾਉਣ ਵਾਲੇ ਕੌਣ ਹਾਂ ?

## ਪਸ਼ੂ-ਬਿਰਤੀ ਦਾ ਤਿਆਗ ਕਰਨਾ ਚਾਹੀਦਾ ਹੈ

ਅਜੋਕੇ ਵਿਗਿਆਨੀ ਇਹ ਗੱਲ ਸਵੀਕਾਰ ਕਰ ਬੈਠੇ ਹਨ ਕਿ ਮਨੁੱਖ ਜਮਾਂਦਰੂ

ਜਾਨਵਰ ਹੈ। ਅਰਥਾਤ ਸਮਾਜ ਵਿਚ ਰਹਿਣ ਕਾਰਨ ਇਹ ਸਮਾਜੀ ਪ੍ਰਾਣੀ ਬਣ ਜਾਂਦਾ ਹੈ। ਮਨੁੱਖ ਅੰਦਰ ਪਸ਼ੂ ਬਿਰਤੀਆਂ ਹਮੇਸ਼ਾ ਕਾਇਮ ਰਹਿੰਦੀਆਂ ਹਨ। ਸਮਾਜ ਨੇ ਕੁਝ ਗ਼ਲਤ ਗੱਲਾਂ ਨੂੰ ਪਾਪ ਆਖ ਕੇ ਰੱਬ ਦੀ ਕਰੋਪੀ ਦਾ ਡਰ ਪਾਇਆ ਹੈ। ਵਕਤ ਦੀਆਂ ਸਰਕਾਰਾਂ ਨੇ ਕੁਝ ਗੱਲਾਂ ਨੂੰ ਅਪਰਾਧ ਘੋਸ਼ਿਤ ਕਰਕੇ ਸਜ਼ਾ ਦਾ ਡਰ ਬਣਾਇਆ ਹੈ। ਮੌਤ ਤੱਕ ਦੀਆਂ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ। ਪਰ ਕੋਈ ਆਖੇ ਕਿ ਇਹ ਮਨੁੱਖ ਸਹੀ ਹੋ ਗਿਆ ਹੈ ਤਾਂ ਇਸ ਪ੍ਰਸ਼ਨ ਦਾ ਉੱਤਰ ਨਾਂਹ ਵਿਚ ਹੀ ਹੋਵੇਗਾ। ਮਨੁੱਖ ਪਾਪ ਵੀ ਕਰਦਾ ਆ ਰਿਹਾ ਹੈ। ਅਪਰਾਧ ਵੀ ਕਰਦਾ ਹੈ। ਸਾਰੀ ਪੁਲਿਸ, ਅਦਾਲਤਾਂ ਅਤੇ ਜੇਲ੍ਹਾਂ ਵਿਚ ਗਿਣਤੀ ਇਹ ਦਰਸਾਉਂਦੀ ਹੈ ਕਿ ਮਨੁੱਖ ਅਪਰਾਧ ਕਰਨ ਤੋਂ ਹਟਦਾ ਨਹੀਂ ਹੈ। ਅਗਰ ਸਾਰੇ ਕੀਤੇ ਅਪਰਾਧ ਸਾਹਮਣੇ ਆ ਜਾਣ ਤਾਂ ਅਸੀਂ ਸਾਰੇ ਜੇਲ੍ਹਾਂ ਵਿਚ ਹੋ ਸਕਦੇ ਹਾਂ। ਸ਼ੁਕਰ ਹੈ ਸਾਡੇ ਸਾਰੇ ਅਪਰਾਧ ਸਾਹਮਣੇ ਨਹੀਂ ਆਉਂਦੇ। ਬਹੁਤ ਕੁਝ ਅਸੀਂ ਛੁਪਾ ਕੇ ਰੱਖਣ ਵਿਚ ਕਾਮਯਾਬ ਹੋ ਜਾਂਦੇ ਹਾਂ। ਅਸੀਂ ਤਾਂ ਆਪਣੇ ਕੀਤੇ ਪਾਪ ਵੀ ਛੁਪਾ ਕੇ ਰੱਖਣਾ ਚਾਹੁੰਦੇ ਹਾਂ। ਪਰ ਰੱਬ ਪਾਸੋਂ ਕੁਝ ਵੀ ਨਹੀਂ ਛੁਪਾਇਆ ਜਾ ਸਕਦਾ। ਅਸੀਂ ਭਾਰਤ ਦੇ ਲੋਕੀਂ ਆਪਣੇ ਆਪ ਨੂੰ ਧਾਰਮਿਕ ਆਖਦੇ ਹਾਂ। ਅਸੀਂ ਆਪਣੇ ਆਪ ਨੂੰ ਸ਼ਾਂਤੀ ਪਸੰਦ ਆਖਦੇ ਹਾਂ। 1947 ਵਿਚ ਅਤੇ ਬਾਅਦ ਵਿਚ ਨਵੰਬਰ, 1984 ਦੇ ਦੰਗਿਆਂ ਵਕਤ ਅਸੀਂ ਜੋ ਕਾਰਵਾਈਆਂ ਕੀਤੀਆਂ ਹਨ ਉਹ ਸਾਰੀਆਂ ਇਹ ਦਰਸਾਉਂਦੀਆਂ ਹਨ ਕਿ ਅਸਲ ਵਿਚ ਅਸੀਂ ਪਸ਼ੂ ਬਿਰਤੀ ਤੋਂ ਆਜ਼ਾਦੀ ਪ੍ਰਾਪਤ ਨਹੀਂ ਕਰ ਸਕੇ। ਪਸ਼ੂ ਬਿਰਤੀ ਅੱਜ ਵੀ ਸਾਡੇ ਅੰਦਰ ਕਾਇਮ ਹੈ। ਬਸ ਮੌਕਾ ਮਿਲਣਾ ਚਾਹੀਦਾ ਹੈ। ਅਸੀਂ ਕਈ ਵਾਰੀ ਜਾਨਵਰਾਂ ਤੋਂ ਵੀ ਅੱਗੇ ਲੰਘ ਜਾਂਦੇ ਹਾਂ। ਪਸ਼ੂ ਆਪਣੀ ਨਸਲ ਦਾ ਸ਼ਿਕਾਰ ਨਹੀਂ ਕਰਦੇ। ਅਸੀਂ ਮਨੁੱਖ ਜਾਨਵਰਾਂ ਨੂੰ ਤਾਂ ਮਾਰਦੇ ਹੀ ਹਾਂ ਅਤੇ ਖਾਂਦੇ ਵੀ ਹਾਂ। ਅਸੀਂ ਆਪਣੀ ਨਸਲ ਦਾ ਸ਼ਿਕਾਰ ਵੀ ਕਰਦੇ ਹਾਂ ਅਤੇ ਫਿਰ ਲਾਸ਼ਾਂ ਦਾ ਜਿਤਨਾ ਵੱਡਾ ਢੇਰ ਲੱਗ ਜਾਵੇ ਉਤਨੇ ਵੱਡੇ ਬਹਾਦਰ ਅਖਵਾਉਣ ਦੀ ਕੋਸ਼ਿਸ਼ ਕਰਦੇ ਹਾਂ। ਐਥੇ ਆ ਕੇ ਅਗਰ ਅਸੀਂ ਜਾਨਵਰਾਂ ਤੋਂ ਸਬਕ ਸਿੱਖ ਲਈਏ ਤਾਂ ਬਿਹਤਰ ਹੈ। ਜਾਨਵਰ ਆਪਣੀ ਨਸਲ ਦਾ ਸੰਘਾਰ ਨਹੀਂ ਕਰਦੇ। ਅਸੀਂ ਤਾਂ ਜਾਨਵਰਾਂ ਤੋਂ ਵੀ ਬਦਤਰ ਹਾਂ।

## ਧਰਮ ਅਤੇ ਜਾਤੀ ਵੰਡ

ਅਸੀਂ ਕਿਤਨੇ ਹੀ ਧਰਮਾਂ ਦੀ ਸਥਾਪਨਾ ਕਰ ਰੱਖੀ ਹੈ, ਅਸੀਂ ਕਿਤਨੀਆਂ ਹੀ ਜਾਤੀਆਂ ਬਣਾ ਰੱਖੀਆਂ ਹਨ। ਅਸੀਂ ਕਿਸੇ ਧਰਮ ਨੂੰ ਵਧੀਆ ਆਖਦੇ ਹਾਂ। ਅਸੀਂ ਕਿਸੇ ਧਰਮ ਨੂੰ ਨੀਚਾ ਦਿਖਾਉਣ ਦੀ ਕੋਸ਼ਿਸ਼ ਕਰਦੇ ਹਾਂ। ਅਸੀਂ ਜਾਤੀਆਂ ਵੀ ਉੱਚੀਆਂ ਅਤੇ ਨੀਚੀਆਂ ਬਣਾ ਰੱਖੀਆਂ ਹਨ। ਪਰ ਇਹ ਸਾਰੀਆਂ ਦੁਨਿਆਵੀ ਵੰਡਾਂ ਹਨ। ਰੱਬ ਨੇ ਆਪ ਐਸੀ ਕੋਈ ਵੰਡ ਨਹੀਂ ਕੀਤੀ। ਉਸ ਨੇ ਤਾਂ ਸਾਰਿਆਂ ਨੂੰ ਬਰਾਬਰ ਬਣਾਇਆ ਹੈ। ਅਗਰ ਅਸੀਂ ਇਸ ਬਰਾਬਰਤਾ ਨੂੰ ਕਾਇਮ ਰੱਖਦੇ ਤਾਂ ਇਹ ਦੁਨੀਆਂ ਕਦ ਦੀ ਸਵਰਗ ਬਣ ਜਾਣੀ ਸੀ। ਸਾਨੂੰ ਮਰਨ ਬਾਅਦ ਸਵਰਗ ਪ੍ਰਾਪਤੀ ਦੀ ਇੱਛਾ ਨਹੀਂ ਸੀ ਰਹਿਣੀ। ਅਸੀਂ ਧਰਮਾਂ ਦੇ ਨਾਮ ਉੱਤੇ ਅਤੇ ਜਾਤੀ ਵੰਡਾਂ ਪਾ ਕੇ ਇਸ ਸੰਸਾਰ ਨੂੰ ਨਰਕ ਬਣਾ ਕੇ ਰੱਖ ਦਿੱਤਾ ਹੈ। ਇਸ ਦੁਨੀਆਂ ਤੋਂ ਭਿਆਨਕ ਵੀ ਕੋਈ ਹੋਰ ਨਰਕ ਹੋ ਸਕਦਾ ਹੈ। ਬਹੁਤ ਸਾਰੇ ਲੋਕੀਂ ਆਖਣ ਲੱਗ ਪਏ ਹਨ ਕਿ ਅਸੀਂ ਆਪ ਹੀ ਆਪਣੀਆਂ ਕਰਤੂਤਾਂ ਕਾਰਨ ਨਰਕ ਭੋਗਦੇ ਹਾਂ। ਅਤੇ ਆਪ ਹੀ ਆਪਣੇ ਚੰਗੇ ਕਰਮਾਂ ਕਰਕੇ ਇਸ ਦੁਨੀਆਂ ਨੂੰ ਹੀ ਸਵਰਗ

ਬਣਾ ਸਕਦੇ ਹਾਂ। ਦੁਨੀਆਂ ਦਾ ਸਾਰੇ ਦਾ ਸਾਰਾ ਇਤਿਹਾਸ ਧਰਮਾਂ ਦੇ ਨਾਮ ਉਤੇ ਜੰਗਾਂ ਦਾ ਹੈ ਅਤੇ ਇਨ੍ਹਾਂ ਜੰਗਾਂ ਵਿੱਚ ਹਮੇਸ਼ਾ ਮਾਸੂਮਾਂ ਦਾ ਕਤਲ ਹੁੰਦਾ ਰਿਹਾ ਹੈ। ਜ਼ੁਲਮ ਕਰਨ ਵਾਲਿਆਂ ਨੂੰ ਵੀ ਜਾਂ ਤਖਤ ਮਿਲਦਾ ਰਿਹਾ ਹੈ ਜਾਂ ਉਨ੍ਹਾਂ ਨੂੰ ਤਖਤ ਨਸੀਬ ਹੋਇਆ। ਅਸੀਂ ਧਰਮਾਂ ਅਤੇ ਜਾਤੀਆਂ ਦੇ ਆਧਾਰ ਉਤੇ ਵੰਡੇ ਜਾ ਚੁੱਕੇ ਹਾਂ। ਹੁਣ ਕੋਈ ਐਸਾ ਰਸਤਾ ਦਿਖਾਈ ਨਹੀਂ ਦਿੰਦਾ ਜਿਸ ਰਾਹ ਉਤੇ ਤੁਰ ਕੇ ਅਸੀਂ ਇਸ ਆਪਣੇ ਹੀ ਬਣਾਏ ਨਰਕ 'ਚੋਂ ਬਾਹਰ ਨਿਕਲ ਸਕੀਏ।

## ਅਸੀਂ ਸਾਰੇ ਮਹਾਂਪੁਰਖ ਹਾਂ

ਸਾਡੇ ਸਾਰਿਆਂ ਦਾ ਸਰੋਤ ਇਕ ਹੀ ਹੈ। ਅਸੀਂ ਸਾਰੇ ਰੱਬ ਦੇ ਪੈਦਾ ਕੀਤੇ ਹੋਏ ਲੋਕੀਂ ਹਾਂ। ਸਾਰੇ ਬਰਾਬਰ ਹਾਂ। ਹਰੇਕ ਪ੍ਰਾਣੀ ਦਾ ਕੋਈ ਮਕਸਦ ਹੈ। ਹਰੇਕ ਪ੍ਰਾਣੀ ਗੁਣਾਂ ਦਾ ਪੁਤਲਾ ਹੈ। ਸਾਡੇ ਵਿਚੋਂ ਕੁਝ ਲੋਕੀਂ ਹਨ ਜਿਨ੍ਹਾਂ ਨੇ ਆਪਣੇ ਗੁਣਾਂ ਦੀ ਪਛਾਣ ਕਰ ਲਈ ਹੈ। ਉਹ ਮਹਾਨ ਹੋ ਗਿਆ ਹੈ। ਅਸੀਂ ਆਪਣੇ ਅੰਦਰ ਝਾਤ ਨਹੀਂ ਮਾਰੀ ਹੈ। ਇਸ ਕਰਕੇ ਅਸੀਂ ਆਪਣੇ ਗੁਣਾਂ ਦੀ ਪਛਾਣ ਨਹੀਂ ਕਰ ਪਾਏ। ਇਹ ਨਹੀਂ ਹੋ ਸਕਦਾ ਕਿ ਪਰਮ ਪਿਤਾ ਪ੍ਰਮਾਤਮਾ ਨੇ ਸਾਨੂੰ ਬਿਨਾਂ ਕੋਈ ਗੁਣ ਦਿੱਤਿਆਂ ਹੀ ਇਸ ਦੁਨੀਆਂ ਵਿਚ ਭੇਜ ਦਿੱਤਾ ਹੋਵੇ। ਰੱਬ ਵਿਤਕਰਾ ਨਹੀਂ ਕਰਦਾ। ਕਿਸੇ ਅੰਦਰ ਕੋਈ ਗੁਣ ਦਿੱਤਾ ਹੈ। ਕਿਸੇ ਨੂੰ ਕੋਈ ਹੋਰ ਗੁਣ ਨਸੀਬ ਕੀਤਾ ਹੈ। ਬਹੁਤੇ ਲੋਕੀਂ ਸਵੈ-ਨਿਰੀਖਣ ਹੀ ਨਹੀਂ ਕਰਦੇ। ਆਪਣੇ ਗੁਣਾਂ ਦੀ ਪਛਾਣ ਹੀ ਨਹੀਂ ਕਰਦੇ। ਇਹੀ ਕਾਰਨ ਹੈ ਕਿ ਉਹ ਸਾਰੀ ਉਮਰ ਅੰਧਕਾਰ ਵਿਚ ਰਹਿੰਦੇ ਹਨ। ਸਾਡੇ ਅੰਦਰ ਰੌਸ਼ਨੀ ਮੌਜੂਦ ਹੈ। ਰੱਬ ਦੀ ਕੋਈ ਵੀ ਕਿਰਤ ਬੇਅਰਥ ਨਹੀਂ ਹੁੰਦੀ। ਰੱਬ ਦੇ ਕਾਰਖ਼ਾਨੇ ਦੀ ਹਰ ਸ਼ੈਅ ਵਧੀਆ ਹੁੰਦੀ ਹੈ। ਅਸੀਂ ਵੀ ਬਹੁਤ ਵਧੀਆ ਹਾਂ। ਕਿਸੇ ਤੋਂ ਘੱਟ ਨਹੀਂ ਹਾਂ। ਸਾਡੇ ਲਈ ਰੱਬ ਨੇ ਵੱਖਰਾ ਹੀ ਟੀਚਾ ਨਿਸ਼ਚਿਤ ਕੀਤਾ ਹੈ। ਉਸ ਟੀਚੇ ਦੀ ਪ੍ਰਾਪਤੀ ਲਈ ਸਾਨੂੰ ਬਣਾਇਆ ਗਿਆ ਹੈ। ਅਸੀਂ ਆਪਣਾ ਮੁਕਾਬਲਾ ਕਿਸੇ ਹੋਰ ਨਾਲ ਨਹੀਂ ਕਰਨਾ। ਅਸੀਂ ਵੱਖਰੀ ਕਿਸਮ ਦੇ ਹਾਂ। ਸਾਡਾ ਵੱਖਰਾ ਮਕਸਦ ਹੈ। ਅਸੀਂ ਆਪਣੇ ਮਕਸਦ ਦੀ ਪਛਾਣ ਆਪ ਕਰਨੀ ਹੈ। ਜਿਸ ਕਿਸੇ ਨੂੰ ਆਪਣੇ ਮਕਸਦ ਦੀ ਪਛਾਣ ਹੋ ਜਾਂਦੀ ਹੈ, ਉਹ ਮਹਾਨ ਇਨਸਾਨ ਬਣ ਜਾਂਦਾ ਹੈ।

## ਅਸੀਂ ਪਰਦੇਸੀ ਨਹੀਂ ਹਾਂ

ਇਹ ਦੁਨੀਆਂ ਸਾਡੀ ਹੈ। ਅਸੀਂ ਜਦੋਂ ਤੱਕ ਜਿਊਂਦੇ ਰਹਿਣਾ ਹੈ ਇਸ ਦੁਨੀਆਂ ਵਿਚ ਰਹਿਣਾ ਹੈ। ਅਸੀਂ ਦੁਨੀਆਂ ਨਾਲ ਜੁੜੇ ਰਹਿਣਾ ਹੈ। ਇਸ ਦੁਨੀਆਂ ਨੇ ਜੋ ਵਧੀਆ ਤੌਰ ਤਰੀਕੇ ਸਥਾਪਿਤ ਕੀਤੇ ਹਨ ਅਸੀਂ ਸਵੀਕਾਰ ਕਰਨੇ ਹਨ। ਅਸੀਂ ਉਨ੍ਹਾਂ ਤੌਰ ਤਰੀਕਿਆਂ ਉਤੇ ਚੱਲਣਾ ਹੈ। ਅਸੀਂ ਟੀਕਾ ਟਿਪਣੀ ਵੀ ਕਰਨੀ ਹੈ। ਜੋ ਗੱਲਾਂ ਸਾਨੂੰ ਦੂਜੇ ਲੋਕਾਂ ਨਾਲੋਂ ਤੋੜਦੀਆਂ ਹਨ ਉਹ ਗੱਲਾਂ ਅਸੀਂ ਸਵੀਕਾਰ ਨਹੀਂ ਕਰਨੀਆਂ। ਜੋ ਗੱਲਾਂ ਸਾਨੂੰ ਦੂਜਿਆਂ ਨਾਲ ਜੋੜਦੀਆਂ ਹਨ ਉਹ ਅਸੀਂ ਸਵੀਕਾਰ ਵੀ ਕਰਨੀਆਂ ਹਨ ਅਤੇ ਅਪਨਾਉਣੀਆਂ ਵੀ ਹਨ। ਅਸੀਂ ਸਾਰੇ ਮਨੁੱਖਾਂ ਦਾ ਸਰੋਤ ਇਕ ਹੀ ਹੈ। ਇਸ ਕਰਕੇ ਅਸੀਂ ਇਸ ਮਨੁੱਖ ਨਾਲ ਵੈਰ ਨਹੀਂ ਪਾਉਣਾ। ਕਿਸੇ ਨਾਲ ਵਿਤਕਰਾ ਨਹੀਂ ਕਰਨਾ। ਇਹ ਧਰਮਾਂ ਅਤੇ ਜਾਤੀਆਂ ਦੀਆਂ ਵੰਡਾਂ ਅਸੀਂ ਆਪ ਪਾਈਆਂ ਹਨ ਅਤੇ ਕੋਈ ਆਖੇ ਕਿ ਧਰਮ ਅਤੇ ਜਾਤੀ ਕਾਰਨ ਉਹ ਦੂਜੇ ਨਾਲੋਂ ਬਿਹਤਰ ਹੈ, ਤਾਂ ਐਸੀ ਸੋਚ ਗ਼ਲਤ ਹੈ। ਜੋ ਕੋਈ ਐਸੀਆਂ ਗੱਲਾਂ ਸਿਖਾਉਂਦਾ ਹੈ ਉਹ ਵੀ ਗ਼ਲਤ ਹੈ। ਜੇ ਕੋਈ ਐਸੀ ਸਿੱਖਿਆ ਪ੍ਰਵਾਨ

ਕਰਕੇ ਵੰਡੀਆਂ ਪਾ ਬੈਠਦਾ ਹੈ ਉਹ ਵੀ ਗ਼ਲਤ ਹੈ। ਅਗਰ ਅਸੀਂ ਇਸ ਸੰਸਾਰ ਵਿਚ ਸੁੱਖੀ ਸਾਂਦੀ ਦਾ ਜੀਵਨ ਬਸਰ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਇਨ੍ਹਾਂ ਵੰਡੀਆਂ ਤੋਂ ਬਾਹਰ ਨਿਕਲਣਾ ਪਵੇਗਾ। ਜਦ ਤਕ ਵੰਡੀਆਂ ਪਈਆਂ ਰਹਿਣਗੀਆਂ ਲੜਾਈਆਂ ਝਗੜੇ ਕਾਇਮ ਰਹਿਣਗੇ ਅਤੇ ਅਸੀਂ ਕਦੀ ਵੀ ਸੁੱਖੀ ਸਾਂਦੀ ਨਹੀਂ ਰਹਿ ਸਕਦੇ। ਇਹ ਦੁਨੀਆਂ ਰਹਿਣ ਵਾਲੀ ਥਾਂ ਨਹੀਂ ਬਣ ਸਕਦੀ।

## ਧਾਰਮਿਕ ਚਿੰਨ੍ਹਾਂ ਨੂੰ ਅਪਨਾ ਕੇ ਧਾਰਮਿਕ ਨਹੀਂ ਬਣੀਂਦਾ

ਧਾਰਮਿਕ ਚਿੰਨ੍ਹਾਂ ਰਾਹੀਂ ਇਹ ਤਾਂ ਪਤਾ ਲੱਗ ਸਕਦਾ ਹੈ ਕਿ ਅਸੀਂ ਧਰਮ ਨਾਲ ਸੰਬੰਧ ਰੱਖਦੇ ਹਾਂ ਪਰ ਕੋਈ ਆਖੇ ਕਿ ਧਾਰਮਿਕ ਚਿੰਨ੍ਹਾਂ ਦਾ ਗ੍ਰਹਿਣ ਕਰਨਾ ਇਹ ਦਰਸਾਉਂਦਾ ਹੈ ਕਿ ਅਸੀਂ ਧਰਮੀ ਆਦਮੀ ਬਣ ਗਏ ਤਾਂ ਐਸਾ ਕਹਿਣਾ ਗ਼ਲਤ ਹੈ। ਕਿਸੇ ਧਰਮ ਨਾਲ ਸੰਬੰਧ ਰੱਖਣ ਦਾ ਮਤਲਬ ਕੁਝ ਹੋਰ ਹੈ। ਇਹ ਦੁਨੀਆਂ ਧਰਮਾਂ ਵਿੱਚ ਵੰਡੀ ਜਾ ਚੁੱਕੀ ਹੈ ਅਤੇ ਹਰੇਕ ਧਰਮ ਦੇ ਲੋਕਾਂ ਨੇ ਆਪਣੀ ਸ਼ਕਲ ਸੂਰਤ ਅਤੇ ਪਹਿਰਾਵਾ ਐਸਾ ਬਣਾ ਲਿਆ ਹੈ ਜਿਸ ਤੋਂ ਉਸ ਦੇ ਧਰਮ ਦੀ ਪਛਾਣ ਹੋ ਜਾਂਦੀ ਹੈ। ਕਿਸੇ ਧਰਮ ਦੇ ਚਿੰਨ੍ਹਾਂ ਨੂੰ ਅਪਨਾ ਕੇ ਕੋਈ ਆਖੇ ਕਿ ਅਸੀਂ ਧਰਮੀ ਹੋ ਗਏ ਹਾਂ, ਤਾਂ ਐਸਾ ਆਖਣਾ ਗ਼ਲਤ ਹੈ। ਧਾਰਮਿਕ ਆਦਮੀ ਦੀ ਇਕ ਐਸੀ ਪਛਾਣ ਹੈ ਕਿ ਉਹ ਵੰਡੀਆਂ ਨਾਲ ਪਾਈਆਂ ਕਤਾਰਾਂ ਵਿਚ ਖਲੋਤਾ ਨਹੀਂ ਰਹਿੰਦਾ। ਉਹ ਤਾਂ ਹਰ ਕਤਾਰ ਵਿਚ ਖਲੋਤਾ ਨਜ਼ਰ ਆਉਂਦਾ ਹੈ। ਉਹ ਇਹ ਭੁੱਲ ਹੀ ਜਾਂਦਾ ਹੈ ਕਿ ਉਹ ਹਿੰਦੂ ਹੈ, ਮੁਸਲਮਾਨ ਹੈ, ਸਿੱਖ ਹੈ ਜਾਂ ਇਸਾਈ ਹੈ। ਉਹ ਕੋਈ ਵੀ ਨਹੀਂ ਰਹਿੰਦਾ। ਅਸੀਂ ਇਹ ਵੀ ਆਖ ਸਕਦੇ ਹਾਂ ਕਿ ਉਹ ਇਨਸਾਨ ਬਣ ਜਾਂਦਾ ਹੈ। ਇਨਸਾਨ ਕਿਸੇ ਧਰਮ ਦੇ ਬੰਧਨ ਵਿਚ ਨਹੀਂ ਰਹਿੰਦਾ। ਉਹ ਅਜ਼ਾਦ ਹੋ ਜਾਂਦਾ ਹੈ। ਉਹ ਸਾਰਿਆਂ ਦਾ ਸਾਂਝਾ ਹੋ ਜਾਂਦਾ ਹੈ। ਉਸ ਦੀਆਂ ਕਾਰਵਾਈਆਂ ਕਿਸੇ ਨਾਲ ਵਿਤਕਰਾ ਨਹੀਂ ਕਰਦੀਆਂ। ਸਾਰਿਆਂ ਲਈ ਲਾਭਕਾਰੀ ਹੋ ਜਾਂਦੀਆਂ ਹਨ। ਇਸੇ ਕਰਕੇ ਆਖਦੇ ਹਨ ਕਿ ਬੰਦਾ ਮਜ਼੍ਹਬ ਕਰਕੇ ਨਹੀਂ ਪਛਾਣਿਆ ਜਾਂਦਾ ਬਲਕਿ ਉਹ ਕਰਮ ਕੈਸੇ ਕਰਦਾ ਹੈ, ਉਸ ਦੇ ਕਰਮਾਂ ਕਰਕੇ ਉਸ ਦੀ ਪਛਾਣ ਬਣਦੀ ਹੈ ਅਤੇ ਅਸੀਂ ਆਪਣੇ ਕਰਮਾਂ ਕਰਕੇ ਆਪਣੀ ਹੋਂਦ ਕਾਇਮ ਕਰਨੀ ਹੈ। ਅਸੀਂ ਵਧੀਆ ਆਦਮੀ ਜਾਂ ਘਟੀਆ ਆਦਮੀ ਹਾਂ, ਇਸ ਦੀ ਪਛਾਣ ਵੀ ਸਾਡੇ ਧਰਮ ਕਰਕੇ ਨਹੀਂ ਬਝਣੀ, ਬਲਕਿ ਸਾਡੇ ਕਰਮਾਂ ਕਰਕੇ ਲੋਕਾਂ ਨੇ ਇਸ ਗੱਲ ਦਾ ਫ਼ੈਸਲਾ ਕਰਨਾ ਹੈ।

## ਆਖ਼ਰ ਸੱਚ ਨਿਖਰ ਆਉਂਦਾ ਹੈ

ਅਸੀਂ ਕਿਤਨਾ ਹੀ ਝੂਠ ਬੋਲਦੇ ਰਹੀਏ। ਇਕ ਝੂਠ ਨੂੰ ਛੁਪਾਉਣ ਲਈ ਦੂਜਾ ਝੂਠ ਘੜਦੇ ਰਹੀਏ। ਸੱਚਾਈ ਨੇ ਅੱਜ ਵੀ ਪ੍ਰਗਟ ਹੋਣਾ ਹੈ, ਸੱਚਾਈ ਕੱਲ੍ਹ ਵੀ ਬਾਹਰ ਆਵੇਗੀ। ਰੱਬ ਨੇ ਵੀ ਸਾਡੇ ਕਰਮਾਂ ਦਾ ਨਬੇੜਾ ਸਚਾਈ ਦੇ ਆਧਾਰ ਉਤੇ ਕਰਨਾ ਹੈ। ਸਾਨੂੰ ਆਖ਼ਰ ਇਕ ਨਾ ਇਕ ਦਿਨ ਸੱਚ ਦਾ ਸਹਾਰਾ ਲੈਣਾ ਹੀ ਪੈਣਾ ਹੈ। ਫਿਰ ਦੇਰ ਕਾਹਦੀ ? ਕੱਲ੍ਹ ਦੀ ਬਜਾਏ ਅਸੀਂ ਅੱਜ ਹੀ ਸੱਚ ਦਾ ਸਹਾਰਾ ਲੈ ਸਕਦੇ ਹਾਂ। ਸੱਚ ਕਾਰਨ ਅਸੀਂ ਸਜ਼ਾ ਨਹੀਂ ਖਾਵਾਂਗੇ। ਸੱਚ ਸਾਡੀ ਸਜ਼ਾ ਖ਼ਤਮ ਕਰਦਾ ਹੈ। ਅਸੀਂ ਆਪਣੀਆਂ ਗ਼ਲਤੀਆਂ ਦਾ ਖ਼ਮਿਆਜ਼ਾ ਭੁਗਤਣ ਲਈ ਤਿਆਰ ਹੋ ਜਾਂਦੇ ਹਾਂ। ਆਪਣੀਆਂ ਗ਼ਲਤੀਆਂ ਦਾ ਖ਼ਮਿਆਜ਼ਾ ਭੁਗਤ ਕੇ ਸਾਡੇ ਅੰਦਰ ਤਬਦੀਲੀਆਂ ਆਉਂਦੀਆਂ ਹਨ। ਅਸੀਂ ਅੱਗੇ ਨਾਲੋਂ ਬਿਹਤਰ

ਇਨਸਾਨ ਬਣ ਜਾਂਦੇ ਹਾਂ ਅਤੇ ਮਨੁੱਖ ਇਸ ਦੁਨੀਆਂ ਵਿੱਚ ਆਇਆ ਹੀ ਆਪਣੀ ਸੁਧਾਈ ਲਈ ਹੈ। ਅਸੀਂ ਅਗਰ ਸੱਚਾਈ ਦੇ ਰਾਹ ਉਤੇ ਚੱਲ ਕੇ ਇਸ ਜੀਵਨ ਵਿੱਚ ਹੀ ਆਪਣੀ ਸੁਧਾਈ ਕਰ ਲੈਂਦੇ ਹਾਂ ਤਾਂ ਸਾਡਾ ਇਹ ਜੀਵਨ ਵੀ ਸਫਲ ਹੋ ਜਾਂਦਾ ਹੈ ਅਤੇ ਸਾਡੇ ਅੰਦਰੋਂ ਇਹ ਡਰ ਵੀ ਖ਼ਤਮ ਹੋ ਜਾਂਦਾ ਹੈ ਕਿ ਮਰਨ ਉਪਰੰਤ ਸਾਨੂੰ ਕਿਸੇ ਨਰਕ ਵਿਚ ਭੇਜਿਆ ਜਾਵੇਗਾ। ਝੂਠ ਬੋਲ ਕੇ ਵੀ ਕਈ ਵਾਰੀ ਝੂਠ ਬੋਲਣਾ ਪੈਂਦਾ ਹੈ। ਝੂਠ ਦਾ ਇਕ ਸਿਲਸਿਲਾ ਹੀ ਚੱਲ ਪੈਂਦਾ ਹੈ। ਸੱਚ ਬੋਲਣ ਬਾਅਦ ਕਿਸੇ ਬਨਾਵਟ ਦੀ ਜ਼ਰੂਰਤ ਨਹੀਂ ਰਹਿੰਦੀ। ਬਸ ਇਕ ਵਾਰੀ ਹੀ ਸੱਚ ਆਖ ਕੇ ਅਸੀਂ ਸੁਰਖਰੂ ਹੋ ਸਕਦੇ ਹਾਂ। ਜਦੋਂ ਸਾਡੇ ਝੂਠ ਦਾ ਇਕ ਦਿਨ ਪਾਜ ਖੁੱਲ੍ਹ ਹੀ ਜਾਣਾ ਹੈ, ਅਸੀਂ ਝੂਠ ਬੋਲ ਕੇ ਆਪਣਾ ਸਮਾਂ ਨਸ਼ਟ ਕਿਉਂ ਕਰਦੇ ਹਾਂ ?

## ਰੱਬ ਸਰਬ ਵਿਆਪਕ ਹੈ

ਸਾਰੇ ਧਰਮਾਂ ਦੇ ਲੋਕਾਂ ਨੇ ਇਹ ਫ਼ੈਸਲਾ ਕਰ ਲਿਆ ਹੈ ਕਿ ਰੱਬ ਸਰਬ ਸ਼ਕਤੀਮਾਨ ਹੈ ਅਤੇ ਹਰ ਥਾਂ ਵਿਆਪਕ ਹੈ। ਅਰਥਾਤ ਰੱਬ ਕਿਸੇ ਥਾਂ ਤੋਂ ਗ਼ੈਰ ਹਾਜ਼ਰ ਨਹੀਂ ਹੈ। ਅਸੀਂ ਅਗਰ ਸੋਚਦੇ ਹਾਂ ਕਿ ਅਸੀਂ ਜੋ ਕੁਝ ਕਰ ਰਹੇ ਹਾਂ, ਕੋਈ ਵੀ ਦੇਖ ਨਹੀਂ ਰਿਹਾ ਤਾਂ ਸਾਡੀ ਐਸੀ ਸੋਚ ਗ਼ਲਤ ਹੈ। ਰੱਬ ਸਾਨੂੰ ਦੇਖ ਰਿਹਾ ਹੈ ਅਤੇ ਅਗਰ ਅਸੀਂ ਦੁਨੀਆਂ ਦੀਆਂ ਨਜ਼ਰਾਂ ਤੋਂ ਬਚਾ ਕੇ ਕੁਝ ਕਰ ਰਹੇ ਹਾਂ ਤਾਂ ਰੱਬ ਨੇ ਦੇਖ ਵੀ ਲਿਆ ਹੈ ਅਤੇ ਸਾਨੂੰ ਆਪਣੇ ਕੀਤੇ ਦੀ ਸਜ਼ਾ ਵੀ ਦੇਵੇਗਾ। ਅਸੀਂ ਰੱਬ ਦੀ ਸਜ਼ਾ ਤੋਂ ਬਚ ਨਹੀਂ ਸਕਦੇ। ਰੱਬ ਸਜ਼ਾ ਦੇਣ ਵਿਚ ਦੇਰੀ ਤਾਂ ਕਰ ਸਕਦਾ ਹੈ, ਪਰ ਸਾਡਾ ਪਾਪ ਮੁਆਫ਼ ਨਹੀਂ ਕਰਦਾ। ਸਾਨੂੰ ਆਪਣੇ ਕੀਤੇ ਦੀ ਸਜ਼ਾ ਭੁਗਤਣੀ ਪੈਂਦੀ ਹੈ। ਇਸ ਕਰਕੇ ਜਿਨ੍ਹਾਂ ਲੋਕਾਂ ਨੂੰ ਇਹ ਗਿਆਨ ਹੋ ਗਿਆ ਹੈ ਕਿ ਰੱਬ ਸਰਬ-ਵਿਆਪਕ ਹੈ, ਉਹ ਪਾਪ ਕਰਦੇ ਹੀ ਨਹੀਂ ਹਨ। ਪਾਪਾਂ ਤੋਂ ਮੁਕਤ ਹੋ ਜਾਂਦੇ ਹਨ। ਵਧੀਆ ਬੰਦੇ ਬਣ ਜਾਂਦੇ ਹਨ। ਆਪ ਵੀ ਸੁੱਖ ਪਾਉਂਦੇ ਹਨ ਅਤੇ ਬਾਕੀ ਲੋਕਾਂ ਦੇ ਸੁੱਖ ਦਾ ਕਾਰਨ ਬਣਦੇ ਹਨ। ਰੱਬ ਦੀ ਹਾਜ਼ਰੀ ਸਵੀਕਾਰ ਕਰਨ ਵਾਲੇ ਆਦਮੀ ਨੂੰ ਰੱਬ ਦਾ ਡਰ ਰਹਿੰਦਾ ਹੈ ਅਤੇ ਉਹ ਬੁਰੇ ਕੰਮ ਕਰਨੋਂ ਰੁੱਕ ਜਾਂਦਾ ਹੈ ਅਤੇ ਫਿਰ ਹੌਲੀ ਹੌਲੀ ਉਹ ਚੰਗੇ ਕੰਮ ਕਰਨ ਦੀ ਆਦਤ ਬਣਾ ਲੈਂਦਾ ਹੈ।

## ਝੂਠ ਹਾਰ ਜਾਂਦਾ ਹੈ

ਸਾਰੇ ਧਰਮਾਂ ਨੇ ਮਨੁੱਖ ਨੂੰ ਸਮਝਾਇਆ ਹੈ ਕਿ ਝੂਠ ਬਹੁਤ ਹੀ ਕਮਜ਼ੋਰ ਹੁੰਦਾ ਹੈ। ਝੂਠਾ ਕਦੀ ਜਿੱਤਦਾ ਨਹੀਂ, ਝੂਠਾ ਆਦਮੀ ਦੂਜਿਆਂ ਸਾਹਮਣੇ ਸ਼ਰਮਿੰਦਾ ਹੁੰਦਾ ਹੈ। ਝੂਠਾ ਆਦਮੀ ਆਪਣੀਆਂ ਨਜ਼ਰਾਂ ਵਿੱਚ ਆਪ ਹੀ ਗਿਰ ਜਾਂਦਾ ਹੈ। ਝੂਠ ਦੀ ਕੋਈ ਬੁਨਿਆਦ ਨਹੀਂ ਹੁੰਦੀ। ਅਸੀਂ ਜਦ ਵੀ ਝੂਠ ਦਾ ਸਹਾਰਾ ਲੈ ਕੇ ਤੁਰਦੇ ਹਾਂ ਤਾਂ ਸਾਡੇ ਕਦਮ ਡਗਮਗਾ ਉਠਦੇ ਹਨ। ਅਸੀਂ ਲੱਖ ਕੋਸ਼ਿਸ਼ਾਂ ਪਏ ਕਰੀਏ, ਅਸੀਂ ਆਪਣੇ ਨਿਸ਼ਾਨੇ ਤੱਕ ਨਹੀਂ ਪੁੱਜ ਸਕਦੇ। ਇਸ ਲਈ ਝੂਠ ਦਾ ਸਹਾਰਾ ਛੱਡ ਕੇ ਸਾਨੂੰ ਸੱਚ ਦਾ ਸਹਾਰਾ ਲੈਣਾ ਚਾਹੀਦਾ ਹੈ, ਸੱਚ ਸਾਨੂੰ ਸ਼ਰਮਿੰਦਗੀ ਤੋਂ ਬਚਾਉਂਦਾ ਹੈ। ਅਸੀਂ ਦੁਨੀਆਂ ਸਾਹਮਣੇ ਸਿਰ ਉੱਚਾ ਕਰਕੇ ਤੁਰ ਸਕਦੇ ਹਾਂ। ਸੱਚ ਆਤਮ ਵਿਸ਼ਵਾਸ ਪੈਦਾ ਕਰਦਾ ਹੈ, ਅਸੀਂ ਸੱਚੇ ਹੋਈਏ ਤਾਂ ਹੀਣਤਾ ਭਾਵ ਤੋਂ ਬਚ ਜਾਂਦੇ ਹਾਂ। ਸਾਡਾ ਸਮਾਂ ਨਸ਼ਟ ਨਹੀਂ ਹੁੰਦਾ, ਸੱਚ ਬੋਲਣ ਵਾਲੇ ਆਦਮੀ ਨੂੰ ਬਨਾਵਟੀ ਕਹਾਣੀਆਂ ਨਹੀਂ ਬਣਾਉਣੀਆਂ ਪੈਂਦੀਆਂ। ਸੱਚੇ ਆਦਮੀ ਉੱਤੇ ਹਰ ਕੋਈ

ਵਿਸ਼ਵਾਸ ਕਰਦਾ ਹੈ। ਜੋ ਆਦਮੀ ਝੂਠਾ ਹੈ, ਉਹ ਲੋਕਾਂ ਦੀਆਂ ਨਜ਼ਰਾਂ ਤੋਂ ਬਚ ਨਹੀਂ ਸਕਦਾ। ਲੋਕੀਂ ਉਸ ਨੂੰ ਝੂਠਾ ਆਦਮੀ ਗਰਦਾਨ ਦਿੰਦੇ ਹਨ, ਉਸ ਤੋਂ ਦੂਰ ਰਹਿਣ ਦੀ ਕੋਸ਼ਿਸ ਕਰਦੇ ਹਨ, ਉਸ ਦੀ ਆਖੀ ਗੱਲ ਉੱਤੇ ਕੋਈ ਵਿਸ਼ਵਾਸ ਨਹੀਂ ਕਰਦਾ ਅਤੇ ਝੂਠਾ ਆਦਮੀ ਆਪਣੀਆਂ ਕੀਤੀਆਂ ਦਾ ਫ਼ਲ ਇਸ ਸੰਸਾਰ ਵਿੱਚ ਹੀ ਭੁਗਤਦਾ ਹੈ। ਕੋਈ ਆਖੇ ਕਿ ਉਹ ਝੂਠ ਬੋਲ ਕੇ ਜੇਤੂ ਹੋ ਗਿਆ ਹੈ ਤਾਂ ਉਸ ਦਾ ਐਸਾ ਅੰਦਾਜ਼ਾ ਲਗਾਉਣਾ ਗ਼ਲਤ ਹੈ। ਝੂਠ ਜਿੱਤਿਆ ਨਹੀਂ ਕਰਦਾ, ਝੂਠ ਸਦਾ ਹੀ ਹਾਰਦਾ ਆਇਆ ਹੈ।

## ਗੁਣਾਂ ਦੀ ਸਾਂਝ ਕਰੋ

ਅਗਰ ਪਰਮ ਪਿਤਾ ਪ੍ਰਮਾਤਮਾ ਨੇ ਬਖ਼ਸ਼ਿਸ਼ ਕੀਤੀ ਹੈ ਅਤੇ ਸਾਡੇ ਅੰਦਰ ਖ਼ਾਸ ਕਿਸਮ ਦੀਆਂ ਖ਼ੂਬੀਆਂ ਪ੍ਰਦਾਨ ਕੀਤੀਆਂ ਹਨ ਤਾਂ ਅਸੀਂ ਇਸ ਰੱਬੀ ਦਾਤ ਨੂੰ ਆਪਣੇ ਆਪ ਤੱਕ ਹੀ ਸੀਮਤ ਨਹੀਂ ਰੱਖਣਾ, ਅਸੀਂ ਆਪਣੇ ਗੁਣਾਂ ਨੂੰ ਲੋਕਾਂ ਦੇ ਹਿੱਤ ਵਿੱਚ ਵਰਤਣਾ ਹੈ। ਅਸੀਂ ਪਰਉਪਕਾਰੀ ਬਣਨਾ ਹੈ, ਗੁਣ ਵੰਡਣੇ ਚਾਹੀਦੇ ਹਨ, ਗੁਣ ਆਪਣੇ ਆਪ ਤੱਕ ਸੀਮਤ ਨਹੀਂ ਰੱਖਣੇ ਚਾਹੀਦੇ, ਲੋਕਾਂ ਦੇ ਭਲੇ ਲਈ ਵਰਤਣੇ ਚਾਹੀਦੇ ਹਨ। ਰੱਬ ਗੁਣ ਖ਼ਤਮ ਨਹੀਂ ਹੋਣ ਦਿੰਦਾ। ਜੋ ਆਦਮੀ ਆਪਣੇ ਗੁਣਾਂ ਨੂੰ ਲੋਕ-ਭਲਾਈ ਲਈ ਵਰਤਦਾ ਹੈ, ਰੱਬ ਉਸ ਨੂੰ ਗੁਣਾਂ ਦੀ ਦਾਤ ਦਿੱਤੀ ਰੱਖਦਾ ਹੈ। ਉਸ ਦੇ ਗੁਣਾਂ ਵਿੱਚ ਵਾਧਾ ਹੁੰਦਾ ਰਹਿੰਦਾ ਹੈ। ਗੁਣਾਂ ਦਾ ਖ਼ਜ਼ਾਨਾ ਖ਼ਤਮ ਹੋਣ ਦੀ ਬਜਾਏ ਗੁਣਾਂ ਦੀ ਵਰਤੋਂ ਕਰਨ ਨਾਲ ਗੁਣ ਵਧਦੇ ਹੀ ਰਹਿੰਦੇ ਹਨ। ਇਸ ਲਈ ਸਾਡੇ ਲਈ ਲਾਜ਼ਮੀ ਬਣ ਜਾਂਦਾ ਹੈ ਕਿ ਅਸੀਂ ਆਪਣੇ ਆਪ ਦੀ ਪੜਚੋਲ ਕਰਦੇ ਰਹੀਏ। ਆਪਣੇ ਅੰਦਰ ਵਿਆਪਕ ਗੁਣਾਂ ਦੀ ਸ਼ਨਾਖ਼ਤ ਕਰਦੇ ਰਹੀਏ। ਆਪਣੇ ਗੁਣਾਂ ਨੂੰ ਸੇਧ ਦਿੰਦੇ ਰਹੀਏ, ਆਪਣੇ ਗੁਣਾਂ ਨੂੰ ਲੋਕ ਭਲਾਈ ਲਈ ਵਰਤਦੇ ਰਹੀਏ। ਲੋਕਾਂ ਦੀ ਵਾਹ-ਵਾਹ ਪ੍ਰਾਪਤ ਕਰਦੇ ਰਹੀਏ ਅਤੇ ਇਉਂ ਪਰਮ-ਪਿਤਾ ਪ੍ਰਮਾਤਮਾ ਦੀਆਂ ਬਖ਼ਸ਼ਿਸ਼ਾਂ ਪ੍ਰਾਪਤ ਕਰਦੇ ਰਹੀਏ। ਰੱਬ ਵੀ ਉਸ ਆਦਮੀ ਉੱਤੇ ਬਹੁਤ ਖ਼ੁਸ਼ ਹੁੰਦਾ ਹੈ ਜੋ ਆਪਣੇ ਗੁਣਾਂ ਦੀ ਵਰਤੋਂ ਰੱਬ ਦੇ ਬਣਾਏ ਬੰਦਿਆਂ ਦੇ ਭਲੇ ਲਈ ਕਰਦਾ ਹੈ। ਜੋ ਆਦਮੀ ਆਪਣੇ ਗੁਣਾਂ ਦੀ ਕਦੀ ਸ਼ਨਾਖ਼ਤ ਨਹੀਂ ਕਰਦਾ, ਆਪਣੇ ਗੁਣਾਂ ਨੂੰ ਕਦੀ ਸੇਧ ਨਹੀਂ ਦਿੰਦਾ, ਆਪਣੇ ਗੁਣਾਂ ਨੂੰ ਲੋਕਾਂ ਦੀ ਬਿਹਤਰੀ ਲਈ ਨਹੀਂ ਵਰਤਦਾ, ਉਸ ਉੱਤੇ ਰੱਬ ਵੀ ਮਿਹਰਬਾਨੀਆਂ ਕਰਨਾ ਛੱਡ ਦਿੰਦਾ ਹੈ।

## ਦੌਲਤ ਨਾਲ ਬੰਦੇ ਦੀ ਭੁੱਖ ਨਹੀਂ ਮਿਟਦੀ

ਦੌਲਤ ਇਕ ਐਸੀ ਸ਼ੈਅ ਹੈ ਜੋ ਸਾਡੀ ਭੁੱਖ ਵਧਾਉਂਦੀ ਹੈ। ਦੌਲਤ ਨਾਲ ਬੰਦਾ ਰੱਜਦਾ ਨਹੀਂ, ਉਸ ਦਾ ਦਿਲ ਕਰਦਾ ਰਹਿੰਦਾ ਹੈ ਕਿ ਦੌਲਤ ਵਧਦੀ ਹੀ ਜਾਵੇ। ਦੌਲਤ ਦੀਆਂ ਕੋਈ ਸੀਮਾਵਾਂ ਨਹੀਂ ਹੁੰਦੀਆਂ। ਦੌਲਤ ਦਾ ਭੁੱਖਾ ਬੰਦਾ ਕੁਝ ਵੀ ਕਰ ਸਕਦਾ ਹੈ। ਉਹ ਵੱਡੇ ਤੋਂ ਵੱਡਾ ਪਾਪ ਕਰ ਸਕਦਾ ਹੈ। ਉਸ ਦੀ ਭੁੱਖ ਲੋਕਾਂ ਨੂੰ ਵੀ ਖਾ ਜਾਂਦੀ ਹੈ। ਦੌਲਤ ਲਈ ਉਹ ਲੋਕਾਂ ਉੱਤੇ ਜ਼ੁਲਮ ਕਰ ਸਕਦਾ ਹੈ, ਲੋਕਾਂ ਨੂੰ ਭੁੱਖਾ ਮਾਰ ਸਕਦਾ ਹੈ, ਲੋਕਾਂ ਦਾ ਕਤਲ ਤੱਕ ਕਰ ਸਕਦਾ ਹੈ। ਦੁਨੀਆਂ ਅੰਦਰ ਬਹੁਤੇ ਅਪਰਾਧ ਅਤੇ ਪਾਪ ਦੌਲਤ ਦੀ ਭੁੱਖ ਵਿੱਚੋਂ ਪੈਦਾ ਹੁੰਦੇ ਹਨ। ਅਸੀਂ ਅਗਰ ਜੇਲ੍ਹਾਂ ਵਿੱਚ ਕਦੇ ਲੋਕਾਂ ਦਾ ਸਰਵੇਖਣ ਕਰਕੇ ਦੇਖੀਏ ਤਾਂ ਬਹੁਤੇ ਕੈਦੀ ਉਹ ਨਿਕਲਣਗੇ ਜੋ ਦੌਲਤ ਪਾਉਣ ਲਈ

ਅਪਰਾਧ ਕਰ ਬੈਠੇ ਹਨ। ਆਦਮੀ ਦੀਆਂ ਲੋੜਾਂ ਬਹੁਤ ਥੋੜ੍ਹੀਆਂ ਹੁੰਦੀਆਂ ਹਨ, ਬਾਕੀ ਦੌਲਤ ਬਸ ਐਵੇਂ ਹੀ ਜਮ੍ਹਾਂ ਰਹਿੰਦੀ ਹੈ। ਅਸੀਂ ਦੌਲਤ ਦੀ ਵਰਤੋਂ ਗ਼ਲਤ ਕਰਨ ਲੱਗ ਪੈਂਦੇ ਹਾਂ। ਦੌਲਤ ਨਾਲ ਅਸੀਂ ਸ਼ਕਤੀਸ਼ਾਲੀ ਮਨੁੱਖ ਬਣ ਜਾਂਦੇ ਹਾਂ ਅਤੇ ਫਿਰ ਆਸੇ-ਪਾਸੇ ਵਸਦੇ ਲੋਕਾਂ ਨਾਲ ਜ਼ਿਆਦਤੀਆਂ ਕਰਨ ਲੱਗ ਪੈਂਦੇ ਹਾਂ। ਦੌਲਤ ਅਹੰਕਾਰ ਪੈਦਾ ਕਰਦੀ ਹੈ। ਅਸੀਂ ਦੌਲਤ ਦੀ ਤਾਕਤ ਨਾਲ ਮਸ਼ਹੂਰੀ ਪ੍ਰਾਪਤ ਕਰਨ ਦੀ ਕੋਸ਼ਿਸ ਕਰਨ ਲੱਗ ਪੈਂਦੇ ਹਾਂ। ਕਈ ਕਿਸਮ ਦੇ ਦਾਨ ਕਰਕੇ ਲੋਕਾਂ ਦੇ ਮਨਾਂ ਵਿੱਚ ਆਪਣੇ ਲਈ ਇੱਜ਼ਤ ਬਣਾਉਣਾ ਚਾਹੁੰਦੇ ਹਾਂ ਪਰ ਲੋਕੀਂ ਜਾਣਦੇ ਹਨ ਕਿ ਅਸੀਂ ਧਨ ਸਿੱਧੇ ਢੰਗ ਨਾਲ ਨਹੀਂ ਕਮਾਇਆ। ਹਰ ਕੋਈ ਜਾਣਦਾ ਹੈ ਕਿ ਧਨ ਕਮਾਉਣ ਲਈ ਸੌ ਕਿਸਮ ਦੇ ਪਾਪ ਕਰਨੇ ਪੈਂਦੇ ਹਨ ਅਤੇ ਪਾਪੀ ਬੰਦੇ ਨੂੰ ਕੋਈ ਪਿਆਰ ਨਹੀਂ ਕਰਦਾ। ਜਦੋਂ ਧਨ ਨਾਲ ਧਨ ਪੈਦਾ ਹੋਵੇ ਉਦੋਂ ਬੰਦੇ ਦੀ ਕੀਮਤ ਘਟ ਜਾਂਦੀ ਹੈ। ਜੋ ਸਮਾਜ ਵੀ ਪੈਸੇ ਦੇ ਜ਼ੋਰ ਉੱਤੇ ਖੜ੍ਹਾ ਹੈ, ਉੱਥੇ ਬੰਦਾ ਅਰਥਹੀਣ ਹੋ ਜਾਂਦਾ ਹੈ। ਦੌਲਤ ਵਾਲਾ ਬੰਦੇ ਨੂੰ ਬੰਦਾ ਨਹੀਂ ਸਮਝਦਾ। ਇਸ ਕਰਕੇ ਕੋਈ ਐਸਾ ਪ੍ਰਬੰਧ ਹੋਣਾ ਚਾਹੀਦਾ ਹੈ ਜਿੱਥੇ ਕੋਈ ਵੀ ਇਤਨਾ ਦੌਲਤਮੰਦ ਨਾ ਹੋ ਜਾਵੇ ਕਿ ਉਸ ਸਾਹਮਣੇ ਬਾਕੀ ਆਦਮੀ ਇਸ ਕਰਕੇ ਅਰਥਹੀਣ ਹੋ ਜਾਣ ਕਿ ਉਹ ਦੌਲਤਮੰਦ ਨਹੀਂ ਹਨ।

## ਜਿਊਣ ਦੀ ਸਹੀ ਸੋਝੀ ਪ੍ਰਾਪਤ ਕਰਨਾ

ਅਸੀਂ ਮਨੁੱਖ ਜਦੋਂ ਤੱਕ ਜਿਊਂਦੇ ਹਾਂ ਜਿਊਣ ਦੀ ਸਹੀ ਸੋਝੀ ਪ੍ਰਾਪਤ ਕਰਨ ਵਿੱਚ ਹੀ ਲੱਗੇ ਰਹਿੰਦੇ ਹਾਂ, ਫਿਰ ਵੀ ਬੰਦਾ ਅਧੂਰਾ ਹੀ ਰਹਿੰਦਾ ਹੈ। ਬੰਦਾ ਕਦੀ ਸੰਪੂਰਨ ਨਹੀਂ ਹੁੰਦਾ। ਜੋ ਕੋਈ ਆਪਣੇ ਆਪ ਨੂੰ ਸੰਪੂਰਨ ਸਮਝਦਾ ਹੈ ਉਹ ਗ਼ਲਤ ਹੈ। ਗੁਣਾਂ ਦੀ ਸੂਚੀ ਨਹੀਂ ਬਣਾਈ ਜਾ ਸਕਦੀ, ਗੁਣ ਰੱਬ ਨੇ ਵੰਡ ਦਿੱਤੇ ਹਨ, ਕਿਸੇ ਆਦਮੀ ਅੰਦਰ ਕੋਈ ਗੁਣ ਹੈ ਅਤੇ ਕਿਸੇ ਅੰਦਰ ਕੋਈ ਗੁਣ ਹੈ। ਅਸੀਂ ਜਦੋਂ ਆਪਣੇ ਗੁਣਾਂ ਦਾ ਮੁਕਾਬਲਾ ਕਿਸੇ ਹੋਰ ਆਦਮੀ ਦੇ ਗੁਣਾਂ ਨਾਲ ਕਰਦੇ ਹਾਂ ਤਾਂ ਸਾਨੂੰ ਇਉਂ ਮਹਿਸੂਸ ਹੋਣ ਲੱਗ ਪੈਂਦਾ ਹੈ ਜਿਵੇਂ ਅਸੀਂ ਅਧੂਰੇ ਹਾਂ। ਦੂਜਾ ਬੰਦਾ ਸਾਥੋਂ ਅੱਗੇ ਹੈ, ਉਸ ਵਿੱਚ ਕੁਝ ਐਸੇ ਗੁਣ ਵੀ ਹੋ ਸਕਦੇ ਹਨ ਜੋ ਸਾਡੇ ਅੰਦਰ ਨਹੀਂ ਹਨ। ਅਸੀਂ ਹੋਰ ਗੁਣਾਂ ਦੇ ਮਾਲਕ ਹਾਂ। ਦੂਜਾ ਹੋਰ ਗੁਣਾਂ ਦਾ ਮਾਲਕ ਹੈ। ਤੀਜੇ ਅੰਦਰ ਕੋਈ ਹੋਰ ਗੁਣ ਹਨ ਅਤੇ ਇਉਂ ਮਨੁੱਖ ਸਾਰੀ ਉਮਰ ਆਪਣੇ ਅੰਦਰ ਵਿਆਪਕ ਗੁਣਾਂ ਦੀ ਭਾਲ ਕਰਦਾ ਰਹਿੰਦਾ ਹੈ। ਅਸੀਂ ਵੀ ਰੱਬ ਦੇ ਬਣਾਏ ਹੋਏ ਹਾਂ। ਅਸੀਂ ਸਵੈ-ਪੜਚੋਲ ਕਰਕੇ ਆਪਣੇ ਗੁਣਾਂ ਦੀ ਸ਼ਨਾਖ਼ਤ ਕਰਨ ਦਾ ਸਿਲਸਿਲਾ ਸ਼ੁਰੂ ਨਹੀਂ ਕਰ ਪਾ ਰਹੇ। ਸਾਨੂੰ ਇਹ ਰਸਤਾ ਕਿਸੇ ਦਿਖਾਇਆ ਨਹੀਂ ਹੈ, ਗੁਣਾਂ ਦੀ ਨੁਮਾਇਸ਼ ਨਹੀਂ ਕਰਨੀ ਪੈਂਦੀ। ਗੁਣਵਾਨ ਬੰਦਾ ਆਪ ਹੀ ਮਸ਼ਹੂਰ ਹੋ ਜਾਂਦਾ ਹੈ। ਅਸੀਂ ਆਪਣੇ ਗੁਣਾਂ ਦੀ ਪਛਾਣ ਵੀ ਕਰਨੀ ਹੈ। ਅਸੀਂ ਆਪਣੇ ਗੁਣ ਲੋਕ-ਭਲਾਈ ਲਈ ਵੀ ਵਰਤਣੇ ਹਨ। ਰੱਬ ਨਾਲ ਰੋਸ ਨਹੀਂ ਕਰਨਾ। ਜੋ ਵੀ ਗੁਣ ਰੱਬ ਨੇ ਸਾਡੇ ਨਸੀਬ ਵਿਚ ਕਰ ਦਿੱਤੇ ਹਨ ਉਹ ਸਾਡੇ ਲਈ ਕਾਫ਼ੀ ਹਨ। ਅਸੀਂ ਉਨ੍ਹਾਂ ਗੁਣਾਂ ਦੀ ਬਦੌਲਤ ਹੀ ਇਸ ਦੁਨੀਆਂ ਵਿੱਚ ਆਪਣਾ ਸਥਾਨ ਬਣਾ ਸਕਦੇ ਹਾਂ। ਆਪਣੇ ਗੁਣਾਂ ਦੀ ਪਛਾਣ ਅਤੇ ਉਨ੍ਹਾਂ ਦੀ ਵਰਤੋਂ ਕਰਨਾ ਹੀ ਜੀਵਨ ਦੀ ਸਹੀ ਸੋਝੀ ਹੁੰਦੀ ਹੈ। ਅਸੀਂ ਲੋਕਾਂ ਦੇ ਗੁਣ ਗ੍ਰਹਿਣ ਕਰਨੇ ਹਨ ਅਤੇ ਆਪਣੇ ਗੁਣ ਦੂਜਿਆਂ ਨਾਲ ਸਾਂਝੇ ਕਰਨੇ ਹਨ।

## ਮੋਏ ਲਈ ਰੋਣਾ

ਸਾਰੇ ਧਰਮਾਂ ਨੇ ਇਹ ਗੱਲ ਸਵੀਕਾਰ ਕਰ ਲਈ ਹੈ ਕਿ ਬੰਦਾ ਰੱਬ ਪਾਸੋਂ ਆਉਂਦਾ ਹੈ ਅਤੇ ਮਰਨ ਉਪਰੰਤ ਰੱਬ ਪਾਸ ਹੀ ਜਾ ਪੁੱਜਦਾ ਹੈ ਪਰ ਜਦੋਂ ਸਾਡਾ ਪਿਆਰਾ ਕੋਈ ਮਰਦਾ ਹੈ ਤਾਂ ਸਾਨੂੰ ਖ਼ੁਸ਼ੀ ਨਹੀਂ ਹੁੰਦੀ ਕਿ ਉਹ ਪਰਮ ਪਿਤਾ ਪ੍ਰਮਾਤਮਾ ਪਾਸ ਚਲਾ ਗਿਆ ਹੈ। ਅਸੀਂ ਰੋਂਦੇ ਹਾਂ, ਕੁਰਲਾਉਂਦੇ ਹਾਂ, ਰੱਬ ਨੇ ਸਾਡੇ ਉੱਤੇ ਜਿਵੇਂ ਜ਼ੁਲਮ ਢਾਹ ਦਿੱਤਾ ਹੈ।

ਉਹ ਆਦਮੀ ਜੋ ਮਰ ਜਾਂਦਾ ਹੈ ਸਾਡੇ ਲਈ ਉਪਜੀਵਕਾ ਪੈਦਾ ਕਰਦਾ ਸੀ, ਸਾਡੇ ਲਈ ਪਿਆਰਾ ਸੀ, ਸਾਡਾ ਸਾਕ ਸੰਬੰਧੀ ਸੀ, ਉਹ ਸਾਡਾ ਮੱਦਦਗਾਰ ਸੀ, ਅਸੀਂ ਉਸ ਬਗ਼ੈਰ ਇਕੱਲੇ ਰਹਿ ਗਏ ਹਾਂ। ਹੁਣ ਲੋਕੀਂ ਸਾਨੂੰ ਡਰਾਇਆ ਕਰਨਗੇ, ਸਾਡੇ ਉੱਤੇ ਤਸ਼ੱਦਦ ਕਰਿਆ ਕਰਨਗੇ, ਸਾਡਾ ਨਜਾਇਜ਼ ਫਾਇਦਾ ਉਠਾਉਣ ਦੀ ਕੋਸ਼ਿਸ਼ ਕਰਨਗੇ ਅਤੇ ਜਦੋਂ ਐਸਾ ਬੰਦਾ ਮਰ ਜਾਂਦਾ ਹੈ ਤਾਂ ਅਸੀਂ ਰੋਂਦੇ ਹਾਂ, ਸਾਡੇ ਧਰਮਾਂ ਦੀ ਦਿੱਤੀ ਸਿੱਖਿਆ ਧਰੀ ਧਰਾਈ ਰਹਿ ਜਾਂਦੀ ਹੈ। ਰੱਬ ਦਾ ਭਾਣਾ ਸਵੀਕਾਰ ਕਰਨ ਵਾਲੇ ਬਹੁਤ ਹੀ ਘੱਟ ਹੁੰਦੇ ਹਨ। ਸਮਾਂ ਪਾ ਕੇ ਅਸੀਂ ਨਵੀਆਂ ਸਾਂਝਾਂ ਪਾ ਲੈਂਦੇ ਹਾਂ, ਮੌਤ ਦਾ ਦੁੱਖ ਘੱਟ ਜਾਂਦਾ ਹੈ। ਰੱਬ ਨੇ ਦੁੱਖ ਬਰਦਾਸ਼ਤ ਕਰਨ ਦੀ ਸ਼ਕਤੀ ਦੇ ਰੱਖੀ ਹੈ ਅਤੇ ਇਉਂ ਜੰਮਣਾ ਅਤੇ ਮਰਨਾ ਤੁਰਿਆ ਆ ਰਿਹਾ ਹੈ। ਅਸੀਂ ਮੌਤ ਬਰਦਾਸ਼ਤ ਕਰਦੇ ਆ ਰਹੇ ਹਾਂ, ਮੌਤ ਸਾਡੇ ਨਾਲ ਵਿਤਕਰਾ ਨਹੀਂ ਕਰਦੀ। ਹਰ ਆਦਮੀ ਦੇ ਘਰ ਮੌਤ ਵਾਪਰਦੀ ਹੈ ਅਤੇ ਇਉਂ ਮਨੁੱਖ ਮੌਤ ਬਰਦਾਸ਼ਤ ਕਰਦਾ ਆ ਰਿਹਾ ਹੈ, ਕੁਲ ਮਿਲਾ ਕੇ ਮੌਤ ਇੱਕ ਦੁਖਾਂਤ ਹੈ ਅਤੇ ਅਸੀਂ ਆਮ ਆਦਮੀ ਇਹ ਦੁੱਖ ਭੋਗਦੇ ਹਾਂ।

## ਚੰਗੇ ਕਰਮਾਂ ਦਾ ਚੰਗਾ ਫ਼ਲ-ਮਾੜੇ ਕਰਮਾਂ ਦਾ ਮਾੜਾ ਫ਼ਲ

ਆਦਮੀ ਦੀ ਦੇਹੀ ਇਸ ਧਰਤੀ ਉੱਤੇ ਹੀ ਰਹਿ ਜਾਂਦੀ ਹੈ। ਉਹ ਅਮੀਰ ਸੀ, ਉਹ ਵੱਡਾ ਅਹੁਦੇਦਾਰ ਸੀ, ਉਹ ਬੜਾ ਸ਼ਕਤੀਸ਼ਾਲੀ ਸੀ, ਉਸ ਦਾ ਹਰ ਪਾਸੇ ਰੋਹਬ ਸੀ, ਲੋਕੀਂ ਉਸ ਦੀ ਇੱਜ਼ਤ ਕਰਦੇ ਸਨ ਜਾਂ ਸਭ ਕੁਝ ਇਸ ਦੇ ਉਲਟ ਸੀ, ਇਹ ਸਾਰੀਆਂ ਗੱਲਾਂ ਵੀ ਇਸ ਦੁਨੀਆਂ ਤੱਕ ਹੀ ਹਨ। ਜਦੋਂ ਬੰਦੇ ਦੀ ਰੂਹ ਨੂੰ ਰੱਬ ਸਾਹਮਣੇ ਪੇਸ਼ ਹੋਣਾ ਪੈਂਦਾ ਹੈ ਤਾਂ ਉਸ ਦੇ ਕਰਮਾਂ ਦੀ ਗੱਲ ਤੁਰਦੀ ਹੈ। ਉਹ ਕਰਦਾ ਕੀ ਰਿਹਾ ਹੈ ? ਚੰਗੇ ਕਰਮ ਕਰਦਾ ਰਿਹਾ ਹੈ ਤਾਂ ਉਸ ਨਾਲ ਚੰਗਾ ਸਲੂਕ ਕੀਤਾ ਜਾਂਦਾ ਹੈ, ਮਾੜੇ ਕਰਮ ਕਰਦਾ ਰਿਹਾ ਹੈ ਤਾਂ ਉਸ ਨਾਲ ਮਾੜਾ ਸਲੂਕ ਕੀਤਾ ਜਾਂਦਾ ਹੈ। ਚੰਗੇ ਕਰਮ ਕਰਨ ਵਾਲੇ ਨੂੰ ਉੱਥੇ ਅਪਨਾਉਣ ਵਾਲੇ ਕਈ ਨਿਕਲ ਆਉਂਦੇ ਹਨ ਪਰ ਮਾੜੇ ਕਰਮ ਕਰਨ ਵਾਲੀ ਰੂਹ ਨੂੰ ਕੋਈ ਵੀ ਅਪਨਾਉਣ ਨੂੰ ਤਿਆਰ ਨਹੀਂ ਹੁੰਦਾ। ਪੈਗੰਬਰ, ਦੇਵਤੇ, ਅਵਤਾਰ, ਗੁਰੂ,. ਪੀਰ, ਫ਼ਕੀਰ, ਰਿਸ਼ੀ ਤੇ ਮੁਨੀ ਕੋਈ ਵੀ ਮਾੜੇ ਕਰਮ ਕਰਕੇ ਆਏ ਦੀ ਹਾਮੀ ਨਹੀਂ ਭਰਦਾ। ਅਸੀਂ ਅਗਰ ਇਨ੍ਹਾਂ ਆਖ਼ਰੀ ਘੜੀਆਂ ਨੂੰ ਸਾਹਮਣੇ ਰੱਖ ਕੇ ਜੀਵਨ ਜਿਊਂਦੇ ਹਾਂ ਤਾਂ ਸਾਡੇ ਅੰਦਰ ਆਪਣੇ ਆਪ ਸੁਧਾਈ ਆਉਣੀ ਸ਼ੁਰੂ ਹੋ ਜਾਵੇਗੀ। ਸਾਨੂੰ ਆਪਣੀਆਂ ਕਮਜ਼ੋਰੀਆਂ ਦਾ ਪਤਾ ਹੈ ਅਤੇ ਅਸੀਂ ਆਪ ਹੀ ਉਹ ਢੰਗ-ਤਰੀਕੇ ਲੱਭਣੇ ਹਨ ਜਿਨ੍ਹਾਂ ਦੀ ਮੱਦਦ ਨਾਲ ਅਸੀਂ ਆਪਣੀ ਸੁਧਾਈ ਕਰ ਸਕਦੇ ਹਾਂ। ਲੋਕਾਂ ਦੀਆਂ ਦਿੱਤੀਆਂ ਸਲਾਹਾਂ ਸਾਨੂੰ ਸਾਰੀਆਂ ਦੀਆਂ ਸਾਰੀਆਂ ਫਾਲਤੂ ਅਤੇ ਬਨਾਵਟੀ ਲੱਗਦੀਆਂ ਹਨ। ਸਾਡੇ ਜੀਵਨ ਨੂੰ ਇਤਨੇ ਗਿਆਨ ਦੀ ਜ਼ਰੂਰਤ ਨਹੀਂ ਹੁੰਦੀ। ਬਹੁਤਾ ਗਿਆਨੀ ਆਦਮੀ ਆਪਣੇ ਹੀ ਗਿਆਨ ਦੇ

ਬੋਝ ਤਲੇ ਦੱਬ ਜਾਂਦਾ ਹੈ, ਅਹੰਕਾਰਿਆ ਜਾਂਦਾ ਹੈ, ਬਣ-ਬਣ ਬੈਠਦਾ ਹੈ। ਐਸੇ ਲੋਕੀਂ ਸਾਡੀ ਮੱਦਦ ਨਹੀਂ ਕਰ ਸਕਦੇ। ਅਸੀਂ ਆਪਣੀ ਸੁਧਾਈ ਦਾ ਕੰਮ ਆਪ ਸ਼ੁਰੂ ਕਰਨਾ ਹੈ।

## ਦੌਲਤ ਉਤਨੀ ਜੋ ਬੰਦੇ ਨੂੰ ਖ਼ਰਾਬ ਨਾ ਕਰੇ

ਜਿਉਂ-ਜਿਉਂ ਦੌਲਤ ਵਧਦੀ ਜਾਂਦੀ ਹੈ ਬੰਦੇ ਨੂੰ ਇਲਤਾਂ ਸੁੱਝਣ ਲੱਗ ਜਾਂਦੀਆਂ ਹਨ। ਅਗਰ ਅਸੀਂ ਦੁਨੀਆਂ ਦੇ ਸਾਰੇ ਲੋਕਾਂ ਦਾ ਸਰਵੇਖਣ ਕਰਕੇ ਅਧਿਐਨ ਕਰੀਏ ਤਾਂ ਬਹੁਤੀਆਂ ਇਲਤਾਂ ਉਹ ਲੋਕੀਂ ਕਰਦੇ ਹਨ ਜਿਨ੍ਹਾਂ ਪਾਸ ਬਹੁਤਾ ਧਨ ਹੋ ਜਾਂਦਾ ਹੈ। ਆਖਦੇ ਹਨ ਮਾਇਆ ਘਰ ਵਿੱਚ ਆ ਜਾਵੇ ਤਾਂ ਮਕਾਨ ਦੀਆਂ ਕੰਧਾਂ ਹਿਲਣ ਲੱਗ ਪੈਂਦੀਆਂ ਹਨ, ਸੋਚਦੀਆਂ ਹਨ ਕਿ ਹੁਣ ਇਹ ਬੰਦਾ ਮਕਾਨ ਦੀ ਭੰਨ-ਤੋੜ ਜ਼ਰੂਰ ਕਰੇਗਾ। ਹੋਰ ਕਈ ਤਰ੍ਹਾਂ ਦੀਆਂ ਚੀਜ਼ਾਂ ਖਾਣ-ਪੀਣ ਲੱਗ ਪੈਂਦਾ ਹੈ, ਕਈ ਕਿਸਮ ਦੇ ਨਜਾਇਜ਼ ਰਿਸ਼ਤੇ ਕਾਇਮ ਕਰਨ ਲੱਗ ਪੈਂਦਾ ਹੈ। ਬਹੁਤ ਹੀ ਘੱਟ ਲੋਕੀਂ ਹਨ ਜੋ ਮਾਇਆਧਾਰੀ ਹੋ ਕੇ ਸਿੱਧੇ ਰਸਤੇ ਪਏ ਰਹਿੰਦੇ ਹਨ। ਉਹ ਸਾਰਾ ਕੁਝ ਕਰਦੇ ਹਨ ਪਰ ਸਮਾਜ ਦੇ ਲੋਕੀਂ ਬੁਰਾ ਭਲਾ ਨਹੀਂ ਆਖਦੇ। ਆਖਿਆ ਜਾਂਦਾ ਹੈ ਕਿ ਉਹ ਆਦਮੀ ਕਾਹਦਾ ਅਮੀਰ ਹੈ ਜੋ ਚੋਂਚਲੇ ਨਹੀਂ ਕਰਦਾ। ਗ਼ਰੀਬ ਆਦਮੀ ਹਰ ਵਕਤ ਦੋ ਵਕਤਾਂ ਦੀ ਰੋਟੀ ਦੇ ਚੱਕਰ ਵਿੱਚ ਲੱਗਿਆ ਰਹਿੰਦਾ ਹੈ। ਸੋਚਦਾ ਹੈ ਕਿ ਅਗਰ ਕੋਈ ਪਾਪ ਕਰੇਗਾ ਤਾਂ ਪਤਾ ਨਹੀਂ ਰੱਬ ਉਸ ਦੇ ਕਿੰਨੇ ਹੋਰ ਮਾੜੇ ਕਰਮ ਕਰ ਦੇਵੇ ਅਤੇ ਅਗਰ ਕੋਈ ਅਪਰਾਧ ਕਰ ਬੈਠੇਗਾ ਤਾਂ ਵਕਤ ਦੀਆਂ ਸਰਕਾਰਾਂ ਉਸ ਦਾ ਜਿਊਣਾ ਹਰਾਮ ਕਰਕੇ ਰੱਖ ਦੇਣਗੀਆਂ। ਇਨ੍ਹਾਂ ਡਰਾਂ ਕਾਰਨ ਗ਼ਰੀਬ ਆਦਮੀ ਘੱਟ ਅਪਰਾਧ ਕਰਦਾ ਹੈ।

## ਸਾਰੇ ਮਨੁੱਖ ਬਰਾਬਰ ਹਨ

ਇਹ ਫ਼ਰਕ ਅਤੇ ਵਿਤਕਰੇ ਅਸੀਂ ਆਪ ਬਣਾਏ ਹਨ। ਮਨੁੱਖ ਦਾ ਇਤਿਹਾਸ ਪੜ੍ਹ ਕੇ ਸਾਨੂੰ ਪਤਾ ਲੱਗਦਾ ਹੈ ਕਿ ਧਰਮਾਂ ਦੀਆਂ ਗੱਲਾਂ, ਇਹ ਜਾਤੀਆਂ ਦੀਆਂ ਗੱਲਾਂ, ਇਹ ਅਮੀਰੀਆਂ, ਇਹ ਗ਼ਰੀਬੀਆਂ, ਸਾਰਾ ਕੁਝ ਪਹਿਲਾਂ-ਪਹਿਲ ਨਹੀਂ ਸਨ। ਜਿਉਂ ਜਿਉਂ ਆਦਮੀ ਤਰੱਕੀ ਕਰਦਾ ਗਿਆ, ਉਹ ਵੰਡ ਹੁੰਦਾ ਰਿਹਾ ਅਤੇ ਅੱਜ ਇਤਨਾ ਵੰਡਿਆ ਜਾ ਚੁੱਕਾ ਹੈ ਕਿ ਇਨ੍ਹਾਂ ਲੋਕਾਂ ਨੂੰ ਇਕ ਪਲੇਟਫ਼ਾਰਮ ਉੱਤੇ ਲਿਆ ਕੇ ਖੜ੍ਹਾ ਨਹੀਂ ਕੀਤਾ ਜਾ ਸਕਦਾ। ਇਹ ਵੰਡੀਆਂ ਪੱਕੀਆਂ ਪੈ ਚੁੱਕੀਆਂ ਹਨ, ਵਿਤਕਰੇ ਕਾਇਮ ਹੋ ਚੁੱਕੇ ਹਨ, ਕੋਈ ਵੀ ਨੀਵਾਂ ਹੋ ਕੇ ਦੂਜਿਆਂ ਦੇ ਬਰਾਬਰ ਹੋਣ ਲਈ ਤਿਆਰ ਨਹੀਂ ਹੈ। ਕਿਸੇ ਨੂੰ ਪੈਸੇ ਦਾ ਮਾਣ ਹੈ, ਕੋਈ ਅਹੁਦੇ ਦੀ ਫੂਕ ਛੱਡੀ ਫਿਰਦਾ ਹੈ, ਕਿਸੇ ਨੂੰ ਆਪਣੀ ਜਾਤੀ ਦਾ ਮਾਣ ਹੈ। ਕੋਈ ਆਪਣੇ ਧਰਮ ਨੂੰ ਵਧੀਆ ਆਖ ਰਿਹਾ ਹੈ, ਕਿਸੇ ਨੇ ਮਕਾਨ ਵਧੀਆ ਪਾ ਲਿਆ ਹੈ, ਕਿਸੇ ਨੇ ਚਾਰ ਵਧੀਆ ਰਿਸ਼ਤੇਦਾਰ ਸਹੇੜ ਲਏ ਹਨ ਅਤੇ ਇਉਂ ਬਰਾਬਰਤਾ ਦਾ ਸਿਧਾਂਤ ਸਿਰਫ਼ ਸਾਡੀਆਂ ਪੁਸਤਕਾਂ ਵਿੱਚ ਰਹਿ ਗਿਆ ਹੈ, ਬਰਾਬਰਤਾ ਦੀਆਂ ਲੋਕੀਂ ਫ਼ਿਲਾਸਫ਼ੀਆਂ ਘੋਟਦੇ ਫਿਰਦੇ ਹਨ ਪਰ ਪਤਾ ਉਦੋਂ ਲੱਗਦਾ ਹੈ ਜਦੋਂ ਆਪਣੇ ਬੱਚਿਆਂ ਲਈ ਰਿਸ਼ਤੇ ਲੱਭਣ ਦੀ ਗੱਲ ਤੁਰਦੀ ਹੈ, ਉਦੋਂ ਕੋਈ ਬਰਾਬਰਤਾ ਦੀ ਗੱਲ ਨਹੀਂ ਕਰਦਾ ਸਗੋਂ ਹਰ ਕੋਈ ਇਹੀ ਤਰਕ ਪੇਸ਼ ਕਰਦਾ ਹੈ ਕਿ ਰਿਸ਼ਤੇਦਾਰੀਆਂ ਬਰਾਬਰ ਦੇ ਲੋਕਾਂ ਨਾਲ ਹੀ ਸਜਦੀਆਂ ਹਨ। ਸੋ ਬਰਾਬਰਤਾ ਦਾ ਸਿਧਾਂਤ ਸਿਰਫ਼ ਇਕ ਫ਼ਲਸਫ਼ਾ ਬਣ ਕੇ ਰਹਿ ਗਿਆ ਹੈ ਅਤੇ ਆਮ ਜੀਵਨ ਵਿੱਚ ਇਸ ਦੀ ਵਰਤੋਂ ਨਹੀਂ ਕੀਤੀ ਜਾਂਦੀ।

## ਚੰਗਾ ਕਰਮ ਪਛਤਾਵੇ ਦਾ ਕਾਰਨ ਨਹੀਂ ਬਣਦੇ

ਚੰਗਾ ਕਰਮ ਕਰਕੇ ਬੇਸ਼ੱਕ ਵਕਤੀਆ ਘਾਟਾ ਹੀ ਕਿਉਂ ਨਾ ਪੈ ਜਾਵੇ, ਆਖ਼ਰਕਾਰ ਨਤੀਜਾ ਸਹੀ ਹੀ ਨਿਕਲਦਾ ਹੈ ਅਤੇ ਚੰਗਾ ਕਰਮ ਕਰਕੇ ਮਨੁੱਖ ਦਾ ਮਨ ਪ੍ਰਸੰਨ ਹੋ ਉਠਦਾ ਹੈ। ਇਕ ਅਜੀਬ ਕਿਸਮ ਦੀ ਖ਼ੁਸ਼ੀ ਪ੍ਰਾਪਤ ਹੁੰਦੀ ਹੈ। ਆਦਮੀ ਕਦੀ ਵੀ ਪਛਤਾਉਂਦਾ ਨਹੀਂ। ਬੜੇ ਫ਼ਖ਼ਰ ਨਾਲ ਅਸੀਂ ਆਪਣੇ ਚੰਗੇ ਕੀਤੇ ਕਰਮਾਂ ਬਾਰੇ ਗੱਲਾਂ ਛੇੜਦੇ ਹਾਂ, ਹਰ ਕਿਸੇ ਨਾਲ ਗੱਲ ਕਰਦੇ ਹਾਂ। ਦਿਲ ਕਰਦਾ ਹੈ ਲੋਕੀਂ ਸਾਡੇ ਕੀਤੇ ਕਰਮਾਂ ਦੀਆਂ ਗੱਲਾਂ ਕਰਨ, ਚਰਚਾ ਛਿੜੇ ਤਾਂ ਵਧੀਆ-ਵਧੀਆ ਮਹਿਸੂਸ ਹੁੰਦਾ ਹੈ ਪਰ ਮਾੜਾ ਕਰਮ ਕਰਕੇ ਅਸੀਂ ਕਦੇ ਖ਼ੁਸ਼ ਨਹੀਂ ਹੁੰਦੇ ਅਤੇ ਨਾ ਹੀ ਅਸੀਂ ਕਿਸੇ ਨੂੰ ਦਸਦੇ ਹੀ ਹਾਂ। ਹਰ ਕਿਸੇ ਪਾਸੋਂ ਛੁਪਾਉਂਦੇ ਫਿਰਦੇ ਹਾਂ। ਅਸੀਂ ਪਛਤਾਉਂਦੇ ਹਾਂ ਪਰ ਤੀਰ ਕਮਾਨ 'ਚੋਂ ਨਿਕਲ ਚੁੱਕਾ ਹੁੰਦਾ ਹੈ ਫਿਰ ਹੱਥ ਨਹੀਂ ਆਉਂਦਾ। ਇਸ ਕਰਕੇ ਸਾਨੂੰ ਹਮੇਸ਼ਾ ਇਹੀ ਸੋਚ ਕੇ ਕੰਮ ਕਰਨਾ ਚਾਹੀਦਾ ਹੈ ਕਿ ਸਾਨੂੰ ਆਪਣੇ ਹੀ ਕੀਤੇ ਕੰਮ ਉੱਤੇ ਪਛਤਾਉਣਾ ਨਾ ਪਵੇ। ਪਛਤਾਵਾ ਜ਼ਰਾ ਵੀ ਖ਼ੁਸ਼ੀ ਨਹੀਂ ਦਿੰਦਾ ਬਲਕਿ ਸਾਡੀ ਖ਼ੁਸ਼ੀ ਖ਼ਤਮ ਕਰਦਾ ਹੈ। ਸਾਨੂੰ ਉਦਾਸ ਕਰਦਾ ਹੈ, ਸਾਡੀਆਂ ਸਾਰੀਆਂ ਉਦਾਸੀਆਂ ਸਾਡੇ ਹੀ ਮਾੜੇ ਕਰਮਾਂ ਦਾ ਫ਼ਲ ਹਨ, ਹੋਰ ਕੁਝ ਵੀ ਨਹੀਂ ਹੈ। ਰੱਬ ਦਾ ਭਾਣਾ ਸਵੀਕਾਰ ਕਰਨ ਦੀ ਆਦਤ ਸਾਡੀ ਜਮਾਂਦਰੂ ਹੈ। ਰੱਬ ਦਾ ਭਾਣਾ ਹਰ ਕੋਈ ਬਰਦਾਸ਼ਤ ਕਰ ਲੈਂਦਾ ਹੈ ਪਰ ਜਦੋਂ ਸਾਡੀਆਂ ਹੀ ਕਰਤੂਤਾਂ ਬਦਲੇ ਸਾਨੂੰ ਸਜ਼ਾ ਮਿਲਦੀ ਹੈ ਤਾਂ ਅਸੀਂ ਬਹੁਤ ਬੇਚੈਨ ਹੁੰਦੇ ਹਾਂ, ਪਛਤਾਉਂਦੇ ਹਾਂ। ਇਸ ਪਛਤਾਵੇ ਦੀਆਂ ਭਿਆਨਕ ਘੜੀਆਂ ਤੋਂ ਬਚਿਆ ਜਾ ਸਕਦਾ ਹੈ।

## ਮਨ ਸਾਫ਼ ਕਰਦੇ ਰਹੋ

ਅਸੀਂ ਬਹੁਤ ਸਾਰਾ ਜੀਵਨ ਅੰਦਰ ਜਿਉਂਦੇ ਹਾਂ, ਇਹ ਜੀਵਨ ਮਨ ਅੰਦਰ ਜੀਵਿਆ ਜਾਂਦਾ ਹੈ। ਇਸ ਦੁਨੀਆਂ ਵਿੱਚ ਬਹੁਤ ਕੁਝ ਹੈ ਪਰ ਅਸਾਡੀਆਂ ਪ੍ਰਾਪਤੀਆਂ ਸੀਮਤ ਰਹਿੰਦੀਆਂ ਹਨ, ਸਾਡਾ ਮਨ ਸਾਨੂੰ ਹਾਰਨ ਨਹੀਂ ਦਿੰਦਾ, ਅਸੰਤੁਸ਼ਟ ਨਹੀਂ ਹੋਣ ਦਿੰਦਾ। ਅਸੀਂ ਮਨ ਹੀ ਮਨ ਅੰਦਰ ਦੁਨੀਆਂ ਦਾ ਹਰ ਕਲਪਿਆ ਅਨੰਦ ਮਾਣ ਲੈਂਦੇ ਹਾਂ। ਹਰ ਕਿਸੇ ਦਾ ਸਵਾਦ ਲੈ ਸਕਦੇ ਹਾਂ। ਇਹ ਮਨ ਸਾਨੂੰ ਉਦਾਸ ਨਹੀਂ ਹੋਣ ਦਿੰਦਾ। ਅਸੀਂ ਭਾਂਤ-ਭਾਂਤ ਦੇ ਮੌਕੇ ਕਲਪਦੇ ਹਾਂ ਅਤੇ ਮਨ ਹੀ ਮਨ ਵਿੱਚ ਉਨ੍ਹਾਂ ਮੌਕਿਆਂ ਉੱਤੇ ਮੁੱਖ ਪਾਤਰ ਬਣ ਬੈਠਦੇ ਹਾਂ। ਅਗਰ ਸਾਡੇ ਪਾਸ ਇਹ ਮਨ ਨਾ ਹੋਵੇ ਅਤੇ ਅਸੀਂ ਆਪਣੀਆਂ ਖ਼ਾਹਿਸ਼ਾਂ ਦੀ ਪੂਰਤੀ ਮਨ ਵਿੱਚ ਨਾ ਕਰ ਸਕਦੇ ਹੋਈਏ ਤਾਂ ਅੱਜ ਬਹੁਤੇ ਲੋਕੀਂ ਪਾਗਲ ਹੋ ਜਾਣੇ ਸਨ। ਮਨ ਹੀ ਮਨ ਅੰਦਰ ਅਸੀਂ ਮੌਕਾ ਪੈਦਾ ਕਰਕੇ ਆਪ ਮੁੱਖ ਪਾਤਰ ਬਣਕੇ ਨਿਰਾਸ਼ ਹੋਣ ਤੋਂ ਬਚ ਜਾਂਦੇ ਹਾਂ। ਅਸੀਂ ਮਨ ਅੰਦਰ ਹੀ ਅਗਰ ਹਾਰ ਮੰਨ ਬੈਠੇ ਹਾਂ ਤਾਂ ਫਿਰ ਸਾਡੀ ਕੋਈ ਸਹਾਇਤਾ ਨਹੀਂ ਕਰ ਸਕਦਾ। ਇਹ ਮਨ ਹੀ ਹੈ ਜੋ ਸਾਨੂੰ ਦਲੇਰ ਅਤੇ ਕਾਇਰ ਬਣਾ ਦਿੰਦਾ ਹੈ। ਸੋ ਅਸੀਂ ਮਨ ਨੂੰ ਮਜਬੂਤ ਰੱਖਣਾ ਹੈ ਅਤੇ ਆਪ ਹੀ ਇਸ ਦੀਆਂ ਸੋਚਾਂ ਉੱਤੇ ਕਿੰਤੂ-ਪ੍ਰੰਤੂ ਨਹੀਂ ਕਰਨਾ।

## ਜਦੋਂ ਬੰਦਾ ਇਕ ਵਾਰੀ ਦੁਰਕਾਰਿਆ ਜਾਵੇ

ਜਿਵੇਂ ਨਦੀਆਂ ਮੁੜ-ਮੁੜ ਨਹੀਂ ਮਿਲਦੀਆਂ, ਇਸੇ ਤਰ੍ਹਾਂ ਸਮਾਜ ਜੇ ਆਦਮੀ ਨੂੰ

ਇਕ ਵਾਰੀ ਛੇਕ ਦੇਵੇ ਤਾਂ ਉਸ ਤੋਂ ਹਰ ਕੋਈ ਦੂਰ ਭੱਜਦਾ ਫਿਰਦਾ ਹੈ ਅਤੇ ਬਹੁਤ ਹੀ ਘੱਟ ਲੋਕੀਂ ਹਨ ਜੋ ਮੁੜ ਕੇ ਸਮਾਜ ਅੰਦਰ ਯੋਗ ਅਸਥਾਨ ਪ੍ਰਾਪਤ ਕਰ ਸਕਦੇ ਹਨ। ਇਹ ਗੱਲ ਹਮੇਸ਼ਾ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਇਹ ਸਮਾਜ ਦੇ ਲੋਕੀਂ ਹਮੇਸ਼ਾ ਸਾਡੀਆਂ ਗ਼ਲਤੀਆਂ ਢੂੰਡਦੇ ਰਹਿੰਦੇ ਹਨ। ਇਨ੍ਹਾਂ ਹੱਥ ਸਾਡੀ ਕੋਈ ਗ਼ਲਤੀ ਲੱਗ ਜਾਵੇ ਤਾਂ ਉਹ ਜੰਗਲ ਦੀ ਅੱਗ ਦੀ ਤਰ੍ਹਾਂ ਸਾਡੀ ਅਸ਼ੋਭਾ ਫੈਲਾਅ ਦਿੰਦੇ ਹਨ। ਅਸੀਂ ਜਿੱਥੇ ਨਹੀਂ ਵੀ ਪੁੱਜੇ ਉੱਥੇ ਵੀ ਸਾਡੀ ਬਦਨਾਮੀ ਹੋਣ ਲੱਗ ਪੈਂਦੀ ਹੈ। ਸਾਡੇ ਬਾਰੇ ਕਹਾਣੀਆਂ ਘੜੀਆਂ ਜਾਂਦੀਆਂ ਹਨ। ਸੋ ਇਨ੍ਹਾਂ ਲੋਕਾਂ ਦੀਆਂ ਨਜ਼ਰਾਂ ਤੋਂ ਬਚਣਾ ਚਾਹੀਦਾ ਹੈ। ਲੋਕ ਖ਼ਿਲਾਫ਼ ਹੋ ਗਏ ਸਮਝੋ ਸਾਰਾ ਸਮਾਜ ਖ਼ਿਲਾਫ਼ ਹੋ ਗਿਆ ਅਤੇ ਹਰ ਪਾਸੇ ਸਾਨੂੰ ਲਾਅਨਤਾਂ ਪੈਣ ਲੱਗ ਪੈਂਦੀਆਂ ਹਨ।

## ਤੁਹਾਡੇ ਘਰ ਆਈ ਬਹੂ

ਤੁਹਾਡੇ ਘਰ ਆਈ ਬਹੂ ਇਕ ਅਜਨਬੀ ਹੈ ਅਤੇ ਤੁਹਾਡੇ ਘਰ ਮਹਿਮਾਨ ਆਈ ਹੈ। ਅਸੀਂ ਐਸਾ ਕੁਝ ਨਹੀਂ ਕਰਨਾ ਜਿਸ ਨਾਲ ਉਹ ਬਹੂ ਇਹ ਸੋਚਣ ਲੱਗ ਪਵੇ ਕਿ ਕੈਸੇ ਘਟੀਆ ਲੋਕਾਂ ਨਾਲ ਵਾਹ ਪੈ ਗਿਆ ਹੈ। ਇਹ ਪਹਿਲਾ ਪ੍ਰਭਾਵ ਜੋ ਵੀ ਪੈ ਗਿਆ, ਉਹ ਪੱਕਾ ਹੋ ਜਾਂਦਾ ਹੈ ਅਤੇ ਮੁੜ ਕੇ ਅਸੀਂ ਲੱਖ ਯਤਨ ਕਰਦੇ ਫਿਰੀਏ ਠੀਕ ਨਹੀਂ ਹੋਣਾ। ਕੁਝ ਲੋਕੀਂ ਐਸਾ ਵਤੀਰਾ ਅਪਨਾ ਲੈਂਦੇ ਹਨ ਕਿ ਘਰ ਦੇ ਹਾਕਮ ਬਣ ਬੈਠਦੇ ਹਨ ਅਤੇ ਆਪਣੇ ਘਰ ਆਈ ਬਹੂ ਨੂੰ ਇਉਂ ਦਰਸਾਉਂਦੇ ਹਨ ਜਿਵੇਂ ਉਹ ਨੌਕਰ ਬਣ ਕੇ ਘਰ ਆਈ ਹੈ। ਐਸੇ ਲੋਕੀਂ ਬਹੂ ਦਾ ਪਿਆਰ ਅਤੇ ਸਤਿਕਾਰ ਕਦੀ ਵੀ ਪ੍ਰਾਪਤ ਨਹੀਂ ਕਰ ਸਕਦੇ ਅਤੇ ਫਿਰ ਇਹੀ ਬਹੂ ਆਪਣੇ ਪੇਕਿਆਂ ਦੇ ਘਰ ਜਾ ਕੇ ਸਾਰੀਆਂ ਗੱਲਾਂ ਸਾਂਝੀਆਂ ਕਰਦੀ ਹੈ ਅਤੇ ਫਿਰ ਪੇਕੇ ਹਰ ਮਿਲਣ ਵਾਲੇ ਬੰਦੇ ਤੱਕ ਸਾਡੀ ਖ਼ਬਰ ਕਰ ਦਿੰਦੇ ਹਨ। ਕਈ ਘਰਾਂ ਦੇ ਬਾਕੀ ਕੁਆਰੇ ਬੱਚਿਆਂ ਦੇ ਰਿਸ਼ਤੇ ਸਿਰਫ਼ ਇਸ ਕਰਕੇ ਨਹੀਂ ਹੁੰਦੇ ਕਿ ਪਹਿਲੀ ਬਹੂ ਨੇ ਗ਼ਲਤ ਕਿਸਮ ਦੀਆਂ ਖ਼ਬਰਾਂ ਫੈਲਾਅ ਦਿੱਤੀਆਂ ਹੁੰਦੀਆਂ ਹਨ। ਬਹੂ ਇਕ ਇਸ਼ਤਿਹਾਰ ਹੈ ਅਤੇ ਇਸ ਇਸ਼ਤਿਹਾਰ ਉਤੇ ਹਰੇਕ ਅੱਖਰ ਅਸੀਂ ਆਪ ਲਿਖਦੇ ਹਾਂ। ਇਹ ਹੁਣ ਅਸੀਂ ਦੇਖਣਾ ਹੈ ਕਿ ਅਸੀਂ ਕੈਸੇ ਸ਼ਬਦ ਲਿਖ ਕੇ ਇਹ ਇਸ਼ਤਿਹਾਰ ਜਾਰੀ ਕਰਨਾ ਹੈ। ਅਸੀਂ ਬਹੂ ਨੂੰ ਦੋਸ਼ੀ ਨਹੀਂ ਠਹਿਰਾਅ ਸਕਦੇ। ਉਹ ਵਿਚਾਰੀ ਤਾਂ ਕੋਰਾ ਕਾਗਜ਼ ਬਣ ਕੇ ਸਾਡੇ ਘਰ ਆਈ ਸੀ। ਹਰ ਬਹੂ ਵਧੀਆ ਜੀਵਨ ਦਾ ਸੁਪਨਾ ਲੈ ਕੇ ਸਾਡੇ ਘਰ ਦਾਖ਼ਲ ਹੁੰਦੀ ਹੈ। ਅਸੀਂ ਉਸ ਦਾ ਸੁਪਨਾ ਸਾਕਾਰ ਕਰਨ ਵਿੱਚ ਸਹਾਇਤਾ ਕਰਨੀ ਹੈ।

## ਮੁਰਦਾਰ ਅਤੇ ਹਰਾਮ ਖਾਣਾ

ਜੋ ਵੀ ਸ਼ੈਅ ਅਸੀਂ ਆਪਣੀ ਕਮਾਈ ਨਾਲ ਨਹੀਂ ਖ਼ਰੀਦੀ, ਉਸ ਦਾ ਖਾਣਾ ਮੁਰਦਾਰ ਅਤੇ ਹਰਾਮ ਖਾਣ ਦੇ ਬਰਾਬਰ ਹੈ। ਆਖਿਆ ਜਾਂਦਾ ਹੈ ਕਿ ਜੈਸਾ ਅਸੀਂ ਭੋਜਨ ਕਰਦੇ ਹਾਂ ਵੈਸੀ ਹੀ ਸਾਡੀ ਬਿਰਤੀ ਹੋ ਜਾਂਦੀ ਹੈ। ਅਗਰ ਅਸੀਂ ਹੱਕ ਹਲਾਲ ਦੀ ਕਮਾਈ ਨਾਲ ਆਪਣਾ ਜੀਵਨ ਬਸਰ ਨਹੀਂ ਕਰਦੇ ਤਾਂ ਅਸੀਂ ਗ਼ਲਤ ਹਾਂ। ਦੂਜਿਆਂ ਦਾ ਹੱਕ ਮਾਰ ਕੇ, ਠੱਗੀਆਂ ਮਾਰ ਕੇ, ਚੋਰੀਆਂ ਕਰਕੇ, ਰਿਸ਼ਵਤਾਂ ਅਤੇ ਭ੍ਰਿਸ਼ਟਾਚਾਰ ਨਾਲ ਇਕੱਠਾ ਕੀਤਾ ਗਿਆ ਪੈਸਾ ਹੱਕ ਦੀ ਕਮਾਈ ਨਹੀਂ ਅਖਵਾਉਂਦਾ ਅਤੇ ਜੋ ਵੀ ਆਦਮੀ ਇਸ ਸਰੀਰ ਨੂੰ ਹੱਕ ਦੀ ਕਮਾਈ ਨਾਲ ਨਹੀਂ ਪਾਲਦਾ, ਉਸ ਦਾ ਸਰੀਰ ਵੈਸਾ ਨਹੀਂ ਬਣ ਸਕਦਾ ਜੈਸਾ

ਉਹ ਸਰੀਰ ਹੈ ਜੋ ਹੱਕ ਦੀ ਕਮਾਈ ਨਾਲ ਬਣਿਆ ਹੋਇਆ ਹੈ। ਅੱਜ ਕੱਲ ਲੋਕਾਂ ਨੂੰ ਜੋ ਬਿਮਾਰੀਆਂ ਹਨ, ਉਹ ਬਹੁਤ ਕਰਕੇ ਉਨ੍ਹਾਂ ਲੋਕਾਂ ਨੂੰ ਹਨ, ਜੋ ਆਪਣੀ ਕਿਰਤ ਕਰਕੇ, ਨੇਕ ਕਮਾਈ ਕਰਕੇ ਆਪਣੇ ਸਰੀਰ ਦੀ ਪਾਲਣਾ ਨਹੀਂ ਕਰ ਰਹੇ। ਜੈਸਾ ਅਸੀਂ ਭੋਜਨ ਕਰਦੇ ਹਾਂ ਸਾਡਾ ਮਨ ਵੈਸਾ ਹੀ ਹੋ ਜਾਂਦਾ ਹੈ। ਇਸ ਕਰਕੇ ਹਰੇਕ ਆਦਮੀ ਲਈ ਲਾਜ਼ਮੀ ਹੈ ਕਿ ਉਹ ਹਰ ਰੋਜ਼ ਇਸ ਗੱਲ ਦਾ ਆਪ ਪਤਾ ਕਰੇ ਕਿ ਅੱਜ ਉਸ ਨੇ ਜੋ ਕੁਝ ਖਾਧਾ ਹੈ, ਪੀਤਾ ਹੈ, ਪਹਿਨਿਆ ਹੈ, ਉਹ ਉਸ ਦੀ ਹੱਕ ਹਲਾਲ ਦੀ ਕਮਾਈ ਦਾ ਹੈ ਜਾਂ ਗ਼ਲਤ ਢੰਗ ਦੀ ਕਮਾਈ ਦਾ ਹੈ। ਅਗਰ ਅਸੀਂ ਸੁੱਖ ਸਾਂਦ ਦਾ ਜੀਵਨ ਬਸਰ ਕਰਨਾ ਚਾਹੁੰਦੇ ਹਾਂ ਤਾਂ ਐਸਾ ਸਵੈ-ਨਿਰੀਖਣ ਜਾਰੀ ਰਹਿਣਾ ਚਾਹੀਦਾ ਹੈ।

## ਮੋਹ-ਪਿਆਰ

ਅਸੀਂ ਦੁਨਿਆਵੀ ਜੀਵ ਹਾਂ। ਅਸੀਂ ਜਿੰਨ੍ਹਾਂ ਨੇ ਜਨਮੇਂ ਹਾਂ, ਜਿਹੜੇ ਸਾਡੇ ਭੈਣ ਭਰਾ ਹਨ, ਜਿੰਨ੍ਹਾਂ ਨਾਲ ਖੇਡ ਕੇ ਅਸੀਂ ਵਡੇ ਹੋਏ ਹਾਂ ਅਤੇ ਸਾਡਾ ਪਤੀ ਜਾਂ ਪਤਨੀ ਜਿਸ ਨਾਲ ਅਸੀਂ ਜੀਵਨ ਬਿਤਾਉਣ ਦਾ ਫ਼ੈਸਲਾ ਕਰ ਬੈਠੇ ਹਾਂ, ਸਾਡੇ ਮੋਹ ਅਤੇ ਪਿਆਰ ਦੇ ਪਾਤਰ ਬਣ ਜਾਂਦੇ ਹਨ। ਇਨ੍ਹਾਂ ਨਾਲ ਸਾਡੇ ਦੁੱਖ ਸੁੱਖ ਸਾਂਝੇ ਹੋ ਜਾਂਦੇ ਹਨ। ਅਸੀਂ ਇਨ੍ਹਾਂ ਨੂੰ ਛੱਡ ਨਹੀਂ ਸਕਦੇ। ਅਸੀਂ ਇਹ ਵੀ ਜਾਣਦੇ ਹਾਂ ਕਿ ਸਾਡਾ ਇਹ ਮੋਹ ਪਿਆਰ ਇਥੇ ਹੀ ਧਰਿਆ ਧਰਾਇਆ ਰਹਿ ਜਾਣਾ ਹੈ। ਆਖ਼ਰ ਇੱਕ ਨਾ ਇਕ ਦਿਨ ਇਹ ਲੋਕੀਂ ਵੀ ਤੁਰ ਜਾਣੇ ਹਨ। ਮੌਤ ਆ ਜਾਣੀ ਹੈ। ਅਸੀਂ ਇਨਸਾਨ ਹਾਂ। ਅਸੀਂ ਭਗਵਾਨ ਵਾਂਗ ਦੁੱਖਾਂ ਸੁੱਖਾਂ ਤੋਂ ਬਰੀ ਨਹੀਂ ਹੋ ਸਕਦੇ ਅਤੇ ਨਾ ਹੀ ਅਸੀਂ ਹਰੇਕ ਤੋਂ ਮੂੰਹ ਮੋੜ ਕੇ ਜੀਵਨ ਕਟ ਸਕਦੇ ਹਾਂ। ਅਸੀਂ ਸਮਾਜੀ ਪ੍ਰਾਣੀ ਹਾਂ ਅਤੇ ਇਹ ਮੋਹ ਪਿਆਰ ਸਾਡੇ ਜੀਵਨ ਦੇ ਅਧਾਰ ਹਨ। ਅਸੀਂ ਤਾਂ ਬਸ ਪਿਆਰ ਮੁਹੱਬਤਾਂ ਵਧਾਈ ਜਾਣੀਆਂ ਹਨ ਤਾਂਕਿ ਸਾਨੂੰ ਕਦੀ ਵੀ ਘਾਟਾ ਨਾ ਪਵੇ।

## ਰੱਬ ਦੇ ਗੁਣ ਗਾਉਂਦੇ ਰਹੋ

ਰੱਬ ਨੇ ਸਾਨੂੰ ਬਹੁਤ ਕੁਝ ਦੇ ਰੱਖਿਆ ਹੈ, ਰੱਬ ਹੀ ਸਾਡੇ ਅੰਦਰ ਕੁਝ ਪ੍ਰਾਪਤ ਕਰਨ ਦੀਆਂ ਖ਼ਾਹਿਸ਼ਾਂ ਪੈਦਾ ਕਰਦਾ ਹੈ, ਰੱਬ ਸਾਨੂੰ ਹਿੰਮਤ ਦਿੰਦਾ ਹੈ ਅਤੇ ਅਸੀਂ ਆਪਣੇ ਮਨ ਅੰਦਰ ਕਲਪਿਆ ਸੁਪਨਾ ਸਾਕਾਰ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਮੈਂ-ਮੈਂ ਕਰਨ ਦਾ ਕੋਈ ਲਾਭ ਨਹੀਂ ਹੈ। ਸਾਡੀਆਂ ਜੋ ਵੀ ਪ੍ਰਾਪਤੀਆਂ ਹਨ, ਉਹ ਪਰਮ ਪਿਤਾ ਪ੍ਰਮਾਤਮਾ ਦੀ ਦੇਣ ਹਨ। ਇਸ ਲਈ ਰੱਬ ਦੀ ਸਿਫ਼ਤ ਵੀ ਕਰਨੀ ਬਣਦੀ ਹੈ ਅਤੇ ਰੱਬ ਦਾ ਸ਼ੁਕਰਾਨਾ ਵੀ ਕਰਨਾ ਬਣਦਾ ਹੈ। ਰੱਬ ਦੀਆਂ ਕੀਤੀਆਂ ਉੱਤੇ ਕਿੰਤੂ-ਪ੍ਰੰਤੂ ਨਹੀਂ ਕਰਨਾ ਚਾਹੀਦਾ ਬਲਕਿ ਭਾਣਾ ਸਵੀਕਾਰ ਕਰਨ ਦੀ ਆਦਤ ਬਣਾਉਣੀ ਚਾਹੀਦੀ ਹੈ। ਅਸੀਂ ਅਗਰ ਇਤਿਹਾਸ ਅਤੇ ਮਿਥਿਹਾਸ ਦੀਆਂ ਪੜਤਾਂ ਖੋਲ੍ਹ ਕੇ ਦੇਖਦੇ ਹਾਂ ਤਾਂ ਸਾਡੇ ਸਾਹਮਣੇ ਸਪੱਸ਼ਟ ਹੋ ਆਉਂਦਾ ਹੈ ਕਿ ਅਵਤਾਰ, ਗੁਰੂ, ਪੀਰ ਅਤੇ ਭਗਤ ਸਾਰਿਆਂ ਨੂੰ ਦੁੱਖ ਹੀ ਝੇਲਣੇ ਪੈਂਦੇ ਰਹੇ ਹਨ। ਉਹ ਮਹਾਨ ਇਸ ਲਈ ਸਨ ਕਿ ਉਨ੍ਹਾਂ ਨੇ ਰੱਬ ਅੱਗੇ ਕਦੀ ਸ਼ਿਕਾਇਤ ਨਹੀਂ ਸੀ ਕੀਤੀ। ਅਸੀਂ ਵੀ ਐਸਾ ਸੁਭਾਉ ਬਨਾਉਣਾ ਹੈ, ਰੱਬ ਦੇ ਬਸ ਗੁਣ ਗਾਉਣੇ ਹਨ, ਕਦੀ ਸ਼ਿਕਾਇਤ ਨਹੀਂ ਕਰਨੀ ਅਤੇ ਕਦੀ ਵੀ ਰੱਬ ਦੀਆਂ ਕਰਨੀਆਂ ਉੱਤੇ ਕਿੰਤੂ-ਪ੍ਰੰਤੂ ਨਹੀਂ ਕਰਨਾ ।

## ਦੁਨੀਆਂ ਅੰਦਰ ਕੋਈ ਆਦਮੀ ਜੂਠਾ ਨਹੀਂ ਹੈ

ਅਸੀਂ ਵੇਖਦੇ ਹਾਂ ਅਸੀਂ ਪਵਿੱਤਰ ਹਾਂ, ਅਮੀਰ ਹਾਂ, ਉੱਚੇ ਖ਼ਾਨਦਾਨ ਨਾਲ ਸੰਬੰਧ ਰੱਖਦੇ ਹਾਂ, ਉੱਚੀ ਜਾਤੀ ਨਾਲ ਸਾਡੇ ਸੰਬੰਧ ਹਨ। ਅਸੀਂ ਸਾਫ਼-ਸੁਥਰੇ ਰਹਿੰਦੇ ਹਾਂ, ਐਸਾ ਕੁਝ ਕਰਨ ਦਾ ਸਾਡਾ ਅਧਿਕਾਰ ਹੋ ਸਕਦਾ ਹੈ, ਪਰ ਇਨ੍ਹਾਂ ਗੱਲਾਂ ਨੂੰ ਆਧਾਰ ਬਣਾ ਕੇ ਅਗਰ ਅਸੀਂ ਕਿਸੇ ਹੋਰ ਆਦਮੀ ਨੂੰ ਨਫ਼ਰਤ ਕਰਨ ਲੱਗ ਪੈਂਦੇ ਹਾਂ ਅਤੇ ਸੋਚਦੇ ਹਾਂ ਕਿ ਉਸ ਨੂੰ ਹੱਥ ਲਾਉਣ ਨਾਲ ਹੀ ਅਸੀਂ ਅਪਵਿੱਤਰ ਹੋ ਜਾਵਾਂਗੇ ਤਾਂ ਸਮਝੋ ਅਸੀਂ ਪਰਮ ਪਿਤਾ ਪ੍ਰਮਾਤਮਾ ਦੀ ਤੌਹੀਨ ਕਰ ਰਹੇ ਹਾਂ। ਇਸ ਦੁਨੀਆਂ ਦਾ ਹਰੇਕ ਆਦਮੀ ਰੱਬ ਨੇ ਆਪ ਬਣਾਇਆ ਹੈ। ਹਰ ਕੋਈ ਇਕੋ ਤਰ੍ਹਾਂ ਜੰਮਿਆ ਹੈ ਅਤੇ ਹਰ ਕੋਈ ਇਕੋ ਤਰ੍ਹਾਂ ਮਰਦਾ ਹੈ। ਫਿਰ ਅਸੀਂ ਕੌਣ ਹੁੰਦੇ ਹਾਂ ਕਿਸੇ ਨੂੰ ਅਪਵਿੱਤਰ ਆਖਣ ਵਾਲੇ ? ਇਹ ਕਿਵੇਂ ਹੋ ਸਕਦਾ ਹੈ ਕਿ ਰੱਬ ਨੇ ਸਾਨੂੰ ਵਧੀਆ ਬਣਾ ਦਿੱਤਾ ਹੈ ਅਤੇ ਬਾਕੀ ਲੋਕੀਂ ਘਟੀਆ ਹਨ। ਹਰ ਆਦਮੀ ਕਿਸੇ ਮੰਤਵ ਦੀ ਪੂਰਤੀ ਲਈ ਇਸ ਦੁਨੀਆਂ ਵਿੱਚ ਭੇਜਿਆ ਗਿਆ ਹੈ। ਸੋ ਆਪਣੇ ਆਪ ਨੂੰ ਇਤਨਾ ਵਧੀਆ ਕਦੀ ਨਾ ਸਮਝੋ ਕਿ ਕਿਸੇ ਹੋਰ ਨੂੰ ਛੂਹਣ ਨਾਲ ਹੀ ਤੁਸੀਂ ਅਪਵਿੱਤਰ ਹੋ ਜਾਉਗੇ। ਕਿਸੇ ਨੂੰ ਛੂਹਣ ਕਾਰਨ ਅਸੀਂ ਅਪਵਿੱਤਰ ਹੋਣਾ ਹੈ ਜਾਂ ਨਹੀਂ ਹੋਣਾ ਪਰ ਇਕ ਗੱਲ ਸਪੱਸ਼ਟ ਹੈ ਕਿ ਜੋ ਆਦਮੀ ਐਸੇ ਵਿਚਾਰ ਰੱਖਦਾ ਹੈ ਉਹ ਨੀਚ ਹੈ ਅਤੇ ਰੱਬ ਦੇ ਘਰ ਐਸੇ ਆਦਮੀ ਨੂੰ ਮੁਆਫ਼ੀ ਮਿਲਣ ਦੀ ਕੋਈ ਗੁੰਜਾਇਸ਼ ਨਹੀਂ ਹੈ।

## ਅਸੀਂ ਇਨਸਾਨ ਹਾਂ ਅਤੇ ਇਨਸਾਨ ਵਰਗਾ ਵਤੀਰਾ ਕਰਨਾ ਹੈ

ਅਸੀਂ ਆਪਣੇ ਆਪ ਨੂੰ ਇਨਸਾਨ ਆਖਦੇ ਹਾਂ, ਅਗਰ ਅਸੀਂ ਆਪਣੇ ਆਪ ਨੂੰ ਇਨਸਾਨ ਹੋਣ ਦੀ ਪਦਵੀ ਦੇ ਦਿੱਤੀ ਹੈ ਤਾਂ ਸਾਡਾ ਇਹ ਫ਼ਰਜ਼ ਬਣਦਾ ਹੈ ਕਿ ਅਸੀਂ ਇਨਸਾਨੀ ਕਦਰਾਂ ਕੀਮਤਾਂ ਅਪਣਾਈਏ ਅਤੇ ਸਦਾ ਉਨ੍ਹਾਂ ਕਦਰਾਂ ਕੀਮਤਾਂ ਦੀ ਪਾਲਣਾ ਕਰਦੇ ਰਹੀਏ। ਕਦੀ ਵੀ ਸ਼ੈਤਾਨਵਸ ਹੋ ਕੇ ਐਸੀਆਂ ਹਰਕਤਾਂ ਨਾ ਕਰੀਏ ਜਿਨ੍ਹਾਂ ਕਾਰਨ ਲੋਕੀਂ ਸਾਡੇ ਕਿਰਦਾਰ ਉੱਤੇ ਟੀਕਾ-ਟਿੱਪਣੀ ਕਰਨ ਲੱਗ ਜਾਣ ਅਤੇ ਕੁਝ ਲੋਕੀਂ ਇਹ ਵੀ ਆਖ ਦੇਣ ਕਿ ਇਹ ਆਦਮੀ ਜਾਨਵਰਾਂ ਵਾਂਗ ਆਪਣਾ ਕਿਰਦਾਰ ਨਿਭਾਅ ਰਿਹਾ ਹੈ। ਇਸ ਵਿੱਚੋਂ ਇਨਸਾਨੀਅਤ ਤਾਂ ਉਡ ਹੀ ਗਈ ਹੈ। ਇਸ ਦੁਨੀਆਂ ਦੇ ਲੋਕੀਂ ਭਾਵੇਂ ਕਿਤਨੇ ਹੀ ਮਾੜੇ ਕਿਉਂ ਨਾ ਪਏ ਹੋਣ, ਵਧੀਆ ਇਨਸਾਨ ਨੂੰ ਵਧੀਆ ਹੀ ਆਖਦੇ ਹਨ। ਵਧੀਆ ਇਨਸਾਨ ਦੀ ਇਕ ਆਪਣੀ ਪਛਾਣ ਬਣਦੀ ਹੈ ਅਤੇ ਉਸ ਨੂੰ ਕੋਈ ਬੁਰਾ ਨਹੀਂ ਆਖਦਾ, ਇਸ ਦੁਨੀਆਂ ਦੇ ਲੋਕੀਂ ਜੋ ਵੀ ਸਾਡੇ ਬਾਰੇ ਨਜ਼ਰੀਆ ਅਪਣਾਉਣਗੇ ਵੈਸੀ ਹੀ ਸਾਡੀ ਸ਼ੋਭਾ ਖੜ੍ਹੀ ਹੋਵੇਗੀ। ਸੋ ਬਿਹਤਰ ਇਹੀ ਹੈ ਕਿ ਅਸੀਂ ਇਨਸਾਨੀ ਕਦਰਾਂ ਕੀਮਤਾਂ ਨੂੰ ਹੀ ਆਪਣੇ ਜੀਵਨ ਦਾ ਆਧਾਰ ਬਣਾਈ ਰੱਖੀਏ। ਸਾਨੂੰ ਸਾਰਿਆਂ ਨੂੰ ਰੱਬ ਨੇ ਇਨਸਾਨ ਬਣਾਇਆ ਹੈ ਅਤੇ ਅਸੀਂ ਇਨਸਾਨਾਂ ਵਰਗੇ ਕੰਮ ਕਰਕੇ ਰੱਬ ਪਾਸ ਵਾਪਿਸ ਜਾਣਾ ਹੈ। ਐਸਾ ਨਾ ਹੋਵੇ ਕਿ ਅਸੀਂ ਰੱਬ ਦੀ ਕਚਹਿਰੀ ਵਿੱਚ ਹੈਰਾਨ ਪ੍ਰੇਸ਼ਾਨ ਅਤੇ ਸ਼ਰਮਿੰਦਾ ਹੋ ਕੇ ਖਲੋਅ ਜਾਈਏ। ਰੱਬ ਦੀ ਕਚਹਿਰੀ ਨੂੰ ਸਦਾ ਯਾਦ ਰੱਖਣਾ ਹੈ।

## ਮਾੜੀਆਂ ਗੱਲਾਂ ਦੀ ਪਛਾਣ ਕਰੋ

ਜਦੋਂ ਤੱਕ ਮਾੜੀਆਂ ਗੱਲਾਂ ਦੀ ਪਛਾਣ ਨਹੀਂ ਕਰ ਲੈਂਦੇ ਉਦੋਂ ਤੱਕ ਅਸੀਂ ਮਾੜੀਆਂ ਗੱਲਾਂ ਦਾ ਤਿਆਗ ਕਰਨ ਬਾਰੇ ਨਹੀਂ ਸੋਚ ਸਕਦੇ ਅਤੇ ਇਹ ਕੰਮ ਮੁਸ਼ਕਿਲ ਨਹੀਂ ਹੈ। ਕੁਝ ਹੀ ਦਿਨਾਂ ਦਾ ਅਭਿਆਸ ਸਾਡੇ ਜੀਵਨ ਵਿੱਚ ਕ੍ਰਾਂਤੀ ਲਿਆ ਸਕਦਾ ਹੈ। ਜਦੋਂ ਅਸੀਂ ਆਪਣੀਆਂ ਹੀ ਕੀਤੀਆਂ ਮਾੜੀਆਂ ਗੱਲਾਂ ਅਤੇ ਕਾਰਵਾਈਆਂ ਦਾ ਗਿਆਨ ਪ੍ਰਾਪਤ ਕਰ ਲੈਂਦੇ ਹਾਂ ਤਾਂ ਸਾਡੇ ਅੰਦਰੋਂ ਆਵਾਜ਼ ਉਠਦੀ ਹੈ ਕਿ ਅਸੀਂ ਜੋ ਕੁਝ ਵੀ ਮਾੜਾ ਕੀਤਾ ਹੈ, ਸਾਨੂੰ ਕਰਨਾ ਨਹੀਂ ਸੀ ਚਾਹੀਦਾ। ਇਹ ਪਛਤਾਵਾ ਸਾਡੇ ਅੰਦਰ ਮਹਾਨ ਕਰਾਂਤੀ ਲਿਆਉਣ ਦੀ ਬੁਨਿਆਦ ਹੈ, ਇਸ ਜੀਵਨ ਦਾ ਉਦੇਸ਼ ਹੀ ਬਸ ਇਕ ਹੈ। ਜੋ ਕੁਝ ਵੀ ਅਸੀਂ ਬੁਰਾ ਕਰ ਬੈਠੇ ਹਾਂ, ਉਸ ਦਾ ਪਛਤਾਵਾ ਕਰਨਾ ਹੈ ਅਤੇ ਮੁੜ ਕੇ ਉਹ ਗ਼ਲਤੀ ਦੁਹਰਾਉਣੀ ਨਹੀਂ। ਇਹ ਸੁਧਾਈ ਦਾ ਸਿਲਸਿਲਾ ਅਗਰ ਅਸੀਂ ਸ਼ੁਰੂ ਕਰ ਲੈਂਦੇ ਹਾਂ ਤਾਂ ਫਿਰ ਅਸੀਂ ਬਹੁਤ ਲੋਕਾਂ ਤੋਂ ਅੱਗੇ ਲੰਘ ਜਾਵਾਂਗੇ ਅਤੇ ਹਰ ਪਾਸੇ ਸਾਡੀ ਜੈ-ਜੈ ਕਾਰ ਸ਼ੁਰੂ ਹੋ ਜਾਵੇਗੀ। ਇਸ ਦੁਨੀਆਂ ਦੇ ਲੋਕੀਂ ਵਧੀਆ ਬੰਦੇ ਨੂੰ ਪਸੰਦ ਕਰਦੇ ਹਨ।

## ਮੁਆਫ਼ ਕਰਨ ਦੀ ਜਾਚ ਸਿੱਖੋ

ਅਸੀਂ ਢੇਰ ਸਾਰੀਆਂ ਗ਼ਲਤੀਆਂ ਕਰਦੇ ਹਾਂ ਅਤੇ ਅੰਦਰ ਖਾਤੇ ਰੱਬ ਪਾਸੋਂ ਮੁਆਫ਼ੀਆਂ ਵੀ ਮੰਗਦੇ ਹਾਂ। ਰੱਬ ਪਾਸ ਅਰਦਾਸਾਂ ਵੀ ਕਰਦੇ ਹਾਂ, ਆਖਦੇ ਹਾਂ ਕਿ ਮੁੜਕੇ ਅਸੀਂ ਐਸਾ ਪਾਪ ਨਹੀਂ ਕਰਾਂਗੇ ਪਰ ਅਸੀਂ ਆਪ ਕਿਸੇ ਦੀ ਗ਼ਲਤੀ ਮੁਆਫ਼ ਕਰਨ ਲਈ ਤਿਆਰ ਨਹੀਂ ਹਾਂ। ਅਸੀਂ ਸੋਚਦੇ ਹਾਂ ਕਿ ਇਸ ਆਦਮੀ ਨੇ ਗ਼ਲਤੀ ਨਾਲ ਇਹ ਗ਼ਲਤ ਕਾਰਵਾਈ ਨਹੀਂ ਕੀਤੀ ਬਲਕਿ ਇਸ ਦੀ ਨੀਅਤ ਹੀ ਮਾੜੀ ਸੀ ਅਤੇ ਇਸ ਨੇ ਜੋ ਕੁਝ ਵੀ ਕੀਤਾ ਹੈ ਮੰਦਭਾਵਨਾ ਨਾਲ ਕੀਤਾ ਹੈ। ਸਾਡੇ ਅੰਦਰ ਕਿਤਨੇ ਹੀ ਐਸੇ ਵਿਚਾਰ ਪੈਦਾ ਹੋ ਆਉਂਦੇ ਹਨ ਅਤੇ ਅਸੀਂ ਮੁਆਫ਼ ਨਹੀਂ ਕਰ ਪਾਉਂਦੇ। ਇੱਥੇ ਆ ਕੇ ਸੋਚਣਾ ਪੈਂਦਾ ਹੈ ਕਿ ਜੇਕਰ ਅਸੀਂ ਕਿਸੇ ਦੂਜੇ ਨੂੰ ਮੁਆਫ਼ ਨਹੀਂ ਕਰ ਸਕਦੇ ਤਾਂ ਰੱਬ ਸਾਨੂੰ ਕਿਉਂ ਮੁਆਫ਼ ਕਰੇਗਾ ? ਅਸੀਂ ਰੱਬ ਪਾਸੋਂ ਆਪਣੀਆਂ ਕੀਤੀਆਂ ਦੀ ਮੁਆਫ਼ੀ ਮੰਗਦੇ ਹਾਂ ਤਾਂ ਸਾਡੇ ਅੰਦਰ ਦੂਜਿਆਂ ਦੀਆਂ ਕੀਤੀਆਂ ਗ਼ਲਤੀਆਂ ਨੂੰ ਮੁਆਫ਼ ਕਰਨ ਦੀ ਜੁਅਰਤ ਵੀ ਹੋਣੀ ਚਾਹੀਦੀ ਹੈ। ਅਗਰ ਅੱਜ ਤੱਕ ਅਸੀਂ ਮੁਆਫ਼ ਕਰਨ ਦਾ ਸੁਭਾਓ ਨਹੀਂ ਬਣਾ ਲਿਆ ਤਾਂ ਅੱਜ ਤੋਂ ਐਸੀ ਕਸਰਤ ਸ਼ੁਰੂ ਕਰ ਲੈਣੀ ਚਾਹੀਦੀ ਹੈ। ਸੁਧਾਰ ਜੀਵਨ ਦੇ ਕਿਸੇ ਮੋੜ ਉੱਤੇ ਆ ਜਾਵੇ, ਉਸ ਦਾ ਅਸਰ ਸਾਡੇ ਜੀਵਨ ਉੱਤੇ ਜ਼ਰੂਰ ਪੈਂਦਾ ਹੈ।

## ਪਾਪ ਦੀ ਕਮਾਈ

ਅਸੀਂ ਪਾਪ ਦੀ ਕਮਾਈ ਨਹੀਂ ਕਰਨੀ, ਅਸੀਂ ਆਪਣੇ ਅਤੇ ਆਪਣੇ ਪਰਿਵਾਰ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਮਜਬੂਰ ਹਾਂ ਅਤੇ ਕਈ ਵਾਰੀ ਅਸੀਂ ਪਾਪ ਦੀ ਕਮਾਈ ਕਰਨ ਲਈ ਵੀ ਮਜਬੂਰ ਹੋ ਜਾਂਦੇ ਹਾਂ। ਅਸੀਂ ਇਸ ਸਿਲਸਿਲੇ ਨੂੰ ਅਪਨਾਉਣਾ ਨਹੀਂ ਹੈ। ਇਹ ਗ਼ਲਤ ਰਸਤਾ ਹੈ, ਪਾਪ ਦੀ ਕਮਾਈ ਜੋ ਵੀ ਆਦਮੀ ਖਾਏਗਾ, ਉਸ ਦੀ ਬੁੱਧੀ ਕਦੀ ਵੀ ਸ਼ੁੱਧ ਨਹੀਂ ਹੋ ਸਕਦੀ। ਪਾਪ ਦੀ ਕਮਾਈ ਖਾ ਕੇ ਸਾਡੇ ਅੰਦਰੋਂ ਸ਼ੁੱਧਤਾ ਜਾਂਦੀ ਰਹਿੰਦੀ ਹੈ। ਥੋੜ੍ਹਾ ਖਾਣਾ ਅਤੇ ਕਦੀ-ਕਦੀ ਭੁੱਖਾ ਰਹਿਣ ਨਾਲ ਬੰਦੇ ਦਾ ਕੁਝ

ਨਹੀਂ ਵਿਗੜਦਾ ਪਰ ਪਾਪ ਦੀ ਕਮਾਈ ਨਾਲ ਬੰਦੇ ਦਾ ਤਨ ਅਤੇ ਮਨ ਦੋਨੋਂ ਹੀ ਪਲੀਤ ਅਤੇ ਗੰਦੇ ਹੋ ਜਾਂਦੇ ਹਨ। ਇਕ ਵਾਰੀ ਪਾਪ ਦੀ ਕਮਾਈ ਦਾ ਸਵਾਦ ਪੈ ਜਾਵੇ ਤਾਂ ਬੰਦਾ ਇਸ ਚੱਕਰ 'ਚੋਂ ਬਾਹਰ ਨਹੀਂ ਨਿਕਲ ਸਕਦਾ। ਉਹ ਆਪਣੇ ਖ਼ਰਚੇ ਵਧਾ ਬੈਠਦਾ ਹੈ ਅਤੇ ਪਾਪ ਦੀ ਕਮਾਈ ਬਗ਼ੈਰ ਇਨ੍ਹਾਂ ਵਧੇ ਖ਼ਰਚਿਆਂ ਦੀ ਪੂਰਤੀ ਨਹੀਂ ਹੋ ਸਕਦੀ। ਇਸ ਕਰਕੇ ਪਾਪ ਦੀ ਕਮਾਈ ਤੋਂ ਛੁਟਕਾਰਾ ਪਾਉਣਾ ਮੁਸ਼ਕਿਲ ਹੋ ਜਾਂਦਾ ਹੈ। ਬਿਹਤਰ ਇਹੀ ਰਸਤਾ ਹੈ ਕਿ ਅਸੀਂ ਇਸ ਪਾਪ ਦੀ ਕਮਾਈ ਕਰਨ ਵਾਲੇ ਰਸਤੇ ਉੱਤੇ ਤੁਰਨਾ ਹੀ ਸ਼ੁਰੂ ਨਾ ਕਰੀਏ। ਕੋਈ ਆਖੇ ਕਿ ਉਸ ਨੂੰ ਪਤਾ ਹੀ ਨਹੀਂ ਸੀ ਕਿ ਉਹ ਪਾਪ ਦੀ ਕਮਾਈ ਸ਼ੁਰੂ ਕਰਨ ਜਾ ਰਿਹਾ ਹੈ ਤਾਂ ਉਹ ਗ਼ਲਤ ਆਖ ਰਿਹਾ ਹੈ। ਜੋ ਕਮਾਈ ਸਾਡੇ ਅੰਦਰ ਡਰ ਦੀ ਭਾਵਨਾ ਪੈਦਾ ਕਰਦੀ ਹੈ ਅਤੇ ਅਸੀਂ ਉਸ ਦਾ ਮਾਨਸਿਕ ਤੌਰ 'ਤੇ ਸੰਪੂਰਨ ਅਨੰਦ ਨਹੀਂ ਮਾਣ ਸਕਦੇ, ਉਹ ਹਰਾਮ ਦੀ ਕਮਾਈ ਹੈ। ਪਾਪ ਦੀ ਕਮਾਈ ਹੈ।

## ਭਾਣਾ ਮੰਨ ਲਓ

ਰੱਬ ਨੇ ਜੋ ਵੀ ਸਾਡੇ ਨਾਲ ਭਾਣਾ ਵਰਤਾਉਣਾ ਹੈ, ਉਹ ਪਹਿਲਾਂ ਹੀ ਲਿਖਿਆ ਜਾ ਚੁੱਕਾ ਹੈ ਅਤੇ ਅਸੀਂ ਰੱਬ ਦੇ ਭਾਣੇ ਨੂੰ ਟਾਲ ਨਹੀਂ ਸਕਦੇ। ਇਤਿਹਾਸ ਅਤੇ ਮਿਥਿਹਾਸ ਵਿੱਚ ਦਰਜ ਘਟਨਾਵਾਂ ਸਪੱਸ਼ਟ ਕਰ ਦਿੰਦੀਆਂ ਹਨ ਕਿ ਅਵਤਾਰਾਂ, ਪੈਗੰਬਰਾਂ, ਗੁਰੂਆਂ, ਰਿਸ਼ੀਆਂ, ਮੁਨੀਆਂ, ਪੀਰਾਂ-ਫ਼ਕੀਰਾਂ ਅਤੇ ਸੰਤਾਂ ਨਾਲ ਵੀ ਭਾਣੇ ਵਰਤਦੇ ਰਹੇ ਹਨ ਅਤੇ ਉਨ੍ਹਾਂ ਨੂੰ ਵੀ ਬਰਦਾਸ਼ਤ ਕਰਨੇ ਪਏ ਹਨ। ਅਸੀਂ ਰੱਬ ਦੇ ਭਾਣਿਆਂ ਦੇ ਕਈ ਅਰਥ ਕੱਢ ਰੱਖੇ ਹਨ। ਕੋਈ ਆਖਦਾ ਹੈ ਇਹ ਸਾਡੀਆਂ ਹੀ ਕੀਤੀਆਂ ਦਾ ਫ਼ਲ ਹੈ, ਕੋਈ ਆਖਦਾ ਹੈ ਸਾਡੇ ਕੀਤੇ ਮਾੜੇ ਕੰਮਾਂ ਦੀ ਸਜ਼ਾ ਜੋ ਅਸੀਂ ਪਿਛਲੇ ਜਨਮ ਵਿੱਚ ਭੁਗਤ ਨਹੀਂ ਸਾਂ ਪਾਏ, ਉਹੀ ਇਸ ਜਨਮ ਵਿੱਚ ਭੁਗਤ ਰਹੇ ਹਾਂ। ਕਈ ਦਾਰਸ਼ਨਿਕ ਇਹ ਵੀ ਆਖਦੇ ਹਨ ਕਿ ਰੱਬ ਦਾ ਭਾਣਾ ਇਮਤਿਹਾਨ ਦੀਆਂ ਘੜੀਆਂ ਹੁੰਦੀਆਂ ਹਨ। ਅਗਰ ਅਸੀਂ ਪਾਸ ਹੋ ਕੇ ਨਿਕਲਦੇ ਹਾਂ ਤਾਂ ਅੱਗੇ ਨਾਲੋਂ ਬਿਹਤਰ ਇਨਸਾਨ ਬਣ ਜਾਂਦੇ ਹਾਂ। ਅਗਰ ਅਸੀਂ ਰੱਬ ਦਾ ਭਾਣਾ ਬਰਦਾਸ਼ਤ ਹੀ ਨਹੀਂ ਕਰ ਪਾਏ ਤਾਂ ਸਮਝੋ ਅਸੀਂ ਪ੍ਰੀਖਿਆ ਵਿੱਚ ਫੇਲ੍ਹ ਹੋ ਗਏ ਹਾਂ ਅਤੇ ਫੇਲ੍ਹ ਹੋਇਆ ਆਦਮੀ ਆਪਣਾ ਬਣਿਆ ਬਣਾਇਆ ਸਤਿਕਾਰ ਖੋਹ ਬੈਠਦਾ ਹੈ। ਸੋ ਰੱਬ ਦੇ ਭਾਣੇ ਨੂੰ ਇਮਤਿਹਾਨ ਦੀਆਂ ਘੜੀਆਂ ਸਮਝ ਕੇ ਨਿਭਾਉਣਾ ਚਾਹੀਦਾ ਹੈ ਅਤੇ ਅੱਜ ਤੱਕ ਦੇ ਪ੍ਰਾਪਤ ਕੀਤੇ ਗਏ ਤਜਰਬੇ ਅਤੇ ਸ਼ਕਤੀ ਦੀ ਰੱਜ ਕੇ ਵਰਤੋਂ ਕਰਕੇ ਪ੍ਰੀਖਿਆ ਵਿੱਚੋਂ ਪਾਸ ਹੋਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਫਿਰ ਹਰ ਪਾਸੇ ਸਾਡੀ ਜੈ-ਜੈ ਕਾਰ ਹੀ ਹੋਵੇਗੀ।

## ਰੱਬ ਨੂੰ ਯਾਦ ਰੱਖੋ—ਰੱਬ ਨਾਲ ਰਿਸ਼ਤਾ ਬਣਿਆ ਰਹੇਗਾ

ਆਖਦੇ ਹਨ ਕਿ ਜੋ ਆਦਮੀ ਰੱਬ ਦੀ ਹਾਜ਼ਰੀ ਪ੍ਰਵਾਨ ਕਰਦਾ ਹੈ ਅਤੇ ਉਸ ਵਲੋਂ ਦਿੱਤੇ ਆਦੇਸ਼ਾਂ ਦੀ ਪਾਲਣਾ ਕਰਦਾ ਹੈ, ਉਹ ਆਦਮੀ ਕਦੀ ਗ਼ਲਤੀ ਨਹੀਂ ਕਰਦਾ ਅਤੇ ਦੁੱਖਾਂ-ਤਕਲੀਫ਼ਾਂ ਵਿੱਚ ਨਹੀਂ ਫਸਦਾ। ਅਸੀਂ ਜਦ ਕਦੀ ਵੀ ਰੱਬ ਨੂੰ ਭੁੱਲ ਜਾਂਦੇ ਹਾਂ, ਸਮਝੋ ਅਸੀਂ ਸ਼ੈਤਾਨਵਸ ਚੜ੍ਹ ਗਏ ਹਾਂ ਅਤੇ ਦੁਨੀਆਂ ਭਰ ਦੇ ਲੋਕੀਂ ਜਾਣਦੇ ਹਨ ਕਿ ਸ਼ੈਤਾਨ ਵਸ ਹੋਇਆ ਆਦਮੀ ਕੋਈ ਕੰਮ ਸਹੀ ਨਹੀਂ ਕਰ ਸਕਦਾ। ਉਸ ਦੇ ਗ਼ਲਤ ਕੰਮ

ਕੁਝ ਚਿਰ ਲਈ ਉਸ ਨੂੰ ਖ਼ੁਸ਼ੀਆਂ ਦਿੰਦੇ ਹਨ ਪਰ ਕੁਝ ਹੀ ਅਰਸੇ ਬਾਅਦ ਗੱਡੀ ਪਿੱਛੇ ਨੂੰ ਤੁਰ ਪੈਂਦੀ ਹੈ ਅਤੇ ਉਹ ਆਦਮੀ ਫਿਰ ਆਪਣੇ ਕੀਤੇ ਪਾਪਾਂ ਅਤੇ ਅਪਰਾਧਾਂ ਬਦਲੇ ਮਾਨਸਿਕ ਸੰਤਾਪ ਵੀ ਭੁਗਤਦਾ ਹੈ ਅਤੇ ਜਿਸ ਸਮਾਜ ਦਾ ਉਹ ਪਾਤਰ ਹੈ, ਉਸ ਸਮਾਜ ਅੰਦਰ ਵੀ ਬਦਨਾਮ ਹੋ ਜਾਂਦਾ ਹੈ। ਅਸੀਂ ਆਤਮਾ ਰੂਪੀ ਪ੍ਰਮਾਤਮਾ ਜੋ ਸਾਡੇ ਅੰਦਰ ਹਰ ਵਕਤ ਹਾਜ਼ਰ ਹੈ, ਉਸ ਦੀ ਪੱਕੇ ਨਿਸ਼ਚੇ ਨਾਲ ਹਾਜ਼ਰੀ ਪ੍ਰਵਾਨ ਕਰਨੀ ਹੈ ਅਤੇ ਜੋ ਦਿਸ਼ਾ ਨਿਰਦੇਸ਼ ਉੱਥੋਂ ਜਾਰੀ ਹੁੰਦੇ ਹਨ, ਉਹ ਅਸੀਂ ਪ੍ਰਵਾਨ ਕਰਨੇ ਹਨ ਅਤੇ ਐਸਾ ਕਰਨਾ ਮੁਸ਼ਕਿਲ ਵੀ ਨਹੀਂ ਹੈ। ਬਸ ਵਕਤੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਦਾ ਸਿਲਸਿਲਾ ਤਿਆਗਣਾ ਹੈ। ਇਹ ਗੱਲ ਜ਼ਰੂਰ ਅਸੀਂ ਸੋਚਣੀ ਹੈ ਕਿ ਜੋ ਕੁਝ ਅਸੀਂ ਕਰਨ ਜਾ ਰਹੇ ਹਾਂ ਇਸ ਦਾ ਅੱਜ, ਕੱਲ੍ਹ ਜਾਂ ਪਰਸੋਂ ਕੀ ਨਤੀਜਾ ਨਿਕਲੇਗਾ। ਇਸ ਦੀ ਪਰਖ ਕਰਨੀ ਵੀ ਮੁਸ਼ਕਿਲ ਨਹੀਂ ਹੈ। ਅਸੀਂ ਇਹ ਸੋਚਣਾ ਹੈ ਕਿ ਸਾਡੇ ਕੀਤੇ ਕੰਮਾਂ ਦਾ ਜੇਕਰ ਸਾਡੇ ਮਾਤਾ-ਪਿਤਾ ਨੂੰ ਪਤਾ ਲੱਗ ਜਾਵੇ ਤਾਂ ਉਹ ਕੀ ਸੋਚਣਗੇ। ਸਾਡੀ ਬੀਵੀ, ਬੱਚੇ ਅਤੇ ਭੈਣ ਭਰਾਵਾਂ ਨੂੰ ਪਤਾ ਲੱਗ ਜਾਵੇ ਤਾਂ ਕੀ ਉਹ ਸਾਡਾ ਨਾਮ ਲੈ ਕੇ ਫ਼ਖ਼ਰ ਮਹਿਸੂਸ ਕਰਨਗੇ ਜਾਂ ਸ਼ਰਮਿੰਦਗੀ ਕਾਰਨ ਲੋਕਾਂ ਪਾਸੋਂ ਮੂੰਹ ਛੁਪਾਉਂਦੇ ਫਿਰਨਗੇ। ਇਹ ਨਿੱਕੀਆਂ-ਨਿੱਕੀਆਂ ਗੱਲਾਂ ਸੋਚੀਆਂ ਜਾ ਸਕਦੀਆਂ ਹਨ, ਇਹ ਸਾਕ-ਸੰਬੰਧੀ ਵੀ ਸਾਡੇ ਲਈ ਰਾਹ-ਦਸੇਰਾ ਬਣ ਜਾਂਦੇ ਹਨ।

## ਹਰ ਬੰਦਾ ਕੁਝ ਸਿਖਾ ਜਾਂਦਾ ਹੈ

ਇਹ ਦੁਨੀਆਂ ਬਹੁਤ ਵਿਸ਼ਾਲ ਹੈ, ਅਸੀਂ ਸਾਰੀ ਦੁਨੀਆਂ ਸ਼ਾਇਦ ਘੁੰਮ ਨਾ ਸਕੀਏ, ਇਸ ਦੁਨੀਆਂ ਵਿੱਚ ਅਰਬਾਂ ਹੀ ਲੋਕੀਂ ਰਹਿੰਦੇ ਹਨ। ਹੋ ਸਕਦਾ ਹੈ ਅਸੀਂ ਸਾਰੇ ਲੋਕਾਂ ਨੂੰ ਮਿਲ ਨਾ ਸਕੀਏ ਪਰ ਜਿਤਨੇ ਕੁ ਲੋਕੀਂ ਸਾਡੇ ਸੰਪਰਕ ਵਿੱਚ ਆਉਂਦੇ ਹਨ, ਸਾਡੇ ਲਈ ਸਾਰੇ ਹੀ ਵਧੀਆ ਲੋਕੀਂ ਹਨ। ਅਸੀਂ ਚੰਗੇ ਬੰਦਿਆਂ ਪਾਸੋਂ ਵੀ ਸਿੱਖਦੇ ਹਾਂ, ਦੁਨੀਆਂ ਅੰਦਰ ਗਰਦਾਨੇ ਮਾੜੇ ਬੰਦਿਆਂ ਪਾਸੋਂ ਵੀ ਅਸੀਂ ਬਹੁਤ ਕੁਝ ਸਿਖਦੇ ਹਾਂ। ਅਸੀਂ ਮਿਲਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਸਮਾ ਲੈਣਾ ਹੈ। ਹਰ ਤਜਰਬਾ ਸਾਡੇ ਲਈ ਨਵੇਂ ਦਿਸ਼ਾ ਨਿਰਦੇਸ਼ ਕਾਇਮ ਕਰਦਾ ਹੈ। ਅਸੀਂ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਨੂੰ ਪ੍ਰਵਾਨ ਕਰਨਾ ਹੈ। ਅਸੀਂ ਗਿਆਨ ਪ੍ਰਾਪਤ ਕਰਨ ਲਈ ਖ਼ਾਸ ਬੰਦਿਆਂ ਦੀ ਭਾਲ ਕਰਦੇ ਰਹਿੰਦੇ ਹਾਂ। ਕਈ ਵਾਰੀ ਸਾਡੇ ਇਹ ਚੱਕਰ ਮਹਿਜ ਭਟਕਣਾ ਬਣਕੇ ਰਹਿ ਜਾਂਦੇ ਹਨ। ਸਾਡੇ ਅੰਦਰੋਂ ਬਹੁਤ ਕੁਝ ਵਧੀਆ ਫੁੱਟ-ਫੁੱਟ ਪੈਂਦਾ ਹੈ, ਸਾਡੇ ਸੰਪਰਕ ਵਿੱਚ ਆਉਂਦੇ ਲੋਕੀਂ ਬਹੁਤ ਕੁਝ ਦਸ ਜਾਂਦੇ ਹਨ, ਗੱਲ ਤਾਂ ਅਪਨਾਉਣ ਦੀ ਹੈ। ਅਗਰ ਅਸੀਂ ਇਕ ਕੰਨ ਰਾਹੀਂ ਸੁਣਦੇ ਹਾਂ ਅਤੇ ਦੂਜੇ ਕੰਨ ਰਾਹੀਂ ਗੱਲ ਬਾਹਰ ਕੱਢ ਦਿੰਦੇ ਹਾਂ ਤਾਂ ਸਮਝੋ ਗੱਲ ਆਖਣ ਵਾਲੇ ਨੇ ਵੀ ਸਮਾਂ ਨਸ਼ਟ ਕੀਤਾ ਹੈ ਅਤੇ ਅਸੀਂ ਗੱਲ ਸੁਣਨ ਵਾਲੇ ਦਾ ਵੀ ਕੱਖ ਨਹੀਂ ਸੰਵਾਰਿਆ। ਮਨੁੱਖ ਤਾਂ ਹਮੇਸ਼ਾ ਇਕ ਵਿਦਿਆਰਥੀ ਅਤੇ ਸਿਖਿਆਰਥੀ ਹੈ ਅਤੇ ਉਸ ਦੀ ਇਸੇ ਮਨੋਵਿਰਤੀ ਕਾਰਨ ਹੀ ਉਹ ਪੁਲਾਂਘਾਂ ਪੁੱਟਦਾ-ਪੁੱਟਦਾ ਅੱਜ ਇੱਥੇ ਤੱਕ ਪੁੱਜ ਆਇਆ ਹੈ। ਇਨਸਾਨੀ ਫ਼ਿਤਰਤ ਦਾ ਇਹ ਸਿਲਸਿਲਾ ਅਸੀਂ ਵੀ ਜਾਰੀ ਰੱਖਣਾ ਹੈ ਅਤੇ ਇਹ ਨਾ ਹੋਵੇ ਕਿ ਅਸੀਂ ਦੁਨੀਆਂ ਭਰ ਦੇ ਲੋਕਾਂ ਦੀਆਂ ਮਾੜੀਆਂ ਗੱਲਾਂ ਅਪਣਾ ਕੇ ਘਰ ਪਰਤ ਆਈਏ। ਚੰਗੇ ਅਤੇ ਬੁਰੇ ਦੀ ਤਮੀਜ਼ ਅਸੀਂ ਆਪਣੇ ਆਪ ਅੰਦਰ ਆਪ ਪੈਦਾ ਕਰਨੀ ਹੈ।

## ਇਹ ਜੀਵਨ ਅਜਾਈਂ ਨਹੀਂ ਜਾਣਾ ਚਾਹੀਦਾ

ਦੁਨੀਆਂ ਭਰ ਦੇ ਸਿਆਣੇ ਲੋਕੀਂ ਆਖਦੇ ਹਨ ਕਿ ਮਨੁੱਖ ਦਾ ਜੀਵਨ ਸਭ ਤੋਂ ਉੱਚਾ ਹੈ ਅਤੇ ਅਸੀਂ ਕਿਸਮਤ ਵਾਲੇ ਹਾਂ, ਰੱਬ ਨੇ ਸਾਨੂੰ ਮਨੁੱਖ ਦਾ ਜੀਵਨ ਪ੍ਰਦਾਨ ਕੀਤਾ ਹੈ। ਸਾਡੇ ਲਈ ਮੌਕਾ ਪੈਦਾ ਕੀਤਾ ਗਿਆ ਹੈ ਕਿ ਅਸੀਂ ਦੁਨੀਆਂ ਭਰ ਦੀਆਂ ਚੰਗਿਆਈਆਂ ਅਪਣਾ ਕੇ ਅਮਰ ਹੋ ਜਾਈਏ। ਅਸੀਂ ਦੁਨੀਆਂ ਭਰ ਦੀਆਂ ਬੁਰਾਈਆਂ ਨੂੰ ਅਪਣਾ ਸਕਦੇ ਹਾਂ ਅਤੇ ਦੁਨੀਆਂ ਭਰ ਦੇ ਲੋਕਾਂ ਸਾਹਮਣੇ ਬਦਨਾਮ ਹੋ ਸਕਦੇ ਹਾਂ। ਕੋਈ ਆਖੇ ਕਿ ਅਸੀਂ ਨਾਮਣਾ ਨਹੀਂ ਖੱਟ ਸਕਦੇ, ਇਹ ਵੀ ਗ਼ਲਤ ਹੈ। ਅਸੀਂ ਅਗਰ ਇਹ ਭੇਤ ਸਮਝ ਲਈਏ ਕਿ ਇਹ ਜੀਵਨ ਜੋ ਸਾਨੂੰ ਮਿਲਿਆ ਹੈ, ਪਹਿਲਾ ਅਤੇ ਆਖ਼ਰੀ ਜੀਵਨ ਹੈ ਅਤੇ ਅਸੀਂ ਇਸ ਨੂੰ ਵਿਅਰਥ ਨਹੀਂ ਜਾਣ ਦੇਣਾ ਤਾਂ ਸਾਡੇ ਅੰਦਰ ਮਹਾਨ ਤਬਦੀਲੀਆਂ ਆ ਸਕਦੀਆਂ ਹਨ। ਅਸੀਂ ਦੁਨੀਆਂ ਅੰਦਰ ਨਾਮ ਪੈਦਾ ਕਰ ਸਕਦੇ ਹਾਂ। ਕੋਈ ਆਖੇ ਕਿ ਦੁਨੀਆਂ ਅੰਦਰ ਨਾਮ ਪੈਦਾ ਕਰਨ ਲਈ ਖ਼ਾਨਦਾਨ ਚਾਹੀਦਾ ਹੈ, ਪੈਸਾ ਚਾਹੀਦਾ ਹੈ, ਉੱਚੀਆਂ ਪਦਵੀਆਂ ਹੋਣੀਆਂ ਚਾਹੀਦੀਆਂ ਹਨ, ਉੱਚੀ ਵਿਦਿਆ ਹੋਣੀ ਚਾਹੀਦੀ ਹੈ ਤਾਂ ਉਹ ਗ਼ਲਤ ਸੋਚ ਰਿਹਾ ਹੈ। ਕਈ ਵਾਰੀ ਇਕ ਹੀ ਕੰਮ ਸਾਡਾ ਨਾਮ ਰੌਸ਼ਨ ਕਰ ਦਿੰਦਾ ਹੈ। ਅਸੀਂ ਅਗਰ ਦੁਨੀਆਂ ਦੇ ਇਤਿਹਾਸ ਅਤੇ ਮਿਥਿਹਾਸ ਉੱਤੇ ਨਜ਼ਰ ਮਾਰਦੇ ਹਾਂ ਤਾਂ ਬਹੁਤ ਸਾਰੀਆਂ ਐਸੀਆਂ ਹਸਤੀਆਂ ਸਾਡੀ ਨਜ਼ਰੀਂ ਚੜ੍ਹਦੀਆਂ ਹਨ ਜਿਨ੍ਹਾਂ ਦਾ ਕੋਈ ਖ਼ਾਨਦਾਨ ਨਹੀਂ ਸੀ, ਕੋਈ ਪੈਸਾ ਨਹੀਂ ਸੀ, ਕੋਈ ਰੁਤਬਾ ਨਹੀਂ ਸੀ ਅਤੇ ਨਾ ਹੀ ਉਨ੍ਹਾਂ ਪਾਸ ਉੱਚੀ ਵਿਦਿਆ ਸੀ, ਪਰ ਉਹ ਕਿਸੇ ਖ਼ਾਸ ਕਾਰਨਾਮੇ ਕਰਕੇ ਅੱਜ ਵੀ ਜਿਊਂਦੇ ਹਨ। ਸਦੀਆਂ ਦਾ ਸਫ਼ਰ ਤੈਅ ਕਰਨ ਬਾਅਦ ਲੋਕੀਂ ਅੱਜ ਵੀ ਉਨ੍ਹਾਂ ਦਾ ਨਾਮ ਲੈ ਕੇ ਦਿਸ਼ਾ-ਨਿਰਦੇਸ਼ ਲੈਂਦੇ ਹਨ। ਅਸੀਂ ਵੀ ਕੋਈ ਐਸਾ ਕਾਰਜ ਕਰਕੇ ਜਾ ਸਕਦੇ ਹਾਂ, ਕੁਝ ਬਚਨ ਕਰ ਸਕਦੇ ਹਾਂ ਜੋ ਅੱਜ ਤੱਕ ਕਿਸੇ ਨੇ ਨਹੀਂ ਆਖੇ ਅਤੇ ਇਹ ਬਚਨ ਦੁਨੀਆਂ ਭਰ ਦੇ ਲੋਕਾਂ ਲਈ ਰਾਹ-ਦਸੇਰਾ ਬਣ ਸਕਦੇ ਹਨ ਅਤੇ ਐਸਾ ਕੀਤਾ ਜਾ ਸਕਦਾ ਹੈ। ਮੁਸ਼ਕਿਲ ਇਹ ਹੈ ਕਿ ਅਸੀਂ ਆਦਮੀਆਂ ਨੇ ਕਦੀ ਇਹ ਨਹੀਂ ਸੋਚਿਆ ਕਿ ਪਰਮ ਪਿਤਾ ਪ੍ਰਮਾਤਮਾ ਨੇ ਆਖ਼ਰ ਸਾਡੀ ਰਚਨਾ ਕਾਸ ਲਈ ਕੀਤੀ ਹੈ ? ਉਸ ਦੇ ਮਨ ਅੰਦਰ ਸਾਡੀ ਰਚਨਾ ਕਰਨ ਦਾ ਮਕਸਦ ਕੀ ਸੀ, ਅਸੀਂ ਤਾਂ ਬਸ ਉਸ ਮਕਸਦ ਦੀ ਪਛਾਣ ਕਰਨੀ ਹੈ।

## ਸੁੱਖ ਅਤੇ ਦੁੱਖ ਦੋਵੇਂ ਰੱਬ ਦਿੰਦਾ ਹੈ

ਰੱਬ ਆਪ ਸਾਡੇ ਹਿੱਸੇ ਦੇ ਸੁੱਖ ਅਤੇ ਦੁੱਖ ਸਾਡੀ ਕਿਸਮਤ ਵਿੱਚ ਲਿਖ ਦਿੰਦਾ ਹੈ ਅਤੇ ਅਸੀਂ ਇਨਸਾਨ ਭਾਵੇਂ ਕਿਤਨੇ ਹੀ ਸਿਆਣੇ ਬਣੇ ਫਿਰੀਏ, ਦੁੱਖ ਦੀਆਂ ਘੜੀਆਂ ਜੋ ਸਾਡੀ ਕਿਸਮਤ ਵਿੱਚ ਲਿਖ ਦਿੱਤੀਆਂ ਗਈਆਂ ਹਨ ਉਨ੍ਹਾਂ ਦਾ ਭੁਗਤਾਨ ਸਾਨੂੰ ਕਰਨਾ ਹੀ ਪੈਣਾ ਹੈ। ਅਸੀਂ ਤਾਂ ਕੀ, ਵੱਡੇ-ਵੱਡੇ ਅਵਤਾਰ, ਪੈਗ਼ੰਬਰ, ਭਗਤ, ਗੁਰੂ ਸਾਰੇ ਹੀ ਦੁੱਖ ਦੀਆਂ ਘੜੀਆਂ 'ਚੋਂ ਲੰਘੇ ਹਨ। ਅਸੀਂ ਤਾਂ ਬਸ ਸੁੱਖ ਦੀਆਂ ਘੜੀਆਂ ਦਾ ਅਨੰਦ ਮਾਣ ਸਕਦੇ ਹਾਂ ਅਤੇ ਦੁੱਖ ਦੀਆਂ ਘੜੀਆਂ ਵਿਚ ਸਬਰ ਕਰਕੇ ਦਿਲ ਪੱਕਾ ਕਰਕੇ ਉਹ ਦੁੱਖ ਦੀਆਂ ਘੜੀਆਂ ਬਰਦਾਸ਼ਤ ਕਰਦੇ ਹਾਂ ਅਤੇ ਸਾਡੇ 'ਚੋਂ ਜੋ ਸਿਆਣੇ ਬੰਦੇ ਹਨ ਉਹ ਦੁੱਖਾਂ ਦੇ ਕਾਰਨਾਂ ਦੀ ਖੋਜ ਕਰਦੇ ਹਨ ਅਤੇ ਅੱਗੋਂ ਲਈ ਵੈਸੇ ਕਾਰਨ ਨਾ ਪੈਦਾ ਕੀਤੇ ਜਾਣ ਦਾ ਸਬਕ ਲੈ ਕੇ ਮੁੜ ਜਿਊਣ ਦੀ ਕੋਸ਼ਿਸ਼ ਆਰੰਭ ਕਰ ਦਿੰਦੇ ਹਨ। ਇਨਸਾਨ ਦੁੱਖ ਦੀਆਂ

ਘੜੀਆਂ 'ਚੋਂ ਬਹੁਤ ਕੁਝ ਸਿੱਖਦਾ ਹੈ। ਇਹ ਦੁੱਖ ਦੀਆਂ ਘੜੀਆਂ ਹਨ ਜਦੋਂ ਉਸ ਦੀਆਂ ਅੰਦਰਲੀਆਂ ਸਾਰੀਆਂ ਸ਼ਕਤੀਆਂ ਅਤੇ ਲਿਆਕਤਾਂ ਕੰਮ ਕਰਨ ਲੱਗਦੀਆਂ ਹਨ। ਆਦਮੀ ਨੂੰ ਆਪ ਪਹਿਲੀ ਵਾਰੀ ਪਤਾ ਲੱਗਦਾ ਹੈ ਕਿ ਉਹ ਇਤਨਾ ਗੁਣਵਾਨ ਹੈ। ਦੁੱਖ ਅਤੇ ਸੁੱਖ ਰੱਬ ਦੇ ਭਾਣੇ ਮੁਤਾਬਿਕ ਵਾਪਰਦੇ ਰਹਿੰਦੇ ਹਨ। ਅਸੀਂ ਇਨਸਾਨ ਇਨ੍ਹਾਂ ਉੱਤੇ ਕਾਬੂ ਨਹੀਂ ਪਾ ਸਕਦੇ। ਇਸ ਕਰਕੇ ਦੁੱਖ ਦੀਆਂ ਘੜੀਆਂ ਵੀ ਰੱਬੀ ਭਾਣਾ ਸਮਝ ਕੇ ਬਰਦਾਸ਼ਤ ਕਰ ਲੈਣੀਆਂ ਚਾਹੀਦੀਆਂ ਹਨ।

## ਜਦੋਂ ਆਪਣੀ ਗ਼ਲਤੀ ਦਾ ਪਤਾ ਲੱਗ ਜਾਵੇ

ਅਸੀਂ ਮਨੁੱਖ ਹਾਂ, ਰੱਬ ਨੇ ਸਾਨੂੰ ਦਿਮਾਗ਼ ਦੇ ਰੱਖਿਆ ਹੈ। ਅਸੀਂ ਸਹੀ ਕੰਮ ਵੀ ਕਰਦੇ ਹਾਂ, ਅਸੀਂ ਗ਼ਲਤੀਆਂ ਵੀ ਕਰਦੇ ਹਾਂ, ਸਾਨੂੰ ਪਤਾ ਵੀ ਲੱਗ ਜਾਂਦਾ ਹੈ ਕਿ ਅਸੀਂ ਗ਼ਲਤੀ ਕਰ ਬੈਠੇ ਹਾਂ। ਅਸੀਂ ਆਪਣੀਆਂ ਗ਼ਲਤੀਆਂ ਛੁਪਾਉਂਦੇ ਫਿਰਦੇ ਹਾਂ। ਇਹ ਇਨਸਾਨੀ ਫ਼ਿਤਰਤ ਹੈ ਪਰ ਆਪਣੀਆਂ ਗ਼ਲਤੀਆਂ ਦਾ ਪਤਾ ਲੱਗਣ ਉੱਤੇ ਪਹਿਲੀ ਗੱਲ ਤਾਂ ਇਹ ਕਰਨੀ ਲਾਜ਼ਮੀ ਬਣਦੀ ਹੈ ਕਿ ਅਸੀਂ ਵੈਸੀ ਹੀ ਗ਼ਲਤੀ ਫਿਰ ਨਾ ਕਰੀਏ। ਦੂਜਾ ਸਾਡਾ ਇਹ ਫ਼ਰਜ਼ ਬਣਦਾ ਹੈ ਕਿ ਅਸੀਂ ਆਪਣੀਆਂ ਗ਼ਲਤੀਆਂ ਦੀ ਸੁਧਾਈ ਕਰੀਏ। ਜਿਸ ਨਾਲ ਅਸੀਂ ਗ਼ਲਤੀ ਕਰ ਬੈਠੇ ਹਾਂ, ਹੌਲੀ-ਹੌਲੀ ਅਸੀਂ ਉਸ ਉੱਤੇ ਹੋਰ ਅਹਿਸਾਨ ਕਰ ਸਕਦੇ ਹਾਂ ਜਿਨ੍ਹਾਂ ਨੂੰ ਦੇਖ ਕੇ ਉਹ ਆਦਮੀ ਸਾਡੀ ਪਹਿਲਾਂ ਕੀਤੀ ਗ਼ਲਤੀ ਨਜ਼ਰ-ਅੰਦਾਜ਼ ਕਰ ਸਕੇ। ਸਗੋਂ ਆਪ ਹੀ ਸੋਚਣ ਉੱਤੇ ਮਜਬੂਰ ਹੋ ਜਾਵੇ ਕਿ ਉਸ ਦੀ ਸੋਚ ਗ਼ਲਤ ਸੀ। ਉਹ ਸਾਡੇ ਬਾਰੇ ਜੋ ਵਿਚਾਰ ਬਣਾਈ ਬੈਠਾ ਸੀ ਉਨ੍ਹਾਂ ਵਿੱਚ ਤਬਦੀਲੀ ਲੈ ਆਵੇ। ਅਸੀਂ ਆਪਣੀਆਂ ਗ਼ਲਤੀਆਂ ਦੀ ਸ਼ਨਾਖ਼ਤ ਵੀ ਕਰ ਲੈਂਦੇ ਹਾਂ ਪਰ ਫਿਰ ਵੀ ਆਖੀ ਜਾਂਦੇ ਹਾਂ ਕਿ ਅਸੀਂ ਜੋ ਵੀ ਕੀਤਾ ਸੀ ਸਹੀ ਸੀ। ਸਾਡੇ ਅੰਦਰੋਂ ਜੋ ਫ਼ੈਸਲਾ ਆਇਆ ਹੈ, ਉਸ ਨੂੰ ਪ੍ਰਵਾਨ ਕਰ ਲੈਣਾ ਚਾਹੀਦਾ ਹੈ। ਜਦੋਂ ਸਾਨੂੰ ਆਪ ਨੂੰ ਹੀ ਪਤਾ ਲੱਗ ਗਿਆ ਹੈ ਕਿ ਅਸੀਂ ਗ਼ਲਤ ਸਾਂ ਤਾਂ ਫਿਰ ਆਪਣੀ ਗ਼ਲਤੀ ਨੂੰ ਸਹੀ ਸਾਬਤ ਕਰਨ ਉੱਤੇ ਸਮਾਂ ਨਸ਼ਟ ਨਹੀਂ ਕਰਨਾ ਚਾਹੀਦਾ। ਇਸ ਤਰ੍ਹਾਂ ਕਰਕੇ ਅਸੀਂ ਲੋਕਾਂ ਦੀਆਂ ਨਜ਼ਰਾਂ ਵਿੱਚ ਹੋਰ ਡਿਗ ਜਾਂਦੇ ਹਾਂ ਅਤੇ ਜੋ ਲੋਕੀਂ ਆਪਣੀਆਂ ਗ਼ਲਤੀਆਂ ਪ੍ਰਵਾਨ ਕਰਦੇ ਹਨ ਅਤੇ ਅੱਗੇ ਤੋਂ ਵੈਸੀਆਂ ਗ਼ਲਤੀਆਂ ਨਹੀਂ ਕਰਦੇ, ਉਹ ਲੋਕੀਂ ਲੋਕਾਂ ਦੀਆਂ ਨਜ਼ਰਾਂ ਵਿੱਚ ਆਪਣਾ ਸਤਿਕਾਰ ਪੈਦਾ ਕਰਨ ਵਿੱਚ ਕਾਮਯਾਬ ਹੋ ਜਾਂਦੇ ਹਨ।

## ਅਸੀਂ ਅਗਲੇ ਜਹਾਨ ਜਾਣ ਦੀ ਤਿਆਰੀ ਵੀ ਕਰਨੀ ਹੈ

ਅਸੀਂ ਜਿਤਨੇ ਵੀ ਜੀਵ ਇਸ ਦੁਨੀਆਂ ਵਿੱਚ ਆਏ ਹਾਂ ਸਾਨੂੰ ਰੱਬ ਨੇ ਆਪ ਭੇਜਿਆ ਹੈ। ਫਿਰ ਇਕ ਦਿਨ ਉਸ ਰੱਬ ਨੇ ਸਾਨੂੰ ਬੁਲਾ ਕੇ ਸਾਡਾ ਹਿਸਾਬ-ਕਿਤਾਬ ਕਰਨਾ ਹੈ। ਅਰਥਾਤ ਸਾਨੂੰ ਕਿਸ ਮਕਸਦ ਲਈ ਭੇਜਿਆ ਗਿਆ ਸੀ ਅਤੇ ਅਸੀਂ ਕੀ-ਕੀ ਕਰਕੇ ਪਰਤ ਆਏ ਹਾਂ ? ਸਾਰੇ ਧਾਰਮਿਕ ਗਰੰਥਾਂ ਵਿੱਚ ਐਸਾ ਲਿਖਿਆ ਮਿਲਦਾ ਹੈ। ਸਾਨੂੰ ਇਹ ਗੱਲ ਵਾਰ-ਵਾਰ ਯਾਦ ਕਰਵਾ ਦਿੱਤੀ ਗਈ ਹੈ ਪਰ ਅਸੀਂ ਸਾਰੇ ਸੋਚਦੇ ਹਾਂ ਕਿ ਉਦੋਂ ਦੀ ਗੱਲ ਉਦੋਂ ਦੇਖੀ ਜਾਵੇਗੀ। ਇਹ ਸੋਚ ਗ਼ਲਤ ਹੈ। ਇਹ ਇਨਸਾਨੀ ਜੀਵਨ ਸਮਝ ਰੱਖਣ ਵਾਲੀ ਜੂਨੀ ਹੈ। ਅਰਥਾਤ ਸਾਨੂੰ ਪਤਾ ਹੈ ਕਿ ਰੱਬ ਕਿਹੜੀਆਂ ਗੱਲਾਂ ਪਸੰਦ

ਕਰਦਾ ਹੈ ਅਤੇ ਸਾਨੂੰ ਇਹ ਵੀ ਪਤਾ ਹੈ ਕਿ ਉਹ ਕਿਹੜੀਆਂ ਗੱਲਾਂ ਹਨ ਜੋ ਰੱਬ ਨੂੰ ਪਸੰਦ ਨਹੀਂ ਹਨ ? ਅਸੀਂ ਫਿਰ ਵੀ ਤਿਆਰੀ ਕਰਨ ਦਾ ਕੰਮ ਅੱਗੇ ਪਾਈ ਜਾਂਦੇ ਹਾਂ। ਸਾਨੂੰ ਪਤਾ ਨਹੀਂ ਅਸੀਂ ਕਦੋਂ ਮਰ ਜਾਣਾ ਹੈ ਅਤੇ ਕਦੋਂ ਰੱਬ ਅੱਗੇ ਪੇਸ਼ ਹੋ ਜਾਵਾਂਗੇ ਪਰ ਫਿਰ ਵੀ ਅਸੀਂ ਆਪਣੀ ਸੁਧਾਈ ਦਾ ਕੰਮ ਅੱਗੇ ਪਾਈ ਜਾਂਦੇ ਹਾਂ। ਇਹੀ ਕਾਰਨ ਹੈ ਅੱਗੇ ਜਾ ਕੇ ਰੱਬ ਦੇ ਦਰਬਾਰ ਵਿੱਚ ਸਾਨੂੰ ਸ਼ਰਮਿੰਦਗੀ ਨਾਲ ਸਿਰ ਨੀਵਾਂ ਕਰਕੇ ਖਲੋਣਾ ਪੈਂਦਾ ਹੈ। ਅਸੀਂ ਅਗਰ ਥੋੜ੍ਹੀ-ਥੋੜ੍ਹੀ ਸੁਧਾਈ ਵੀ ਕਰਦੇ ਰਹੀਏ ਤਾਂ ਅਸੀਂ ਇਸ ਸ਼ਰਮਿੰਦਗੀ ਤੋਂ ਬਚ ਸਕਦੇ ਹਾਂ ਅਤੇ ਇਸ ਪਾਸੇ ਵੱਲ ਅਸੀਂ ਅੱਜ ਤੋਂ ਹੀ ਸੋਚਣਾ ਸ਼ੁਰੂ ਕਰਨਾ ਹੈ। ਜ਼ਿੰਦਗੀ ਦਾ ਹਰ ਪਲ, ਹਰ ਦਿਨ ਸਾਡਾ ਇਸ ਦੁਨੀਆਂ ਵਿੱਚ ਆਖ਼ਰੀ ਦਿਨ ਹੋ ਸਕਦਾ ਹੈ। ਇਹ ਗੱਲ ਹਮੇਸ਼ਾਂ ਯਾਦ ਰੱਖਣੀ ਚਾਹੀਦੀ ਹੈ।

## ਕੌੜੇ ਸ਼ਬਦ ਦਿਲ ਵਿੱਚ ਧਸ ਜਾਂਦੇ ਹਨ

ਅਸੀਂ ਮਿੱਠੇ ਸ਼ਬਦ ਬੋਲ ਕੇ ਦੋਸਤੀਆਂ ਪਾ ਸਕਦੇ ਹਾਂ। ਪਿਆਰ ਪੀਂਘਾਂ ਝੂਟ ਸਕਦੇ ਹਾਂ ਪਰ ਕਈ ਵਾਰੀ ਇਕ ਕੌੜਾ ਬੋਲਿਆ ਸ਼ਬਦ ਸਾਡੀ ਸਾਲਾਂ ਬੱਧੀ ਦੀ ਦੋਸਤੀ ਖ਼ਤਮ ਕਰਕੇ ਰੱਖ ਦਿੰਦਾ ਹੈ ਅਤੇ ਉਹੀ ਆਦਮੀ ਜੋ ਕੱਲ੍ਹ ਤੱਕ ਸਾਡੇ ਉੱਤੋਂ ਆਪਣੀ ਜਾਨ ਤੱਕ ਵਾਰ ਸਕਦਾ ਸੀ ਅੱਜ ਸਾਡੀ ਜਾਨ ਦਾ ਦੁਸ਼ਮਣ ਬਣ ਜਾਂਦਾ ਹੈ। ਸਾਨੂੰ ਪਤਾ ਹੈ ਕਿ ਮਿੱਠੇ ਬੋਲ ਕੀ ਹਨ, ਸਾਨੂੰ ਇਹ ਵੀ ਪਤਾ ਹੈ ਕਿ ਜੋ ਅਸੀਂ ਆਖਣ ਜਾ ਰਹੇ ਹਾਂ ਇਹ ਠੀਕ ਨਹੀਂ ਹੈ ਅਤੇ ਨਾ ਹੀ ਇਹ ਸ਼ਬਦ ਬੋਲਣ ਦਾ ਮੌਕਾ ਹੀ ਹੈ ਪਰ ਅਸੀਂ ਇਹ ਕੌੜੇ ਸ਼ਬਦ ਬੋਲਣ ਦੀ ਮਹਾਨ ਗ਼ਲਤੀ ਕਰ ਬੈਠਦੇ ਹਾਂ। ਇੱਕ ਵਾਰੀ ਕੌੜੇ ਸ਼ਬਦ ਬੋਲ ਕੇ ਸਾਡਾ ਮਨ ਖ਼ੁਸ਼ ਤਾਂ ਹੋ ਜਾਂਦਾ ਹੈ ਪਰ ਫਿਰ ਜਦ ਉਹ ਸ਼ਬਦ ਸਾਡੇ ਆਪਣੇ ਹੀ ਕੰਨਾਂ ਵਿੱਚ ਗੂੰਜਦੇ ਹਨ ਤਾਂ ਅਸੀਂ ਆਪ ਡਰ ਉਠਦੇ ਹਾਂ। ਆਪਣੇ ਆਪ ਨੂੰ ਲਾਅਨਤਾਂ ਪਾਉਣ ਲੱਗ ਪੈਂਦੇ ਹਾਂ। ਫਿਰ ਅਸੀਂ ਭਾਵੇਂ ਕਿਤਨੀ ਵਾਰੀ ਆਪਣੀ ਗ਼ਲਤੀ ਮੰਨਦੇ ਫਿਰੀਏ, ਕਿਸੇ ਦੇ ਮਨ ਅੰਦਰ ਜੋ ਸੱਟ ਲੱਗ ਚੁੱਕੀ ਹੈ, ਉਸ ਦੀ ਪੀੜਾ ਨਹੀਂ ਘਟਾ ਸਕਦੇ। ਇਸ ਕਰਕੇ ਕੌੜੇ ਸਬਦ ਬੋਲਣ ਤੋਂ ਹਮੇਸ਼ਾਂ ਗੁਰੇਜ਼ ਕਰਨਾ ਚਾਹੀਦਾ ਹੈ।

## ਮਨੁੱਖ ਦਾ ਕਾਤਲ ਗੰਦਾ ਹੋ ਜਾਂਦਾ ਹੈ

ਜੋ ਆਦਮੀ ਆਪ ਜਾਂ ਕਿਸੇ ਦੇ ਇਸ਼ਾਰੇ ਉੱਤੇ ਕਿਸੇ ਦਾ ਖ਼ੂਨ ਕਰਦਾ ਹੈ, ਉਹ ਕੰਮ ਵੀ ਗੰਦਾ ਕਰ ਬੈਠਾ ਹੈ ਅਤੇ ਆਪ ਵੀ ਗੰਦਾ ਅਤੇ ਅਪਵਿੱਤਰ ਹੋ ਗਿਆ ਹੈ ਅਤੇ ਜੋ ਆਦਮੀ ਕਿਸੇ ਮਾਸੂਮ ਦਾ ਕਤਲ ਕਰ ਬੈਠਦਾ ਹੈ, ਉਸ ਨੂੰ ਰੱਬ ਵੀ ਸਜ਼ਾ ਦੇਵੇਗਾ, ਇਸ ਬਾਰੇ ਅਸੀਂ ਇਨਸਾਨ ਅੰਦਾਜ਼ਾ ਹੀ ਨਹੀਂ ਲਗਾ ਸਕਦੇ। ਖ਼ੂਨ ਕਰਨ ਵਾਲਾ ਆਦਮੀ ਉਸੇ ਦਿਨ ਆਪਣੀ ਨਜ਼ਰ 'ਚੋਂ, ਲੋਕਾਂ ਦੀਆਂ ਨਜ਼ਰਾਂ 'ਚ ਗਿਰ ਜਾਂਦਾ ਹੈ। ਉਹ ਉਸੇ ਦਿਨ ਤੋਂ ਘਟੀਆ ਆਦਮੀ ਬਣ ਜਾਂਦਾ ਹੈ ਅਤੇ ਆਪਣੀ ਗ਼ਲਤੀ ਉੱਤੇ ਪਛਤਾਉਂਦਾ ਹੈ ਅਤੇ ਉਸੇ ਦਿਨ ਤੋਂ ਡਿਗਣਾ ਸ਼ੁਰੂ ਹੋ ਜਾਂਦਾ ਹੈ; ਆਪਣੇ ਆਪ ਨਾਲ ਨਫ਼ਰਤ ਕਰਨ ਲੱਗ ਪੈਂਦਾ ਹੈ। ਕੋਈ ਆਦਮੀ ਸਾਡਾ ਇਤਨਾ ਦੁਸ਼ਮਣ ਬਣ ਗਿਆ ਹੈ ਕਿ ਅਸੀਂ ਉਸ ਨੂੰ ਕਤਲ ਕਰਨ ਤੱਕ ਦੀ ਗੱਲ ਸੋਚ ਲਈ, ਅਸੀਂ ਰੱਬ ਦਾ ਕੰਮ ਆਪਣੇ ਹੱਥੀਂ ਲੈ ਲਿਆ ਹੈ। ਜਦੋਂ ਰੱਬ ਆਪ ਸਾਨੂੰ ਇਸ ਦੁਨੀਆਂ ਵਿੱਚ ਭੇਜਦਾ ਹੈ ਅਤੇ ਆਪ ਹੀ ਵਾਪਿਸ

ਬੁਲਾਉਂਦਾ ਹੈ, ਤਾਂ ਰੱਬ ਦਾ ਇਹ ਕੰਮ ਸਾਨੂੰ ਆਪਣੇ ਹੱਥ ਨਹੀਂ ਲੈਣਾ ਚਾਹੀਦਾ। ਮਨੁੱਖ ਦੇ ਕਾਤਲ ਨੂੰ ਤਾਂ ਵਕਤ ਦੀਆਂ ਸਰਕਾਰਾਂ ਵੀ ਵੱਡਾ ਅਪਰਾਧੀ ਮੰਨ ਕੇ ਫਾਂਸੀ ਤੱਕ ਦੀ ਸਜ਼ਾ ਦੇ ਸਕਦੀਆਂ ਹਨ। ਅਰਥਾਤ ਮਨੁੱਖ ਦਾ ਕਤਲ ਕਰਨ ਵਾਲਾ ਇੱਥੇ ਅਪਰਾਧੀ ਹੈ ਅਤੇ ਰੱਬ ਦੇ ਦਰਬਾਰ ਵਿੱਚ ਪਾਪੀ ਹੈ। ਅਸੀਂ ਅਪਰਾਧੀ ਵੀ ਨਹੀਂ ਬਣਨਾ ਅਤੇ ਨਾ ਹੀ ਅਸੀਂ ਪਾਪੀ ਬਣਨਾ ਹੈ।

## ਮਾੜੀਆਂ ਗੱਲਾਂ ਤਿਆਗਦੇ ਰਹੋ

ਸਾਡੇ ਜੀਵਨ ਅੰਦਰ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਜ਼ਿੰਦਗੀ ਦੇ ਹਰ ਮੋੜ ਉੱਤੇ ਸਾਨੂੰ ਪਤਾ ਲੱਗਦਾ ਹੈ ਕਿ ਕੌਣ ਚੰਗਾ ਹੈ ਅਤੇ ਕੌਣ ਸਾਡੇ ਨਾਲ ਬੁਰਾ ਕਰ ਗਿਆ ਹੈ। ਸਾਨੂੰ ਆਪ ਵੀ ਪਤਾ ਲੱਗਦਾ ਹੈ ਕਿ ਅਸੀਂ ਕੀ ਸਹੀ ਕਰ ਬੈਠੇ ਹਾਂ ਅਤੇ ਕੀ ਗ਼ਲਤ ਕਰ ਬੈਠੇ ਹਾਂ ? ਅਸੀਂ ਚੰਗੀਆਂ ਗੱਲਾਂ ਬਾਰੇ ਸੋਚੀਏ ਅਤੇ ਭਾਵੇਂ ਨਾ ਸੋਚੀਏ ਪਰ ਮੰਦੀਆਂ ਗੱਲਾਂ ਬਾਰੇ ਸਾਡਾ ਸੋਚਣਾ ਬਣਦਾ ਹੈ। ਅਸੀਂ ਮੰਦੀਆਂ ਗੱਲਾਂ ਦਾ ਤਿਆਗ ਕਰਨਾ ਹੈ, ਜੋ ਗੱਲਾਂ ਅਸੀਂ ਆਪ ਮੰਦੀਆਂ ਮਿੱਥ ਲਈਆਂ ਹਨ, ਉਹ ਲੋਕਾਂ ਵਾਸਤੇ ਵੀ ਮੰਦੀਆਂ ਹਨ। ਅਰਥਾਤ ਲੋਕ ਵੀ ਸਾਡੀਆਂ ਕੀਤੀਆਂ ਉੱਤੇ ਕਿੰਤੂ-ਪਰੰਤੂ ਕਰ ਰਹੇ ਹੁੰਦੇ ਹਨ। ਅਸੀਂ ਸਫ਼ਾਈ ਪੇਸ਼ ਕਰੀਏ ਤਾਂ ਵੀ ਕੋਈ ਨਹੀਂ ਸੁਣਦਾ। ਲੋਕਾਂ ਨੇ ਜੋ ਫ਼ੈਸਲਾ ਕਰ ਲਿਆ ਹੁੰਦਾ ਹੈ, ਉਹ ਬਦਲਣ ਨੂੰ ਤਿਆਰ ਨਹੀਂ ਹੁੰਦੇ। ਇਸ ਕਰਕੇ ਅਸੀਂ ਪੁਰਾਣੀਆਂ ਗ਼ਲਤ ਗੱਲਾਂ ਉੱਤੇ ਬਹਿਸਾਂ ਕਰਨ ਉੱਤੇ ਸਮਾਂ ਨਸ਼ਟ ਨਾ ਹੀ ਕਰੀਏ ਤਾਂ ਬਿਹਤਰ ਹੈ। ਸਾਡੇ ਲਈ ਇਹ ਬਿਹਤਰ ਹੈ ਕਿ ਅਸੀਂ ਅੱਗੇ ਤੋਂ ਗ਼ਲਤੀਆਂ ਘੱਟ ਕਰਨ ਦਾ ਸਿਲਸਿਲਾ ਸ਼ੁਰੂ ਕਰੀਏ। ਗ਼ਲਤੀਆਂ ਦੀ ਪਛਾਣ ਕਰਨਾ ਸ਼ੁਰੂ ਕਰੀਏ ਤਾਂ ਸਾਨੂੰ ਆਪਣੀ ਹਰ ਗ਼ਲਤੀ ਪਹਿਲਾਂ ਹੀ ਪਤਾ ਲੱਗ ਜਾਵੇਗੀ ਅਤੇ ਅਸੀਂ ਉਹ ਗ਼ਲਤੀ ਕਰਨੋਂ ਆਪਣੇ ਆਪ ਨੂੰ ਰੋਕ ਸਕਦੇ ਹਾਂ।

## ਖਿਮਾ ਕਰੋਗੇ ਰੱਬ ਤੁਹਾਡੀਆਂ ਭੁੱਲਾਂ ਬਖ਼ਸ਼ੇਗਾ

ਅਸੀਂ ਇਸ ਦੁਨੀਆਂ ਦੇ ਜੀਵ ਭੁੱਲਾਂ ਕਰਦੇ ਹਾਂ। ਗ਼ਲਤੀਆਂ ਸਹਿਜ ਸੁਭਾਵੀ ਹੋ ਜਾਂਦੀਆਂ ਹਨ। ਅਸੀਂ ਜਾਣ-ਬੁਝ ਕੇ ਵੀ ਕਰਦੇ ਹਾਂ। ਕਈ ਵਾਰੀ ਮਜ਼ਾਕ ਕਰ ਰਹੇ ਹੁੰਦੇ ਹਾਂ, ਕਈ ਵਾਰੀ ਸ਼ਰਾਰਤ ਕਰ ਰਹੇ ਹੁੰਦੇ ਹਾਂ, ਕਈ ਵਾਰੀ ਮੰਦ-ਭਾਵਨਾ ਨਾਲ ਗ਼ਲਤੀਆਂ ਕਰਦੇ ਹਾਂ ਅਤੇ ਜਿਸ ਕਿਸੇ ਨਾਲ ਅਸੀਂ ਐਸਾ ਕਰ ਰਹੇ ਹੁੰਦੇ ਹਾਂ ਉਸ ਦਾ ਵੱਡਾ ਨੁਕਸਾਨ ਕਰ ਬੈਠਦੇ ਹਾਂ। ਅਗਰ ਅਸੀਂ ਐਸੀਆਂ ਭੁੱਲਾਂ ਕਰੀ ਜਾ ਰਹੇ ਹਾਂ ਤਾਂ ਇਸ ਦੁਨੀਆਂ ਦੇ ਬਾਕੀ ਲੋਕ ਵੀ ਐਸੀਆਂ ਗ਼ਲਤੀਆਂ ਕਰਦੇ ਹਨ। ਕੁਝ ਐਸੇ ਵੀ ਲੋਕੀਂ ਹਨ ਜਿਨ੍ਹਾਂ ਦਾ ਨਿਸ਼ਾਨਾ ਅਸੀਂ ਬਣ ਜਾਂਦੇ ਹਾਂ। ਅਸੀਂ ਜਦੋਂ ਕਿਸੇ ਦੀ ਗ਼ਲਤੀ ਦਾ ਸ਼ਿਕਾਰ ਬਣਦੇ ਹਾਂ ਤਾਂ ਸਾਨੂੰ ਬਹੁਤ ਗੁੱਸਾ ਆਉਂਦਾ ਹੈ, ਬਦਲੇ ਦੀ ਭਾਵਨਾ ਜਾਗ ਉੱਠਦੀ ਹੈ। ਇਸੇ ਤਰ੍ਹਾਂ ਸਾਡੀਆਂ ਜ਼ਿਆਦਤੀਆਂ, ਗ਼ਲਤੀਆਂ ਅਤੇ ਸ਼ਰਾਰਤਾਂ ਕਾਰਨ ਦੂਜਿਆਂ ਅੰਦਰ ਵੀ ਬਦਲੇ ਦੀ ਭਾਵਨਾ ਪੈਦਾ ਹੋ ਆਉਂਦੀ ਹੈ। ਇਸ ਲਈ ਇਹ ਲਾਜ਼ਮੀ ਹੈ ਕਿ ਮਨੁੱਖ ਦੂਜਿਆਂ ਦੀਆਂ ਗ਼ਲਤੀਆਂ ਮੁਆਫ਼ ਕਰਨ ਦਾ ਸਿਲਸਿਲਾ ਸ਼ੁਰੂ ਕਰੇ। ਮੁਆਫ਼ੀ ਦਿਲੋਂ ਦੇਣੀ ਚਾਹੀਦੀ ਹੈ। ਕਿਸੇ ਦੇ ਜਬਰ ਤਲੇ ਆ ਕੇ ਜਾਂ ਕਿਸੇ ਦੇ ਦਬਾਓ ਤਲੇ ਆ ਕੇ ਦਿੱਤੀ ਮੁਆਫ਼ੀ ਕੋਈ ਸਥਾਨ ਪ੍ਰਾਪਤ ਨਹੀਂ ਕਰਦੀ। ਅਗਰ ਅਸੀਂ ਮੁਆਫ਼ ਕਰਨ ਦਾ ਸਿਲਸਿਲਾ

ਸ਼ੁਰੂ ਕਰਦੇ ਹਾਂ ਤਾਂ ਹੋਰ ਲੋਕੀਂ ਵੀ ਮੁਆਫ਼ ਕਰਨ ਦਾ ਸਿਲਸਿਲਾ ਸ਼ੁਰੂ ਕਰਨਗੇ। ਅਸੀਂ ਆਪ ਤਾਂ ਕਿਸੇ ਦੀ ਗ਼ਲਤੀ ਮੁਆਫ਼ ਨਾ ਕੀਤੀ ਹੋਵੇ ਅਤੇ ਦੂਜਿਆਂ ਤੋਂ ਮੁਆਫ਼ੀ ਦੀ ਉਮੀਦ ਰੱਖਦੇ ਹੋਈਏ, ਐਸੀ ਸੋਚ ਗ਼ਲਤ ਹੈ। ਮਾਫ਼ ਕਰੋਗੇ ਤਾਂ ਹੀ ਮਾਫ਼ੀ ਮਿਲੇਗੀ। ਰੱਬ ਵੀ ਉਨ੍ਹਾਂ ਲੋਕਾਂ ਦੀਆਂ ਭੁੱਲਾਂ ਮੁਆਫ਼ ਕਰਦਾ ਹੈ ਜੋ ਲੋਕੀਂ ਦੂਜਿਆਂ ਦੀਆਂ ਭੁੱਲਾਂ ਨਜ਼ਰ-ਅੰਦਾਜ਼ ਕਰਨ ਦੀ ਜੁਅਰਤ ਰੱਖਦੇ ਹਨ।

## ਪ੍ਰਾਸਰੀਰਕ ਸ਼ਕਤੀਆਂ ਵਿੱਚ ਵਿਸ਼ਵਾਸ ਨਾ ਰੱਖੋ

ਅਸੀਂ ਵਹਿਮਾਂ-ਭਰਮਾਂ ਦੀ ਦੁਨੀਆਂ ਤੋਂ ਬਚਣਾ ਹੈ। ਰੱਬ ਨੇ ਜੋ ਕੁਝ ਵੀ ਬਣਾਇਆ ਹੈ, ਸਾਰਾ ਕੁਝ ਪ੍ਰਗਟ ਹੈ ਅਤੇ ਅਸੀਂ ਨਿੱਤ ਨਵੀਆਂ ਖੋਜਾਂ ਕਰਕੇ ਰੱਬ ਦੀਆਂ ਦਿੱਤੀਆਂ ਨਿਆਮਤਾਂ ਅਤੇ ਦਾਤਾਂ ਦੀ ਸ਼ਨਾਖ਼ਤ ਕਰ ਰਹੇ ਹਾਂ ਅਤੇ ਮਨੁੱਖ ਦੀ ਵਰਤੋਂ ਵਿੱਚ ਲਿਆ ਰਹੇ ਹਾਂ। ਮਨੁੱਖ ਨੇ ਜਦੋਂ ਦੀ ਹੋਸ਼ ਸੰਭਾਲੀ ਹੈ, ਉਦੋਂ ਤੋਂ ਹੀ ਇਹ ਖੋਜ ਦਾ ਸਿਲਸਿਲਾ ਜਾਰੀ ਹੈ। ਕੁਲ ਮਿਲਾ ਕੇ ਦੇਖਿਆ ਜਾਵੇ ਤਾਂ ਰੱਬ ਵਿਗਿਆਨਕ ਸਿਧਾਂਤਾਂ ਉੱਤੇ ਕੰਮ ਕਰਦਾ ਹੈ ਅਤੇ ਵਿਗਿਆਨਕ ਸਿਧਾਂਤ ਵਿੱਚ ਕੁਝ ਵੀ ਪ੍ਰਾਸਰੀਰਕ ਨਹੀਂ ਹੋਇਆ ਕਰਦਾ। ਇਹ ਰਿਧੀਆਂ-ਸਿਧੀਆਂ ਅਤੇ ਕਰਾਮਾਤਾਂ ਕਰ ਦਿਖਾਉਣ ਵਾਲੇ ਗ਼ਲਤ ਹਨ। ਐਵੇਂ ਹੀ ਸਾਨੂੰ ਬੇਵਕੂਫ਼ ਬਣਾ ਰਹੇ ਹਨ। ਸਾਡੀ ਸੋਚ ਵਿਗਿਆਨੀ ਹੋਣੀ ਚਾਹੀਦੀ ਹੈ। ਅਸੀਂ ਸਾਰਿਆਂ ਨੇ ਲੱਗ ਕੇ ਰੱਬ ਦੀਆਂ ਦਿੱਤੀਆਂ ਸਾਰੀਆਂ ਨਿਆਮਤਾਂ ਦੀ ਸ਼ਨਾਖ਼ਤ ਕਰਨੀ ਹੈ, ਲੱਭਣੀਆਂ ਹਨ ਅਤੇ ਮਨੁੱਖ ਦੀ ਵਰਤੋਂ ਵਿੱਚ ਲਿਆਉਣੀਆਂ ਹਨ। ਇਹ ਸਿਲਸਿਲਾ ਚੱਲਦਾ ਰਹਿਣਾ ਚਾਹੀਦਾ ਹੈ। ਵਿਗਿਆਨ ਆਪਣੇ ਆਪ ਵਿੱਚ ਕਰਾਮਾਤ ਹੈ। ਅਸੀਂ ਜੋ ਕੁਝ ਪਰੀ-ਕਹਾਣੀਆਂ ਵਿੱਚ ਪੜ੍ਹਦੇ ਸਾਂ ਜਾਂ ਕਿਧਰੇ-ਕਿਧਰੇ ਮਿਥਿਹਾਸ ਦੇ ਪੰਨਿਆਂ ਉੱਤੇ ਲਿਖਿਆ ਮਿਲਦਾ ਸੀ, ਉਹ ਸਾਰਾ ਕੁਝ ਵਿਗਿਆਨ ਨੇ ਸੱਚ ਕਰ ਦਿਖਾਇਆ ਹੈ। ਇਸ ਕਰਕੇ ਭੂਤਾਂ-ਪ੍ਰੇਤਾਂ, ਡੈਣਾਂ ਵਗ਼ੈਰਾ ਤੋਂ ਡਰਨਾ ਨਹੀਂ ਚਾਹੀਦਾ। ਇਨ੍ਹਾਂ ਦੀ ਹੋਂਦ ਕਿਆਸੀ ਗਈ ਹੈ-ਬਸ।

## ਦੁਬਿਧਾ ਵਾਲਾ ਆਦਮੀ ਅੰਧਕਾਰ ਵਿੱਚ ਫਸਿਆ ਰਹਿੰਦਾ ਹੈ

ਮਨੁੱਖ ਬਹੁਤੀ ਵਾਰੀ ਦੁਬਿਧਾ ਵਿੱਚ ਫਸਿਆ ਰਹਿੰਦਾ ਹੈ, ਫ਼ੈਸਲਾ ਨਹੀਂ ਕਰ ਪਾਉਂਦਾ। ਕਦੀ ਸੋਚਦਾ ਹੈ ਮੈਂ ਹੋਰ ਤਰ੍ਹਾਂ ਦੀ ਕਾਰਵਾਈ ਕਰਦਾ ਤਾਂ ਠੀਕ ਰਹਿਣਾ ਸੀ। ਜਿੱਥੇ ਕਿੱਧਰੇ ਵੀ ਆਦਮੀ ਕਾਮਯਾਬ ਨਹੀਂ ਹੁੰਦਾ, ਉੱਥੇ ਸਭ ਤੋਂ ਪਹਿਲਾਂ ਉਹ ਆਪਣੀਆਂ ਗ਼ਲਤੀਆਂ ਕੱਢਣ ਲੱਗ ਪੈਂਦਾ ਹੈ। ਉਹ ਸਮਝਦਾ ਹੈ ਕਿ ਉਸ ਨੇ ਗ਼ਲਤੀ ਕੀਤੀ ਹੈ ਤਾਂ ਹੀ ਉਹ ਕਾਮਯਾਬ ਨਹੀਂ ਹੋਇਆ। ਉਸ ਦੇ ਮਨ ਅੰਦਰ ਇਹ ਪਛਤਾਵਾ ਵੀ ਆਉਂਦਾ ਹੈ ਕਿ ਇਸ ਕੰਮ ਨੂੰ ਹੋਰ ਤਰ੍ਹਾਂ ਕਰਨ ਬਾਰੇ ਵੀ ਉਸ ਨੂੰ ਸੁੱਝੀ ਸੀ ਪਰ ਉਦੋਂ ਉਸ ਨੇ ਆਪਣੇ ਅੰਦਰ ਦੀ ਆਵਾਜ਼ ਨਹੀਂ ਸੀ ਸੁਣੀ। ਅਰਥਾਤ ਜਦ ਵੀ ਕੋਈ ਪ੍ਰਸਥਿਤੀ ਸਾਡੇ ਸਾਹਮਣੇ ਆਉਂਦੀ ਹੈ ਤਾਂ ਉਦੋਂ ਸਾਡੇ ਸਾਹਮਣੇ ਦੋ ਤਰ੍ਹਾਂ ਦੇ ਵਿਚਾਰ ਪੈਦਾ ਹੋ ਆਉਂਦੇ ਹਨ। ਇਸ ਦੋ ਵਿਚਾਰਾਂ ਦੀ ਗੱਲ ਨੂੰ ਹੀ ਦੁਬਿਧਾ ਆਖਦੇ ਹਨ। ਅਸੀਂ ਇਹ ਫ਼ੈਸਲਾ ਨਹੀਂ ਕਰ ਪਾਉਂਦੇ ਕਿ ਦੋਹਾਂ 'ਚੋਂ ਕਿਹੜੀ ਗੱਲ ਸਹੀ ਹੈ ਅਤੇ ਕਿਹੜੀ ਗ਼ਲਤ ਹੈ, ਕਿਹੜਾ ਢੰਗ ਅਪਣਾਈਏ ਤਾਂ ਅਸੀਂ ਕਾਮਯਾਬ ਹੋ ਸਕਦੇ ਹਾਂ, ਕਿਹੜਾ ਢੰਗ ਅਪਨਾਉਣ ਨਾਲ ਕਾਮਯਾਬੀ ਸਾਨੂੰ ਨਸੀਬ ਨਹੀਂ ਹੋਣ ਲੱਗੀ। ਦੁਬਿਧਾ ਵਿੱਚ ਰਹਿਣਾ ਮਨੁੱਖੀ ਫ਼ਿਤਰਤ ਹੈ। ਬਹੁਤ ਹੀ ਘੱਟ ਲੋਕੀਂ ਹੁੰਦੇ ਹਨ ਜੋ ਦੁਬਿਧਾ 'ਚੋਂ ਬਾਹਰ ਨਿਕਲ ਕੇ ਕੋਈ ਇਕ ਨਿਰਣਾ ਲੈ

ਸਕਦੇ ਹਨ। ਐਸੇ ਲੋਕਾਂ ਨੂੰ ਅਸੀਂ ਰੌਸ਼ਨ ਦਿਮਾਗ਼ ਆਖ ਸਕਦੇ ਹਾਂ, ਦੁਬਿਧਾ ਵਿਚ ਫਸੇ ਲੋਕਾਂ ਬਾਰੇ ਅਸੀਂ ਇਹ ਆਖ ਸਕਦੇ ਹਾਂ ਕਿ ਉਹ ਅੰਧਕਾਰ ਵਿੱਚ ਫਸੇ ਹੋਏ ਹਨ। ਅਸੀਂ ਵੀ ਅੰਧਕਾਰ 'ਚੋਂ ਬਾਹਰ ਨਿਕਲਣਾ ਹੈ, ਥੋੜ੍ਹੀ-ਥੋੜ੍ਹੀ ਵੀ ਕੋਸ਼ਿਸ਼ ਕਰਦੇ ਰਹੀਏ ਤਾਂ ਅਸੀਂ ਵੀ ਰੌਸ਼ਨ ਦਿਮਾਗ਼ ਬਣ ਸਕਦੇ ਹਾਂ। ਇਹ ਰਸਤਾ ਸਾਡੇ ਲਈ ਵੀ ਖੁੱਲ੍ਹਾ ਹੈ, ਕੁਝ ਕੁ ਲੋਕਾਂ ਦੀ ਹੀ ਮਲਕੀਅਤ ਨਹੀਂ ਹੈ।

## ਰੱਬ ਆਪ ਹੀ ਪਾਲਣਾ ਕਰਦਾ ਹੈ

ਰੱਬ ਨੇ ਇਸ ਦੁਨੀਆਂ ਵਿੱਚ ਜੀਵਾਂ ਦੀ ਸਥਾਪਨਾ ਕੀਤੀ ਹੈ ਅਤੇ ਜੋ ਕੁਝ ਵੀ ਜੀਵਾਂ ਨੂੰ ਜ਼ਿੰਦਾ ਰੱਖਣ ਲਈ ਲਾਜ਼ਮੀ ਹੁੰਦਾ ਹੈ ਉਹ ਸਾਰਾ ਕੁਝ ਇਸ ਦੁਨੀਆਂ ਵਿੱਚ ਬਖੇਰ ਰੱਖਿਆ ਹੈ। ਹਵਾ, ਪਾਣੀ, ਅਨਾਜ, ਬਨਸਪਤੀ, ਫਲ, ਧਰਤੀ, ਆਕਾਸ਼, ਸੂਰਜ, ਚੰਨ, ਤਾਰੇ, ਰਾਤ ਦਿਨ ਅਤੇ ਮੌਸਮ ਇਹ ਸਾਰਾ ਕੁਝ ਜੀਵਨ ਦਾ ਆਧਾਰ ਹੈ। ਇਹ ਸਾਰੀਆਂ ਨਿਆਮਤਾਂ ਰੱਬ ਨੇ ਆਪ ਸਥਾਪਿਤ ਕਰ ਰੱਖੀਆਂ ਹਨ। ਸਦੀਆਂ ਤੋਂ ਜੀਵ ਰੱਬ ਦੀਆਂ ਨਿਆਮਤਾਂ ਨੂੰ ਵਰਤਦਾ ਆ ਰਿਹਾ ਹੈ। ਇਹ ਬੇਅੰਤ ਹਨ, ਕਦੀ ਮੁੱਕਣ ਵਾਲੀਆਂ ਨਹੀਂ ਹਨ। ਰੱਬ ਹਰ ਜੀਵ ਨੂੰ ਰੋਜ਼ੀ ਦੇਣ ਦਾ ਪ੍ਰਬੰਧ ਕਰੀ ਬੈਠਾ ਹੈ, ਅਰਥਾਤ ਸਾਰੇ ਜੀਵਾਂ ਦੀ ਪਾਲਣਾ ਰੱਬ ਆਪ ਕਰਦਾ ਹੈ। ਅਸੀਂ ਐਵੇਂ ਹੀ ਫ਼ਿਕਰਮੰਦ ਹੋਏ ਫਿਰਦੇ ਹਾਂ। ਅਸੀਂ ਰੱਬ ਦੀਆਂ ਬਖੇਰੀਆਂ ਨਿਆਮਤਾਂ 'ਚੋਂ ਆਪਣੇ ਹਿੱਸੇ ਦੀਆਂ ਦਾਤਾਂ ਲੱਭ ਸਕਦੇ ਹਾਂ, ਰੱਬ ਨੇ ਸਾਨੂੰ ਸਾਰੀਆਂ ਸ਼ਕਤੀਆਂ ਦੇ ਰੱਖੀਆਂ ਹਨ।

## ਭੁੱਖ ਮਿਟ ਵੀ ਜਾਣੀ ਚਾਹੀਦੀ ਹੈ

ਹਰ ਬੰਦੇ ਦੀਆਂ ਕੁਝ ਮੁੱਢਲੀਆਂ ਲੋੜਾਂ ਹਨ ਜੋ ਪੂਰੀਆਂ ਹੁੰਦੀਆਂ ਰਹਿਣੀਆਂ ਚਾਹੀਦੀਆਂ ਹਨ। ਮਨੁੱਖੀ ਜੀਵਨ ਇਨ੍ਹਾਂ ਮੁੱਢਲੀਆਂ ਜ਼ਰੂਰਤਾਂ ਦੀ ਪੂਰਤੀ ਬਗ਼ੈਰ ਹੋਂਦ ਵਿੱਚ ਨਹੀਂ ਰਹਿ ਸਕਦਾ। ਸਾਨੂੰ ਅਨਾਜ ਦੀ ਜ਼ਰੂਰਤ ਹੈ ਪਰ ਕੁਝ ਹੱਦ ਤੱਕ, ਲੋੜ ਤੋਂ ਵੱਧ ਅਸੀਂ ਅਨਾਜ ਖਾ ਨਹੀਂ ਸਕਦੇ। ਸਾਨੂੰ ਪੈਸਾ ਚਾਹੀਦਾ ਹੈ ਪਰ ਲੋੜ ਤੋਂ ਵੱਧ ਪੈਸਾ ਹੋਵੇ ਤਾਂ ਕਈ ਕਿਸਮ ਦੀਆਂ ਸ਼ਰਾਰਤਾਂ ਕਰਨ ਨੂੰ ਮਨ ਕਰਨ ਲੱਗ ਪੈਂਦਾ ਹੈ। ਲੋੜ ਤੋਂ ਵੱਧ ਖ਼ੁਰਾਕ ਵੀ ਖਾਧੀ ਜਾਵੇ ਤਾਂ ਬਿਮਾਰੀਆਂ ਲੱਗ ਜਾਂਦੀਆਂ ਹਨ। ਸੋ ਅਸੀਂ ਆਪਣੀਆਂ ਆਦਤਾਂ ਐਸੀਆਂ ਬਣਾਉਣੀਆਂ ਹਨ ਕਿ ਮੁੱਢਲੀਆਂ ਲੋੜਾਂ ਪੂਰੀਆਂ ਹੁੰਦੀਆਂ ਰਹਿਣ। ਰੱਬ ਅੱਗੇ ਅਰਦਾਸ ਵੀ ਕਰਨੀ ਹੈ ਤਾਂ ਬਸ ਇਤਨੀ ਹੀ ਕਰਨੀ ਹੈ। ਇਹ ਵੀ ਸੋਚ ਲੈਣਾ ਚਾਹੀਦਾ ਹੈ ਕਿ ਰੱਬ ਨੇ ਜੋ ਕੁਝ ਸਾਡੀ ਮਿਹਨਤ ਦੇ ਬਾਵਜੂਦ ਦਿੱਤਾ ਹੈ, ਉਹ ਸਾਰਾ ਕੁਝ ਸਾਡੀਆਂ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਦਿੱਤਾ ਹੈ। ਬਹੁਤੀ ਲਾਲਚ ਕਰਨ ਵਾਲਾ ਆਦਮੀ ਗ਼ਲਤ ਰਸਤਿਆਂ ਉੱਤੇ ਤੁਰਨ ਲੱਗ ਪੈਂਦਾ ਹੈ, ਮਾਇਆ ਵੀ ਤਾਂ ਹੀ ਇਕੱਠੀ ਹੋ ਸਕਦੀ ਹੈ ਜੇਕਰ ਅਸੀਂ ਗ਼ਲਤ ਰਸਤੇ ਅਪਣਾਉਂਦੇ ਹਾਂ। ਫਿਰ ਬਦਨਾਮ ਹੁੰਦੇ ਹਾਂ। ਕੋਈ ਆਖਦਾ ਹੈ ਇਹ ਆਦਮੀ ਰਿਸ਼ਵਤ ਲੈਂਦਾ ਹੈ, ਮੁਨਾਫ਼ਾਖੋਰ ਹੈ, ਦਗ਼ੇਬਾਜ਼ ਹੈ, ਭ੍ਰਿਸ਼ਟਾਚਾਰੀ ਹੈ, ਅਹੰਕਾਰਿਆ ਹੋਇਆ ਹੈ, ਠਗ ਹੈ, ਚੋਰ ਹੈ ਅਤੇ ਹੋਰ ਪਤਾ ਨਹੀਂ ਕੀ-ਕੀ ਨਾਮ ਰੱਖੇ ਜਾ ਸਕਦੇ ਹਨ, ਅਸੀਂ ਐਸੀਆਂ ਤੋਹਮਤਾਂ ਤੋਂ ਬਚਣਾ ਹੈ।

## ਸੇਵਾ ਸ੍ਰੇਸ਼ਟ ਹੁੰਦੀ ਹੈ

ਅਸੀਂ ਮਨੁੱਖਤਾ ਅਤੇ ਦੁਨੀਆਂ ਉੱਤੇ ਜੋ ਵੀ ਜੀਵ ਹਨ ਅਸੀਂ ਕਿਸੇ ਨਾ ਕਿਸੇ ਢੰਗ

ਨਾਲ ਇਨ੍ਹਾਂ ਦੀ ਸੇਵਾ ਕਰਨੀ ਹੈ। ਸਾਡੇ ਅੰਦਰ ਸੇਵਾ ਦੀ ਭਾਵਨਾ ਕਾਇਮ ਰਹਿਣੀ ਚਾਹੀਦੀ ਹੈ। ਅਸੀਂ ਭਾਵੇਂ ਨੌਕਰ ਹਾਂ ਅਤੇ ਮਜ਼ਦੂਰੀ ਲੈਂਦੇ ਹਾਂ, ਮਜ਼ਦੂਰੀ ਲੈਣਾ ਸਾਡੇ ਲਈ ਲਾਜ਼ਮੀ ਹੈ। ਅਸੀਂ ਆਪਣਾ ਪੇਟ ਵੀ ਭਰਨਾ ਹੈ। ਆਪਣੇ ਬਾਲ-ਬੱਚਿਆਂ ਦੀਆਂ ਲੋੜਾਂ ਵੀ ਪੂਰੀਆਂ ਕਰਨੀਆਂ ਹਨ। ਇਹ ਇਕ ਵੱਖਰੀ ਗੱਲ ਹੈ ਪਰ ਅਸੀਂ ਜੋ ਮਜ਼ਦੂਰੀ ਲੈਂਦੇ ਹਾਂ ਉਸ ਬਦਲੇ ਅਸੀਂ ਉਹ ਸੇਵਾ ਵੀ ਨਿਭਾਉਣੀ ਹੈ ਜੋ ਸਾਡੇ ਜ਼ਿੰਮੇਂ ਲੱਗੀ ਹੋਈ ਹੈ। ਅਸੀਂ ਹਰ ਵਕਤ ਇਹ ਖ਼ਿਆਲ ਰੱਖਣਾ ਹੈ ਕਿ ਅਸੀਂ ਪੂਰੀ ਤਨਦੇਹੀ ਨਾਲ ਆਪਣੇ ਜ਼ਿੰਮੇਂ ਲੱਗੀਆਂ ਜ਼ਿੰਮੇਂਵਾਰੀਆਂ ਨਿਭਾਅ ਰਹੇ ਹਾਂ। ਦਿਆਨਤਦਾਰੀ ਨਾਲ ਕੰਮ ਕਰ ਰਹੇ ਹਾਂ, ਆਪਣੀ ਪੂਰੀ ਕੁਸ਼ਲਤਾ ਵਰਤ ਰਹੇ ਹਾਂ। ਇਸੇ ਤਰ੍ਹਾਂ ਥੋੜ੍ਹਾ ਬਹੁਤ ਵਕਤ ਕੱਢ ਕੇ ਅਸੀਂ ਹੋਰ ਵੀ ਕੋਈ ਸੇਵਾ ਦਾ ਕੰਮ ਕਰ ਸਕਦੇ ਹਾਂ। ਉੱਥੋਂ ਮਜ਼ਦੂਰੀ ਭਾਵੇਂ ਨਾ ਮਿਲਦੀ ਹੋਵੇ ਪਰ ਦੂਜਿਆਂ ਦੀ ਸੇਵਾ ਕਰਕੇ ਜੋ ਮਾਨਸਿਕ ਖ਼ੁਸ਼ੀ ਪ੍ਰਾਪਤ ਹੁੰਦੀ ਹੈ, ਉਹ ਪੈਸਿਆਂ ਬਦਲੇ ਕੀਤੇ ਕੰਮ ਤੋਂ ਕਿੱਧਰੇ ਜ਼ਿਆਦਾ ਹੁੰਦੀ ਹੈ। ਇਨਸਾਨ ਹੀ ਇਨਸਾਨ ਦਾ ਸਾਥੀ ਹੈ ਅਤੇ ਸਾਥੀ ਹੋਣ ਦੇ ਨਾਤੇ ਅਸੀਂ ਸਾਥੀ ਦੇ ਫ਼ਰਜ਼ ਨਿਭਾਉਣੇ ਹਨ।

## ਰੱਬ ਨਾਲ ਇਕ ਹੋਏ ਬੰਦਿਆਂ ਦੇ ਸ਼ਬਦ ਸ਼ਕਤੀਸ਼ਾਲੀ ਹੁੰਦੇ ਹਨ

ਜਦੋਂ ਅਸੀਂ ਰੱਬ ਨਾਲ ਇਕਮਿਕ ਹੋ ਜਾਂਦੇ ਹਾਂ ਤਾਂ ਸਾਡਾ ਹਰੇਕ ਕਰਮ ਮਹਾਨ ਹੋ ਜਾਂਦਾ ਹੈ। ਸਾਡਾ ਇਕ-ਇਕ ਆਖਿਆ ਸ਼ਬਦ ਅਮਰ ਹੋ ਪ੍ਰਗਟ ਹੁੰਦਾ ਹੈ ਅਤੇ ਦੁਨੀਆਂ ਭਰ ਵਿੱਚ ਫੈਲ ਜਾਂਦਾ ਹੈ। ਆਉਣ ਵਾਲੀਆਂ ਪੀੜ੍ਹੀਆਂ ਵੀ ਸਾਡੇ ਆਖੇ ਸ਼ਬਦਾਂ ਉੱਤੇ ਪਹਿਰਾ ਦਿੰਦੀਆਂ ਹਨ, ਰੱਬ ਨਾਲ ਇਕ ਅਸੀਂ ਆਪ ਹੋਣਾ ਹੈ, ਰੱਬ ਨਾਲ ਪਿਆਰ ਪਾਉਣਾ ਹੈ, ਫਿਰ ਕੀ ਹੈ, ਅਸੀਂ ਰੱਬ ਹੋ ਜਾਂਦੇ ਹਾਂ ਅਤੇ ਰੱਬ ਸਾਡੇ ਵਿੱਚ ਆ ਵਸਦਾ ਹੈ। ਰਾਂਝਾ-ਰਾਂਝਾ ਕਰਦੀ ਨੀ-ਮੈਂ ਆਪੇ ਰਾਂਝਾ ਹੋਈ ਵਾਲੀ ਗੱਲ ਹੋ ਜਾਂਦੀ ਹੈ। ਇਸ ਦੁਨੀਆਂ ਵਿੱਚ ਉਹੀ ਆਖੇ ਸ਼ਬਦ ਅਮਰ ਹਨ ਜੋ ਰੱਬ ਨਾਲ ਇਕ ਹੋਏ ਲੋਕਾਂ ਨੇ ਆਖੇ ਸਨ। ਅਰਥਾਤ ਐਸੇ ਬੰਦਿਆਂ ਰਾਹੀਂ ਰੱਬ ਆਪ ਬੋਲ ਰਿਹਾ ਹੁੰਦਾ ਹੈ। ਅਸੀਂ ਰੱਬ ਵੱਲ ਸਫ਼ਰ ਸ਼ੁਰੂ ਕਰਨਾ ਹੈ। ਸਾਨੂੰ ਪਤਾ ਲੱਗ ਜਾਵੇਗਾ ਕਿ ਰੱਬ ਕਿਤਨਾ ਨੇੜੇ ਸੀ। ਅਸੀਂ ਤਾਂ ਬਸ ਅਗਿਆਨਤਾ ਕਰਕੇ ਭਟਕਦੇ ਰਹੇ ਸਾਂ। ਅਸੀਂ ਵੀ ਰੱਬ ਦੇ ਬਣਾਏ ਹੋਏ ਹਾਂ ਅਤੇ ਅਸੀਂ ਵੀ ਰੱਬ ਤੋਂ ਦੂਰ ਨਹੀਂ ਹਾਂ।

## ਦੁਨਿਆਵੀ ਸੁੰਦਰਤਾ

ਦੁਨੀਆਂ ਬਹੁਤ ਸੁੰਦਰ ਹੈ। ਰੱਬ ਦੇ ਬਣਾਏ ਹੋਏ ਸਾਰੇ ਜੀਵ ਸੁੰਦਰ ਹਨ। ਕੁਦਰਤੀ ਨਜ਼ਾਰੇ ਬਹੁਤ ਸੁੰਦਰ ਹਨ। ਮਨੁੱਖ ਬਹੁਤ ਸੁੰਦਰ ਹੈ। ਪਰ ਮਨੁੱਖ ਦੀ ਸੁੰਦਰਤਾ ਸਮਾਂ ਪਾ ਕੇ ਮੁਰਝਾ ਜਾਂਦੀ ਹੈ। ਫਿਰ ਖ਼ਤਮ ਹੋ ਜਾਂਦੀ ਹੈ। ਅਸੀਂ ਸੁੰਦਰਤਾ ਮਗਰ ਭੱਜੇ ਫਿਰਦੇ ਹਾਂ। ਸਾਡੀ ਭੁੱਖ ਨਹੀਂ ਮਿਟਦੀ। ਅਸੀਂ ਕੁਦਰਤ ਦੀ ਦਿੱਤੀ ਅਸਲੀ ਸੁੰਦਰਤਾ ਦੀ ਪਛਾਣ ਨਹੀਂ ਕਰ ਪਾ ਰਹੇ। ਅਸਲੀ ਸੁੰਦਰਤਾ ਸਦੀਵੀ ਹੈ। ਉਹ ਖ਼ਤਮ ਨਹੀਂ ਹੋਇਆ ਕਰਦੀ। ਅਸੀਂ ਬੰਦੇ ਦੀਆਂ ਚੰਗਿਆਈਆਂ ਦੀ ਸੁੰਦਰਤਾ ਮਾਣ ਸਕਦੇ ਹਾਂ। ਚੰਗਿਆਈਆਂ ਕਦੀ ਬੁੱਢੀਆਂ ਨਹੀਂ ਹੁੰਦੀਆਂ। ਚੰਗਿਆਈਆਂ ਕਦੀ ਮਰਦੀਆਂ ਨਹੀਂ। ਬੰਦਾ ਮਰ ਵੀ ਜਾਂਦਾ ਹੈ, ਪਰ ਉਸ ਦੀਆਂ ਚੰਗਿਆਈਆਂ ਸਦੀਆਂ ਤੱਕ ਕਾਇਮ ਰਹਿੰਦੀਆਂ ਹਨ। ਅਮਰ ਹੋ ਜਾਂਦੀਆਂ ਹਨ। ਸਾਡੇ ਵਿੱਚੋਂ ਬਹੁਤ ਹੀ ਘੱਟ ਲੋਕੀਂ ਜੋ ਇਹਨਾਂ ਅੰਦਰਲੀਆਂ ਚੰਗਿਆਈਆਂ

ਦੀ ਪਛਾਣ ਕਰ ਪਾਉਂਦੇ ਹਨ ਅਤੇ ਉਨ੍ਹਾਂ ਨੂੰ ਹੋਰ ਨਿਖਾਰਨ ਦੀ ਕੋਸ਼ਿਸ਼ ਕਰਦੇ ਹਨ। ਅਸੀਂ ਬਹੁਤੇ ਲੋਕੀਂ ਆਪਣੀ ਬਾਹਰਲੀ ਸੁੰਦਰਤਾ ਨੂੰ ਚਮਕਾਉਣ ਉਤੇ ਲੱਗੇ ਰਹਿੰਦੇ ਹਾਂ ਅਤੇ ਅੰਦਰ ਸਾਡੇ ਮੈਲ ਦੇ ਢੇਰ ਲੱਗੇ ਰਹਿੰਦੇ ਹਨ। ਲੋਕੀਂ ਸੁੰਦਰ ਤੋਂ ਸੁੰਦਰ ਆਦਮੀ ਤੋਂ ਵੀ ਦੂਰ ਭੱਜਣ ਲੱਗ ਪੈਂਦੇ ਹਨ ਜੇਕਰ ਉਹ ਇਕ ਵਧੀਆ ਸੋਚ ਵਾਲਾ ਅਤੇ ਵਧੀਆ ਵਤੀਰੇ ਵਾਲਾ ਬੰਦਾ ਨਹੀਂ ਹੈ। ਅਗਰ ਅਸੀਂ ਆਪਣੀ ਸੁੰਦਰਤਾ ਉੱਤੇ ਮਾਣ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਅੰਦਰੋਂ ਬਾਹਰੋਂ ਸੁੰਦਰ ਹੋਣਾ ਪਵੇਗਾ ਅਤੇ ਇਹ ਕੰਮ ਇਤਨਾ ਮੁਸ਼ਕਲ ਨਹੀਂ ਹੈ, ਜਿਤਨਾ ਅਸੀਂ ਸਮਝ ਬੈਠੇ ਹਾਂ। ਆਪਣੇ ਆਪ ਦੀ ਸੁਧਾਈ ਕਰਨ ਦੀ ਇੱਛਾ ਹੋਣੀ ਚਾਹੀਦੀ ਹੈ। ਫਿਰ ਸੁਧਾਈ ਅੱਜ ਤੋਂ ਹੀ ਸ਼ੁਰੂ ਹੋ ਜਾਂਦੀ ਹੈ।

## ਰੱਬ ਸਾਡਾ ਆਪਣਾ ਹੈ

ਰੱਬ ਸਾਡਾ ਆਪਣਾ ਹੈ। ਅਰਥਾਤ ਅਸੀਂ ਰੱਬ ਦੇ ਬੱਚੇ ਹਾਂ। ਅਗਰ ਐਸਾ ਹੈ ਤਾਂ ਰੱਬ ਦਾ ਡਰ ਕਾਹਦਾ। ਜਿਵੇਂ ਮਾਤਾ ਪਿਤਾ ਪਾਸੋਂ ਡਰਦੇ ਅਸੀਂ ਆਪਣੇ ਮਾੜੇ ਕਰਮ ਉਨ੍ਹਾਂ ਪਾਸੋਂ ਛੁਪਾ ਲੈਂਦੇ ਹਾਂ, ਐਸਾ ਅਸੀਂ ਰੱਬ ਨਾਲ ਨਹੀਂ ਕਰ ਸਕਦੇ। ਰੱਬ ਸਰਬ ਸ਼ਕਤੀਮਾਨ ਹੈ। ਰੱਬ ਸਰਬ-ਵਿਆਪਕ ਵੀ ਹੈ। ਇਸ ਲਈ ਰੱਬ ਦਾ ਇਹ ਡਰ ਸਾਡੇ ਅੰਦਰ ਬਣਿਆ ਰਹਿਣਾ ਚਾਹੀਦਾ ਹੈ। ਆਪਣੇ ਦੁਨਿਆਵੀ ਮਾਤਾ ਪਿਤਾ ਪਾਸੋਂ ਅਸੀਂ ਬਹੁਤ ਕੁਝ ਛੁਪਾ ਲੈਂਦੇ ਹਾਂ, ਪਰ ਰੱਬ ਪਾਸੋਂ ਕੁਝ ਵੀ ਛੁਪਾਇਆ ਨਹੀਂ ਜਾ ਸਕਦਾ। ਇਸ ਕਰਕੇ ਹਰ ਮਾੜਾ ਕੰਮ ਕਰਨ ਵਕਤ ਰੱਬ ਦਾ ਡਰ ਮਹਿਸੂਸ ਕਰਕੇ ਉਹ ਮਾੜਾ ਕੰਮ ਕਰਨੋਂ ਸੰਕੋਚ ਕਰਨਾ ਚਾਹੀਦਾ ਹੈ। ਅਗਰ ਰੱਬ ਦੀ ਹਾਜ਼ਰੀ ਦਾ ਇਹ ਡਰ ਸਾਡੇ ਮਨ ਅੰਦਰ ਬਣ ਆਉਂਦਾ ਹੈ ਤਾਂ ਅਸੀਂ ਸੁਧਾਈ ਵੱਲ ਵਧਣ ਲੱਗ ਪੈਂਦੇ ਹਾਂ। ਅਰਥਾਤ ਮਾੜੇ ਕੰਮਾਂ ਉੱਤੇ ਸੁਭਾਵਿਕ ਜਿਹੀ ਰੁਕਾਵਟ ਲਗ ਜਾਂਦੀ ਹੈ। ਇਹ ਤਰੀਕਾ ਬਹੁਤ ਹੀ ਸੌਖਾ ਹੈ। ਰੱਬ ਵਿਚ ਅਸੀਂ ਸਾਰੇ ਵਿਸ਼ਵਾਸ ਰੱਖਦੇ ਹਾਂ। ਸਾਡੇ ਸਾਰਿਆਂ ਦੇ ਧਾਰਮਿਕ ਗਰੰਥਾਂ ਵਿੱਚ ਵੀ ਇਹ ਗੱਲ ਸਵੀਕਾਰ ਕੀਤੀ ਜਾ ਚੁੱਕੀ ਹੈ ਕਿ ਰੱਬ ਪਾਸੋਂ ਅਸੀਂ ਆਪਣੀ ਕੋਈ ਕਾਰਵਾਈ ਨਹੀਂ ਛੁਪਾ ਸਕਦੇ। ਰੱਬ ਤਾਂ ਸਾਡੀਆਂ ਉਹਨਾਂ ਗੱਲਾਂ ਦਾ ਵੀ ਹਿਸਾਬ ਰੱਖਦਾ ਹੈ ਜੋ ਅਸੀਂ ਆਪਣੇ ਮਨ ਹੀ ਮਨ ਵਿਚ ਬਸ ਸੋਚਦੇ ਰਹਿੰਦੇ ਹਾਂ, ਪਰ ਸਮਾਜਿਕ ਅਤੇ ਕਾਨੂੰਨੀ ਬੰਧਨਾਂ ਕਾਰਨ ਕਰ ਨਹੀਂ ਪਾਉਂਦੇ। ਇਸ ਲਈ ਸਾਨੂੰ ਆਪਣੀ ਸੋਚ ਅੰਦਰ ਵੀ ਤਬਦੀਲੀ ਲਿਆਉਣੀ ਪਵੇਗੀ। ਇਹ ਕੰਮ ਮੁਸ਼ਕਲ ਨਹੀਂ ਹੈ। ਅਸੀਂ ਕਿਸੇ ਹੋਰ ਪਾਸੇ ਨਹੀਂ ਜਾਣਾ। ਬਸ ਆਪਣੇ ਆਪ ਵਿਚ ਤਬਦੀਲੀ ਲਿਆਉਣੀ ਹੈ ਅਤੇ ਆਪਣੇ ਆਪ ਨੂੰ ਸੇਧ ਦੇਣੀ ਇਤਨਾ ਮੁਸ਼ਕਲ ਕੰਮ ਨਹੀਂ ਹੈ ਜਿਤਨਾ ਅਸੀਂ ਸਮਝੀ ਬੈਠੇ ਹਾਂ।

## ਬੰਦਿਆਂ ਵਾਲਾ ਵਤੀਰਾ ਅਪਣਾਓ

ਜੋ ਆਦਮੀ ਬੰਦਿਆਂ ਵਾਲਾ ਵਤੀਰਾ ਨਹੀਂ ਅਪਣਾਉਂਦਾ ਲੋਕੀਂ ਉਸ ਨੂੰ ਜਾਨਵਰ ਤੱਕ ਆਖ ਛੱਡਦੇ ਹਨ। ਕੁੱਤਾ, ਗਿੱਦੜ, ਬਘਿਆੜ, ਜ਼ਾਲਮ, ਲੁਟੇਰਾ, ਠਗ, ਚੋਰ, ਹਰਾਮੀ, ਝੂਠਾ, ਫ਼ਰੇਬੀ, ਮੱਕਾਰ, ਗੁੰਡਾ ਅਤੇ ਹੋਰ ਐਸੇ ਨੇੜੇ ਨਾਵਾਂ ਵਿੱਚੋਂ ਕੋਈ ਵੀ ਨਾਮ ਦੇ ਸਕਦੇ ਹਨ ਪਰ ਉਸ ਨੂੰ ਛੇਤੀ ਕੀਤਿਆਂ ਆਦਮੀ ਕੋਈ ਨਹੀਂ ਆਖਦਾ। ਅਸੀਂ ਰੱਬ ਦੇ ਬਣਾਏ ਹੋਏ ਹਾਂ ਅਤੇ ਰੱਬ ਨੇ ਪੂਰੀ ਸੋਚ-ਵਿਚਾਰ ਕਰਕੇ ਸਾਨੂੰ ਮਨੁੱਖਾ ਜੂਨੀ ਬਖ਼ਸ਼ੀ ਹੈ। ਅਸੀਂ ਅਗਰ ਰੱਬ ਨੇ ਮਨੁੱਖ ਬਣਾਏ ਹਾਂ ਤਾਂ ਸਾਡਾ ਇਹ ਫ਼ਰਜ਼ ਬਣਦਾ ਹੈ ਕਿ ਅਸੀਂ

ਮਨੁੱਖੀ ਕਦਰਾਂ ਕੀਮਤਾਂ ਜੋ ਹੁਣ ਤੱਕ ਸਥਾਪਿਤ ਹੋ ਚੁੱਕੀਆਂ ਹਨ, ਉਨ੍ਹਾਂ ਉੱਤੇ ਪੂਰੇ ਉਤਰਦੇ ਰਹੀਏ। ਅਸੀਂ ਕੋਈ ਅਧਿਕਾਰ ਨਹੀਂ ਰੱਖਦੇ ਕਿ ਅਸੀਂ ਰਚਨਹਾਰ ਦਾ ਨਾਮ ਬਦਨਾਮ ਕਰਦੇ ਫਿਰੀਏ ਅਤੇ ਇਹ ਗੱਲ ਵੀ ਬੜੀ ਸਪੱਸ਼ਟ ਹੈ ਕਿ ਹੋਰ ਕੁਝ ਵੀ ਬਣਨ ਨਾਲੋਂ ਮਨੁੱਖ ਬਣਨਾ ਸੌਖਾ ਹੈ, ਕਿਉਂਕਿ ਸਾਡਾ ਮੂਲ ਆਧਾਰ ਹੀ ਮਨੁੱਖਤਾ ਹੈ ਅਤੇ ਮਨੁੱਖ ਹੋਣ ਦੇ ਸਾਰੇ ਗੁਣ ਪਰਮ ਪਿਤਾ ਪ੍ਰਮਾਤਮਾ ਨੇ ਸਾਡੇ ਅੰਦਰ ਭਰ ਰੱਖੇ ਹਨ। ਇਹ ਗੁਣ ਸਾਡੇ ਅੰਦਰ ਹਾਜ਼ਰ ਹਨ। ਬਸ ਅਸੀਂ ਤਾਂ ਆਪਣੀ ਰੋਜ਼ਮਰਾ ਦੀ ਜ਼ਿੰਦਗੀ ਵਿੱਚ ਇਹ ਭੁੱਲਣਾ ਨਹੀਂ ਕਿ ਅਸੀਂ ਤਾਂ ਰੱਬ ਨੇ ਮਨੁੱਖ ਬਣਾ ਕੇ ਇੱਥੇ ਭੇਜੇ ਹਾਂ ਅਤੇ ਅਸੀਂ ਵਾਪਿਸ ਜਾ ਕੇ ਰੱਬ ਨੂੰ ਇਹ ਦੱਸਣਾ ਵੀ ਹੈ ਕਿ ਅਸੀਂ ਉਹੀ ਕੁਝ ਕਰਕੇ ਆਏ ਹਾਂ ਜੋ ਸਾਡੇ ਅੰਦਰੋਂ ਪਰਮ ਪਿਤਾ ਪ੍ਰਮਾਤਮਾ ਦਾ ਹੁਕਮ ਬਣ ਕੇ ਜਨਮ ਲੈਂਦਾ ਰਿਹਾ ਹੈ। ਬਸ ਫਿਰ ਰੱਬ ਸਾਨੂੰ ਸਜ਼ਾ ਕਾਹਦੀ ਦੇਵੇਗਾ। ਸਜ਼ਾ ਤਾਂ ਉਦੋਂ ਮਿਲਦੀ ਹੈ ਜਦੋਂ ਕੋਈ ਆਦਮੀ ਗ਼ਲਤ ਕੰਮ ਕਰਦਾ ਹੈ।

## ਸਿਰਫ਼ ਇਹ ਅਰਦਾਸ ਕਰੋ ਰੱਬ ਸਾਥ ਨਾ ਛੱਡੇ

ਸਾਡੀ ਅਰਦਾਸ ਸਿਰਫ਼ ਇਹ ਹੋਣੀ ਚਾਹੀਦੀ ਹੈ ਕਿ ਹੇ ਰੱਬਾ! ਹਮੇਸ਼ਾਂ ਸਾਡੇ ਨਾਲ ਰਵੀਂ ਕਿਉਂਕਿ ਜਦ ਕਦੀ ਵੀ ਤੂੰ ਸਾਨੂੰ ਛੱਡ ਜਾਵੇਂਗਾ, ਸਾਡੇ ਉੱਤੇ ਸ਼ੈਤਾਨ ਹਾਵੀ ਹੋ ਜਾਵੇਗਾ ਅਤੇ ਅਸੀਂ ਗ਼ਲਤ ਕੰਮ ਕਰ ਬੈਠਾਂਗੇ। ਇਸ ਦੁਨੀਆਂ ਵਿੱਚ ਗ਼ਲਤ ਕੰਮ ਕਰਾਉਣ ਵਾਲੀਆਂ ਪ੍ਰਸਥਿਤੀਆਂ ਹਮੇਸ਼ਾਂ ਬਣੀਆਂ ਰਹਿੰਦੀਆਂ ਹਨ। ਸਹੀ ਕੰਮ ਤਾਂ ਅਸੀਂ ਉਦੋਂ ਹੀ ਕਰਦੇ ਹਾਂ ਜਦੋਂ ਅਸੀਂ ਆਪਣੇ ਅੰਦਰੋਂ ਉਠੀ ਰੱਬ ਦੀ ਪਕੜ ਕਰ ਪਾਉਂਦੇ ਹਾਂ। ਅਸੀਂ ਅਗਰ ਇਹ ਆਖੀਏ ਕਿ ਅਸੀਂ ਮਾੜੇ ਕੰਮ ਉਦੋਂ ਹੀ ਕਰਦੇ ਹਾਂ ਜਦੋਂ ਸਾਨੂੰ ਰੱਬ ਵਿਸਰਿਆ ਹੁੰਦਾ ਹੈ। ਜਿਉਂ-ਜਿਉਂ ਰੱਬ ਵਿਸਰਦਾ ਜਾਂਦਾ ਹੈ ਅਸੀਂ ਸ਼ੈਤਾਨ ਵਸ ਹੁੰਦੇ ਜਾਂਦੇ ਹਨ ਅਤੇ ਆਪਣੇ ਹੀ ਕੀਤੇ ਗਏ ਪਾਪਾਂ ਦੇ ਬੋਝ ਤਲੇ ਦਬਣ ਲੱਗ ਜਾਂਦੇ ਹਾਂ ਅਤੇ ਅਗਰ ਇਹੀ ਸਿਲਸਿਲਾ ਜਾਰੀ ਰਵੇ ਤਾਂ ਸਾਡੇ ਜੀਵਨ ਦਾ ਰਸਤਾ ਹੀ ਗ਼ਲਤ ਹੋ ਜਾਂਦਾ ਹੈ, ਸ਼ੈਤਾਨ ਹਾਵੀ ਹੋ ਜਾਂਦਾ ਹੈ ਅਤੇ ਰੱਬ ਭੁੱਲ ਹੀ ਜਾਂਦਾ ਹੈ। ਸ਼ੈਤਾਨ ਉੱਤੇ ਤਾਂ ਕਾਬੂ ਪਾਉਣ ਲਈ ਸਿਰਫ਼ ਸਾਡੇ ਅੰਦਰ ਰੱਬ ਦੀ ਹਾਜ਼ਰੀ ਲਾਜ਼ਮੀ ਹੈ। ਵਰਨਾ ਸ਼ੈਤਾਨ ਇਤਨਾ ਸ਼ਕਤੀਸ਼ਾਲੀ ਹੈ ਕਿ ਅਸੀਂ ਉਸ ਦੇ ਅਸਰ ਤੋਂ ਬਚ ਨਹੀਂ ਪਾਉਂਦੇ। ਸ਼ੈਤਾਨ ਦਾ ਹੁਕਮ ਮੰਨ ਕੇ ਇਕ ਵਾਰੀ ਤਾਂ ਸਵਾਦ ਹੀ ਆ ਜਾਂਦਾ ਹੈ। ਫਿਰ ਭਾਵੇਂ ਅਸੀਂ ਉਸ ਗੱਲ ਨੂੰ ਛੁਪਾਉਂਦੇ ਫਿਰੀਏ, ਡਰਦੇ ਫਿਰੀਏ ਅਤੇ ਲੋਕਾਂ ਦੀਆਂ ਨਜ਼ਰਾਂ ਤੋਂ ਬਚਣ ਲਈ ਪਤਾ ਨਹੀਂ ਕਿਤਨਾ ਹੀ ਝੂਠ ਕਿਉਂ ਨਾ ਬੋਲਦੇ ਰਹੀਏ।

## ਗ਼ਲਤ ਆਦਮੀ ਸਹੀ ਸਿੱਖਿਆ ਨਹੀਂ ਦੇ ਸਕਦਾ

ਅਸੀਂ ਬਹੁਤੇ ਲੋਕੀਂ ਗੁੰਮਰਾਹ ਹਾਂ। ਕਾਰਨ ਸਾਫ਼ ਹੈ ਕਿ ਜੋ ਲੋਕੀਂ ਸਾਡੇ ਰਾਹ-ਦਸੇਰਾ ਬਣੇ ਫਿਰਦੇ ਹਨ, ਉਹੀ ਗ਼ਲਤ ਹਨ। ਉਨ੍ਹਾਂ ਨੇ ਆਪ ਕਦੀ ਚੰਗਾ ਬਣਨ ਦੀ ਕੋਸ਼ਿਸ਼ ਨਹੀਂ ਕੀਤੀ। ਉਹ ਚਾਰ ਗੱਲਾਂ ਸਿੱਖ ਕੇ ਗੁਣੀ ਗਿਆਨੀ ਬਣ ਬੈਠੇ ਹਨ। ਇਹ ਚਾਰ ਗੱਲਾਂ ਜੋ ਲੋਕਾਂ ਨਾਲ ਸਾਂਝੀਆਂ ਕਰਦੇ ਫਿਰਦੇ ਹਨ, ਉਨ੍ਹਾਂ ਦੇ ਆਪਣੇ ਜੀਵਨ ਦਾ ਆਧਾਰ ਨਹੀਂ ਬਣੀਆਂ। ਉਹ ਗੱਲਾਂ ਕਰ ਛੱਡਦੇ ਹਨ, ਅਸੀਂ ਗੱਲਾਂ ਸੁਣ ਛੱਡਦੇ ਹਾਂ, ਨਾ ਉਨ੍ਹਾਂ ਦਾ ਕੁਝ ਵਿਗੜਦਾ ਹੈ ਅਤੇ ਨਾ ਹੀ ਸਾਡੇ ਪੱਲੇ ਕੁਝ ਪੈਂਦਾ ਹੈ। ਵੱਡੇ-ਵੱਡੇ ਮੱਠਾਂ ਤੋਂ

ਵਾਪਿਸ ਆਏ ਲੋਕਾਂ ਪਾਸੋਂ ਪੁੱਛੀਏ ਕਿ ਉਹ ਪਤੇ ਦੀ ਕਿਹੜੀ ਗੱਲ ਸਮਝ ਕੇ ਆਏ ਹਨ ਅਤੇ ਹੁਣ ਤੋਂ ਉਹ ਆਪਣੀ ਜ਼ਿੰਦਗੀ ਵਿੱਚ ਅਪਨਾ ਲੈਣਗੇ, ਤਾਂ ਲੱਖਾਂ ਕਰੋੜਾਂ ਬਾਅਦ ਵੀ ਇਕ ਬੰਦਾ ਨਹੀਂ ਮਿਲੇਗਾ ਕਿ ਉਸ ਨੇ ਗੱਲਾਂ ਹਜ਼ਮ ਕਰ ਲਈਆਂ ਹਨ ਅਤੇ ਗੱਲਾਂ ਆਪਣੇ ਜੀਵਨ ਅੰਦਰ ਅਪਨਾ ਲਈਆਂ ਹਨ। ਅਸੀਂ ਇਕ ਐਸੇ ਦੌਰ ਵਿੱਚ ਆ ਫਸੇ ਹਾਂ ਜਿੱਥੇ ਬਹੁਤ ਕੁਝ ਐਸਾ ਬੋਲਿਆ ਅਤੇ ਲਿਖਿਆ ਜਾ ਰਿਹਾ ਹੈ, ਜੋ ਕਿਸੇ ਦੇ ਜੀਵਨ ਦਾ ਆਧਾਰ ਨਹੀਂ ਹੈ। ਅਸੀਂ ਧਾਰਮਿਕ ਬਿਰਤੀਆਂ ਰੱਖਣ ਵਾਲੇ ਹਾਂ ਪਰ ਕੋਈ ਆਖੇ ਅਸੀਂ ਝੂਠ ਨਹੀਂ ਬੋਲਦੇ, ਠੱਗੀਆਂ ਨਹੀਂ ਮਾਰਦੇ, ਸਵਾਰਥੀ ਨਹੀਂ ਹਾਂ, ਅਸੀਂ ਕਦੀ ਚੋਰੀ ਨਹੀਂ ਕੀਤੀ, ਅਸੀਂ ਕਦੀ ਬੇਈਮਾਨੀ ਨਹੀਂ ਕੀਤੀ, ਅਸੀਂ ਕਦੀ ਬੇਹੂਦਾ ਹਰਕਤ ਨਹੀਂ ਕੀਤੀ, ਅਸੀਂ ਸੰਪੂਰਨ ਤੌਰ 'ਤੇ ਇਮਾਨਦਾਰ ਹਾਂ, ਅਸੀਂ ਕਦੀ ਪਾਪ ਨਹੀਂ ਕੀਤਾ ਤਾਂ ਐਸਾ ਨਹੀਂ ਹੈ। ਆਪਣੇ ਜੀਵਨ ਉੱਤੇ ਝਾਤੀ ਮਾਰ ਕੇ ਅਸੀਂ ਆਪ ਹੀ ਸ਼ਰਮਿੰਦਾ ਹੋ ਉਠਦੇ ਹਾਂ। ਜਦੋਂ ਅਸੀਂ ਹਰੇਕ ਕਿਸਮ ਦਾ ਪਾਪ ਕਰ ਬੈਠੇ ਹਾਂ ਤਾਂ ਫਿਰ ਅਸੀਂ ਇਹ ਕਿਵੇਂ ਆਖ ਸਕਦੇ ਹਾਂ ਕਿ ਅਸੀਂ ਧਰਮੀ ਆਦਮੀ ਹਾਂ। ਰੱਬ ਨੇ ਸਾਡੀ ਇੱਜ਼ਤ ਬਣਾ ਰੱਖੀ ਹੈ ਤਾਂ ਇਹ ਗੱਲ ਹੈ। ਸੱਚਾਈ ਇਹ ਹੈ ਕਿ ਸਾਡੇ ਵਿੱਚ ਮਸਾਂ ਇਕ ਅੱਧਾ ਆਦਮੀ ਸਵੈ-ਨਿਰੀਖਣ ਅੰਦਰ ਪਾਸ ਹੁੰਦਾ ਹੈ। ਬਾਕੀ ਅਸੀਂ ਸਾਰੇ ਗ਼ਲਤ ਹਾਂ ਕਿਉਂਕਿ ਸਾਡੇ ਰਾਹ-ਦਸੇਰੇ ਗ਼ਲਤ ਹਨ।

## ਮਾੜੇ ਲੋਕਾਂ ਨੂੰ ਤੁਹਾਡੀ ਜ਼ਰੂਰਤ ਹੈ

ਜੋ ਲੋਕੀਂ ਗ਼ਲਤ ਰਸਤੇ ਉੱਤੇ ਹਨ ਉਨ੍ਹਾਂ ਨੂੰ ਰਾਹ-ਦਸੇਰਾ ਚਾਹੀਦਾ ਹੈ। ਜੋ ਲੋਕੀਂ ਸਹੀ ਰਸਤੇ ਉੱਤੇ ਹਨ, ਉਨ੍ਹਾਂ ਨੂੰ ਕਿਸੇ ਦੀ ਮੱਦਦ ਦੀ ਜ਼ਰੂਰਤ ਨਹੀਂ ਹੁੰਦੀ। ਅਗਰ ਸਾਨੂੰ ਕੋਈ ਐਸਾ ਬੰਦਾ ਦਿਸਦਾ ਹੈ ਜੋ ਗ਼ਲਤ ਰਸਤੇ ਚੱਲ ਰਿਹਾ ਹੈ ਤਾਂ ਸਾਡਾ ਇਹ ਫ਼ਰਜ਼ ਬਣਦਾ ਹੈ ਕਿ ਅਸੀਂ ਉਸ ਨਾਲ ਚਾਰ ਗੱਲਾਂ ਸਾਂਝੀਆਂ ਕਰੀਏ ਅਤੇ ਕਿਸੇ ਢੰਗ ਨਾਲ ਉਸ ਨੂੰ ਗ਼ਲਤ ਰਸਤੇ ਤੋਂ ਹਟਾ ਕੇ ਸਹੀ ਰਸਤੇ ਉੱਤੇ ਲਿਆਉਣ ਦੀ ਕੋਸ਼ਿਸ਼ ਕਰੀਏ। ਸਾਡੀਆਂ ਕੋਸ਼ਿਸ਼ਾਂ ਨਾਲ ਅਗਰ ਅਸੀਂ ਆਪਣੇ ਜੀਵਨ ਅੰਦਰ ਸਿਰਫ਼ ਇਕ ਆਦਮੀ ਹੀ ਸਹੀ ਰਸਤੇ ਉੱਤੇ ਲੈ ਆਈਏ ਤਾਂ ਇਹ ਸਮਝੋ ਅਸੀਂ ਬਹੁਤ ਵੱਡਾ ਕੰਮ ਕਰ ਲਿਆ ਹੈ। ਇਹ ਆਦਮੀ ਸਾਡਾ ਪੁੱਤਰ ਹੋ ਸਕਦਾ ਹੈ, ਧੀ ਹੋ ਸਕਦੀ ਹੈ, ਦੋਸਤ ਹੋ ਸਕਦਾ ਹੈ, ਗਵਾਂਢੀ ਹੋ ਸਕਦਾ ਹੈ ਜਾਂ ਕੋਈ ਹੋਰ ਹੋ ਸਕਦਾ ਹੈ। ਉਹ ਅਮੀਰ ਹੋ ਸਕਦਾ ਹੈ, ਗ਼ਰੀਬ ਹੋ ਸਕਦਾ ਹੈ, ਅਸੀਂ ਸਿਰਫ਼ ਇਸ ਗੱਲ ਵੱਲ ਧਿਆਨ ਦੇਣਾ ਹੈ ਕਿ ਉਸ ਅੰਦਰ ਜੋ ਗ਼ਲਤ ਭਾਵਨਾ ਹੈ, ਅਸੀਂ ਕਿਸੇ ਢੰਗ ਨਾਲ ਉਹ ਗ਼ਲਤ ਭਾਵਨਾ ਦੂਰ ਕਰ ਸਕਦੇ ਹਾਂ। ਇਹੋ ਜਿਹੀਆਂ ਚੁਣੌਤੀਆਂ ਕਦੀ-ਕਦੀ ਹੱਥ ਲੈ ਹੀ ਲੈਣੀਆਂ ਚਾਹੀਦੀਆਂ ਹਨ।

## ਹਰ ਕੋਈ ਖ਼ੁਸ਼ਹਾਲ ਹੋਣ ਦਾ ਅਧਿਕਾਰ ਰੱਖਦਾ ਹੈ

ਹਰ ਕੋਈ ਖ਼ੁਸ਼ਹਾਲ ਹੋਣ ਲਈ ਸੰਘਰਸ਼ ਕਰ ਰਿਹਾ ਹੈ, ਹਰ ਕਿਸੇ ਦਾ ਐਸਾ ਸੰਘਰਸ਼ ਕਰਨਾ ਅਧਿਕਾਰ ਹੈ, ਹਰ ਕੋਈ ਖ਼ੁਸ਼ਹਾਲੀ ਪ੍ਰਾਪਤ ਕਰ ਸਕਦਾ ਹੈ। ਅਸੀਂ ਅਗਰ ਕਿਸੇ ਦੀ ਸਹਾਇਤਾ ਕਰ ਸਕਦੇ ਹਾਂ ਤਾਂ ਬਿਹਤਰ ਹੈ ਪਰ ਸਾਨੂੰ ਕਿਸੇ ਦੇ ਰਾਹ ਵਿੱਚ ਰੁਕਾਵਟ ਨਹੀਂ ਬਣਨਾ ਚਾਹੀਦਾ। ਕਿਸੇ ਦੇ ਸੰਘਰਸ਼ ਦੀਆਂ ਪ੍ਰਾਪਤੀਆਂ ਦਾ ਹੱਕਦਾਰ ਉਹ ਸੰਘਰਸ਼ ਕਰਨ ਵਾਲਾ ਹੀ ਹੈ। ਅਸੀਂ ਉਸ ਦੀ ਪ੍ਰਾਪਤੀ ਖੋਹ ਲੈਣ ਦਾ ਅਧਿਕਾਰ ਨਹੀਂ ਰੱਖਦੇ। ਇਸ ਦੁਨੀਆਂ ਵਿੱਚ ਬਹੁਤ ਹੀ ਘੱਟ ਲੋਕੀਂ ਖ਼ੁਸ਼ਹਾਲ ਹਨ। ਐਸਾ ਨਹੀਂ ਹੈ ਕਿ ਬਾਕੀ ਲੋਕੀਂ

ਖ਼ੁਸ਼ਹਾਲੀ ਨਹੀਂ ਚਾਹੁੰਦੇ। ਖ਼ੁਸ਼ਹਾਲੀ ਹਰ ਕੋਈ ਚਾਹੁੰਦਾ ਹੈ ਪਰ ਜਿਨ੍ਹਾਂ ਹੱਥ ਖ਼ੁਸ਼ਹਾਲੀ ਲੱਗ ਗਈ ਹੈ, ਉਹ ਬਾਕੀਆਂ ਨੂੰ ਖੁਸ਼ਹਾਲ ਹੁੰਦਾ ਦੇਖ ਨਹੀਂ ਸਕਦੇ। ਉਹ ਸੋਚਦੇ ਹਨ ਅਗਰ ਹੋਰ ਲੋਕੀਂ ਵੀ ਖ਼ੁਸ਼ਹਾਲ ਬਣ ਗਏ ਤਾਂ ਉਨ੍ਹਾਂ ਦੀ ਸਰਦਾਰੀ ਜਾਂਦੀ ਰਵੇਗੀ। ਇਸ ਕਰਕੇ ਇਹ ਲੋਕੀਂ ਦੂਜਿਆਂ ਨੂੰ ਸਿਰ ਨਹੀਂ ਚੁੱਕਣ ਦਿੰਦੇ। ਉਨ੍ਹਾਂ ਦੇ ਪ੍ਰਾਪਤ ਕੀਤੇ ਹੱਕ ਖੋਹ ਲਏ ਜਾਂਦੇ ਹਨ, ਸਦੀਆਂ ਤੋਂ ਇਹ ਸਿਲਸਿਲਾ ਚੱਲਦਾ ਆ ਰਿਹਾ ਹੈ। ਅਗਰ ਲੋਟੂ ਜਮਾਤਾਂ ਨਾ ਹੁੰਦੀਆਂ ਤਾਂ ਇਸ ਦੁਨੀਆਂ ਵਿੱਚ ਕੁਦਰਤ ਨੇ ਹਰ ਨਿਆਮਤ ਦੇ ਰੱਖੀ ਹੈ ਅਤੇ ਇਹ ਨਿਆਮਤਾਂ ਵਰਤ ਕੇ ਦੁਨੀਆਂ ਦਾ ਹਰੇਕ ਆਦਮੀ ਖ਼ੁਸ਼ਹਾਲ ਹੋ ਸਕਦਾ ਸੀ। ਅਸੀਂ ਲੋਟੂ ਜਮਾਤਾਂ ਦੀ ਕਤਾਰ ਵਿੱਚ ਸ਼ਾਮਲ ਨਹੀਂ ਹੋਣਾ। ਅਗਰ ਐਸਾ ਸਿਲਸਿਲਾ ਜਾਰੀ ਕੀਤਾ ਜਾਂਦਾ ਹੈ ਤਾਂ ਦੁਨੀਆਂ ਦਾ ਹਰੇਕ ਆਦਮੀ ਖ਼ੁਸ਼ਹਾਲ ਹੋ ਸਕਦਾ ਹੈ।

## ਸਿਆਣਪ ਹੈ ਤਾਂ ਵਰਤੋਂ ਕਰੋ

ਸਿਆਣਾ ਬਣਿਆ ਫਿਰਨਾ ਹੀ ਕਾਫ਼ੀ ਨਹੀਂ ਹੈ, ਜੋ ਆਦਮੀ ਹੈ ਤਾਂ ਸਿਆਣਾ ਪਰ ਆਪਣੀ ਸਿਆਣਪ ਦੀ ਵਰਤੋਂ ਨਹੀਂ ਕਰਦਾ, ਉਹ ਮੂਰਖ ਆਦਮੀ ਤੋਂ ਵੀ ਬਦਤਰ ਹੈ। ਅਸੀਂ ਅਗਰ ਸਿਆਣੀ ਗੱਲ ਪਹਿਲਾਂ ਹੀ ਸਿਆਣੇ ਲੋਕਾਂ ਪਾਸ ਲੈ ਕੇ ਜਾਵਾਂਗੇ ਤਾਂ ਉਹ ਸਾਡਾ ਮਜ਼ਾਕ ਉਡਾਉਣਗੇ ਪਰ ਅਗਰ ਅਸੀਂ ਸਿਆਣੀ ਗੱਲ ਉਨ੍ਹਾਂ ਲੋਕਾਂ ਪਾਸ ਲੈ ਕੇ ਜਾਵਾਂਗੇ ਜਿਨ੍ਹਾਂ ਲਈ ਸਾਡੀ ਗੱਲ ਬਿਲਕੁਲ ਨਵੀਂ ਹੈ ਤਾਂ ਉਹ ਸਾਡਾ ਸੌ-ਸੌ ਵਾਰੀ ਸ਼ੁਕਰਾਨਾ ਕਰਨਗੇ। ਸੋ ਸਾਡਾ ਇਹ ਫ਼ਰਜ਼ ਬਣਦਾ ਹੈ ਕਿ ਜੋ ਵੀ ਗਿਆਨ ਸਾਡੇ ਪੱਲੇ ਆਇਆ ਹੈ ਅਸੀਂ ਉਹ ਗਿਆਨ ਉਨ੍ਹਾਂ ਲੋਕਾਂ ਨਾਲ ਵੀ ਸਾਂਝਾ ਕਰਨਾ ਹੈ ਜਿਨ੍ਹਾਂ ਪਾਸ ਐਸਾ ਗਿਆਨ ਨਹੀਂ ਹੈ। ਗਿਆਨ ਦਾਨ ਅਰਥਾਤ ਵਿਦਿਆ ਦਾਨ ਸਭ ਤੋਂ ਮਹਾਨ ਹੈ। ਮੰਗਤੇ ਨੂੰ ਰੋਟੀ ਦੇਣ ਵਾਲੇ ਨਾਲੋਂ ਉਹ ਆਦਮੀ ਬਿਹਤਰ ਹੈ ਜੋ ਮੰਗਤੇ ਨੂੰ ਰੋਟੀ ਕਮਾਉਣੀ ਸਿਖਾ ਦਿੰਦਾ ਹੈ।

## ਰੱਬ ਦੀ ਹੋਂਦ ਖ਼ੁਸ਼ੀਆਂ ਦਾ ਸੋਮਾ ਹੈ

ਜੋ ਆਦਮੀ ਆਪਣੇ ਅੰਦਰ ਰੱਬ ਦੀ ਹੋਂਦ ਸਵੀਕਾਰ ਕਰ ਲੈਂਦਾ ਹੈ, ਅਰਥਾਤ ਜੋ ਆਦਮੀ ਆਪਣੇ ਆਪ ਨੂੰ ਰੱਬ ਦਾ ਇੱਕ ਹਿੱਸਾ ਮੰਨ ਲੈਂਦਾ ਹੈ, ਜੋ ਆਦਮੀ ਇਹ ਸਮਝ ਲੈਂਦਾ ਹੈ ਕਿ ਉਹ ਰੱਬ ਪਾਸੋਂ ਆਇਆ, ਰੱਬ ਪਾਸ ਵਾਪਸ ਜਾਣਾ ਹੈ ਅਤੇ ਰੱਬ ਹਰ ਵਕਤ ਉਸ ਦੇ ਨਾਲ ਹੈ, ਉਸ ਦੀ ਰਖਵਾਲੀ ਕਰ ਰਿਹਾ ਹੈ, ਉਸ ਆਦਮੀ ਦੇ ਅੰਦਰੋਂ ਹਰ ਕਿਸਮ ਦੇ ਡਰ, ਹਰ ਤਰ੍ਹਾਂ ਦੀ ਚਿੰਤਾ, ਦੁਬਿਧਾ ਆਦਿ ਖ਼ਤਮ ਹੋ ਜਾਂਦੀ ਹੈ। ਉਸ ਨੂੰ ਇਹ ਪਤਾ ਲੱਗ ਜਾਂਦਾ ਹੈ ਕਿ ਮੈਂ ਉਹੀ ਕੁਝ ਕਰਨਾ ਹੈ ਜੋ ਰੱਬ ਕਰਾਉਂਦਾ ਹੈ ਅਤੇ ਜਿਸ ਕਿਸੇ ਗੱਲ ਵਾਸਤੇ ਉਸ ਦੀ ਅੰਤਰ-ਆਤਮਾ ਆਗਿਆ ਨਹੀਂ ਦਿੰਦੀ ਉਹ ਨਹੀਂ ਕਰਦਾ। ਐਸੇ ਆਦਮੀ ਦਾ ਰੱਬ ਸਾਥ ਦਿੰਦਾ ਹੈ, ਉਹ ਆਦਮੀ ਖ਼ੁਸ਼ਹਾਲ ਹੋ ਜਾਂਦਾ ਹੈ। ਅਰਥਾਤ ਜਿਤਨਾ ਕੁਝ ਰੱਬ ਨੇ ਦਿੱਤਾ ਉਸੇ ਨਾਲ ਖ਼ੁਸ਼ ਹੋ ਜਾਂਦਾ ਹੈ। ਹੋਰ ਰੱਬ ਪਾਸੋਂ ਕੁਝ ਨਹੀਂ ਮੰਗਦਾ, ਉਹ ਆਦਮੀ ਨਿਹਾਲ-ਨਿਹਾਲ ਹੋ ਜਾਂਦਾ ਹੈ। ਸਾਰੇ ਡਰ ਅਤੇ ਸ਼ਿਕਵੇ ਖ਼ਤਮ ਹੋ ਜਾਂਦੇ ਹਨ, ਐਸੀ ਪ੍ਰਦਵੀ ਉਹ ਹਰ ਬੰਦਾ ਪਰਵਾਨ ਕਰ ਸਕਦਾ ਹੈ ਜੋ ਪਰਮ ਪਿਤਾ ਪ੍ਰਮਾਤਮਾ ਦਾ ਅੰਸ਼ ਆਪਣੇ ਅੰਦਰ ਆਤਮਾ ਦੇ ਰੂਪ ਵਿੱਚ ਸਵੀਕਾਰ ਕਰ ਲੈਂਦਾ ਹੈ। ਅਸੀਂ ਸਾਰੇ ਐਸਾ ਕਰਨ ਦੇ ਯੋਗ ਹਾਂ, ਬਸ ਅਸੀਂ ਆਪਣੀ ਬਿਰਤੀ ਇਸ ਪਾਸੇ ਵੱਲ

ਲਾਉਣ ਦਾ ਸਿਲਸਿਲਾ ਸ਼ੁਰੂ ਕਰਨਾ ਹੈ, ਰੋਜ਼ਾਨਾ ਅਭਿਆਸ ਕਰਨਾ ਹੈ, ਕੁਝ ਹੀ ਦਿਨਾਂ ਅੰਦਰ ਸਾਡੀ ਬਿਰਤੀ ਹੀ ਐਸੀ ਬਣ ਜਾਵੇਗੀ। ਅਸੀਂ ਰੱਬ ਦੀ ਨੇੜਤਾ ਦਾ ਅਨੰਦ ਮਾਣਨ ਲੱਗ ਪਵਾਂਗੇ।

## ਰੱਬ ਹਰ ਕਿਸੇ ਵਿੱਚ ਵਸਦਾ ਹੈ

ਅਸੀਂ ਦੁਨੀਆਂ ਦੇ ਲੋਕੀਂ ਉਨ੍ਹਾਂ ਗੱਲਾਂ ਦੀ ਪਛਾਣ ਨਹੀਂ ਕਰ ਸਕਦੇ ਜਿੱਥੇ ਰੱਬ ਹਾਜ਼ਰ ਨਹੀਂ ਹੈ। ਇਸ ਕਰਕੇ ਸਿਆਣਿਆਂ ਨੇ ਸਾਨੂੰ ਸਮਝਾ ਦਿੱਤਾ ਹੈ ਕਿ ਰੱਬ ਸਰਬ ਵਿਆਪਕ ਹੈ। ਅਰਥਾਤ ਰੱਬ ਹਰ ਸ਼ੈਅ, ਹਰ ਜੀਵ ਅਤੇ ਕੁਦਰਤ ਦੇ ਹਰ ਨਜ਼ਾਰੇ ਵਿੱਚ ਵਸਦਾ ਹੈ। ਅਸੀਂ ਜੀਵ ਅਤੇ ਚੀਜ਼ਾਂ ਆਉਂਦੇ-ਜਾਂਦੇ ਰਹਿੰਦੇ ਹਾਂ, ਰੱਬ ਆਪ ਹੀ ਸਾਡੀ ਹੋਂਦ ਕਾਇਮ ਕਰਦਾ ਹੈ ਅਤੇ ਆਪ ਹੀ ਸਾਡੀ ਹੋਂਦ ਖ਼ਤਮ ਕਰਦਾ ਰਹਿੰਦਾ ਹੈ। ਰੱਬ ਆਪ ਨਾ ਕਦੀ ਜੰਮਦਾ ਹੈ ਅਤੇ ਨਾ ਹੀ ਕਦੀ ਮਰਦਾ ਹੈ। ਅਸੀਂ ਸਾਰੇ ਜੀਵ ਅਤੇ ਕੁਦਰਤ ਦੀ ਹਰ ਸ਼ੈਅ ਸ਼ਕਲਾਂ ਬਦਲਦੀ ਰਹਿੰਦੀ ਹੈ। ਇਹ ਆਖਿਆ ਗਿਆ ਹੈ ਕਿ ਆਤਮਾ ਅਮਰ ਹੈ, ਉਹ ਰੱਬ ਦਾ ਹਿੱਸਾ ਹੋਣ ਕਾਰਨ ਮਰਦੀ ਨਹੀਂ, ਸਰੀਰ ਬਦਲਦੀ ਰਹਿੰਦੀ ਹੈ। ਅਸੀਂ ਵੀ ਬਸ ਇਹੀ ਵਿਸ਼ਵਾਸ ਕਰਨਾ ਹੈ ਕਿ ਅਸੀਂ ਰੱਬ ਦਾ ਹਿੱਸਾ ਹਾਂ ਅਤੇ ਜੈਸਾ-ਜੈਸਾ ਜੀਵਨ ਰੱਬ ਦਿੰਦਾ ਹੈ, ਅਸੀਂ ਵੈਸਾ-ਵੈਸਾ ਜੀਵਨ ਜਿਉ ਕੇ ਆਉਂਦੇ-ਜਾਂਦੇ ਰਹਿੰਦੇ ਹਾਂ। ਅਸੀਂ ਅੰਦਾਜ਼ਾ ਨਹੀਂ ਲਗਾ ਸਕਦੇ ਇਉਂ ਜੰਮਣ, ਜਿਊਣ ਅਤੇ ਮਰਨ ਦਾ ਸਿਲਸਿਲਾ ਕਦੋਂ ਜਾਰੀ ਹੋਇਆ ਸੀ ? ਜਿਵੇਂ ਅਸੀਂ ਰੱਬ ਬਾਰੇ ਕਿਆਸ-ਅਰਾਈਆਂ ਹੀ ਕਰ ਸਕਦੇ ਹਾਂ, ਰੱਬ ਬਾਰੇ ਸਾਰਾ ਕੁਝ ਦੱਸਣ ਦੇ ਅਸੀਂ ਕਾਬਲ ਨਹੀਂ ਹਾਂ, ਇਸੇ ਤਰ੍ਹਾਂ ਅਸੀਂ ਨਹੀਂ ਦੱਸ ਸਕਦੇ ਕਿ ਰੱਬ ਨੇ ਇਸ ਬ੍ਰਹਿਮੰਡ ਦੀ, ਚੰਨ, ਤਾਰਿਆਂ, ਸੂਰਜਾਂ, ਧਰਤੀਆਂ, ਕੁਦਰਤ, ਇਨਸਾਨ ਅਤੇ ਹੋਰ ਜੀਵਾਂ ਦੀ ਰਚਨਾ ਕਦੋਂ ਕੀਤੀ ਹੈ ਅਤੇ ਨਾ ਹੀ ਅਸੀਂ ਦੱਸ ਸਕਦੇ ਹਾਂ ਕਿ ਇਸ ਸਾਰੇ ਕਾਸੇ ਦੀ ਰਚਨਾ ਕਾਇਮ ਕਰਨ ਦਾ ਆਖ਼ਰ ਉਦੇਸ਼ ਕੀ ਸੀ ? ਅੱਜ ਤੱਕ ਲੋਕਾਂ ਨੇ ਇਨ੍ਹਾਂ ਸਾਰੀਆਂ ਗੱਲਾਂ ਬਾਰੇ ਜੋ ਵੀ ਕਿਆਸ ਅਰਾਈਆਂ ਕੀਤੀਆਂ ਹਨ ਝੂਠੀਆਂ ਹਨ, ਅਧੂਰੀਆਂ ਹਨ। ਅਸੀਂ ਬੇਸ਼ੱਕ ਰੱਬ ਦਾ ਹਿੱਸਾ ਹਾਂ ਪਰ ਰੱਬ ਤੱਕ ਪੁੱਜਣ ਵਿੱਚ ਅਜੇ ਅਸੀਂ ਬਹੁਤ ਪਿੱਛੇ ਹਾਂ।

## ਮਾਸ ਨੂੰ ਨਫ਼ਰਤ ਨਾ ਕਰੋ

ਅਸੀਂ ਸਾਰੇ ਮਾਸ ਹਾਂ, ਅਸੀਂ ਸਾਰੇ ਮਾਸ ਤੋਂ ਪੈਦਾ ਹੋਏ ਹਾਂ, ਮਾਸ ਰਾਹੀਂ ਵੱਡੇ ਹੋਏ ਹਾਂ ਅਤੇ ਮਾਸ ਵੱਲ ਹੀ ਸਾਡੀ ਖਿੱਚ ਕਾਇਮ ਰਹਿੰਦੀ ਹੈ। ਜਦੋਂ ਤੱਕ ਇਹ ਮਾਸ ਜਿਊਂਦਾ ਰਹਿੰਦਾ ਹੈ, ਅਸੀਂ ਇਸ ਨਾਲ ਸਰੋਕਾਰ ਰੱਖਦੇ ਹਾਂ। ਜਦੋਂ ਮਾਸ ਵਿੱਚੋਂ ਆਤਮਾ ਨਿਕਲ ਜਾਂਦੀ ਹੈ ਤਾਂ ਇਹ ਮਾਸ ਜਾਨਹੀਣ ਹੋ ਜਾਂਦਾ ਹੈ। ਜਾਨਹੀਨ ਮਾਸ ਨੂੰ ਅਸੀਂ ਮੁਰਦਾ ਆਖ ਦਿੰਦੇ ਹਾਂ ਅਤੇ ਜ਼ਿਆਦਾ ਦੇਰ ਘਰ ਨਹੀਂ ਰੱਖਦੇ। ਮਾਸ ਨੂੰ ਨਫ਼ਰਤ ਨਹੀਂ ਕਰਨੀ ਚਾਹੀਦੀ। ਦੁਨੀਆਂ ਭਰ ਦੇ ਸਾਰੇ ਜੀਵ ਮਾਸ ਦੇ ਬਣੇ ਹੋਏ ਹਨ। ਮਾਸ ਨੂੰ ਪਿਆਰ ਕਰਨਾ ਹੋਰ ਗੱਲ ਹੈ, ਮਾਸ ਨੂੰ ਨਫ਼ਰਤ ਕਰਨਾ ਹੋਰ ਗੱਲ ਹੈ। ਜਦੋਂ ਅਸੀਂ ਕਿਸੇ ਜੀਵ ਦੀ ਹੱਤਿਆ ਕਰਦੇ ਹਾਂ ਅਤੇ ਹੱਤਿਆ ਕਰਨ ਦਾ ਸਾਡਾ ਇੱਕੋ-ਇੱਕ ਉਦੇਸ਼ ਹੁੰਦਾ ਹੈ ਕਿ ਅਸੀਂ ਉਸ ਦਾ ਮਾਸ ਖਾਣਾ ਹੈ ਤਾਂ ਐਸਾ ਕਰਨਾ ਸਹੀ ਨਹੀਂ ਹੈ। ਹਰੇਕ ਜੀਵ ਨੂੰ ਜ਼ਿੰਦਗੀ ਦੇਣ ਵਾਲਾ ਰੱਬ ਆਪ ਹੈ, ਉਹੀ ਜ਼ਿੰਦਗੀ ਵਾਪਸ ਲੈਣ ਦਾ ਅਧਿਕਾਰੀ ਹੈ, ਅਸੀਂ ਕਿਸੇ ਦੀ ਜ਼ਿੰਦਗੀ ਖ਼ਤਮ ਕਰਨ ਵਾਲੇ ਕੋਈ ਨਹੀਂ ਹਾਂ। ਸਾਨੂੰ ਕਿਸੇ ਦੀ ਜ਼ਿੰਦਗੀ ਖ਼ਤਮ ਕਰਨ ਤੋਂ

ਗੁਰੇਜ਼ ਕਰਨਾ ਚਾਹੀਦਾ ਹੈ। ਅਸੀਂ ਜਦੋਂ ਕਿਸੇ ਜੀਵ ਦੀ ਹੱਤਿਆ ਕਰਦੇ ਹਾਂ ਤਾਂ ਅਸੀਂ ਕਤਲ ਕਰ ਬੈਠੇ ਹਾਂ, ਰੱਬ ਕਾਤਲਾਂ ਨੂੰ ਬਖ਼ਸ਼ਦਾ ਨਹੀਂ ਹੈ। ਬਸ ਸਾਡੇ ਲਈ ਲਾਜ਼ਮੀ ਹੈ ਕਿ ਅਸੀਂ ਹਰ ਕਤਲ ਕਰਨ ਤੋਂ ਪਹਿਲਾਂ ਇਹ ਜ਼ਰੂਰ ਸੋਚ ਲਈਏ ਕਿ ਇਸ ਕਤਲ ਦੀ ਸਜ਼ਾ ਜ਼ਰੂਰ ਮਿਲਣੀ ਹੈ, ਰੱਬ ਨੇ ਮਾਫ਼ ਨਹੀਂ ਕਰਨਾ, ਬਸ ਇਤਨਾ ਹੀ ਕਾਫ਼ੀ ਹੈ।

## ਅਸੀਂ ਰੱਬ ਪਾਸ ਅਰਦਾਸਾਂ ਕਰਨੀਆਂ ਹਨ

ਅਸੀਂ ਅਗਰ ਰੱਬ ਪਾਸ ਅਰਦਾਸਾਂ ਕਰਦੇ ਹਾਂ ਤਾਂ ਰੱਬ ਪਾਸ ਬੇਨਤੀ ਕਰਨੀ ਹੈ ਕਿ ਹੇ ਰੱਬਾ! ਸਾਨੂੰ ਸ਼ਕਤੀ ਦੇ ਕਿ ਅਸੀਂ ਹਰੇਕ ਆਦਮੀ ਨੂੰ ਆਪਣਾ ਸਮਝੀਏ, ਉਸ ਨਾਲ ਠੱਗੀ ਨਾ ਮਾਰੀਏ, ਉਸ ਦੀ ਚੋਰੀ ਨਾ ਕਰੀਏ, ਉਸ ਨਾਲ ਪਿਆਰ ਪਾਈਏ, ਉਸ ਨੂੰ ਨਫ਼ਰਤ ਨਾ ਕਰੀਏ, ਉਸ ਨੂੰ ਆਪਣਾ ਮਿੱਤਰ ਯਾਰ ਸਮਝੀਏ, ਉਸ ਦੀ ਮੱਦਦ ਕਰੀਏ, ਉਸ ਦੀ ਮੱਦਦ ਲਈਏ, ਉਸ ਨੂੰ ਦੁਸ਼ਮਣ ਨਾ ਬਣਾਈਏ, ਉਸ ਨੂੰ ਆਪਣਾ ਸਮਝ ਕੇ ਪਰਾਇਆਪਣ ਖ਼ਤਮ ਕਰ ਦੇਈਏ, ਉਹ ਸਾਡੇ ਪਾਸੋਂ ਡਰੇ ਨਾ। ਸਾਨੂੰ ਪਿਆਰ ਦੀਆਂ ਨਜ਼ਰਾਂ ਨਾਲ ਦੇਖੇ। ਸਾਨੂੰ ਓਪਰਾ ਨਾ ਸਮਝੇ। ਸਾਨੂੰ ਰੱਬ ਸਬਰ ਸੰਤੋਖ ਦੇਵੇ, ਰੱਬ ਦਾ ਭਾਣਾ ਸਵੀਕਾਰ ਕਰਨ ਦਾ ਬਲ ਮਿਲੇ, ਸਾਨੂੰ ਆਪਣੇ ਉਦੇਸ਼ ਦੀ ਪਛਾਣ ਹੋ ਜਾਵੇ। ਅਸੀਂ ਮਿਹਨਤ ਕਰਕੇ ਆਪਣਾ ਉਦੇਸ਼ ਪ੍ਰਾਪਤ ਕਰ ਸਕੀਏ। ਅਗਰ ਅਸੀਂ ਐਸੀਆਂ ਅਰਦਾਸਾਂ ਕਰਦੇ ਹਾਂ ਤਾਂ ਰੱਬ ਸਾਡੀਆਂ ਅਰਦਾਸਾਂ ਸੁਣਦਾ ਵੀ ਹੈ ਅਤੇ ਪੂਰੀਆਂ ਵੀ ਕਰਦਾ ਹੈ। ਕਿਧਰੇ ਸਾਡੇ ਅੰਦਰ ਕੋਈ ਕਮੀ ਹੈ, ਉਹ ਅਰਦਾਸਾਂ ਪੂਰੀਆਂ ਨਾ ਹੋਣ ਤਾਂ ਅਸੀਂ ਨਿਰਾਸ਼ ਨਹੀਂ ਹੋਣਾ ਬਲਕਿ ਐਸਾ ਸੋਚਣਾ ਹੈ ਕਿ ਇਨ੍ਹਾਂ ਪ੍ਰਾਪਤੀਆਂ ਲਈ ਅਸੀਂ ਅਜੇ ਕਾਬਲ ਹੀ ਨਹੀਂ ਹੋਏ ਹਾਂ। ਜਦੋਂ ਕਾਬਲ ਹੋ ਜਾਵਾਂਗੇ, ਸਾਡੀਆਂ ਅਰਦਾਸਾਂ ਵੀ ਪੂਰੀਆਂ ਹੋ ਜਾਣਗੀਆਂ। ਜੋ ਵੀ ਆਦਮੀ ਐਸੀ ਸੋਚਣੀ ਅਪਣਾ ਲੈਂਦਾ ਹੈ ਉਹ ਕਦੀ ਨਿਰਾਸ਼ ਨਹੀਂ ਹੁੰਦਾ।

## ਪਹਿਲਾਂ ਰਾਜਾ ਬਣਨ ਯੋਗ ਬਣੋ

ਅੱਜ ਤੱਕ ਜਿਤਨੇ ਵੀ ਰਾਜੇ ਹੋਏ ਹਨ, ਬਹੁਤ ਹੀ ਘੱਟ ਐਸੇ ਸਨ ਜੋ ਰਾਜਾ ਬਣਨ ਦੇ ਯੋਗ ਸਨ। ਸਭ ਲੋਕੀਂ ਜ਼ਬਰ-ਜ਼ੋਰ ਨਾਲ ਜਾਂ ਖ਼ਾਨਦਾਨੀ ਵਿਰਸੇ ਕਾਰਨ ਰਾਜੇ ਬਣਦੇ ਰਹੇ ਹਨ। ਬਹੁਤ ਘੱਟ ਯੋਗ ਰਾਜੇ ਹੋਏ ਹਨ ਅਤੇ ਬਹੁਤ ਹੀ ਘੱਟ ਰਾਜਿਆਂ ਦਾ ਨਾਮ ਇਤਿਹਾਸ ਵਿੱਚ ਸਤਿਕਾਰ ਵਜੋਂ ਦਰਜ ਹੈ। ਇਹ ਅਯੋਗ ਰਾਜਿਆਂ ਦਾ ਸਿਲਸਿਲਾ ਹਮੇਸ਼ਾਂ ਤੋਂ ਕਾਇਮ ਚਲਿਆ ਆ ਰਿਹਾ ਹੈ। ਇਹੀ ਕਾਰਨ ਹੈ ਕਿ ਮਨੁੱਖ ਉਹ ਸਿਖ਼ਰਾਂ ਨਹੀਂ ਛੂਹ ਸਕਿਆ ਜਿਸ ਦੀ ਕਾਬਲੀਅਤ ਉਹ ਰੱਖਦਾ ਸੀ। ਇਹ ਰਾਜੇ ਆਪਣਾ ਰਾਜ ਕਾਇਮ ਕਰਨ ਲਈ ਵੀ ਜ਼ੋਰ-ਜ਼ਬਰ ਕਰਦੇ ਰਹੇ ਹਨ ਅਤੇ ਆਪਣਾ ਰਾਜ ਕਾਇਮ ਰੱਖਣ ਲਈ ਜ਼ੁਲਮਾਂ ਦਾ ਸਿਲਸਿਲਾ ਜਾਰੀ ਰਿਹਾ ਹੈ। ਦੁਨੀਆਂ ਦਾ ਇਤਿਹਾਸ ਮਨੁੱਖ ਦੇ ਲਹੂ ਨਾਲ ਲਿਖਿਆ ਗਿਆ ਹੈ। ਕੋਈ ਸਮਾਂ ਐਸਾ ਨਹੀਂ ਆਇਆ ਜਦੋਂ ਰਾਜ ਡਿਗਦੇ ਨਾ ਰਹੇ ਹੋਣ, ਰਾਜ ਕ਼ਾਇਮ ਨਾ ਹੁੰਦੇ ਰਹੇ ਹੋਣ ਅਤੇ ਲੜਾਈਆਂ ਲੱਗੀਆਂ ਨਾ ਰਹੀਆਂ ਹੋਣ। ਮਨੁੱਖੀ ਲਹੂ ਡੁੱਲਦਾ ਰਿਹਾ ਹੈ ਅਤੇ ਜਨਤਾ ਹਮੇਸ਼ਾਂ ਡਰ ਅਤੇ ਸਹਿਮ ਵਿੱਚ ਰਹਿੰਦੀ ਹੈ, ਜਨਤਾ ਨੂੰ ਕਦੀ ਸੁੱਖੀ ਨਹੀਂ ਹੋਣ ਦਿੱਤਾ ਗਿਆ। ਡਰ ਦੀ ਭਾਵਨਾ ਕਾਰਨ ਲੋਕੀਂ ਆਪਣੇ ਗੁਣਾਂ ਦੀ ਵਰਤੋਂ ਨਹੀਂ ਸਨ ਕਰ ਸਕਦੇ। ਅਸੀਂ ਅਗਰ ਆਖੀਏ ਕਿ ਹਰ ਰਾਜ ਵਿੱਚ ਆਮ ਆਦਮੀ ਗ਼ੁਲਾਮਾਂ ਵਰਗਾ ਜੀਵਨ ਬਸਰ ਕਰਦਾ ਰਿਹਾ ਹੈ ਤਾਂ ਐਸਾ ਆਖਣਾ ਗ਼ਲਤ ਨਹੀਂ ਹੈ। ਗ਼ੁਲਾਮ ਲੋਕੀਂ ਕਦੀ ਤਰੱਕੀ ਨਹੀਂ ਕਰ ਸਕਦੇ, ਇਸੇ ਕਰਕੇ

ਮਨੁੱਖ ਦੀਆਂ ਪ੍ਰਾਪਤੀਆਂ ਪਛੜ ਗਈਆਂ ਹਨ, ਵਰਨਾ ਰੱਬ ਨੇ ਇਸ ਕੁਦਰਤ ਵਿੱਚ ਉਹ ਹਰ ਨਿਆਮਤ ਬਖੇਰ ਰੱਖੀ ਹੈ ਜੋ ਲੋਕਾਂ ਨੂੰ ਖ਼ੁਸ਼ਹਾਲ ਬਣਾ ਸਕਦੀ ਸੀ। ਰਾਜ ਦੇ ਦਬਾਓ ਤਲੇ ਆ ਕੇ ਲੋਕੀਂ ਬਸ ਜੰਮਦੇ ਰਹੇ ਹਨ ਅਤੇ ਮਰਦੇ ਰਹੇ ਹਨ। ਅੱਜ ਤੱਕ ਲੋਕਾਂ ਨੂੰ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਨ ਦਾ ਮੌਕਾ ਨਹੀਂ ਦਿੱਤਾ ਜਾਂਦਾ। ਵਕਤ ਦੀਆਂ ਸਰਕਾਰਾਂ ਇਹ ਸਮਝਦੀਆਂ ਹਨ ਕਿ ਜਦੋਂ ਵੀ ਮੌਕਾ ਦਿੱਤਾ ਗਿਆ ਇਹ ਆਮ ਆਦਮੀ ਸਰਕਾਰਾਂ ਦੀ ਪਕੜ ਤੋਂ ਬਾਹਰ ਹੋ ਜਾਵੇਗਾ ਅਤੇ ਕੋਈ ਵੀ ਸਰਕਾਰ ਐਸੀਆਂ ਖੁੱਲ੍ਹਾਂ ਦੇਣ ਲਈ ਤਿਆਰ ਨਹੀਂ ਹੈ, ਬਾਕੀ ਰਹੀ ਯੋਗਤਾ ਦੀ ਗੱਲ, ਸਮਿਆਂ ਬਾਅਦ ਨਸੀਬ ਨਾਲ ਕਦੀ ਯੋਗ ਬਾਦਸ਼ਾਹ ਮਿਲਦਾ ਹੈ ਨਹੀਂ ਤਾਂ ਅਸੀਂ ਘੋਖ ਕਰਕੇ ਵੇਖ ਹੀ ਲਿਆ ਹੈ ਕਿ ਕੌਣ ਲੋਕੀਂ ਰਾਜੇ ਬਣਦੇ ਰਹੇ ਹਨ ?

## ਅਗਿਆਨਤਾ ਅੰਧਕਾਰ ਹੈ

ਰੱਬ ਨੇ ਸਾਨੂੰ ਦਿਮਾਗ਼ ਦਿੱਤਾ ਹੈ, ਸੋਚ ਸ਼ਕਤੀ ਦਿੱਤੀ ਹੈ, ਚੰਗੇ ਅਤੇ ਮੰਦੇ ਦੀ ਅਸੀਂ ਪਛਾਣ ਕਰ ਸਕਦੇ ਹਾਂ, ਅਸੀਂ ਜੋ ਕੁਝ ਜਾਣਦੇ ਹਾਂ ਬਹੁਤ ਹੀ ਘੱਟ ਹੈ। ਗਿਆਨ ਦਾ ਸਾਗਰ ਬਹੁਤ ਹੀ ਵਿਸ਼ਾਲ ਹੈ, ਬਹੁਤ ਹੀ ਡੂੰਘਾ ਹੈ। ਇਹ ਮਨੁੱਖ ਜਨਮ-ਜਨਮਾਂਤਰਾਂ ਤੋਂ ਗਿਆਨ ਦੀ ਖੋਜ ਵਿੱਚ ਲੱਗਿਆ ਹੋਇਆ ਹੈ ਪਰ ਹਾਲਾਂ ਵੀ ਅਧੂਰਾ ਹੈ। ਇਸੇ ਕਰਕੇ ਅਸੀਂ ਸਾਰਿਆਂ ਨੇ ਖੋਜ ਜਾਰੀ ਰੱਖਣੀ ਹੈ। ਅਸੀਂ ਵੀ ਆਪਣੇ ਹਿੱਸੇ ਦਾ ਯੋਗਦਾਨ ਪਾਉਣਾ ਹੈ। ਅਸੀਂ ਐਵੇਂ ਹੀ ਨਹੀਂ ਆਏ ਹਾਂ, ਸਾਡਾ ਵੀ ਕੋਈ ਮਕਸਦ ਹੈ, ਬੇਸ਼ੱਕ ਸਾਡੇ ਵਸੀਲੇ ਘੱਟ ਹਨ ਪਰ ਇਸ ਦੁਨੀਆਂ ਦੇ ਲੋਕੀਂ ਆਪਣਾ ਗਿਆਨ ਸਾਂਝਾ ਕਰਨ ਉੱਤੇ ਲੱਗੇ ਹੋਏ ਹਨ। ਮੂਰਖ ਤੋਂ ਮੂਰਖ ਆਦਮੀ ਪਾਸ ਵੀ ਗਿਆਨ ਹੈ। ਅਸੀਂ ਹੋਰ ਕੁਝ ਨਹੀਂ ਕਰ ਸਕਦੇ ਤਾਂ ਮੂਰਖ ਆਦਮੀ ਪਾਸੋਂ ਇਕ ਗੱਲ ਤਾਂ ਸਿੱਖ ਸਕਦੇ ਹਾਂ ਕਿ ਜੋ ਕੁਝ ਮੂਰਖ ਕਰਦਾ ਹੈ, ਉਹ ਅਸੀਂ ਨਾ ਕਰੀਏ। ਜੋ ਸਿਆਣੇ ਕਰਦੇ ਹਨ ਅਸੀਂ ਉਨ੍ਹਾਂ ਦੀ ਨਕਲ ਕਰ ਸਕਦੇ ਹਾਂ, ਬੰਦਿਆਂ ਤੋਂ ਅਸੀਂ ਸਿੱਖਦੇ ਹੀ ਹਾਂ, ਅਸੀਂ ਜਾਨਵਰਾਂ ਪਾਸੋਂ ਵੀ ਬਹੁਤ ਕੁਝ ਸਿੱਖ ਸਕਦੇ ਹਾਂ। ਕੁੱਤੇ ਵਰਗਾ ਦੁਰਕਾਰਿਆ ਜਾਨਵਰ ਵੀ ਵਫ਼ਾਦਾਰੀ ਦਾ ਪ੍ਰਤੀਕ ਹੈ। ਸੋ ਅਸੀਂ ਡੱਡੂ ਬਣ ਕੇ ਨਹੀਂ ਰਹਿਣਾ, ਗਿਆਨ ਪ੍ਰਾਪਤੀ ਦੇ ਸਾਧਨ ਜੁਟਾਈ ਰੱਖਣੇ ਹਨ। ਇਹ ਦੁਨੀਆਂ ਗਿਆਨ ਦਾ ਭੰਡਾਰ ਹੈ। ਬਹੁਤ ਕੁਝ ਲੋਕੀਂ ਆਖ ਗਏ ਹਨ, ਬਹੁਤ ਕੁਝ ਲੋਕਾਂ ਨੇ ਜ਼ਬਾਨੀ ਯਾਦ ਕੀਤਾ ਹੋਇਆ ਹੈ, ਬਹੁਤ ਕੁਝ ਪੁਸਤਕਾਂ ਵਿੱਚ ਲਿਖਿਆ ਪਿਆ ਹੈ, ਬਹੁਤ ਕੁਝ ਅਸੀਂ ਆਪਣੇ ਨਾਲ ਵਾਪਰਦੀਆਂ ਘਟਨਾਵਾਂ ਤੋਂ ਸਿੱਖ ਸਕਦੇ ਹਾਂ, ਬਹੁਤ ਕੁਝ ਸਾਡੇ ਮਾਤਾ-ਪਿਤਾ ਸਿਖਾ ਗਏ ਹਨ। ਗਿਆਨ ਪ੍ਰਾਪਤੀ ਦਾ ਹਰ ਸਾਧਨ ਵਰਤਣਾ ਚਾਹੀਦਾ ਹੈ। ਗਿਆਨ ਹੀ ਹੈ ਜੋ ਇਸ ਦੁਨੀਆਂ ਬਾਰੇ ਅਤੇ ਰੱਬ ਬਾਰੇ ਸਾਡੀ ਜਾਣਕਾਰੀ ਦਾ ਘੇਰਾ ਚੌੜਾ ਕਰਦਾ ਹੈ। ਅਗਿਆਨੀ ਆਦਮੀ ਤਾਂ ਅੰਧਕਾਰ ਵਿੱਚ ਰਹਿੰਦਾ ਹੈ, ਜਿਸ ਨੇ ਲਗਾਈ ਗੱਲੀਂ ਉਸੇ ਨਾਲ ਤੁਰ ਚੱਲੀ ਵਾਲੀ ਗੱਲ ਹੁੰਦੀ ਹੈ। ਲੋਕੀਂ ਉਸ ਦਾ ਮਜ਼ਾਕ ਉਡਾਉਂਦੇ ਹਨ, ਉਸ ਦਾ ਸ਼ੋਸ਼ਣ ਕਰਦੇ ਹਨ, ਉਸ ਨਾਲ ਨਫ਼ਰਤ ਕਰਦੇ ਹਨ ਅਤੇ ਅਗਿਆਨੀ ਆਦਮੀ ਨੂੰ ਕੋਈ ਮੂੰਹ ਲਗਾ ਕੇ ਰਾਜ਼ੀ ਨਹੀਂ। ਇਉਂ ਅਗਿਆਨੀ ਆਦਮੀ ਅਲੱਗ-ਥਲੱਗ ਹੋ ਕੇ ਰਹਿ ਜਾਂਦਾ ਹੈ। ਆਪਣੇ ਆਲੇ-ਦੁਆਲੇ ਦੇ ਵਾਤਾਵਰਣ ਵਿੱਚ ਵੀ ਉਸ ਦੀ ਹੋਂਦ ਖ਼ਤਮ ਹੋ ਜਾਂਦੀ ਹੈ। ਅਸੀਂ ਅਗਰ ਇਸ ਦੁਨੀਆਂ ਵਿੱਚ ਆ ਹੀ ਗਏ ਹਾਂ ਤਾਂ ਅਸੀਂ ਅਗਿਆਨ ਦੇ ਅੰਧਕਾਰ ਵਿੱਚ ਕਿਉਂ ਵਿਚਰ ਰਹੇ ਹਾਂ। ਅਸੀਂ ਇਸ ਅੰਧਕਾਰ 'ਚੋਂ ਬਾਹਰ ਨਿਕਲਣਾ ਹੈ।

## ਲੋਭੀ ਆਦਮੀ ਮੂਰਖ ਹੁੰਦਾ ਹੈ

ਮਨੁੱਖ ਦੀਆਂ ਜ਼ਰੂਰਤਾਂ ਜ਼ਰੂਰ ਹਨ ਅਤੇ ਅਸੀਂ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਯਤਨ ਵੀ ਕਰਨਾ ਹੈ, ਅਸੀਂ ਸਵੈ-ਨਿਰਭਰ ਹੋਣਾ ਹੈ। ਰੱਬ ਕਰੇ ਸਾਨੂੰ ਕਿਸੇ ਦੇ ਦੁਆਰ 'ਤੇ ਜਾ ਕੇ ਮੰਗਣਾ ਨਾ ਪਵੇ, ਅਸੀਂ ਸਵੈ-ਨਿਰਭਰ ਹੋਣਾ ਹੈ ਕਿਉਂਕਿ ਮੰਗਣ ਗਿਆ ਸੋ ਮਰ ਗਿਆ ਪਰ ਇਸ ਦੇ ਇਹ ਅਰਥ ਨਹੀਂ ਹਨ ਕਿ ਅਸੀਂ ਲੋਭੀ ਹੋ ਜਾਈਏ ਅਤੇ ਸਾਡੀ ਭੁੱਖ ਕਦੀ ਮਿਟੇ ਹੀ ਨਾ। ਹਰ ਆਦਮੀ ਆਪਣੀਆਂ ਜ਼ਰੂਰਤਾਂ ਦਾ ਪ੍ਰਬੰਧ ਕਰਨ ਦੇ ਯੋਗ ਹੈ, ਰੱਬ ਨੇ ਹਰੇਕ ਆਦਮੀ ਨੂੰ ਇਤਨੀ ਕੁ ਸ਼ਕਤੀ ਦੇ ਰੱਖੀ ਹੈ। ਮੁਸ਼ਕਲ ਉਨ੍ਹਾਂ ਲੋਕਾਂ ਨੇ ਆ ਖੜ੍ਹੀ ਕੀਤੀ ਹੈ ਜੋ ਲੋਭੀ ਹੋ ਗਏ ਹਨ ਅਤੇ ਆਪਣੀਆਂ ਜ਼ਰੂਰਤਾਂ ਤੋਂ ਜ਼ਿਆਦਾ ਮਾਲ ਇਕੱਠਾ ਕਰਨ ਵਿੱਚ ਲੱਗੇ ਹੋਏ ਹਨ। ਐਸੇ ਲੋਭੀ ਲੋਕੀਂ ਆਪ ਵੀ ਦੁੱਖੀ ਹਨ ਅਤੇ ਦੂਜਿਆਂ ਲਈ ਵੀ ਮੁਸੀਬਤਾਂ ਸਹੇੜੀ ਬੈਠੇ ਹਨ। ਜੋ ਆਦਮੀ ਲੋਭੀ ਹੈ, ਉਹ ਆਦਮੀ ਲੋਕਾਂ ਦੇ ਹਿੱਸੇ ਉੱਤੇ ਛਾਪਾ ਮਾਰਨ ਲਈ ਮਜਬੂਰ ਹੈ। ਇਸ ਦੁਨੀਆਂ ਵਿੱਚ ਰੱਬ ਨੇ ਇਤਨੀਆਂ ਨਿਆਮਤਾਂ ਬਖੇਰ ਰੱਖੀਆਂ ਹਨ ਕਿ ਹਰ ਕੋਈ ਮਜ਼ੇ ਨਾਲ ਜੀਵਨ ਬਸਰ ਕਰ ਸਕਦਾ ਹੈ। ਇਨ੍ਹਾਂ ਲੋਭੀ ਆਦਮੀਆਂ ਨੇ ਦੂਜਿਆਂ ਦਾ ਹਿੱਸਾ ਵੀ ਹੜਪ ਕਰਨ ਦਾ ਸਿਲਸਿਲਾ ਜਾਰੀ ਕਰ ਰੱਖਿਆ ਹੈ। ਇਹ ਵਾਧੂ ਦਾ ਹਿੱਸਾ ਸੰਭਾਲਣਾ ਵੀ ਮੁਸ਼ਕਿਲ ਹੋ ਜਾਂਦਾ ਹੈ ਕਿਉਂਕਿ ਇਹ ਹਿੱਸਾ ਲੋਕਾਂ ਦਾ ਹੈ ਅਤੇ ਲੋਕ ਇਸ ਉੱਤੇ ਨਜ਼ਰ ਰੱਖੀ ਬੈਠੇ ਹਨ। ਇਹ ਆਪਣਾ ਹਿੱਸਾ ਖੋਹ ਵੀ ਸਕਦੇ ਹਨ ਅਤੇ ਹਰ ਵਕਤ ਆਪਣਾ ਹਿੱਸਾ ਖੋਹਣ ਦੀ ਤਾਕ ਵਿੱਚ ਵੀ ਲੱਗੇ ਰਹਿੰਦੇ ਹਨ। ਸੋ ਲੋਭੀ ਆਦਮੀ ਇਨ੍ਹਾਂ ਲੋਕਾਂ ਤੋਂ ਹੀ ਡਰਦਾ ਰਹਿੰਦਾ ਹੈ। ਡਰ ਵਾਲੇ ਬੰਦੇ ਦਾ ਜੀਵਨ ਕਾਹਦਾ, ਜੀਵਨ ਹੁੰਦਾ ਹੈ ਬੇਫ਼ਿਕਰੇ ਲੋਕਾਂ ਦਾ। ਲੋਭੀ ਆਦਮੀ ਤਾਂ ਉਨ੍ਹਾਂ ਲੋਕਾਂ ਤੋਂ ਬਦਤਰ ਜ਼ਿੰਦਗੀ ਬਸਰ ਕਰ ਰਿਹਾ ਹੁੰਦਾ ਹੈ ਜਿਨ੍ਹਾਂ ਦਾ ਹਿੱਸਾ ਹੜਪ ਕਰਕੇ ਉਹ ਅਮੀਰ ਬਣਿਆ ਫਿਰਦਾ ਹੈ। ਲੋਕਾਂ ਦਾ ਹਿੱਸਾ ਮਾਰਨ ਵਾਲਾ ਬੰਦਾ ਡਰ ਦੀ ਜ਼ਿੰਦਗੀ ਬਸਰ ਕਰਦਾ ਹੈ ਅਤੇ ਇਸ ਕਰਕੇ ਕਈ ਕਿਸਮ ਦੀਆਂ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਕੇ ਰਹਿ ਜਾਂਦਾ ਹੈ। ਸੋ ਅਸੀਂ ਲੋਭ ਨਹੀਂ ਕਰਨਾ, ਲੋਭ ਵਧੀਆ ਜੀਵਨ ਦਾ ਰਸਤਾ ਨਹੀਂ ਹੈ।

## ਸਦੀਵੀ ਸੁੱਖਾਂ ਦੀ ਪ੍ਰਾਪਤੀ

ਸੁੱਖ ਪ੍ਰਾਪਤ ਕਰਨਾ ਸਾਡੀ ਇੱਛਾ ਵੀ ਹੈ ਅਤੇ ਸਾਡਾ ਅਧਿਕਾਰ ਵੀ ਹੈ। ਅਸੀਂ ਵੀ ਰੱਬ ਦੇ ਪੁੱਤਰ ਹਾਂ, ਅਸੀਂ ਰੱਬ ਲਈ ਓਪਰੇ ਜਾਂ ਮਤਰੇਏ ਨਹੀਂ ਹਾਂ, ਅਸੀਂ ਸੁੱਖ ਪ੍ਰਾਪਤ ਕਰਨ ਲਈ ਯਤਨ ਕਰ ਸਕਦੇ ਹਾਂ ਪਰ ਆਦਮੀ ਸੁੱਖੀ ਹੋ ਕੇ ਜੀਵਨ ਬਸਰ ਕੁਰ ਸਕਦਾ ਹੈ। ਅਸੀਂ ਸਵੈ-ਨਿਰਭਰ ਹੋਣਾ ਹੈ। ਅਸੀਂ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਆਪ ਯਤਨ ਕਰਨਾ ਹੈ, ਰਾਤੋ-ਰਾਤ ਬੰਦਾ ਹੋਰ ਦਾ ਹੋਰ ਨਹੀਂ ਹੋ ਸਕਦਾ। ਅਸੀਂ ਹੌਲੀ-ਹੌਲੀ ਚੱਲ ਕੇ ਵੀ ਆਪਣੀ ਮੰਜ਼ਿਲ ਤੱਕ ਪੁੱਜ ਸਕਦੇ ਹਾਂ, ਅਸੀਂ ਆਪਣੀਆਂ ਘੱਟੋ-ਘੱਟ ਲੋੜਾਂ ਮਿੱਥਣੀਆਂ ਹਨ, ਅਸੀਂ ਉਹ ਲੋੜਾਂ ਪੂਰੀਆਂ ਕਰਨ ਦੇ ਕਾਬਲ ਹਾਂ। ਸਾਡੇ ਪਾਸ ਇਕ ਘਰ ਹੋਵੇ, ਇਕ ਪਰਿਵਾਰ ਹੋਵੇ, ਰਸੋਈ ਗਰਮ ਰੱਖਣ ਦਾ ਪ੍ਰਬੰਧ ਹੋਵੇ, ਬੱਚਿਆਂ ਦੀ ਪਰਵਰਸ਼ ਅਸੀਂ ਕਰ ਸਕਦੇ ਹੋਈਏ ਅਤੇ ਚਾਰ ਬੰਦਿਆਂ ਵਿੱਚ ਸਾਡੀ ਸ਼ੋਭਾ ਹੋਵੇ। ਇਹ ਬਹੁਤ ਹੀ ਸਧਾਰਨ ਗੱਲਾਂ ਹਨ ਅਤੇ ਇਨ੍ਹਾਂ ਦੀ ਪ੍ਰਾਪਤੀ ਲਈ ਯਤਨ ਕੀਤਾ ਜਾ ਸਕਦਾ ਹੈ। ਅਸੀਂ ਸਾਬਤ ਸਬੂਤ ਆਦਮੀ ਹਾਂ, ਇੱਥੇ ਤਕੜੇ ਲੋਕੀਂ ਖੋਹਾਂ ਕਰਨ ਉੱਤੇ ਲੱਗੇ ਹੋਏ ਹਨ। ਅਸੀਂ

ਇਨ੍ਹਾਂ ਪਾਸੋਂ ਸੁਚੇਤ ਹੋਣਾ ਹੈ, ਆਪਣੇ ਹਿੱਸੇ ਆਈ ਸ਼ੈਅ ਦੇ ਅਸੀਂ ਹੀ ਹੱਕਦਾਰ ਹਾਂ ਅਤੇ ਅਗਰ ਉਸ ਅਧਿਕਾਰ ਉੱਤੇ ਕੋਈ ਛਾਪਾ ਮਾਰਦਾ ਹੈ ਤਾਂ ਅਸੀਂ ਬਚਾਓ ਕਰਨ ਦਾ ਹੱਕ ਰੱਖਦੇ ਹਾਂ। ਲੁਟੇਰਿਆਂ ਅੱਗੇ ਹੱਥ ਜੋੜਕੇ ਖਲੋਣ ਦੀਆਂ ਗੱਲਾਂ ਗ਼ਲਤ ਹਨ, ਜੋ ਆਦਮੀ ਆਪਣੇ ਹੱਕਾਂ ਦੀ ਰਾਖੀ ਨਹੀਂ ਕਰ ਸਕਦਾ ਉਹ ਸੰਪੂਰਨ ਆਦਮੀ ਹੀ ਨਹੀਂ ਹੈ। ਉਹ ਅਧੂਰਾ ਆਦਮੀ ਹੈ, ਅਧੂਰਾ ਆਦਮੀ ਬਣਕੇ ਰਹਿਣਾ ਰੱਬ ਦੀ ਤੌਹੀਨ ਹੈ। ਅਸੀਂ ਰੱਬ ਦੇ ਬਣਾਏ ਹੋਏ ਹਾਂ, ਕਬਾੜੀ ਦਾ ਮਾਲ ਨਹੀਂ ਹਾਂ, ਅਸੀਂ ਆਪਣੇ ਜੋਗੇ ਆਪ ਬਣਨਾ ਹੈ ਅਤੇ ਸਿਰ ਉੱਚਾ ਕਰਕੇ ਸ਼ਾਨ ਨਾਲ ਜਿਊਣਾ ਹੈ। ਐਸਾ ਕਰਨਾ ਸ਼ਾਡਾ ਅਧਿਕਾਰ ਹੈ।

## ਜੋ ਆਦਮੀ ਰੱਬ ਦਾ ਹੁਕਮ ਨਹੀਂ ਮੰਨਦਾ

ਰੱਬ ਸਾਡੇ ਅੰਦਰ ਹਾਜ਼ਰ ਹੈ ਅਤੇ ਜ਼ਿੰਦਗੀ ਦੇ ਹਰ ਮੋੜ ਉੱਤੇ ਸਾਡੀ ਅਗਵਾਨੀ ਕਰਦਾ ਹੈ। ਅਸੀਂ ਉਸ ਦੀ ਅਗਵਾਈ ਸਵੀਕਾਰ ਕਰਨੀ ਹੈ, ਇਹ ਸਾਡੀ ਜ਼ਰੂਰਤ ਵੀ ਹੈ ਅਤੇ ਐਸਾ ਕਰਨਾ ਸਾਡਾ ਫ਼ਰਜ਼ ਵੀ ਬਣਦਾ ਹੈ। ਜੋ ਲੋਕੀਂ ਰੱਬ ਦਾ ਹੁਕਮ ਸਵੀਕਾਰ ਨਹੀਂ ਕਰਦੇ, ਉਹ ਆਦਮੀ ਮੂਰਖ ਬਣ ਜਾਂਦੇ ਹਨ। ਜੋ ਆਦਮੀ ਆਪਣੇ ਅੰਦਰੋਂ ਉੱਠੀ ਆਵਾਜ਼ ਨੂੰ ਸਵੀਕਾਰ ਕਰਦੇ ਹਨ ਉਹ ਆਦਮੀ ਸਿਆਣਿਆਂ ਵਿੱਚ ਆਪਣਾ ਨਾਮ ਲਿਖਵਾ ਲੈਂਦੇ ਹਨ। ਅਸੀਂ ਅਗਰ ਇਸ ਦੁਨੀਆਂ ਵਿੱਚ ਆ ਹੀ ਗਏ ਹਾਂ ਅਤੇ ਸਾਨੂੰ ਅਗਰ ਇਹ ਵੀ ਪਤਾ ਲੱਗ ਗਿਆ ਹੈ ਕਿ ਅਸੀਂ ਪਰਮ ਪਿਤਾ ਪ੍ਰਮਾਤਮਾ ਨੇ ਆਪ ਬਣਾ ਕੇ ਭੇਜੇ ਹਾਂ ਤਾਂ ਫਿਰ ਅਸੀਂ ਚੰਗੇ ਸਬੂਤ ਬਣ ਕੇ ਦਿਖਾਉਣਾ ਹੈ। ਪਰਮ ਪਿਤਾ ਪ੍ਰਮਾਤਮਾ ਦਾ ਹੁਕਮ ਸਵੀਕਾਰ ਕਰਨਾ ਹੈ, ਇਸ ਤੋਂ ਬਗ਼ੈਰ ਹੋਰ ਕੋਈ ਚਾਰਾ ਵੀ ਨਹੀਂ ਹੈ, ਬਾਕੀ ਇਸ ਦੁਨੀਆਂ ਦੇ ਲੋਕੀਂ ਸਵਾਰਥੀ ਹਨ। ਸਾਨੂੰ ਜੋ ਸਲਾਹਾਂ ਦੇ ਰਹੇ ਹਨ, ਉਸ ਪਿੱਛੇ ਉਨ੍ਹਾਂ ਦਾ ਆਪਣਾ ਸਵਾਰਥ ਵੀ ਲੁਕਿਆ ਪਿਆ ਹੈ। ਇਸ ਕਰਕੇ ਸਾਡੇ ਨਾਲ ਐਸੀਆਂ-ਐਸੀਆਂ ਚੋਪੜੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ ਕਿ ਭਲੇ ਅਤੇ ਬੁਰੇ ਵਿੱਚ ਫ਼ਰਕ ਲੱਭਣਾ ਸਾਡੇ ਲਈ ਮੁਸ਼ਕਲ ਹੋ ਜਾਂਦਾ ਹੈ ਪਰ ਇਸ ਦੇ ਉਲਟ ਅਗਰ ਅਸੀਂ ਆਪਣੇ ਧੁਰ ਅੰਦਰੋਂ ਉੱਠੀ ਆਵਾਜ਼ ਅਤੇ ਅਗਵਾਈ ਸਵੀਕਾਰ ਕਰਦੇ ਹਾਂ ਤਾਂ ਸਾਡੀ ਹਰ ਗੱਲ ਗਿਆਨ ਭਰੀ ਹੋ ਜਾਂਦੀ ਹੈ। ਅਸੀਂ ਮੂਰਖਾਂ ਵਰਗੀਆਂ ਹਰਕਤਾਂ ਨਹੀਂ ਕਰਦੇ, ਜੋ ਲੋਕੀਂ ਆਪਣੇ ਅੰਦਰ ਵਸਦੇ ਰੱਬ ਦੀ ਅਗਵਾਈ ਪ੍ਰਾਪਤ ਨਹੀਂ ਕਰਦੇ ਉਹ ਮੂਰਖਾਂ ਵਰਗੀਆਂ ਹਰਕਤਾਂ ਕਰਨ ਲੱਗ ਪੈਂਦੇ ਹਨ। ਅੱਜ ਨਾ ਸਹੀ ਤਾਂ ਕੱਲ੍ਹ ਹੀ ਸਹੀ, ਉਹ ਮੂਰਖਾਂ ਦੀ ਕਤਾਰ ਵਿੱਚ ਜਾ ਖਲੋਂਦੇ ਹਨ। ਸੋ ਹਰ ਕਰਮ ਕਰਨ ਤੋਂ ਪਹਿਲਾਂ ਸਾਡੇ ਲਈ ਇਹ ਲਾਜ਼ਮੀ ਹੋ ਜਾਂਦਾ ਹੈ ਕਿ ਅਸੀਂ ਆਪਣੇ ਧੁਰ ਅੰਦਰ ਝਾਤੀ ਮਾਰ ਲਿਆ ਕਰੀਏ ਅਤੇ ਉੱਥੋਂ ਜੋ ਅਗਵਾਈ ਮਿਲਦੀ ਹੈ ਉਹ ਕਬੂਲ ਕਰ ਲਿਆ ਕਰੀਏ।

## ਰੱਬ ਯਾਦ ਰੱਖੋ—ਸਭ ਕੁਝ ਪਵਿੱਤਰ ਹੋ ਜਾਂਦਾ ਹੈ

ਜੋ ਆਦਮੀ ਰੱਬ ਨੂੰ ਸਦਾ ਹੀ ਯਾਦ ਰੱਖਦਾ ਹੈ, ਉਸ ਦੀ ਸੋਚ ਅਤੇ ਉਸ ਦੀ ਕਰਨੀ ਦੋਨੋਂ ਹੀ ਪਵਿੱਤਰ ਹੋ ਜਾਂਦੇ ਹਨ। ਪਵਿੱਤਰ ਰਹਿਣਾ ਉਸ ਦੀ ਆਦਤ ਬਣ ਜਾਂਦੀ ਹੈ। ਰੱਬ ਉਸ ਦੀ ਅਗਵਾਨੀ ਕਰਨ ਲੱਗ ਪੈਂਦਾ ਹੈ। ਉਸ ਨੂੰ ਮਾੜੇ ਪਾਸੇ ਵੱਲ ਜਾਣ ਹੀ ਨਹੀਂ ਦਿੰਦਾ। ਅਸੀਂ ਸਾਰੇ ਰੱਬ ਦੇ ਨੇੜੇ ਹਾਂ। ਅਸੀਂ ਸਾਰੇ ਰੱਬ ਦਾ ਹੀ ਇਕ ਹਿੱਸਾ ਹਾਂ। ਰੱਬ ਤੋਂ ਦੂਰੀਆਂ ਅਸੀਂ ਆਪ ਪੈਦਾ ਕਰਦੇ ਹਾਂ, ਅਤੇ ਜਿਉਂ-ਜਿਉਂ ਅਸੀਂ ਰੱਬ ਤੋਂ ਦੂਰੀਆਂ ਪੈਦਾ ਕਰਦੇ ਹਾਂ, ਸਾਡਾ ਜੀਵਨ ਅਪਵਿੱਤਰ ਹੁੰਦਾ ਜਾਂਦਾ ਹੈ। ਸਾਡੀਆਂ ਕਰਨੀਆਂ ਗ਼ਲਤ ਹੋ

ਜਾਂਦੀਆਂ ਹਨ, ਫਿਰ ਤਾਂ ਸਾਨੂੰ ਇਹ ਵੀ ਯਾਦ ਨਹੀਂ ਰਹਿੰਦਾ ਕਿ ਅਸੀਂ ਇਕ ਦਿਨ ਰੱਬ ਪਾਸ ਵਾਪਸ ਜਾਣਾ ਹੈ ਅਤੇ ਹਿਸਾਬ-ਕਿਤਾਬ ਦੇਣਾ ਹੈ। ਅਸੀਂ ਇਹ ਸੋਚਣ ਲੱਗ ਪੈਂਦੇ ਹਾਂ ਕਿ ਇਹ ਜੱਗ ਮਿੱਠਾ, ਅਗਲਾ ਕਿਸ ਨੇ ਡਿੱਠਾ। ਅਸੀਂ ਸੋਚਦੇ ਹਾਂ ਰੱਬ ਕੋਈ ਸ਼ੈਅ ਨਹੀਂ ਹੈ, ਅਸੀਂ ਕਿਸੇ ਰੱਬ ਪਾਸ ਨਹੀਂ ਜਾਣਾ ਹੈ। ਅਸੀਂ ਜੋ ਮਰਜ਼ੀ ਹੈ ਪਏ ਕਰੀਏ। ਉਹ ਸਾਰਾ ਕੁਝ ਚੰਗਾ ਹੈ ਜੋ ਸਾਡੇ ਲਈ ਲਾਭਕਾਰੀ ਹੈ। ਅਸੀਂ ਸਵਾਰਥੀ ਬਣ ਜਾਂਦੇ ਹਾਂ, ਸਾਡਾ ਇਸ ਦੁਨੀਆਂ ਨਾਲ ਕੋਈ ਨਾਤਾ ਨਹੀਂ ਰਹਿੰਦਾ, ਅਸੀਂ ਹਰ ਕੰਮ ਆਪਣੇ ਭਲੇ ਲਈ ਕਰਦੇ ਹਾਂ, ਕਿਸੇ ਦਾ ਨੁਕਸਾਨ ਹੋ ਰਿਹਾ ਹੈ, ਇਸ ਗੱਲ ਨਾਲ ਸਾਡਾ ਕੋਈ ਸਰੋਕਾਰ ਨਹੀਂ ਰਹਿੰਦਾ ਅਤੇ ਸਾਡੀਆਂ ਰੱਬ ਤੋਂ ਦੂਰੀਆਂ ਵੱਧ ਜਾਂਦੀਆਂ ਹਨ। ਇਕ ਵਾਰੀ ਰੱਬ ਮੂੰਹ ਮੋੜ ਲਵੇ ਤਾਂ ਫਿਰ ਰੱਬ ਸਾਡੀ ਸਾਰ ਲੈਣ ਹੀ ਨਹੀਂ ਆਉਂਦਾ। ਜਦੋਂ ਸਾਨੂੰ ਹੋਸ਼ ਆਉਂਦੀ ਹੈ, ਅਸੀਂ ਬਹੁਤ ਦੂਰ ਆ ਚੁੱਕੇ ਹੁੰਦੇ ਹਾਂ, ਫਿਰ ਪਛਤਾਉਣ ਤੋਂ ਬਗ਼ੈਰ ਸਾਡੇ ਹਿੱਸੇ ਹੋਰ ਕੁੱਝ ਨਹੀਂ ਆਉਂਦਾ।

## ਸਾਡੇ ਸਰੀਰ ਦੀ ਰਚਨਾ ਰੱਬ ਨੇ ਕੀਤੀ ਹੈ

ਸਾਨੂੰ ਰੱਬ ਨੇ ਮਨੁੱਖ ਦਾ ਸਰੀਰ ਦਿੱਤਾ ਹੈ। ਹੋਰ ਵੀ ਬਹੁਤ ਸਾਰੇ ਜੀਵ ਹਨ, ਮਨੁੱਖੀ ਜੀਵਨ ਸਭ ਤੋਂ ਉੱਤਮ ਕਰਕੇ ਜਾਣਿਆ ਗਿਆ ਹੈ। ਆਦਮੀ ਅੰਦਰ ਸੋਚਣ ਦੀ ਸ਼ਕਤੀ ਹੈ। ਆਦਮੀ ਬਹੁਤ ਕੁਝ ਯਾਦ ਕਰ ਸਕਦਾ ਹੈ, ਬਹੁਤ ਕੁਝ ਸਿੱਖ ਸਕਦਾ ਹੈ, ਭਲੇ ਅਤੇ ਬੁਰੇ ਦੀ ਪਛਾਣ ਕਰ ਸਕਦਾ ਹੈ, ਬਹੁਤ ਸਾਰੀਆਂ ਖੋਜਾਂ ਕਰ ਸਕਦਾ ਹੈ, ਬਹੁਤ ਸਾਰੀਆਂ ਕਾਢਾਂ ਕੱਢ ਸਕਦਾ ਹੈ। ਅਸੀਂ ਇਸ ਦੁਨੀਆਂ ਉੱਤੇ ਝਾਤ ਮਾਰੀਏ ਤਾਂ ਇਹ ਮਨੁੱਖ ਕਿੱਥੇ ਦਾ ਕਿੱਥੇ ਆ ਪੁੱਜਾ ਹੈ ? ਪੱਥਰ ਯੁੱਗ ਤੋਂ ਅੱਗੇ ਵੱਧ ਕੇ ਅੱਜ ਇਹ ਆਦਮੀ ਆਸਮਾਨਾਂ ਨਾਲ ਗੱਲਾਂ ਕਰਨ ਲੱਗ ਪਿਆ ਹੈ। ਮਨੁੱਖ ਦੇ ਸਰੀਰ ਦੀ ਮਸ਼ੀਨ ਕਮਾਲ ਦੀ ਹੈ।

ਇਹ ਕਿਵੇਂ ਚੱਲਦੀ ਹੈ ਅਤੇ ਇਤਨੀ ਤਾਕਤ ਇਸ ਵਿੱਚੋਂ ਕਿੱਥੋਂ ਆ ਰਹੀ ਹੈ, ਸਾਨੂੰ ਪਤਾ ਨਹੀਂ ਲੱਗ ਰਿਹਾ। ਰੱਬ ਚਾਹੁੰਦਾ ਤਾਂ ਸਾਨੂੰ ਕਿਸੇ ਹੋਰ ਜੂਨੀ ਵਿੱਚ ਪਾ ਸਕਦਾ ਸੀ। ਉਸ ਨੇ ਸਾਨੂੰ ਮਨੁੱਖ ਦੀ ਜੂਨ ਦਿੱਤੀ ਹੈ। ਇਸ ਪਿੱਛੇ ਕੋਈ ਖ਼ਾਸ ਮਕਸਦ ਹੋ ਸਕਦਾ ਹੈ। ਅਸੀਂ ਉਸ ਮਕਸਦ ਦੀ ਸ਼ਨਾਖਤ ਕਰਨੀ ਹੈ, ਜਿਸ ਦੀ ਪੂਰਤੀ ਲਈ ਰੱਬ ਨੇ ਸਾਨੂੰ ਮਨੁੱਖੀ ਸਰੀਰ ਦਿੱਤਾ ਹੈ। ਅਸੀਂ ਦੁਨੀਆਂ ਭਰ ਦਾ ਗਿਆਨ ਪ੍ਰਾਪਤ ਕਰਦੇ ਫਿਰੀਏ ਪਰ ਜਦ ਤੱਕ ਅਸੀਂ ਆਪਣਾ ਇੱਥੇ ਆਉਣ ਦਾ ਮਕਸਦ ਨਹੀਂ ਲੱਭ ਸਕੇ, ਸਮਝੋ ਅਸੀਂ ਫ਼ਜ਼ੂਲ ਵਿੱਚ ਆਏ ਸਾਂ ਅਤੇ ਫ਼ਜ਼ੂਲ ਦਾ ਜੀਵਨ ਬਿਤਾ ਕੇ ਵਾਪਸ ਚਲੇ ਜਾ ਰਹੇ ਹਾਂ। ਮਨੁੱਖੀ ਜੀਵਨ ਅਗਰ ਸਾਡੇ ਨਸੀਬ ਵਿਚ ਹੋਇਆ ਹੈ ਤਾਂ ਅਸੀਂ ਇਹ ਸਾਬਤ ਕਰਨਾ ਹੈ ਕਿ ਅਸੀਂ ਮਨੁੱਖੀ ਜੀਵਨ ਧਾਰਨ ਕਰਨ ਦੇ ਕਾਬਲ ਸਾਂ ਅਤੇ ਰੱਬ ਨੇ ਇਹ ਸਰੀਰ ਪ੍ਰਦਾਨ ਕਰਕੇ ਕੋਈ ਗ਼ਲਤੀ ਨਹੀਂ ਕੀਤੀ। ਜੋ ਆਦਮੀ ਇਤਨੀ ਕੁ ਸਮਝ ਰੱਖਦਾ ਹੈ ਉਸ ਦਾ ਜੀਵਨ ਅਕਾਰਥ ਨਹੀਂ ਜਾਂਦਾ, ਉਹ ਕੁਝ ਨਾ ਕੁਝ ਕਰ ਦਿਖਾਉਂਦਾ ਹੈ।

## ਲੋਕਾਂ ਦੀਆਂ ਅੱਖਾਂ ਵਿੱਚ ਧੂਲ ਨਾ ਪਾਓ

ਅਸੀਂ ਜੋ ਕੁਝ ਵੀ ਬਣੇ ਫਿਰਦੇ ਹਾਂ, ਇਹ ਸਾਰਾ ਕੁਝ ਸੱਚ ਨਹੀਂ ਹੈ। ਸਾਡਾ ਜੀਵਨ ਬਨਾਵਟੀ ਹੈ, ਅਸੀਂ ਵਕਤ ਦੀ ਨਜ਼ਾਕਤ ਦੇਖਕੇ ਰੰਗ ਬਦਲਦੇ ਰਹਿੰਦੇ ਹਾਂ ਅਸਾਂ ਬਹੁਤਾ ਸਮਾਂ ਲੋਕਾਂ ਦੀਆਂ ਅੱਖਾਂ ਵਿੱਚ ਧੂਲ ਪਾਉਂਦੇ ਰਹਿੰਦੇ ਹਾਂ, ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਕਿਸੇ ਤਰ੍ਹਾਂ ਲੋਕੀ ਸਾਨੂੰ ਬਹੁਤ ਹੀ ਵਧੀਆ ਆਦਮੀ ਸਮਝਣ ਲੱਗ ਪੈਣ। ਅਸੀਂ ਕੋਸ਼ਿਸ਼

ਕਰਕੇ ਐਸਾ ਕਰਨ ਵਿੱਚ ਕਾਮਯਾਬ ਵੀ ਹੋ ਜਾਂਦੇ ਹਾਂ। ਅਸੀਂ ਖ਼ੁਸ਼ ਹੋ ਜਾਂਦੇ ਹਾਂ ਕਿ ਅਸੀਂ ਲੋਕਾਂ ਨੂੰ ਮੂਰਖ ਬਨਾਉਣ ਵਿੱਚ ਸਫ਼ਲ ਹੋ ਗਏ ਹਾਂ ਪਰ ਇਹ ਸਾਡੀ ਗ਼ਲਤੀ ਹੈ। ਲੋਕੀਂ ਵੀ ਉਤੋਂ-ਉੱਤੋਂ ਐਸਾ ਪ੍ਰਗਟ ਕਰਦੇ ਹਨ ਕਿ ਉਨ੍ਹਾਂ ਨੇ ਸਾਡੇ ਬਾਰੇ ਕੁਝ ਨਹੀਂ ਜਾਣਿਆ ਪਰ ਐਸਾ ਨਹੀਂ ਹੈ। ਅਸੀਂ ਲੋਕਾਂ ਦੀਆਂ ਅੱਖਾਂ ਵਿੱਚ ਧੂਲ ਨਹੀਂ ਪਾ ਸਕਦੇ। ਇਹ ਲੋਕੀਂ ਜੋ ਸਾਡੇ ਆਲ਼ੇ-ਦੁਆਲੇ ਰਹਿੰਦੇ ਹਨ, ਇਹ ਸਾਡੇ ਬਾਰੇ ਬਹੁਤ ਕੁਝ ਜਾਣਦੇ ਹਨ। ਇਤਨਾ ਕੁਝ ਜਾਣਦੇ ਹਨ ਜਿਤਨਾ ਅਸੀਂ ਆਪ ਆਪਣੇ ਬਾਰੇ ਨਹੀਂ ਜਾਣਦੇ। ਲੋਕੀਂ ਸਾਡੇ ਬਾਰੇ ਇਕ ਰਾਇ ਕਾਇਮ ਕਰ ਲੈਂਦੇ ਹਨ ਅਤੇ ਇਹ ਰਾਇ ਸਾਥੋਂ ਵੀ ਪਹਿਲਾਂ ਹਰ ਥਾਂ ਪੁੱਜ ਜਾਂਦੀ ਹੈ। ਅਸੀਂ ਕੁਝ ਵੀ ਪਏ ਬਣੇ ਫਿਰੀਏ, ਲੋਕੀਂ ਲੋਕ ਰਾਇ ਉੱਤੇ ਵਿਸ਼ਵਾਸ ਕਰਦੇ ਹਨ। ਇਸ ਕਰਕੇ ਲੋਕਾਂ ਸਾਹਮਣੇ ਬਣ-ਬਣ ਫ਼ਿਰਨ ਦੀ ਬਜਾਏ ਸਵੈ-ਸੁਧਾਈ ਵੱਲ ਧਿਆਨ ਦੇਣਾ ਚਾਹੀਦਾ ਹੈ, ਸਵੈ-ਸੁਧਾਈ ਦਾ ਰਸਤਾ ਮੁਸ਼ਕਿਲ ਨਹੀਂ ਹੈ, ਬਹੁਤ ਹੀ ਸੌਖਾ ਹੈ। ਅਸੀਂ ਸਾਰੇ ਸਵੈ-ਸੁਧਾਈ ਕਰ ਸਕਦੇ ਹਾਂ, ਉਤਨੀ ਕੁ ਸਵੈ-ਸੁਧਾਈ ਤਾਂ ਅਸੀਂ ਕਰ ਹੀ ਸਕਦੇ ਹਾਂ ਕਿ ਸਾਨੂੰ ਬਣ-ਬਣ ਕੇ ਬੈਠਣ ਦੀ ਜ਼ਰੂਰਤ ਹੀ ਨਾ ਪਵੇ।

## ਆਪਣੇ ਧਰਮ ਮੁਤਾਬਕ ਆਦਰਸ਼ਿਕ ਇਨਸਾਨ ਬਣੋ

ਦੁਨੀਆਂ ਦੇ ਜਿਤਨੇ ਵੀ ਧਰਮ ਹਨ, ਸਾਰਿਆਂ ਦੇ ਮੁੱਢਲੇ ਸਿਧਾਂਤ ਇਕ ਹੀ ਹਨ ਕਿਉਂਕਿ ਇਹ ਧਰਮ ਵੱਖ-ਵੱਖ ਥਾਵਾਂ 'ਤੇ ਪੈਦਾ ਹੋਏ ਹਨ, ਇਸ ਕਰਕੇ ਨਾਮ ਵੱਖ-ਵੱਖ ਹਨ। ਬਾਕੀ ਰਹੀ ਚੰਗੀਆਂ ਅਤੇ ਮਾੜੀਆਂ ਗੱਲਾਂ ਦੀ ਗੱਲ। ਸਾਰੇ ਧਰਮ ਮਨੁੱਖ ਨੂੰ ਸਹੀ ਰਸਤੇ ਉੱਤੇ ਚੱਲਣ ਲਈ ਪ੍ਰੇਰਦੇ ਹਨ ਅਤੇ ਇਹ ਉਮੀਦ ਕਰਦੇ ਹਨ ਕਿ ਅਸੀਂ ਕਿਸੇ ਦੇ ਦੁੱਖ ਦਾ ਕਾਰਨ ਨਾ ਬਣੀਏ। ਜਦੋਂ ਅਸੀਂ ਕਿਸੇ ਹੋਰ ਦਾ ਦਿਲ ਦੁਖਾਉਂਦੇ ਹਾਂ ਤਾਂ ਸਮਝੋ ਅਸੀਂ ਵੱਡਾ ਪਾਪ ਕਰ ਰਹੇ ਹਾਂ। ਰੱਬ ਸਾਰਿਆਂ ਦਾ ਸਾਂਝਾ ਹੈ ਅਤੇ ਉਹ ਹੈ ਵੀ ਇਕ ਹੀ, ਇਸ ਕਰਕੇ ਅਸੀਂ ਦੁਨੀਆਂ ਭਰ ਦੇ ਲੋਕੀਂ ਇਕ ਹੀ ਪਰਿਵਾਰ ਦੇ ਮੈਂਬਰ ਹਾਂ, ਆਪੋ ਵਿੱਚ ਰਿਸ਼ਤੇਦਾਰ ਹਾਂ, ਕੋਈ ਵੀ ਪਰਾਇਆ ਨਹੀਂ ਹੈ। ਅਸੀਂ ਧਰਮ ਦੇ ਮੁੱਢਲੇ ਸਿਧਾਂਤ ਛੱਡ ਕੇ ਇਹ ਸਾਬਤ ਕਰਨ ਉੱਤੇ ਲੱਗੇ ਰਹੇ ਹਾਂ ਕਿ ਮੇਰਾ ਧਰਮ ਵਧੀਆ ਹੈ, ਬਾਕੀ ਸਾਰੇ ਧਰਮ ਗ਼ਲਤ ਹਨ ਅਤੇ ਐਸੀ ਸੋਚ ਕਾਰਨ ਅਸੀਂ ਹੋਰ ਧਰਮਾਂ ਦੇ ਲੋਕਾਂ ਨਾਲ ਲੜਦੇ ਰਹੇ ਹਾਂ, ਕਤਲ ਕਰਦੇ ਰਹੇ ਹਾਂ ਅਤੇ ਦੂਜੇ ਧਰਮਾਂ ਦੇ ਲੋਕਾਂ ਨੂੰ ਆਪਣੇ ਧਰਮ ਵਿੱਚ ਲਿਆਉਣ ਲਈ ਜ਼ੋਰ-ਜ਼ਬਰ ਵੀ ਕਰਦੇ ਰਹੇ ਹਾਂ। ਅਸੀਂ ਧਰਮਾਂ ਦੀ ਜੰਗ ਕਾਰਨ ਸਾਰਾ ਮਨੁੱਖੀ ਇਤਿਹਾਸ ਮਨੁੱਖ ਦੇ ਲਹੂ ਨਾਲ ਲਿਖ ਬੈਠੇ ਹਾਂ। ਇਹ ਲੋਕੀਂ ਕਦੀ ਵੀ ਰੱਬ ਦੀ ਮੁਆਫ਼ੀ ਦੇ ਹੱਕਦਾਰ ਨਹੀਂ ਹੋਣਗੇ।

## ਰਿਸ਼ਵਤਖ਼ੋਰ ਇਨਸਾਫ਼ ਨਹੀਂ ਕਰ ਸਕਦਾ

ਜਿਸ ਆਦਮੀ ਪਾਸ ਸਰਕਾਰੀ ਸ਼ਕਤੀ ਹੈ, ਉਸ ਦਾ ਫ਼ਰਜ਼ ਬਣਦਾ ਹੈ ਉਹ ਆਪਣੀਆਂ ਜ਼ਿੰਮੇਂਵਾਰੀਆਂ ਇਮਾਨਦਾਰੀ ਨਾਲ ਨਿਭਾਏ। ਜਦੋਂ ਆਦਮੀ ਰਿਸ਼ਵਤ ਲੈਣ ਲੱਗ ਪੈਂਦਾ ਹੈ ਉਹ ਤਰਫ਼ਦਾਰੀਆਂ ਕਰਦਾ ਹੈ ਅਤੇ ਇਨਸਾਫ਼ ਨਹੀਂ ਕਰ ਸਕਦਾ। ਹਰ ਸਮੇਂ ਰਿਸ਼ਵਤ ਪ੍ਰਧਾਨ ਰਹੀ ਹੈ। ਇਹੀ ਕਾਰਨ ਹੈ ਵਕਤ ਦੀਆਂ ਸਰਕਾਰਾਂ ਲੋਕਾਂ ਨਾਲ ਇਨਸਾਫ਼ ਨਹੀਂ ਕਰ ਸਕੀਆਂ। ਮੁਲਾਜ਼ਮਾਂ ਵਿੱਚ ਰਿਸ਼ਵਤਖ਼ੋਰੀ ਰਹਿੰਦੀ ਹੀ ਹੈ, ਖ਼ਤਮ ਨਹੀਂ ਹੋ ਸਕਦੀ ਕਿਉਂਕਿ ਇਹ ਲੋਕੀਂ ਆਪ ਰਿਸ਼ਵਤਾਂ ਦੇ ਕੇ ਨੌਕਰੀਆਂ ਉੱਤੇ ਲੱਗੇ ਹੁੰਦੇ ਹਨ।

ਖ਼ਰਚ ਕੀਤਾ ਪੈਸਾ ਵਾਪਸ ਵੀ ਲੈਣਾ ਹੁੰਦਾ ਹੈ। ਸਰਕਾਰਾਂ ਪਾਸੋਂ ਇਨਸਾਫ਼ ਲੈਣਾ

ਬਹੁਤ ਮੁਸ਼ਕਿਲ ਹੁੰਦਾ ਹੈ ਕਿਉਂਕਿ ਸਰਕਾਰਾਂ ਕਦੀ ਵੀ ਲੋਕਾਂ ਦੇ ਹਿੱਤ ਵਿੱਚ ਸਥਾਪਿਤ ਨਹੀਂ ਹੁੰਦੀਆਂ। ਲੋਕਾਂ ਨੂੰ ਤਾਂ ਗ਼ੁਲਾਮ ਬਣਾ ਕੇ ਰੱਖਣਾ ਹੁੰਦਾ ਹੈ। ਅਗਰ ਲੋਕੀਂ ਗੁਰਬਤ, ਬੇਇਨਸਾਫ਼ੀ ਅਤੇ ਸ਼ੋਸ਼ਣ ਦਾ ਸ਼ਿਕਾਰ ਨਹੀਂ ਹੋਣਗੇ ਤਾਂ ਫਿਰ ਉਹ ਆਪਣੇ ਹੱਕ ਮੰਗਣ ਲੱਗ ਪੈਣਗੇ। ਵਕਤ ਦੀਆਂ ਸਰਕਾਰਾਂ ਕਦੀ ਵੀ ਐਸੀਆਂ ਕ੍ਰਾਂਤੀਆਂ ਨਹੀਂ ਚਾਹੁੰਦੀਆਂ। ਰਿਸ਼ਵਤ ਇਕ ਐਸੀ ਕਿਸਮ ਦੀ ਸਿਉਂਕ ਹੈ ਜੋ ਅੰਦਰੋਂ-ਅੰਦਰੋਂ ਹੀ ਕੱਟ-ਕੱਟ ਕੇ ਲੋਕਾਂ ਨੂੰ ਖੋਖਲਾ ਅਤੇ ਕਮਜ਼ੋਰ ਕਰ ਦਿੰਦੀ ਹੈ ਵਰਨਾ ਹੁਣ ਤੱਕ ਹਰ ਮੁਲਕ ਦੇ ਲੋਕੀਂ ਖ਼ੁਸ਼ਹਾਲ ਹੋ ਸਕਦੇ ਹਨ। ਰੱਬ ਨੇ ਹਰ ਮੁਲਕ ਨੂੰ ਢੇਰ ਸਾਰੀਆਂ ਨਿਆਮਤਾਂ ਦੇ ਰੱਖੀਆਂ ਹਨ, ਵਕਤ ਦੀਆਂ ਸਰਕਾਰਾਂ ਉਨ੍ਹਾਂ ਨਿਆਮਤਾਂ ਦੀ ਸ਼ਨਾਖ਼ਤ ਕਰਕੇ ਲੋਕ ਭਲਾਈ ਲਈ ਵਰਤ ਸਕਦੀਆਂ ਹਨ ਪਰ ਇਹ ਲੋਕੀਂ ਜੋ ਸਰਕਾਰੀ ਕੁਰਸੀਆਂ ਉੱਤੇ ਆ ਬੈਠਦੇ ਹਨ ਇਹ ਆਪਣਾ ਹਿੱਤ ਪਾਲਦੇ ਹਨ ਅਤੇ ਲੋਕਾਂ ਦੇ ਹਿੱਤਾਂ ਦੀ ਗੱਲ ਕਰਕੇ ਆਪਣੇ ਪੈਰਾਂ ਉੱਤੇ ਕੁਹਾੜੀ ਮਾਰਨ ਲਈ ਤਿਆਰ ਨਹੀਂ ਹੁੰਦੇ। ਸੋ ਲੋਕੀਂ ਰਿਸ਼ਵਤਾਂ ਦੇ ਕੇ ਗ਼ਰੀਬ ਹੁੰਦੇ ਰਹਿਣਗੇ ਅਤੇ ਇਹ ਲੋਕ-ਸੇਵਕ ਰਿਸ਼ਵਤਾਂ ਲੈ ਕੇ ਅਮੀਰ ਹੁੰਦੇ ਰਹਿਣਗੇ। ਇਹ ਸਿਲਸਿਲਾ ਬੰਦ ਉਦੋਂ ਹੀ ਹੋਵੇਗਾ ਜਦੋਂ ਲੋਕਾਂ ਵਿੱਚ ਜਾਗ੍ਰਿਤੀ ਆ ਜਾਵੇਗੀ।

## ਸਿਆਣੀ ਗੱਲ ਪੱਲੇ ਬੰਨ੍ਹ ਲਓ

ਇਸ ਦੁਨੀਆਂ ਵਿੱਚ ਸਿਆਣੇ ਬੰਦਿਆਂ ਦੀ ਘਾਟ ਨਹੀਂ ਹੈ। ਅਸੀਂ ਜੋ ਆਦਮੀ ਹਾਂ ਮਾਂ ਦੇ ਪੇਟ 'ਚੋਂ ਸਾਰਾ ਕੁਝ ਸਿੱਖ ਕੇ ਨਹੀਂ ਆਉਂਦੇ। ਇਸ ਦੁਨੀਆਂ ਦੇ ਲੋਕੀਂ ਜਿਨ੍ਹਾਂ ਨਾਲ ਸਾਡਾ ਸੰਪਰਕ ਬਣਦਾ ਹੈ, ਸਾਨੂੰ ਸਿਖਾਉਂਦੇ ਰਹਿੰਦੇ ਹਨ। ਅਸੀਂ ਸਿਆਣਿਆਂ ਪਾਸੋਂ ਬਹੁਤ ਕੁਝ ਸਿੱਖਦੇ ਹਾਂ, ਸਿਆਣੀਆਂ ਗੱਲਾਂ ਕਦੀ-ਕਦੀ ਹੱਥ ਲੱਗਦੀਆਂ ਹਨ, ਪੱਲੇ ਬੰਨ੍ਹ ਲੈਣੀਆਂ ਚਾਹੀਦੀਆਂ ਹਨ, ਆਪਣੇ ਜੀਵਨ ਦਾ ਹਿੱਸਾ ਬਣਾ ਲੈਣੀਆਂ ਚਾਹੀਦੀਆਂ ਹਨ। ਇਹ ਮਾੜੀ ਆਦਤ ਹੈ ਕਿ ਸਿਆਣੀਆਂ ਗੱਲਾਂ ਵੀ ਅਸੀਂ ਇਕ ਕੰਨ ਨਾਲ ਸੁਣੀਏ ਅਤੇ ਦੂਜੇ ਕੰਨ ਵਿੱਚੋਂ ਬਾਹਰ ਕੱਢ ਦੇਈਏ। ਹਰ ਸਮਿਆਂ ਵਿੱਚ ਸਿਆਣੇ ਲੋਕੀਂ ਹੁੰਦੇ ਹਨ ਅਤੇ ਉਹ ਸਿਆਣੀਆਂ ਗੱਲਾਂ ਕਰ ਜਾਂਦੇ ਹਨ। ਜੋ ਕੁਝ ਵੀ ਮਾੜਾ ਬੋਲਿਆ ਜਾਂਦਾ ਹੈ ਉਹ ਸਮਾਂ ਪਾ ਕੇ ਖ਼ਤਮ ਹੋ ਜਾਂਦਾ ਹੈ। ਸਿਰਫ਼ ਉਹੀ ਗੱਲਾਂ ਜਿਊਂਦੀਆਂ ਰਹਿੰਦੀਆਂ ਹਨ ਜੋ ਬਹੁਤ ਹੀ ਵਧੀਆ ਹੁੰਦੀਆਂ ਹਨ, ਸਮੇਂ ਦੀਆਂ ਧੂੜਾਂ ਤਲੇ ਉਹ ਦੱਬਦੀਆਂ ਨਹੀਂ। ਅਸੀਂ ਦੇਖ ਰਹੇ ਹਾਂ ਕਿ ਮਹਾਨ ਗੱਲਾਂ ਲੋਕਾਂ ਨਾਲ ਸੀਨਾ-ਬਾ-ਸੀਨਾ ਯਾਦ ਰੱਖਕੇ ਸਾਡੇ ਤੱਕ ਪਹੁੰਚਾਈਆਂ ਹਨ। ਇਹ ਕਾਗ਼ਜ਼ ਅਤੇ ਕਲਮ ਦਵਾਤਾਂ ਤਾਂ ਬਹੁਤ ਬਾਅਦ ਦੀਆਂ ਕਾਢਾਂ ਹਨ। ਹੁਣ ਤਾਂ ਗੰਦ-ਮੰਦ ਵੀ ਸੰਭਾਲਿਆ ਜਾ ਰਿਹਾ ਹੈ ਪਰ ਫਿਰ ਵੀ ਅਸੀਂ ਚੰਗੀਆਂ ਅਤੇ ਮਾੜੀਆਂ ਗੱਲਾਂ ਦੀ ਪਛਾਣ ਕਰ ਸਕਦੇ ਹਾਂ। ਚੰਗੀਆਂ ਗੱਲਾਂ ਸੁਣਦੇ ਰਹੋ, ਚੰਗੀਆਂ ਗੱਲਾਂ ਅਪਣਾਉਂਦੇ ਰਹੋ ਅਤੇ ਅਗਰ ਅਸੀਂ ਐਸਾ ਸਿਲਸਿਲਾ ਜਾਰੀ ਕਰਦੇ ਹਾਂ ਤਾਂ ਅਸੀਂ ਕੀ ਦੇ ਕੀ ਬਣ ਸਕਦੇ ਹਾਂ ? ਚੰਗੀਆਂ ਗੱਲਾਂ ਅਪਨਾਉਣ ਕਾਰਨ ਬੰਦਾ ਚੰਗੇ ਬੰਦਿਆਂ ਦੀ ਕਤਾਰ ਵਿੱਚ ਆ ਖਲੋਂਦਾ ਹੈ ਅਤੇ ਮਾੜੀਆਂ ਗੱਲਾਂ ਅਪਣਾ ਕੇ ਬੰਦਾ ਕਿਧਰੇ ਦਾ ਨਹੀਂ ਰਹਿੰਦਾ।

## ਕਰਮ ਤੇ ਪ੍ਰਤੀਕਰਮ

ਦੁਨੀਆਂ ਭਰ ਦੇ ਲੋਕੀਂ ਇਹ ਗੱਲ ਸਵੀਕਾਰ ਕਰ ਚੁੱਕੇ ਹਨ ਕਿ ਇਸ ਦੁਨੀਆਂ ਵਿੱਚ ਹੀ ਚੰਗੇ ਅਤੇ ਮਾੜੇ ਕਰਮਾਂ ਦਾ ਫ਼ੈਸਲਾ ਹੋ ਜਾਂਦਾ ਹੈ। ਅੱਜ ਨਾ ਸਹੀ ਕੱਲ੍ਹ ਸਹੀ

ਕਿਸੇ ਆਦਮੀ ਨੂੰ ਇਹ ਸ਼ਿਕਾਇਤ ਨਹੀਂ ਰਹਿੰਦੀ ਕਿ ਉਹ ਤਾਂ ਚੰਗੇ ਕਰਮ ਕਰਦਾ ਰਿਹਾ ਹੈ ਪਰ ਰੱਬ ਨੇ ਉਸ ਨੂੰ ਲਾਭ ਨਹੀਂ ਦਿੱਤਾ। ਇਸੇ ਤਰ੍ਹਾਂ ਅਸੀਂ ਕਿਤਨਾ ਵੀ ਛੁਪਾ ਕੇ ਮਾੜੇ ਕਰਮ ਕਰੀਏ, ਅਸੀਂ ਸਜ਼ਾ ਤੋਂ ਬਚ ਨਹੀਂ ਸਕਦੇ, ਸਜ਼ਾ ਨੇ ਤਾਂ ਮਿਲਣਾ ਹੀ ਹੈ। ਰੱਬ ਦੇ ਘਰ ਦੇਰ ਹੋ ਸਕਦੀ ਹੈ ਪਰ ਰੱਬ ਦੇ ਘਰ ਅੰਧੇਰ ਨਹੀਂ ਹੈ। ਅਸੀਂ ਜ਼ਿਆਦਤੀਆਂ ਕਰਦੇ ਰਹੀਏ ਅਤੇ ਰੱਬ ਮੁਆਫ਼ ਕਰਦਾ ਰਵੇ, ਐਸਾ ਕਦੀ ਨਹੀਂ ਹੋ ਸਕਦਾ। ਰੱਬ ਦਾ ਇਨਸਾਫ਼ ਅਟਲ ਹੈ, ਉੱਥੇ ਗਵਾਹੀਆਂ ਦੀ ਜ਼ਰੂਰਤ ਨਹੀਂ ਹੈ। ਰੱਬ ਚੰਗੇ ਅਤੇ ਮਾੜੇ ਕਰਮਾਂ ਦਾ ਹਿਸਾਬ ਕਿਤਾਬ ਆਪ ਰੱਖਦਾ ਹੈ ਅਤੇ ਇਹ ਹਿਸਾਬ ਕਿਤਾਬ ਬਿਲਕੁਲ ਠੀਕ ਰੱਖਿਆ ਜਾਂਦਾ ਹੈ। ਅਸੀਂ ਰੱਬੀ ਇਨਸਾਫ਼ ਦੀ ਪਛਾਣ ਕਰਨੀ ਹੈ। ਅਸੀਂ ਇਸ ਦੁਨੀਆਂ ਦੀਆਂ ਪੁਲਿਸ ਅਤੇ ਅਦਾਲਤਾਂ ਤੋਂ ਝੂਠੀਆਂ ਗਵਾਹੀਆਂ ਪੇਸ਼ ਕਰਕੇ ਬਚ ਸਕਦੇ ਹਾਂ ਪਰ ਰੱਬ ਪਾਸੋਂ ਨਹੀਂ ਬਚ ਸਕਦੇ। ਜਿਨ੍ਹਾਂ ਲੋਕਾਂ ਨੂੰ ਇਸ ਸੱਚਾਈ ਦੀ ਸੋਝੀ ਹੋ ਆਈ ਹੈ, ਉਹ ਲੋਕੀਂ ਬਿਹਤਰ ਇਨਸਾਨ ਬਣ ਜਾਂਦੇ ਹਨ ਅਤੇ ਜੋ ਲੋਕੀਂ ਰੱਬ ਕੋਲੋਂ ਵੀ ਲੁਕ ਕੇ ਗ਼ਲਤ ਗੱਲਾਂ ਕਰਨ ਦਾ ਸਿਲਸਿਲਾ ਸ਼ੁਰੂ ਕਰਦੇ ਹਨ, ਗ਼ਲਤ ਲੋਕਾਂ ਦੀ ਕਤਾਰ ਵਿੱਚ ਜਾ ਖਲੋਂਦੇ ਹਨ ਅਤੇ ਫਿਰ ਰੱਬ ਵਲੋਂ ਸਜ਼ਾ ਵੀ ਮਿਲਦੀ ਹੈ। ਸਜ਼ਾ ਮਿਲਣ ਉੱਤੇ ਵੀ ਐਸੇ ਆਦਮੀ ਇਹ ਨਹੀਂ ਸੋਚਦੇ ਕਿ ਉਨ੍ਹਾਂ ਦੇ ਪਾਪਾਂ ਦਾ ਫ਼ਲ ਮਿਲ ਰਿਹਾ ਹੈ ਬਲਕਿ ਇਹ ਆਖਦੇ ਹਨ ਕਿ ਰੱਬ ਨੇ ਉਨ੍ਹਾਂ ਦੀ ਕਿਸਮਤ ਵਿੱਚ ਹੀ ਐਸੇ ਦੁੱਖ ਲਿਖ ਦਿੱਤੇ ਸਨ। ਅਰਥਾਤ ਬਹੁਤ ਹੀ ਘੱਟ ਲੋਕੀਂ ਹੁੰਦੇ ਹਨ ਜੋ ਮਾੜੇ ਵਕਤਾਂ ਨੂੰ ਆਪਣੇ ਹੀ ਕੀਤੇ ਪਾਪਾਂ ਦੀ ਸਜ਼ਾ ਮੰਨਦੇ ਹਨ। ਬਾਕੀ ਅਸੀਂ ਸਾਰੇ ਆਪਣੀ ਕਿਸਮਤ ਨੂੰ ਕੋਸਦੇ ਰਹਿੰਦੇ ਹਾਂ।

## ਰੱਬ ਹਰ ਕਿਸੇ ਦੀ ਰੋਜ਼ੀ ਦਾ ਪ੍ਰਬੰਧ ਕਰਦਾ ਹੈ

ਸ਼ੇਰ ਮਾਸ ਖਾਂਦੇ ਹਨ, ਬਾਜ ਮਾਸ ਖਾਂਦੇ ਹਨ, ਹੋਰ ਵੀ ਬਹੁਤ ਸਾਰੇ ਜਾਨਵਰ ਹਨ ਜੋ ਜੰਗਲੀ ਜੀਵਾਂ ਦਾ ਮਾਸ ਖਾ ਕੇ ਜਿਊਂਦੇ ਹਨ। ਇਹ ਜੰਗਲੀ ਜੀਵ ਘਾਹ ਵਗ਼ੈਰਾ ਖਾ ਕੇ ਜ਼ਿੰਦਗੀ ਕੱਟ ਜਾਂਦੇ ਹਨ, ਬਹੁਤ ਸਾਰੀਆਂ ਮਛਲੀਆਂ ਛੋਟੀਆਂ ਮਛਲੀਆਂ ਖਾ ਕੇ ਜੀਵਨ ਕੱਟ ਜਾਂਦੀਆਂ ਹਨ। ਅਰਥਾਤ ਜੋ ਵੀ ਜੀਵ ਆਇਆ ਹੈ, ਉਹ ਕੁਝ ਨਾ ਕੁਝ ਖਾ ਕੇ ਜ਼ਿੰਦਗੀ ਕੱਟ ਜਾਂਦਾ ਹੈ। ਅਸੀਂ ਇਨਸਾਨ ਆਪਣੇ ਜਿਊਣ ਵਾਸਤੇ ਅਨਾਜ ਵਗ਼ੈਰਾ ਪੈਦਾ ਕਰਦੇ ਹਾਂ। ਦੁੱਧ ਵਾਸਤੇ ਪਸ਼ੂ ਪਾਲਦੇ ਹਾਂ, ਚੀਜ਼ਾਂ ਮੁੱਲ ਵੇਚਦੇ ਵੀ ਹਾਂ, ਚੀਜ਼ਾਂ ਮੁੱਲ ਲੈਂਦੇ ਵੀ ਹਾਂ ਪਰ ਸਮੁੰਦਰਾਂ ਵਿੱਚ, ਦਰਿਆਵਾਂ ਵਿੱਚ ਅਤੇ ਆਕਾਸ਼ ਵਿੱਚ ਰਹਿੰਦੇ ਪੰਛੀਆਂ ਨੇ ਕਦੀ ਕੁਝ ਪੈਦਾ ਨਹੀਂ ਕੀਤਾ। ਕਦੀ ਕੋਈ ਹੱਟੀ ਨਹੀਂ ਖੋਲ੍ਹੀ, ਫਿਰ ਵੀ ਉਨ੍ਹਾਂ ਦੀ ਰੋਜ਼ੀ ਦਾ ਪ੍ਰਬੰਧ ਹੈ। ਇਹ ਸਾਰਾ ਕੁਝ ਰੱਬ ਦੀ ਲੀਲਾ ਹੈ, ਰੱਬ ਹੀ ਸਾਰਿਆਂ ਦੀ ਰੋਜ਼ੀ ਦਾ ਪ੍ਰਬੰਧ ਕਰਦਾ ਹੈ। ਜਦੋਂ ਦਾ ਇਹ ਬ੍ਰਹਿਮੰਡ ਉਸਾਰਿਆ ਗਿਆ ਹੈ, ਉਦੋਂ ਤੋਂ ਹੀ ਰੱਬ ਨੇ ਰੋਜ਼ੀ ਦਾ ਪ੍ਰਬੰਧ ਕਰ ਰੱਖਿਆ ਹੈ ਅਤੇ ਜਦੋਂ ਤੱਕ ਇਹ ਲੋਕਾਈ ਕਾਇਮ ਰਹੇਗੀ, ਰੋਜ਼ੀ ਦਾ ਸਿਲਸਿਲਾ ਜਾਰੀ ਰਹੇਗਾ। ਕੋਈ ਆਖੇ ਕਿ ਉਸ ਬਗ਼ੈਰ ਕੁਝ ਲੋਕੀਂ ਜੋ ਉਸ ਉੱਤੇ ਨਿਰਭਰ ਹਨ, ਭੁੱਖੇ ਮਰ ਜਾਣਗੇ ਤਾਂ ਉਹ ਆਦਮੀ ਗ਼ਲਤ ਸੋਚ ਰਿਹਾ ਹੈ। ਬਹੁਤ ਲੋਕੀਂ ਮਰ ਚੁੱਕੇ ਹਨ ਪਰ ਉਹ ਲੋਕੀਂ ਜੋ ਮਰ ਗਏ ਲੋਕਾਂ ਉੱਤੇ ਨਿਰਭਰ ਕਰਦੇ ਸਨ, ਬਾਅਦ ਵਿੱਚ ਵੀ ਜ਼ਿੰਦਾ ਰਹੇ ਹਨ। ਰੱਬ ਉਨ੍ਹਾਂ ਦੀ ਰੋਜ਼ੀ-ਰੋਟੀ ਦਾ ਕੋਈ ਨਾ ਕੋਈ ਸਾਧਨ ਜੁਟਾਉਂਦਾ ਰਿਹਾ ਹੈ ਅਤੇ ਰੱਬ ਐਸਾ ਕਰਦਾ ਹੀ ਰਹਿੰਦਾ ਹੈ। ਸਾਨੂੰ ਇਹ ਵਿਸ਼ਵਾਸ ਕਰ ਲੈਣਾ ਚਾਹੀਦਾ ਹੈ ਕਿ ਅਸੀਂ ਆਪ ਰੋਜ਼ੀ ਦਾ ਪ੍ਰਬੰਧ ਨਹੀਂ ਕਰਦੇ ਬਲਕਿ ਰੱਬ ਆਪ ਸਾਡੀ ਰੋਜ਼ੀ-ਰੋਟੀ ਦਾ ਪ੍ਰਬੰਧ ਕਰਦਾ ਹੈ।

## ਰੱਬ ਦੀ ਹੋਂਦ ਸਵੀਕਾਰ ਕਰਨ ਬ਼ਗੈਰ ਮੁਕਤੀ ਨਹੀਂ ਹੁੰਦੀ

ਮਨੁੱਖ ਨੂੰ ਵਾਰ-ਵਾਰ ਸਮਝਾਇਆ ਜਾ ਚੁੱਕਾ ਹੈ ਕਿ ਰੱਬ ਦੀ ਹੋਂਦ ਸਵੀਕਾਰ ਕਰ ਲੈ। ਬਹੁਤ ਲੋਕੀਂ ਰੱਬ ਦੀ ਹੋਂਦ ਸਵੀਕਾਰ ਕਰ ਵੀ ਬੈਠੇ ਹਨ ਪਰ ਫਿਰ ਵੀ ਉਹ ਇਹੀ ਆਖੀ ਜਾਂਦੇ ਹਨ, ਮੈਂ ਇਹ ਕੀਤਾ, ਮੈਂ ਉਹ ਕੀਤਾ, ਮੈਂ ਇਉਂ ਨਾ ਕਰਦਾ ਤਾਂ ਤਬਾਹ ਹੋ ਜਾਣਾ ਸੀ, ਅਰਥਾਤ ਛੇਤੀ ਕੀਤਿਆਂ ਕੋਈ ਵੀ ਇਹ ਸਵੀਕਾਰ ਨਹੀਂ ਕਰਦਾ ਕਿ ਕਰਤਾ-ਧਰਤਾ ਤਾਂ ਰੱਬ ਆਪ ਹੀ ਹੈ, ਉਹ ਸਾਥੋਂ ਕਰਾਉਂਦਾ ਹੈ ਤਾਂ ਅਸੀਂ ਕੁਝ ਕਰਦੇ ਹਾਂ। ਸਾਡੀਆਂ ਸਾਰੀਆਂ ਪ੍ਰਾਪਤੀਆਂ ਰੱਬ ਦੀ ਦੇਣ ਹਨ। ਅਸੀਂ ਆਪਣੀਆਂ ਪ੍ਰਾਪਤੀਆਂ ਵਿੱਚ ਰੱਬ ਦੀ ਦੇਣ ਸਵੀਕਾਰ ਨਹੀਂ ਕਰਦੇ ਪਰ ਅਸੀਂ ਜਦੋਂ ਕਾਮਯਾਬ ਨਹੀਂ ਹੁੰਦੇ ਤਾਂ ਅਸੀਂ ਆਪਣਾ ਨੁਕਸ ਨਹੀਂ ਕੱਢਦੇ ਬਲਕਿ ਰੱਬ ਉੱਤੇ ਦੋਸ਼ ਲਗਾਉਂਦੇ ਹਾਂ ਕਿ ਰੱਬ ਨੇ ਸਾਡੀ ਕਿਸਮਤ ਹੀ ਮਾੜੀ ਲਿਖੀ ਹੈ, ਵਰਨਾ ਅਸੀਂ ਮਿਹਨਤ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਸੀ ਛੱਡੀ, ਅਰਥਾਤ ਹਰ ਮਾੜੀ ਗੱਲ ਅਸੀਂ ਰੱਬ ਉੱਤੇ ਛੱਡ ਦਿੰਦੇ ਹਾਂ ਅਤੇ ਹਰ ਚੰਗੀ ਪ੍ਰਾਪਤੀ ਲਈ ਆਪਣੀਆਂ ਕੀਤੀਆਂ ਕੋਸ਼ਿਸ਼ਾਂ ਦੀਆਂ ਫੜ੍ਹਾਂ ਮਾਰਦੇ ਫਿਰਦੇ ਹਾਂ। ਅਸੀਂ ਅਗਰ ਹਰ ਵਕਤ ਖ਼ੁਸ਼ ਰਹਿਣਾ ਹੈ ਤਾਂ ਸਾਡੇ ਲਈ ਲਾਜ਼ਮੀ ਹੈ ਕਿ ਅਸੀਂ ਮਾੜੇ ਚੰਗੇ ਵਕਤਾਂ ਦੀ ਦੇਣ ਰੱਬ ਉੱਤੇ ਹੀ ਛੱਡ ਦੇਈਏ। ਅਰਥਾਤ ਇਹ ਸਵੀਕਾਰ ਕਰ ਲਈਏ ਕਿ ਰੱਬ ਜੈਸਾ ਚਾਹੁੰਦਾ ਹੈ, ਵੈਸਾ ਹੀ ਕਰਦਾ ਹੈ। ਇਹ ਸਿਧਾਂਤ ਅਪਣਾ ਲਈਏ ਤਾਂ ਅਸੀਂ ਮਾੜੇ ਵਕਤਾਂ ਵਿੱਚ ਵੀ ਰੱਬ ਦਾ ਭਾਣਾ ਮੰਨ ਕੇ ਖ਼ੁਸ਼ੀ-ਖ਼ੁਸ਼ੀ ਜੀਵਨ ਬਸਰ ਕਰ ਸਕਦੇ ਹਾਂ।

## ਸਾਡੇ ਚੰਗੇ ਕਰਮ ਹੀ ਸਾਡਾ ਖ਼ਜ਼ਾਨਾ ਹੈ

ਜਿਸ ਆਦਮੀ ਦੇ ਖਾਤੇ ਵਿੱਚ ਚੰਗੇ ਕਰਮਾਂ ਦੀ ਪੂੰਜੀ ਨਹੀਂ ਹੈ, ਉਹ ਆਦਮੀ ਗ਼ਰੀਬ ਹੈ, ਮਲੰਗ ਹੈ। ਪੈਸਾ ਚੰਗੇ ਕੰਮਾ ਦੇ ਖ਼ਜ਼ਾਨੇ ਦਾ ਮੁਕਾਬਲਾ ਨਹੀਂ ਕਰ ਸਕਦਾ, ਪੈਸਾ ਤਾਂ ਕੰਜਰਾਂ ਪਾਸ ਵੀ ਹੁੰਦਾ ਹੈ, ਕੰਜਰੀਆਂ ਪਾਸ ਵੀ ਹੁੰਦਾ ਹੈ, ਡਾਕੂਆਂ ਅਤੇ ਚੋਰਾਂ ਪਾਸ ਵੀ ਹੁੰਦਾ ਹੈ। ਰਿਸ਼ਵਤਖ਼ੋਰ ਅਤੇ ਮੁਨਾਫ਼ਾਖੋਰ ਲੋਕੀਂ ਵੀ ਅਮੀਰ ਹੋ ਜਾਂਦੇ ਹਨ ਪਰ ਜੋ ਖ਼ੁਸ਼ੀ ਅਤੇ ਸੰਤੁਸ਼ਟਤਾ ਚੰਗੇ ਕੰਮਾਂ ਦਾ ਖ਼ਜ਼ਾਨਾ ਰੱਖਣ ਵਾਲੇ ਨੂੰ ਪ੍ਰਾਪਤ ਹੁੰਦੀ ਹੈ, ਉਹ ਰੁਪਿਆਂ ਨਾਲ ਭਰੀਆਂ ਗੋਲਕਾਂ ਵਾਲਿਆਂ ਨੂੰ ਪ੍ਰਾਪਤ ਨਹੀਂ ਹੁੰਦੀ। ਅਮੀਰ ਲੋਕਾਂ ਪਾਸੋਂ ਲੋਕੀਂ ਡਰਦੇ ਹਨ ਪਰ ਚੰਗੇ ਕਰਮ ਕਰਨ ਵਾਲੇ ਲੋਕਾਂ ਨੂੰ ਲੋਕੀਂ ਪਿਆਰ ਵੀ ਕਰਦੇ ਹਨ ਅਤੇ ਸਤਿਕਾਰ ਵੀ ਕਰਦੇ ਹਨ। ਅਮੀਰ ਆਦਮੀਆਂ ਤੋਂ ਅਸੀਂ ਦੂਰ ਰਹਿੰਦੇ ਹਾਂ ਪਰ ਭਲੇ ਪੁਰਸ਼ ਦੇ ਹਰ ਕੋਈ ਨੇੜੇ ਹੋਣਾ ਚਾਹੁੰਦਾ ਹੈ। ਅਸੀਂ ਜਦੋਂ ਰੱਬ ਪਾਸ ਵੀ ਜਾਂਦੇ ਹਾਂ ਤਾਂ ਉੱਥੇ ਵੀ ਸਾਡੇ ਕਰਮਾਂ ਦਾ ਨਿਬੇੜਾ ਹੋਣਾ ਹੈ। ਸਾਡੇ ਪਾਸ ਪੈਸਾ ਹੈ ਸੀ ਜਾਂ ਅਸੀਂ ਸਾਰੀ ਉਮਰ ਗ਼ਰੀਬ ਹੀ ਰਹੇ ਹਾਂ, ਉੱਥੇ ਇਨ੍ਹਾਂ ਗੱਲਾਂ ਉੱਤੇ ਫ਼ੈਸਲਾ ਨਹੀਂ ਕੀਤਾ ਜਾਂਦਾ, ਧਰਮ ਰਾਜ ਦੇ ਦਰਬਾਰ ਵਿੱਚ ਜੋ ਚਿੱਠਾ ਪੜ੍ਹ ਕੇ ਸੁਣਾਇਆ ਜਾਂਦਾ ਹੈ, ਉਸ ਵਿੱਚ ਰੁਪਏ ਦੀ ਗੱਲ ਹੀ ਨਹੀਂ ਕੀਤੀ ਜਾਂਦੀ, ਉੱਥੇ ਦੂਤ ਸਾਡੇ ਚੰਗੇ ਕਰਮ ਪੜ੍ਹਦਾ ਹੈ, ਸਾਡੇ ਕੀਤੇ ਪਾਪਾਂ ਦੀ ਗੱਲ ਕਰਦਾ ਹੈ, ਬਸ! ਅਸੀਂ ਚੰਗੇ ਕਰਮਾਂ ਕਰਕੇ ਮੁਕਤੀ ਪ੍ਰਾਪਤ ਕਰਦੇ ਹਾਂ ਅਤੇ ਮਾੜੇ ਕਰਮਾਂ ਦੀ ਸਜ਼ਾ ਭੁਗਤਦੇ ਹਾਂ। ਨਰਕਾਂ ਅਤੇ ਸਵਰਗਾਂ ਦਾ ਸੰਕਲਪ ਚੰਗੇ ਅਤੇ ਮਾੜੇ ਕਰਮਾਂ ਉੱਤੇ ਨਿਰਧਾਰਿਤ ਹੈ। ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜੋ ਲੋਕੀਂ ਮੁਕਤੀ ਪ੍ਰਾਪਤ ਨਹੀਂ ਕਰਦੇ, ਉਹ ਲੋਕੀਂ ਵਾਰ-ਵਾਰ ਜਨਮ ਲੈਂਦੇ ਹਨ ਅਤੇ ਚੌਰਾਸੀ ਲੱਖ ਜੂਨਾਂ ਭੁਗਤਣੀਆਂ ਪੈਂਦੀਆਂ ਹਨ। ਸੋ ਸਾਨੂੰ ਸਾਰਿਆਂ ਨੂੰ ਮੁਕਤੀ ਪ੍ਰਾਪਤ ਕਰਨ ਦਾ ਰਸਤਾ ਅਪਨਾਉਣਾ ਚਾਹੀਦਾ ਹੈ।

## ਸੱਚ ਦੇ ਵਿਓਪਾਰੀ ਬਣੋ

ਸੱਚ ਬੋਲੋ, ਸੱਚ ਸੁਣੋ ਅਤੇ ਸੱਚ ਦੀ ਕਮਾਈ ਕਰੋ। ਸੱਚ ਕਦੀ ਵੀ ਘਾਟੇ ਵਾਲਾ ਸੌਦਾ ਨਹੀਂ ਹੈ। ਸੱਚ ਹਮੇਸ਼ਾਂ ਲਾਭ ਦਿੰਦਾ ਹੈ। ਬਹੁਤ ਲਾਭ ਦਿੰਦਾ ਹੈ, ਝੂਠ ਘਾਟੇ ਵਾਲਾ ਸੌਦਾ ਹੈ। ਅੱਜ ਵੀ ਘਾਟਾ ਹੈ, ਕੱਲ੍ਹ ਵੀ ਘਾਟਾ ਹੈ ਅਤੇ ਸਦਾ ਹੀ ਘਾਟਾ ਰਹਿੰਦਾ ਹੈ। ਝੂਠ ਵੱਧਦਾ-ਫੁੱਲਦਾ ਨਹੀਂ, ਝੂਠ ਸਾਡੇ ਲਈ ਦੁੱਖ ਲਿਆਉਂਦਾ ਹੈ। ਝੂਠ ਤੋਂ ਕਦੀ ਵੀ ਸੁੱਖ ਜਨਮ ਨਹੀਂ ਲੈਂਦਾ। ਝੂਠ ਬੋਲਣ ਕਾਰਣ ਅਸੀਂ ਮਾਨਸਿਕ ਦਬਾਅ ਹੇਠ ਆ ਜਾਂਦੇ ਹਾਂ। ਸਾਡੀ ਸੋਚਣੀ ਤੱਕ ਪ੍ਰਭਾਵਿਤ ਹੋ ਜਾਂਦੀ ਹੈ। ਝੂਠੇ ਆਦਮੀ ਦਾ ਵਿਅਕਤੀਤਵ ਵੀ ਪ੍ਰਭਾਵਸ਼ਾਲੀ ਨਹੀਂ ਰਹਿੰਦਾ। ਉਹ ਲੋਕਾਂ ਤੋਂ ਛੁਪਦਾ ਫਿਰਦਾ ਹੈ। ਸੱਚਾ ਆਦਮੀ ਅੰਦਰੋਂ-ਬਾਹਰੋਂ ਇਕ ਹੋ ਜਾਂਦਾ ਹੈ। ਉਸ ਦੇ ਸਾਰੇ ਡਰ ਖ਼ਤਮ ਹੋ ਜਾਂਦੇ ਹਨ। ਚਾਰ ਬੰਦਿਆਂ ਅੰਦਰ ਸ਼ੋਭਾ ਬਣਦੀ ਹੈ। ਇਨਸਾਨੀ ਜ਼ਿੰਦਗੀ ਵਿੱਚ ਅਸੀਂ ਜੋ ਵਧੀਆ ਸ਼ੋਭਾ ਪ੍ਰਾਪਤ ਕਰਦੇ ਹਾਂ, ਇਹੀ ਸਾਡੇ ਜੀਵਨ ਦੀ ਕਮਾਈ ਹੈ। ਇਹੀ ਸਾਡਾ ਮੁਨਾਫ਼ਾ ਹੈ। ਜੋ ਲੋਕੀਂ ਝੂਠੇ ਬਣ ਕੇ ਮਾੜੀ ਸ਼ੋਭਾ ਪੈਦਾ ਕਰ ਲੈਂਦੇ ਹਨ, ਉਨ੍ਹਾਂ ਨੇ ਇਸ ਜੀਵਨ ਅੰਦਰ ਘਟੀਆ ਵਿਓਪਾਰ ਕੀਤਾ ਅਤੇ ਘਾਟਾ ਖਾ ਗਏ ਹਨ। ਇਹ ਮਾੜੀ ਸ਼ੋਭਾ ਇਹ ਦਰਸਾਉਂਦੀ ਹੈ ਕਿ ਅਸੀਂ ਇਸ ਜੀਵਨ ਨੂੰ ਅਜਾਈਂ ਗਵਾ ਲਿਆ ਹੈ।

## ਬਾਹਰੀ ਰੂਪ ਸਾਨੂੰ ਧਰਮੀ ਨਹੀਂ ਬਣਾਉਂਦਾ

ਅਸੀਂ ਬਾਹਰੀ ਰੂਪ ਬਣਾ ਕੇ ਲੋਕਾਂ ਉੱਤੇ ਇਹ ਪ੍ਰਭਾਵ ਤਾਂ ਪਾ ਸਕਦੇ ਹਾਂ ਕਿ ਅਸੀਂ ਪੱਕੇ ਹਿੰਦੂ ਹਾਂ, ਪੱਕੇ ਸਿੱਖ ਹਾਂ, ਪੱਕੇ ਇਸਾਈ ਹਾਂ ਜਾਂ ਕਿਸੇ ਹੋਰ ਸੰਪ੍ਰਦਾਇ ਦੇ ਬਣ-ਬਣ ਫਿਰ ਸਕਦੇ ਹਾਂ। ਅਸੀਂ ਉਸ ਧਰਮ ਨਾਲ ਜੁੜੇ ਸਾਰੇ ਕਰਮ-ਕਾਂਡ ਵੀ ਨਿਭਾਅ ਰਹੇ ਹਾਂ ਪਰ ਇਹੀ ਬਾਹਰੀ ਕਰਮ-ਕਾਂਡ ਦਿਖਾ ਕੇ ਕੀ ਅਸੀਂ ਉਸ ਧਰਮ ਦੇ ਪੱਕੇ ਪੈਰੋਕਾਰ ਬਣ ਗਏ ਹਾਂ ਜਾਂ ਨਹੀਂ, ਇਸ ਦੀ ਪਰਖ ਕਰਨ ਦੇ ਆਧਾਰ ਹੋਰ ਹਨ। ਸਾਰੇ ਧਰਮ ਇੱਕੋ ਹੀ ਰੱਬ ਦੀ ਗੱਲ ਕਰਦੇ ਹਨ ਅਤੇ ਇੱਕੋ ਜਿਹੇ ਆਚਾਰ ਸਥਾਪਿਤ ਕਰਨ ਦੀਆਂ ਗੱਲਾਂ ਕਰਦੇ ਹਨ। ਅਸੀਂ ਇਹ ਬਾਹਰੀ ਰੂਪ ਬਣਾ-ਬਣਾ ਕੇ ਚੰਗੀ ਗੱਲ ਨਹੀਂ ਕੀਤੀ। ਅਸੀਂ ਦੁਨੀਆਂ ਭਰ ਦੇ ਲੋਕਾਂ ਨੂੰ ਧਰਮਾਂ ਦੇ ਆਧਾਰ 'ਤੇ ਵੰਡ ਬੈਠੇ ਹਾਂ ਅਤੇ ਇਹ ਵੰਡੀਆਂ ਪੈ ਜਾਣਾ ਕੋਈ ਨਿੱਕੀ ਜਿਹੀ ਗੱਲ ਨਹੀਂ ਹੈ। ਇਹ ਬਹੁਤ ਹੀ ਵੱਡਾ ਦੁਖਾਂਤ ਹੈ। ਜਦੋਂ ਦੀਆਂ ਇਹ ਧਰਮਾਂ ਦੀਆਂ ਵੰਡੀਆਂ ਪਈਆਂ ਹਨ, ਇਸ ਇਨਸਾਨੀ ਜ਼ਿੰਦਗੀ ਵਿੱਚ ਦੁੱਖ ਹੀ ਦੁੱਖ ਆਏ ਹਨ। ਧਰਮ ਦੇ ਨਾਮ 'ਤੇ ਵੰਡੀਆਂ ਪਈਆਂ ਹਨ, ਜ਼ਬਰ ਕੀਤੇ ਗਏ ਹਨ। ਅਗਰ ਅਸੀਂ ਆਖੀਏ ਕਿ ਧਰਮਾਂ ਦੇ ਨਾਮ 'ਤੇ ਜੰਗਾਂ ਹੁੰਦੀਆਂ ਰਹੀਆਂ ਹਨ ਅਤੇ ਸਾਰਾ ਮਨੁੱਖੀ ਇਤਿਹਾਸ ਖ਼ੂਨ ਨਾਲ ਲਿਖਿਆ ਗਿਆ ਹੈ ਤਾਂ ਗ਼ਲਤ ਨਹੀਂ ਹੈ। ਜਦੋਂ ਤੱਕ ਅਸੀਂ ਬਾਹਰੀ ਰੂਪ ਅਤੇ ਕਰਮ-ਕਾਂਡ ਨਹੀਂ ਛੱਡਣਾ ਉਦੋਂ ਤੱਕ ਇਹ ਮਨੁੱਖਤਾ ਕਦੀ ਇਕ ਨਹੀਂ ਹੋ ਸਕਦੀ। ਇਹ ਵੰਡੀਆਂ ਵੱਧਦੀਆਂ-ਵੱਧਦੀਆਂ ਇੱਥੋਂ ਤੱਕ ਆ ਪੁੱਜੀਆਂ ਹਨ ਕਿ ਅੱਜ ਅਸੀਂ ਧਰਮਾਂ ਦੇ ਨਾਮ 'ਤੇ ਦੇਸ਼ ਸਥਾਪਿਤ ਕਰ ਰਹੇ ਹਾਂ। ਬਹੁ-ਗਿਣਤੀ ਅਤੇ ਬਹੁ-ਗਿਣਤੀ ਦੀਆਂ ਗੱਲਾਂ ਤੁਰ ਪਈਆਂ ਹਨ। ਘੱਟ-ਗਿਣਤੀਆਂ ਨੂੰ ਸ਼ਿਕਾਇਤ ਹੈ ਕਿ ਉਨ੍ਹਾਂ ਨਾਲ ਇਨਸਾਫ਼ ਨਹੀਂ ਕੀਤਾ ਜਾ ਰਿਹਾ ਅਤੇ ਉਹ ਵਿਤਕਰੇ ਦੇ ਸ਼ਿਕਾਰ ਹਨ, ਸਾਡੀ ਸਮਝ ਵਿੱਚ ਇਹ ਗੱਲ ਨਹੀਂ ਆਈ ਕਿ ਇਹ ਬਾਹਰੀ ਰੂਪ ਸਾਨੂੰ ਪੱਕਾ ਧਰਮੀ ਨਹੀਂ ਬਣਾਉਂਦਾ। ਪੱਕਾ ਧਰਮੀ ਤਾਂ ਉਹੀ ਬੰਦਾ ਬਣਦਾ ਹੈ ਜੋ ਸਾਰੀ ਦੁਨੀਆਂ ਦੇ ਲੋਕਾਂ

ਨੂੰ ਆਪਣੇ ਪਰਿਵਾਰ ਦੇ ਮੈਂਬਰ ਸਮਝਦਾ ਹੈ ਅਤੇ ਹਰੇਕ ਨਾਲ ਪਿਆਰ ਕਰਦਾ ਹੈ। ਧਰਮਾਂ ਦੀਆਂ ਵੰਡੀਆਂ ਨੇ ਪਿਆਰ ਦੀ ਥਾਂ ਨਫ਼ਰਤ ਨੂੰ ਜਨਮ ਦਿੱਤਾ ਹੈ, ਇਹ ਸਾਰੀ ਕਾਰਵਾਈ ਗ਼ਲਤ ਸਾਬਤ ਹੋਈ ਹੈ।

## ਤੁਹਾਡੇ ਬੋਲ ਪਿਆਰ ਨੂੰ ਜਨਮ ਦੇ ਸਕਦੇ ਹਨ

ਅਸੀਂ ਦੇਖਦੇ ਆ ਰਹੇ ਹਾਂ ਕਿ ਕੁਝ ਲੋਕਾਂ ਦੇ ਬੋਲ ਹਰ ਪਾਸੇ ਪਿਆਰ ਹੀ ਪਿਆਰ ਸਥਾਪਿਤ ਕਰ ਦਿੰਦੇ ਹਾਂ। ਅਸੀਂ ਐਸੇ ਲੋਕਾਂ ਦੇ ਬੋਲ ਵੀ ਸੁਣੇ ਹਨ ਜੋ ਹਰ ਪਾਸੇ ਪਿਆਰ ਨੂੰ ਜਨਮ ਦਿੰਦੇ ਹਨ। ਭੜਕਾਊ ਭਾਸ਼ਣ ਦੇਣ ਵਾਲੇ ਮਨੁੱਖਤਾ ਅੰਦਰ ਦੁਸ਼ਮਣੀਆਂ ਪੈਦਾ ਕਰਦੇ ਹਨ। ਅਸੀਂ ਥੋੜ੍ਹੀ ਬੁੱਧੀ ਦੇ ਮਾਲਕ ਹਾਂ। ਅਸੀਂ ਭੜਕਾਊ ਭਾਸ਼ਣ ਸੁਣ ਕੇ ਪਤਾ ਨਹੀਂ ਕੀ ਕਰ ਬੈਠੀਏ ? ਇਹੀ ਕਾਰਣ ਹੈ ਕਿ ਲੋਕਾਂ ਨੂੰ ਭੜਕਾਉਣ ਵਾਲਾ ਆਦਮੀ ਪਾਪੀ ਵੀ ਹੈ ਅਤੇ ਵਕਤ ਦੀਆਂ ਸਰਕਾਰਾਂ ਉਸ ਨੂੰ ਸਮਝਦੀਆਂ ਹਨ। ਅਸੀਂ ਦੁਨੀਆਂ ਵਿੱਚ ਪਿਆਰ ਪੈਦਾ ਕਰਨ ਆਏ ਹਾਂ। ਅਸੀਂ ਆਪ ਵੀ ਕਿਸੇ ਨੇ ਨਫ਼ਰਤ ਨਹੀਂ ਕਰਨੀ ਅਤੇ ਨਾ ਹੀ ਲੋਕਾਂ ਨੂੰ ਅਸੀਂ ਭੜਕਾਉਣਾ ਹੀ ਹੈ। ਅੱਜ-ਕੱਲ੍ਹ ਭੜਕਾਊ ਭਾਸ਼ਣ ਦੇਣ ਵਾਲੇ ਅਸ਼ਾਂਤੀ ਫੈਲਾਅ ਦਿੰਦੇ ਹਨ। ਲੋਕਾਂ ਨੂੰ ਗ਼ਲਤ ਕਾਰਵਾਈਆਂ ਕਰਨ ਲਈ ਭੜਕਾਉਂਦੇ ਹਨ। ਅਸੀਂ ਦੇਖਦੇ ਆ ਰਹੇ ਹਾਂ ਕਿ ਇਹ ਭੜਕਾਊ ਭਾਸ਼ਣ ਦੇਣ ਵਾਲੇ ਲੋਕੀਂ ਲੋਕਾਂ ਨੂੰ ਆਪੋ ਵਿੱਚ ਲੜਾ ਕੇ ਆਪ ਪਾਸੇ ਹੋ ਜਾਂਦੇ ਹਨ। ਲੋਕੀਂ ਦੰਗੇ-ਫ਼ਸਾਦ ਖੜ੍ਹੇ ਕਰਕੇ ਕਿਤਨੇ ਹੀ ਲੋਕਾਂ ਦਾ ਕਤਲ ਕਰ ਦਿੰਦੇ ਹਨ। ਜਦੋਂ ਉਨ੍ਹਾਂ ਨੂੰ ਹੋਸ਼ ਆਉਂਦੀ ਹੈ, ਉਦੋਂ ਤੱਕ ਉਹ ਕਿਤਨਾ ਹੀ ਨੁਕਸਾਨ ਕਰ ਚੁੱਕੇ ਹੁੰਦੇ ਹਨ। ਇਸ ਲਈ ਭੜਕਾਊ ਭਾਸ਼ਣ ਨਾ ਤਾਂ ਦੇਣੇ ਚਾਹੀਦੇ ਹਨ ਅਤੇ ਨਾ ਹੀ ਭੜਕਾਊ ਭਾਸ਼ਣ ਸੁਣਨੇ ਹੀ ਚਾਹੀਦੇ ਹਨ।

## ਸਾਡੇ ਅੰਦਰ ਜੋ ਖ਼ੂਬੀਆਂ ਹਨ, ਰੱਬ ਨੇ ਦਿੱਤੀਆਂ ਹਨ

ਅਹੰਕਾਰ ਨਹੀਂ ਕਰਨਾ ਚਾਹੀਦਾ। ਅਗਰ ਰੱਬ ਨੇ ਸਾਡੇ ਅੰਦਰ ਕੁਝ ਖ਼ੂਬੀਆਂ ਦਿੱਤੀਆਂ ਹਨ ਜੋ ਹੋਰਾਂ ਵਿੱਚ ਨਹੀਂ ਹਨ ਤਾਂ ਇਹ ਮਤਲਬ ਸਾਫ਼ ਹੈ ਕਿ ਰੱਬ ਨੇ ਸਾਡੇ ਉੱਤੇ ਖ਼ਾਸ ਮਿਹਰਬਾਨੀ ਕੀਤੀ ਹੈ। ਅਸੀਂ ਰੱਬ ਦਾ ਸ਼ੁਕਰ-ਗੁਜ਼ਾਰ ਹੋਣਾ ਹੈ ਅਤੇ ਇਹ ਫ਼ੈਸਲਾ ਕਰਨਾ ਹੈ ਕਿ ਇਹ ਖ਼ੂਬੀਆਂ ਸਾਨੂੰ ਇਸ ਲਈ ਦਿੱਤੀਆਂ ਗਈਆਂ ਹਨ ਤਾਂ ਕਿ ਅਸੀਂ ਇਨ੍ਹਾਂ ਖ਼ੂਬੀਆਂ ਨੂੰ ਹੋਰ ਲੋਕਾਂ ਦੇ ਭਲੇ ਲਈ ਵਰਤੀਏ। ਮਨੁੱਖ ਜਮਾਂਦਰੂ ਸਵਾਰਥੀ ਹੈ। ਅਸੀਂ ਆਪਣੀਆਂ ਲੋੜਾਂ ਵੀ ਪੂਰੀਆਂ ਕਰਨੀਆਂ ਹਨ ਪਰ ਇਸ ਦਾ ਮਤਲਬ ਇਹ ਵੀ ਨਹੀਂ ਨਿਕਲਦਾ ਕਿ ਰੱਬ ਨੇ ਸਾਡੇ ਅੰਦਰ ਜੋ ਖ਼ੂਬੀਆਂ ਪ੍ਰਦਾਨ ਕੀਤੀਆਂ ਹਨ, ਉਹ ਸਿਰਫ਼ ਸਾਡੇ ਲਈ ਹੀ ਹਨ। ਰੱਬ ਨੇ ਇਸ ਦੁਨੀਆਂ ਦੇ ਹਰ ਜੀਵ ਦਾ ਖ਼ਿਆਲ ਰੱਖਣਾ ਹੈ ਅਤੇ ਉਹ ਹਮੇਸ਼ਾਂ ਕਿਸੇ ਨਾ ਕਿਸੇ ਜੀਵ ਹੱਥੋਂ ਕਰਾਉਂਦਾ ਹੈ। ਪਹਿਲਾਂ ਤਾਂ ਮਾਂ-ਪਿਓ ਹੀ ਐਸੇ ਜੀਵ ਹਨ ਜੋ ਸਾਡੇ ਰੱਬ ਦੇ ਨੁਮਾਇੰਦੇ ਹੋ ਕੇ ਪ੍ਰਗਟ ਹੁੰਦੇ ਹਨ। ਰੱਬ ਉਨ੍ਹਾਂ ਰਾਹੀਂ ਸਾਡੀ ਪਰਵਰਿਸ਼ ਦਾ ਪ੍ਰਬੰਧ ਕਰਦਾ ਹੈ ਅਤੇ ਇਉਂ ਅਸੀਂ ਦੇਖਦੇ ਹਾਂ ਕਿ ਕੁਝ ਲੋਕਾਂ ਲਈ ਅਸੀਂ ਰੱਬ ਦੇ ਨੁਮਾਇੰਦੇ ਬਣ ਕੇ ਆਉਂਦੇ ਹਾਂ।

## ਕਿਸੇ ਦਾ ਸ਼ੋਸ਼ਣ ਨਾ ਕਰੋ

ਇਸ ਦੁਨੀਆਂ ਅੰਦਰ ਬਹੁਤ ਸਾਰੇ ਲੋਕੀਂ ਐਸੇ ਹਨ ਜੋ ਸਾਡੇ ਤੋਂ ਕਮਜ਼ੋਰ ਹਨ, ਬੇਸਹਾਰਾ ਹਨ, ਗ਼ਰੀਬ ਹਨ, ਸਾਡਾ ਮੁਕਾਬਲਾ ਕਰਨ ਜੋਗੇ ਨਹੀਂ ਹਨ। ਉਨ੍ਹਾਂ ਉੱਤੇ ਸਾਡਾ ਦਬ-ਦਬਾ ਬਣਿਆ ਹੋਇਆ ਹੈ। ਉਹ ਸਾਡਾ ਕਿਹਾ ਸਵੀਕਾਰ ਕਰਨ ਉੱਤੇ

ਮਜਬੂਰ ਹਨ। ਰੱਬ ਦੀ ਬਣਾਈ ਹੋਈ ਇਸ ਦੁਨੀਆਂ ਵਿੱਚ ਅਸੀਂ ਕਦੀ ਬਰਾਬਰਤਾ ਨਹੀਂ ਆਉਣ ਦਿੰਦੇ। ਇਹ ਵੰਡੀਆਂ ਪਈਆਂ ਹੀ ਰਹਿਣਗੀਆਂ। ਅਸੀਂ ਅਗਰ ਬਰਾਬਰਤਾ ਲਿਆਉਣਾ ਵੀ ਚਾਹੀਏ ਤਾਂ ਵੀ ਨਹੀਂ ਆ ਸਕਦੀ। ਹੋ ਸਕਦਾ ਹੈ ਮਨੁੱਖ ਨੂੰ ਸਹੀ ਸੇਧ ਦੇਣ ਲਈ ਜਾਂ ਮਨੁੱਖ ਦੀ ਪਰਖ ਕਰਨ ਲਈ ਹੀ ਰੱਬ ਨੇ ਇਨਸਾਨਾਂ ਦੀਆਂ ਵੰਡੀਆਂ ਪਾ ਰੱਖੀਆਂ ਹੋਣ। ਹੋ ਸਕਦਾ ਹੈ ਰੱਬ ਐਸੀਆਂ ਪ੍ਰਸਥਿਤੀਆਂ ਵਿੱਚ ਪਾ ਕੇ ਸਾਡੀ ਪ੍ਰੀਖਿਆ ਲੈ ਰਿਹਾ ਹੋਵੇ। ਅਗਰ ਸਾਡੀ ਇਹ ਹੀ ਪ੍ਰੀਖਿਆ ਹੈ ਤਾਂ ਅਸੀਂ ਇਸ ਪ੍ਰੀਖਿਆ ਵਿੱਚੋਂ ਪਾਸ ਹੋਣਾ ਹੈ, ਅਸੀਂ ਫੇਲ੍ਹ ਨਹੀਂ ਹੋਣਾ। ਅਸੀਂ ਅਗਰ ਬਰਾਬਰਤਾ ਨਹੀਂ ਲਿਆ ਸਕਦੇ ਤਾਂ ਕੀ ਹੋਇਆ ? ਅਸੀਂ ਆਪ ਤਾਂ ਬਰਾਬਰਤਾ ਦਾ ਸੰਕਲਪ ਅਪਣਾ ਸਕਦੇ ਹਾਂ, ਅਸੀਂ ਤਾਂ ਬਸ ਇਤਨਾ ਹੀ ਕਰਨਾ ਹੈ ਕਿ ਕਿਸੇ ਦੀ ਕਮਜ਼ੋਰੀ ਦਾ ਫ਼ਾਇਦਾ ਨਹੀਂ ਉਠਾਉਣਾ, ਅਰਥਾਤ ਕਿਸੇ ਦੀ ਕਮਜ਼ੋਰੀ ਦਾ ਲਾਭ ਉਠਾ ਕੇ ਉਸ ਦੀ ਗ਼ਲਤ ਵਰਤੋਂ ਨਹੀਂ ਕਰਨੀ। ਇਹ ਸ਼ੋਸ਼ਣ ਦਾ ਸਿਲਸਿਲਾ ਬੰਦ ਕਰਨ ਲਈ ਅਸੀਂ ਆਪ ਪਹਿਲ-ਕਦਮੀ ਕਰਨੀ ਹੈ। ਕੁਝ ਦਿਨਾਂ ਦਾ ਅਭਿਆਸ ਕਰਨ ਨਾਲ ਅਸੀਂ ਐਸੀਆਂ ਆਦਤਾਂ ਬਣਾ ਸਕਦੇ ਹਾਂ ਕਿ ਕਿਸੇ ਦਾ ਸਾਥੋਂ ਸ਼ੋਸ਼ਣ ਨਾ ਹੋਵੇ। ਐਸਾ ਕਰਨਾ ਵੀ ਪੁੰਨ ਦਾ ਕੰਮ ਹੈ।

## ਰੱਬ ਦੇ ਹੁਕਮ ਮੁਤਾਬਿਕ ਚੱਲੋ

ਅਸੀਂ ਅਗਰ ਰੱਬ ਦੇ ਹੁਕਮ ਮੁਤਾਬਿਕ ਚਲਦੇ ਹਾਂ ਤਾਂ ਅਸੀਂ ਰੱਬ ਦੇ ਸਭ ਤੋਂ ਪਿਆਰੇ ਬੱਚੇ ਬਣ ਜਾਂਦੇ ਹਾਂ। ਅਰਥਾਤ ਅਸੀਂ ਰੱਬ ਦੇ ਨੇੜੇ ਹੋ ਆਉਂਦੇ ਹਾਂ ਅਤੇ ਰੱਬ ਸਾਡਾ ਖ਼ਾਸ ਖ਼ਿਆਲ ਰੱਖਣ ਲੱਗ ਪੈਂਦਾ ਹੈ। ਰੱਬ ਦੀ ਰਜ਼ਾ ਵਿੱਚ ਨਾ ਚੱਲਣ ਵਾਲਿਆਂ ਦਾ ਹਸ਼ਰ ਉਹੀ ਹੁੰਦਾ ਹੈ ਜੋ ਇਕ ਐਸੇ ਬੱਚੇ ਦਾ ਹੁੰਦਾ ਹੈ ਜਿਸ ਦੇ ਮਾਤਾ-ਪਿਤਾ ਉਸ ਨੂੰ ਆਪਣੇ ਨਾਲੋਂ ਅਤੇ ਆਪਣੀ ਸਾਰੀ ਸੰਪੱਤੀ ਤੋਂ ਬੇਦਖ਼ਲ ਕਰ ਦਿੰਦੇ ਹਨ। ਅਸੀਂ ਐਸੇ ਬੱਚਿਆਂ ਵਿੱਚ ਸ਼ਾਮਿਲ ਨਹੀਂ ਹੋਣਾ, ਅਸੀਂ ਤਾਂ ਰੱਬ ਦੇ ਸਪੂਤ ਬਣ ਕੇ ਰਹਿਣਾ ਹੈ ਤਾਂ ਕਿ ਰੱਬ ਆਪਣੀਆਂ ਨਿਆਮਤਾਂ ਵਿਚੋਂ ਕੁਝ ਨਾ ਕੁਝ ਸਾਡੇ ਵੱਲ ਭੇਜਦਾ ਰਹੇ ਅਤੇ ਕਦੇ ਵੀ ਸਾਨੂੰ ਬੇਦਖ਼ਲ ਨਾ ਕਰੇ। ਅਸੀਂ ਰੱਬ ਦੇ ਖ਼ਾਸ ਪੁੱਤਰ ਬਣ ਕੇ ਰਹਿਣਾ ਹੈ ਅਤੇ ਰੱਬ ਦੀਆਂ ਬਰਕਤਾਂ ਦੇ ਵਾਰਿਸ ਬਣਨਾ ਹੈ। ਅਸੀਂ ਬਹੁਤਾ ਤਰੱਦਦ ਨਹੀਂ ਕਰਨਾ, ਬਸ ਹਰ ਕੰਮ ਕਰਨ ਤੋਂ ਪਹਿਲਾਂ ਆਪਣੇ ਅੰਦਰੋਂ ਆਪਣੀ ਆਤਮਾ ਦੀ ਉੱਠੀ ਆਵਾਜ਼ ਦੀ ਪਕੜ ਕਰਨੀ ਹੈ ਅਤੇ ਉਸ ਆਵਾਜ਼ ਮੁਤਾਬਿਕ ਕਾਰਜ ਕਰਨਾ ਹੈ। ਇਸ ਨਿੱਕੇ ਜਿਹੇ ਕੰਮ ਲਈ ਬਹੁਤੇ ਗਿਆਨ ਦੀ ਜ਼ਰੂਰਤ ਨਹੀਂ ਹੈ। ਨਾ ਹੀ ਵੱਡੇ-ਵੱਡੇ ਗਰੰਥ ਪੜ੍ਹਨ ਦੀ ਜ਼ਰੂਰਤ ਹੈ। ਐਸਾ ਅਭਿਆਸ ਅਸੀਂ ਆਪ ਹੀ ਕਰਨਾ ਹੈ ਅਤੇ ਅਸੀਂ ਆਪਣੀ ਆਤਮਾ ਦੀ ਆਵਾਜ਼ ਪਛਾਣਨ ਅਤੇ ਸੁਣਨ ਦੇ ਕਾਬਲ ਹੋ ਜਾਵਾਂਗੇ।

## ਲਿਖੋ ਤਾਂ ਸੱਚਾ, ਸੁੱਚਾ ਤੇ ਸ਼ਕਤੀ ਦੇਣ ਵਾਲਾ ਲਿਖੋ

ਦੁਨੀਆਂ ਵਿੱਚ ਬਹੁਤ ਕੁਝ ਆਖਿਆ ਜਾ ਚੁੱਕਾ ਹੈ, ਬਹੁਤ ਲੋਕਾਂ ਨੇ ਯਾਦ ਕਰ ਰੱਖਿਆ ਹੈ, ਬਹੁਤ ਕੁਝ ਲਿਖਿਆ ਜਾਂਦਾ ਰਿਹਾ ਹੈ, ਬਹੁਤ ਕੁਝ ਪੜ੍ਹਿਆ ਜਾਂਦਾ ਰਿਹਾ ਹੈ ਪਰ ਸਮਾਂ ਪਾ ਕੇ ਅਸੀਂ ਦੇਖਦੇ ਹਾਂ ਉਹੀ ਕੁਝ ਸੁਰਜੀਤ ਰਿਹਾ ਹੈ ਜੋ ਕੁਝ ਸੱਚ ਸੀ। ਖ਼ੂਬਸੂਰਤ ਸੀ ਅਤੇ ਮਨੁੱਖੀ ਮਨ ਨੂੰ ਸ਼ਕਤੀ ਦਿੰਦਾ ਸੀ। ਬਾਕੀ ਸਾਰੀਆਂ ਆਖੀਆਂ ਅਤੇ ਲਿਖੀਆਂ ਗੱਲਾਂ ਸਮਾਂ ਪਾ ਕੇ ਖ਼ਤਮ ਹੋ ਗਈਆਂ ਹਨ, ਮਰ ਗਈਆਂ ਹਨ, ਕਿਸੇ ਦੇ ਚਿੱਤ-ਚੇਤੇ ਵੀ ਨਹੀਂ ਹਨ। ਇਸ ਲਈ ਅਸੀਂ ਜਦੋਂ ਕਦੀ ਕੁਝ ਬੋਲਦੇ ਹਾਂ ਜਾਂ ਲਿਖਦੇ ਹਾਂ

ਤਾਂ ਸਾਨੂੰ ਇਨ੍ਹਾਂ ਤਿੰਨਾਂ ਸਿਧਾਂਤਾਂ ਉੱਤੇ ਵਿਸ਼ਵਾਸ ਰੱਖਣਾ ਚਾਹੀਦਾ ਹੈ—ਅਸੀਂ ਸੱਚ ਦਾ ਪੱਲਾ ਨਾ ਛੱਡੀਏ, ਅਸੀਂ ਜੋ ਕੁਝ ਆਖੀਏ ਜਾਂ ਲਿਖੀਏ ਉਹ ਅਨੰਦਮਈ ਹੋਵੇ ਅਤੇ ਮਨੁੱਖ ਨੂੰ ਸ਼ਕਤੀ ਅਤੇ ਹੱਲਾਸ਼ੇਰੀ ਦੇਣ ਵਾਲਾ ਹੋਵੇ। ਅਰਥਾਤ ਅਸੀਂ ਕਿਸੇ ਨੂੰ ਗੁੰਮਰਾਹ ਨਾ ਕਰ ਰਹੇ ਹੋਈਏ, ਕਿਸੇ ਨਾਲ ਧੋਖਾ ਨਾ ਕਰ ਰਹੇ ਹੋਈਏ, ਬਨਾਵਟੀ ਗੱਲਾਂ ਲਿਖ ਕੇ ਲੋਕਾਂ ਨੂੰ ਇਸ ਦੁਨੀਆਂ ਤੋਂ ਦੂਰ ਨਾ ਲਿਜਾਂਦੇ ਹੋਈਏ। ਅਸੀਂ ਲੋਕਾਂ ਨੂੰ ਨਿਰਾਸ਼ ਨਹੀਂ ਕਰਨਾ, ਜਿਉਣ ਜੋਗੇ ਬਨਾਉਣਾ ਹੈ ਅਤੇ ਇਹ ਸਿਧਾਂਤ ਅਪਨਾਉਣੇ ਮੁਸ਼ਕਿਲ ਨਹੀਂ ਹਨ, ਬਹੁਤ ਹੀ ਸੌਖੇ ਹਨ, ਬਸ ਅਸੀਂ ਤਾਂ ਇਸ ਪਾਸੇ ਵੱਲ ਸੋਚਣਾ ਹੈ। ਅਸੀਂ ਉਦੋਂ ਤੱਕ ਗੱਲ ਮੂੰਹੋਂ ਨਹੀਂ ਕੱਢਣੀ ਅਤੇ ਨਾ ਹੀ ਲਿਖਣੀ ਹੈ ਜਾਂ ਕਿਸੇ ਹੋਰ ਢੰਗ ਨਾਲ ਪ੍ਰਗਟ ਕਰਨੀ ਹੈ, ਜਦ ਤੱਕ ਸਾਨੂੰ ਵਿਸ਼ਵਾਸ ਨਹੀਂ ਹੋ ਜਾਂਦਾ ਕਿ ਅਸੀਂ ਜੋ ਗੱਲ ਪ੍ਰਗਟ ਕਰਨ ਜਾ ਰਹੇ ਹਾਂ ਉਹ ਇਕ ਸੱਚਾਈ ਹੈ, ਸੁਣਨ ਵਾਲੇ ਦੇ ਮਨ ਅੰਦਰ ਅਨੰਦ ਪੈਦਾ ਕਰਨ ਵਾਲੀ ਹੈ ਅਤੇ ਉਸ ਨੂੰ ਸ਼ਕਤੀ ਦੇਣ ਵਾਲੀ ਹੈ। ਲੇਖਕਾਂ, ਕਲਾਕਾਰਾਂ, ਬੁੱਤ ਘਾੜਿਆਂ, ਨਾਟਕਕਾਰਾਂ, ਕਵੀਆਂ, ਪੇਂਟਰਾਂ ਨੂੰ ਇਨ੍ਹਾਂ ਮੁਢਲੇ ਸਿਧਾਂਤਾਂ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ। ਅਗਰ ਉਹ ਇਨ੍ਹਾਂ ਤਿੰਨਾਂ ਸਿਧਾਂਤਾਂ ਨੂੰ ਸਵੀਕਾਰ ਕਰੇ ਬਗ਼ੈਰ ਕੁਝ ਆਖਣਗੇ ਤਾਂ ਉਹ ਸਾਰਾ ਕੁਝ ਵਕਤੀਆ ਹੋ ਜਾਏਗਾ ਅਤੇ ਸਮੇਂ ਦੀਆਂ ਚਪੇੜਾਂ ਸਹਿ ਕੇ ਸੁਰਜੀਤ ਨਹੀਂ ਰਹਿ ਸਕੇਗਾ।

## ਸਾਨੂੰ ਪਤਾ ਹੈ ਅਸੀਂ ਨਰਕ ਜਾਂ ਸਵਰਗ ਵਿੱਚ ਜਾਣਾ ਹੈ

ਹਰੇਕ ਆਦਮੀ ਨੂੰ ਪਤਾ ਹੈ ਕਿ ਉਹ ਕੀ ਕੁਝ ਵਧੀਆ ਕਰ ਰਿਹਾ ਹੈ ? ਉਸ ਨੂੰ ਇਹ ਵੀ ਪਤਾ ਹੈ ਕਿ ਉਹ ਕੀ ਕੁਝ ਮਾੜਾ ਕਰ ਰਿਹਾ ਹੈ ? ਹਰੇਕ ਆਦਮੀ ਨੂੰ ਪਤਾ ਹੈ ਕਿ ਜੋ ਕੁਝ ਉਸ ਚੰਗਾ ਕੀਤਾ ਹੈ, ਉਸ ਬਦਲੇ ਸਵਰਗ ਮਿਲ ਸਕਦਾ ਹੈ। ਉਸ ਨੂੰ ਇਹ ਵੀ ਪਤਾ ਹੈ ਕਿ ਉਹ ਜੋ ਕੁਝ ਮਾੜਾ ਕਰ ਬੈਠਾ ਹੈ। ਉਸ ਲਈ ਨਰਕਾਂ ਦਾ ਪਾਤਰ ਬਣ ਸਕਦਾ ਹੈ। ਇਤਨਾ ਕੁ ਗਿਆਨ ਉਸ ਨੂੰ ਹੈ। ਫਿਰ ਉਹ ਰੱਬ ਅੱਗੇ ਪਾਪ ਬਖ਼ਸ਼ਾਉਣ ਦੀਆਂ ਅਰਦਾਸਾਂ ਕਰਨ ਦੀ ਬਜਾਏ, ਪਾਪ ਕਰਨੇ ਛੱਡਣ ਦਾ ਸਿਲਸਿਲਾ ਸ਼ੁਰੂ ਕਿਉਂ ਨਹੀਂ ਕਰਦਾ ? ਇਹ ਕੋਈ ਮੁਸ਼ਕਿਲ ਕੰਮ ਨਹੀਂ ਹੈ। ਜਦੋਂ ਸਾਨੂੰ ਪਤਾ ਹੈ ਕਿ ਅਸੀਂ ਕਿੱਥੇ-ਕਿੱਥੇ ਗ਼ਲਤ ਹਾਂ ਤਾਂ ਇਸ ਬਾਰੇ ਹੋਰ ਲੋਕਾਂ ਪਾਸ ਜਾ ਕੇ ਪੁੱਛਣ ਦੀ ਜ਼ਰੂਰਤ ਨਹੀਂ ਹੈ। ਸਾਡੀਆਂ ਕਮਜ਼ੋਰੀਆਂ ਸਿਰਫ਼ ਸਾਡੇ ਤੱਕ ਸੀਮਤ ਹਨ। ਦੁਨੀਆਂ ਭਰ ਦੇ ਲੋਕੀਂ ਕਮਜ਼ੋਰੀਆਂ ਦਾ ਸ਼ਿਕਾਰ ਹਨ। ਇਹ ਲੋਕੀਂ ਜੋ ਸਾਨੂੰ ਅਗਵਾਈ ਦੇਣ ਦਾ ਢੌਂਗ ਰਚਾਈ ਬੈਠੇ ਹਨ, ਇਹ ਵੀ ਕਮਜ਼ੋਰੀਆਂ ਦੇ ਪੁਤਲੇ ਹਨ। ਆਪਣੀਆਂ ਕਮਜ਼ੋਰੀਆਂ ਛੁਪਾ ਕੇ ਸਾਨੂੰ ਪ੍ਰਵਚਨ ਕਰ ਰਹੇ ਹਨ। ਇਨ੍ਹਾਂ ਪਾਸ ਜਾ ਕੇ ਸਮਾਂ ਨਸ਼ਟ ਕਰਨ ਦੀ ਬਜਾਏ, ਅਸੀਂ ਆਪਣਾ ਆਪ ਨਿਰੀਖਣ ਕਰ ਸਕਦੇ ਹਾਂ ਅਤੇ ਨਿੱਕੀਆਂ-ਨਿੱਕੀਆਂ ਕਮਜ਼ੋਰੀਆਂ ਉੱਤੇ ਕਾਬੂ ਪਾਉਂਦੇ-ਪਾਉਂਦੇ ਅੱਗੇ ਵੱਧ ਸਕਦੇ ਹਾਂ। ਕੁਝ ਅਰਸਾ ਐਸਾ ਅਭਿਆਸ ਕੀਤਾ ਜਾਵੇ ਤਾਂ ਸਾਡੇ ਅੰਦਰ ਵੱਡੀਆਂ ਤਬਦੀਲੀਆਂ ਆ ਜਾਣਗੀਆਂ। ਨਰਕਾਂ ਅਤੇ ਸਵਰਗਾਂ ਬਾਰੇ ਬਸ ਇਤਨਾ ਕੁ ਸੋਚਣ ਦੀ ਜ਼ਰੂਰਤ ਹੈ ਕਿਉਂਕਿ ਰੱਬ ਸਾਡੀਆਂ ਕਰਨੀਆਂ ਉੱਤੇ ਸਾਡੇ ਭਵਿੱਖ ਦਾ ਫ਼ੈਸਲਾ ਕਰਦਾ ਹੈ।

## ਅਸੀਂ ਜਦੋਂ ਸੰਤੁਸ਼ਟ ਹੋ ਜਾਂਦੇ ਹਾਂ

ਵੈਸੇ ਤਾਂ ਇਨਸਾਨੀ ਫ਼ਿਤਰਤ ਹੈ ਕਿ ਇਹ ਇਨਸਾਨ ਕਦੀ ਵੀ ਸੰਤੁਸ਼ਟ ਨਹੀਂ ਹੁੰਦਾ, ਇਸ ਦੇ ਵਿੱਚ ਅੱਗੇ ਤੋਂ ਅੱਗੇ ਵੱਧਣ ਦੀ ਲਾਲਸਾ ਹਮੇਸ਼ਾਂ ਕਾਇਮ ਰਹਿੰਦੀ ਹੈ। ਹੋਰ ਕਰਨ ਅਤੇ ਪ੍ਰਾਪਤ ਕਰਨ ਦੀ ਲਾਲਸਾ ਕਾਰਨ ਹੀ ਮਨੁੱਖ ਦੀਆਂ ਪ੍ਰਾਪਤੀਆਂ ਦਾ

ਸਿਲਸਿਲਾ ਜਾਰੀ ਹੈ। ਅਗਰ ਮਨੁੱਖ ਸੰਤੁਸ਼ਟ ਹੋ ਕੇ ਬੈਠ ਜਾਵੇ ਤਾਂ ਉਸ ਦੀ ਸਾਰੀ ਪ੍ਰਗਤੀ ਰੁਕ ਜਾਵੇਗੀ। ਮਨੁੱਖੀ ਜੀਵਨ ਖੜੋਤ ਦਾ ਸ਼ਿਕਾਰ ਹੋ ਜਾਵੇਗਾ। ਇਸ ਲਈ ਸੰਤੁਸ਼ਟਤਾ ਦੇ ਅਰਥ ਇਹ ਕੱਢੇ ਜਾ ਸਕਦੇ ਹਨ ਕਿ ਮਨੁੱਖ ਯਤਨ ਕਰਦਾ ਰਹੇ। ਅਗਰ ਉਸ ਦੇ ਯਤਨਾਂ ਦਾ ਸਹੀ ਫ਼ਲ ਨਹੀਂ ਨਿਕਲਿਆ ਤਾਂ ਰੱਬ ਨੂੰ ਉਲਾਂਭਾ ਨਾ ਦੇਵੇ, ਬਲਕਿ ਇਹ ਸੋਚਣ ਦਾ ਸਿਲਸਿਲਾ ਸ਼ੁਰੂ ਕਰੇ ਕਿ ਉਸ ਨੇ ਜੋ ਉਦਮ ਕੀਤਾ ਸੀ ਉਸ ਵਿੱਚ ਕਿਧਰੇ ਨਾ ਕਿਧਰੇ ਕੋਈ ਕਮਜ਼ੋਰੀ ਰਹਿ ਗਈ ਸੀ। ਅਗਲੀ ਵਾਰੀ ਕੋਸ਼ਿਸ਼ ਕਰਨੀ ਹੈ, ਜ਼ਰੂਰ ਕਰਨੀ ਹੈ, ਹਾਰ ਉੱਤੇ ਸ਼ਾਂਤ ਹੋ ਕੇ ਨਹੀਂ ਬੈਠਣਾ ਬਲਕਿ ਅਸੀਂ ਅਗਲੀ ਵਾਰੀ ਹੋਰ ਮਜ਼ਬੂਤੀ ਨਾਲ ਹੱਥ ਪਾਉਣਾ ਹੈ ਤਾਂ ਕਿ ਸਾਨੂੰ ਕਾਮਯਾਬੀ ਮਿਲ ਜਾਵੇ। ਸੰਤੁਸ਼ਟੀ ਦੇ ਅਰਥ ਬਸ ਇਤਨੇ ਕੁ ਹਨ ਕਿ ਅਸੀਂ ਆਪਣੀ ਹਾਰ ਵੀ ਸਵੀਕਾਰ ਕਰਨੀ ਹੈ ਅਤੇ ਸ਼ਿਕਾਇਤ ਵੀ ਨਹੀਂ ਕਰਨੀ। ਸੰਤੁਸ਼ਟੀ ਦਾ ਅਰਥ ਇਹ ਕਦੀ ਨਹੀਂ ਹੈ ਕਿ ਅਸੀਂ ਕੋਈ ਉਮੰਗਾਂ ਹੀ ਨਹੀਂ ਰੱਖਣੀਆਂ ਅਤੇ ਉਮੰਗਾਂ ਦੀ ਪ੍ਰਾਪਤੀ ਲਈ ਸੰਘਰਸ਼ ਹੀ ਨਹੀਂ ਕਰਨਾ। ਇਨਸਾਨੀ ਜ਼ਿੰਦਗੀ ਚੱਲਦੀ ਰਹਿਣੀ ਹੈ ਕਿਉਂਕਿ ਹਾਲਾਂ ਤਾਂ ਮਨੁੱਖ ਰੱਬ ਦੀਆਂ ਨਿਆਮਤਾਂ ਦਾ ਪਾਸਕੂ ਵੀ ਲੱਭ ਨਹੀਂ ਸਕਿਆ। ਹਾਲਾਂ ਬਹੁਤ ਕੁਝ ਲੱਭਣਾ ਬਾਕੀ ਹੈ।

## ਤੁਹਾਡੀ ਕਰਨੀ ਦਾ ਫ਼ਲ ਮਿਲੇਗਾ

ਤੁਸੀਂ ਹਜ਼ਾਰ ਵਾਰੀ ਰੱਬ ਨੂੰ ਯਾਦ ਕਰੀ ਜਾਉ, ਉਸ ਦਾ ਜਾਪ ਕਰਦੇ ਰਹੋ ਅਤੇ ਉਸ ਪਾਸ ਅਰਜ਼ੋਈਆਂ, ਬੇਨਤੀਆਂ ਅਤੇ ਪ੍ਰਾਰਥਨਾ ਕਰਦੇ ਰਹੋ, ਸ਼ਾਇਦ ਤੁਹਾਨੂੰ ਫ਼ਲ ਮਿਲੇ ਜਾਂ ਨਾ ਮਿਲੇ ਪਰ ਅਗਰ ਤੁਸੀਂ ਵਧੀਆ ਕੰਮ ਕਰਦੇ ਹੋ ਜੋ ਮਨੁੱਖ ਜਾਤੀ ਦੇ ਭਲੇ ਵਿੱਚ ਜਾਂਦੇ ਹੋ, ਕਿਸੇ ਦਾ ਕਲਿਆਣ ਹੁੰਦਾ ਹੈ ਅਤੇ ਕੋਈ ਤੁਹਾਡੀ ਮੱਦਦ ਪਾ ਕੇ ਇਤਨਾ ਖ਼ੁਸ਼ ਹੁੰਦਾ ਹੈ ਕਿ ਪਰਮ ਪਿਤਾ ਪ੍ਰਮਾਤਮਾ ਪਾਸ ਤੁਹਾਡੇ ਲਈ ਅਰਦਾਸ ਕਰਦਾ ਹੈ ਤਾਂ ਐਸੇ ਆਦਮੀ ਦੀ ਪ੍ਰਾਰਥਨਾ, ਅਸੀਸ, ਅਰਜ਼ੋਈ ਅਤੇ ਬੇਨਤੀ ਕਦੀ ਖ਼ਾਲੀ ਨਹੀਂ ਜਾਂਦੀ। ਇਹ ਧਾਰਮਿਕ ਪੁਸਤਕਾਂ ਰੱਬ ਨਹੀਂ ਹਨ, ਇਹ ਰਾਹ-ਦਸੇਰਾ ਦਾ ਕੰਮ ਕਰਦੀਆਂ ਹਨ। ਇਨ੍ਹਾਂ ਮਹਾਨ ਪੁਸਤਕਾਂ ਵਿੱਚ ਸਾਡੇ ਪਿਤਾਮਿਆਂ ਨੇ ਆਪਣੇ ਜੀਵਨ ਦੇ ਮਹਾਨ ਤਜਰਬੇ ਸਾਡੇ ਨਾਲ ਸਾਂਝੇ ਕੀਤੇ ਹਨ। ਸਾਡੀ ਰਹਿਨੁਮਾਈ ਲਈ ਇਹ ਤਜਰਬੇ ਅਤੇ ਫ਼ਲਸਫ਼ੇ ਇਕੱਠੇ ਕੀਤੇ ਹਨ। ਅਸੀਂ ਇਨ੍ਹਾਂ ਧਾਰਮਿਕ ਗਰੰਥਾਂ ਦਾ ਪਾਠ ਕਰਕੇ ਸਮਝਦੇ ਹਾਂ ਕਿ ਅਸੀਂ ਆਪਣਾ ਫ਼ਰਜ਼ ਨਿਭਾ ਲਿਆ ਹੈ। ਐਸੀ ਸੋਚਣੀ ਗ਼ਲਤ ਹੈ। ਸਹੀ ਤਾਂ ਇਹ ਹੈ ਕਿ ਅਸੀਂ ਇਕ-ਇਕ ਕਰਕੇ ਉਹ ਸਿੱਖਿਆਵਾਂ ਅਪਨਾਉਣੀਆਂ ਹਨ ਜੋ ਇਨ੍ਹਾਂ ਧਾਰਮਿਕ ਪੁਸਤਕਾਂ ਵਿੱਚ ਲਿਖੀਆਂ ਹੋਈਆਂ ਹਨ। ਜਦ ਤੱਕ ਇਹ ਸਿੱਖਿਆਵਾਂ ਸਾਡੇ ਜੀਵਨ ਦਾ ਹਿੱਸਾ ਨਹੀਂ ਬਣਦੀਆਂ ਅਤੇ ਅਸੀਂ ਐਵੇਂ ਹੀ ਧਾਰਮਿਕ ਪੁਸਤਕਾਂ ਦਾ ਰਟਨ ਕਰੀ ਜਾਂਦੇ ਹਾਂ, ਅਸੀਂ ਸਮਾਂ ਨਸ਼ਟ ਕਰ ਰਹੇ ਹਾਂ। ਅਸੀਂ ਧਾਰਮਿਕ ਫ਼ਲਸਫ਼ੇ ਨੂੰ ਆਪਣੇ ਜੀਵਨ ਦਾ ਹਿੱਸਾ ਬਨਾਉਣਾ ਹੈ ਅਤੇ ਜਦ ਤੱਕ ਅਸੀਂ ਆਪਣੀਆਂ ਕਰਨੀਆਂ ਨੂੰ ਸੋਧ ਨਹੀਂ ਦਿੰਦੇ ਅਸੀਂ ਗ਼ਲਤ ਹਾਂ। ਅਸੀਂ ਭਗਤ ਨਹੀਂ ਅਖਵਾ ਸਕਦੇ। ਇਹ ਜੋ ਲੋਕੀਂ ਵੱਡੇ-ਵੱਡੇ ਭਗਤ ਬਣੇ ਬੈਠੇ ਹਨ ਅਤੇ ਪੂਜਾ ਦਾ ਧਨ ਖਾ-ਖਾ ਕੇ ਪਲ ਰਹੇ ਹਨ, ਇਹ ਗ਼ਲਤ ਹਨ। ਕਿਰਤ ਕਰਨ ਤੋਂ ਬਗ਼ੈਰ ਆਦਮੀ ਭਗਤ ਬਣ ਹੀ ਨਹੀਂ ਸਕਦਾ। ਜੋ ਆਦਮੀ ਦੂਜਿਆਂ ਦੇ ਧਨ ਉੱਤੇ ਪਲਦਾ ਹੈ ਉਹ ਆਪ ਕੀ ਕਰੇਗਾ ਅਤੇ ਸਾਡੇ ਲਈ ਰਾਹ-ਦਸੇਰਾ ਕਿਵੇਂ ਬਣ ਸਕੇਗਾ ? ਅਸੀਂ ਤਾਂ ਆਪਣੀਆਂ ਕਰਨੀਆਂ ਉੱਤੇ ਨਿਰਭਰ ਹੋਣਾ ਹੈ ਅਤੇ ਲੋਕਾਂ

ਸਾਹਮਣੇ ਮਿਸਾਲ ਬਣ ਕੇ ਉਘੜਨਾ ਹੈ ਕਿ ਅਸੀਂ ਜੋ ਕੁਝ ਵੀ ਧਾਰਮਿਕ ਪੁਸਤਕਾਂ ਵਿੱਚ ਪੜ੍ਹਦੇ ਹਾਂ ਉਸ ਨੂੰ ਅਸੀਂ ਆਪਣੀਆਂ ਕਰਨੀਆਂ ਵਿੱਚ ਤਬਦੀਲ ਕਰ ਲਿਆ ਹੈ।

## ਲਿਖਾਰੀ ਤੇ ਵਕਤਾ

ਅਸੀਂ ਅਗਰ ਲਿਖਾਰੀ ਹਾਂ, ਵਕਤਾ ਹਾਂ, ਪ੍ਰਚਾਰਕ ਹਾਂ ਜਾਂ ਸੰਤ ਬਣੇ ਬੈਠੇ ਹਾਂ ਤਾਂ ਸਾਡਾ ਇਹ ਪਹਿਲਾ ਫ਼ਰਜ਼ ਬਣਦਾ ਹੈ ਕਿ ਅਸੀਂ ਉਨ੍ਹਾਂ ਲੋਕਾਂ ਨੂੰ ਜੋ ਸਾਡੇ ਪਾਸ ਆਉਂਦੇ ਹਨ, ਇਨਸਾਨੀਅਤ ਅਰਥਾਤ ਮਨੁੱਖਤਾ ਦਾ ਪਾਠ ਪੜ੍ਹਾਈਏ। ਸਾਡੀਆਂ ਲਿਖਤਾਂ ਅਤੇ ਬੋਲ ਪਾਠਕਾਂ ਅਤੇ ਸਰੋਤਿਆਂ ਲਈ ਰਾਹ-ਦਸੇਰੇ ਦਾ ਕੰਮ ਕਰਨ। ਅਗਰ ਸਾਡੀਆਂ ਲਿਖਤਾਂ ਅਤੇ ਬੋਲ ਪਾਠਕਾਂ ਅਤੇ ਸਰੋਤਿਆਂ ਨੂੰ ਗੁੰਮਰਾਹ ਕਰਦੇ ਹਨ, ਉਨ੍ਹਾਂ ਅੰਦਰ ਮੰਦੀ ਭਾਵਨਾ ਪੈਦਾ ਕਰਦੇ ਹਨ ਤਾਂ ਅਸੀਂ ਬਹੁਤ ਹੀ ਖ਼ਰਾਬ ਆਦਮੀ ਹਾਂ। ਅਸੀਂ ਆਪ ਤਾਂ ਗ਼ਲਤ ਸਾਂ ਹੀ, ਅਸੀਂ ਹੋਰ ਵੀ ਬਹੁਤ ਸਾਰੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਾਂ ਅਤੇ ਐਸਾ ਲਿਖਾਰੀ ਅਤੇ ਵਕਤਾ ਪਾਪੀ ਹੈ। ਮੰਦ ਭਾਵਨਾ ਪੈਦਾ ਕਰਨ ਵਾਲੇ ਵਿਚਾਰਾਂ ਦੇ ਅਸੀਂ ਆਪ ਸ਼ਿਕਾਰ ਤਾਂ ਸਾਂ ਹੀ, ਅਸੀਂ ਆਪਣੀਆਂ ਲਿਖਤਾਂ ਅਤੇ ਆਪਣੇ ਬੋਲੇ ਸ਼ਬਦਾਂ ਨੂੰ ਲੋਕਾਈ ਨੂੰ ਗੁੰਮਰਾਹ ਕਰਨ ਲਈ ਵਰਤ ਰਹੇ ਹਾਂ, ਇਹ ਵੱਡਾ ਪਾਪ ਹੈ। ਮਾੜੀਆਂ ਗੱਲਾਂ ਆਪਣੇ ਤੱਕ ਹੀ ਸੀਮਤ ਰੱਖਣੀਆਂ ਚਾਹੀਦੀਆਂ ਹਨ। ਸਿਰਫ਼ ਉਹੀ ਗੱਲਾਂ ਦੂਜਿਆਂ ਨਾਲ ਸਾਂਝੀਆਂ ਕਰਨੀਆਂ ਚਾਹੀਦੀਆਂ ਹਨ ਜਿਨ੍ਹਾਂ ਗੱਲਾਂ ਤੋਂ ਅਸੀਂ ਆਪ ਸੇਧ ਪ੍ਰਾਪਤ ਕਰ ਚੁੱਕੇ ਹਾਂ ਅਤੇ ਸਾਡੇ ਮੁਤਾਬਿਕ ਇਹ ਤਜਰਬਾ ਹੋਰ ਲੋਕਾਂ ਨਾਲ ਵੀ ਸਾਂਝਾ ਕਰਨਾ ਚਾਹੀਦਾ ਹੈ। ਜਿਸ ਫ਼ਲਸਫ਼ੇ ਨੂੰ ਅਸੀਂ ਆਪ ਨਹੀਂ ਅਪਣਾ ਪਾਏ, ਉਹ ਦੂਜਿਆਂ ਨਾਲ ਸਾਂਝੇ ਕਰਨ ਦਾ ਕੀ ਲਾਭ ? ਅਸੀਂ ਜੋ ਕੁਝ ਵੀ ਲਿਖਾਂਗੇ ਜਾਂ ਆਖਾਂਗੇ ਉਹ ਸਾਰੀਆਂ ਫੋਕੀਆਂ ਕਾਰਵਾਈਆਂ ਹੋਣਗੀਆਂ। ਨਾ ਤਾਂ ਅਸੀਂ ਉਹ ਗੱਲਾਂ ਲੋਕਾਂ ਨਾਲ ਸਾਂਝੀਆਂ ਕਰਕੇ ਨਾਮਣਾ ਖੱਟ ਸਕਦੇ ਹਾਂ ਅਤੇ ਨਾ ਹੀ ਉਹ ਫੋਕੀਆਂ ਗੱਲਾਂ ਸਰੋਤਿਆਂ ਜਾਂ ਪਾਠਕਾਂ ਦਾ ਹੀ ਕੁਝ ਸੰਵਾਰ ਸਕਦੀਆਂ ਹਨ। ਲੋਕਾਂ ਤੱਕ ਗੱਲ ਪੁਚਾਉਣ ਤੋਂ ਪਹਿਲਾਂ ਸੌ ਵਾਰੀ ਸੋਚ ਲੈਣਾ ਚਾਹੀਦਾ ਹੈ ਕਿ ਕੀ ਅਸੀਂ ਆਪ ਇਹ ਗੱਲਾਂ ਅਪਣਾ ਲਈਆਂ ਹਨ ਜਾਂ ਨਹੀਂ ਅਪਣਾਈਆਂ ?

## ਲੋਕਾਈ 'ਚੋਂ ਰੱਬ ਦੇ ਦਰਸ਼ਨ ਕਰੋ

ਰੱਬ ਇਸ ਬ੍ਰਹਿਮੰਡ, ਚੰਨ, ਸੂਰਜ, ਤਾਰਿਆਂ, ਕੁਦਰਤ ਅਤੇ ਇਸ ਲੋਕਾਈ ਰਾਹੀਂ ਪ੍ਰਗਟ ਹੈ। ਇਸ ਤੋਂ ਇਲਾਵਾ ਰੱਬ ਦੀ ਕੋਈ ਹੋਰ ਹੋਂਦ ਨਹੀਂ ਹੈ। ਅਸੀਂ ਇਨ੍ਹਾਂ ਰਾਹੀਂ ਰੱਬ ਦੇ ਦਰਸ਼ਨ ਕਰਨੇ ਹਨ। ਸਾਰੇ ਧਰਮਾਂ ਨੇ ਇਹ ਗੱਲ ਸਵੀਕਾਰ ਕਰ ਲਈ ਹੈ ਕਿ ਰੱਬ ਸਰਵ-ਵਿਆਪਕ ਹੈ ਅਤੇ ਜ਼ੱਰੇ-ਜ਼ੱਰੇ ਵਿੱਚ ਸਮਾਇਆ ਹੋਇਆ ਹੈ। ਰੱਬ ਸਾਡੇ ਅੰਦਰ ਵੀ ਹੈ, ਅਸੀਂ ਰੱਬ ਦੀ ਰਚਨਾ ਹਾਂ। ਰੱਬ ਨੇ ਆਪਣੀ ਹਾਜ਼ਰੀ ਸਾਡੇ ਅੰਦਰ ਆਤਮਾ ਦੇ ਰੂਪ ਵਿੱਚ ਸਥਾਪਿਤ ਕਰ ਰੱਖੀ ਹੈ। ਅਸੀਂ ਰੱਬ ਤੋਂ ਅੱਡ ਨਹੀਂ ਹਾਂ, ਬਸ ਅਸੀਂ ਲੋਕਾਂ ਨੂੰ ਭੁਲੇਖਿਆਂ ਵਿੱਚ ਪਾ ਦਿੱਤਾ ਹੈ ਅਤੇ ਅਸੀਂ ਰੱਬ ਦੀ ਭਾਲ ਵਿੱਚ ਭਟਕਦੇ ਫਿਰਦੇ ਹਾਂ। ਅਸੀਂ ਅਗਰ ਹਰ ਸ਼ੈਅ ਵਿੱਚ ਰੱਬ ਦਾ ਰੂਪ ਵੇਖ ਲਈਏ ਤਾਂ ਸਾਡੀ ਇਹ ਭਟਕਣਾ ਖ਼ਤਮ ਹੋ ਸਕਦੀ ਹੈ। ਖੋਜ ਅਤੇ ਭਟਕਣਾ ਉਸ ਸ਼ੈਅ ਲਈ ਕਰਨੀ ਚਾਹੀਦੀ ਹੈ ਜੋ ਸਾਥੋਂ ਲੁਕੀ ਹੋਈ ਹੋਵੇ। ਰੱਬ ਨੂੰ ਲੱਭਣ ਦੀ ਕੀ ਜ਼ਰੂਰਤ ਹੈ, ਰੱਬ ਤਾਂ ਆਪ ਕਰਤਾ ਧਰਤਾ ਹੈ। ਉਹ ਹਰ ਵਕਤ ਸਾਡੇ ਸਾਹਮਣੇ ਹੈ। ਅਗਰ ਰੱਬ ਬਾਰੇ ਇਹ ਗੱਲ ਸਾਡੀ ਸਮਝ ਵਿੱਚ ਪੈ ਜਾਵੇ ਅਤੇ ਸਾਡੀ ਸੋਚ ਦਾ ਹਿੱਸਾ ਬਣ ਜਾਵੇ ਤਾਂ ਇਸ ਦੁਨੀਆਂ ਦਾ ਕਲਿਆਣ ਹੋ ਸਕਦਾ ਹੈ। ਮਨੁੱਖ ਤੋਂ ਮਨੁੱਖ

ਤੱਕ ਦੀਆਂ ਸਾਰੀਆਂ ਦੂਰੀਆਂ ਖ਼ਤਮ ਹੋ ਸਕਦੀਆਂ ਹਨ। ਅਸੀਂ ਸਾਰੇ ਇਕ ਟੱਬਰ ਦੇ ਜੀਅ ਬਣ ਕੇ ਰਹਿ ਸਕਦੇ ਹਾਂ ਪਰ ਅਸੀਂ ਵੱਖਵਾਦੀ ਹਾਂ, ਅਸੀਂ ਰੱਬ ਤੋਂ ਵੀ ਦੂਰ ਹਾਂ, ਇਸ ਦੁਨੀਆਂ ਤੋਂ ਵੀ ਦੂਰ ਹਾਂ, ਸਵਾਰਥੀ ਹਾਂ ਅਤੇ ਇਸੇ ਕਰਕੇ ਇਹ ਸਾਰੀ ਭਟਕਣਾ ਸਾਡੇ ਗਲ੍ਹ ਪੈ ਗਈ ਹੈ। ਅਸੀਂ ਹਰੇਕ ਪਾਸੋਂ ਡਰਦੇ ਹਾਂ, ਕਿਸੇ ਨਾਲ ਮਨ ਦੀ ਗੱਲ ਹੀ ਨਹੀਂ ਕਰ ਸਕਦੇ। ਇਹ ਦੂਰੀਆਂ ਪੈ ਗਈਆਂ ਹਨ, ਇਸ ਤੋਂ ਬਾਅਦ ਅਸੀਂ ਧਰਮਾਂ ਵਿੱਚ, ਜਾਤੀਆਂ ਵਿੱਚ, ਗ਼ਰੀਬ-ਅਮੀਰ ਵਿੱਚ, ਉੱਚੇ ਅਤੇ ਨੀਵੇਂ ਲੋਕਾਂ ਵਿੱਚ ਵੰਡੇ ਜਾ ਚੁੱਕੇ ਹਾਂ ਅਤੇ ਵੱਖ-ਵੱਖ ਦੇਸ਼ ਸਥਾਪਤ ਕਰਕੇ ਇਕ ਦੂਜੇ ਨਾਲ ਬੰਦੂਕਾਂ ਤਾਣੀ ਖਲੋਤੇ ਹਾਂ। ਅਸੀਂ ਇਕ-ਦੂਜੇ ਨੂੰ ਖ਼ਤਮ ਕਰਨ ਦੇ ਮਨਸੂਬੇ ਬਣਾ ਰਹੇ ਹਾਂ। ਅੱਜ ਦਾ ਮਨੁੱਖ ਵੰਡਿਆ ਜਾ ਚੁੱਕਾ ਹੈ। ਉਸ ਲਈ ਮੁਸ਼ਕਿਲ ਆ ਬਣੀ ਹੈ ਕਿ ਉਹ ਹਰ ਸ਼ੈਅ ਵਿੱਚ ਰੱਬ ਦਾ ਪ੍ਰਕਾਸ਼ ਦੇਖ ਸਕੇ।

## ਅਸੀਂ ਰੱਬ ਦੇ ਬਣਾਏ ਹੋਏ ਹਾਂ

ਅਸੀਂ ਚੰਗੇ ਹਾਂ, ਮਾੜੇ ਹਾਂ, ਵਧੀਆ ਹਾਂ, ਸੋਹਣੇ ਹਾਂ, ਬਦਸੂਰਤ ਹਾਂ, ਅਪਰਾਧੀ ਹਾਂ, ਪੁੰਨ ਕਰਨ ਵਾਲੇ ਹਾਂ, ਸਵਾਰਥੀ ਹਾਂ, ਦੂਜਿਆਂ ਦੇ ਹਿੱਤ ਦਾ ਖ਼ਿਆਲ ਰੱਖਣ ਵਾਲੇ ਹਾਂ, ਜੋ ਕੁਝ ਵੀ ਹਾਂ ਇਹੀ ਸਾਡੀ ਪਛਾਣ ਹੈ। ਅਸੀਂ ਲੱਖ ਛੁਪਾਈ ਫਿਰੀਏ ਅਸੀਂ ਜੋ ਕੁਝ ਵੀ ਹਾਂ, ਲੋਕਾਂ ਦੀਆਂ ਨਜ਼ਰਾਂ ਤੋਂ ਛੁਪਾ ਕੇ ਨਹੀਂ ਰੱਖਿਆ ਜਾ ਸਕਦਾ। ਰੱਬ ਸਾਨੂੰ ਆਪਣੇ ਆਪ ਵਿੱਚ ਸੁਧਾਰ ਕਰਨ ਦਾ ਮੌਕਾ ਦਿੰਦਾ ਰਹਿੰਦਾ ਹੈ। ਸਾਡੇ ਪਾਸ ਦੁਨੀਆਂ ਭਰ ਦਾ ਤਜਰਬਾ ਮੌਜੂਦ ਹੈ। ਸਾਨੂੰ ਆਪ ਵੀ ਪਤਾ ਹੈ ਕਿ ਅਸੀਂ ਕਿੱਥੇ-ਕਿੱਥੇ ਠੀਕ ਹਾਂ, ਕਿੱਥੇ-ਕਿੱਥੇ ਗ਼ਲਤ ਹਾਂ। ਜਦੋਂ ਸਾਨੂੰ ਸਾਡੀਆਂ ਗ਼ਲਤੀਆਂ ਦਾ ਖ਼ੁਦ ਹੀ ਪਤਾ ਹੈ ਤਾਂ ਅਸੀਂ ਸਿਆਣਿਆਂ ਦੀ ਭਾਲ ਅੰਦਰ ਭਟਕਦੇ ਕਿਉਂ ਫਿਰਦੇ ਹਾਂ ?

ਅਸੀਂ ਆਪਣੀ ਸੁਧਾਈ ਆਪ ਹੀ ਸ਼ੁਰੂ ਕਰ ਸਕਦੇ ਹਾਂ। ਕਿਸੇ ਹੋਰ ਦੀ ਦਿੱਤੀ ਸਲਾਹ ਸਾਰੀ ਦੀ ਸਾਰੀ ਸਹੀ ਨਹੀਂ ਹੋ ਸਕਦੀ ਪਰ ਸਾਡੇ ਅੰਦਰੋਂ ਜੋ ਸੁਧਾਈ ਦਾ ਸੰਕਲਪ ਉਠਦਾ ਹੈ, ਉਹ ਸਾਡਾ ਆਪਣਾ ਹੈ ਅਤੇ ਅਸੀਂ ਬਿਨਾਂ ਕਿਸੇ ਪਾਸ ਆਪਣਾ ਭੇਤ ਖੋਲ੍ਹੇ ਆਪਣੀ ਸੁਧਾਈ ਕਰ ਸਕਦੇ ਹਾਂ ਅਤੇ ਉਨ੍ਹਾਂ ਆਦਮੀਆਂ ਦੀ ਕਤਾਰ ਤੱਕ ਪੁੱਜ ਸਕਦੇ ਹਾਂ ਜਿਨ੍ਹਾਂ ਬਾਰੇ ਅਸੀਂ ਆਪ ਬਹੁਤ ਹੀ ਵਧੀਆ ਰਾਏ ਬਣਾ ਰੱਖੀ ਹੈ ਅਤੇ ਅਸੀਂ ਉੱਥੇ ਪੁੱਜਣ ਦਾ ਟੀਚਾ ਮਿਥ ਰੱਖਿਆ ਹੈ। ਅਸੀਂ ਅਗਰ ਸਵੈ-ਪੜਚੋਲ ਅਤੇ ਸਵੈ-ਸੁਧਾਈ ਦਾ ਸਿਲਸਿਲਾ ਸ਼ੁਰੂ ਕਰਦੇ ਹਾਂ ਤਾਂ ਅੱਜ ਹੋਰ, ਕੱਲ੍ਹ ਹੋਰ ਅਤੇ ਪਰਸੋਂ ਅਸੀਂ ਆਪਣੀ ਮੰਜ਼ਿਲ ਉੱਤੇ ਖੜ੍ਹੇ ਹੋ ਸਕਦੇ ਹਾਂ। ਐਸਾ ਉਦੇਸ਼ ਲੈ ਕੇ ਤੁਰਨਾ ਚਾਹੀਦਾ ਹੈ। ਅਸੀਂ ਸਿਰਫ਼ ਖਾਣ-ਪੀਣ ਅਤੇ ਹੰਢਾਉਣ ਲਈ ਹੀ ਇਸ ਦੁਨੀਆਂ ਵਿੱਚ ਨਹੀਂ ਆਏ। ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਅਸੀਂ ਕਿੰਨੇ ਸਾਲ ਉਮਰ ਕਟੀ ਹੈ। ਸਾਡੇ ਜਿਉਂਦਿਆਂ ਅਤੇ ਮਰਨ ਬਾਅਦ ਲੋਕਾਂ ਨੇ ਸਾਡੀਆਂ ਕੀਤੀਆਂ ਪ੍ਰਾਪਤੀਆਂ ਦੀ ਗੱਲ ਕਰਨੀ ਹੈ। ਬਾਕੀ ਲੋਕੀਂ ਜੰਮਦੇ, ਜਿਉਂਦੇ ਹਨ ਅਤੇ ਮਰ ਜਾਂਦੇ ਹਨ। ਸਮੇਂ ਦੀ ਰੇਤ ਉੱਤੇ ਐਸੇ ਨਿਸ਼ਾਨ ਛੱਡ ਜਾਂਦੇ ਹਨ ਜਿਨ੍ਹਾਂ ਨੂੰ ਦੁਨੀਆਂ ਦੇ ਲੋਕੀਂ ਵੇਖਦੇ ਰਹਿਣ ਅਤੇ ਉਸੇ ਤਰ੍ਹਾਂ ਦੀਆਂ ਪ੍ਰਾਪਤੀਆਂ ਕਰਨ ਦੀ ਕੋਸ਼ਿਸ਼ ਕਰਦੇ ਰਹਿਣ।

## ਰਿਸ਼ਤੇਦਾਰੀਆਂ ਨਿਭਾਓ

ਜੋ ਲੋਕੀਂ ਸਾਡੇ ਰਿਸ਼ਤੇਦਾਰ ਹਨ ਉਹ ਰੱਬ ਵਲੋਂ ਭੇਜੇ ਦੋਸਤ ਹਨ ਅਤੇ ਇਹੀ ਕਾਰਨ ਹੈ ਕਿ ਰਿਸ਼ਤੇ ਟੁੱਟਿਆ ਨਹੀਂ ਕਰਦੇ। ਅਸੀਂ ਲੱਖ ਝਗੜੇ ਕਰਦੇ ਫਿਰੀਏ, ਫਿਰ ਵੀ

ਸਾਨੂੰ ਆਖਣਾ ਪਵੇਗਾ ਫਲਾਣਾ ਮੇਰਾ ਸਗਾ ਭਰਾ ਹੈ। ਮੈਂ ਫਲਾਣੇ ਦਾ ਪੁੱਤਰ ਹਾਂ। ਫਲਾਣਾ ਮੇਰਾ ਪੁੱਤਰ ਹੈ ਅਤੇ ਜਦ ਕਦੀ ਅਸੀਂ ਕਿਸੇ ਹੋਰ ਸ਼ਹਿਰ ਜਾਂ ਘਰਾਂ ਦੀ ਗੱਲ ਕਰਦੇ ਹਾਂ ਤਾਂ ਅਸੀਂ ਆਖਦੇ ਹਾਂ ਉਥੇ ਮੇਰੇ ਚਾਚਾ ਜੀ ਰਹਿੰਦੇ ਹਨ। ਫਲਾਣੇ ਸ਼ਹਿਰ ਮੇਰੀ ਭੂਆ ਰਹਿੰਦੀ ਹੈ। ਅਸੀਂ ਜਦੋਂ ਆਪਣੇ ਰਿਸ਼ਤੇਦਾਰਾਂ ਦੇ ਘਰ ਜਾਂਦੇ ਹਾਂ ਤਾਂ ਸਾਨੂੰ ਮਹਿਸੂਸ ਹੁੰਦਾ ਹੈ ਕਿ ਅਸੀਂ ਆਪਣੇ ਹੀ ਘਰ ਵਿਚ ਹਾਂ। ਓਪਰਾਪਣ ਨਹੀਂ ਲੱਗਦਾ। ਉਹ ਲੋਕੀਂ ਮੰਦਭਾਗੇ ਸਮਝੇ ਜਾਂਦੇ ਹਨ ਜਿਨ੍ਹਾਂ ਦਾ ਕੋਈ ਰਿਸ਼ਤੇਦਾਰ ਨਹੀਂ ਹੁੰਦਾ। ਇਨ੍ਹਾਂ ਰਿਸ਼ਤੇਦਾਰੀਆਂ ਨੂੰ ਹੀ ਖ਼ਾਨਦਾਨ ਆਖਦੇ ਹਨ ਅਤੇ ਇਨ੍ਹਾਂ ਖ਼ਾਨਦਾਨਾਂ ਕਰਕੇ ਹੀ ਸਾਡੀ ਪਛਾਣ ਬਣਦੀ ਹੈ। ਇਹ ਰਿਸ਼ਤੇ ਰੱਬ ਦੇ ਬਣਾਏ ਹੋਏ ਹਨ ਅਤੇ ਇਨ੍ਹਾਂ ਵਿੱਚ ਤਰੇੜਾਂ ਨਹੀਂ ਆਉਣੀਆਂ ਚਾਹੀਦੀਆਂ। ਅਸੀਂ ਅਮੀਰ ਹੋ ਜਾਈਏ ਤਾਂ ਇਸ ਦਾ ਮਤਲਬ ਇਹ ਨਹੀਂ ਨਿਕਲਦਾ ਕਿ ਗ਼ਰੀਬ ਲੋਕੀਂ ਹੁਣ ਸਾਡੇ ਰਿਸ਼ਤੇਦਾਰ ਹੀ ਨਹੀਂ ਰਹੇ, ਬਲਕਿ ਉਦੋਂ ਵੀ ਅਸੀਂ ਰਿਸ਼ਤੇਦਾਰੀਆਂ ਕਾਇਮ ਰੱਖਣੀਆਂ ਹਨ ਅਤੇ ਨਿਭਾਉਣੀਆਂ ਵੀ ਹਨ। ਹੋ ਸਕੇ ਤਾਂ ਆਪਣੇ ਰਿਸ਼ਤੇਦਾਰ ਦੀ ਮਦਦ ਕਰਕੇ ਉਸ ਨੂੰ ਵੀ ਉੱਚਾ ਚੁੱਕਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਾਰੀ ਬਰਾਦਰੀ ਵਿਚ ਵਾਹ ਵਾਹ ਹੋ ਸਕਦੀ ਹੈ। ਨਾਮ ਉੱਚਾ ਹੋ ਸਕਦਾ ਹੈ। ਰਿਸ਼ਤੇਦਾਰਾਂ ਦੀ ਮਦਦ ਕਰਨ ਵਾਲੇ ਨੂੰ ਹਰੇਕ ਵਧੀਆ ਇਨਸਾਨ ਸਮਝਦਾ ਹੈ। ਦੋਸਤੀਆਂ ਟੁੱਟ ਸਕਦੀਆਂ ਹਨ, ਪਰ ਰਿਸ਼ਤੇ ਨਹੀਂ ਟੁੱਟਿਆ ਕਰਦੇ। ਰਿਸ਼ਤੇ ਨਾਤੇ ਕਾਇਮ ਰੱਖਣ ਵਾਲਾ ਹੀ ਸੱਭਿਅਤਾ ਵਾਲਾ ਆਦਮੀ ਮੰਨਿਆ ਜਾਂਦਾ ਹੈ।

## ਰੱਬ ਨੂੰ ਨਾ ਭੁੱਲੋ

ਰੱਬ ਹੀ ਸਾਨੂੰ ਭੇਜਦਾ ਹੈ ਤੇ ਰੱਬ ਹੀ ਸਾਨੂੰ ਇਕ ਦਿਨ ਵਾਪਸ ਬੁਲਾ ਲੈਂਦਾ ਹੈ। ਅਸੀਂ ਰੱਬ ਦੇ ਹਰ ਬੰਦੇ ਨਾਲ ਪਿਆਰ ਕਰਨਾ ਹੈ। ਸਾਨੂੰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਰੱਬ ਹਰ ਥਾਂ ਹਾਜ਼ਰ ਹੈ ਅਤੇ ਸਾਡੀ ਹਰ ਹਰਕਤ ਉਤੇ ਨਜ਼ਰ ਰੱਖੀ ਬੈਠਾ ਹੈ। ਅਸੀਂ ਹਰ ਵਕਤ ਰੱਬ ਦੀ ਹਾਜ਼ਰੀ ਪਰਵਾਨ ਕਰਨੀ ਹੈ ਅਤੇ ਰਬ ਤੋਂ ਡਰਦਿਆਂ ਆਪਣੇ ਵਤੀਰੇ ਨੂੰ ਸੇਧ ਦੇਣੀ ਹੈ। ਇਹੀ ਵੱਡੀ ਭਗਤੀ ਹੈ। ਅਸੀਂ ਵੱਡੀਆਂ ਵੱਡੀਆਂ ਧਾਰਮਿਕ ਪੁਸਤਕਾਂ ਅਤੇ ਗਰੰਥ ਪੜ੍ਹਦੇ ਰਹੀਏ ਅਤੇ ਉਨ੍ਹਾਂ ਵਿਚ ਲਿਖੀ ਇਹ ਗੱਲ ਵੀ ਯਾਦ ਨਾ ਰੱਖੀਏ ਅਤੇ ਨਾ ਹੀ ਆਪਣੀਆਂ ਕਾਰਵਾਈਆਂ ਨੂੰ ਉਨ੍ਹਾਂ ਹਦਾਇਤਾਂ ਮੁਤਾਬਿਕ ਸੇਧ ਦੇਈਏ ਤਾਂ ਅਸੀਂ ਗ਼ਲਤ ਹਾਂ। ਅਸੀਂ ਧਾਰਮਿਕ ਆਦਮੀ ਨਹੀਂ ਹਾਂ। ਉਹ ਬੰਦਾ ਧਾਰਮਿਕ ਨਹੀਂ ਹੈ ਜੋ ਧਾਰਮਿਕ ਗਰੰਥਾਂ ਦਾ ਪਾਠ ਕਰਦਾ ਹੈ, ਬਲਕਿ ਉਹ ਬੰਦਾ ਧਾਰਮਿਕ ਹੈ ਜੋ ਧਾਰਮਿਕ ਗਰੰਥਾਂ ਵਿੱਚ ਲਿਖੀਆਂ ਸੇਧਾਂ ਆਪਣੇ ਜੀਵਨ ਵਿੱਚ ਅਪਨਾਉਂਦਾ ਹੈ। ਅਸਾਡੀ ਹਰ ਕਾਰਵਾਈ ਦੂਜਿਆਂ ਉਤੇ ਅਸਰ ਕਰਦੀ ਹੈ। ਅਗਰ ਸਾਡੀ ਕਾਰਵਾਈ ਕਾਰਨ ਕਿਸੇ ਦਾ ਮੰਨ ਪ੍ਰਸੰਨ ਹੋਇਆ ਹੈ ਤਾਂ ਸਮਝੋ ਅਸੀਂ ਰੱਬ ਦੇ ਪਰਮ ਪਿਆਰੇ ਆਦਮੀ ਬਣ ਗਏ ਹਾਂ। ਅਗਰ ਸਾਡੀ ਕਾਰਵਾਈ ਕਿਸੇ ਨੂੰ ਦੁੱਖੀ ਕਰਦੀ ਹੈ ਤਾਂ ਸਮਝੋ ਅਸੀਂ ਕੋਈ ਪਾਪ ਕਰ ਬੈਠੇ ਹਾਂ ਅਤੇ ਰੱਬ ਪਾਪੀ ਬੰਦਿਆਂ ਨੂੰ ਬਖ਼ਸ਼ਦਾ ਨਹੀਂ ਹੈ। ਜਿਸ ਬੰਦੇ ਨੂੰ ਇਹ ਗੱਲ ਸਮਝ ਆ ਗਈ ਹੈ ਉਹ ਰੱਬ ਦਾ ਪਿਆਰਾ ਬੰਦਾ ਬਣਦਾ ਜਾਂਦਾ ਹੈ ਅਤੇ ਰੱਬ ਐਸੇ ਬੰਦੇ ਨੂੰ ਆਪਣਾ ਭਗਤ ਸਵੀਕਾਰ ਕਰਦਾ ਹੈ। ਧਾਰਮਿਕ ਪੁਸਤਕ ਦੀਆਂ ਸਿਰਫ਼ ਉਤਨੀਆਂ ਕੁ ਸੱਤਰਾਂ ਹੀ ਪੜ੍ਹੋ ਜਿਤਨੀਆਂ ਤੁਹਾਡੀ ਸਮਝ ਵਿੱਚ ਆ ਗਈਆਂ ਹਨ ਅਤੇ ਤੁਸੀਂ ਜਿਤਨੀ ਕੁ ਗੱਲ ਅਪਣਾ ਸਕਦੇ ਹੋ। ਅਗਰ ਸਿਰਫ਼ ਜਪ ਕਰਕੇ ਹੀ ਤੁਸੀਂ ਸਮਝਦੇ ਹੋ ਕਿ ਤੁਸੀਂ ਵੱਡੇ ਭਗਤ ਬਣ ਗਏ ਹੋ ਤਾਂ ਤੁਸੀਂ ਗ਼ਲਤ ਸੋਚ ਰਹੇ ਹੋ। ਆਪਣੀ ਸੋਚ ਨੂੰ ਸਹੀ ਸੇਧ ਦੇਣ ਦੀ ਕੋਸ਼ਿਸ਼ ਕਰੋ।

## ਔਗੁਣ ਸਾਡੇ ਪੈਰੀਂ ਜ਼ੰਜੀਰਾਂ ਵਾਂਗ ਹਨ

ਅਸੀਂ ਜਦੋਂ ਕੋਈ ਔਗੁਣ ਕਰ ਬੈਠਦੇ ਹਾਂ ਤਾਂ ਇਹ ਗੱਲ ਇਕ ਪਾਪ ਕੀਤਿਆਂ ਹੀ ਮੁਕ ਨਹੀਂ ਜਾਂਦੀ। ਪਾਪ ਹੋਰ ਪਾਪ ਨੂੰ ਜਨਮ ਦਿੰਦਾ ਹੈ ਅਤੇ ਅਸੀਂ ਕੁਝ ਹੀ ਅਰਸੇ ਵਿੱਚ ਆਪਣੇ ਜੀਵਨ ਨੂੰ ਇਕ ਕੈਦੀ ਦੇ ਜੀਵਨ ਵਰਗਾ ਬਣਾ ਬੈਠਦੇ ਹਾਂ। ਅਸੀਂ ਜਿਤਨੇ ਵੀ ਬੁਰੇ ਕੰਮ ਕਰਦੇ ਹਾਂ ਉਹ ਸਾਡੀ ਆਜ਼ਾਦੀ ਖੋਹ ਲੈਂਦੇ ਹਨ। ਅਸੀਂ ਵਕਤ ਦੀ ਸਰਕਾਰ ਤੋਂ ਡਰਨ ਲੱਗ ਪੈਂਦੇ ਹਾਂ। ਅਸੀਂ ਸਮਾਜ ਤੋਂ ਡਰਨ ਲੱਗ ਪੈਂਦੇ ਹਾਂ। ਸਾਨੂੰ ਆਪਣੀ ਬਿਰਾਦਰੀ ਅਤੇ ਭਾਈਚਾਰੇ ਤੋਂ ਡਰ ਲੱਗਣ ਲੱਗ ਪੈਂਦਾ ਹੈ। ਅਸੀਂ ਆਪਣੇ ਮਾਪਿਆਂ ਸਾਹਮਣੇ ਸ਼ਰਮਿੰਦਾ ਹੋ ਉਠਦੇ ਹਾਂ, ਸਾਨੂੰ ਆਪਣੇ ਜੀਵਨ ਸਾਥੀ ਪਾਸ ਬੈਠਣ ਦੀ ਹਿੰਮਤ ਨਹੀਂ ਪੈਂਦੀ। ਅਸੀਂ ਆਪ ਹੀ ਪਾਪ ਕੀਤਾ ਅਤੇ ਆਪ ਹੀ ਇਤਨੀਆਂ ਜ਼ੰਜੀਰਾਂ ਆਪਣੇ ਪੈਰੀਂ ਪਾ ਕੇ ਬੈਠ ਜਾਂਦੇ ਹਾਂ। ਅਗਰ ਇਹ ਸਾਰਾ ਸਿਲਸਿਲਾ ਇਤਨਾ ਮਾੜਾ ਹੈ ਤਾਂ ਇਹ ਸਾਰਾ ਕੁਝ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਅਸੀਂ ਆਪਣੇ ਲਈ ਆਪ ਹੀ ਕੈਦੀਆਂ ਵਰਗੀ ਹਾਲਤ ਪੈਦਾ ਕਿਉਂ ਕਰ ਰਹੇ ਹਾਂ। ਅਸੀਂ ਵੀ ਸਹੀ ਕੰਮ ਕਰਕੇ ਆਜ਼ਾਦ ਜੀਵਨ ਬਸਰ ਕਰ ਸਕਦੇ ਹਾਂ। ਇਹ ਮਾੜੇ ਕੰਮ ਸਾਨੂੰ ਵਕਤੀਆ ਫ਼ਾਇਦਾ ਤਾਂ ਦੇ ਸਕਦੇ ਹਨ ਪਰ ਕੁੱਲ ਮਿਲਾ ਕੇ ਇਹ ਸਾਨੂੰ ਕੈਦੀ ਬਣਾ ਦਿੰਦੇ ਹਨ ਅਤੇ ਅਸੀਂ ਸਾਰੇ ਜਾਣਦੇ ਹਾਂ, ਕੈਦੀ ਦਾ ਜੀਵਨ ਸਭ ਤੋਂ ਮਾੜਾ ਹੈ ਅਤੇ ਇਕ ਵਾਰੀ ਕੈਦ ਕੱਟ ਆਇਆ ਆਦਮੀ ਮੁੜ ਕੇ ਸਮਾਜ ਦਾ ਸੰਪੂਰਨ ਪਾਤਰ ਨਹੀਂ ਬਣ ਸਕਦਾ।

## ਮਨ ਹੀ ਸਾਡਾ ਗੁਰੂ ਹੈ

ਸਾਡੇ ਮਨ ਅੰਦਰ ਕਈ ਕਿਸਮ ਦੇ ਵਿਚਾਰ ਉਠਦੇ ਹਨ। ਮਨ ਆਪ ਹੀ ਬਹੁਤ ਸਾਰੀਆਂ ਗੱਲਾਂ ਨਵੀਆਂ ਅਪਣਾ ਲੈਂਦਾ ਹੈ। ਸਾਡੇ ਮਨ ਅੰਦਰ ਬਦਲਾਓ ਆਉਂਦਾ ਰਹਿੰਦਾ ਹੈ। ਅਸੀਂ ਜਦੋਂ ਕੋਈ ਸ਼ੈਅ ਪਸੰਦ ਕਰਦੇ ਹਾਂ, ਫਿਰ ਉਸੇ ਸ਼ੈਅ ਨੂੰ ਨਫ਼ਰਤ ਕਰਨ ਲੱਗ ਪੈਂਦੇ ਹਾਂ। ਇਹ ਲੋਕ ਵੀ ਕਦੀ ਸਾਡੀ ਨਫ਼ਰਤ ਅਤੇ ਕਦੀ ਸਾਡੇ ਪਿਆਰ ਦੇ ਪਾਤਰ ਬਣ ਜਾਂਦੇ ਹਨ। ਸਾਡਾ ਮਨ ਹਰ ਵਕਤ ਕੰਮ ਕਰਦਾ ਰਹਿੰਦਾ ਹੈ, ਇਹ ਆਪ ਹੀ ਫ਼ੈਸਲਾ ਕਰਨ ਲੱਗ ਪੈਂਦਾ ਹੈ। ਅਸੀਂ ਮਨੁੱਖ ਉਸੇ ਤਰ੍ਹਾਂ ਕਰਨ ਲੱਗ ਪੈਂਦੇ ਹਾਂ ਜਿਵੇਂ ਸਾਡਾ ਮਨ ਆਖਦਾ ਹੈ। ਇਸ ਕਰਕੇ ਮਨ ਸਾਡਾ ਗੁਰੂ ਹੈ। ਸਾਡੇ ਲਈ ਨਿਰਨੇ ਕਰਦਾ ਰਹਿੰਦਾ ਹੈ, ਇਸੇ ਕਰਕੇ ਅਸੀਂ ਆਖ ਸਕਦੇ ਹਾਂ ਕਿ ਬਹੁਤੀ ਵਾਰੀ ਸਾਡੇ ਮਨ ਦੇ ਫ਼ੈਸਲੇ ਸਾਡੇ ਲਈ ਲਾਭਦਾਇਕ ਹੁੰਦੇ ਹਨ। ਕਈ ਵਾਰੀ ਅਸੀਂ ਕਾਰਵਾਈ ਉਦੋਂ ਹੀ ਕਰ ਲੈਂਦੇ ਹਾਂ, ਜਦੋਂ ਹਾਲੀ ਸਾਡੇ ਮਨ ਨੇ ਫ਼ੈਸਲਾ ਹੀ ਨਹੀਂ ਕੀਤਾ ਹੁੰਦਾ। ਮਨ ਅੰਦਰ ਕੋਈ ਵੀ ਗੱਲ ਆ ਕੇ ਪੱਕੀ ਹੋ ਜਾਂਦੀ ਹੈ। ਅਸੀਂ ਅਗਰ ਥੋੜ੍ਹੀ ਦੇਰ ਉਡੀਕ ਕਰੀਏ ਤਾਂ ਮਨ ਤੋਂ ਸਹੀ ਅਗਵਾਈ ਮਿਲ ਜਾਂਦੀ ਹੈ।

## ਮਾੜੇ ਸਮਿਆਂ ਵਿੱਚ ਬੁੱਧੀ ਵੀ ਮਲੀਨ ਹੋ ਜਾਂਦੀ ਹੈ

ਜਦੋਂ ਮਾੜਾ ਸਮਾਂ ਆਵੇ ਉਦੋਂ ਆਦਮੀ ਦੀ ਬੁੱਧੀ ਵੀ ਉਸ ਦਾ ਸਾਥ ਨਹੀਂ ਦਿੰਦੀ। ਗ਼ਲਤ ਤੋਂ ਗ਼ਲਤ ਗੱਲਾਂ ਸੁੱਝਣ ਲੱਗ ਪੈਂਦੀਆਂ ਹਨ। ਇਸੇ ਕਰਕੇ ਆਖਦੇ ਹਨ ਜਦੋਂ ਸਾਡੀ ਤਬਾਹੀ ਦਾ ਸਮਾਂ ਨੇੜੇ ਆਉਂਦਾ ਹੈ ਤਾਂ ਸਾਡੀ ਬੁੱਧੀ ਵੀ ਸਾਥ ਦੇਣਾ ਛੱਡ ਦਿੰਦੀ ਹੈ। ਕਈ ਵਾਰੀ ਤਾਂ ਅਸੀਂ ਆਪ ਹੀ ਆਪਣੀਆਂ ਕਰਨੀਆਂ ਉੱਤੇ ਹੈਰਾਨ ਪ੍ਰੇਸ਼ਾਨ ਹੋ ਉਠਦੇ ਹਾਂ। ਸਾਨੂੰ ਆਪ ਹੀ ਇਹ ਮਹਿਸੂਸ ਹੋਣ ਲੱਗ ਪੈਂਦਾ ਹੈ ਕਿ ਅਸੀਂ ਕਿਸੇ ਗ਼ਲਤ ਪਾਸੇ ਵੱਲ ਜਾ

ਰਹੇ ਹਾਂ। ਕੋਈ ਮਾੜੀ ਘਟਨਾ ਵਾਪਰਨ ਵਾਲੀ ਹੈ, ਇਸੇ ਕਰਕੇ ਆਖਦੇ ਹਨ ਕਿ ਆਉਣ ਵਾਲੇ ਮਾੜੇ ਦਿਨਾਂ ਦੇ ਸਾਏ ਪਹਿਲਾਂ ਹੀ ਦਿਖਾਈ ਦੇਣ ਲੱਗ ਪੈਂਦੇ ਹਨ। ਇਹ ਹੁਣ ਸਾਡੇ ਤੱਕ ਹੈ ਕਿ ਅਸੀਂ ਇਨ੍ਹਾਂ ਮਾੜੀਆਂ ਸੋਚਾਂ ਨੂੰ ਨਵੀਂ ਸੇਧ ਕਿਵੇਂ ਦੇ ਸਕਦੇ ਹਾਂ ?

ਇਨ੍ਹਾਂ ਮਾੜੀਆਂ ਘਟਨਾਵਾਂ ਨੂੰ ਰੋਕ ਕਿਵੇਂ ਸਕਦੇ ਹਾਂ ? ਸਾਨੂੰ ਸਮਝਾਉਣ ਵਾਲਿਆਂ ਦੀ ਘਾਟ ਨਹੀਂ ਹੁੰਦੀ ਪਰ ਅਸੀਂ ਮਾੜੇ ਵਕਤਾਂ ਵਿੱਚ ਆਪਣੇ ਆਪ ਨੂੰ ਸਭ ਤੋਂ ਸਿਆਣਾ ਸਮਝਣ ਲੱਗ ਪੈਂਦੇ ਹਾਂ ਅਤੇ ਉਹ ਕੁਝ ਕਰ ਬੈਠਦੇ ਹਾਂ ਜੋ ਨਾ ਅਸੀਂ ਆਪ ਦੀ ਕਲਲ ਪਿਆ ਸੀ ਅਤੇ ਨਾ ਹੀ ਐਸਾ ਕਿਆਸ ਉਨ੍ਹਾਂ ਨੇ ਕੀਤਾ ਸੀ ਜੋ ਸਾਨੂੰ ਜਾਣਦੇ ਹਨ। ਸਾਰੇ ਲੋਕੀਂ ਸਾਡੀਆਂ ਕਰਨੀਆਂ ਉੱਤੇ ਹੈਰਾਨ-ਪ੍ਰੇਸ਼ਾਨ ਹੋ ਉਠਦੇ ਹਨ। ਸੋ ਬਿਹਤਰ ਇਹੀ ਹੈ ਕਿ ਜਦੋਂ ਅਸੀਂ ਆਪਣਾ ਸਥਾਪਤ ਰਾਹ ਬਦਲ ਕੇ ਕੁਝ ਨਵਾਂ-ਨਵਾਂ ਕਰਨ ਜਾ ਰਹੇ ਹਾਂ ਤਾਂ ਉੱਥੇ ਸੋਚ-ਵਿਚਾਰ ਕਰ ਲਈਏ। ਐਸਾ ਨਾ ਹੋਵੇ ਇਹ ਸਾਡੀ ਕਰਨੀ ਸਾਡੇ ਲਈ ਮੌਤ ਦਾ ਕਾਰਨ ਬਣ ਜਾਵੇ।

## ਝੂਠ ਕਦੀ ਵੀ ਸਹੀ ਰਸਤਾ ਪ੍ਰਦਾਨ ਨਹੀਂ ਕਰਦਾ

ਸਾਨੂੰ ਸਾਰਿਆਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਅਸੀਂ ਅੱਜ ਜੋ ਝੂਠ ਦਾ ਅਡੰਬਰ ਰਚ ਕੇ ਲੋਕਾਂ ਸਾਹਮਣੇ ਬੜੇ ਚੰਗੇ-ਚੰਗੇ ਬਣੀ ਫਿਰਦੇ ਹਾਂ ਇਹ ਸਾਰਾ ਕੁਝ ਰੇਤ ਦੇ ਮਹੱਲ ਹਨ ਜੋ ਕਦੇ ਵੀ ਡਿਗ ਕੇ ਢੇਰੀ ਹੋ ਸਕਦੇ ਹਨ ਅਤੇ ਝੂਠ ਜਦੋਂ ਨੰਗਾ ਹੁੰਦਾ ਹੈ ਤਾਂ ਸਾਨੂੰ ਵੀ ਨੰਗਾ ਕਰਕੇ ਰੱਖ ਦਿੰਦਾ ਹੈ। ਸੈਂਕੜੇ ਕੱਪੜੇ ਪਾ ਕੇ, ਮਹਿਲਾਂ ਵਿੱਚ ਰਹਿ ਕੇ ਵੀ ਅਸੀਂ ਤਨੋਂ ਨੰਗੇ ਅਤੇ ਬਿਨਾਂ ਛੱਤ ਦੇ ਰੜੇ ਮੈਦਾਨ ਵਿੱਚ ਆ ਜਾਂਦੇ ਹਾਂ। ਜਦੋਂ ਝੂਠ ਦੀਆਂ ਪੋਲਾਂ ਖੁੱਲ੍ਹਦੀਆਂ ਹਨ ਤਾਂ ਜੰਗਲ ਦੀ ਅੱਗ ਦੀ ਤਰ੍ਹਾਂ ਹਰ ਪਾਸੇ ਫੈਲ ਜਾਂਦੀਆਂ ਹਨ। ਕੋਈ ਅੱਖ ਖ਼ਾਲੀ ਨਹੀਂ ਰਹਿੰਦੀ, ਕੋਈ ਕੰਨ ਬੰਦ ਨਹੀਂ ਰਹਿੰਦਾ। ਅਸੀਂ ਤਾਂ ਖ਼ਾਲੀ ਥਾਵਾਂ ਤੋਂ ਵੀ ਡਰਨ ਲੱਗ ਪੈਂਦੇ ਹਾਂ। ਕੱਲ੍ਹ ਜੋ ਅਸੀਂ ਛਾਤੀ ਤਾਣ ਕੇ ਲੋਕਾਂ ਸਾਹਮਣੇ ਫੜ੍ਹਾਂ ਮਾਰਦੇ ਫਿਰਦੇ ਸਾਂ ਅੱਜ ਸ਼ਰਮ ਦੇ ਮਾਰੇ ਅਸੀਂ ਸਿਰ ਉੱਚਾ ਨਹੀਂ ਕਰ ਸਕਦੇ ਅਤੇ ਨਾ ਹੀ ਕਿਸੇ ਨਾਲ ਅੱਖ ਹੀ ਮਿਲਾ ਸਕਦੇ ਹਾਂ। ਐਸੀਆਂ ਸ਼ਰਮਿੰਦਗੀਆਂ ਹਨ। ਸਾਨੂੰ ਐਸੀਆਂ ਪ੍ਰਸਥਿਤੀਆਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ। ਸਾਨੂੰ ਅਤੇ ਸਿਰਫ਼ ਸਾਨੂੰ ਆਪ ਹੀ ਪਤਾ ਹੈ ਕਿ ਅਸੀਂ ਕਿੱਥੇ ਸੱਚ ਬੋਲ ਰਹੇ ਹਾਂ ਅਤੇ ਕਿੱਥੇ ਝੂਠ ਬੋਲਦੇ ਹਾਂ ? ਅਸੀਂ ਆਪ ਹੀ ਸਾਰਾ ਕੁਝ ਜਾਣਦੇ ਹਾਂ ਅਤੇ ਅਸੀਂ ਆਪ ਹੀ ਆਪਣੇ ਆਪ ਉੱਤੇ ਰੋਕ ਲਗਾਉਣੀ ਹੈ।

## ਸਾਧ ਸੰਗਤ

ਜਿਨ੍ਹਾਂ ਲੋਕਾਂ ਨਾਲ ਬੈਠ ਕੇ ਅਸੀਂ ਭਲੀਆਂ-ਭਲੀਆਂ ਗੱਲਾਂ ਕਰੀਏ, ਉਹ ਸਾਧ ਸੰਗਤ ਹੈ। ਜਿੱਥੇ ਬੈਠ ਕੇ ਲੋਕੀਂ ਮਾੜੀਆਂ ਗੱਲਾਂ ਕਰਨ ਅਤੇ ਉਨ੍ਹਾਂ ਦੀ ਸੰਗਤ ਵਿੱਚ ਬੈਠ ਕੇ ਸਾਡੇ ਉੱਤੇ ਵੀ ਉਨ੍ਹਾਂ ਦੀ ਰੰਗਤ ਚੜ੍ਹ ਜਾਏ ਉਹ ਮਾੜੀ ਸੰਗਤ ਹੈ ਅਤੇ ਫਿਰ ਹੌਲੀ-ਹੌਲੀ ਸਾਡੇ ਆਲੇ-ਦੁਆਲੇ ਦੇ ਲੋਕੀਂ ਵੀ ਇਹ ਦੇਖਣ ਅਤੇ ਘੋਖਣ ਲੱਗ ਪੈਂਦੇ ਹਨ ਕਿ ਅਸੀਂ ਕਿਨ੍ਹਾਂ ਲੋਕਾਂ ਦੀ ਸੰਗਤ ਵਿੱਚ ਬੈਠਦੇ ਹਾਂ। ਉਸ ਮੁਤਾਬਿਕ ਹੀ ਲੋਕੀਂ ਸਾਡੇ ਬਾਰੇ ਸੋਚਣ ਲੱਗ ਪੈਂਦੇ ਹਨ। ਚੰਗੀ ਸੰਗਤ ਵਿੱਚ ਬੈਠਣ ਵਾਲੇ ਆਦਮੀ ਨੂੰ ਲੋਕੀਂ ਭਲਾ ਆਦਮੀ ਸਮਝਣ ਲੱਗ ਪੈਂਦੇ ਹਨ ਅਤੇ ਮਾੜੀ ਸੰਗਤ ਵਾਲੇ ਨੂੰ ਲੋਕੀਂ ਬੁਰਾ ਆਦਮੀ ਆਖਣ ਲੱਗ ਪੈਂਦੇ ਹਨ ਪਰ ਅਗਰ ਅਸੀਂ ਭਲੇ ਆਦਮੀ ਹਾਂ ਅਤੇ ਅਸੀਂ ਮਾੜੇ ਬੰਦਿਆਂ ਪਾਸ ਇਸ ਲਈ ਜਾਂਦੇ ਹਾਂ ਕਿ ਅਸੀਂ ਉਨ੍ਹਾਂ ਨੂੰ ਸਹੀ ਰਾਹ ਉਤੇ ਲਿਆ ਸਕੀਏ ਤਾਂ ਇਹ ਸੁਧਾਰ ਦਾ ਕੰਮ ਹੈ।

ਅਗਰ ਇਕ ਆਦਮੀ ਕਿਸੇ ਇਕ ਆਦਮੀ ਨੂੰ ਹੀ ਮਾੜੇ ਰਸਤੇ ਤੋਂ ਹਟਾ ਕੇ ਸਹੀ ਰਸਤੇ ਉੱਤੇ ਲੈ ਆਵੇ ਤਾਂ ਇਹ ਬਹੁਤ ਹੀ ਵੱਡਾ ਪੁੰਨ ਦਾ ਕੰਮ ਹੈ ਅਤੇ ਐਸੀ ਖ਼ਬਰ ਜਦ ਲੋਕਾਂ ਤੱਕ ਪੁੱਜੇਗੀ ਤਾਂ ਹਰ ਕੋਈ ਵਾਹ-ਵਾਹ ਕਰ ਉਠੇਗਾ। ਫਿਰ ਹਰ ਕੋਈ ਆਖਣ ਲੱਗ ਪਵੇਗਾ ਕਿ ਭਲੇ ਪੁਰਸ਼ਾਂ ਨੂੰ ਮਾੜੇ ਬੰਦਿਆਂ ਪਾਸ ਵੀ ਜਾਣਾ ਚਾਹੀਦਾ ਹੈ। ਚੰਗੇ ਬੰਦਿਆਂ ਦੀ ਹੋਰ ਸੁਧਾਈ ਕਰਨ ਦੀ ਜ਼ਰੂਰਤ ਨਹੀਂ ਹੁੰਦੀ ਪਰ ਮਾੜੇ ਬੰਦਿਆਂ ਦੀ ਸੁਧਾਈ ਚੰਗੇ ਬੰਦੇ ਹੀ ਕਰਨਗੇ। ਅਗਰ ਚੰਗੇ ਬੰਦੇ ਮਾੜੇ ਬੰਦਿਆਂ ਤੋਂ ਦੂਰ ਭੱਜਦੇ ਫਿਰਨਗੇ ਤਾਂ ਉਨ੍ਹਾਂ ਮਾੜੇ ਬੰਦਿਆਂ ਦਾ ਰਾਹ-ਦਸੇਰਾ ਕੌਣ ਬਣੇਗਾ ? ਇਸ ਕਰਕੇ ਜੋ ਲੋਕੀਂ ਇਹ ਸਮਝਦੇ ਹਨ ਕਿ ਉਨ੍ਹਾਂ ਵਿੱਚ ਕੁਝ ਚੰਗਿਆਈਆਂ ਹਨ ਤਾਂ ਐਸਾ ਨਾ ਹੋਵੇ ਉਹ ਚੰਗਿਆਈਆਂ ਉਨ੍ਹਾਂ ਦੇ ਜੀਵਨ ਦਾ ਹਿੱਸਾ ਬਣੀਆਂ ਰਹਿਣ ਅਤੇ ਜਦੋਂ ਉਹ ਆਦਮੀ ਮਰ ਜਾਵੇ ਤਾਂ ਸਾਰੀਆਂ ਚੰਗਿਆਈਆਂ ਆਪਣੇ ਨਾਲ ਲੈ ਕੇ ਮਰ ਜਾਵੇ। ਚੰਗਿਆਈਆਂ ਵੰਡੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਇਸ ਕਰਕੇ ਚੰਗੇ ਬੰਦਿਆਂ ਨੂੰ ਉਨ੍ਹਾਂ ਲੋਕਾਂ ਦੀ ਭਾਲ ਕਰਨੀ ਚਾਹੀਦੀ ਹੈ ਜਿਨ੍ਹਾਂ ਨੇ ਗ਼ਲਤ ਰਸਤਾ ਅਪਣਾ ਰੱਖਿਆ ਹੈ ਅਤੇ ਸੁਧਾਈ ਦੀ ਜ਼ਰੂਰਤ ਹੈ।

## ਬੁਰੇ ਦਾ ਭਲਾ ਕਰੋ

ਅਗਰ ਅਸੀਂ ਉਸ ਆਦਮੀ ਨਾਲ ਬੁਰਾ ਹੀ ਕਰਦੇ ਹਾਂ ਜਿਸ ਨੇ ਸਾਡੇ ਨਾਲ ਬੁਰਾ ਕੀਤਾ ਹੈ ਤਾਂ ਉਸ ਆਦਮੀ, ਜਿਸ ਨੂੰ ਲੋਕੀਂ ਬੁਰਾ ਆਖਦੇ ਹਨ ਅਤੇ ਸਾਡੇ ਵਿੱਚ ਕੀ ਫ਼ਰਕ ਹੈ ? ਉਹ ਬੁਰਾ ਹੈ, ਉਹ ਆਪਣੀ ਥਾਂ ਹੈ ਅਤੇ ਉਸ ਦੀ ਉਸ ਮੁਤਾਬਿਕ ਮਸ਼ਹੂਰੀ ਬਣ ਗਈ ਹੈ। ਅਸੀਂ ਚੰਗੇ ਹਾਂ ਤਾਂ ਸਾਡੀ ਚੰਗੀ ਮਸ਼ਹੂਰੀ ਬਣ ਆਈ ਹੈ। ਅਗਰ ਅਸੀਂ ਬੁਰੇ ਦੀ ਕੀਤੀ ਦਾ ਜਵਾਬ ਬੁਰਾਈ ਨਾਲ ਹੀ ਦਿੰਦੇ ਹਾਂ ਤਾਂ ਇਸ ਦਾ ਮਤਲਬ ਸਾਫ਼ ਨਿਕਲਦਾ ਹੈ ਕਿ ਅਸੀਂ ਵੀ ਬੁਰੇ ਰਸਤੇ ਉੱਤੇ ਤੁਰਨ ਲੱਗ ਪਏ ਹਾਂ। ਇਸ ਦੁਨੀਆਂ ਵਿੱਚ ਸਾਡੇ ਨਾਲ ਜ਼ਿਆਦਤੀਆਂ ਕਰਨ ਵਾਲਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ ਅਤੇ ਸਾਡੇ ਜੀਵਨ ਵਿੱਚ ਉਹ ਮੌਕੇ ਵੀ ਬਹੁਤ ਜ਼ਿਆਦਾ ਆਉਂਦੇ ਹਨ ਜਦੋਂ ਸਾਨੂੰ ਲੱਗਦਾ ਹੈ ਕਿ ਸਾਡੇ ਨਾਲ ਜ਼ਿਆਦਤੀ ਹੋ ਗਈ ਹੈ।

ਸਾਡੇ ਨਾਲ ਹੋਈਆਂ ਚੰਗਿਆਈਆਂ ਛੇਤੀ ਕੀਤਿਆਂ ਸਾਨੂੰ ਯਾਦ ਹੀ ਨਹੀਂ ਆਉਂਦੀਆਂ। ਅਗਰ ਅਸੀਂ ਬਦਲੇ ਦੀ ਭਾਵਨਾ ਨਾਲ ਕਾਰਵਾਈ ਕਰਨ ਦਾ ਸਿਲਸਿਲਾ ਜਾਰੀ ਕਰਾਂਗੇ ਤਾਂ ਕੁਝ ਹੀ ਦਿਨਾਂ ਅੰਦਰ ਸਾਡਾ ਨਾਮ ਵੀ ਮਾੜੇ ਬੰਦਿਆਂ ਦੀ ਸੂਚੀ ਵਿੱਚ ਚੜ੍ਹ ਜਾਵੇਗਾ। ਇਹ ਕਿਸੇ ਨੇ ਜਾਣਨ ਦੀ ਕੋਸ਼ਿਸ਼ ਹੀ ਨਹੀਂ ਕਰਨੀ ਕਿ ਅਸੀਂ ਬਦਲੇ ਦੀ ਭਾਵਨਾ ਨਾਲ ਕੁਝ ਕਰ ਰਹੇ ਹਾਂ। ਸਾਡੇ ਨਾਲ ਬੁਰਾ ਕਰਨ ਵਾਲੇ ਆਦਮੀ ਨੂੰ ਲੋਕੀਂ ਭੁੱਲ ਜਾਣਗੇ ਅਤੇ ਸਾਡੀਆਂ ਕਾਰਵਾਈਆਂ ਉੱਤੇ ਟੀਕਾ-ਟਿੱਪਣੀਆਂ ਸ਼ੁਰੂ ਹੋ ਜਾਣਗੀਆਂ। ਇਸ ਕਰਕੇ ਬੁਰੇ ਦਾ ਵੀ ਭਲਾ ਕਰੋ ਅਤੇ ਆਪ ਦੀ ਮਸ਼ਹੂਰੀ ਕਾਇਮ ਰੱਖੋ।

## ਰੱਬ ਆਪਣੇ ਬੱਚਿਆਂ ਨੂੰ ਪਿਆਰ ਕਰਦਾ ਹੈ

ਅਸੀਂ ਰੱਬ ਦੇ ਬੱਚੇ ਹਾਂ। ਰੱਬ ਆਪਣੇ ਬੱਚਿਆਂ ਨਾਲ ਪਿਆਰ ਕਰਦਾ ਹੈ। ਰੱਬ ਇਹ ਵੀ ਚਾਹੁੰਦਾ ਹੈ ਕਿ ਅਸੀਂ ਸਾਰੇ ਹਰੇਕ ਨੂੰ ਆਪਣੇ ਟੱਬਰ ਦਾ ਜੀਅ ਸਮਝੀਏ। ਹਰੇਕ ਨਾਲ ਪਿਆਰ ਕਰੀਏ। ਹਰੇਕ ਦੀ ਮਦਦ ਕਰੀਏ। ਹਰੇਕ ਦਾ ਸਾਥੀ ਬਣੀਏ। ਹਰੇਕ ਦੇ ਦੁੱਖ ਸੁੱਖ ਵਿੱਚ ਸ਼ਾਮਲ ਹੋਈਏ। ਐਸਾ ਕਈ ਵਾਰੀ ਆਖਿਆ ਜਾ ਚੁੱਕਾ ਹੈ ਕਿ ਜੋ ਆਦਮੀ ਰੱਬ ਦੇ

ਬਣਾਏ ਹੋਏ ਜੀਆਂ ਨਾਲ ਪਿਆਰ ਕਰਦਾ ਹੈ, ਉਹ ਰੱਬ ਦਾ ਪਿਆਰਾ ਬਣ ਜਾਂਦਾ ਹੈ। ਇਹੀ ਸਭ ਤੋਂ ਵੱਡੀ ਭਗਤੀ ਹੈ। ਅਗਰ ਮਾਨਵ ਜਾਤੀ ਰੱਬ ਦੇ ਇਸ ਪਿਆਰ-ਸਿਧਾਂਤ ਨੂੰ ਸਮਝ ਜਾਵੇ ਤਾਂ ਦੁਨੀਆਂ ਦੇ ਸਾਰੇ ਕਲੇਸ਼ ਖ਼ਤਮ ਹੋ ਜਾਣ। ਦੁਨੀਆਂ ਦੀਆਂ ਸਾਰੀਆਂ ਸਮੱਸਿਆਵਾਂ ਉਦੋਂ ਪੈਦਾ ਹੁੰਦੀਆਂ ਹਨ ਜਦੋਂ ਆਦਮੀ ਆਦਮੀ ਨਾਲ ਨਫ਼ਰਤ ਕਰਨ ਲੱਗ ਪੈਂਦਾ ਹੈ। ਕਾਸ਼ ਇਹ ਦੁਨੀਆਂ ਦੇ ਲੋਕੀਂ ਆਪੋ ਵਿੱਚ ਨਫ਼ਰਤਾਂ ਦਾ ਸਿਲਸਿਲਾ ਖ਼ਤਮ ਕਰਕੇ ਪਿਆਰ ਮੁਹੱਬਤਾਂ ਵਾਲਾ ਸਿਲਸਿਲਾ ਸ਼ੁਰੂ ਕਰ ਸਕਣ ਅਤੇ ਐਸਾ ਕਰ ਲੈਣਾ ਚਾਹੀਦਾ ਹੈ। ਮਨੁੱਖ ਜਿਸ ਰਸਤੇ ਉੱਤੇ ਤੁਰ ਪਿਆ ਹੈ, ਇਹ ਗ਼ਲਤ ਹੈ। ਅਸੀਂ ਉਸ ਹਨੇਰੇ ਵਿੱਚ ਜਾ ਵੜਾਂਗੇ ਅਤੇ ਫਿਰ ਉਥੋਂ ਕਦੀ ਵਾਪਸ ਨਹੀਂ ਆ ਸਕਾਂਗੇ। ਫਿਰ ਮਨੁੱਖ ਦੇ ਪੱਲੇ ਸਿਰਫ਼ ਪਛਤਾਵਾ ਹੀ ਪਵੇਗਾ। ਹੋਰ ਕੁਝ ਨਹੀਂ ਮਿਲੇਗਾ।

## ਨਾ ਕੋਈ ਉੱਚਾ ਨਾ ਨੀਵਾਂ

ਅਮੀਰੀਆਂ, ਗ਼ਰੀਬੀਆਂ, ਇਹ ਧਰਮਾਂ ਦੀਆਂ ਵੰਡੀਆਂ, ਇਹ ਜਾਤੀਆਂ ਦੀਆਂ ਵੰਡੀਆਂ ਅਤੇ ਇਹ ਸਭਿਆਚਾਰ ਦੀਆਂ ਵੰਡੀਆਂ ਅਸੀਂ ਆਪ ਪਾਈਆਂ ਹਨ। ਸਾਰਿਆਂ ਦਾ ਜਨਮ ਇਕ ਹੀ ਤਰ੍ਹਾਂ ਹੁੰਦਾ ਹੈ। ਸਾਰੇ ਇਕ ਹੀ ਤਰ੍ਹਾਂ ਨਾਲ ਮਰਦੇ ਹਨ। ਕੋਈ ਵੀ ਉਤੋਂ ਸੁੱਟਿਆ ਨਹੀਂ ਹੁੰਦਾ। ਕੋਈ ਵੀ ਕਿਧਰੇ ਉੱਡ ਪੁਡ ਨਹੀਂ ਜਾਂਦਾ। ਅਗਰ ਐਸਾ ਹੈ ਤਾਂ ਫਿਰ ਅਸੀਂ ਹੰਕਾਰੀ ਕਿਉਂ ਹੋ ਗਏ ਹਾਂ ? ਅਸੀਂ ਕਾਹਦਾ ਮਾਣ ਕਰਦੇ ਹਾਂ ? ਅਸੀਂ ਅਗਰ ਸਾਰਿਆਂ ਨੂੰ ਆਪਣੇ ਬਰਾਬਰ ਸਮਝਣ ਦਾ ਸਿਲਸਿਲਾ ਸ਼ੁਰੂ ਕਰੀਏ ਤਾਂ ਸਾਡਾ ਜੀਵਨ ਸੁਖਾਵਾਂ ਹੋ ਸਕਦਾ ਹੈ। ਇਹ ਆਪਸੀ ਝਗੜੇ ਖ਼ਤਮ ਹੋ ਸਕਦੇ ਹਨ। ਡਰ ਅਤੇ ਭੈਅ ਦੀਆਂ ਗੱਲਾਂ ਪੁਰਾਣੀਆਂ ਹੋ ਸਕਦੀਆਂ ਹਨ। ਪਰ ਐਸਾ ਹੋਣਾ ਮੁਸ਼ਕਿਲ ਹੋ ਗਿਆ ਹੈ। ਅਸੀਂ ਜੋ ਵੰਡੀਆਂ ਪਾ ਬੈਠੇ ਹਾਂ ਇਨ੍ਹਾਂ ਵਿਚਕਾਰ ਉੱਚੀਆਂ ਅਤੇ ਪੱਕੀਆਂ ਦੀਵਾਰਾਂ ਉਸਰ ਆਈਆਂ ਹਨ। ਅਸੀਂ ਲੋਕਾਂ ਨੇ ਆਪੋ ਵਿਚ ਖਾਣਾ ਪੀਣਾ ਬੰਦ ਕਰ ਦਿੱਤਾ ਹੈ। ਵੱਖਰੀਆਂ ਬਸਤੀਆਂ ਉਸਾਰ ਲਈਆਂ ਹਨ। ਵਿਦਿਆ ਤੱਕ ਵੱਖਰੀ ਹੋ ਗਈ ਹੈ। ਹਰ ਕੋਈ ਆਪਣੇ ਬੱਚਿਆਂ ਨੂੰ ਦੂਜਿਆਂ ਦੀ ਸ਼ੋਭਾ ਤੋਂ ਦੂਰ ਲਿਜਾਣ ਦੀ ਸੋਚਣ ਲੱਗ ਪਿਆ ਹੈ। ਸ਼ਾਦੀਆਂ ਵੀ ਆਪਣੇ ਆਪਣੇ ਵਰਗ ਵਿੱਚ ਹੋਣ ਲੱਗ ਪਈਆਂ ਹਨ। ਦੋਸਤੀਆਂ ਯਾਰੀਆਂ ਵੀ ਵਰਗਾਂ ਵਿੱਚਕਾਰ ਹੁੰਦੀਆਂ ਹਨ। ਇਹ ਜੋ ਵੰਡੀਆਂ ਪੈ ਗਈਆਂ ਹਨ ਇਹ ਲੋਕਾਂ ਦਾ ਜੀਵਨ ਹੋਰ ਨਰਕੀ ਬਣਾਉਣਗੀਆਂ। ਹਾਲਾਂ ਤਾਂ ਇਹ ਵੰਡੀਆਂ ਹੀ ਪੈ ਰਹੀਆਂ ਹਨ। ਕਿਧਰੇ ਕਿਧਰੇ ਸੰਘਰਸ਼ ਹੁੰਦਾ ਹੈ। ਇਹ ਸੰਘਰਸ਼ ਵਧੇਗਾ। ਦੰਗੇ ਫ਼ਸਾਦ ਅੱਜ ਵੀ ਹੋਣ ਲੱਗ ਪਏ ਹਨ। ਇਹ ਦੰਗੇ ਫ਼ਸਾਦ ਹੋਰ ਭਿਆਨਕ ਰੂਪ ਧਾਰਨ ਕਰ ਸਕਦੇ ਹਨ।

## ਮਨੁੱਖੀ ਜੀਵਨ ਨੂੰ ਐਵੇਂ ਨਾ ਗਵਾਓ

ਇਹ ਜ਼ਿੰਦਗੀ ਇਕ ਵਾਰ ਮਿਲਦੀ ਹੈ। ਪਤਾ ਨਹੀਂ ਮੁੜ ਕਿਸੇ ਹੋਰ ਜਨਮ ਵਿਚ ਸਾਨੂੰ ਇਸ ਜਨਮ ਦੀ ਕੋਈ ਗੱਲ ਯਾਦ ਵੀ ਰਹਿਣੀ ਹੈ ਜਾਂ ਨਹੀਂ ਰਹਿਣੀ। ਇਹ ਜੀਵਨ ਇਕੋ ਵਾਰੀ ਮਿਲਦਾ ਹੈ ਅਤੇ ਇਸ ਦਾ ਸਮਾਂ ਵੀ ਕੋਈ ਬਹੁਤ ਲੰਬਾ ਨਹੀਂ ਹੁੰਦਾ। ਕੁਝ ਹੀ ਸਾਲਾਂ ਵਿੱਚ ਖ਼ਤਮ ਹੋ ਜਾਂਦਾ ਹੈ। ਅਸੀਂ ਜਦ ਕਦੀ ਵੀ ਆਪਣੇ ਜੀਵਨ ਉਤੇ ਝਾਤ ਮਾਰ ਕੇ ਦੇਖਦੇ ਹਾਂ ਤਾਂ ਸਾਨੂੰ ਆਪ ਹੀ ਅਫ਼ਸੋਸ ਹੋ ਉਠਦਾ ਹੈ ਕਿ ਅਸੀਂ ਅੱਜ ਤੱਕ ਬਿਤਾਇਆ ਜੀਵਨ ਗਵਾ ਹੀ ਲਿਆ ਹੈ। ਅਸੀਂ ਆਪਣੀਆਂ ਪ੍ਰਾਪਤੀਆਂ ਬਾਰੇ ਲੋਕਾਂ

ਸਾਹਮਣੇ ਭਾਵੇਂ ਕਿਤਨੀਆਂ ਹੀ ਡੀਂਗਾਂ ਕਿਉਂ ਨਾ ਮਾਰਦੇ ਫਿਰੀਏ, ਅਸੀਂ ਆਪ ਆਪਣੀਆਂ ਹੁਣ ਤੱਕ ਦੀਆਂ ਪ੍ਰਾਪਤੀਆਂ ਉਤੇ ਸੰਤੁਸ਼ਟ ਨਹੀਂ ਹੁੰਦੇ, ਸਗੋਂ ਸਾਨੂੰ ਹਮੇਸ਼ਾਂ ਇਹੀ ਫ਼ਿਕਰ ਲੱਗਿਆ ਰਹਿੰਦਾ ਹੈ ਕਿ ਅਸੀਂ ਅੱਜ ਤੱਕ ਦਾ ਜੀਵਨ ਬਸ ਸੌਂ ਕੇ ਖਾ ਪੀ ਕੇ ਹੀ ਗੁਜ਼ਾਰ ਲਿਆ ਹੈ। ਇਸ ਸਵੈ-ਪੜਚੋਲ ਰਾਹੀਂ ਨਿਕਲੇ ਨਤੀਜੇ ਦਾ ਮਤਲਬ ਇਹੀ ਨਿਕਲਦਾ ਹੈ ਕਿ ਸਾਡੇ ਜੀਵਨ ਦਾ ਟੀਚਾ ਕੋਈ ਹੋਰ ਸੀ। ਅਸੀਂ ਤਾਂ ਐਵੇਂ ਹੀ ਹੋਰ ਪਾਸਿਆਂ ਵੱਲ ਦੌੜੀ ਜਾ ਰਹੇ ਹਾਂ। ਇਸ ਲਈ ਸਮਾਂ ਆ ਗਿਆ ਹੈ। ਅਸੀਂ ਆਪਣੇ ਅੰਦਰ ਝਾਤੀ ਮਾਰਕੇ ਸਾਡੇ ਅੰਦਰ ਹਾਜ਼ਰ ਸੰਭਾਵਨਾਵਾਂ ਦਾ ਮੁੱਲਾਂਕਣ ਕਰੀਏ ਅਤੇ ਉਹ ਉਚਾਈਆਂ ਪ੍ਰਾਪਤ ਕਰਨ ਲਈ ਸੰਘਰਸ਼ ਕਰੀਏ। ਜਦ ਤਕ ਅਸੀਂ ਐਸੀ ਸੋਚ ਨਹੀਂ ਅਪਨਾਉਂਦੇ, ਅਸੀਂ ਧਰਤੀ ਉਤੇ ਭਾਰ ਹਾਂ ਅਤੇ ਭਾਰ ਤੋਂ ਸਿਵਾ ਹੋਰ ਕੁਝ ਵੀ ਨਹੀਂ ਹਾਂ।

## ਅਸੀਂ ਗ੍ਰਹਿਸਤ ਰਾਹੀਂ ਪ੍ਰਾਪਤੀ ਕਰਨੀ ਹੈ

ਜੋ ਆਦਮੀ ਗ੍ਰਹਿਸਤੀ ਨਹੀਂ ਹੈ, ਉਹ ਭਟਕਦਾ ਫਿਰਦਾ ਹੈ ਅਤੇ ਭਟਕਣ ਵਾਲਾ ਆਦਮੀ ਜੀਵਨ ਦੀਆਂ ਮਹਾਨ ਉਚਾਈਆਂ ਪ੍ਰਾਪਤ ਨਹੀਂ ਕਰ ਸਕਦਾ। ਅਸੀਂ ਸਰੀਰ ਰਾਹੀਂ ਇਸ ਦੁਨੀਆਂ ਵਿਚ ਜਿਉਂਦੇ ਹਾਂ ਅਤੇ ਸਰੀਰ ਤਾਂ ਹੀ ਕਾਇਮ ਰਹਿ ਸਕਦਾ ਹੈ ਜੇਕਰ ਸਰੀਰ ਦੀਆਂ ਜ਼ਰੂਰਤਾਂ ਪੂਰੀਆਂ ਹੁੰਦੀਆਂ ਰਹਿਣ। ਗ੍ਰਹਿਸਤ ਇਕ ਐਸਾ ਆਸ਼ਰਮ ਹੈ ਜਿਸ ਵਿਚ ਰਹਿੰਦੇ ਆਦਮੀ ਦੀ ਭਟਕਣ ਖ਼ਤਮ ਹੋ ਜਾਂਦੀ ਹੈ। ਉਹ ਰੁਝਿਆ ਰਹਿੰਦਾ ਹੈ ਅਤੇ ਗ਼ਲਤ ਸੋਚਣੀਆਂ ਅਤੇ ਗ਼ਲਤ ਕਰਨੀਆਂ ਤੋਂ ਬਚ ਜਾਂਦਾ ਹੈ। ਉਹ ਕਿਸੇ ਦੇ ਕੰਮ ਆਉਂਦਾ ਹੈ। ਉਸਦੇ ਜੀਵਨ ਦਾ ਕੋਈ ਨਾ ਕੋਈ ਉਦੇਸ਼ ਬਣਦਾ ਹੈ। ਉਹ ਆਪਣੇ ਪਰਿਵਾਰ ਦੇ ਜੀਆਂ ਨੂੰ ਬੇਹੱਦ ਪਿਆਰ ਕਰਦਾ ਹੈ ਅਤੇ ਤਨੋਂ-ਮਨੋਂ ਉਨ੍ਹਾਂ ਦੀ ਮਦਦ ਕਰਦਾ ਹੈ ਅਤੇ ਇਹ ਮਦਦ ਕਰਨ ਵਕਤ ਉਸ ਦੇ ਮਨ ਅੰਦਰ ਵਾਪਸੀ ਦੀ ਕੋਈ ਇੱਛਾ ਨਹੀਂ ਹੁੰਦੀ। ਕਿਸੇ ਦੇ ਕੰਮ ਆਉਣ ਲਈ ਤਨ, ਮਨ ਅਤੇ ਧਨ ਲਗਾ ਦੇਣਾ ਸਿਰਫ਼ ਟੱਬਰ ਵਿਚ ਹੀ ਨਸੀਬ ਹੁੰਦਾ ਹੈ ਅਤੇ ਬਾਕੀ ਦੇ ਬਾਹਰੀ ਜਗਤ ਵਿਚ ਅਸੀਂ ਹਰ ਕੰਮ ਤਨੋਂ, ਮਨੋਂ ਅਤੇ ਧਨੋਂ ਨਹੀਂ ਕਰਦੇ। ਸੋ ਪਰਿਵਾਰ ਵਾਲਾ ਆਦਮੀ ਸੱਚਾ ਭਗਤ ਹੈ ਅਤੇ ਜੋ ਆਦਮੀ ਆਪਣੇ ਪਰਿਵਾਰ ਲਈ ਵਧੀਆ ਹੈ, ਉਹ ਦੂਜਿਆਂ ਲਈ ਵੀ ਵਧੀਆ ਆਦਮੀ ਬਣ ਆਉਂਦਾ ਹੈ। ਜੋ ਆਦਮੀ ਆਪਣੇ ਪਰਿਵਾਰ ਲਈ ਹੀ ਠੀਕ ਨਹੀਂ ਹੈ, ਉਹ ਹੋਰ ਦੁਨੀਆਂ ਲਈ ਵੀ ਵਧੀਆ ਆਦਮੀ ਨਹੀਂ ਬਣ ਸਕਦਾ। ਇਸੇ ਕਰਕੇ ਆਖਿਆ ਜਾਂਦਾ ਹੈ ਕਿ ਉਹ ਆਦਮੀ ਵੱਡਾ ਭਗਤ ਹੈ ਜਿਸ ਦਾ ਪਹਿਲਾ ਦਾਨ ਆਪਣੇ ਪਰਿਵਾਰ ਦੇ ਬੰਦਿਆਂ ਲਈ ਹੁੰਦਾ ਹੈ। ਪਰਿਵਾਰ ਪਾਲਣਾ ਵੀ ਭਗਤੀ ਹੈ ਅਤੇ ਭਗਤੀ ਦਾ ਇਹ ਪਹਿਲਾ ਪੜਾਅ ਹੁੰਦਾ ਹੈ।

## ਭੁੱਖ ਨਹੀਂ ਮਿਟਦੀ

ਸਾਡੀ ਭੁੱਖ ਨਹੀਂ ਮਿਟਦੀ। ਖਾਣਾ ਪੀਣਾ ਜ਼ਿੰਦਗੀ ਲਈ ਜ਼ਰੂਰੀ ਹੈ, ਪਰ ਜ਼ਰੂਰਤ ਮੁਤਾਬਿਕ ਹੀ ਭੋਜਨ ਕਰਨਾ ਬਣਦਾ ਹੈ। ਅਸੀਂ ਜੋ ਕੁਝ ਖਾਂਦੇ ਹਾਂ, ਲੱਗਦਾ ਹੈ ਬਹੁਤ ਘੱਟ ਹੈ। ਸਾਨੂੰ ਹਮੇਸ਼ਾਂ ਇਹੀ ਵਹਿਮ ਬਣਿਆ ਰਹਿੰਦਾ ਹੈ ਕਿ ਹੋਰ ਲੋਕੀਂ ਸਾਡੇ ਨਾਲੋਂ ਵਧੀਆ ਭੋਜਨ ਕਰ ਰਹੇ ਹਨ। ਐਸੀ ਸੋਚ ਆਪਣੇ ਅੱਗੇ ਰੱਖ ਕੇ ਭੋਜਨ ਦਾ ਨਿਰਾਦਰ ਕਰਨ ਦੇ ਬਰਾਬਰ ਹੈ। ਸਾਨੂੰ ਸਮਝਾਇਆ ਗਿਆ ਹੈ ਕਿ ਰੱਬ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ, ਪਰ ਅਸੀਂ ਬਨਾਵਟੀ ਸ਼ੁਕਰਾਨਾ ਕਰਦੇ ਹਾਂ ਅਤੇ ਹਮੇਸ਼ਾਂ ਦੂਜੇ ਦੇ ਅੱਗੇ ਰੱਖੀ ਰੋਟੀ ਪਸੰਦ

ਕਰਦੇ ਹਾਂ ਅਤੇ ਰੱਬ ਨਾਲ ਨਰਾਜ਼ਗੀ ਪ੍ਰਗਟ ਕਰ ਰਹੇ ਹੁੰਦੇ ਹਾਂ ਕਿ ਉਹ ਸਾਨੂੰ ਵੀ ਵੈਸਾ ਹੀ ਭੋਜਨ ਨਸੀਬ ਕਿਉਂ ਨਹੀਂ ਕਰਾਂਦਾ ? ਇਹੀ ਕਾਰਨ ਹੈ ਕਿ ਸਾਡੇ ਅੰਦਰ ਹਮੇਸ਼ਾਂ ਹੀ ਭੁੱਖ ਵੱਧਦੀ ਰਹਿੰਦੀ ਹੈ। ਅਸੀਂ ਸਿਰਫ਼ ਆਪਣੀ ਅਕਲ ਨੂੰ ਸਭ ਤੋਂ ਵਧੀਆ ਸਮਝਦੇ ਹਾਂ। ਬਾਕੀ ਅਸੀਂ ਇਹੀ ਸੋਚਦੇ ਰਹਿੰਦੇ ਹਾਂ ਕਿ ਰੱਬ ਨੇ ਜੋ ਕੁਝ ਵੀ ਦਿੱਤਾ ਹੈ, ਉਸ ਵਿਚ ਅਸੀਂ ਊਣੇ ਹਾਂ। ਬਾਕੀ ਬਹੁਤ ਲੋਕੀਂ ਸਾਥੋਂ ਬਿਹਤਰ ਜ਼ਿੰਦਗੀ ਬਸਰ ਕਰ ਰਹੇ ਹਨ। ਜਦੋਂ ਤਕ ਅਸੀਂ ਆਪਣੇ ਅੰਦਰ ਪ੍ਰਾਪਤੀਆਂ ਕਰਨ ਲਈ ਸੰਘਰਸ਼ ਕਰਨ ਦੀ ਸ਼ਕਤੀ ਪੈਦਾ ਕਰਦੇ ਹਾਂ, ਐਸੀ ਭੁੱਖ ਸਾਡੀ ਤਰੱਕੀ ਦਾ ਕਾਰਨ ਬਣਦੀ ਹੈ। ਪਰ ਜਦੋਂ ਅਸੀਂ ਆਪਣੀ ਭੁੱਖ ਪੂਰੀ ਕਰਨ ਲਈ ਹੋਰ ਲੋਕਾਂ ਨਾਲ ਜ਼ਿਆਦਤੀਆਂ ਕਰਦੇ ਹਾਂ ਤਾਂ ਸਾਡੀ ਭੁੱਖ ਸਾਡੇ ਲਈ ਸਰਾਪ ਸਿੱਧ ਹੁੰਦੀ ਹੈ। ਅਸੀਂ ਆਪ ਵੀ ਦੁੱਖੀ ਹੁੰਦੇ ਹਾਂ ਅਤੇ ਦੂਜਿਆਂ ਲਈ ਵੀ ਦੁੱਖ ਦਾ ਕਾਰਨ ਬਣਦੇ ਹਾਂ।

## ਮੌਤ ਅਟੱਲ ਹੈ

ਹਰੇਕ ਆਦਮੀ ਦੀ ਉਮਰ ਨਿਸ਼ਚਿਤ ਹੈ ਅਤੇ ਉਹ ਨਿਸ਼ਚਿਤ ਉਮਰ ਪੂਰੀ ਕਰਨ ਬਾਅਦ ਮਰ ਜਾਂਦਾ ਹੈ। ਸਿਆਣੇ ਆਖਦੇ ਹਨ ਕਿ ਇਸ ਭੌਤਿਕ ਸਰੀਰ ਦੀ ਉਮਰ ਨਿਸ਼ਚਿਤ ਹੈ। ਸਾਡੇ ਅੰਦਰ ਜੋ ਆਤਮਾ ਮੌਜੂਦ ਹੈ, ਉਹ ਕਦੀ ਮਰਦੀ ਨਹੀਂ ਹੈ। ਆਤਮਾ ਰੱਬ ਦਾ ਇਕ ਹਿੱਸਾ ਹੈ। ਜਿਵੇਂ ਰੱਬ ਆਪ ਅਮਰ ਹੈ, ਇਉਂ ਹੀ ਉਸ ਦਾ ਹਰੇਕ ਹਿੱਸਾ ਅਮਰ ਹੈ। ਆਖਦੇ ਹਨ ਬੰਦਾ ਜਦੋਂ ਮਰਦਾ ਹੈ ਤਾਂ ਆਤਮਾ ਉਸ ਵਿੱਚੋਂ ਨਿਕਲ ਕੇ ਰੱਬ ਪਾਸ ਪੇਸ਼ ਹੁੰਦੀ ਹੈ ਅਤੇ ਅੱਗੋਂ ਦਾ ਹੁਕਮ ਪ੍ਰਾਪਤ ਕਰਕੇ ਕਿਸੇ ਹੋਰ ਅੰਦਰ ਪ੍ਰਵੇਸ਼ ਕਰ ਜਾਂਦੀ ਹੈ। ਆਤਮ ਦਾ ਇਹ ਚੱਕਰ ਜਾਰੀ ਰਹਿੰਦਾ ਹੈ। ਜਦੋਂ ਆਤਮਾ ਸਾਡੇ ਸਰੀਰ 'ਚੋਂ ਬਾਹਰ ਨਿਕਲ ਜਾਂਦੀ ਹੈ ਤਾਂ ਸਾਡਾ ਸਰੀਰ ਵੀ ਖ਼ਤਮ ਹੋ ਜਾਂਦਾ ਹੈ। ਇਸ ਵਿਚ ਜਾਨ ਨਹੀਂ ਰਹਿੰਦੀ। ਅਸੀਂ ਇਹ ਵੀ ਆਖ ਸਕਦੇ ਹਾਂ ਕਿ ਸਾਡੇ ਭੌਤਿਕ ਸਰੀਰ ਨੂੰ ਆਤਮਾ ਹੀ ਚਲਾਉਂਦੀ ਹੈ ਅਤੇ ਇਸ ਕਰਕੇ ਆਤਮਾ ਦੀ ਆਵਾਜ਼ ਸੁਣਨੀ ਚਾਹੀਦੀ ਹੈ।

## ਰੱਬ ਹੀ ਦਾਤਾਂ ਦਿੰਦਾ ਹੈ

ਰੱਬ ਨੇ ਸਾਰੀਆਂ ਦਾਤਾਂ ਇਸ ਦੁਨੀਆਂ ਵਿੱਚ ਬਖੇਰ ਰੱਖੀਆਂ ਹਨ। ਕੁਝ ਵੀ ਆਪਣੇ ਪਾਸ ਨਹੀਂ ਰੱਖਿਆ। ਮਨੁੱਖ ਹੁਣ ਰੱਬ ਦੀਆਂ ਨਿਆਮਤਾਂ ਲੱਭਦਾ ਆ ਰਿਹਾ ਹੈ। ਹਾਲਾਂ ਵੀ ਖੋਜਾਂ ਜਾਰੀ ਹਨ। ਆਉਣ ਵਾਲੇ ਸਮਿਆਂ ਵਿਚ ਇਹ ਮਨੁੱਖ ਹੋਰ ਵੀ ਬਹੁਤ ਕੁਝ ਲੱਭ ਲਵੇਗਾ। ਹਰ ਆਦਮੀ ਦੇ ਹਿੱਸੇ ਦੀਆਂ ਦਾਤਾਂ ਮੌਜੂਦ ਹਨ। ਜੋ ਲੋਕੀਂ ਆਖਦੇ ਹਨ ਕਿ ਉਹ ਬਦਕਿਸਮਤ ਹਨ, ਉਹ ਰੱਬ ਦੀ ਤੌਹੀਨ ਕਰਦੇ ਹਨ। ਰੱਬ ਕਿਸੇ ਨਾਲ ਵਿਤਕਰਾ ਨਹੀਂ ਕਰਦਾ। ਹਰੇਕ ਨਾਲ ਬਰਾਬਰ ਦਾ ਸਲੂਕ ਕਰਦਾ ਹੈ। ਹਰ ਆਦਮੀ ਆਪਣੇ ਹਿੱਸੇ ਦੀਆਂ ਨਿਆਮਤਾਂ ਦੀ ਸ਼ਨਾਖ਼ਤ ਵੀ ਕਰ ਸਕਦਾ ਹੈ ਅਤੇ ਸੰਘਰਸ਼ ਕਰਕੇ ਆਪਣੇ ਹਿੱਸੇ ਦੀਆਂ ਨਿਆਮਤਾਂ ਪ੍ਰਾਪਤ ਕਰਕੇ ਅਨੰਦ ਮਾਣ ਸਕਦਾ ਹੈ। ਜਦੋਂ ਅਸੀਂ ਆਪਣੇ ਆਪ ਨੂੰ ਘਟੀਆ ਸਮਝਣ ਲੱਗ ਪੈਂਦੇ ਹਾਂ, ਬਦਨਸੀਬ ਸਮਝਦੇ ਹਾਂ ਤਾਂ ਅਸੀਂ ਕੁਝ ਵੀ ਪ੍ਰਾਪਤ ਨਹੀਂ ਕਰ ਸਕਦੇ ਅਤੇ ਆਪਣੀ ਕਿਸਮਤ ਨੂੰ ਕੋਸਣ ਲੱਗ ਪੈਂਦੇ ਹਾਂ। ਰੱਬ ਵਿਤਕਰਾ ਨਹੀਂ ਕਰਦਾ। ਇਸ ਸਿਧਾਂਤ ਉਤੇ ਵਿਸ਼ਵਾਸ ਕਰਕੇ ਤੁਰਨਾ ਚਾਹੀਦਾ ਹੈ।